सत्यमेव जयते

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਪਾਲਣ ਲੇਖਾ ਪ੍ਰੀਖਿਆ 'ਤੇ ਰਿਪੋਰਟ

## 31 ਮਾਰਚ 2021 ਨੂੰ ਸਮਾਪਤ ਹੋਏ ਸਾਲ ਲਈ

भारत के नियंत्रक एवं महालेखापरीक्षक ✦ COMPTROLLER & AUDITOR GENERAL OF INDIA

सत्यमेव जयते

SUPREME AUDIT INSTITUTION OF INDIA

लोकहितार्थ सत्यनिष्ठा

Dedicated to Truth in Public Interest

पंजाब सरकार ਪੰਜਾਬ ਸਰਕਾਰ

सत्यमेव जयते

GOVT. OF PUNJAB

## ਪੰਜਾਬ ਸਰਕਾਰ

*ਸਾਲ 2022 ਦੀ ਰਿਪੋਰਟ ਨੰ. 3*

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ

# ਦੀ ਪਾਲਣ ਲੇਖਾ ਪ੍ਰੀਖਿਆ ‘ਤੇ

# ਰਿਪੋਰਟ

31 ਮਾਰਚ 2021 ਨੂੰ ਸਮਾਪਤ ਹੋਏ ਸਾਲ ਲਈ

**ਪੰਜਾਬ ਸਰਕਾਰ**

*ਸਾਲ 2022 ਦੀ ਰਿਪੋਰਟ ਨੰ. 3*

# ਵਿਸ਼ਾ ਸਾਰਣੀ


| ਵੇਰਵਾ | ਹਵਾਲਾ | |
|---|---|---|
| | ਪੈਰ੍ਹਾ | ਪੰਨਾ |
| ਭੂਮਿਕਾ | v | |
| ਝਲਕ | vii -xv | |
| ਅਧਿਆਇ-I : ਜਨਰਲ | | |
| ਜਾਣ-ਪਛਾਣ | 1.1 | 1 |
| ਪ੍ਰਾਪਤੀਆਂ ਅਤੇ ਖਰਚਾ | 1.2 | 2 |
| ਲੇਖਾ ਪ੍ਰੀਖਿਆ ਲਈ ਅਧਿਕਾਰ | 1.3 | 6 |
| ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ | 1.4 | 6 |
| ਲੇਖਾ ਪ੍ਰੀਖਿਆ ਵੱਲ ਸਰਕਾਰ ਦੇ ਹੁੰਗਾਰੇ ਦੀ ਘਾਟ | 1.5 | 7 |
| ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਅਤੇ ਵਿਸਥਾਰਤ ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਵਿਭਾਗਾਂ ਦਾ ਹੁੰਗਾਰਾ | 1.6 | 9 |
| ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ | 1.7 | 10 |
| ਰਾਜ ਜਨਤਕ ਖੇਤਰ ਦੇ ਅਦਾਰਿਆਂ ਵਿੱਚ ਇਕਵਟੀ ਹੋਲਡਿੰਗ ਅਤੇ ਕਰਜ਼ੇ | 1.8 | 15 |
| ਰਾਜ ਜਨਤਕ ਖੇਤਰ ਦੇ ਅਦਾਰਿਆਂ ਦੁਆਰਾ ਲੇਖੇ ਪੇਸ਼ ਕਰਨਾ | 1.9 | 17 |
| ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ | | |
| ਅਧਿਆਇ-II: ਵਾਟਰ ਟਰੀਟਮੈਂਟ ਪਲਾਂਟਾਂ ਨੂੰ ਲਗਾਉਣ ਲਈ ਸਕੀਮਾਂ ਦਾ ਮੁਲਾਂਕਣ | 2.1 ਤੋਂ 2.6 | 21 |
| ਆਬਕਾਰੀ ਅਤੇ ਕਰਬੰਦੀ ਵਿਭਾਗ | | |
| ਅਧਿਆਇ-III: ਵਸਤਾਂ ਅਤੇ ਸੇਵਾਵਾਂ ਕਰ ਅਧੀਨ ਟਰਾਂਜ਼ੀਸ਼ਨਲ ਕ੍ਰੈਡਿਟ | 3.1 ਤੋਂ 3.13 | 35 |
| ਅਧਿਆਇ-IV: ਵਸਤਾਂ ਅਤੇ ਸੇਵਾਵਾਂ ਕਰ ਅਧੀਨ ਰਿਫੰਡ ਕਲੇਮਾਂ ਦੀ ਕਾਰਵਾਈ | 4.1 ਤੋਂ 4.10 | 69 |
| ਪਾਵਰ ਵਿਭਾਗ | | |
| ਅਧਿਆਇ-V: ਟਰਾਂਸਮਿਸ਼ਨ ਦੇ ਕੰਮਾਂ ਨੂੰ ਅਮਲ ਵਿੱਚ ਲਿਆਉਣਾ-ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | 5.1 ਤੋਂ 5.4 | 87 |

| ਵੇਰਵਾ | ਹਵਾਲਾ | |
|---|---|---|
| | ਪੈਰ੍ਹਾ | ਪੰਨਾ |
| **ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ** | | |
| **ਅਧਿਆਇ–VI: ਵਿੱਤੀ ਸਹਾਇਤਾ ਦੀ ਅਦਾਇਗੀ ਅਤੇ ਵਸੂਲੀ-ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ** | 6.1 ਤੋਂ 6.5 | 101 |
| **ਅਧਿਆਇ–VII: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਵਿਭਾਗ)** | | |
| **ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ** | | |
| ਫਜ਼ੂਲ ਖਰਚਾ | 7.1 | 121 |
| **ਸਹਿਕਾਰਿਤਾ ਵਿਭਾਗ** | | |
| ਤਨਖਾਹ ਅਤੇ ਜਨਰਲ ਪ੍ਰਾਵੀਡੈਂਟ ਫੰਡ ਦੀ ਸ਼ੱਕੀ ਦੁਰਵਰਤੋਂ | 7.2 | 124 |
| **ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜਕਾਂ)** | | |
| ਕੇਂਦਰੀ ਸੜਕ ਅਤੇ ਬੁਨਿਆਦੀ ਢਾਂਚਾ ਫੰਡ ਵਿੱਚੋਂ ਬੁਨਿਆਦੀ ਢਾਂਚੇ ਦੀ ਸਿਰਜਣਾ | 7.3 | 128 |
| **ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ** | | |
| ਉਦਯੋਗਿਕ ਸਿਖਲਾਈ ਸੰਸਥਾ ਦੀ ਗੈਰ-ਕਾਰਜਸ਼ੀਲ ਇਮਾਰਤ ਉੱਤੇ ਫਜ਼ੂਲ ਖਰਚਾ | 7.4 | 139 |
| ਮੇਜ਼ਾਂ/ਕੁਰਸੀਆਂ ਦੀ ਖਰੀਦ ਉੱਤੇ ਤੁਰੰਤ ਜ਼ਰੂਰਤ ਤੋਂ ਵੱਧ ਅਣ-ਉਚਿਤ ਖਰਚਾ | 7.5 | 141 |
| ਸਰਕਾਰੀ ਧਨ ਦੀ ਸ਼ੱਕੀ ਦੁਰਵਰਤੋਂ | 7.6 | 145 |
| **ਜਲ ਸਰੋਤ ਵਿਭਾਗ** | | |
| ਫਜ਼ੂਲ ਖਰਚਾ | 7.7 | 146 |
| **ਜਲ ਸਰੋਤ ਅਤੇ ਵਿੱਤ ਵਿਭਾਗ** | | |
| ਵਿਆਜ ਅਤੇ ਮੁਆਵਜ਼ੇ ਦੀ ਬਚਣਯੋਗ ਅਦਾਇਗੀ | 7.8 | 151 |
| **ਆਬਕਾਰੀ ਅਤੇ ਕਰਬੰਦੀ ਵਿਭਾਗ** | | |
| ਕਰ ਦੀ ਅਨਿਯਤ ਛੋਟ/ਰਿਆਇਤ | 7.9 | 155 |
| ਵਿਆਜ ਨਾ ਲਗਾਉਣਾ | 7.10 | 158 |
| ਝੋਨੇ ਦੀ ਕਮੀ ਉੱਤੇ ਇਨਪੁਟ ਟੈਕਸ ਕ੍ਰੈਡਿਟ ਰਿਵਰਸ ਨਾ ਕਰਨਾ | 7.11 | 159 |

| ਵੇਰਵਾ | ਹਵਾਲਾ | |
|---|---|---|
| | ਪੈਰ੍ਹਾ | ਪੰਨਾ |
| ਤਰੁਟੀਪੂਰਣ ਵਿਧਾਨਿਕ ਘੋਸ਼ਣਾ ਫਾਰਮਾਂ 'ਤੇ ਘੱਟ ਕਰ ਲਗਾਉਣਾ | 7.12 | 161 |
| ਕਰ ਮੁਕਤ ਵਿਕਰੀ 'ਤੇ ਇਨਪੁਟ ਟੈਕਸ ਕ੍ਰੈਡਿਟ ਦੀ ਘੱਟ ਵਾਪਸੀ | 7.13 | 162 |
| ਯਾਤਰੀ ਆਵਾਜਾਈ ਸੇਵਾ ਉੱਤੇ ਵਸਤਾਂ ਅਤੇ ਸੇਵਾਵਾਂ ਕਰ ਦਾ ਭੁਗਤਾਨ ਨਾ ਕਰਨਾ | 7.14 | 164 |
| ਰਾਜ ਆਬਕਾਰੀ ਪ੍ਰਾਪਤੀਆਂ ਤੋਂ ਅਨਿਯਮਤ ਸਹਾਇਤਾ ਅਨੁਦਾਨ | 7.15 | 166 |
| **ਮਾਲ, ਮੁੜ-ਵਸੇਬਾ ਅਤੇ ਆਫ਼ਤ ਪ੍ਰਬੰਧਨ ਵਿਭਾਗ** | | |
| ਜਾਇਦਾਦਾਂ ਦੇ ਗਲਤ ਵਰਗੀਕਰਣ ਕਾਰਣ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ ਅਤੇ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਉਣਾ | 7.16 | 170 |
| ਲੀਜ਼ ਡੀਡਜ਼ 'ਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਘੱਟ ਲਗਾਉਣਾ | 7.17 | 171 |
| **ਟਰਾਂਸਪੋਰਟ ਵਿਭਾਗ** | | |
| ਮੋਟਰ ਵਾਹਨ ਕਰ ਉੱਤੇ ਸਮਾਜਿਕ ਸੁਰੱਖਿਆ ਸਰਚਾਰਜ ਦੀ ਉਗਰਾਹੀ ਨਾ ਕਰਨਾ | 7.18 | 172 |
| ਟੂਰਿਸਟ ਪਰਮਿਟ ਵਾਹਨਾਂ ਤੋਂ ਮੋਟਰ ਵਾਹਨ ਕਰ ਅਤੇ ਸਰਚਾਰਜ ਦੀ ਵਸੂਲੀ ਘੱਟ/ਨਾ ਕਰਨਾ | 7.19 | 173 |
| **ਅਧਿਆਇ-VIII: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਰਾਜ ਜਨਤਕ ਖੇਤਰ ਦੇ ਅਦਾਰੇ)** | | |
| **ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ** | | |
| ਵਿਆਜ ਦਾ ਨੁਕਸਾਨ | 8.1 | 175 |
| **ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ** | | |
| ਮਾਈਕਰੋ ਹਾਈਡਲ ਪ੍ਰੋਜੈਕਟਾਂ ਦੇ ਚਾਲੂ ਹੋਣ ਵਿੱਚ ਦੇਰੀ | 8.2 | 177 |
| ਦੰਡਕ ਵਿਆਜ ਦਾ ਇਕੱਠਾ ਹੋਣਾ | 8.3 | 179 |
| **ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ** | | |
| ਵਿਆਜ ਦਾ ਨੁਕਸਾਨ | 8.4 | 182 |
| **ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ** | | |
| ਐਕਸਟੈਂਸ਼ਨ ਫੀਸ ਦਾ ਦੇਰੀ ਨਾਲ/ਘੱਟ ਕਲੇਮ ਕਰਨਾ | 8.5 | 184 |

| ਵੇਰਵਾ | ਹਵਾਲਾ | |
|---|---|---|
| | ਪੈਰ੍ਹਾ | ਪੰਨਾ |
| **ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਡ** | | |
| ਕਣਕ ਦੀ ਵਿਕੇਂਦਰੀਕ੍ਰਿਤ ਖਰੀਦ (ਡੀ ਸੀ ਪੀ) ਦਾ ਘਟਣਾ ਅਤੇ ਨੁਕਸਾਨ | 8.6 | 185 |
| **ਪੰਜਾਬ ਰਾਜ ਬੱਸ ਅੱਡਾ ਪ੍ਰਬੰਧਨ ਕੰਪਨੀ ਲਿਮਟਡ** | | |
| ਯਾਤਰੀ ਸਹੂਲਤਾਂ ਅਤੇ ਬੱਸ ਅੱਡਿਆਂ ਦਾ ਰੱਖ-ਰਖਾਅ | 8.7 | 187 |
| **ਅੰਤਿਕਾਵਾਂ** | | **199** |
| **ਪ੍ਰਭਾਸ਼ਿਕ ਸ਼ਬਦਾਵਲੀ** | | **265** |

# ਭੂਮਿਕਾ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ 31 ਮਾਰਚ 2021 ਨੂੰ ਸਮਾਪਤ ਹੋਏ ਸਾਲ ਲਈ ਪਾਲਣ ਲੇਖਾ ਪ੍ਰੀਖਿਆ ਉੱਤੇ ਇਹ ਰਿਪੋਰਟ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਤੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੇ (ਫਰਜ਼, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ) ਐਕਟ, 1971 ਦੇ ਅਨੁਭਾਗ 19-ਏ ਅਧੀਨ ਪੰਜਾਬ ਦੇ ਰਾਜਪਾਲ ਜੀ ਨੂੰ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ।

ਇਸ ਰਿਪੋਰਟ ਵਿੱਚ ਦਰਸਾਏ ਗਏ ਦ੍ਰਿਸ਼ਟਾਂਤ ਉਹ ਹਨ ਜਿਹੜੇ ਕਿ ਸਾਲ 2020-21 ਦੇ ਸਮੇਂ ਦੌਰਾਨ ਕੀਤੀ ਗਈ ਨਮੂਨਾ ਲੇਖਾ ਪ੍ਰੀਖਿਆ ਵੇਲੇ ਧਿਆਨ ਵਿੱਚ ਆਏ ਅਤੇ ਇਸਦੇ ਨਾਲ-ਨਾਲ ਉਹ ਜਿਹੜੇ ਕਿ ਪਹਿਲੇ ਸਾਲਾਂ ਦੌਰਾਨ ਧਿਆਨ ਵਿੱਚ ਆਏ ਸਨ, ਪ੍ਰੰਤੂ ਪਿਛਲੇ ਸਾਲਾਂ ਦੀਆਂ ਰਿਪੋਰਟਾਂ ਵਿੱਚ ਸ਼ਾਮਲ ਨਹੀਂ ਕੀਤੇ ਜਾ ਸਕੇ ਸਨ; ਸਾਲ 2020-21 ਤੋਂ ਬਾਅਦ ਦੇ ਸਮੇਂ ਨਾਲ ਸਬੰਧਤ ਦ੍ਰਿਸ਼ਟਾਂਤ ਵੀ, ਜਿਥੇ ਕਿਤੇ ਲੋੜ ਸੀ, ਸ਼ਾਮਲ ਕੀਤੇ ਗਏ ਹਨ।

ਇਹ ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਜਾਰੀ ਕੀਤੇ ਗਏ ਲੇਖਾ ਪ੍ਰੀਖਿਆ ਮਿਆਰਾਂ ਦੀ ਅਨਕੂਲਤਾ ਵਿੱਚ ਸੰਚਾਲਤ ਕੀਤੀ ਗਈ ਹੈ।

**ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜ਼ੀ ਕਥਨ ਨੂੰ ਪ੍ਰਮਾਣਿਕ ਮੰਨਿਆ ਜਾਵੇ ਜੀ।**

# ਝਲਕ

## ਝਲਕ

ਇਸ ਰਿਪੋਰਟ ਵਿੱਚ 'ਵਾਟਰ ਟਰੀਟਮੈਂਟ ਪਲਾਂਟਾਂ ਨੂੰ ਲਗਾਉਣ ਲਈ ਸਕੀਮਾਂ ਦਾ ਮੁਲਾਂਕਣ'; 'ਵਸਤਾਂ ਅਤੇ ਸੇਵਾਵਾਂ ਕਰ ਅਧੀਨ ਟਰਾਂਜ਼ੀਸ਼ਨਲ ਕ੍ਰੈਡਿਟ'; 'ਵਸਤਾਂ ਅਤੇ ਸੇਵਾਵਾਂ ਕਰ ਅਧੀਨ ਰਿਫੰਡ ਕਲੇਮਾਂ ਦੀ ਕਾਰਵਾਈ'; 'ਟਰਾਂਸਮਿਸ਼ਨ ਦੇ ਕੰਮਾਂ ਨੂੰ ਅਮਲ ਵਿੱਚ ਲਿਆਉਣਾ'; ਅਤੇ 'ਵਿੱਤੀ ਸਹਾਇਤਾ ਦੀ ਅਦਾਇਗੀ ਅਤੇ ਵਸੂਲੀ' ਨਾਮਕ ਪੰਜ ਵਿਸ਼ਾ ਵਿਸ਼ੇਸ਼ ਪੈਰ੍ਹੇ ਅਤੇ 26 ਟਿੱਪਣੀਆਂ ਜਿਨ੍ਹਾਂ ਦਾ ਮੁਦਰਾ ਮੁੱਲ ₹ 908.34 ਕਰੋੜ ਹੈ, ਸ਼ਾਮਲ ਹਨ।

## ਅਧਿਆਇ-I: ਜਨਰਲ

ਰਾਜ ਸਰਕਾਰ ਦੀਆਂ ਸਾਲ 2020-21 ਲਈ ਕੁੱਲ ਪ੍ਰਾਪਤੀਆਂ ₹ 69,048.18 ਕਰੋੜ ਸਨ। ਸਰਕਾਰ ਨੇ ₹ 34,204.96 ਕਰੋੜ ਜੁਟਾਏ ਜਿਸ ਵਿੱਚ ₹ 30,052.83 ਕਰੋੜ ਦੇ ਕਰ ਰੈਵੀਨਿਊ ਅਤੇ ₹ 4,152.13 ਕਰੋੜ ਦੇ ਗੈਰ-ਕਰ ਰੈਵੀਨਿਊ ਸ਼ਾਮਲ ਸਨ। ਰਾਜ ਸਰਕਾਰ ਨੇ ਭਾਰਤ ਸਰਕਾਰ ਤੋਂ ਵੰਡਣਯੋਗ ਕੇਂਦਰੀ ਕਰਾਂ ਦੇ ਰਾਜ ਦੇ ਹਿੱਸੇ ਵਜੋਂ ₹ 10,638.21 ਕਰੋੜ ਅਤੇ ਸਹਾਇਤਾ ਅਨੁਦਾਨਾਂ ਵਜੋਂ ₹ 24,205.01 ਕਰੋੜ ਪ੍ਰਾਪਤ ਕੀਤੇ।

ਰਾਜ ਦਾ ਕੁੱਲ ਰੈਵੀਨਿਊ ਖਰਚਾ 2016-17 ਵਿੱਚ ₹ 55,296 ਕਰੋੜ ਤੋਂ 56 *ਪ੍ਰਤੀਸ਼ਤ* ਨਾਲ ਵਧ ਕੇ 2020-21 ਵਿੱਚ ₹ 86,344 ਕਰੋੜ ਹੋ ਗਿਆ, ਅਤੇ ਪੂੰਜੀਗਤ ਖਰਚਾ 2016-17 ਵਿੱਚ ₹ 4,346 ਕਰੋੜ ਤੋਂ 0.83 *ਪ੍ਰਤੀਸ਼ਤ* ਨਾਲ ਵਧ ਕੇ 2020-21 ਵਿੱਚ ₹ 4,382 ਕਰੋੜ ਹੋ ਗਿਆ। ਰੈਵੀਨਿਊ ਖਰਚਾ ਕੁੱਲ ਖਰਚੇ ਦਾ 80 ਤੋਂ 95 *ਪ੍ਰਤੀਸ਼ਤ* ਸੀ (ਸਿਵਾਏ ਸਾਲ 2016-17 ਦੇ ਜਦੋਂ ਇਹ 55 *ਪ੍ਰਤੀਸ਼ਤ*[1] ਸੀ), ਜਦੋਂਕਿ ਪੂੰਜੀਗਤ ਆਊਟਲੇਅ 2016-2021 ਦੌਰਾਨ ਤਿੰਨ ਅਤੇ ਪੰਜ *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ ਸਿਵਾਏ 2019-20 ਦੇ ਸਾਲ ਲਈ, ਜਦੋਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ ਵਿੱਚ ₹ 15,628 ਕਰੋੜ ਦੀ ਰਾਸ਼ੀ ਦੇ ਯੂ ਡੀ ਏ ਵਾਈ ਦੇ ਕਰਜ਼ਿਆਂ ਨੂੰ ਇਕਿਊਟੀ ਵਿੱਚ ਬਦਲਣ ਕਰਕੇ ਇਹ 19 *ਪ੍ਰਤੀਸ਼ਤ* ਸੀ।

ਸਾਲ 2016-17 ਤੋਂ 2020-21 ਦੇ ਸਮੇਂ ਦੌਰਾਨ ਰੈਵੀਨਿਊ ਖਰਚਾ 11.70 *ਪ੍ਰਤੀਸ਼ਤ* ਦੀ ਸਲਾਨਾ ਔਸਤ ਵਾਧਾ ਦਰ ਨਾਲ ਵਧਿਆ ਜਦੋਂਕਿ ਰੈਵੀਨਿਊ ਪ੍ਰਾਪਤੀਆਂ 10.91 *ਪ੍ਰਤੀਸ਼ਤ* ਦੀ ਸਲਾਨਾ ਔਸਤ ਦਰ ਨਾਲ ਵਧੀਆਂ।

***(ਪੈਰ੍ਹਾ 1.2, ਪੰਨਾ 2)***

ਰੈਵੀਨਿਊ ਦੇ ਵੱਲ ਸਾਲ 2020-21 ਦੌਰਾਨ ਵਿਕਰੀ ਕਰ/ਵੈਲਿਊ ਐਡਿਡ ਕਰ, ਰਾਜ ਆਬਕਾਰੀ, ਮੋਟਰ ਵਾਹਨਾਂ 'ਤੇ ਕਰ ਅਤੇ ਹੋਰ ਵਿਭਾਗੀ ਦਫਤਰਾਂ ਦਾ ਪ੍ਰਬੰਧਨ ਕਰਨ ਵਾਲੀਆਂ 97 ਇਕਾਈਆਂ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ 14,765 ਮਾਮਲਿਆਂ ਵਿੱਚ ਕੁੱਲ ₹ 153.32 ਕਰੋੜ ਦੇ ਘੱਟ ਕਰ-ਨਿਰਧਾਰਣ/ਘੱਟ ਕਰ-ਲਾਉਣ/ਰੈਵੀਨਿਊ ਦੇ ਨੁਕਸਾਨ ਨੂੰ ਦਰਸਾਇਆ। ਵਿਭਾਗਾਂ ਨੇ 2020-21 ਦੌਰਾਨ 1,116 ਮਾਮਲਿਆਂ ਵਿੱਚ ₹ 4.78 ਕਰੋੜ ਦੀ ਵਸੂਲੀ ਕੀਤੀ, ਜਿਸ ਵਿੱਚੋਂ ₹ 0.04 ਕਰੋੜ ਉਨ੍ਹਾਂ ਚਾਰ ਮਾਮਲਿਆਂ ਨਾਲ ਸਬੰਧਤ ਸਨ ਜਿਹੜੇ

---

[1] ਭਾਵੇਂ ਸਾਲ ਦੌਰਾਨ ਰੈਵੀਨਿਊ ਖਰਚਾ 10.43 *ਪ੍ਰਤੀਸ਼ਤ* ਨਾਲ ਵਧਿਆ, ਪ੍ਰਤੂੰ ਕਰਜ਼ੇ ਅਤੇ ਪੇਸ਼ਗੀਆਂ ਦੀ ਅਦਾਇਗੀ ਦੇ 593.03 *ਪ੍ਰਤੀਸ਼ਤ* ਨਾਲ ਵਧਣ ਕਰਕੇ ਇਸ ਨੇ ਕੁੱਲ ਖਰਚੇ ਦੇ ਇੱਕ ਛੋਟੇ ਅਨੁਪਾਤ (55 *ਪ੍ਰਤੀਸ਼ਤ*) ਨੂੰ ਦਰਸਾਇਆ

ਸਾਲ 2020-21 ਦੌਰਾਨ ਅਤੇ ਬਾਕੀ ਦੇ ਮਾਮਲੇ ਪਿਛਲੇ ਸਾਲਾਂ ਦੌਰਾਨ ਧਿਆਨ ਵਿੱਚ ਲਿਆਂਦੇ ਗਏ ਸਨ।

ਲੇਖਾ ਪ੍ਰੀਖਿਆ ਦੁਆਰਾ ਨਿਰੀਖਣ ਰਿਪੋਰਟਾਂ ਰਾਹੀਂ ਧਿਆਨ ਵਿੱਚ ਲਿਆਂਦੇ ਜਾਣ ਉਪਰੰਤ 2020-21 ਦੌਰਾਨ ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗਾਂ ਅਧੀਨ ਵੱਖ-ਵੱਖ ਇਕਾਈਆਂ ਦੁਆਰਾ ₹ 6.43 ਲੱਖ ਦੀ ਰਾਸ਼ੀ ਦੀ ਵਸੂਲੀ ਕੀਤੀ ਗਈ ਸੀ।

***(ਪੈਰ੍ਹਾ 1.4, ਪੰਨਾ 6)***

ਰੈਵੀਨਿਓ ਵਿਭਾਗਾਂ ਵਿੱਚ 2020-21 ਲਈ 111 ਨਿਰੀਖਣ ਰਿਪੋਰਟਾਂ[2] ਵਿਭਾਗਾਂ ਦੇ ਮੁਖੀਆਂ ਨੂੰ ਜਾਰੀ ਕੀਤੀਆਂ ਗਈਆਂ ਸਨ। ਜਿਨ੍ਹਾਂ ਵਿੱਚੋਂ ਲੇਖਾ ਪ੍ਰੀਖਿਆ ਨੇ ਚਾਰ ਹਫ਼ਤਿਆਂ ਦੇ ਨਿਰਧਾਰਤ ਸਮੇਂ ਦੇ ਅੰਦਰ ਕਿਸੇ ਵੀ ਨਿਰੀਖਣ ਰਿਪੋਰਟ ਦੇ ਉੱਤਰ ਪ੍ਰਾਪਤ ਨਹੀਂ ਕੀਤੇ ਸਨ। ਇਸ ਤੋਂ ਇਲਾਵਾ, ਮਾਰਚ 2021 ਤੱਕ ਜਾਰੀ ਨਿਰੀਖਣ ਰਿਪੋਰਟਾਂ ਨੇ ਦਰਸਾਇਆ ਕਿ 2,367 ਨਿਰੀਖਣ ਰਿਪੋਰਟਾਂ[3] ਨਾਲ ਸਬੰਧਤ ₹ 2,609.25 ਕਰੋੜ[4] ਦੀ ਰਾਸ਼ੀ ਦੇ 9,624 ਪੈਰ੍ਹੇ[5] ਜੂਨ 2021 ਤੇ ਅਖੀਰ ਤੇ ਬਕਾਇਆ ਪਏ ਸਨ।

ਇਸੇ ਤਰ੍ਹਾਂ ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗਾਂ ਵਿੱਚ ਜੂਨ 2021 ਤੱਕ ₹ 49,180 ਕਰੋੜ ਦੇ ਮੁਦਰਾ ਮੁੱਲ ਦੀਆਂ 64,471 ਪੈਰ੍ਹਿਆਂ ਵਾਲੀਆਂ 18,102 ਨਿਰੀਖਣ ਰਿਪੋਰਟਾਂ (ਮਾਰਚ 2021 ਤੱਕ ਜਾਰੀ) ਬਕਾਇਆ ਪਈਆਂ ਸਨ ਜਿਨ੍ਹਾਂ ਵਿੱਚੋਂ ₹ 13,114 ਕਰੋੜ ਦੇ ਮੁਦਰਾ ਮੁੱਲ ਦੀਆਂ 30,884 ਪੈਰ੍ਹਿਆਂ ਵਾਲੀਆਂ 11,480 ਨਿਰੀਖਣ ਰਿਪੋਰਟਾਂ ਅਪ੍ਰੈਲ 2016 ਤੋਂ ਪਹਿਲਾਂ ਦੇ ਸਮੇਂ ਭਾਵ ਪੰਜ ਸਾਲ ਤੋਂ ਵੱਧ ਸਮੇਂ ਤੋਂ ਬਕਾਇਆ ਸਨ।

***(ਪੈਰ੍ਹਾ 1.5, ਪੰਨਾ 7 )***

ਜੂਨ 2020 ਤੱਕ ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗਾਂ ਨਾਲ ਸਬੰਧਤ 46,532 ਬਕਾਇਆ ਲੇਖਾ ਪ੍ਰੀਖਿਆ ਟਿੱਪਣੀਆਂ ਵਿੱਚੋਂ ₹ 143.64 ਕਰੋੜ ਦੇ ਮੁਦਰਾ ਮੁੱਲ ਵਾਲੀਆਂ 823 ਟਿੱਪਣੀਆਂ ਦਾ 2020-21 ਦੌਰਾਨ 16 ਵਿਭਾਗਾਂ/ਲੇਖਾ ਪ੍ਰੀਖਿਆ ਯੂਨਿਟਾਂ[6] ਨਾਲ ਹੋਈਆਂ ਲੇਖਾ ਪ੍ਰੀਖਿਆ ਕਮੇਟੀ ਦੀਆਂ 28 ਬੈਠਕਾਂ ਵਿੱਚ ਨਿਪਟਾਰਾ ਕੀਤਾ ਗਿਆ ਸੀ।

---

[2] ਵਣ ਅਤੇ ਵਣ ਜੀਵਨ (4), ਭੌਂ ਮਾਲੀਆ (25), ਮੋਟਰ ਵਾਹਨ ਕਰ (6), ਰਾਜ ਆਬਕਾਰੀ (18), ਅਸ਼ਟਾਮ ਡਿਊਟੀ (50) ਅਤੇ ਵੈਟ (8)

[3] ਮਨੋਰੰਜਨ ਅਤੇ ਲਗਜ਼ਰੀ ਕਰ (95), ਵਣ ਅਤੇ ਵਣ ਜੀਵਨ (103), ਭੌਂ ਮਾਲੀਆਂ (306), ਮੋਟਰ ਵਾਹਨ ਕਰ (194), ਰਾਜ ਆਬਕਾਰੀ (271), ਰਾਜ ਲਾਟਰੀਆਂ (7), ਅਸ਼ਟਾਮ ਡਿਊਟੀ (1064) ਅਤੇ ਵੈਟ (327)

[4] ਮਨੋਰੰਜਨ ਅਤੇ ਲਗਜ਼ਰੀ ਕਰ (₹ 16.54 ਕਰੋੜ), ਵਣ ਅਤੇ ਵਣ ਜੀਵਨ (₹ 190.26 ਕਰੋੜ), ਭੌਂ ਮਾਲੀਆਂ (₹ 467.44 ਕਰੋੜ), ਮੋਟਰ ਵਾਹਨ ਕਰ (₹ 254.85 ਕਰੋੜ), ਰਾਜ ਆਬਕਾਰੀ (₹ 371.00 ਕਰੋੜ), ਰਾਜ ਲਾਟਰੀਆਂ (₹ 5.49 ਕਰੋੜ), ਅਸ਼ਟਾਮ ਡਿਊਟੀ (₹ 605.03 ਕਰੋੜ) ਅਤੇ ਵੈਟ (₹ 698.64 ਕਰੋੜ)

[5] ਮਨੋਰੰਜਨ ਅਤੇ ਲਗਜ਼ਰੀ ਕਰ (215), ਵਣ ਅਤੇ ਵਣ ਜੀਵਨ (193), ਭੌਂ ਮਾਲੀਆਂ (943), ਮੋਟਰ ਵਾਹਨ ਕਰ (1,581), ਰਾਜ ਆਬਕਾਰੀ (372), ਰਾਜ ਲਾਟਰੀਆਂ (27), ਅਸ਼ਟਾਮ ਡਿਊਟੀ (4,674) ਅਤੇ ਵੈਟ (1,619)

[6] (i) ਪਾਵਰ; (ii) ਪੇਂਡੂ ਵਿਕਾਸ ;(iii) ਡੇਅਰੀ ਵਿਕਾਸ; (iv) ਬਾਗਬਾਨੀ; (v) ਜਲ ਸਪਲਾਈ ਅਤੇ ਸੈਨੀਟੇਸ਼ਨ; (vi) ਪੰਜਾਬ ਹੋਮ ਗਾਰਡਜ਼; (vii) ਡਾਇਰੈਕਟਰ, ਖੇਡਾਂ; (viii) ਡਾਇਰੈਟਰ, ਯੁਵਕ ਸੇਵਾਵਾਂ; (ix) ਡਾਇਰੈਟਰ, ਰੁਜ਼ਗਾਰ ਜਨਰੇਸ਼ਨ, ਹੁਨਰ ਵਿਕਾਸ ਅਤੇ ਸਿਖਲਾਈ; (x) ਡਾਇਰੈਕਟਰ ਤਕਨੀਕੀ ਸਿੱਖਿਆ (ਪਾਲੀਟੈਕਨਿਕ); (xi) ਡਾਇਰੈਕਟਰ, ਉਦਯੋਗਿਕ ਸਿਖਲਾਈ ਸੰਸਥਾਵਾਂ; (xii) ਜ਼ਿਲਾ ਸਿੱਖਿਆ ਅਫ਼ਸਰ, ਮੁਹਾਲੀ; (xiii) ਜ਼ਿਲ੍ਹਾ ਸਿੱਖਿਆ ਅਫ਼ਸਰ, ਫਤਿਹਗੜ੍ਹ ਸਾਹਿਬ; (xiv) ਛਪਾਈ ਅਤੇ ਲਿਖਣ ਸਮੱਗਰੀ; (xv) ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ; (xvi) ਮੁੱਖ ਚੋਣ ਅਧਿਕਾਰੀ

ਰੈਵੀਨਿਊ ਵਿਭਾਗਾਂ ਵਿੱਚ 2020-21 ਦੌਰਾਨ ਲੇਖਾ ਪ੍ਰੀਖਿਆ ਕਮੇਟੀ ਦੀ ਕੋਈ ਵੀ ਬੈਠਕ ਨਹੀਂ ਹੋਈ ਸੀ।

*(ਪੈਰ੍ਹਾ 1.5.1, ਪੰਨਾ 9)*

## ਅਧਿਆਇ-II: ਵਾਟਰ ਟਰੀਟਮੈਂਟ ਪਲਾਂਟਾਂ ਨੂੰ ਲਗਾਉਣ ਲਈ ਸਕੀਮਾਂ ਦਾ ਮੁਲਾਂਕਣ

'**ਵਾਟਰ ਟਰੀਟਮੈਂਟ ਪਲਾਂਟਾਂ ਨੂੰ ਲਗਾਉਣ ਲਈ ਸਕੀਮਾਂ ਦਾ ਮੁਲਾਂਕਣ**' ਨਾਮਕ ਵਿਸ਼ਾ ਵਿਸ਼ੇਸ਼ ਲੇਖਾ ਪ੍ਰੀਖਿਆ ਨੇ ਦਰਸਾਇਆ ਕਿ ਰਾਜ ਨੇ 1,258 ਦੀ ਸੰਖਿਆ ਵਿੱਚ ਰਿਵਰਸ ਓਸਮੋਸਿਜ਼ (ਆਰ ਓ) ਪਲਾਂਟ ਲਾਉਣ ਦਾ ਫੈਸਲਾ ਲਿਆ ਸੀ ਜਿਸ ਲਈ ₹ 187.51 ਕਰੋੜ ਰੱਖੇ ਗਏ ਸਨ। ਇਨ੍ਹਾਂ ਵਿੱਚੋਂ ₹ 105.64 ਕਰੋੜ ਦੀ ਅਨੁਮਾਨਤ ਲਾਗਤ ਨਾਲ 703 ਆਰ ਓ ਪਲਾਂਟਾਂ ਦੀਆਂ ਟੈਂਡਰ ਪ੍ਰਕਿਰਿਆਵਾਂ ਸ਼ੁਰੂ ਕੀਤੀਆਂ ਗਈਆਂ ਸਨ, ਜਿਸ ਦੇ ਵਿਰੁੱਧ ₹ 80.14 ਕਰੋੜ ਦੀ ਲਾਗਤ ਨਾਲ 580 ਆਰ ਓ ਪਲਾਂਟ ਲਾਏ ਗਏ ਸਨ। ਇੰਜ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਯੋਜਿਤ ਕੀਤੇ ਸਾਰੇ 703 ਪਲਾਂਟ ਲਾ ਕੇ 2,70,781 ਪਰਿਵਾਰਾਂ ਨੂੰ ਲਾਭ ਪਹੁੰਚਾ ਸਕਦਾ ਸੀ, ਪ੍ਰੰਤੂ ਯੋਜਿਤ ਕਵਰੇਜ ਤੋਂ 40,000 ਪਰਿਵਾਰਾਂ ਦੀ ਘੱਟ ਕਵਰੇਜ ਕੀਤੀ ਗਈ ਸੀ।

ਇਸ ਤੋਂ ਇਲਾਵਾ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 97 ਆਰ ਓ ਪਲਾਂਟ ਲਾਉਣ ਵਿੱਚ ਅਸਫਲ ਰਿਹਾ ਕਿਉਂਜੋ ਟੈਂਡਰਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਸੀ ਅਤੇ ਆਰ ਓ ਪਲਾਂਟਾਂ ਦੇ ਛੱਡਣ/ਸ਼ੁਰੂ ਨਾ ਕਰਨ/ਅਧੂਰੇ ਰਹਿਣ ਕਾਰਨ ਵਿਸ਼ੇਸ਼ ਸਹਾਇਤਾ ਅਧੀਨ ਨੀਤੀ ਆਯੋਗ ਵੱਲੋਂ ਉਪਲਬਧ 44 *ਪ੍ਰਤੀਸ਼ਤ* ਫੰਡਾਂ ਦੀ ਵਰਤੋਂ ਨਹੀਂ ਕੀਤੀ ਗਈ ਸੀ। ਨਾਬਾਰਡ XIX ਅਧੀਨ ₹ 7.47 ਕਰੋੜ ਖਰਚਣ ਉਪਰੰਤ ਵੀ 92 ਆਰ ਓ ਪਲਾਂਟ ਨਹੀਂ ਲਗਵਾਏ ਗਏ ਸਨ। ਲਗਾਏ ਗਏ ਆਰ ਓ ਪਲਾਂਟਾਂ ਦਾ ਪ੍ਰਵੇਸ਼ ਪੱਧਰ ਤਸੱਲੀਬਖਸ਼ ਨਹੀਂ ਸੀ ਕਿਉਂਜੋ ਇਹ 300 ਆਰ ਓ ਪਲਾਂਟਾਂ ਦੇ ਸਬੰਧ ਵਿੱਚ 10 *ਪ੍ਰਤੀਸ਼ਤ* ਤੋਂ ਘੱਟ ਸੀ ਅਤੇ 42 *ਪ੍ਰਤੀਸ਼ਤ* ਆਰ ਓ ਪਲਾਂਟਾਂ ਦਾ ਪ੍ਰਵੇਸ਼ ਪੱਧਰ ਉਪਲਬਧ ਨਹੀਂ ਸੀ। ਆਰ ਓ ਪਲਾਂਟਾਂ ਦੁਆਰਾ ਨਕਾਰੇ ਗਏ ਪਾਣੀ ਦਾ ਵਿਗਿਆਨਕ ਢੰਗ ਨਾਲ ਨਿਪਟਾਰਾ ਨਹੀਂ ਕੀਤਾ ਜਾ ਰਿਹਾ ਸੀ।

## ਅਧਿਆਇ-III: ਵਸਤਾਂ ਅਤੇ ਸੇਵਾਵਾਂ ਕਰ ਅਧੀਨ ਟਰਾਂਜ਼ੀਸ਼ਨਲ ਕ੍ਰੈਡਿਟ

"**ਵਸਤਾਂ ਅਤੇ ਸੇਵਾਵਾਂ ਕਰ ਅਧੀਨ ਟ੍ਰਾਂਜ਼ੀਸ਼ਨਲ ਕ੍ਰੈਡਿਟ**" ਨਾਮਕ ਵਿਸ਼ਾ ਵਿਸ਼ੇਸ਼ ਲੇਖਾ ਪ੍ਰੀਖਿਆ ਨੇ 425 ਮਾਮਲਿਆਂ ਵਿੱਚ ₹ 137.62 ਕਰੋੜ ਦੀ ਮੁਦਰਾ ਕੀਮਤ ਵਾਲੇ ਪ੍ਰਣਾਲੀਗਤ ਅਤੇ ਇਸ ਦੇ ਨਾਲ ਨਾਲ ਪਾਲਣਾ ਨਾਲ ਸਬੰਧਤ ਮਾਮਲਿਆਂ ਨੂੰ ਦਰਸਾਇਆ। ਪ੍ਰਣਾਲੀਗਤ ਊਣਤਾਈ ਦੀ ਪ੍ਰਕਿਰਤੀ ਨੇ ਨਾਕਾਫ਼ੀ ਜਾਂਚਾਂ ਅਤੇ ਪ੍ਰਮਾਣਿਕਤਾਵਾਂ ਦਾ ਸੰਕੇਤ ਦਿੱਤਾ ਜਿਸ ਦੇ ਕਾਰਨ ਬਕਾਇਆ ਰਹਿੰਦੇ ਕਨੂੰਨੀ ਫਾਰਮਾਂ ਕਰਕੇ ਰਿਵਰਸੀਬਲ ਇਨਪੁਟ ਟੈਕਸ ਕ੍ਰੈਡਿਟ ਦੀ ਕਟੌਤੀ ਕੀਤੇ ਬਗੈਰ, ਟ੍ਰਾਂਜ਼ੀਸ਼ਨਲ ਕ੍ਰੈਡਿਟ ਨੂੰ ਇਲੈਕਟ੍ਰਾਨਿਕ ਕ੍ਰੈਡਿਟ ਲੈਜਰ ਵਿੱਚ ਅੱਗੇ ਲਿਜਾਇਆ ਗਿਆ ਸੀ। ਪਾਲਣਾ ਦੀਆਂ ਕਮੀਆਂ ਨੇ ਟ੍ਰਾਂਜ਼ੀਸ਼ਨਲ ਕ੍ਰੈਡਿਟਾਂ ਦੀ ਅਣਉਚਿਤ ਜਾਂਚ ਨੂੰ ਦਰਸਾਇਆ ਅਤੇ ਡੀਲਰਾਂ ਵਲੋਂ ਪ੍ਰੀ-ਜੀ ਐਸ ਟੀ ਰਿਟਰਨਾਂ ਵਿੱਚ ਉਪਲਬਧ ਕ੍ਰੈਡਿਟ ਤੋਂ ਵੱਧ ਟ੍ਰਾਂਜ਼ੀਸ਼ਨਲ ਕ੍ਰੈਡਿਟ ਕਲੇਮ ਕੀਤੇ ਪਾਏ ਗਏ ਸਨ। ਕੁਝ ਮਾਮਲਿਆਂ ਵਿੱਚ, ਡੀਲਰਾਂ ਨੇ ਦੂਹਰੇ ਟ੍ਰਾਂਜ਼ੀਸ਼ਨਲ ਕ੍ਰੈਡਿਟ ਦਾ

ਕਲੇਮ ਕੀਤਾ, ਜਿਸਦੀ ਕਿ ਜਾਂਚ ਕੀਤੇ ਜਾਣ ਦੇ ਬਾਵਜੂਦ ਵੀ ਵਿਭਾਗ ਦੁਆਰਾ ਇਜਾਜ਼ਤ ਦੇ ਦਿੱਤੀ ਗਈ ਸੀ। ਕੁੱਝ ਡੀਲਰਾਂ ਨੇ ਪ੍ਰੀ-ਜੀ ਐਸ ਟੀ ਪ੍ਰਣਾਲੀ ਵਿੱਚ ਸ਼ੱਕੀ ਅਤੇ ਜਾਅਲੀ ਇਨਪੁਟ ਟੈਕਸ ਕ੍ਰੈਡਿਟ ਦੀ ਸਿਰਜਣਾ ਕੀਤੀ ਅਤੇ ਜੀ ਐਸ ਟੀ ਪ੍ਰਣਾਲੀ ਵਿੱਚ ਟ੍ਰਾਂਜ਼ੀਸ਼ਨਲ ਕ੍ਰੈਡਿਟਾਂ ਵਜੋਂ ਅੱਗੇ ਲਿਆਉਂਦੇ ਗਏ ਕੁੱਝ ਮਾਮਲਿਆਂ ਵਿੱਚ ਡੀਲਰਾਂ ਨੂੰ ਇੱਕ ਹੀ ਇਨਪੁਟ ਟੈਕਸ ਕ੍ਰੈਡਿਟ ਦੇ ਵਿਰੁੱਧ ਟ੍ਰਾਂਜ਼ੀਸ਼ਨਲ ਕ੍ਰੈਡਿਟ ਦੇ ਨਾਲ-ਨਾਲ ਰਿਫੰਡ ਦੀ ਆਗਿਆ ਦਿੱਤੀ ਗਈ ਸੀ।

## ਅਧਿਆਇ-IV: ਵਸਤਾਂ ਅਤੇ ਸੇਵਾਵਾਂ ਕਰ ਅਧੀਨ ਰਿਫੰਡ ਕਲੇਮਾਂ ਦੀ ਕਾਰਵਾਈ

"**ਵਸਤਾਂ ਅਤੇ ਸੇਵਾਵਾਂ ਕਰ ਅਧੀਨ ਰਿਫੰਡ ਕਲੇਮਾਂ ਦੀ ਕਾਰਵਾਈ**" ਨਾਮਕ ਵਿਸ਼ਾ ਵਿਸ਼ੇਸ਼ ਲੇਖਾ ਪ੍ਰੀਖਿਆ ਨੇ 30.17 *ਪ੍ਰਤੀਸ਼ਤ* ਮਾਮਲਿਆਂ ਵਿੱਚ ਪਹੁੰਚ ਰਸੀਦ ਜਾਰੀ ਕਰਨ ਵਿੱਚ, 37.63 *ਪ੍ਰਤੀਸ਼ਤ* ਮਾਮਲਿਆਂ ਵਿੱਚ ਰਿਫੰਡ ਆਦੇਸ਼ ਜਾਰੀ ਕਰਨ ਵਿੱਚ, 4.74 *ਪ੍ਰਤੀਸ਼ਤ* ਮਾਮਲਿਆਂ ਵਿੱਚ ਜ਼ੀਰੋ-ਰੇਟਡ ਸਪਲਾਈਜ਼ ਵਿੱਚ ਆਰਜ਼ੀ ਰਿਫੰਡ ਦੀ ਮਨਜ਼ੂਰੀ ਜਾਰੀ ਕਰਨ ਵਿੱਚ, 26.60 *ਪ੍ਰਤੀਸ਼ਤ* ਮਾਮਲਿਆਂ ਵਿੱਚ ਹਮਰੁਤਬਾ ਕਰ ਅਥਾਰਟੀਆਂ ਨੂੰ ਰਿਫੰਡ ਦੇ ਆਦੇਸ਼ ਸੰਚਾਰਿਤ ਕਰਨ ਵਿੱਚ ਅਤੇ 18.54 *ਪ੍ਰਤੀਸ਼ਤ* ਮਾਮਲਿਆਂ ਵਿੱਚ ਕਰਦਾਤਾ ਦੇ ਖਾਤੇ ਵਿੱਚ ਐਸ ਜੀ ਐਸ ਟੀ ਰਿਫੰਡ ਕ੍ਰੈਡਿਟ ਕਰਨ ਵਿੱਚ ਵੱਡੀ ਦੇਰੀ ਨੂੰ ਦਰਸਾਇਆ। ਇਸ ਤੋਂ ਇਲਾਵਾ, ਐਕਟਾਂ ਅਤੇ ਨਿਯਮਾਂ ਦੇ ਉਪਬੰਧਾਂ ਦੀ ਉਲੰਘਣਾ ਵੇਖੀ ਗਈ ਸੀ ਜਿਸ ਦੇ ਨਤੀਜੇ ਵਜੋਂ 0.43 *ਪ੍ਰਤੀਸ਼ਤ* ਮਾਮਲਿਆਂ ਵਿੱਚ ਵਾਧੂ ਰਿਫੰਡ ਅਤੇ 33.00 *ਪ੍ਰਤੀਸ਼ਤ* ਮਾਮਲਿਆਂ ਵਿੱਚ ਸਹਾਇਕ ਦਸਤਾਵੇਜ਼ਾਂ ਦੀ ਅਣਹੋਂਦ ਵਿੱਚ ਰਿਫੰਡ ਜਾਰੀ ਕੀਤੇ ਗਏ; ਇਹ ਉਲੰਘਣਾਂ 0.43 *ਪ੍ਰਤੀਸ਼ਤ* ਤੋਂ 37.63 *ਪ੍ਰਤੀਸ਼ਤ* ਤੱਕ ਸੀ।

## ਅਧਿਆਇ-V: ਟਰਾਂਸਮਿਸ਼ਨ ਦੇ ਕੰਮਾਂ ਨੂੰ ਅਮਲ ਵਿੱਚ ਲਿਆਉਣਾ - ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ

"**ਟਰਾਂਸਮਿਸ਼ਨ ਦੇ ਕੰਮਾਂ ਨੂੰ ਅਮਲ ਵਿੱਚ ਲਿਆਉਣਾ** " ਨਾਮਕ ਵਿਸ਼ਾ ਵਿਸ਼ੇਸ਼ ਲੇਖਾ ਪ੍ਰੀਖਿਆ ਨੇ ਦਰਸਾਇਆ ਕਿ ਕੰਪਨੀ ਨੇ ਪੰਜਾਬ ਰਾਜ ਗਰਿੱਡ ਕੋਡ ਦੇ ਅਧੀਨ ਲੋੜੀਂਦੀ ਆਪਣੀ ਪਰਸਪੈਕਟਿਵ ਰੋਲਿੰਗ ਟਰਾਂਸਮਿਸ਼ਨ ਯੋਜਨਾ ਨਹੀਂ ਬਣਾਈ, 53 ਕੰਮਾਂ ਦੇ ਸਪਿੱਲ ਓਵਰ ਦੇ ਨਤੀਜੇ ਵਜੋਂ ਲਾਗਤ ਵਿੱਚ ₹ 389.71 ਕਰੋੜ ਦਾ ਵਾਧਾ ਹੋਇਆ, 64 *ਪ੍ਰਤੀਸ਼ਤ* ਕੰਮਾਂ ਨੂੰ ਅਮਲ ਵਿੱਚ ਲਿਆਉਣ ਵਿੱਚ 105 ਮਹੀਨਿਆਂ ਤੱਕ ਦੀ ਦੇਰੀ ਵੇਖੀ ਗਈ; ਰੂਟ ਪਲਾਨ ਬਣਾਉਣ ਵਿੱਚ ਕਮੀਆਂ, ਯੋਜਿਤ ਰੂਟਾਂ ਦੇ ਨਾਲ-ਨਾਲ ਜ਼ਰੂਰੀ ਬੁਨਿਆਦੀ ਢਾਂਚੇ ਦੀ ਪਛਾਣ ਨਾ ਕਰਨਾ ਅਤੇ ਕਨੂੰਨੀ ਮਨਜ਼ੂਰੀਆਂ ਆਦਿ ਲਈ ਮਾਮਲੇ ਭੇਜਣ ਵਿੱਚ ਦੇਰੀ ਨਾਲ ਨਾ ਸਿਰਫ਼ ਕੰਮਾਂ ਨੂੰ ਅਮਲੀ ਰੂਪ ਦੇਣ ਵਿੱਚ ਦੇਰੀ ਹੋਈ, ਸਗੋਂ ਸੱਤ ਕੰਮਾਂ ਦੀ ਲਾਗਤ ਵਿੱਚ ₹ 104.05 ਕਰੋੜ (63 *ਪ੍ਰਤੀਸ਼ਤ*) ਦੀ ਹੱਦ ਤੱਕ ਵਾਧਾ ਵੀ ਹੋਇਆ। ਟਰਾਂਸਮਿਸ਼ਨ ਦੇ ਵੱਖ-ਵੱਖ ਕੰਮਾਂ ਤੇ ₹ 4.53 ਕਰੋੜ ਦਾ ਵਿਅਰਥ ਖਰਚਾ ਵੀ ਕੀਤਾ ਗਿਆ।

## ਅਧਿਆਇ-VI: ਵਿੱਤੀ ਸਹਾਇਤਾ ਦੀ ਅਦਾਇਗੀ ਅਤੇ ਵਸੂਲੀ – ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ

**"ਵਿੱਤੀ ਸਹਾਇਤਾ ਦੀ ਅਦਾਇਗੀ ਅਤੇ ਵਸੂਲੀ"** ਨਾਮਕ ਵਿਸ਼ਾ ਵਿਸ਼ੇਸ਼ ਲੇਖਾ ਪ੍ਰੀਖਿਆ ਨੇ ਦਰਸਾਇਆ ਕਿ ਕਰਜ਼ ਦੇਣ ਦੀਆਂ ਗਤੀਵਿਧੀਆਂ ਵਿੱਚ ਟੀਚੇ ਹਾਸਲ ਕਰਨ ਵਿੱਚ ਵੱਖ ਵੱਖ ਸਕੀਮਾਂ ਅਧੀਨ 34.87 *ਪ੍ਰਤੀਸ਼ਤ* ਤੋਂ 78.50 *ਪ੍ਰਤੀਸ਼ਤ* ਦੀ ਰੇਂਜ ਵਿੱਚ ਮਹੱਤਵਪੂਰਨ ਕਮੀਆਂ ਸਨ, ਜੋ ਕਿ ਦਰਸਾਉਂਦਾ ਹੈ ਕਿ ਭਲਾਈ ਸਕੀਮਾਂ ਦੀ ਪਾਲਣਾ ਚੰਗੀ ਨਹੀਂ ਸੀ ਜਿਸ ਨੇ ਟੀਚਾਗਤ ਲਾਭਪਾਤਰੀਆਂ ਨੂੰ ਚਿਤਵੇਂ ਲਾਭਾਂ ਤੋਂ ਵਾਂਝੇ ਕੀਤਾ। ਚਾਹਵਾਨ ਲਾਭਪਾਤਰੀਆਂ ਦੇ 5,651 ਬਿਨੈ-ਪੱਤਰ ਬਕਾਇਆ ਸਨ। ਉਪਲੱਬਧ ਕਰਜ਼ਯੋਗ ਫੰਡ 2018-19 ਵਿੱਚ ₹ 29.84 ਕਰੋੜ ਤੋਂ ਘੱਟ ਕੇ 2020-21 ਵਿੱਚ ₹ 5.05 ਕਰੋੜ ਰਹਿ ਗਏ।

## ਅਧਿਆਇ-VII: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਵਿਭਾਗ)

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੁਆਰਾ ਟਰਾਇਲ ਪ੍ਰੋਜੈਕਟਾਂ ਦਾ ਨਤੀਜਾ ਪ੍ਰਾਪਤ ਕਰਨ ਅਤੇ ਉਚਿਤ ਵਿਵਹਾਰਕਤਾ ਅਧਿੱਟੈਨ ਕੀਤੇ ਬਗੈਰ ਕਪਾਹ ਦੇ ਮਸ਼ੀਨੀਕਰਣ ਦੇ ਪ੍ਰੋਜੈਕਟ ਨੂੰ ਲਾਗੂ ਕਰਨ ਵਿੱਚ ਅਸਫਲ ਹੋਣ ਦੇ ਨਤੀਜੇ ਵੱਜੋਂ ਮਸ਼ੀਨਰੀ ਖਰੀਦਣ ਤੇ ₹ 2.05 ਕਰੋੜ ਦਾ ਮਾੜਾ ਨਿਵੇਸ਼ ਅਤੇ ਫਜ਼ੂਲ ਖਰਚਾ ਹੋਇਆ।

*(ਪੈਰ੍ਹਾ 7.1, ਪੰਨਾ 121 )*

ਪੰਜਾਬ ਵਿੱਤੀ ਨਿਯਮਾਵਲੀ ਅਤੇ ਪੰਜਾਬ ਖਜ਼ਾਨਾ ਨਿਯਮਾਵਲੀ ਦੀ ਲੋੜ ਅਨੁਸਾਰ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀ ਅਤੇ ਖਜ਼ਾਨਾ ਅਫਸਰ ਦੁਆਰਾ ਖਜ਼ਾਨੇ ਨੂੰ ਪੇਸ਼ ਕੀਤੇ ਬਿਲਾਂ ਦੀਆਂ ਨਿਰਧਾਰਤ ਜਾਂਚਾਂ ਨਾ ਕਰਨ ਅਤੇ ਇਸ ਦੇ ਨਾਲ ਨਾਲ ਬਿਲ ਕਲਰਕ ਨਾਲ ਲਾਗਿਨ ਦੇ ਵੇਰਵੇ ਸਾਂਝੇ ਕਰਨ ਦੇ ਨਤੀਜੇ ਵੱਜੋਂ ₹ 71.35 ਲੱਖ ਦੀ ਰਾਸ਼ੀ ਦੇ ਤਨਖਾਹ, ਭੱਤੇ ਅਤੇ ਜਨਰਲ ਪ੍ਰਾਵੀਡੈਂਟ ਫੰਡ ਦੀ ਸ਼ੱਕੀ ਧੋਖਾਧੜੀ ਨਾਲ ਨਿਕਾਸੀ ਅਤੇ ਅਦਾਇਗੀ ਹੋਈ।

*(ਪੈਰ੍ਹਾ 7.2, ਪੰਨਾ 124)*

ਲੋਕ ਨਿਰਮਾਣ ਵਿਭਾਗ (ਪੀ ਡਬਲਿਊ ਡੀ) (ਭਵਨ ਤੇ ਸੜਕਾਂ) ਨੇ ਸੜਕਾਂ ਦਾ ਅਤਿ-ਮਹੱਤਵਪੂਰਣ ਨੈਟਵਰਕ ਨਹੀਂ ਬਣਾਇਆ। ਵਿਭਾਗ ਨੇ ਕੇਂਦਰੀ ਸੜਕ ਅਤੇ ਬੁਨਿਆਦੀ ਢਾਂਚਾ ਫੰਡ (ਸੀ ਆਰ ਆਈ ਐਫ) ਅਧੀਨ ਸੜਕ ਸੁਰੱਖਿਆ ਲਈ ਕੋਈ ਪਹਿਲਕਦਮੀ ਨਹੀਂ ਕੀਤੀ। ਭਾਰਤ ਸਰਕਾਰ ਨੂੰ ਵਰਤੋਂ ਸਰਟੀਫਿਕੇਟ ਭੇਜਣ ਵਿੱਚ ਦੇਰੀ/ਨਾ ਭੇਜਣ ਕਰਕੇ ਕੇਂਦਰੀ ਸਰਕਾਰ ਵਲੋਂ ਰਾਜ ਦੇ ਹਿੱਸੇ ਦੇ ₹ 428.78 ਕਰੋੜ ਦੀ ਰਾਸ਼ੀ ਜਾਰੀ ਨਹੀਂ ਕੀਤੀ ਗਈ। ਰਾਜ ਸਰਕਾਰ ਵਲੋਂ ਪੀ ਡਬਲਿਊ ਡੀ ਨੂੰ ਫੰਡ ਦੇਰੀ ਨਾਲ ਜਾਰੀ ਕਰਨ ਦੇ ਨਤੀਜੇ ਵੱਜੋਂ ਠੇਕੇਦਾਰਾਂ ਨੂੰ ₹ 1.84 ਕਰੋੜ ਦੇ ਵਿਆਜ ਦੀ ਅਦਾਇਗੀ ਹੋਈ। ਕੰਮ ਮੁਕੰਮਲ ਹੋਣ ਵਿੱਚ ਦੇਰੀ ਹੋਣ ਕਰਕੇ ₹ 8.65 ਕਰੋੜ ਦੇ ਕੀਮਤ ਵਾਧੇ ਦਾ ਭੁਗਤਾਨ ਹੋਇਆ। ਕੰਮ ਦੀ ਨਿਗਰਾਨੀ ਲਈ ਰਾਜ ਗੁਣਵੱਤਾ ਨਿਗਰਾਨਾਂ ਦੀ ਨਿਯੁਕਤੀ ਨਹੀਂ ਕੀਤੀ ਗਈ ਸੀ।

*(ਪੈਰ੍ਹਾ 7.3, ਪੰਨਾ 128)*

ਖੇਤਰ ਵਿੱਚ ਕੋਈ ਵੀ ਵਿਵਹਾਰਕਤਾ ਅਧਿਐਨ ਕੀਤੇ ਬਗੈਰ ਖਰੜ ਵਿਖੇ ਪ੍ਰਾਹੁਣਚਾਰੀ ਕੋਰਸ ਚਲਾਉਣ ਲਈ ਨਵੀਂ ਇਮਾਰਤ ਦੀ ਉਸਾਰੀ ਕਰਨ ਵਿੱਚ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੀ ਅਣਉਚਿਤ ਯੋਜਨਾਬੰਦੀ ਦੇ ਨਤੀਜੇ ਵਜੋਂ ਨਵੀਂ ਬਣੀ ਇਮਾਰਤ ਨੂੰ ਇਸਦੇ ਮੁਕੰਮਲ ਹੋਣ ਦੇ 10 ਸਾਲਾਂ ਤੋਂ ਵੱਧ ਸਮੇਂ ਤੱਕ ਵਰਤੋਂ ਵਿੱਚ ਨਹੀਂ ਲਿਆਦਾ ਗਿਆ, ਜਿਸ ਨਾਲ ਇਸ 'ਤੇ ਕੀਤਾ ₹ 1.57 ਕਰੋੜ ਦਾ ਖਰਚਾ ਬੇਕਾਰ ਹੋ ਗਿਆ।

*(ਪੈਰ੍ਹਾ 7.4, ਪੰਨਾ 139)*

ਪੰਜਾਬ ਵਿੱਤੀ ਨਿਯਮਾਵਲੀ ਦੀ ਉਲੰਘਣਾ ਵਿੱਚ ਤੁਰੰਤ ਲੋੜ ਤੋਂ ਵੱਧ ਅਤੇ ਇਥੋਂ ਤੱਕ ਕਿ ਪਾਲੀਟੈਕਨਿਕ ਇਮਾਰਤਾਂ ਦੇ ਸਿਵਲ ਕੰਮ ਪੂਰਾ ਹੋਣ ਤੋਂ ਪਹਿਲਾਂ ਹੀ 2,268 ਟੂ-ਸੀਟਰ ਡੈਸਕ/ ਕੁਰਸੀਆਂ ਦੀ ਖਰੀਦ ਨੇ, ਇਸ 'ਤੇ ਕੀਤੇ ਗਏ ₹ 1.39 ਕਰੋੜ ਦੇ ਖਰਚੇ ਨੂੰ ਅਣ-ਉਚਿਤ ਬਣਾ ਦਿੱਤਾ।

*(ਪੈਰ੍ਹਾ 7.5, ਪੰਨਾ 141)*

ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀ ਦੀ ਕੋਡਲ ਉਪਬੰਧਾਂ ਦੀ ਪਾਲਣਾ ਕਰਨ ਵਿੱਚ ਅਸਫਲਤਾ ਕਾਰਨ ਅਤੇ ਇਸ ਤਰ੍ਹਾਂ ਅੰਦਰੂਨੀ ਕੰਟਰੋਲ ਵਿਧੀ ਨਾਲ ਸਮਝੌਤਾ ਕਰਨ ਕਰਕੇ, ₹ 2.58 ਲੱਖ ਦੀ ਸਰਕਾਰੀ ਰਕਮ ਦੀ ਸ਼ੱਕੀ ਦੁਰਵਰਤੋਂ ਕੀਤੇ ਜਾਣ ਵਿੱਚ ਅਸਾਨੀ ਹੋਈ। ਲੇਖਾ ਪ੍ਰੀਖਿਆ ਦੁਆਰਾ ਧਿਆਨ ਵਿੱਚ ਲਿਆਂਦੇ ਜਾਣ ਤੇ ਸਬੰਧਤ ਕਰਮਚਾਰੀ ਦੁਆਰਾ ਇਹ ਰਕਮ ਸਰਕਾਰੀ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਸੀ।

*(ਪੈਰ੍ਹਾ 7.6, ਪੰਨਾ 145)*

ਬਿਜਲੀ ਦੇ ਬਕਾਏ ਦੀ ਨਾ-ਟਾਲਣਯੋਗ ਦੇਣਦਾਰੀ ਦਾ ਨਿਪਟਾਰਾ ਕਰਨ ਅਤੇ ਰੁਕਾਵਟ-ਮੁਕਤ ਸਾਈਟ ਪ੍ਰਦਾਨ ਕਰਨ ਵਿੱਚ ਜਲ ਸਰੋਤ ਵਿਭਾਗ ਦੀ ਅਸਫਲਤਾ ਦੇ ਨਤੀਜੇ ਵਜੋਂ ਡਿਸਟ੍ਰੀਬਿਊਟਰੀਆਂ ਅਤੇ ਡਿਸਟਰੀਬਿਊਟਰੀ ਸਿਸਟਮ ਦੇ ਕੰਮਾਂ ਦੇ ਅਣਵਰਤੇ/ਅਧੂਰੇ ਰਹਿਣ ਕਰਕੇ 2,183 ਹੈਕਟੇਅਰ ਜ਼ਮੀਨ ਨੂੰ ਸਿੰਜਾਈ ਸਹੂਲਤਾਂ ਤੋਂ ਵਾਂਝੇ ਕੀਤਾ ਗਿਆ। ਇਨ੍ਹਾਂ ਕੰਮਾਂ ਤੇ ਕੀਤਾ ਗਿਆ ₹ 29.07 ਕਰੋੜ ਦਾ ਖਰਚਾ ਫਜ਼ੂਲ ਬਣ ਕੇ ਰਹਿ ਗਿਆ ਕਿਉਂਜੋ ਲਾਭਪਾਤਰੀਆਂ ਨੂੰ ਸਿੰਜਾਈ ਸਹੂਲਤਾਂ ਤੋਂ ਵਾਂਝੇ ਰੱਖਿਆ ਗਿਆ ਸੀ।

*(ਪੈਰ੍ਹਾ 7.7, ਪੰਨਾ 146)*

ਜਲ ਸਰੋਤ ਵਿਭਾਗ ਨੇ ਅੰਤਰਰਾਜੀ ਵਿਵਾਦ ਦੇ ਨਿਪਟਾਰੇ ਤੋਂ ਪਹਿਲਾਂ ਕੰਮ ਦੀ ਅਲਾਟਮੈਂਟ ਕੀਤੀ ਅਤੇ ਕੰਮ ਦੇ ਰੁਕੇ ਹੋਣ ਦੇ ਸਮੇ ਦੌਰਾਨ ਠੇਕੇਦਾਰ ਨੂੰ ਕਾਮਿਆਂ ਦੀ ਵਿਹਲੇ ਸਮੇਂ ਦੀ ਮਜ਼ਦੂਰੀ ਅਤੇ ਮਸ਼ੀਨਰੀ ਦੇ ਵਿਹਲੇ ਸਮੇਂ ਦੇ ਖਰਚਿਆਂ ਲਈ ਮੁਆਵਜ਼ੇ ਦੀ ਅਦਾਇਗੀ ਦੇ ਕਾਰਨ ਸਰਕਾਰੀ ਖਜ਼ਾਨੇ 'ਤੇ ₹ 32.87 ਕਰੋੜ ਦਾ ਬੋਝ ਪਾਇਆ। ਨਿਰਧਾਰਤ ਮਿਤੀਆਂ ਤੋਂ ਬਾਅਦ ਠੇਕੇਦਾਰ ਦੇ ਬਿਲਾਂ ਦੀ ਅਦਾਇਗੀ ਵਿੱਚ ਦੇਰੀ ਅਤੇ ਗੈਰ-ਤਰਕਸੰਗਤ ਲਿਕਵੀਡਿਟਡ ਡੈਮੇਜਜ਼ ਲਾਉਣਾ ਅਤੇ ਵਸੂਲ ਕਰਨਾ ਅਤੇ ਇਸ ਤੋਂ ਬਾਅਦ ਇਸਦੀ ਦੇਰੀ ਨਾਲ ਵਾਪਸੀ ਕਰਨਾ ₹ 4.08 ਕਰੋੜ ਦੇ ਵਿਆਜ ਦੀ ਬਚਣਯੋਗ ਅਦਾਇਗੀ ਦਾ ਕਾਰਨ ਬਣਿਆ ਜਿਸ ਵਿੱਚ ਇਕਰਾਰਨਾਮੇ ਦੇ ਉਪਬੰਧ ਦੇ ਵਿਰੁੱਧ ਕੀਤੇ ਗਏ ₹ 7.51 ਲੱਖ ਦੇ ਵੱਧ ਵਿਆਜ ਦਾ ਭੁਗਤਾਨ ਸ਼ਾਮਲ ਸੀ।

*(ਪੈਰ੍ਹਾ 7.8, ਪੰਨਾ 151)*

ਸਹਾਇਕ ਕਮਿਸ਼ਨਰ ਰਾਜ ਕਰ, ਫਤਿਹਗੜ੍ਹ ਸਾਹਿਬ ਅਤੇ ਲੁਧਿਆਣਾ-I ਵਿੱਚ ਕਰ-ਨਿਰਧਾਰਣ ਅਥਾਰਟੀਆਂ ਨੇ ਦੋ 'ਸੀ' ਫਾਰਮਾਂ ਅਤੇ ਦੋ 'ਈ-2' ਫਾਰਮਾਂ ਦੇ ਅਧਾਰ 'ਤੇ, ਜੋ ਕਿ ਸਬੰਧਤ ਰਾਜ ਦੀ ਨਿਰਧਾਰਤ ਅਥਾਰਟੀ ਤੋਂ ਪ੍ਰਾਪਤ ਨਹੀਂ ਕੀਤੇ ਗਏ ਸਨ, ₹ 0.24 ਕਰੋੜ ਦੇ ਕੇਂਦਰੀ ਵਿਕਰੀ ਕਰ ਦੀ ਅਨਿਯਮਿਤ ਛੋਟ/ਰਿਆਇਤ ਦੀ ਆਗਿਆ ਦਿੱਤੀ।

***(ਪੈਰ੍ਹਾ 7.9, ਪੰਨਾ 155)***

ਰਾਜ ਕਰ ਦੇ ਤਿੰਨ ਸਹਾਇਕ ਕਮਿਸ਼ਨਰਾਂ ਅਧੀਨ 11 ਡੀਲਰਾਂ ਦੇ 11 ਮਾਮਲਿਆਂ ਵਿੱਚ ਕਰ-ਨਿਰਧਾਰਣ ਅਥਾਰਟੀਆਂ ਨੇ ਵਿਆਜ ਨਹੀਂ ਲਗਾਇਆ, ਜਦੋਂਕਿ 0.5 *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ 'ਤੇ ₹ 0.49 ਕਰੋੜ ਦਾ ਵਿਆਜ ਲੱਗਣਯੋਗ ਸੀ।

***(ਪੈਰ੍ਹਾ 7.10, ਪੰਨਾ 158)***

ਇੱਕ ਕਰ-ਨਿਰਧਾਰਣ ਮਾਮਲੇ ਵਿੱਚ, ਸਹਾਇਕ ਕਮਿਸ਼ਨਰ ਰਾਜ ਕਰ, ਲੁਧਿਆਣਾ-I ਦੇ ਅਧੀਨ ਨਿਰਧਾਰਣ ਅਥਾਰਟੀ ਨੇ ਝੋਨੇ 'ਤੇ ਜੋ ਕਿ ਘੱਟਣ/ਗਬਨ ਹੋਣ ਕਾਰਨ ਲਾਪਤਾ ਹੋ ਗਿਆ ਸੀ, ਲਏ ਗਏ ₹ 0.67 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਨੂੰ ਰਿਵਰਸ ਨਹੀਂ ਕੀਤਾ।

***(ਪੈਰ੍ਹਾ 7.11, ਪੰਨਾ 159)***

ਇੱਕ ਕੇਸ ਵਿੱਚ ਸਹਾਇਕ ਕਮਿਸ਼ਨਰ ਰਾਜ ਕਰ ਐਸ ਏ ਐਸ ਨਗਰ (ਮੋਹਾਲੀ) ਦੇ ਅਧੀਨ ਕਰ ਨਿਰਧਾਰਣ ਅਥਾਰਟੀ ਨੇ ਅੰਤਰਰਾਜੀ ਵਿਕਰੀ 'ਤੇ ਦੋ *ਪ੍ਰਤੀਸ਼ਤ* ਕਰ ਦੀ ਰਿਆਇਤੀ ਦਰ ਦੇ ਵਾਧੂ ਲਾਭ ਦੀ ਆਗਿਆ ਦਿੱਤੀ ਜਿਸ ਦੇ ਨਤੀਜੇ ਵੱਜੋਂ ₹ 0.34 ਕਰੋੜ ਦਾ ਘੱਟ ਕਰ ਲੱਗਿਆ।

***(ਪੈਰ੍ਹਾ 7.12, ਪੰਨਾ 161)***

ਸਹਾਇਕ ਕਮਿਸ਼ਨਰ ਰਾਜ ਕਰ ਪਟਿਆਲਾ ਅਤੇ ਲੁਧਿਆਣਾ-II ਦੇ ਅਧੀਨ ਦੋ ਕਰ ਨਿਰਧਾਰਣ ਮਾਮਲਿਆਂ ਵਿੱਚ, ਕਰ ਨਿਰਧਾਰਣ ਅਥਾਰਟੀਆਂ ਨੇ ਕਰ-ਮੁਕਤ ਵਿਕਰੀ ਦੇ ਕਾਰਨ ₹ 0.17 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਰਿਵਰਸ ਕੀਤਾ ਜਦੋਂਕਿ ₹ 0.44 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਰਿਵਰਸ ਕਰਨਾ ਬਣਦਾ ਸੀ। ਇਨਪੁਟ ਟੈਕਸ ਕ੍ਰੈਡਿਟ ਦੇ ਘੱਟ ਰਿਵਰਸ ਕਰਨ ਦੇ ਨਤੀਜੇ ਵਜੋਂ ₹ 0.27 ਕਰੋੜ ਦਾ ਘੱਟ ਕਰ ਲੱਗਿਆ।

***(ਪੈਰ੍ਹਾ 7.13, ਪੰਨਾ 162)***

ਪੰਜਾਬ ਬੱਸ ਮੈਨੇਜਮੈਂਟ ਸੁਸਾਇਟੀ ਨੇ ਪੰਜਾਬ ਰਾਜ ਵਿੱਚ ਬੱਸ ਰੈਪਿਡ ਟਰਾਂਜ਼ਿਟ ਸਿਸਟਮ ਦੇ ਅਧੀਨ ਏਅਰ ਕੰਡੀਸ਼ਨਡ ਸਟੇਜ ਕੈਰਿਜਜ਼ ਵਿੱਚ ਯਾਤਰੀ ਸੇਵਾਵਾਂ ਦੀ ਆਵਾਜਾਈ ਦੀ ਕਰਯੋਗ ਸਪਲਾਈ ਪ੍ਰਦਾਨ ਕੀਤੀ ਅਤੇ ਯਾਤਰੀਆਂ ਤੋਂ ਕਿਰਾਏ ਵਜੋਂ ₹ 7.59 ਕਰੋੜ ਇਕੱਠੇ ਕੀਤੇ। ਪ੍ਰੰਤੂ, ਸੁਸਾਇਟੀ ਨੇ ਜੀ ਐਸ ਟੀ ਅਧੀਨ ਰਜਿਸਟ੍ਰੇਸ਼ਨ ਪ੍ਰਾਪਤ ਨਹੀਂ ਕੀਤੀ ਅਤੇ ਕਰਯੋਗ ਸਪਲਾਈ ਉੱਤੇ ₹ 0.36 ਕਰੋੜ ਦਾ ਜੀ ਐਸ ਟੀ ਅਦਾ ਨਹੀਂ ਕੀਤਾ।

***(ਪੈਰ੍ਹਾ 7.14, ਪੰਨਾ 164)***

ਸਾਲ 2018-19 ਤੋਂ 2020-21 ਦੌਰਾਨ ₹ 125.52 ਕਰੋੜ ਦੇ ਰਾਜ ਆਬਕਾਰੀ ਰੈਵੀਨਿਊ ਦੀ ਸੰਵਿਧਾਨਿਕ ਉਪਬੰਧਾਂ ਦੀ ਉਲੰਘਣਾ ਵਿੱਚ ਵਿੱਤੀ ਸਹਾਇਤਾ ਅਤੇ ਸਹਾਇਤਾ ਅਨੁਦਾਨ ਦੇ ਨਾਂਅ 'ਤੇ ਆਬਕਾਰੀ ਅਤੇ ਕਰਬੰਦੀ ਤਕਨੀਕੀ ਸੇਵਾਵਾਂ ਏਜੰਸੀ ਵੱਲ ਦਿਸ਼ਾ ਬਦਲੀ ਕੀਤੀ ਗਈ ਸੀ।

***(ਪੈਰ੍ਹਾ 7.15, ਪੰਨਾ 166)***

ਸਤਾਰਾਂ ਉਪ-ਰਜਿਸਟਰਾਰਾਂ/ਸੰਯੁਕਤ ਉਪ-ਰਜਿਸਟਰਾਰਾਂ ਦੁਆਰਾ ਜਾਇਦਾਦਾਂ ਦੇ ਗਲਤ ਵਰਗੀਕਰਣ ਅਤੇ ਗਲਤ ਕੁਲੈਕਟਰ ਦਰਾਂ ਲਗਾਉਣ ਕਾਰਨ 51 ਮਾਮਲਿਆਂ ਵਿੱਚ ₹ 2.36 ਕਰੋੜ ਦੀ ਘੱਟ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ ਅਤੇ ਬੁਨਿਆਦੀ ਢਾਂਚਾ ਵਿਕਾਸ ਫੀਸ ਲਗਾਈ ਗਈ ।

***(ਪੈਰ੍ਹਾ 7.16, ਪੰਨਾ 170)***

ਦੋ ਲੀਜ਼ ਡੀਡਜ਼ ਵਿੱਚ, ਉਪ-ਰਜਿਸਟਰਾਰ ਪਟਿਆਲਾ ਅਤੇ ਰੂਪਨਗਰ ਨੇ ਅਸ਼ਟਾਮ ਡਿਊਟੀ ਦੀ ਗਲਤ ਦਰ ਅਤੇ ਗਲਤ ਗੁਣਾਂਕ ਅੰਕ ਦੀ ਵਰਤੋਂ ਦੇ ਕਾਰਨ ₹ 0.12 ਕਰੋੜ ਦੀ ਘੱਟ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫ਼ੀਸ ਲਗਾਈ।

***(ਪੈਰ੍ਹਾ 7.17, ਪੰਨਾ 171)***

ਤਿੰਨ ਖੇਤਰੀ ਟਰਾਂਸਪੋਰਟ ਅਥਾਰਟੀਆਂ ਨੇ ਪੰਜਾਬ ਰੋਡਵੇਜ਼ ਅਤੇ ਪਨਬੱਸ ਦੁਆਰਾ ਸਟੇਜ ਕੈਰਿਜ ਬੱਸਾਂ 'ਤੇ ਅਦਾ ਕੀਤੇ ਮੋਟਰ ਵਾਹਨ ਕਰ 'ਤੇ ₹ 0.97 ਕਰੋੜ ਦੇ ਸਮਾਜਿਕ ਸੁਰੱਖਿਆ ਸਰਚਾਰਜ ਦੀ ਉਗਰਾਹੀ ਨਹੀਂ ਕੀਤੀ।

***(ਪੈਰ੍ਹਾ 7.18, ਪੰਨਾ 172)***

ਰਾਜ ਟਰਾਂਸਪੋਰਟ ਵਿਭਾਗ ਨੇ ਸੱਤ ਟਰਾਂਸਪੋਰਟਰਾਂ ਦੇ 36 ਟੂਰਿਸਟ ਪਰਮਿਟ ਵਾਹਨਾਂ ਨਾਲ ਸਬੰਧਤ ₹ 0.77 ਕਰੋੜ ਦੇ ਮੋਟਰ ਵਾਹਨ ਕਰ ਅਤੇ ਸਰਚਾਰਜ ਦੀ ਉਗਰਾਹੀ ਨਹੀਂ ਕੀਤੀ।

***(ਪੈਰ੍ਹਾ 7.19, ਪੰਨਾ 173)***

## ਅਧਿਆਇ-VIII: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਰਾਜ ਜਨਤਕ ਖੇਤਰ ਦੇ ਅਦਾਰੇ)

ਸੰਚਾਲਨ ਅਤੇ ਰੱਖ-ਰਖਾਅ ਦੇ ਖਰਚਿਆਂ ਦੀ ਵਸੂਲੀ ਦੇ ਸਮਝੌਤੇ ਲਈ ਸਹੀ ਪਾਣ ਵਿੱਚ ਚਾਰ ਸਾਲਾਂ ਤੋਂ ਵੱਧ ਦੇਰੀ ਦੇ ਨਤੀਜੇ ਵਜੋਂ ₹ 1.26 ਕਰੋੜ ਦੇ ਬਚਣਯੋਗ ਵਿਆਜ ਦੀ ਲਾਗਤ ਬਣ ਗਈ।

***(ਪੈਰ੍ਹਾ 8.1, ਪੰਨਾ 175)***

ਨਵੀਨੀਕਰਣ ਤੋਂ ਬਾਅਦ ਤਿੰਨ ਮਾਈਕਰੋ ਹਾਈਡਲ ਪ੍ਰੋਜੈਕਟਾਂ ਨੂੰ ਚਾਲੂ ਕਰਨ ਵਿੱਚ ਦੇਰੀ ਕਾਰਨ ਕੰਪਨੀ ਨੇ 18.93 ਐਮ ਯੂਜ਼ ਦੇ ਉਤਪਾਦਨ ਦਾ ਘਾਟਾ ਝੱਲਿਆ ਜਿਸ ਦੇ ਕਾਰਨ ₹ 5.58 ਕਰੋੜ ਦੇ ਰੈਵੀਨਿਊ ਦਾ ਨਿਰੋਲ ਘਾਟਾ ਅਤੇ ਨਵਿਆਉਣਯੋਗ ਖਰੀਦ ਦੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ₹ 3.41 ਕਰੋੜ ਦਾ ਬਚਣਯੋਗ ਖਰਚਾ ਹੋਇਆ।

***(ਪੈਰ੍ਹਾ 8.2, ਪੰਨਾ 177)***

ਕੰਪਨੀ ਨੇ ਮਾਈਕਰੋ ਅਤੇ ਛੋਟੇ ਐਂਟਰਪਰਾਇਜ਼ਜ਼ ਨੂੰ ਭੁਗਤਾਨਾਂ ਵਿੱਚ ਦੇਰੀ ਕਰਨੀ ਜਾਰੀ ਰੱਖੀ, ਜਿਸ ਦੇ ਨਤੀਜੇ ਵਜੋਂ ਅਪ੍ਰੈਲ 2018 ਅਤੇ ਦਸੰਬਰ 2021 ਵਿਚਕਾਰ ₹ 90.41 ਕਰੋੜ ਦੀ ਦੰਡਕ ਵਿਆਜ ਦੀ ਦੇਣਦਾਰੀ ਇਕੱਠੀ ਹੋ ਗਈ।

*(ਪੈਰ੍ਹਾ 8.3, ਪੰਨਾ 179)*

ਵੱਧ ਤੋਂ ਵੱਧ ਪ੍ਰਤੀਫਲ ਨੂੰ ਯਕੀਨੀ ਬਣਾਏ ਬਗੈਰ ਇੱਕੋ ਦਿਨ ਵੱਖ ਵੱਖ ਬੈਂਕਾਂ ਵਿੱਚ ਵਾਧੂ ਪਏ ਫੰਡਾਂ ਦੇ ਨਿਵੇਸ਼ ਕਰਕੇ ਕਾਰਪੋਰੇਸ਼ਨ ਨੂੰ ₹ 64.11 ਲੱਖ ਦੇ ਵਿਆਜ ਦੀ ਕਮਾਈ ਤੋਂ ਵਾਂਝਾ ਰੱਖਿਆ ਗਿਆ ਸੀ।

*(ਪੈਰ੍ਹਾ 8.4, ਪੰਨਾ 182)*

ਅਲਾਟਮੈਂਟ ਦੀਆਂ ਸ਼ਰਤਾਂ ਅਨੁਸਾਰ ਇੱਕ ਅਲਾਟੀ ਤੋਂ ਐਕਸਟੈਂਸ਼ਨ ਫੀਸ ਦਾ ਆਪਣਾ ਸਮੇਂ ਸਿਰ ਅਤੇ ਸਹੀ ਕਲੇਮ ਕਰਨ ਵਿੱਚ ਕੰਪਨੀ ਦੀ ਅਸਫਲਤਾ ਦੇ ਨਤੀਜੇ ਵਜੋਂ ₹ 6.04 ਕਰੋੜ ਦੀ ਵਸੂਲੀ ਨਹੀਂ ਹੋਈ ਅਤੇ ਇਸ ਨਾਲ ਸਬੰਧਤ ₹ 1.16 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ।

*(ਪੈਰ੍ਹਾ 8.5, ਪੰਨਾ 184 )*

ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਦੇ ਅਧੀਨ ਕਣਕ ਦੀ ਵਿਕੇਂਦਰੀਕ੍ਰਿਤ ਖਰੀਦ ਦੀ ਵੰਡ ਦੌਰਾਨ ਮਾੜੀ ਸੰਭਾਲ ਅਤੇ ਐਫ ਆਈ ਐਫ ਓ ਦੀ ਪਾਲਣਾ ਨਾ ਕਰਨ ਦੇ ਨਤੀਜੇ ਵਜੋਂ ਕਣਕ ਘੱਟ ਗਈ ਅਤੇ ਨੁਕਸਾਨੀ ਗਈ ਅਤੇ ਇਸ ਦੇ ਨਤੀਜੇ ਵਜੋਂ ਕੰਪਨੀ ਨੂੰ ₹ 1.52 ਕਰੋੜ ਦਾ ਨੁਕਸਾਨ ਹੋਇਆ।

*(ਪੈਰ੍ਹਾ 8.6, ਪੰਨਾ 185)*

ਬੱਸ ਅੱਡਿਆਂ 'ਤੇ ਯਾਤਰੀਆਂ ਦੀਆਂ ਸਹੂਲਤਾਂ ਜਿਵੇਂ ਕਿ ਸੁਰੱਖਿਅਤ ਪੀਣਯੋਗ ਪਾਣੀ, ਪਖਾਨੇ ਅਤੇ ਪਿਸ਼ਾਬ ਘਰ, ਸੀ ਸੀ ਟੀ ਵੀ ਨਿਗਰਾਨੀ, ਸੁਰੱਖਿਆ ਉਪਾਅ, ਉਡੀਕ ਘਰਾਂ ਆਦਿ ਦਾ ਪ੍ਰਬੰਧ ਨਾਕਾਫੀ ਸੀ। ਮਾਨੀਟਰਿੰਗ ਦੀ ਪੂਰੀ ਤਰ੍ਹਾਂ ਕਮੀ ਸੀ ਜਿਸ ਦੇ ਨਤੀਜੇ ਵਜੋਂ ਬੱਸ ਅੱਡਿਆਂ 'ਤੇ ਜਨਤਕ ਸਹੂਲਤਾਂ ਦਾ ਰੱਖ-ਰਖਾਅ ਨਹੀਂ ਹੋਇਆ ਅਤੇ ਯਾਤਰੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਦੀ ਸਥਿਤੀ ਮਾੜੀ ਸੀ।

*(ਪੈਰ੍ਹਾ  8.7, ਪੰਨਾ 187)*

# ਅਧਿਆਇ-I

# ਜਨਰਲ

# ਅਧਿਆਇ-I

# ਜਨਰਲ

## 1.1 ਜਾਣ-ਪਛਾਣ

ਇਹ ਰਿਪੋਰਟ ਰਾਜ ਸਰਕਾਰ ਦੇ ਵਿਭਾਗਾਂ ਅਤੇ ਰਾਜ ਜਨਤਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਦੀ ਪਾਲਣ ਲੇਖਾ ਪ੍ਰੀਖਿਆ ਤੋਂ ਉੱਭਰੇ ਮਾਮਲਿਆਂ ਬਾਰੇ ਹੈ। ਇਸ ਰਿਪੋਰਟ ਦਾ ਮੁਢਲਾ ਮੰਤਵ ਲੇਖਾ ਪ੍ਰੀਖਿਆ ਦੇ ਨਤੀਜਿਆਂ ਨੂੰ ਵਿਧਾਨਪਾਲਿਕਾ ਦੇ ਧਿਆਨ ਵਿੱਚ ਲਿਆਉਣਾ ਹੈ। ਲੇਖਾ ਪ੍ਰੀਖਿਆ ਦੀਆਂ ਲੱਭਤਾਂ ਤੋਂ ਉਮੀਦ ਹੈ ਕਿ ਇਹ ਕਾਰਜਪਾਲਿਕਾ ਨੂੰ ਸੋਧਮਈ ਕਾਰਵਾਈ ਕਰਨ ਅਤੇ ਅਜਿਹੀਆਂ ਨੀਤੀਆਂ ਅਤੇ ਨਿਰਦੇਸ਼ ਬਣਾਉਣ ਦੇ ਸਮਰੱਥ ਬਣਾਉਣਗੀਆਂ ਜਿਸ ਨਾਲ ਇਨ੍ਹਾਂ ਸੰਗਠਨਾਂ ਦੇ ਵਿੱਤੀ ਪ੍ਰਬੰਧਨ ਵਿੱਚ ਸੁਧਾਰ ਹੋਵੇਗਾ ਜੋ ਕਿ ਬਿਹਤਰ ਸ਼ਾਸਨ ਵਿੱਚ ਯੋਗਦਾਨ ਪਾਵੇਗੀ।

ਇਸ ਰਿਪੋਰਟ ਨੂੰ ਹੇਠ ਲਿਖੇ ਅੱਠ ਅਧਿਆਇਆਂ ਵਿੱਚ ਸੰਗਠਿਤ ਕੀਤਾ ਗਿਆ ਹੈ :

- **ਅਧਿਆਇ-I** ਵਿੱਚ ਰਾਜ ਸਰਕਾਰ ਦੀ ਸੰਖੇਪ ਰੂਪ-ਰੇਖਾ ਦੇ ਨਾਲ ਨਾਲ 2020-21 ਲਈ ਪ੍ਰਾਪਤੀ ਅਤੇ ਖਰਚਾ, ਲੇਖਾ ਪ੍ਰੀਖਿਆ ਲਈ ਅਧਿਕਾਰ, ਲੇਖਾ ਪ੍ਰੀਖਿਆ ਦਾ ਅਧਿਕਾਰ ਖੇਤਰ, ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ, ਨਿਰੀਖਣ ਰਿਪੋਰਟਾਂ, ਵੱਖ-ਵੱਖ ਟਿੱਪਣੀਆਂ/ ਪੈਰ੍ਹਿਆਂ ਨਾਮਕ ਵੱਖ-ਵੱਖ ਲੇਖਾ ਪ੍ਰੀਖਿਆ ਉਤਪਾਦਾਂ ਵੱਲ ਸਰਕਾਰ ਦਾ ਹੁੰਗਾਰਾ ਅਤੇ ਲੇਖਾ ਪ੍ਰੀਖਿਆ ਰਿਪੋਰਟਾਂ ਤੇ ਪੈਰ੍ਹਵੀ ਲਈ ਕੀਤੀ ਕਾਰਵਾਈ ਸ਼ਾਮਲ ਹੈ।
- **ਅਧਿਆਇ-II** ਵਿੱਚ 'ਵਾਟਰ ਟਰੀਟਮੈਂਟ ਪਲਾਂਟਾਂ ਨੂੰ ਲਗਾਉਣ ਲਈ ਸਕੀਮਾਂ ਦਾ ਮੁਲਾਂਕਣ' ਉੱਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਦੀਆਂ ਟਿੱਪਣੀਆਂ ਸ਼ਾਮਲ ਹਨ।
- **ਅਧਿਆਇ-III** ਵਿੱਚ 'ਵਸਤਾਂ ਅਤੇ ਸੇਵਾਵਾਂ ਕਰ ਅਧੀਨ ਟਰਾਂਜ਼ੀਸ਼ਨਲ ਕ੍ਰੈਡਿਟ' ਉੱਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਦੀਆਂ ਟਿੱਪਣੀਆਂ ਸ਼ਾਮਲ ਹਨ।
- **ਅਧਿਆਇ-IV** ਵਿੱਚ 'ਵਸਤਾਂ ਅਤੇ ਸੇਵਾਵਾ ਕਰ ਅਧੀਨ ਰਿਫੰਡ ਕਲੇਮਾਂ ਦੀ ਕਾਰਵਾਈ' ਉੱਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਦੀਆਂ ਟਿੱਪਣੀਆਂ ਸ਼ਾਮਲ ਹਨ।
- **ਅਧਿਆਇ-V** ਵਿੱਚ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ ਦੁਆਰਾ 'ਟਰਾਂਮਿਸ਼ਨ ਦੇ ਕੰਮਾਂ ਨੂੰ ਅਮਲ ਵਿੱਚ ਲਿਆਉਣ' ਉੱਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਦੀਆਂ ਟਿੱਪਣੀਆਂ ਸ਼ਾਮਲ ਹਨ।
- **ਅਧਿਆਇ-VI** ਵਿੱਚ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੁਆਰਾ 'ਵਿੱਤੀ ਸਹਾਇਤਾ ਦੀ ਅਦਾਇਗੀ ਅਤੇ ਵਸੂਲੀ' ਉੱਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਦੀਆਂ ਟਿੱਪਣੀਆਂ ਸ਼ਾਮਲ ਹਨ।
- **ਅਧਿਆਇ-VII** ਵਿੱਚ ਵਿਭਾਗਾਂ ਦੀ ਪਾਲਣ ਲੇਖਾ ਪ੍ਰੀਖਿਆ ਨਾਲ ਸਬੰਧਤ ਵੱਖ ਵੱਖ ਟਿੱਪਣੀਆਂ ਸ਼ਾਮਲ ਹਨ।

- **ਅਧਿਆਇ-VIII** ਵਿੱਚ ਰਾਜ ਜਨਤਕ ਖੇਤਰ ਦੇ ਅਦਾਰਿਆਂ ਦੀ ਪਾਲਣ ਲੇਖਾ ਪ੍ਰੀਖਿਆ ਸਬੰਧੀ ਵੱਖ-ਵੱਖ ਟਿੱਪਣੀਆਂ ਸ਼ਾਮਲ ਹਨ।

## 1.2 ਪ੍ਰਾਪਤੀਆਂ ਅਤੇ ਖਰਚਾ

**ਸਾਰਣੀ 1.1** ਸਾਲ 2020-21 ਲਈ ਬਜਟ ਅਨੁਮਾਨਾਂ ਦੀ ਤੁਲਨਾ ਵਿੱਚ ਅਸਲ ਵਿੱਤੀ ਨਤੀਜਿਆਂ ਨੂੰ ਦਰਸਾਉਂਦੀ ਹੈ।

**ਸਾਰਣੀ 1.1: ਬਜਟ ਅਨੁਮਾਨਾਂ ਦੀ ਤੁਲਨਾ ਵਿੱਚ ਅਸਲ ਵਿੱਤੀ ਨਤੀਜੇ**

*(₹ ਕਰੋੜ ਵਿੱਚ)*

| ਲੜੀ ਨੰ. | ਭਾਗ | 2020-21 (ਬਜਟ ਅਨੁਮਾਨ) | 2020-21 (ਅਸਲ) |
|---|---|---|---|
| 1 | ਰਾਜ ਦਾ ਕਰ ਰੈਵੀਨਿਊ | 35,824.45 | 30,052.83 |
| 2 | ਰਾਜ ਦਾ ਗੈਰ-ਕਰ ਰੈਵੀਨਿਊ | 8,045.99 | 4,152.13 |
| 3 | ਸੰਘੀ ਕਰਾਂ/ ਡਿਊਟੀਆਂ ਦਾ ਹਿੱਸਾ | 14,021.16 | 10,638.21€ |
| 4 | ਸਹਾਇਤਾ ਅਨੁਦਾਨ ਅਤੇ ਯੋਗਦਾਨ | 30,112.71 | 24,205.01¥ |
| **5** | **ਰੈਵੀਨਿਊ ਪ੍ਰਾਪਤੀਆਂ (1+2+3+4)** | **88,004.31** | **69,048.18** |
| 6 | ਕਰਜ਼ੇ ਅਤੇ ਪੇਸ਼ਗੀਆਂ ਦੀ ਵਸੂਲੀ | 45.40 | 50.37$ |
| 7 | ਹੋਰ ਪ੍ਰਾਪਤੀਆਂ | 0.00 | 0.02 |
| 8 | ਉਧਾਰ ਅਤੇ ਹੋਰ ਦੇਣਦਾਰੀਆਂ* | 18,827.73 | 22,584.16^ |
| **9** | **ਪੂੰਜੀਗਤ ਪ੍ਰਾਪਤੀਆਂ (6+7+8)** | **18,873.13** | **22,634.55** |
| **10** | **ਕੁੱਲ ਪ੍ਰਾਪਤੀਆਂ (5+9)** | **1,06,877.44** | **91,682.73** |
| **11** | **ਰੈਵੀਨਿਊ ਖਰਚਾ, ਜਿਸ ਵਿੱਚੋਂ** | **95,716.04** | **86,344.62** |
| 12 | ਵਿਆਜ ਦੀਆਂ ਅਦਾਇਗੀਆਂ# | 19,075.09 | 18,152.50 |
| **13** | **ਪੂੰਜੀਗਤ ਖਰਚਾ** | **11,161.40** | **5,338.11** |
| 14 | ਪੂੰਜੀਗਤ ਆਊਟਲੇਅ | 10,279.58 | 4,382.32$ |
| 15 | ਕਰਜ਼ੇ ਅਤੇ ਪੇਸ਼ਗੀਆਂ ਦੀ ਵੰਡ | 881.82 | 955.79 |
| **16** | **ਕੁੱਲ ਖਰਚਾ (11+13)** | **1,06,877.44** | **91,682.73** |

***ਸ੍ਰੋਤ: ਵਿੱਤ ਲੇਖੇ ਅਤੇ ਰਾਜ ਦੇ ਬਜਟ ਦਸਤਾਵੇਜ਼***

€ *ਇਸ ਵਿੱਚ ਕੇਂਦਰੀ ਵਸਤਾਂ ਅਤੇ ਸੇਵਾਵਾਂ ਕਰ ਦੇ ਹਿੱਸੇ ਵਜੋਂ ਭਾਰਤ ਸਰਕਾਰ ਤੋਂ ਪ੍ਰਾਪਤ ਹੋਈ ₹ 3,179.01 ਕਰੋੜ ਦੀ ਰਾਸ਼ੀ ਸ਼ਾਮਲ ਹੈ।*

¥ *ਇਸ ਵਿੱਚ ਭਾਰਤ ਸਰਕਾਰ ਤੋਂ 'ਵਸਤਾਂ ਅਤੇ ਸੇਵਾਵਾਂ ਕਰ' ਦੇ ਲਾਗੂ ਹੋਣ ਕਰਕੇ ਮੁਆਵਜ਼ੇ ਵਜੋਂ ਪ੍ਰਾਪਤ ਹੋਈ ₹ 9,694.05 ਕਰੋੜ ਅਤੇ 'ਪੋਸਟ ਡੈਵੋਲਿਊਸ਼ਨ ਰੈਵੀਨਿਊ ਘਾਟਾ ਗ੍ਰਾਂਟ' ਵਜੋਂ ਪ੍ਰਾਪਤ ਹੋਏ ₹ 7,658.90 ਕਰੋੜ ਦੀ ਰਾਸ਼ੀ ਸ਼ਾਮਲ ਹੈ।*

$ *ਚਾਲੂ ਸਾਲ ਦੌਰਾਨ ਕਰਜ਼ੇ 'ਤੇ ਪੇਸ਼ਗੀਆਂ ਅਤੇ ਪੂੰਜੀਗਤ ਆਊਟਲੇਅ ਦੀ ਵਸੂਲੀ ਵਿੱਚ ਚੋਖੀ ਗਿਰਾਵਟ, ਮੁੱਖ ਤੌਰ ਤੇ 2019-20 ਦੌਰਾਨ ਯੂ ਡੀ ਏ ਵਾਈ ਕਰਜ਼ਿਆਂ ਦੇ ਇਕਵਟੀ ਵਿੱਚ ਤਬਦੀਲ ਹੋਣ ਕਾਰਨ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਪੀ ਐਸ ਪੀ ਸੀ ਐਲ) ਤੋਂ ₹ 15,628 ਕਰੋੜ ਦੀ ਵਸੂਲੀ ਹੋਣ ਕਾਰਨ ਸੀ।*

* *ਉਧਾਰ ਅਤੇ ਹੋਰ ਦੇਣਦਾਰੀਆਂ: ਜਨਤਕ ਕਰਜ਼ੇ ਦਾ ਨਿਰੋਲ (ਪ੍ਰਾਪਤੀਆਂ-ਵੰਡਾਂ) + ਕੰਟੀਜੈਂਸੀ ਫੰਡ ਦਾ ਨਿਰੋਲ + ਲੋਕ ਲੇਖੇ ਦਾ ਨਿਰੋਲ (ਪ੍ਰਾਪਤੀਆਂ - ਵੰਡਾਂ) + ਸ਼ੁਰੂਆਤੀ ਅਤੇ ਅੰਤਮ ਬਕਾਏ ਦਾ ਨਿਰੋਲ।*

^ *ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਵਿੱਚ ਭਾਰਤ ਸਰਕਾਰ ਤੋਂ ਬੈਕ ਟੂ ਬੈਕ ਕਰਜ਼ਿਆਂ ਵਜੋਂ ਲਏ ₹ 8,359 ਕਰੋੜ ਸ਼ਾਮਲ ਹਨ।*

# *ਲੜੀ ਨੰ. 11 ਤੇ ਦਰਸਾਏ ਗਏ ਰੈਵੀਨਿਊ ਖਰਚੇ ਵਿੱਚ ਸ਼ਾਮਲ ਹੈ।*

ਸਾਲ 2020-21 ਦੌਰਾਨ ਪੰਜਾਬ ਸਰਕਾਰ ਦੁਆਰਾ ਜੁਟਾਏ ਗਏ ਕਰ ਅਤੇ ਗੈਰ-ਕਰ ਰੈਵੀਨਿਊ, ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀਆਂ ਨਿਰੋਲ ਪ੍ਰਾਪਤੀਆਂ ਦਾ ਰਾਜਾਂ ਨੂੰ ਸੌਂਪਿਆ ਗਿਆ ਹਿੱਸਾ ਅਤੇ ਭਾਰਤ ਸਰਕਾਰ ਤੋਂ ਪ੍ਰਾਪਤ ਸਹਾਇਤਾ ਅਨੁਦਾਨ ਅਤੇ ਇਸ ਤੋਂ ਪਿਛਲੇ ਚਾਰ ਸਾਲਾਂ ਦੌਰਾਨ ਇਹ ਅੰਕੜੇ **ਸਾਰਣੀ** 1.2 ਵਿੱਚ ਦਰਸਾਏ ਗਏ ਹਨ।

**ਸਾਰਣੀ 1.2: ਰੈਵੀਨਿਊ ਪ੍ਰਾਪਤੀਆਂ ਦਾ ਰੁਝਾਨ**

**(₹ ਕਰੋੜ ਵਿੱਚ)**

| ਲੜੀ ਨੰ. | ਵੇਰਵੇ | 2016-17 | 2017-18 | 2018-19 | 2019-20 | 2020-21 |
|---|---|---|---|---|---|---|
| 1. | **ਰਾਜ ਸਰਕਾਰ ਵੱਲੋਂ ਜੁਟਾਇਆ ਗਿਆ ਰੈਵੀਨਿਊ** | | | | | |
| | **ਕਰ ਰੈਵੀਨਿਊ ਜਿਸ ਵਿੱਚੋਂ** | **27,746.66** | **30,423.24** | **31,574.28** | **29,994.79** | **30,052.83** |
| | ਵੈਟ/ਸੀ ਐਸ ਟੀ | 17,586.71 | 11,160.30 | 6,571.92 | 5,222.58 | 5,372.02 |
| | ਰਾਜ ਵਸਤਾਂ ਅਤੇ ਸੇਵਾਵਾਂ ਕਰ (ਐਸ ਜੀ ਐਸ ਟੀ) | -- | 7,901.14 | 13,273.15 | 12,751.20 | 11,818.93 |
| | ਰਾਜ ਆਬਕਾਰੀ | 4,406.00 | 5,135.68 | 5,072.40 | 4,865.01 | 6,164.32 |
| | ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸਾਂ | 2,043.61 | 2,135.13 | 2,297.54 | 2,258.07 | 2,470.33 |
| | ਬਿਜਲੀ ਉੱਤੇ ਕਰ ਅਤੇ ਡਿਊਟੀਆਂ | 1,993.01 | 2,053.07 | 2,329.55 | 2,696.56 | 2,541.84 |
| | ਵਾਹਨਾਂ ਤੇ ਕਰ | 1,548.12 | 1,911.20 | 1,861.39 | 1,994.32 | 1,472.13 |
| | ਹੋਰ[1] | 169.21 | 126.72 | 168.33 | 207.05 | 213.26 |
| | **ਗੈਰ-ਕਰ ਰੈਵੀਨਿਊ ਜਿਸ ਵਿੱਚੋਂ** | **5,863.20** | **4,318.39** | **7,582.29** | **6,654.08** | **4,152.13** |
| | ਫੁਟਕਲ ਆਮ ਸੇਵਾਵਾਂ[2] | 3,028.08 | 1,478.97 | 4,851.51 | 2,743.87 | 2,208.41 |
| | ਵਿਆਜ ਪ੍ਰਾਪਤੀਆਂ | 1,293.80 | 1,404.94 | 1,455.26 | 2,105.51 | 144.38 |
| | ਹੋਰ ਪ੍ਰਸ਼ਾਸਨਿਕ ਸੇਵਾਵਾਂ[3] | 133.46 | 165.85 | 150.63 | 145.23 | 233.92 |
| | ਪੁਲਿਸ | 98.52 | 61.78 | 73.38 | 60.93 | 89.76 |
| | ਮੈਡੀਕਲ ਅਤੇ ਜਨ ਸਿਹਤ | 135.47 | 253.34 | 263.42 | 250.57 | 287.61 |
| | ਸਿੰਜਾਈ[4] | 93.63 | 71.40 | 24.22 | 94.32 | 94.35 |
| | ਗੈਰ-ਲੋਹ ਖਣਨ ਅਤੇ ਧਾਤੂ ਉਦਯੋਗ | 42.08 | 122.40 | 36.13 | 90.88 | 120.56 |
| | ਲੋਕ ਨਿਰਮਾਣ | 67.96 | 83.30 | 28.81 | 21.71 | 14.26 |

1 ਲੇਖਿਆਂ ਦੀਆਂ ਚਾਰ ਮੱਦਾਂ ਭਾਵ ਕਿ ਭੌਂ ਮਾਲੀਆ (₹ 67.63 ਕਰੋੜ, ਜੋ ਕਿ ਪਿਛਲੇ ਸਾਲ ਦੀ ₹ 66.37 ਕਰੋੜ ਦੀ ਪ੍ਰਾਪਤੀ ਨਾਲੋਂ 1.90 *ਪ੍ਰਤੀਸ਼ਤ* ਵੱਧ ਹੈ), ਵਸਤਾਂ ਅਤੇ ਸੇਵਾਵਾਂ ਉੱਤੇ ਹੋਰ ਕਰ ਅਤੇ ਡਿਊਟੀਆਂ (₹ 0.22 ਕਰੋੜ, ਜੋ ਕਿ ਪਿਛਲੇ ਸਾਲ ਦੀ ₹ 2.46 ਕਰੋੜ ਦੀ ਪ੍ਰਾਪਤੀ ਨਾਲੋ 91.06 *ਪ੍ਰਤੀਸ਼ਤ* ਘੱਟ ਹੈ), ਆਮਦਨ ਅਤੇ ਖਰਚੇ ਤੇ ਹੋਰ ਕਰ (₹ 142.70 ਕਰੋੜ, ਜੋ ਕਿ ਪਿਛਲੇ ਸਾਲ ਦੀ ₹ 138.22 ਕਰੋੜ ਦੀ ਪ੍ਰਾਪਤੀ ਨਾਲੋਂ 3.24 *ਪ੍ਰਤੀਸ਼ਤ* ਜ਼ਿਆਦਾ ਹੈ) ਅਤੇ ਵਸਤਾਂ ਅਤੇ ਯਾਤਰੀਆਂ ਤੇ ਕਰ (₹ 2.71 ਕਰੋੜ, ਜਿਸ ਦੇ ਵਿਰੁੱਧ ਪਿਛਲੇ ਸਾਲ ਦੌਰਾਨ ਕੋਈ ਪ੍ਰਾਪਤੀ ਨਹੀਂ ਸੀ), ਦੀਆਂ ਰੈਵੀਨਿਊ ਪ੍ਰਾਪਤੀਆਂ ਕੁੱਲ ਕਰ ਰੈਵੀਨਿਊ ਪ੍ਰਾਪਤੀਆਂ ਦਾ ਇੱਕ *ਪ੍ਰਤੀਸ਼ਤ* ਤੋਂ ਘੱਟ ਹਨ। ਇਸ ਲਈ ਇਨ੍ਹਾਂ ਮੱਦਾ ਦੀਆਂ ਰੈਵੀਨਿਊ ਪ੍ਰਾਪਤੀਆਂ ਨੂੰ 'ਹੋਰ' ਵਿੱਚ ਮਿਲਾ ਦਿੱਤਾ ਗਿਆ ਹੈ

2 ਇਸ ਮੱਦ ਵਿੱਚ 'ਕਲੇਮ ਨਹੀਂ ਕੀਤੇ ਗਏ ਡਿਪਾਜ਼ਿਟਸ' 'ਰਾਜ ਲਾਟਰੀਆਂ', 'ਗਰੰਟੀ ਫੀਸ' ਅਤੇ ਹੋਰ ਪ੍ਰਾਪਤੀਆਂ ਸ਼ਾਮਲ ਹਨ

3 ਇਸ ਮੱਦ ਵਿੱਚ ਹੋਰਨਾਂ ਤੋਂ ਇਲਾਵਾਂ 'ਨਿਆਂ ਪ੍ਰਬੰਧ', 'ਚੋਣ' ਅਤੇ 'ਹੋਰ ਪ੍ਰਾਪਤੀਆਂ' (ਹੋਮ ਗਾਰਡਜ਼, ਵਿਆਹ ਦੀ ਫੀਸ, ਸਰਕਾਰੀ ਲੇਖਾ ਪ੍ਰੀਖਿਆ ਦੀ ਫੀਸ, ਮਹਿਮਾਨ ਘਰਾਂ ਤੋਂ ਪ੍ਰਾਪਤੀਆਂ) ਤੋਂ ਪ੍ਰਾਪਤੀਆਂ ਸ਼ਾਮਲ ਹਨ

4 ਇਸ ਵਿੱਚ ਮੁੱਖ ਸਿੰਜਾਈ, ਦਰਮਿਆਨੀ ਸਿੰਜਾਈ ਅਤੇ ਲਘੂ ਸਿੰਜਾਈ ਸ਼ਾਮਲ ਹਨ

| ਲੜੀ ਨੰ. | ਵੇਰਵੇ | 2016-17 | 2017-18 | 2018-19 | 2019-20 | 2020-21 |
|---|---|---|---|---|---|---|
| | ਵਣ ਅਤੇ ਵਣ ਜੀਵਨ | 20.92 | 48.67 | 15.66 | 19.53 | 30.88 |
| | ਸਹਿਕਾਰਤਾ | 3.37 | 2.82 | 3.31 | 7.09 | 7.47 |
| | ਸਿੱਖਿਆ, ਖੇਡਾਂ, ਕਲਾ ਅਤੇ ਸਭਿਆਚਾਰ | 95.89 | 41.87 | 56.75 | 196.22 | 137.70 |
| | ਹੋਰ[5] | 850.02 | 583.05 | 623.21 | 918.22 | 782.83 |
| | **ਜੋੜ** | **33,609.86** | **34,741.63** | **39,156.57** | **36,648.87** | **34,204.96** |
| 2. | **ਭਾਰਤ ਸਰਕਾਰ ਤੋਂ ਪ੍ਰਾਪਤੀਆਂ** | | | | | |
| | ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀਆਂ ਨਿਰੋਲ ਪ੍ਰਾਪਤੀਆਂ ਦਾ ਹਿੱਸਾ | 9,599.73 | 10,616.94 | 12,005.14 | 10,345.85 | 10,638.21[6] |
| | ਸਹਾਇਤਾ ਅਨੁਦਾਨ | 4,775.83 | 7,651.01 | 11,107.37 | 14,580.03 | 24,205.01[7] |
| | **ਜੋੜ** | **14,375.56** | **18,267.95** | **23,112.51** | **24,925.88** | **34,843.22** |
| 3. | ਰਾਜ ਸਰਕਾਰ ਦੀਆਂ ਕੁੱਲ ਰੈਵੀਨਿਊ ਪ੍ਰਾਪਤੀਆਂ (1 *ਅਤੇ* 2) | **47,985.42** | **53,009.58** | **62,269.08** | **61,574.75** | **69,048.18** |
| **ਕੁੱਲ ਰੈਵੀਨਿਊ ਦੇ ਪ੍ਰਤੀਸ਼ਤ ਵਜੋਂ ਰਾਜ ਦਾ ਆਪਣਾ ਰੈਵੀਨਿਊ** | | **70** | **66** | **63** | **60** | **50** |

***ਸ੍ਰੋਤ: ਵਿੱਤ ਲੇਖੇ***

ਸਾਲ 2020-21 ਦੌਰਾਨ ਰਾਜ ਸਰਕਾਰ ਨੇ ਆਪਣੇ ਸਾਧਨਾ ਤੋਂ ਕੁੱਲ ਰੈਵੀਨਿਊ ਪ੍ਰਾਪਤੀਆਂ ਦਾ 50 *ਪ੍ਰਤੀਸ਼ਤ* (₹ 34,204.96 ਕਰੋੜ) ਜੁਟਾਇਆ। ਪ੍ਰਾਪਤੀਆਂ ਦਾ ਬਾਕੀ 50 *ਪ੍ਰਤੀਸ਼ਤ* (₹ 34,843.22 ਕਰੋੜ) ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀਆਂ ਨਿਰੋਲ ਪ੍ਰਾਪਤੀਆਂ ਅਤੇ ਸਹਾਇਤਾ ਅਨੁਦਾਨਾਂ ਦੀਆਂ ਨਿਰੋਲ ਪ੍ਰਾਪਤੀਆਂ ਦੇ ਹਿੱਸੇ ਵਜੋਂ ਭਾਰਤ ਸਰਕਾਰ ਤੋਂ ਸੀ। ਰਾਜ ਦਾ ਆਪਣੇ ਰੈਵੀਨਿਊ ਦਾ ਹਿੱਸਾ 2016-17 ਵਿੱਚ ਕੁੱਲ ਪ੍ਰਾਪਤੀਆਂ ਦੇ 70.04 *ਪ੍ਰਤੀਸ਼ਤ* ਤੋਂ ਘਟ ਕੇ 2020-21 ਵਿੱਚ 49.54 *ਪ੍ਰਤੀਸ਼ਤ* ਰਹਿ ਗਿਆ। ਜਦੋਂਕਿ ਸਹਾਇਤਾ ਅਨੁਦਾਨ 2016-17 ਵਿੱਚ 9.95 *ਪ੍ਰਤੀਸ਼ਤ* (₹ 4,775.83 ਕਰੋੜ) ਤੋਂ ਵਧ ਕੇ 2020-21 ਵਿੱਚ 35.06 *ਪ੍ਰਤੀਸ਼ਤ* (₹ 24,205.01 ਕਰੋੜ) ਹੋ ਗਏ। ਸਹਾਇਤਾ ਗ੍ਰਾਂਟਾਂ ਵਿੱਚ ਵਾਧੇ ਦਾ ਮੁੱਖ ਕਾਰਨ ਭਾਰਤ ਸਰਕਾਰ ਤੋਂ 'ਵਸਤਾਂ ਅਤੇ ਸੇਵਾਵਾਂ ਕਰ' ਦੇ ਲਾਗੂ ਹੋਣ ਕਾਰਨ ਹੋਏ ਘਾਟੇ ਦੇ ਮੁਆਵਜ਼ੇ ਵਜੋਂ ₹ 9,694.05 ਕਰੋੜ ਦੀ ਪ੍ਰਾਪਤੀ ਅਤੇ 'ਪੋਸਟ ਡੈਵੋਲਿਊਸ਼ਨ ਰੈਵੀਨਿਊ ਘਾਟਾ

5 ਇਸ ਵਿੱਚ ਰੈਵੀਨਿਊ ਦੀਆਂ ਉਹ 30 ਮੱਦਾਂ ਸ਼ਾਮਲ ਸਨ ਜਿਨ੍ਹਾਂ ਨੂੰ ਇਸ ਸਾਰਣੀ ਦੇ ਉਪ-ਸਿਰਲੇਖ 'ਗੈਰ ਕਰ ਰੈਵੀਨਿਊ' ਅਧੀਨ ਜ਼ਿਕਰ ਕੀਤੀਆਂ ਰੈਵੀਨਿਊ ਦੀਆਂ ਮੱਦਾਂ ਵਿੱਚ ਕਵਰ ਨਹੀਂ ਕੀਤਾ ਗਿਆ ਹੈ। 'ਹੋਰ' ਵਿੱਚ ਸ਼ਾਮਲ ਰੈਵੀਨਿਊ ਦੀਆਂ ਮੱਦਾਂ ਅਧੀਨ ਸਾਲ 2020-21 ਲਈ ਪ੍ਰਾਪਤੀਆਂ ਦੇ ਵੇਰਵੇ ਇਸ ਰਿਪੋਰਟ ਦੀ ਅੰਤਿਕਾ 1.1 ਵਿੱਚ ਉਪਲਬਧ ਹਨ

6 ਇਸ ਵਿੱਚ ਭਾਰਤ ਸਰਕਾਰ ਤੋਂ ਕੇਂਦਰੀ ਵਸਤਾਂ ਅਤੇ ਸੇਵਾਵਾਂ ਕਰ ਦੇ ਹਿੱਸੇ ਵਜੋਂ ਪ੍ਰਾਪਤ ₹ 3,179.01 ਕਰੋੜ ਦੀ ਰਾਸ਼ੀ ਸ਼ਾਮਲ ਹੈ

7 ਇਸ ਵਿੱਚ ਭਾਰਤ ਸਰਕਾਰ ਤੋਂ 'ਵਸਤਾਂ ਅਤੇ ਸੇਵਾਵਾਂ ਕਰ' ਦੇ ਲਾਗੂ ਹੋਣ ਕਰਕੇ ਹੋਏ ਘਾਟੇ ਲਈਂ ਮੁਆਵਜ਼ੇ ਵਜੋਂ ਪ੍ਰਾਪਤ ₹ 9,694.05 ਕਰੋੜ ਅਤੇ 'ਪੋਸਟ ਡੈਵੋਲਿਊਸ਼ਨ ਰੈਵੀਨਿਊ ਘਾਟਾ ਅਨੁਦਾਨ' ਵਜੋਂ ਪ੍ਰਾਪਤ ₹ 7,658.90 ਕਰੋੜ ਦੀ ਰਾਸ਼ੀ ਸ਼ਾਮਲ ਹੈ।

ਅਨੁਦਾਨ' ਵਜੋਂ ₹ 7,658.90 ਕਰੋੜ ਦੀ ਪ੍ਰਾਪਤੀ ਸੀ। 'ਪੋਸਟ ਡੈਵੋਲਿਊਸ਼ਨ ਰੈਵੀਨਿਊ ਘਾਟਾ ਅਨੁਦਾਨ' ਰਾਜ ਸਰਕਾਰ ਵਲੋਂ ਪਹਿਲੀ ਵਾਰ 2020-21 ਵਿੱਚ ਪ੍ਰਾਪਤ ਕੀਤਾ ਗਿਆ ਸੀ।

ਰਾਜ ਵਿੱਚ 45 ਵਿਭਾਗ 49 ਖੁਦਮੁਖਤਿਆਰ ਸੰਗਠਨ ਅਤੇ 49[8] ਰਾਜ ਜਨਤਕ ਖੇਤਰ ਦੇ ਅਦਾਰੇ (ਐਸ ਪੀ ਐਸ ਈਜ਼) ਹਨ। 2016-21 ਦੌਰਾਨ ਬਜਟ ਅਨੁਮਾਨ ਅਤੇ ਰਾਜ ਸਰਕਾਰ ਦੁਆਰਾ ਅਸਲ ਵਿੱਚ ਕੀਤੇ ਖਰਚੇ ਦੀ ਸਥਿਤੀ **ਸਾਰਣੀ** 1.3 ਵਿੱਚ ਦਿੱਤੀ ਗਈ ਹੈ।

**ਸਾਰਣੀ 1.3: 2016-2021 ਦੌਰਾਨ ਰਾਜ ਦਾ ਬਜਟ ਅਤੇ ਅਸਲ ਖਰਚਾ**

**(₹ ਕਰੋੜ ਵਿੱਚ)**

| ਖਰਚਾ | 2016-17 | | 2017-18 | | 2018-19 | | 2019-20 | | 2020-21 | |
|---|---|---|---|---|---|---|---|---|---|---|
| | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ |
| **ਰੈਵੀਨਿਊ ਖਰਚਾ** | | | | | | | | | | |
| ਆਮ ਸੇਵਾਵਾਂ | 28,964.59 | 28,487.93 | 34,091.34 | 34,499.50 | 37,493.10 | 36,930.51 | 39,449.00 | 38,614.35 | 43,540.25 | 43,253.01 |
| ਸਮਾਜਿਕ ਸੇਵਾਵਾਂ | 17,872.31 | 15,672.10 | 19,072.44 | 15,469.74 | 20,097.54 | 18,320.37 | 21,878.19 | 19,483.85 | 24,982.03 | 21,674.90 |
| ਆਰਥਿਕ ਸੇਵਾਵਾਂ | 13,859.37 | 10,217.61 | 15,341.16 | 11,194.41 | 21,185.35 | 17,888.17 | 18,754.94 | 14,551.12 | 17,532.96 | 15,445.40 |
| ਸਹਾਇਤਾ ਅਨੁਦਾਨ ਅਤੇ ਯੋਗਦਾਨ | 2,037.53 | 918.41 | 2,676.96 | 1,301.20 | 3,541.98 | 2,264.66 | 6,519.95 | 3,210.32 | 6,717.05 | 5,971.31 |
| **ਜੋੜ** | **62,733.80** | **55,296.05** | **71,181.90** | **62,464.85** | **82,317.97** | **75,403.71** | **86,602.08** | **75,859.64** | **92,772.29** | **86,344.62** |
| **ਪੂੰਜੀਗਤ ਖਰਚਾ** | | | | | | | | | | |
| ਪੂੰਜੀਗਤ ਆਉਟਲੇਅ | 6,117.46 | 4,346.30 | 4,388.76 | 2,352.08 | 4,871.57 | 2,412.24 | 19,641.30 | 17,827.73 | 6,821.68 | 4,382.32 |
| ਵੰਡੇ ਗਏ ਕਰਜ਼ੇ ਅਤੇ ਪੇਸ਼ਗੀਆਂ | 42,870.86 | 41,364.12 | 2,197.12 | 760.05 | 1,602.64 | 1,361.05 | 820.87 | 783.88 | 923.63 | 955.79 |
| **ਜਨਤਕ ਕਰਜ਼ੇ ਦੀ ਵਾਪਸੀ (ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਸਮੇਤ)** | **32,791.86** | **32,443.29** | **35,029.64** | **34,969.58** | **38,623.32** | **37,770.93** | **44,632.68** | **39,573.90** | **39,482.08** | **34,633.53** |
| **ਕੰਟੀਜੈਂਸੀ ਫੰਡ** | **0.00** | **0.00** | **0.00** | **0.00** | **0.00** | **0.00** | **0.00** | **0.00** | **0.00** | **0.00** |
| **ਲੋਕ ਲੇਖੇ ਦੀਆਂ ਵੰਡਾਂ** | **51,520.73** | **50,599.95** | **13,238.24** | **45,525.90** | **18,282.51** | **62,271.76** | **16,014.61** | **64,328.24** | **59,068.32** | **74,470.97** |
| **ਅੰਤਿਮ ਕੈਸ਼ ਬਕਾਇਆ** | **-** | **395.28** | **-** | **488.45** | **-** | **1,324.83** | **-** | **2,125.06** | **-** | **9,247.83** |
| **ਜੋੜ** | **1,33,300.91** | **1,29,148.94** | **54,853.76** | **84,096.06** | **63,380.04** | **1,05,140.81** | **81,109.46** | **1,24,638.81** | **1,06,295.71** | **1,23,690.44** |
| **ਕੁੱਲ ਜੋੜ** | **1,96,034.71** | **1,84,444.99** | **1,26,035.66** | **1,46,560.91** | **1,45,698.01** | **1,80,544.52** | **1,67,711.54** | **2,00,498.45** | **1,99,068.00** | **2,10,035.06** |

***ਸ੍ਰੋਤ: ਪੰਜਾਬ ਸਰਕਾਰ ਦੀ ਸਲਾਨਾ ਵਿੱਤੀ ਵਿਵਰਣੀ ਅਤੇ ਬਜਟ ਦਾ ਵਿਆਖਿਆਤਮਕ ਮੈਮੋਰੰਡਮ***

** ਕੈਸ਼ ਬਕਾਏ ਦੇ ਨਿਵੇਸ਼ ਅਤੇ ਚੈਸਟਾਂ ਵਿੱਚ ਵਿਭਾਗੀ ਕੈਸ਼ ਦੇ ਲੈਣ-ਦੇਣ ਨੂੰ ਛੱਡ ਕੇ*

ਰਾਜ ਦਾ ਰੈਵੀਨਿਊ ਖਰਚਾ 2016-17 ਵਿੱਚ ₹ 55,296 ਕਰੋੜ ਤੋਂ 56 *ਪ੍ਰਤੀਸ਼ਤ* ਨਾਲ ਵਧ ਕੇ 2020-21 ਵਿੱਚ ₹ 86,344 ਕਰੋੜ ਹੋ ਗਿਆ ਅਤੇ ਪੂੰਜੀਗਤ ਆਊਟਲੇਅ 2016-17 ਵਿੱਚ ₹ 4,346 ਕਰੋੜ ਤੋਂ 0.83 *ਪ੍ਰਤੀਸ਼ਤ* ਨਾਲ ਵਧ ਕੇ 2020-21 ਵਿੱਚ ₹ 4,382 ਕਰੋੜ ਹੋ ਗਿਆ। 2016-2021 ਦੌਰਾਨ ਰੈਵੀਨਿਊ ਖਰਚਾ ਕੁੱਲ ਖਰਚੇ ਦਾ 80 ਤੋਂ 95 *ਪ੍ਰਤੀਸ਼ਤ* ਸੀ (ਸਾਲ 2016-17 ਨੂੰ ਛੱਡ ਕੇ ਜਦੋਂ ਇਹ 55 *ਪ੍ਰਤੀਸ਼ਤ*[9] ਸੀ), ਜਦੋਂਕਿ ਪੂੰਜੀਗਤ ਆਊਟਲੇਅ ਤਿੰਨ ਅਤੇ ਪੰਜ *ਪ੍ਰਤੀਸ਼ਤ* ਦੀ ਰੇਂਜ ਵਿੱਚ ਸੀ, ਸਿਵਾਏ ਸਾਲ 2019-20 ਦੇ ਜਦੋਂ ਇਹ

---

[8] ਸੀ ਏ ਜੀ ਦੇ ਲੇਖਾ ਪ੍ਰੀਖਿਆ ਅਧਿਕਾਰ ਅਧੀਨ ਆਉਂਦੀਆਂ ਚਾਰ ਵਿਧਾਨਕ ਕਾਰਪੋਰੇਸ਼ਨਾਂ, 42 ਸਰਕਾਰੀ ਕੰਪਨੀਆਂ (16 ਅਕ੍ਰਿਆਸ਼ੀਲ ਸਰਕਾਰੀ ਕੰਪਨੀਆਂ ਸਮੇਤ) ਅਤੇ ਤਿੰਨ ਸਰਕਾਰ ਦੇ ਕੰਟਰੋਲ ਵਾਲੀਆਂ ਹੋਰ ਕੰਪਨੀਆਂ (ਜੀ ਸੀ ਓ ਸੀ) ਸਮੇਤ।

[9] ਭਾਵੇਂ ਸਾਲ ਦੌਰਾਨ ਰੈਵੀਨਿਊ ਖਰਚਾ 10.43 *ਪ੍ਰਤੀਸ਼ਤ* ਨਾਲ ਵਧਿਆ, ਪ੍ਰੰਤੂ ਕਰਜ਼ੇ ਅਤੇ ਪੇਸ਼ਗੀਆਂ ਦੀ ਵੰਡ ਵਿੱਚ 593.03 *ਪ੍ਰਤੀਸ਼ਤ* ਦੇ ਵਾਧੇ ਕਰਕੇ ਇਹ ਕੁੱਲ ਖਰਚੇ ਦਾ ਛੋਟਾ ਅਨੁਪਾਤ (55 *ਪ੍ਰਤੀਸ਼ਤ*) ਸੀ।

ਯੂ ਡੀ ਏ ਵਾਈ ਕਰਜ਼ਿਆਂ ਦੀ ₹ 15,628 ਕਰੋੜ ਦੀ ਰਾਸ਼ੀ ਦੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ ਵਿੱਚ ਇਕਵਟੀ ਵਿੱਚ ਬਦਲੇ ਜਾਣ ਕਾਰਨ 19 *ਪ੍ਰਤੀਸ਼ਤ* ਸੀ।

2016-17 ਤੋਂ 2020-21 ਦੌਰਾਨ ਰੈਵੀਨਿਊ ਖਰਚਾ 11.70 *ਪ੍ਰਤੀਸ਼ਤ* ਦੀ ਸਲਾਨਾ ਔਸਤ ਵਾਧੇ ਦੀ ਦਰ ਨਾਲ ਵਧਿਆ ਜਦੋਂਕਿ ਰੈਵੀਨਿਊ ਪ੍ਰਾਪਤੀਆਂ 10.91 *ਪ੍ਰਤੀਸ਼ਤ* ਦੀ ਸਲਾਨਾ ਔਸਤ ਦਰ ਨਾਲ ਵਧੀਆਂ।

## 1.3 ਲੇਖਾ ਪ੍ਰੀਖਿਆ ਲਈ ਅਧਿਕਾਰ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੁਆਰਾ ਲੇਖਾ ਪ੍ਰੀਖਿਆ ਦਾ ਅਧਿਕਾਰ ਭਾਰਤ ਦੇ ਸੰਵਿਧਾਨ ਦੇ ਅਨੁਛੇਦ 149 ਅਤੇ 151 ਅਤੇ ਸੀ ਏ ਜੀ ਦੇ (ਫਰਜ਼, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ) ਐਕਟ, 1971 (ਡੀ ਪੀ ਸੀ ਐਕਟ) ਤੋਂ ਪ੍ਰਾਪਤ ਹੈ। ਸੀ ਏ ਜੀ ਰਾਜ ਸਰਕਾਰ ਦੇ ਵਿਭਾਗਾਂ ਦੇ ਖਰਚੇ ਦੀ ਲੇਖਾ ਪ੍ਰੀਖਿਆ ਸੀ ਏ ਜੀ ਦੇ ਡੀ ਪੀ ਸੀ ਐਕਟ ਦੇ ਸੈਕਸ਼ਨ 13[10] ਅਧੀਨ ਕਰਵਾਉਂਦਾ ਹੈ। ਇਸ ਤੋਂ ਇਲਾਵਾ ਸੀ ਏ ਜੀ ਹੋਰ ਖੁਦਮੁਖਤਿਆਰ ਸੰਗਠਨਾਂ, ਜਿਨ੍ਹਾਂ ਨੂੰ ਸਰਕਾਰ ਦੁਆਰਾ ਚੋਖਾ ਵਿੱਤ ਦਿੱਤਾ ਜਾਂਦਾ ਹੈ ਦੀ ਡੀ ਪੀ ਸੀ ਐਕਟ ਦੇ ਸੈਕਸ਼ਨ 14[11] ਅਧੀਨ ਲੇਖਾ ਪ੍ਰੀਖਿਆ ਵੀ ਕਰਦਾ ਹੈ। ਸੀ ਏ ਜੀ ਦੇ ਡੀ ਪੀ ਸੀ ਐਕਟ ਦਾ ਸੈਕਸ਼ਨ 16 ਸੀ ਏ ਜੀ ਨੂੰ ਭਾਰਤ ਸਰਕਾਰ, ਹਰ ਰਾਜ ਅਤੇ ਵਿਧਾਨ ਸਭਾ ਵਾਲੇ ਹਰ ਸੰਘੀ ਖੇਤਰ ਦੀ ਸਰਕਾਰ ਦੀਆਂ ਸਾਰੀਆਂ ਧਨ ਪ੍ਰਾਪਤੀਆਂ (ਰੈਵੀਨਿਊ ਅਤੇ ਪੂੰਜੀਗਤ ਦੋਵੇਂ) ਦੀ ਲੇਖਾ ਪ੍ਰੀਖਿਆ ਕਰਨ ਦਾ ਅਤੇ ਆਪਣੇ ਆਪ ਨੂੰ ਇਹ ਸੁਨਿਸ਼ਚਿਤ ਕਰਨ ਦਾ ਅਧਿਕਾਰ ਦਿੰਦਾ ਹੈ ਕਿ ਰੈਵੀਨਿਊ ਦਾ ਨਿਰਧਾਰਨ, ਉਗਰਾਹੀਂ ਅਤੇ ਉਚਿਤ ਵੰਡ ਦੀ ਅਸਰਦਾਰ ਜਾਂਚ ਕੀਤੇ ਜਾਣ ਲਈ ਨਿਯਮ ਅਤੇ ਪ੍ਰਕਿਰਿਆਵਾ ਬਣਾਈਆਂ ਗਈਆਂ ਹਨ ਅਤੇ ਇਨ੍ਹਾਂ ਦੀ ਬਕਾਇਦਾ ਪਾਲਣਾ ਕੀਤੀ ਜਾਂਦੀ ਹੈ। ਵੱਖ-ਵੱਖ ਤਰ੍ਹਾਂ ਦੀ ਲੇਖਾ ਪ੍ਰੀਖਿਆ ਲਈ ਸਿਧਾਂਤ ਅਤੇ ਵਿਧੀਆਂ ਭਾਰਤੀ ਲੇਖਾ ਪ੍ਰੀਖਿਆ ਅਤੇ ਲੇਖਾ ਵਿਭਾਗ ਦੁਆਰਾ ਜਾਰੀ ਲੇਖਾ ਪ੍ਰੀਖਿਆ ਅਤੇ ਲੇਖਿਆਂ ਉੱਤੇ ਅਧਿਨਿਯਮ (ਸੋਧਾਂ), 2020 ਅਤੇ ਲੇਖਾ ਪ੍ਰੀਖਿਆ ਮਿਆਰਾਂ ਵਿੱਚ ਨਿਰਧਾਰਤ ਕੀਤੀਆਂ ਗਈਆਂ ਹਨ।

## 1.4 ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ

ਸਿਵਲ ਪਾਲਣ ਲੇਖਾ ਪ੍ਰੀਖਿਆ ਵਿੱਚ ਲੇਖਾ ਪ੍ਰੀਖਿਆ ਦੀ ਪ੍ਰਕਿਰਿਆ ਵੱਖ-ਵੱਖ ਵਿਭਾਗਾਂ, ਖੁਦਮੁਖਤਿਆਰ ਸੰਗਠਨਾਂ, ਸਕੀਮਾਂ/ਪ੍ਰੋਜੈਕਟਾਂ ਦੇ ਜੋਖਮ ਦਾ ਜਾਇਜ਼ਾ ਲੈਣ ਨਾਲ ਸ਼ੁਰੂ ਹੁੰਦੀ ਹੈ ਜਿਸ ਵਿੱਚ ਗਤੀਵਿਧੀਆਂ ਦੀ ਮਹੱਤਤਾ/ਪੇਚੀਦਗੀ, ਅੱਗੇ ਸੌਂਪੀਆਂ ਗਈਆਂ ਵਿੱਤੀ ਸ਼ਕਤੀਆਂ ਦਾ ਪੱਧਰ, ਅੰਦਰੂਨੀ ਕੰਟਰੋਲ ਅਤੇ ਸਟੇਕਹੋਲਡਰਾਂ ਦੀਆਂ ਚਿੰਤਾਵਾਂ ਅਤੇ ਪਿਛਲੀਆਂ ਲੇਖਾ ਪ੍ਰੀਖਿਆ ਲੱਭਤਾਂ ਨੂੰ ਵਿਚਾਰਿਆ ਜਾਂਦਾ ਹੈ। ਜਾਇਜ਼ਾ ਲਏ ਗਏ ਇਸ ਜੋਖਮ ਦੇ ਅਧਾਰ ਤੇ ਲੇਖਾ ਪ੍ਰੀਖਿਆ ਦਾ

---

[10] (i) ਰਾਜ ਦੇ ਸੰਚਿਤ ਫੰਡ ਤੋਂ ਸਾਰੇ ਖਰਚੇ; (ii) ਅਚੇਤ ਫੰਡਾਂ ਅਤੇ ਲੋਕ ਲੇਖਿਆਂ ਨਾਲ ਸਬੰਧਤ ਸਾਰੇ ਲੈਣ-ਦੇਣ; ਅਤੇ (iii) ਸਾਰੇ ਵਪਾਰਕ, ਨਿਰਮਾਣ, ਲਾਭ ਅਤੇ ਹਾਨੀ ਲੇਖੇ, ਬੈਲੈਂਸ ਸ਼ੀਟਾਂ ਅਤੇ ਹੋਰ ਸਹਾਇਕ ਲੇਖਿਆਂ, ਦੀ ਲੇਖਾ ਪ੍ਰੀਖਿਆ।

[11] ਕਈ ਗੈਰ-ਵਣਜੀ ਖੁਦਮੁਖਤਿਆਰ ਅਰਧ-ਖੁਦਮੁਖਤਿਆਰ ਸੰਗਠਨ ਜਿਨ੍ਹਾਂ ਨੂੰ ਰੁਜ਼ਗਾਰ ਜਨਰੇਟ ਕਰਨ, ਗਰੀਬੀ ਖਤਮ ਕਰਨ, ਸਾਖਰਤਾ ਦੇ ਫੈਲਾਅ, ਸਭ ਲਈ ਸਿਹਤ ਅਤੇ ਬਿਮਾਰੀਆਂ ਦੀ ਰੋਕਥਾਮ, ਵਾਤਾਵਰਣ, ਆਦਿ ਲਈ ਸਥਾਪਤ ਕੀਤਾ ਗਿਆ ਹੈ ਅਤੇ ਸਰਕਾਰ ਦੁਆਰਾ ਚੋਖਾ ਵਿੱਤ ਦਿੱਤਾ ਗਿਆ ਹੈ, ਦੀ ਸੈਕਸ਼ਨ 14 ਅਧੀਨ ਲੇਖਾ ਪ੍ਰੀਖਿਆ ਕੀਤੀ ਜਾਂਦੀ ਹੈ।

ਅੰਤਰਾਲ ਅਤੇ ਦਾਇਰਾ ਤੈਅ ਕੀਤਾ ਜਾਂਦਾ ਹੈ ਅਤੇ ਇਕ ਸਲਾਨਾ ਲੇਖਾ ਪ੍ਰੀਖਿਆ ਯੋਜਨਾ ਬਣਾਈ ਜਾਂਦੀ ਹੈ।

ਰੈਵੀਨਿਊ ਦੇ ਵੱਲ 2020-21 ਦੌਰਾਨ ਕਰ ਰੈਵੀਨਿਊ ਨਾਲ ਸਬੰਧਤ 395 ਲੇਖਾ ਪ੍ਰੀਖਿਆ ਯੋਗ ਇਕਾਈਆਂ[12] ਸਨ, ਜਿਨ੍ਹਾਂ ਵਿੱਚ ਜੋਖਮ ਵਿਸ਼ਲੇਸ਼ਣ ਦੇ ਅਧਾਰ ਤੇ 131 ਇਕਾਈਆਂ[13] ਦੀ ਯੋਜਨਾਬੰਦੀ ਕੀਤੀ ਗਈ ਸੀ। ਯੋਜਿਤ ਕੀਤੀਆਂ 131 ਇਕਾਈਆਂ ਵਿੱਚੋਂ ਕੋਵਿਡ-19 ਮਹਾਂਮਾਰੀ ਦੀਆਂ ਬੰਦਸ਼ਾਂ ਕਾਰਨ ਵਿਕਰੀ ਕਰ/ਮੁੱਲ ਵਾਧਾ ਕਰ/ਰਾਜ ਆਬਕਾਰੀ, ਮੋਟਰ ਵਾਹਨਾਂ 'ਤੇ ਕਰ ਅਤੇ ਹੋਰ ਵਿਭਾਗੀ ਦਫ਼ਤਰਾਂ ਦੀਆਂ 97 ਇਕਾਈਆਂ[14] ਦੀ ਲੇਖਾ ਪ੍ਰੀਖਿਆ ਹੋ ਸਕੀ ਸੀ ਅਤੇ ਦੂਰ ਦੁਰਾਡੇ ਦੀਆਂ ਇਕਾਈਆਂ ਦੀ ਬਜਾਏ ਨੇੜੇ ਦੀਆਂ ਇਕਾਈਆਂ ਨੂੰ ਲਿਆ ਗਿਆ ਸੀ। ਲੇਖਾ ਪ੍ਰੀਖਿਆ ਕੀਤੀਆਂ ਇਕਾਈਆਂ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ 14,765 ਮਾਮਲਿਆਂ ਵਿੱਚ ਕੁੱਲ ₹ 153.32 ਕਰੋੜ ਦੇ ਘੱਟ ਨਿਰਧਾਰਣ/ਘੱਟ ਕਰ ਲਾਉਣਾ/ਰੈਵੀਨਿਊ ਦੇ ਨੁਕਸਾਨ ਨੂੰ ਦਰਸਾਇਆ। ਵਿਭਾਗ ਨੇ 2020-21 ਦੌਰਾਨ 1,116 ਮਾਮਲਿਆਂ ਵਿੱਚ ₹ 4.78 ਕਰੋੜ ਵਸੂਲ ਕੀਤੇ, ਜਿਸ ਵਿੱਚੋਂ ਚਾਰ ਮਾਮਲਿਆਂ ਵਿੱਚ ₹ 0.04 ਕਰੋੜ 2020-21 ਦੌਰਾਨ ਕੀਤੀ ਗਈ ਲੇਖਾ ਪ੍ਰੀਖਿਆ ਨਾਲ ਸਬੰਧਤ ਹਨ ਅਤੇ ਬਾਕੀ ਦੇ ਮਾਮਲੇ ਇਸ ਤੋਂ ਪਹਿਲਾਂ ਦੇ ਸਾਲਾਂ ਨਾਲ ਸਬੰਧਤ ਹਨ।

ਰਾਜ ਦੇ ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗਾਂ[15] ਵਿੱਚ 985 ਡਰਾਇੰਗ ਅਤੇ ਡਿਸਬਰਸਿੰਗ ਅਫ਼ਸਰਾਂ (ਡੀ ਡੀ ਓ), 25 ਖੁਦਮੁਖਤਿਆਰ ਸੰਗਠਨਾਂ ਅਤੇ 33 ਐਸ ਪੀ ਐਸ ਈਜ਼ ਦੀ ਸਾਲ 2020-21 ਦੌਰਾਨ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੇ (ਫਰਜ਼, ਸ਼ਕਤੀਆਂ, ਸੇਵਾ ਦੀਆਂ ਸ਼ਰਤਾਂ) ਐਕਟ, 1971 ਦੇ ਸੈਕਸ਼ਨ 19(2), 19(3) ਅਤੇ 20(1) ਦੌਰਾਨ ਪਾਲਣ ਲੇਖਾ ਪ੍ਰੀਖਿਆ ਕੀਤੀ ਗਈ ਸੀ। ਲੇਖਾ ਪ੍ਰੀਖਿਆ ਵੱਲੋਂ ਨਿਰੀਖਣ ਰਿਪੋਰਟਾਂ ਰਾਹੀਂ ਧਿਆਨ ਵਿੱਚ ਲਿਆਂਦੇ ਜਾਣ ਉਪਰੰਤ ਵੱਖ-ਵੱਖ ਵਿਭਾਗਾਂ ਨੇ 2020-21 ਦੌਰਾਨ ₹ 6.43 ਲੱਖ ਦੀ ਰਾਸ਼ੀ ਦੀ ਵਸੂਲੀ ਕੀਤੀ ਸੀ।

## 1.5 ਲੇਖਾ ਪ੍ਰੀਖਿਆ ਵੱਲ ਸਰਕਾਰ ਦੇ ਹੁੰਗਾਰੇ ਦੀ ਘਾਟ

ਵਿੱਤੀ ਲੈਣ-ਦੇਣ ਦੀ ਨਮੂਨਾ ਜਾਂਚ ਕਰਨ ਅਤੇ ਨਿਯਮਾਂ ਤੇ ਕਾਰਜ-ਪ੍ਰਣਾਲੀਆਂ ਵਿੱਚ ਨਿਰਧਾਰਤ ਕੀਤੇ ਗਏ ਅਨੁਸਾਰ ਮਹੱਤਵਪੂਰਨ ਲੇਖਿਆਂ ਅਤੇ ਹੋਰ ਰਿਕਾਰਡ ਦੇ ਰੱਖ-ਰਖਾਅ ਦੀ ਜਾਂਚ ਕਰਨ ਲਈ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਪੰਜਾਬ (ਪੀ ਏ ਜੀ) ਸਰਕਾਰੀ ਵਿਭਾਗਾਂ ਦਾ ਸਮੇਂ ਸਮੇਂ ਤੇ ਨਿਰੀਖਣ ਕਰਦਾ ਹੈ। ਇਨ੍ਹਾਂ ਨਿਰੀਖਣਾਂ ਤੋਂ ਬਾਅਦ ਨਿਰੀਖਣ ਦੌਰਾਨ ਪਤਾ ਲਗੀਆਂ ਅਜਿਹੀਆਂ ਅਨਿਯਮਤਾਵਾਂ ਜਿਨ੍ਹਾਂ ਦਾ ਮੌਕੇ ਤੇ ਨਿਪਟਾਨ ਨਹੀਂ ਕੀਤਾ ਜਾਂਦਾ, ਨੂੰ

---

[12] ਐਮ ਐਚ 0029: 88 ਇਕਾਈਆਂ, ਐਮ ਐਚ 0030: 178 ਇਕਾਈਆਂ, ਐਮ ਐਚ 0039: 75 ਇਕਾਈਆਂ, ਐਮ ਐਚ 0040: 39 ਇਕਾਈਆਂ, ਅਤੇ ਐਮ ਐਚ 0041: 15 ਇਕਾਈਆਂ।

[13] ਐਮ ਐਚ 0029: 59 ਇਕਾਈਆਂ, ਐਮ ਐਚ 0030: 27 ਇਕਾਈਆਂ, ਐਮ ਐਚ 0039: 20 ਇਕਾਈਆਂ, ਐਮ ਐਚ 0040: 19 ਇਕਾਈਆਂ, ਅਤੇ ਐਮ ਐਚ 0041: 6 ਇਕਾਈਆਂ।

[14] ਐਮ ਐਚ 0029: 25 ਇਕਾਈਆਂ, ਐਮ ਐਚ 0030: 40 ਇਕਾਈਆਂ, ਐਮ ਐਚ 0039: 18 ਇਕਾਈਆਂ, ਐਮ ਐਚ 0040: 8 ਇਕਾਈਆਂ, ਅਤੇ ਐਮ ਐਚ 0041: 6 ਇਕਾਈਆਂ।

[15] ਰੈਵੀਨਿਊ ਵਿਭਾਗਾਂ ਲਈ ਛੱਡ ਕੇ ।

ਦਰਸਾਉਂਦੀਆਂ ਨਿਰੀਖਣ ਰਿਪੋਰਟਾਂ (ਆਈ ਆਰਜ਼) ਨਿਰੀਖਣ ਕੀਤੇ ਦਫ਼ਤਰਾਂ ਦੇ ਮੁਖੀਆਂ ਨੂੰ, ਉਨ੍ਹਾਂ ਤੋਂ ਵੱਡੇ ਅਧਿਕਾਰੀ ਨੂੰ ਤੁਰੰਤ ਸੋਧਮਈ ਕਾਰਵਾਈ ਕਰਨ ਲਈ ਜਾਰੀ ਕੀਤੀਆਂ ਜਾਂਦੀਆ ਹਨ।

ਆਈ ਆਰਜ਼ ਦੀ ਪ੍ਰਾਪਤੀ ਤੋਂ ਚਾਰ ਹਫ਼ਤਿਆਂ ਦੇ ਅੰਦਰ, ਦਫ਼ਤਰਾਂ ਦੇ ਮੁਖੀਆਂ ਵੱਲੋਂ ਆਈ ਆਰਜ਼ ਵਿੱਚ ਸ਼ਾਮਲ ਟਿੱਪਣੀਆਂ ਦੀ ਪਾਲਣਾ ਕਰਨੀ ਬਣਦੀ ਹੈ। ਗੰਭੀਰ ਵਿੱਤੀ ਬੇਨਿਯਮੀਆਂ ਦੀ ਵਿਭਾਗ ਦੇ ਮੁਖੀਆਂ ਅਤੇ ਸਰਕਾਰ ਨੂੰ ਰਿਪੋਰਟ ਕੀਤੀ ਜਾਂਦੀ ਹੈ।

ਰੈਵੀਨਿਊ ਵਿਭਾਗਾਂ ਵਿੱਚ ਸਾਲ 2020-21 ਲਈ 111 ਨਿਰੀਖਣ ਰਿਪੋਰਟਾਂ[16] ਜਾਰੀ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਲੇਖਾ ਪ੍ਰੀਖਿਆ ਕੋਲ ਕਿਸੇ ਵੀ ਨਿਰੀਖਣ ਰਿਪੋਰਟ ਦਾ ਨਿਰਧਾਰਤ ਚਾਰ ਹਫ਼ਤਿਆਂ ਦੇ ਸਮੇਂ ਦੇ ਅੰਦਰ ਉੱਤਰ ਪ੍ਰਾਪਤ ਨਹੀਂ ਹੋਇਆ ਸੀ। ਇਸ ਤੋਂ ਇਲਾਵਾ ਮਾਰਚ 2021 ਤੱਕ ਜਾਰੀ ਨਿਰੀਖਣ ਰਿਪੋਰਟਾਂ ਨੇ ਦਰਸਾਇਆ ਕਿ ਜੂਨ 2021 ਦੇ ਅਖੀਰ 'ਤੇ 2,367 ਨਿਰੀਖਣ ਰਿਪੋਰਟਾਂ[17] ਨਾਲ ਸਬੰਧਤ ₹ 2,609.25 ਕਰੋੜ[18] ਦੀਆਂ 9,624 ਟਿੱਪਣੀਆਂ[19] ਬਕਾਇਆ ਰਹਿ ਗਈਆਂ ਸਨ।

ਇਸੇ ਤਰ੍ਹਾਂ ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗਾਂ ਵਿੱਚ, ਜੂਨ 2021 ਤੱਕ 64,471 ਟਿੱਪਣੀਆਂ ਵਾਲੀਆਂ 18102 ਨਿਰੀਖਣ ਰਿਪੋਰਟਾਂ ਜਿਨ੍ਹਾਂ ਦਾ ਮੁਦਰਾ ਮੁੱਲ ₹ 49,180 ਕਰੋੜ ਸੀ, (ਮਾਰਚ 2021 ਤੱਕ ਜਾਰੀ) ਬਕਾਇਆ ਸਨ, ਜਿਨ੍ਹਾਂ ਵਿੱਚੋਂ 30,884 ਟਿੱਪਣੀਆਂ ਵਾਲੀਆਂ 11,480 ਆਈ ਆਰਜ਼ ਜਿਨ੍ਹਾਂ ਦਾ ਮੁਦਰਾਂ ਮੁੱਲ ₹ 13,114 ਕਰੋੜ ਸੀ ਅਪ੍ਰੈਲ 2016 ਤੋਂ ਪਹਿਲਾਂ ਦੇ ਸਮੇਂ ਨਾਲ ਸਬੰਧਤ ਸਨ ਅਰਥਾਤ ਪੰਜ ਸਾਲ ਤੋਂ ਵੱਧ ਪੁਰਾਣੀਆਂ ਸਨ। ਬਕਾਇਆ ਨਿਰੀਖਣ ਰਿਪੋਰਟਾਂ/ ਟਿੱਪਣੀਆਂ ਦੀ ਵਰ੍ਹੇ-ਵਾਰ ਸਥਿਤੀ, ਇਨ੍ਹਾਂ ਦੇ ਮੁਦਰਾ ਮੁੱਲ ਸਮੇਤ **ਸਾਰਣੀ 1.4** ਵਿੱਚ ਦਿੱਤੀ ਗਈ ਹੈ।

**ਸਾਰਣੀ 1.4: ਬਕਾਇਆ ਨਿਰੀਖਣ ਰਿਪੋਰਟਾਂ/ਟਿੱਪਣੀਆਂ**

| ਵੇਰਵੇ | ਅਪ੍ਰੈਲ 2016 ਤੋਂ ਪਹਿਲਾਂ | 2016-17 | 2017-18 | 2018-19 | 2019-20 | 2020-21 | ਜੋੜ |
|---|---|---|---|---|---|---|---|
| ਨਿਰੀਖਣ ਰਿਪੋਰਟਾਂ | 11,480 | 1,236 | 1,428 | 1,548 | 1,574 | 836 | **18,102** |
| ਟਿੱਪਣੀਆਂ | 30,884 | 4,826 | 6,268 | 7,566 | 9,295 | 5,632 | **64,471** |
| ਮੁਦਰਾ ਮੁੱਲ (₹ ਕਰੋੜ ਵਿੱਚ) | 13,113.59 | 4,296.31 | 4,811.69 | 7,271.24 | 5,948.56 | 13,738.79 | **49,180.18** |

*ਸ੍ਰੋਤ: ਦਫ਼ਤਰ ਦਾ ਰਿਕਾਰਡ*

16 ਵਣ ਅਤੇ ਵਣ ਜੀਵਨ (4), ਭੌਂ ਮਾਲੀਆ (25), ਮੋਟਰ ਵਾਹਨ ਕਰ (6), ਰਾਜ ਆਬਕਾਰੀ (18), ਅਸ਼ਟਾਮ ਡਿਊਟੀ (50), ਅਤੇ ਵੈਟ (8)।

17 ਮਨੋਰੰਜਨ ਅਤੇ ਲਗਜ਼ਰੀ ਕਰ (95), ਵਣ ਅਤੇ ਵਣ ਜੀਵਨ (103), ਭੌਂ ਮਾਲੀਆਂ (306), ਮੋਟਰ ਵਾਹਨ ਕਰ (194), ਰਾਜ ਆਬਕਾਰੀ (271), ਰਾਜ ਲਾਟਰੀਆਂ (7), ਅਸ਼ਟਾਮ ਡਿਊਟੀ (1064), ਵੈਟ (327)।

18 ਮਨੋਰੰਜਨ ਅਤੇ ਲਗਜ਼ਰੀ ਕਰ (₹ 16.54 ਕਰੋੜ), ਵਣ ਅਤੇ ਵਣ ਜੀਵਨ (₹ 190.26 ਕਰੋੜ), ਭੌਂ ਮਾਲੀਆ (₹ 467.44 ਕਰੋੜ), ਮੋਟਰ ਵਾਹਨ ਕਰ (₹ 254.85 ਕਰੋੜ), ਰਾਜ ਆਬਕਾਰੀ (₹ 371.00 ਕਰੋੜ), ਰਾਜ ਲਾਟਰੀਆਂ (₹ 5.49 ਕਰੋੜ), ਅਸ਼ਟਾਮ ਡਿਊਟੀ (₹ 605.03 ਕਰੋੜ), ਅਤੇ ਵੈਟ (₹ 698.64 ਕਰੋੜ)।

19 ਮਨੋਰੰਜਨ ਅਤੇ ਲਗਜ਼ਰੀ ਕਰ (215), ਵਣ ਅਤੇ ਵਣ ਜੀਵਨ (193), ਭੌਂ ਮਾਲੀਆ (943), ਮੋਟਰ ਵਾਹਨ ਕਰ (1,581), ਰਾਜ ਆਬਕਾਰੀ (372), ਰਾਜ ਲਾਟਰੀਆਂ (27), ਅਸ਼ਟਾਮ ਡਿਊਟੀ (4,674), ਵੈਟ (1,619)।

ਲੇਖਾ ਪ੍ਰੀਖਿਆ ਦਾ ਮੰਤਵ ਇਹ ਜਾਂਚ ਕਰਨਾ ਹੈ ਕਿ ਨਿਰਧਾਰਤ ਨਿਯਮਾਂ, ਕਨੂੰਨਾਂ, ਕਾਰਜ-ਪ੍ਰਣਾਲੀਆਂ, ਦੀ ਪਾਲਣਾ ਹੋ ਰਹੀ ਹੈ ਅਤੇ ਪਾਲਣਾ ਨਾ ਕੀਤੇ ਜਾਣ, ਵਿਵਸਥਾ ਦੀਆਂ ਕਮਜ਼ੋਰੀਆਂ ਅਤੇ ਅਸਫ਼ਲਤਾਵਾਂ ਦੇ ਮਾਮਲਿਆਂ ਨੂੰ ਉਜਾਗਰ ਕਰਨਾ ਹੈ। ਆਈ ਆਰਜ਼ ਅਤੇ ਲੇਖਾ ਪ੍ਰੀਖਿਆ ਟਿੱਪਣੀਆਂ ਦਾ ਵੱਡੀ ਸੰਖਿਆ ਵਿੱਚ ਬਕਾਇਆ, ਲੇਖਾ ਪ੍ਰੀਖਿਆ ਟਿੱਪਣੀਆਂ ਵੱਲ ਨਾਕਾਫ਼ੀ ਹੁੰਗਾਰੇ ਨੂੰ ਦਰਸਾਉਂਦਾ ਹੈ। ਇਨ੍ਹਾਂ ਲੇਖਾ ਪ੍ਰੀਖਿਆ ਟਿੱਪਣੀਆਂ ਤੇ ਕਾਰਵਾਈ ਦੀ ਘਾਟ ਜਵਾਬਦੇਹੀ ਨੂੰ ਕਮਜ਼ੋਰ ਕਰਦੀ ਹੈ ਅਤੇ ਰੈਵੀਨਿਊ ਦੇ ਨੁਕਸਾਨ ਦਾ ਜੋਖਮ ਖੜਾ ਕਰਦੀ ਹੈ। ਲੇਖਾ ਪ੍ਰੀਖਿਆ ਪੈਰ੍ਹਿਆਂ ਦਾ ਵਧ ਰਿਹਾ ਬਕਾਇਆ, ਲੇਖਾ ਪ੍ਰੀਖਿਆ ਦੁਆਰਾ ਲਗਾਤਾਰ ਉਠਾਏ ਗਏ ਮਾਮਲਿਆਂ ਨੂੰ ਹੱਲ ਕਰਨ ਵੱਲ ਧਿਆਨ ਦੇਣ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਵਿਭਾਗੀ ਅਫਸਰ ਆਈ ਆਰਜ਼ ਵਿੱਚ ਸ਼ਾਮਲ ਟਿੱਪਣੀਆਂ ਤੇ ਨਿਰਧਾਰਤ ਸਮਾਂ-ਸੀਮਾ ਵਿੱਚ ਕਾਰਵਾਈ ਕਰਨ ਵਿੱਚ ਅਸਫਲ ਰਹੇ ਜਿਸ ਦੇ ਨਤੀਜੇ ਵਜੋਂ ਜਵਾਬਦੇਹੀ ਨੂੰ ਖੋਰਾ ਲੱਗਿਆ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਲੇਖਾ ਪ੍ਰੀਖਿਆ ਟਿੱਪਣੀਆਂ ਵੱਲ ਸਰਕਾਰ ਨੂੰ ਤੁਰੰਤ ਅਤੇ ਉਚਿਤ ਕਾਰਵਾਈ ਕਰਨੀ ਚਾਹੀਦੀ ਹੈ।

### 1.5.1 ਵਿਭਾਗੀ ਲੇਖਾ ਪ੍ਰੀਖਿਆ ਕਮੇਟੀ ਦੀਆਂ ਬੈਠਕਾਂ

ਨਿਰੀਖਣ ਰਿਪੋਰਟਾਂ ਵਿੱਚ ਸ਼ਾਮਲ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਨਿਪਟਾਰਾ ਕਰਨ ਦੀ ਨਿਗਰਾਨੀ ਕਰਨ ਅਤੇ ਪ੍ਰਗਤੀ ਨੂੰ ਤੇਜ ਕਰਨ ਲਈ ਸਰਕਾਰ ਨੇ ਵਿਭਾਗੀ ਲੇਖਾ ਪ੍ਰੀਖਿਆ ਕਮੇਟੀਆਂ ਦੀ ਸਥਾਪਨਾ ਕੀਤੀ ਹੋਈ ਹੈ।

2020-21 ਦੌਰਾਨ ਜੂਨ 2020 ਤੱਕ ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗਾਂ ਨਾਲ ਸਬੰਧਤ 46,532 ਬਕਾਇਆ ਲੇਖਾ ਪ੍ਰੀਖਿਆ ਟਿੱਪਣੀਆਂ ਵਿੱਚੋਂ 16 ਵਿਭਾਗਾਂ/ਲੇਖਾ ਪ੍ਰੀਖਿਆ ਇਕਾਈਆਂ[20] ਨਾਲ ਹੋਈਆ 28 ਲੇਖਾ ਪ੍ਰੀਖਿਆ ਬੈਠਕਾਂ ਵਿੱਚ ₹ 143.64 ਕਰੋੜ ਦੇ ਮੁਦਰਾ ਮੁੱਲ ਦੀਆਂ 823 ਲੇਖਾ ਪ੍ਰੀਖਿਆ ਟਿੱਪਣੀਆਂ ਦਾ ਨਿਪਟਾਰਾ ਕੀਤਾ ਗਿਆ ਸੀ। ਰੈਵੀਨਿਊ ਵਿਭਾਗਾਂ ਵਿੱਚ 2020-21 ਦੌਰਾਨ ਲੇਖਾ ਪ੍ਰੀਖਿਆ ਕਮੇਟੀ ਦੀ ਕੋਈ ਬੈਠਕ ਨਹੀਂ ਹੋਈ ਸੀ।

ਸਰਕਾਰ ਨਿਯਮਤ ਅੰਤਰਾਲ ਤੇ ਸਾਰੇ ਵਿਭਾਗਾਂ ਨਾਲ ਲੇਖਾ ਪ੍ਰੀਖਿਆ ਕਮੇਟੀ ਦੀਆਂ ਬੈਠਕਾਂ ਕਰਵਾਏ ਜਾਣ ਨੂੰ ਯਕੀਨੀ ਬਣਾ ਸਕਦੀ ਹੈ।

## 1.6 ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਅਤੇ ਵਿਸਥਾਰਤ ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਵਿਭਾਗਾਂ ਦਾ ਹੁੰਗਾਰਾ

ਲੇਖਾ ਪ੍ਰੀਖਿਆ ਅਤੇ ਲੇਖਿਆਂ ਉੱਤੇ ਅਧਿਨਿਯਮ (ਸੋਧਾਂ), 2020 ਨਿਰਧਾਰਤ ਕਰਦੇ ਹਨ ਕਿ ਭਾਰਤ ਦੇ ਲੇਖਾ  ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵਿਤ

---

[20] (i) ਪਾਵਰ; (ii) ਪੇਂਡੂ ਵਿਕਾਸ ;(iii) ਡੇਅਰੀ ਵਿਕਾਸ; (iv) ਬਾਗਬਾਨੀ; (v) ਜਲ ਸਪਲਾਈ ਅਤੇ ਸੈਨੀਟੇਸ਼ਨ; (vi) ਪੰਜਾਬ ਹੋਮ ਗਾਰਡਜ਼; (vii) ਡਾਇਰੈਕਟਰ, ਖੇਡਾਂ; (viii) ਡਾਇਰੈਟਰ, ਯੁਵਕ ਸੇਵਾਵਾਂ; (ix) ਡਾਇਰੈਟਰ, ਰੁਜ਼ਗਾਰ ਜਨਰੇਸ਼ਨ, ਹੁਨਰ ਵਿਕਾਸ ਅਤੇ ਸਿਖਲਾਈ; (x) ਡਾਇਰੈਕਟਰ ਤਕਨੀਕੀ ਸਿੱਖਿਆ (ਪਾਲੀਟੈਕਨਿਕ); (xi) ਡਾਇਰੈਕਟਰ, ਉਦਯੋਗਿਕ ਸਿਖਲਾਈ ਸੰਸਥਾਵਾਂ; (xii) ਜ਼ਿਲਾਂ ਸਿੱਖਿਆ ਅਫ਼ਸਰ, ਮੁਹਾਲੀ; (xiii) ਜ਼ਿਲ੍ਹਾਂ ਸਿੱਖਿਆ ਅਫ਼ਸਰ, ਫਤਿਹਗੜ੍ਹ ਸਾਹਿਬ; (xiv) ਛਪਾਈ ਅਤੇ ਲਿਖਣ ਸਮੱਗਰੀ; (xv) ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ; ਅਤੇ (xvi) ਮੁੱਖ ਚੋਣ ਅਧਿਕਾਰੀ।

ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਦੇ ਉੱਤਰ ਛੇ ਹਫਤੇ ਦੇ ਅੰਦਰ ਅੰਦਰ ਭੇਜਣੇ ਚਾਹੀਦੇ ਹਨ।

ਪਿਛਲੇ ਕੁਝ ਸਾਲਾ ਵਿੱਚ ਚੁਣੇ ਗਏ ਵਿਭਾਗਾਂ ਵਿੱਚ ਲੇਖਾ ਪ੍ਰੀਖਿਆ ਨੇ ਕਈ ਵੱਖ-ਵੱਖ ਪ੍ਰੋਗਰਾਮਾਂ/ਗਤੀਵਿਧੀਆਂ ਨੂੰ ਲਾਗੂ ਕਰਨ ਅਤੇ ਇਸ ਦੇ ਨਾਲ ਅੰਦਰੂਨੀ ਕੰਟਰੋਲਾਂ ਦੀ ਗੁਣਵੱਤਾ ਬਾਰੇ ਕਈ ਮਹੱਤਵਪੂਰਨ ਕਮੀਆਂ, ਜੋ ਕਿ ਪ੍ਰੋਗਰਾਮਾਂ ਦੀ ਸਫਲਤਾ ਅਤੇ ਵਿਭਾਗਾਂ ਦੇ ਕੰਮਕਾਜ ਤੇ ਮਾੜਾ ਪ੍ਰਭਾਵ ਪਾ ਰਹੀਆ ਸਨ, ਦੀ ਰਿਪੋਰਟ ਕੀਤੀ ਸੀ। ਇਸ ਦਾ ਕੇਂਦਰ ਵਿਸ਼ੇਸ਼ ਪ੍ਰੋਗਰਾਮਾਂ/ਸਕੀਮਾਂ ਦੀ ਲੇਖਾ ਪ੍ਰੀਖਿਆ ਕਰਕੇ ਕਾਰਜਕਾਰੀ ਨੂੰ ਸੋਧਮਈ ਕਾਰਵਾਈ ਕਰਨ ਅਤੇ ਨਾਗਰਿਕਾਂ ਦੀ ਸੇਵਾ ਵਿੱਚ ਸੁਧਾਰ ਕਰਨ ਲਈ ਢੁਕਵੀਆਂ ਸਿਫਾਰਸ਼ਾਂ ਕਰਨਾ ਸੀ।

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵਿਤ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਨੂੰ ਪ੍ਰਧਾਨ ਮਹਾਂ ਲੇਖਾਕਾਰ ਲੇਖਾ ਪ੍ਰੀਖਿਆ ਦੁਆਰਾ ਸਬੰਧਤ ਵਿਭਾਗਾਂ ਦੇ ਪ੍ਰਮੁੱਖ ਸਕੱਤਰ/ਸਕੱਤਰਾਂ ਨੂੰ ਲੇਖਾ ਪ੍ਰੀਖਿਆ ਲੱਭਤਾਂ ਵੱਲ ਉਨ੍ਹਾਂ ਦਾ ਧਿਆਨ ਦਿਵਾਉਂਦੇ ਹੋਏ ਅਤੇ ਛੇ ਹਫ਼ਤੇ ਵਿੱਚ ਆਪਣਾ ਉੱਤਰ ਭੇਜਣ ਦੀ ਬੇਨਤੀ ਕਰਦੇ ਹੋਏ, ਭੇਜਿਆ ਜਾਂਦਾ ਹੈ। ਵਿਭਾਗਾਂ/ਸਰਕਾਰ ਤੋਂ ਉੱਤਰਾਂ ਦੀ ਪ੍ਰਾਪਤੀ ਨਾ ਹੋਣ ਦੇ ਤੱਥ ਨੂੰ ਲੇਖਾ ਪ੍ਰੀਖਿਆ ਰਿਪੋਰਟ ਵਿੱਚ ਸ਼ਾਮਲ ਇਨ੍ਹਾਂ ਟਿੱਪਣੀਆਂ ਦੇ ਅਖੀਰ ਤੇ ਹਮੇਸ਼ਾ ਦਰਸਾਇਆ ਜਾਂਦਾ ਹੈ।

## 1.7 ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ

ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ, ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ ਕਰਨ ਲਈ ਕਾਰਵਾਈ ਨਾਕਾਫੀ ਪਾਈ ਗਈ ਹੈ:

### 1.7.1 ਐਕਸ਼ਨ ਟੇਕਨ ਨੋਟਸ ਨਾ ਭੇਜਣਾ

ਲੋਕ ਲੇਖਾ ਕਮੇਟੀ (ਪੀ ਏ ਸੀ)/ਜਨਤਕ ਅਦਾਰਿਆਂ 'ਤੇ ਕਮੇਟੀ (ਕੋਪੂ) ਲਈ ਨਿਯਮਾਂ ਅਤੇ ਪ੍ਰਕਿਰਿਆਵਾਂ ਅਨੁਸਾਰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਪਾਲਣ ਲੇਖਾ ਪ੍ਰੀਖਿਆ ਅਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਦਰਸਾਈਆਂ ਗਈਆਂ ਸਾਰੀਆਂ ਟਿੱਪਣੀਆਂ 'ਤੇ ਪ੍ਰਸ਼ਾਸਨਿਕ ਵਿਭਾਗਾਂ ਵੱਲੋਂ ਆਪਣੇ ਆਪ ਹੀ ਕਾਰਵਾਈ ਆਰੰਭ ਦੇਣੀ ਚਾਹੀਦੀ ਹੈ ਭਾਵੇਂ ਇਨ੍ਹਾਂ 'ਤੇ ਪੀ ਏ ਸੀ/ ਕੋਪੂ ਦੁਆਰਾ ਪੜਤਾਲ ਸ਼ੁਰੂ ਕੀਤੀ ਗਈ ਹੈ ਜਾਂ ਨਹੀਂ। ਉਨ੍ਹਾਂ ਵੱਲੋਂ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਪ੍ਰਸਤਾਵਿਤ ਸੋਧਮਈ ਕਾਰਵਾਈ ਨੂੰ ਦਰਸਾਉਂਦੇ ਵਿਸਥਾਰਤ ਨੋਟ ਵੀ, ਲੇਖਾ ਪ੍ਰੀਖਿਆ ਵੱਲੋਂ ਜਾਂਚ ਕਰਵਾਉਣ ਉਪਰੰਤ, ਲੇਖਾ ਪ੍ਰੀਖਿਆ ਰਿਪੋਰਟ ਦੇ ਰਾਜ ਵਿਧਾਨਪਾਲਿਕਾ ਨੂੰ ਪੇਸ਼ ਕਰਨ ਦੇ ਤਿੰਨ ਮਹੀਨਿਆਂ ਦੇ ਅੰਦਰ ਭੇਜਣੇ ਹੁੰਦੇ ਹਨ।

ਇਨ੍ਹਾਂ ਉਪਬੰਧਾਂ ਦੇ ਬਾਵਜੂਦ ਇਨ੍ਹਾਂ ਰਿਪੋਰਟਾਂ ਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਨਾਲ ਸਬੰਧਤ ਵਿਆਖਿਆਤਮਕ ਨੋਟ ਭੇਜਣ ਵਿੱਚ ਅਸਾਧਰਣ ਦੇਰੀ ਕੀਤੀ ਜਾ ਰਹੀ ਸੀ। ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਪੰਜਾਬ ਸਰਕਾਰ ਦੇ ਰੈਵੀਨਿਊ ਵਿਭਾਗਾਂ ਨਾਲ ਸਬੰਧਤ 31 ਮਾਰਚ 2014 ਤੋਂ 2020 ਲਈ ਰਿਪੋਰਟਾਂ ਵਿੱਚ ਸ਼ਾਮਲ 144 ਟਿੱਪਣੀਆਂ (ਕਾਰਗੁਜ਼ਾਰੀ ਲੇਖਾ ਪ੍ਰੀਖਿਆ ਸਮੇਤ) 20 ਮਾਰਚ 2015 ਅਤੇ 29 ਜੂਨ 2022 ਵਿਚਕਾਰ ਰਾਜ ਦੀ

ਵਿਧਾਨ ਸਭਾ ਦੇ ਸਨਮੁੱਖ ਪੇਸ਼ ਕੀਤੀਆਂ ਗਈਆਂ ਸਨ। ਲੇਖਿਆ ਦੀਆਂ ਅੱਠ ਮੱਦਾਂ [21] ਅਧੀਨ 92 ਪੈਰ੍ਹਿਆਂ ਨਾਲ ਸਬੰਧਤ ਐਕਸ਼ਨ ਟੇਕਨ ਨੋਟਸ (ਏ ਟੀ ਐਨਜ਼) ਪ੍ਰਾਪਤ[22] ਨਹੀਂ ਹੋਏ ਸਨ। ਜਦੋਂਕਿ ਬਾਕੀ ਰਹਿੰਦੇ 52 ਏ ਟੀ ਐਨਜ਼ ਇੱਕ ਅਤੇ 71 ਮਹੀਨਿਆਂ ਦੀ ਰੇਂਜ਼ ਦੀ ਔਸਤ ਦੇਰੀ ਵਿਚਕਾਰ ਪ੍ਰਾਪਤ ਹੋਏ ਸਨ ਜਿਵੇਂ ਕਿ **ਸਾਰਣੀ** 1.5 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 1.5: ਏ ਟੀ ਐਨਜ਼ ਦੀ ਪ੍ਰਾਪਤੀ ਵਿੱਚ ਦੇਰੀ**

| ਲੜੀ ਨੰ. | ਲੇਖਾ ਪ੍ਰੀਖਿਆ ਰਿਪੋਰਟ ਦਾ ਸਾਲ | ਸ਼ਾਮਲ ਕੀਤੇ ਪੈਰ੍ਹਿਆਂ ਦੀ ਸੰਖਿਆ (ਕਾਰਗੁਜ਼ਾਰੀ ਲੇਖਾ ਪ੍ਰੀਖਿਆ ਸਮੇਤ) | ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕਰਨ ਦੀ ਮਿਤੀ | ਏ ਟੀ ਐਨਜ਼ ਪ੍ਰਾਪਤ ਹੋਣ ਦਾ ਸਮਾਂ | ਏ ਟੀ ਐਨ ਪ੍ਰਾਪਤੀ ਵਿੱਚ ਦੇਰੀ | ਪੈਰ੍ਹਿਆਂ ਦੀ ਸੰਖਿਆ ਜਿਨ੍ਹਾਂ ਵਿੱਚ ਏ ਟੀ ਐਨਜ਼ ਪ੍ਰਾਪਤ ਨਹੀਂ ਹੋਏ |
|---|---|---|---|---|---|---|
| 1. | 2013-14 | 22 | 20/03/2015 | 2016 ਤੋਂ 2021 | 13 ਤੋਂ 71 ਮਹੀਨੇ | 11 |
| 2. | 2014-15 | 27 | 14/03/2016 | 2016 ਤੋਂ 2021 | 1 ਤੋਂ 59 ਮਹੀਨੇ | 06 |
| 3. | 2015-16 | 22 | 29/03/2017 | 2018 ਤੋਂ 2021 | 9 ਤੋਂ 47 ਮਹੀਨੇ | 13 |
| 4. | 2016-17 | 23 | 22/03/2018 | 2018 ਤੋਂ 2021 | 3 ਤੋਂ 35 ਮਹੀਨੇ | 12 |
| 5. | 2017-18 | 18 | 27/02/2020 | 2021 | 9 ਤੋਂ 12 ਮਹੀਨੇ | 18 |
| 6. | 2018-19 | 19 | 29/06/2022 | ਪ੍ਰਾਪਤ ਨਹੀਂ ਹੋਏ | | 19 |
| 7. | 2019-20 | 13 | 29/06/2022 | ਪ੍ਰਾਪਤ ਨਹੀਂ ਹੋਏ | | 13 |
| **ਜੋੜ** | | **144** | | | | **92** |

*ਸ੍ਰੋਤ: ਦਫ਼ਤਰ ਦਾ ਰਿਕਾਰਡ*

ਪੀ ਏ ਸੀ ਨੇ 31 ਮਾਰਚ 2021 ਤੱਕ ਸੀ ਏ ਜੀ ਦੀਆਂ ਸਾਲ 2013-14 ਤੋਂ 2016-17 ਤੱਕ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਨਾਲ ਸਬੰਧਤ 38 ਚੁਣੀਆਂ ਗਈਆਂ ਟਿੱਪਣੀਆਂ ਉੱਤੇ ਚਰਚਾ ਕੀਤੀ। ਪੀ ਏ ਸੀ ਨੇ ਸਾਲ 2010-11 ਤੋਂ 2016-17 ਤੱਕ ਸੀ ਏ ਜੀ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਨਾਲ ਸਬੰਧਤ 70 ਸਿਫ਼ਾਰਸ਼ਾਂ[23] ਦਿੱਤੀਆਂ ਸਨ ਅਤੇ ਇਹ ਸਿਫ਼ਾਰਸ਼ਾਂ ਪੀ ਏ ਸੀ ਦੀਆਂ ਛੇ ਰਿਪੋਰਟਾਂ[24] ਵਿੱਚ ਸ਼ਾਮਲ ਕੀਤੀਆਂ ਗਈਆਂ ਸਨ। 31 ਮਾਰਚ 2021 ਤੱਕ 34 ਸਿਫ਼ਾਰਸ਼ਾਂ ਬਾਰੇ ਏ ਟੀ ਐਨਜ਼ ਪ੍ਰਾਪਤ ਹੋਏ ਸਨ। ਜਦੋਂਕਿ 31 ਮਾਰਚ 2021 ਤੱਕ ਤਿੰਨ ਵਿਭਾਗਾਂ ਵੱਲੋਂ ਸਾਲ 2017-18 ਅਤੇ 2019-20 ਲਈ ਪੀ ਏ ਸੀ ਦੀਆਂ ਰਿਪੋਰਟਾਂ ਵਿੱਚ ਸ਼ਾਮਲ 36 ਸਿਫ਼ਾਰਸ਼ਾਂ[25] ਦੇ ਦੇ ਸਬੰਧ ਵਿੱਚ ਕੋਈ ਏ ਟੀ ਐਨ ਪ੍ਰਾਪਤ ਨਹੀਂ ਹੋਇਆ ਸੀ।

---

21 (i) ਵਿਕਰੀ ਕਰ/ਵੈਟ; (ii) ਵਸਤਾਂ ਅਤੇ ਸੇਵਾਵਾਂ ਕਰ; (iii) ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ; (iv) ਰਾਜ ਆਬਕਾਰੀ; (v) ਵਾਹਨਾਂ ਤੇ ਕਰ; (vi) ਭੌਂ ਮਾਲੀਆ; (vii) ਵਣ ਅਤੇ ਵਣ ਜੀਵਨ; ਅਤੇ (viii) ਮਨੋਰੰਜਨ ਅਤੇ ਹੋਰ ਕਰ।

22 2013-14 ਤੋਂ 2017-18 ਲਈ ਲੇਖਾ ਪ੍ਰੀਖਿਆ ਰਿਪੋਰਟਾਂ ਲਈ 60 ਪੈਰ੍ਹਿਆਂ ਦੇ ਸਬੰਧ ਵਿੱਚ ਏ ਟੀ ਐਨਜ਼ ਦੀ ਸਥਿਤੀ 31 ਮਾਰਚ 2021 ਅਨੁਸਾਰ ਹੈ। 2018-19 ਅਤੇ 2019-20 ਦੇ ਸਮੇਂ ਲਈ ਲੇਖਾ ਪ੍ਰੀਖਿਆ ਰਿਪੋਰਟਾਂ ਲਈ 32 ਪੈਰ੍ਹਿਆਂ ਦੇ ਸਬੰਧ ਵਿੱਚ ਏ ਟੀ ਐਨਜ਼ ਦੀ ਸਥਿਤੀ 23 ਅਗਸਤ 2022 ਅਨੁਸਾਰ ਹੈ।

23 ਖੇਤੀਬਾੜੀ ਵਿਭਾਗ (7) + ਬਿਜਲੀ ਵਿਭਾਗ (10) + ਮਾਲੀਆ ਵਿਭਾਗ (15) + ਟਰਾਂਸਪੋਰਟ ਵਿਭਾਗ (38)।

24 2014-15 ਦੀ ਰਿਪੋਰਟ 193, 2015-16 ਦੀ ਰਿਪੋਰਟ 198, 2017-18 ਦੀ ਰਿਪੋਰਟ 202, 2018-19 ਦੀ ਰਿਪੋਰਟ 204, 2019-20 ਦੀ ਰਿਪੋਰਟ 209 ਅਤੇ 2020-21 ਦੀ ਰਿਪੋਰਟ 212 ।

25 ਖੇਤੀਬਾੜੀ ਵਿਭਾਗ (3) + ਮਾਲੀਆ ਵਿਭਾਗ (15) + ਟਰਾਂਸਪੋਰਟ ਵਿਭਾਗ (18) ।

31 ਮਾਰਚ 2022 ਤੱਕ ਸਮਾਜਿਕ ਜਨਰਲ ਅਤੇ ਆਰਥਿਕ ਵਿਭਾਗਾਂ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਟਿੱਪਣੀਆਂ 'ਤੇ ਏ ਟੀ ਐਨਜ਼ ਦੀ ਨਾ ਪ੍ਰਾਪਤੀ ਸਬੰਧੀ ਸਥਿਤੀ **ਸਾਰਣੀ 1.6** ਵਿੱਚ ਦਿੱਤੀ ਗਈ ਹੈ।

**ਸਾਰਣੀ 1.6: ਲੇਖਾ ਪ੍ਰੀਖਿਆ ਰਿਪੋਰਟ ਵਿੱਚ ਸ਼ਾਮਲ ਪੈਰ੍ਹਿਆਂ ਦੇ ਸਬੰਧ ਵਿੱਚ ਏ ਟੀ ਐਨਜ਼ ਪ੍ਰਾਪਤ ਨਾ ਹੋਣ ਦੀ ਸਥਿਤੀ**

| ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ | ਸਾਲ | ਵਿਭਾਗ/ਐਸ ਪੀ ਐਸ ਈ | ਰਾਜ ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕਰਨ ਦੀ ਮਿਤੀ | ਏ ਟੀ ਐਨਜ਼ ਪ੍ਰਾਪਤ ਹੋਣ ਦੀ ਬਣਦੀ ਮਿਤੀ | 31 ਮਾਰਚ 2022 ਨੂੰ ਬਕਾਇਆ ਏ ਟੀ ਐਨਜ਼ |
|---|---|---|---|---|---|
| ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗ | 2013-14 | ਖੇਤੀਬਾੜੀ ਅਤੇ ਕਿਸਾਨ ਭਲਾਈ | 20.03.2015 | 19.06.2015 | 01* |
| | | ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ | | | 01* |
| | | ਭੌਂ ਅਤੇ ਜਲ ਸੰਭਾਲ | | | 01* |
| | | ਵਿੱਤ | | | 01 |
| | 2014-15 | ਵਿੱਤ | 14.09.2016 | 13.12.2016 | 02# |
| | | ਸਥਾਨਕ ਸਰਕਾਰ | | | 01# |
| | | ਲੋਕ ਸ਼ਿਕਾਇਤਾਂ ਅਤੇ ਸ਼ਾਸਨਿਕ ਸੁਧਾਰ | | | 01 |
| | 2015-16 | ਵਿੱਤ | 29.03.2017 | 28.06.2017 | 01 |
| | | ਮਾਲ, ਮੁੜ ਵਸੇਵਾ ਅਤੇ ਆਫ਼ਤ ਪ੍ਰਬੰਧਨ | | | 02 |
| | 2016-17 | ਖੇਤੀਬਾੜੀ ਅਤੇ ਕਿਸਾਨ ਭਲਾਈ | 22.03.2018 | 21.06.2018 | 01 |
| | | ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ | | | 01 |
| | | ਲੋਕ ਸ਼ਿਕਾਇਤ ਅਤੇ ਸ਼ਾਸਨਿਕ ਸੁਧਾਰ | | | 01 |
| | | ਮਾਲ, ਮੁੜ ਵਸੇਵਾ ਅਤੇ ਆਫ਼ਤ ਪ੍ਰਬੰਧਨ | | | 02 |
| | | ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ | | | 01 |
| | | ਐਸ ਸੀਜ਼ ਅਤੇ ਬੀ ਸੀਜ਼ ਦੀ ਭਲਾਈ | | | 01 |
| | 2017-18 | ਖੇਤੀਬਾੜੀ ਅਤੇ ਕਿਸਾਨ ਭਲਾਈ | 27.02.2020 | 26.05.2020 | 01$ |
| | | ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ | | | 01^ |
| | | ਵਿੱਤ | | | 01@ |
| | | ਸਿਹਤ ਅਤੇ ਪਰਿਵਾਰ ਭਲਾਈ | | | 01 |
| | | ਸਕੂਲ ਸਿੱਖਿਆ | | | 01@ |
| | | ਗ੍ਰਹਿ ਮਾਮਲੇ ਅਤੇ ਨਿਆ | | | 03 |
| | | ਲੋਕ ਨਿਰਮਾਣ (ਬੀ ਐਂਡ ਆਰ) | | | 02^@ |
| | | ਟਾਊਨ ਅਤੇ ਕੇਂਦਰੀ ਪਲਾਨਿੰਗ | | | 01 |
| | | ਭੌਂ ਅਤੇ ਜਲ ਸੰਭਾਲ | | | 01$ |
| ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗ (ਰਾਜ ਜਨਤਕ ਖੇਤਰ ਦੇ ਅਦਾਰੇ) | 2012-13 | ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ | 22.07.2014 | 21.10.2014 | 6 |
| | | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | | | 2] |
| | | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਡ | | | 1] |
| | | ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ | | | 1] |
| | 2013-14 | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | 20.03.2015 | 19.06.2015 | 1> |
| | | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਡ | | | 2 |
| | | ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ | | | 2> |

| ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ | ਸਾਲ | ਵਿਭਾਗ/ਐਸ ਪੀ ਐਸ ਈ | ਰਾਜ ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕਰਨ ਦੀ ਮਿਤੀ | ਏ ਟੀ ਐਨਜ਼ ਪ੍ਰਾਪਤ ਹੋਣ ਦੀ ਬਣਦੀ ਮਿਤੀ | 31 ਮਾਰਚ 2022 ਨੂੰ ਬਕਾਇਆ ਏ ਟੀ ਐਨਜ਼ |
|---|---|---|---|---|---|
| | | ਪੰਜਾਬ ਐਗਰੋ ਫੂਡ ਗਰੇਨਜ਼ ਕਾਰਪੋਰੇਸ਼ਨ ਲਿਮਟਡ | | | 1[>] |
| | | ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਲਿਮਟਡ | | | 1 |
| | | ਪੰਜਾਬ ਊਰਜਾ ਵਿਕਾਸ ਏਜੰਸੀ ਪੰਜਾਬ ਸਿੰਜਾਈ ਵਿਭਾਗ ਅਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ | | | 1 |
| | 2014-15 | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | 14.03.2016 | 13.06.2016 | 2[=] |
| | | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਡ | | | 2[=] |
| | | ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ | | | 1 |
| | | ਪੰਜਾਬ ਐਗਰੀ ਨਿਰਯਾਤ ਕਾਰਪੋਰੇਸ਼ਨ ਲਿਮਟਡ | | | 1 |
| | | ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ | | | 2[=] |
| | 2015-16 | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | 29.03.2017 | 28.06.2017 | 2 |
| | | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਡ | | | 1[^] |
| | | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | | | 1 |
| | | ਪੰਜਾਬ ਐਗਰੋ ਉਦਯੋਗ ਕਾਰਪੋਰੇਸ਼ਨ ਲਿਮਟਡ | | | 1 |
| | | ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ | | | 2[^] |
| | | ਪੰਜਾਬ ਐਗਰੋ ਫੂਡ ਗਰੇਨਜ਼ ਕਾਰਪੋਰੇਸ਼ਨ ਲਿਮਟਡ | | | 1[^] |
| | 2016-17 | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | 22.03.2018 | 21.06.2018 | 6[&%] |
| | | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਡ | | | 3[&] |
| | | ਪੰਜਾਬ ਵਿੱਤੀ ਕਾਰਪੋਰੇਸ਼ਨ | | | 1 |
| | | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | | | 2 |
| | | ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ | | | 3[&] |
| | | ਪੰਜਾਬ ਐਗਰੋ ਫੂਡ ਗਰੇਨਜ਼ ਕਾਰਪੋਰੇਸ਼ਨ ਲਿਮਟਡ | | | 5[&%] |
| | | ਪੰਜਾਬ ਐਗਰੋ ਜੂਸਜ਼ ਲਿਮਟਡ | | | 1 |

| ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ | ਸਾਲ | ਵਿਭਾਗ/ਐਸ ਪੀ ਐਸ ਈ | ਰਾਜ ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕਰਨ ਦੀ ਮਿਤੀ | ਏ ਟੀ ਐਨਜ਼ ਪ੍ਰਾਪਤ ਹੋਣ ਦੀ ਬਣਦੀ ਮਿਤੀ | 31 ਮਾਰਚ 2022 ਨੂੰ ਬਕਾਇਆ ਏ ਟੀ ਐਨਜ਼ |
|---|---|---|---|---|---|
| | 2017-18 | ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ | 27.02.2020 | 26.05.2020 | 9 |
| | | ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | | | 2 |
| | | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | | | 3[?] |
| | | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਡ | | | 2[?] |
| | | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | | | 3 |
| | | ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ | | | 1 |
| | | ਪੰਜਾਬ ਐਗਰੋ ਫੂਡ ਗਰੇਨਜ਼ ਕਾਰਪੋਰੇਸ਼ਨ ਲਿਮਟਡ | | | 3[+?] |
| | | ਪੰਜਾਬ ਰਾਜ ਬੱਸ ਸਟੈਂਡ ਮਨੇਜਮੈਂਟ ਕੰਪਨੀ ਲਿਮਟਡ | | | 1 |
| | 2018-19 | ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ | 05.03.2021 | 04.03.2021 | 9 |
| | | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | | | 1 |
| | | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਡ | | | 4[!] |
| | | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | | | 1 |
| | | ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ | | | 1[!] |

*ਸ੍ਰੋਤ: ਦਫ਼ਤਰ ਦਾ ਰਿਕਾਰਡ*

[*] ਲੇਖਾ ਪ੍ਰੀਖਿਆ ਰਿਪੋਰਟ 2013-14 ਦੀ ਇੱਕ ਟਿੱਪਣੀ ਤਿੰਨ ਵਿਭਾਗਾਂ ਨਾਲ ਸਬੰਧਤ ਹੈ।

[#] ਲੇਖਾ ਪ੍ਰੀਖਿਆ ਰਿਪੋਰਟ 2014-15 ਦੀ ਇੱਕ ਟਿੱਪਣੀ ਦੋ ਵਿਭਾਗਾਂ ਨਾਲ ਸਬੰਧਤ ਹੈ।

[$] ਲੇਖਾ ਪ੍ਰੀਖਿਆ ਰਿਪੋਰਟ 2017-18 ਦੀ ਇੱਕ ਟਿੱਪਣੀ ਦੋ ਵਿਭਾਗਾਂ ਨਾਲ ਸਬੰਧਤ ਹੈ।

[^] ਲੇਖਾ ਪ੍ਰੀਖਿਆ ਰਿਪੋਰਟ 2017-18 ਦੀ ਇੱਕ ਟਿੱਪਣੀ ਦੋ ਵਿਭਾਗਾਂ ਨਾਲ ਸਬੰਧਤ ਹੈ।

[@] ਲੇਖਾ ਪ੍ਰੀਖਿਆ ਰਿਪੋਰਟ 2017-18 ਦੀ ਇੱਕ ਟਿੱਪਣੀ ਤਿੰਨ ਵਿਭਾਗਾਂ ਨਾਲ ਸਬੰਧਤ ਹੈ।

[]] ਲੇਖਾ ਪ੍ਰੀਖਿਆ ਰਿਪੋਰਟ 2012-13 ਦੀ ਇੱਕ ਟਿੱਪਣੀ ਤਿੰਨ ਐਸ ਪੀ ਐਸ ਈਜ਼ ਦੇ ਨਾਲ ਸਬੰਧਤ ਹੈ।

[>] ਲੇਖਾ ਪ੍ਰੀਖਿਆ ਰਿਪੋਰਟ 2013-14 ਦੀ ਇੱਕ ਟਿੱਪਣੀ ਤਿੰਨ ਐਸ ਪੀ ਐਸ ਈਜ਼ ਦੇ ਨਾਲ ਸਬੰਧਤ ਹੈ।

[=] ਲੇਖਾ ਪ੍ਰੀਖਿਆ ਰਿਪੋਰਟ 2014-15 ਦੀਆਂ ਦੋ ਟਿੱਪਣੀਆਂ ਤਿੰਨ ਐਸ ਪੀ ਐਸ ਈਜ਼ ਦੇ ਨਾਲ ਸਬੰਧਤ ਹਨ।

[^] ਲੇਖਾ ਪ੍ਰੀਖਿਆ ਰਿਪੋਰਟ 2015-16 ਦੀ ਇੱਕ ਟਿੱਪਣੀ ਤਿੰਨ ਐਸ ਪੀ ਐਸ ਈਜ਼ ਦੇ ਨਾਲ ਸਬੰਧਤ ਹੈ।

[&] ਲੇਖਾ ਪ੍ਰੀਖਿਆ ਰਿਪੋਰਟ 2016-17 ਦੀਆਂ ਤਿੰਨ ਟਿੱਪਣੀਆਂ ਚਾਰ ਐਸ ਪੀ ਐਸ ਈਜ਼ ਨਾਲ ਸਬੰਧਤ ਹਨ।

[%] ਲੇਖਾ ਪ੍ਰੀਖਿਆ ਰਿਪੋਰਟ 2016-17 ਦੀ ਇੱਕ ਟਿੱਪਣੀ ਦੋ ਐਸ ਪੀ ਐਸ ਈਜ਼ ਨਾਲ ਸਬੰਧਤ ਹੈ।

[+] ਲੇਖਾ ਪ੍ਰੀਖਿਆ ਰਿਪੋਰਟ 2017-18 ਦੀ ਇੱਕ ਟਿੱਪਣੀ ਦੋ ਐਸ ਪੀ ਐਸ ਈਜ਼ ਨਾਲ ਸਬੰਧਤ ਹੈ।

[?] ਲੇਖਾ ਪ੍ਰੀਖਿਆ ਰਿਪੋਰਟ 2017-18 ਦੀਆਂ ਦੋ ਟਿੱਪਣੀਆਂ ਚਾਰ ਐਸ ਪੀ ਐਸ ਈਜ਼ ਨਾਲ ਸਬੰਧਤ ਹਨ।

[!] ਲੇਖਾ ਪ੍ਰੀਖਿਆ ਰਿਪੋਰਟ 2018-19 ਦੀ ਇੱਕ ਟਿੱਪਣੀ ਦੋ ਐਸ ਪੀ ਐਸ ਈਜ਼ ਨਾਲ ਸਬੰਧਤ ਹੈ।

## 1.7.2 ਖੁਦਮੁਖਤਿਆਰ ਸੰਗਠਨਾਂ/ਅਥਾਰਟੀਆਂ ਦੇ ਲੇਖੇ/ਵੱਖਰੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਪੇਸ਼ ਕਰਨ ਵਿੱਚ ਦੇਰੀ

ਸ਼ਹਿਰੀ ਵਿਕਾਸ, ਮਕਾਨ ਉਸਾਰੀ, ਕਿਰਤ ਭਲਾਈ, ਖੇਤੀਬਾੜੀ ਅਤੇ ਨਿਆਂ ਦੇ ਖੇਤਰਾਂ ਵਿੱਚ ਸਰਕਾਰ ਦੁਆਰਾ ਕਈ ਖੁਦਮੁਖਤਿਆਰ ਸੰਗਠਨਾਂ ਦੀ ਸਥਾਪਨਾ ਕੀਤੀ ਗਈ ਹੈ। 31 ਮਾਰਚ 2021 ਨੂੰ ਨੌਂ ਵਿੱਚੋ ਛੇ ਖੁਦਮੁਖਤਿਆਰ ਸੰਗਠਨਾਂ ਦੇ 2006-07 ਤੋਂ 2019-20 ਤੱਕ ਦੇ 23 ਲੇਖੇ ਬਕਾਇਆ ਸਨ, ਜਿਵੇਂ ਕਿ **ਸਾਰਣੀ** 1.7 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 1.7: 31 ਮਾਰਚ 2021 ਨੂੰ ਖੁਦਮੁਖਤਿਆਰ ਸੰਗਠਨਾਂ ਦੇ ਲੇਖਿਆਂ ਦੇ ਬਕਾਏ**

| ਲੜੀ ਨੰ. | ਸੰਗਠਨ ਜਾਂ ਅਥਾਰਟੀ ਦਾ ਨਾਂ | ਜਦੋ ਤੋਂ ਲੇਖੇ ਬਕਾਇਆ ਹਨ | ਬਕਾਇਆ ਲੇਖਿਆਂ ਦੀ ਸੰਖਿਆ |
|---|---|---|---|
| 1. | ਪੰਜਾਬ ਕਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ੍ਹ | 2019-20 | 1 |
| 2. | ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ, ਚੰਡੀਗੜ੍ਹ | 2017-18 | 3 |
| 3. | ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ, ਚੰਡੀਗੜ੍ਹ | - | 0 |
| 4. | ਪੰਜਾਬ ਕਿਰਤ ਭਲਾਈ ਬੋਰਡ, ਚੰਡੀਗੜ੍ਹ | 2006-07 | 14 |
| 5. | ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ | 2019-20 | 1 |
| 6. | ਪੰਜਾਬ ਭਵਨ ਅਤੇ ਹੋਰ ਵਿਕਾਸ ਕਾਮੇ ਭਲਾਈ ਬੋਰਡ, ਐਸ ਏ ਐਸ ਨਗਰ | 2018-19 | 2 |
| 7. | ਪੰਜਾਬ ਬੱਸ ਮੈਟਰੋ ਸੁਸਾਇਟੀ, ਅੰਮ੍ਰਿਤਸਰ | 2018-19 | 2 |
| 8. | ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, ਚੰਡੀਗੜ੍ਹ | - | 0 |
| 9. | ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ, ਚੰਡੀਗੜ੍ਹ | - | 0 |
| **ਜੋੜ** | | | **23** |

*ਸ੍ਰੋਤ: ਦਫਤਰ ਦਾ ਰਿਕਾਰਡ*

ਲੇਖੇ ਪੇਸ਼ ਕਰਨ ਵਿੱਚ ਬਕਾਏ ਇੱਕ ਤੋਂ 14 ਸਾਲਾਂ ਦੀ ਰੇਂਜ ਵਿੱਚ ਸਨ, ਜਿਸ ਵਿਚੋਂ ਪੰਜਾਬ ਕਿਰਤ ਭਲਾਈ ਬੋਰਡ ਨੇ 2006-07 ਤੋਂ ਆਪਣੇ ਲੇਖੇ ਪੇਸ਼ ਨਹੀਂ ਕੀਤੇ ਸਨ। ਲੇਖਿਆ ਨੂੰ ਅੰਤਿਮ ਰੂਪ ਦੇਣ ਵਿੱਚ ਦੇਰੀ ਵਿੱਚ ਵਿੱਤੀ ਅਨਿਯਮਤਾਵਾਂ ਦੇ ਪਤਾ ਨਾ ਲਗਣ ਦਾ ਜੋਖਮ ਹੁੰਦਾ ਹੈ, ਅਤੇ ਇਸ ਲਈ ਲੇਖਿਆਂ ਨੂੰ ਛੇਤੀ ਤੋਂ ਛੇਤੀ ਅੰਤਿਮ ਰੂਪ ਦੇਣਾ ਅਤੇ ਲੇਖਾ ਪ੍ਰੀਖਿਆ ਨੂੰ ਪੇਸ਼ ਕਰਨਾ ਜ਼ਰੂਰੀ ਹੈ।

## 1.8 ਐਸ ਪੀ ਐਸ ਈਜ਼ ਵਿੱਚ ਇਕਵਟੀ ਹੋਲਡਿੰਗ ਅਤੇ ਕਰਜ਼ੇ

31 ਮਾਰਚ 2021 ਨੂੰ 33 ਕਾਰਜਸ਼ੀਲ ਐਸ ਪੀ ਐਸ ਈਜ਼ ਵਿੱਚ ਖੇਤਰ-ਵਾਰ ਕੁੱਲ ਇਕਵਟੀ, ਰਾਜ ਸਰਕਾਰ ਵੱਲੋਂ ਇਕਵਟੀ ਯੋਗਦਾਨ ਅਤੇ ਰਾਜ ਸਰਕਾਰ ਦੁਆਰਾ ਦਿੱਤੇ ਗਏ ਕਰਜ਼ਿਆਂ ਸਮੇਤ ਲੰਮੇ ਸਮੇਂ ਦੇ ਕਰਜ਼ੇ **ਸਾਰਣੀ** 1.8 ਵਿੱਚ ਦਿੱਤੇ ਗਏ ਹਨ।

**ਸਾਰਣੀ 1.8: ਐਸ ਪੀ ਐਸ ਈਜ਼ ਵਿੱਚ ਖੇਤਰ-ਵਾਰ ਨਿਵੇਸ਼**

| ਖੇਤਰ ਦਾ ਨਾਂ | ਨਿਵੇਸ਼[26] (₹ ਕਰੋੜ ਵਿੱਚ) | | | | |
|---|---|---|---|---|---|
| | ਕੁੱਲ ਇਕਵਟੀ | ਰਾਜ ਸਰਕਾਰ ਦੀ ਇਕਵਟੀ | ਕੁੱਲ ਲੰਮੇ ਸਮੇਂ ਦੇ ਕਰਜ਼ੇ | ਰਾਜ ਸਰਕਾਰ ਦੇ ਕਰਜ਼ੇ | ਕੁੱਲ ਇਕਵਟੀ ਅਤੇ ਲੰਮੇ ਸਮੇਂ ਦੇ ਕਰਜ਼ੇ |
| ਪਾਵਰ | 22,338.61 | 22,315.61 | 17,654.91 | 14.07 | 39,993.52 |
| ਵਿੱਤ | 249.75 | 175.61 | 705.70 | 9.84 | 955.45 |
| ਉਦਯੋਗ ਅਤੇ ਬੁਨਿਆਦੀ ਢਾਂਚਾ | 81.39 | 69.16 | 1,270.33 | 0.00 | 1,351.72 |
| ਖੇਤੀ ਅਤੇ ਸਹਾਇਕ | 452.86 | 384.00 | 25,799.85 | 25,356.10 | 26,252.71 |
| ਸੇਵਾ | 394.32 | 369.91 | 89.68 | 23.75 | 484.00 |
| **ਜੋੜ** | **23,516.93** | **23,314.29** | **45,520.47** | **25,403.76** | **69,037.40** |

*ਸ੍ਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

ਐਸ ਪੀ ਐਸ ਈਜ਼ ਦੇ ਨਿਵੇਸ਼ ਦਾ ਜ਼ੋਰ ਮੁੱਖ ਤੌਰ ਤੇ ਪਾਵਰ ਖੇਤਰ ਵਿੱਚ ਸੀ। ਇਸ ਖੇਤਰ ਨੇ ₹ 69,037.40 ਕਰੋੜ ਦੇ ਕੁੱਲ ਨਿਵੇਸ਼ ਵਿੱਚੋਂ 57.93 *ਪ੍ਰਤੀਸ਼ਤ* (₹ 39,993.52 ਕਰੋੜ) ਪ੍ਰਾਪਤ ਕੀਤੇ।

## 1.8.1 ਐਸ ਪੀ ਐਸ ਈਜ਼ ਨੂੰ ਪੰਜਾਬ ਸਰਕਾਰ ਦੁਆਰਾ ਬਜਟਰੀ ਸਹਾਇਤਾ

ਪੰਜਾਬ ਸਰਕਾਰ (ਜੀ ਓ ਪੀ) ਸਮੇਂ-ਸਮੇਂ ਤੇ ਸਲਾਨਾ ਬਜਟ ਰਾਹੀਂ ਵੱਖ-ਵੱਖ ਰੂਪਾਂ ਵਿੱਚ ਰਾਜ ਜਨਤਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਦੀ ਵਿੱਤੀ ਸਹਾਇਤਾ ਕਰਦੀ ਹੈ। 31 ਮਾਰਚ 2021 ਨੂੰ ਸਮਾਪਤ ਪਿਛਲੇ ਤਿੰਨ ਸਾਲਾਂ ਦੌਰਾਨ ਐਸ ਪੀ ਐਸ ਈਜ਼ ਦੇ ਸਬੰਧ ਵਿੱਚ ਇਕਵਟੀ, ਕਰਜ਼ੇ, ਅਨੁਦਾਨ/ਸਬਸਿਡੀਆਂ, ਮਾਫ਼ ਕੀਤੇ ਕਰਜ਼ੇ ਅਤੇ ਇਕਵਟੀ ਵਿੱਚ ਬਦਲੇ ਕਰਜ਼ਿਆਂ ਲਈ ਬਜਟ ਵਿੱਚੋਂ ਨਿਕਾਸੀ ਦੇ ਵੇਰਵਿਆਂ ਦਾ ਸਾਰਾਂਸ਼ **ਸਾਰਣੀ 1.9** ਵਿੱਚ ਦਿੱਤਾ ਗਿਆ ਹੈ।

**ਸਾਰਣੀ 1.9: ਐਸ ਪੀ ਐਸ ਈਜ਼ ਨੂੰ ਬਜਟਰੀ ਸਹਾਇਤਾ ਦੇ ਵੇਰਵੇ**

*(₹ ਕਰੋੜ ਵਿੱਚ)*

| ਵੇਰਵੇ[27] | 2018-19 | | 2019-20 | | 2020-21 | |
|---|---|---|---|---|---|---|
| | ਐਸ ਪੀ ਐਸ ਈਜ਼ ਦੀ ਗਿਣਤੀ | ਰਾਸ਼ੀ | ਐਸ ਪੀ ਐਸ ਈਜ਼ ਦੀ ਗਿਣਤੀ | ਰਾਸ਼ੀ | ਐਸ ਪੀ ਐਸ ਈਜ਼ ਦੀ ਗਿਣਤੀ | ਰਾਸ਼ੀ |
| ਇਕਵਟੀ ਪੂੰਜੀ | - | - | 2 | 15,629.35 | 1 | 5.42 |
| ਦਿੱਤੇ ਗਏ ਕਰਜ਼ੇ | - | - | 1 | (15,628.26) | 0 | 0 |
| ਦਿੱਤੇ ਗਏ ਅਨੁਦਾਨ/ਸਬਸਿਡੀਆਂ | 9 | 9,364.50 | 11 | 9,769.82 | 10 | 10,047.87 |
| **ਕੁੱਲ ਨਿਕਾਸੀ** | | **9,364.50** | | **9,770.91** | | **10,053.29** |
| ਕਰਜ਼ਿਆਂ ਦੀ ਵਾਪਸੀ/ਮੁਆਫ਼ੀ | - | - | 1 | 0.84 | - | - |
| ਇਕਵਟੀ ਵਿੱਚ ਬਦਲੇ ਗਏ ਕਰਜ਼ੇ | - | - | 1 | 15,628.26 | - | - |
| ਸਾਲ ਦੌਰਾਨ ਜਾਰੀ ਗਰੰਟੀਆਂ | 3 | 2,983.89 | 3 | 4,164.35 | 4 | 4,773.51 |
| ਗਰੰਟੀ ਵਚਨਬੱਧਤਾ/ਬਕਾਇਆ | 12 | 12,518.16 | 12 | 16,276.20 | 12 | 15,724.37 |

*ਸ੍ਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਦੇ ਆਧਾਰ ਤੇ ਸੰਕਲਿਤ ਕੀਤਾ ਗਿਆ।*

---

26 ਨਿਵੇਸ਼ ਵਿੱਚ ਇਕਵਟੀ ਅਤੇ ਲੰਮੇ ਸਮੇਂ ਦੇ ਕਰਜ਼ੇ ਸ਼ਾਮਲ ਹਨ।

27 ਇਹ ਰਾਸ਼ੀ ਕੇਵਲ ਰਾਜ ਬਜਟ ਤੋਂ ਨਿਕਾਸੀ ਨੂੰ ਦਰਸਾਉਂਦੀ ਹੈ।

ਰਾਜ ਸਰਕਾਰ ਨੇ 2020-21 ਦੌਰਾਨ ਪੰਜਾਬ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵਿੱਚ ਇਕਵਟੀ ਪਾਈ ਸੀ। ਰਾਜ ਸਰਕਾਰ ਨੇ 2021-22 ਦੌਰਾਨ ਕਿਸੇ ਵੀ ਐਸ ਪੀ ਐਸ ਈ ਨੂੰ ਕਰਜ਼ੇ ਨਹੀਂ ਦਿੱਤੇ। ਰਾਜ ਸਰਕਾਰ ਨੇ ਅਨੁਦਾਨਾਂ/ਸਬਸਿਡੀਆਂ ਦਾ ਮੁੱਖ ਹਿੱਸਾ (₹ 9,656.59 ਕਰੋੜ) ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ ਨੂੰ ਦਿੱਤਾ।

## 1.9 ਐਸ ਪੀ ਐਸ ਈਜ਼ ਦੁਆਰਾ ਲੇਖੇ ਪੇਸ਼ ਕਰਨਾ

### 1.9.1 ਸਮੇਂ ਸਿਰ ਪੇਸ਼ ਕਰਨ ਦੀ ਜਰੂਰਤ

ਕੰਪਨੀਜ਼ ਐਕਟ, 2013 ਦੇ ਸੈਕਸ਼ਨ 394 ਅਨੁਸਾਰ ਸਰਕਾਰ ਦੀ ਕਿਸੇ ਕੰਪਨੀ ਦੇ ਕੰਮ-ਕਾਜ ਅਤੇ ਮਾਮਲਿਆਂ ਬਾਰੇ ਸਲਾਨਾ ਰਿਪੋਰਟ, ਇਸ ਦੀ ਸਲਾਨਾ ਆਮ ਬੈਠਕ (ਏ ਜੀ ਐਮ) ਦੇ ਤਿੰਨ ਮਹੀਨਿਆਂ ਦੇ ਅੰਦਰ ਤਿਆਰ ਕੀਤੀ ਜਾਣੀ ਹੈ ਅਤੇ ਤਿਆਰ ਕਰਨ ਤੋਂ ਬਾਅਦ ਜਿੰਨੀ ਛੇਤੀ ਹੋ ਸਕੇ ਲੇਖਾ ਪ੍ਰੀਖਿਆ ਰਿਪੋਰਟ ਦੀ ਕਾਪੀ ਸਮੇਤ ਅਤੇ ਇਸ ਉੱਤੇ ਸੀ ਏ ਜੀ ਦੁਆਰਾ ਕੀਤੀਆਂ ਟਿੱਪਣੀਆਂ ਨੂੰ ਜਾਂ ਲੇਖਾ ਪ੍ਰੀਖਿਆ ਰਿਪੋਰਟ ਦੇ ਪੂਰਕ ਨੂੰ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕਰਨਾ ਹੁੰਦਾ ਹੈ। ਵਿਧਾਨਕ ਕਾਰਪੋਰੇਸ਼ਨਾਂ ਨੂੰ ਨਿਯਮਤ ਕਰਨ ਵਾਲੇ ਸਬੰਧਤ ਐਕਟਾਂ ਵਿੱਚ ਵੀ ਲਗਭਗ ਇਹੋ ਜਿਹੀਆਂ ਵਿਵਸਥਾਵਾਂ ਮੌਜੂਦ ਹਨ। ਇਹ ਤੰਤਰ ਰਾਜ ਦੇ ਸੰਚਿਤ ਫੰਡ ਤੋਂ ਕੰਪਨੀਆਂ ਵਿੱਚ ਨਿਵੇਸ਼ ਕੀਤੇ ਜਨਤਕ ਫੰਡਾਂ ਦੀ ਵਰਤੋਂ 'ਤੇ ਬਣਦੇ ਜ਼ਰੂਰੀ ਵਿਧਾਨ ਪਾਲਿਕਾ ਕੰਟਰੋਲ ਦੀ ਵਿਵਸਥਾ ਕਰਦਾ ਹੈ।

ਕੰਪਨੀਜ਼ ਐਕਟ, 2013 ਦਾ ਸੈਕਸ਼ਨ 129 (7), ਕੰਪਨੀਜ਼ ਐਕਟ,2013 ਦੇ ਸੈਕਸ਼ਨ 129 ਦੀਆਂ ਵਿਵਸਥਾਵਾਂ ਦੀ ਪਾਲਣਾ ਨਾ ਕਰਨ ਲਈ ਜਿੰਮੇਵਾਰ ਕੰਪਨੀ ਦੇ ਡਾਇਰੈਕਟਰਾਂ ਸਮੇਤ ਵਿਅਕਤੀਆਂ ਤੇ ਜੁਰਮਾਨਾ ਅਤੇ ਕੈਦ ਵਰਗੇ ਦੰਡ ਲਾਉਣ ਦੀ ਵਿਵਸਥਾ ਵੀ ਕਰਦਾ ਹੈ। 30 ਨਵੰਬਰ 2021 ਨੂੰ ਵੱਖ-ਵੱਖ ਐਸ ਪੀ ਐਸ ਈਜ਼ ਦੇ ਸਲਾਨਾ ਲੇਖੇ ਬਕਾਇਆ ਪਏ ਸਨ।

### 1.9.2 ਸਰਕਾਰੀ ਕੰਪਨੀਆਂ ਅਤੇ ਸਰਕਾਰ ਦੇ ਕੰਟਰੋਲ ਵਾਲੀਆਂ ਹੋਰ ਕੰਪਨੀਆਂ ਦੁਆਰਾ ਲੇਖੇ ਤਿਆਰ ਕਰਨ ਦੀ ਸਮਾਂਬੱਧਤਾ

31 ਮਾਰਚ 2021 ਨੂੰ ਸੀ ਏ ਜੀ ਦੇ ਲੇਖਾ ਪ੍ਰੀਖਿਆ ਘੇਰੇ ਵਿੱਚ 45 ਕੰਪਨੀਆਂ[28] (42 ਸਰਕਾਰੀ ਕੰਪਨੀਆਂ ਅਤੇ ਤਿੰਨ[29] ਸਰਕਾਰ ਦੇ ਕੰਟਰੋਲ ਵਾਲੀਆਂ ਹੋਰ ਕੰਪਨੀਆਂ) ਸਨ। ਇਨ੍ਹਾਂ ਵਿੱਚੋਂ 11[30] ਕੰਪਨੀਆਂ ਨੇ 2020-21 ਲਈ ਆਪਣੇ ਲੇਖੇ ਪੇਸ਼ ਕੀਤੇ ਅਤੇ ਬਾਕੀ ਰਹਿੰਦੀਆਂ

---

28 ਚਾਰ ਵਿਧਾਨਕ ਕਾਰਪੋਰੇਸ਼ਨਾਂ (i) ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ; (ii) ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ; (iii) ਪੰਜਾਬ ਵਿੱਤੀ ਕਾਰਪੋਰੇਸ਼ਨ; ਅਤੇ (iv) ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਨੂੰ ਛੱਡ ਕੇ ।

29 (i) ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ; (ii) ਜਲੰਧਰ ਸਮਾਰਟ ਸਿਟੀ ਲਿਮਟਡ; ਅਤੇ (iii) ਲੁਧਿਆਣਾ ਸਮਾਰਟ ਸਿਟੀ ਲਿਮਟਡ।

30 (i) ਪੰਜਾਬ ਵੈਂਚਰ ਕੈਪੀਟਲ ਲਿਮਟਡ; (ii) ਪੰਜਾਬ ਰਾਜ ਬਾਇਓਟੈਕ ਕਾਰਪੋਰੇਸ਼ਨ; (iii) ਪੰਜਾਬ ਥਰਮਲ ਜਨਰੇਸ਼ਨ ਲਿਮਟਡ; (iv) ਪੰਜਾਬ ਕਮਿਊਨੀਕੇਸ਼ਨ ਲਿਮਟਡ; (v) ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ; (vi) ਗਿੱਦੜਬਾਹਾ ਪਾਵਰ ਲਿਮਟਡ; (vii) ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ; (viii) ਪੰਜਾਬ ਪੁਲਿਸ ਸਕਿਓਰਟੀ ਕਾਰਪੋਰੇਸ਼ਨ ਲਿਮਟਡ; (ix) ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਲਿਮਟਡ; (x) ਪੰਜਾਬ ਰਾਜ ਕਨਟੇਨਰ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮਟਡ; ਅਤੇ (xi) ਪੰਜਾਬ ਐਗਰੋ ਉਦਯੋਗ ਕਾਰਪੋਰੇਸ਼ਨ ਲਿਮਟਡ।

34 ਕੰਪਨੀਆਂ ਵਿੱਚੋਂ 15 ਕੰਪਨੀਆਂ ਨੇ ਆਪਣੇ 2019-20 ਜਾਂ ਇਸ ਤੋਂ ਪਹਿਲਾਂ ਦੇ ਸਾਲਾਂ ਦੇ ਲੇਖੇ ਪੇਸ਼ ਕੀਤੇ। 26[31] ਕੰਪਨੀਆਂ ਦੇ 36[32] ਸਲਾਨਾ ਲੇਖੇ ਲੇਖਾ ਪ੍ਰੀਖਿਆ ਲਈ ਪੇਸ਼ ਕੀਤੇ ਗਏ ਸਨ ਅਤੇ ਇਨ੍ਹਾਂ ਵਿੱਚੋਂ 24 ਕੰਪਨੀਆਂ ਦੇ 31 ਸਲਾਨਾ ਲੇਖਿਆਂ ਨੂੰ ਸੀ ਏ ਜੀ ਦੁਆਰਾ 30 ਨਵੰਬਰ 2021[33] ਨੂੰ ਜਾਂ ਇਸ ਤੋਂ ਪਹਿਲਾਂ ਮੁਕੰਮਲ ਕਰ ਦਿੱਤਾ ਗਿਆ। ਇਨ੍ਹਾਂ ਕੰਪਨੀਆਂ ਦੀਆਂ ਵਿੱਤੀ ਵਿਵਰਣੀਆਂ ਦੀ ਪੂਰਕ ਲੇਖਾ ਪ੍ਰੀਖਿਆ ਦੁਆਰਾ ਕੀਤਾ ਗਿਆ ਮੁੱਲ ਵਾਧਾ, ਲਾਭਦਾਇਕਤਾ ਉੱਤੇ ₹ 46.36[34] ਕਰੋੜ ਅਤੇ ਜਾਇਦਾਦਾ/ਦੇਣਦਾਰੀਆਂ ਉੱਤੇ ₹ 346.97 ਕਰੋੜ ਦਾ ਸੀ। 34 ਕੰਪਨੀਆਂ ਦੇ 183 ਸਲਾਨਾ ਲੇਖੇ 30 ਨਵੰਬਰ 2021 ਨੂੰ ਵੱਖ-ਵੱਖ ਕਾਰਨਾਂ ਕਰਕੇ ਬਕਾਇਆ ਪਏ ਸਨ। 34 ਕੰਪਨੀਆਂ (ਸਰਕਾਰੀ ਕੰਪਨੀਆਂ: 31 ਅਤੇ ਸਰਕਾਰ ਦੇ ਕੰਟਰੋਲ ਵਾਲੀਆਂ ਹੋਰ ਕੰਪਨੀਆਂ : 3) ਦੇ ਬਕਾਇਆ ਪਏ ਸਲਾਨਾ ਲੇਖਿਆ ਦੇ ਵੇਰਵੇ **ਸਾਰਣੀ 1.10** ਵਿੱਚ ਦਿੱਤੇ ਗਏ ਹਨ।

**ਸਾਰਣੀ 1.10: 30 ਨਵੰਬਰ 2021 ਨੂੰ ਕੰਪਨੀਆਂ ਦੀ ਸੰਖਿਆ, ਮੁਕੰਮਲ ਹੋਏ ਲੇਖੇ ਅਤੇ ਬਕਾਇਆ ਲੇਖਿਆਂ ਦੇ ਵੇਰਵੇ**

| ਵੇਰਵੇ | ਸਰਕਾਰੀ ਕੰਪਨੀਆਂ | ਸਰਕਾਰ ਦੇ ਕੰਟਰੋਲ ਵਾਲੀਆਂ ਹੋਰ ਕੰਪਨੀਆਂ | ਜੋੜ |
|---|---|---|---|
| 31 ਮਾਰਚ 2021 ਨੂੰ ਸੀ ਏ ਜੀ ਦੇ ਦਾਇਰੇ ਅਧੀਨ ਆਉਂਦੀਆਂ ਕੰਪਨੀਆਂ ਦੀ ਕੁੱਲ ਸੰਖਿਆ | 42 | 3 | 45 |
| 1 ਜਨਵਰੀ 2021 ਨੂੰ ਬਕਾਏ ਵਿੱਚ ਲੇਖਿਆ ਦੀ ਸੰਖਿਆ | 171 | 3 | 174 |
| ਉਨ੍ਹਾਂ ਕੰਪਨੀਆਂ ਦੀ ਸੰਖਿਆ, ਜਿਨ੍ਹਾਂ ਦੇ ਲੇਖੇ 2020-21 ਲਈ ਡਿਊ ਹੋ ਗਏ | 42 | 3 | 45 |
| **ਪੂਰਕ ਲੇਖਾ ਪ੍ਰੀਖਿਆ ਲਈ ਡਿਊ ਹੋਏ ਲੇਖਿਆਂ ਦੀ ਸੰਖਿਆ** | **213** | **6** | **219** |
| ਕੰਪਨੀਆਂ ਦੀ ਸੰਖਿਆ, ਜਿਨ੍ਹਾਂ ਨੇ ਸੀ ਏ ਜੀ ਦੀ ਲੇਖਾ ਪ੍ਰੀਖਿਆ ਲਈ 1 ਜਨਵਰੀ 2021 ਤੋਂ 30 ਨਵੰਬਰ 2021 ਤੱਕ ਲੇਖੇ ਪੇਸ਼ ਕੀਤੇ | 35 | 1 | 36 |
| ਮੁਕੰਮਲ ਹੋਏ ਲੇਖਿਆ ਦੀ ਸੰਖਿਆ | 35 | 1 | 36 |
| 30 ਨਵੰਬਰ 2021 ਨੂੰ ਬਕਾਏ ਵਿੱਚ ਲੇਖੇ | 178 | 5 | 183 |
| **ਲੇਖਿਆਂ ਦੇ ਬਕਾਏ ਦਾ ਸਮਾਵਾਰ ਵਿਸ਼ਲੇਸ਼ਣ** | **ਐਸ ਪੀ ਐਸ ਈਜ਼ ਦੀ ਗਿਣਤੀ (30 ਨਵੰਬਰ 2021 ਤੱਕ ਬਕਾਏ ਵਿੱਚ ਐਸ ਪੀ ਐਸ ਈਜ਼ ਦੇ ਲੇਖੇ)** | | |
| ਇੱਕ ਸਾਲ | 12(12) | 1(1) | 13(13) |
| ਦੋ ਅਤੇ ਤਿੰਨ ਸਾਲ ਵਿਚਕਾਰ | 10(25) | 02(4) | 12(29) |
| ਤਿੰਨ ਸਾਲਾ ਤੋਂ ਵੱਧ | 09(141) | 0(0) | 09(141) |
| **ਜੋੜ** | **31(178)** | **3(5)** | **34(183)** |

*ਸ੍ਰੋਤ: ਦਫਤਰ ਦਾ ਰਿਕਾਰਡ*

31 25 ਸਰਕਾਰੀ ਕੰਪਨੀਆਂ ਅਤੇ ਇੱਕ ਸਰਕਾਰ ਦੇ ਕੰਟਰੋਲ ਵਾਲੀ ਹੋਰ ਕੰਪਨੀ ।

32 ਪੰਜਾਬ ਰਾਜ ਲੈਦਰ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਫੁਟਵੀਅਰਜ਼ ਲਿਮਟਡ ਹਰ ਇੱਕ ਦੇ ਚਾਰ ਅਤੇ ਪੰਜਾਬ ਵੈਂਚਰ ਕੈਪੀਟਲ ਲਿਮਟਡ, ਪੰਜਾਬ ਰਾਜ ਬਾਇਓਟੈਕ ਕਾਰਪੋਰੇਸ਼ਨ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਰਾਜ ਬੀਜ ਕਾਰਪੋਰੇਸ਼ਨ ਹਰ ਇੱਕ ਦੇ ਦੋ ਅਤੇ ਵੀਹ ਐਸ ਪੀ ਐਸ ਈਜ਼: ਹਰ ਇੱਕ ਦਾ ਇੱਕ ।

33 ਭਾਰਤ ਸਰਕਾਰ ਦੇ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਦੇ ਆਦੇਸ਼ ਮਿਤੀ 23 ਸਤੰਬਰ 2021 ਅਨੁਸਾਰ ਸਾਲ 2020-21 ਲਈ ਕੰਪਨੀਆਂ ਦੀ ਏ ਜੀ ਐਮ ਕਾਰਵਾਏ ਜਾਣ ਦੀ ਮਿਤੀ ਰਜਿਸਟਰਾਰ ਆਫ਼ ਕੰਪਨੀਜ਼, ਪੰਜਾਬ ਅਤੇ ਚੰਡੀਗੜ੍ਹ ਦੁਆਰਾ 30 ਨਵੰਬਰ 2021 ਤੱਕ ਵਧਾ ਦਿੱਤੀ ਗਈ ਸੀ ।

34 ਓਵਰ ਸਟੇਟਮੈਂਟ: ਲਾਭ {(₹ 17.17 ਕਰੋੜ) ਅਤੇ ਅੰਡਰ ਸਟੇਟਮੈਂਟ: ਲਾਭ (₹ 29.19 ਕਰੋੜ)}।

ਬਕਾਏ ਵਿੱਚ ਲੇਖਿਆਂ ਦਾ ਮਾਮਲਾ ਮੁੱਖ ਸਕੱਤਰ, ਪੰਜਾਬ ਸਰਕਾਰ ਅਤੇ ਸਬੰਧਤ ਪ੍ਰਸ਼ਾਸਨਿਕ ਵਿਭਾਗਾਂ ਕੋਲ ਉਠਾਇਆ ਗਿਆ ਸੀ (ਅਗਸਤ 2021)। ਜਦੋਂਕਿ ਅਜੇ ਵੀ 30 ਨਵੰਬਰ 2021 ਨੂੰ ਨੌਂ ਅਜਿਹੀਆਂ ਕੰਪਨੀਆਂ ਸਨ ਜਿਨ੍ਹਾਂ ਦੇ ਲੇਖੇ ਤਿੰਨ ਸਾਲਾਂ ਤੋਂ ਵੱਧ ਲਈ ਬਕਾਏ ਵਿੱਚ ਸਨ।

### 1.9.3 ਵਿਧਾਨਕ ਕਾਰਪੋਰੇਸ਼ਨਾਂ ਦੁਆਰਾ ਲੇਖੇ ਤਿਆਰ ਕਰਨ ਵਿੱਚ ਸਮਾਂਬੱਧਤਾ

ਵਿਧਾਨਕ ਕਾਰਪੋਰੇਸ਼ਨਾਂ ਦੀ ਲੇਖਾ ਪ੍ਰੀਖਿਆ ਉਨਾਂ ਦੇ ਸਬੰਧਤ ਕਨੂੰਨਾਂ ਅਨੁਸਾਰ ਕੀਤੀ ਜਾਂਦੀ ਹੈ। ਚਾਰ[35] ਵਿਧਾਨਕ ਕਾਰਪੋਰੇਸ਼ਨਾਂ ਦੀ ਲੇਖਾ ਪ੍ਰੀਖਿਆ ਸੀ ਏ ਜੀ ਦੁਆਰਾ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਵਿੱਚੋਂ ਦੋ[36] ਵਿਧਾਨਕ ਕਾਰਪੋਰੇਸ਼ਨਾਂ ਲਈ ਸੀ ਏ ਜੀ ਇੱਕੋ ਇੱਕ ਲੇਖਾ ਪਰੀਖਕ ਹੈ। ਚਾਰ ਵਿਧਾਨਕ ਕਾਰਪੋਰੇਸ਼ਨਾਂ ਨੇ 30 ਨਵੰਬਰ 2021 ਤੋਂ ਪਹਿਲਾਂ ਲੇਖਾ ਪ੍ਰੀਖਿਆ ਲਈ ਸਾਲ 2020-21 ਲਈ ਲੇਖੇ ਪੇਸ਼ ਨਹੀਂ ਕੀਤੇ ਸਨ। 30 ਨਵੰਬਰ 2021 ਤੱਕ ਵਿਧਾਨਕ ਕਾਰਪੋਰੇਸ਼ਨਾਂ ਦੇ ਕੁੱਲ ਅੱਠ ਲੇਖੇ ਬਕਾਇਆ ਸਨ।

---

35 (i) ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ; (ii) ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ; (iii) ਪੰਜਾਬ ਵਿੱਤੀ ਕਾਰਪੋਰੇਸ਼ਨ; ਅਤੇ (iv) ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ।

36 (i) ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਵਿੱਤ ਕਾਰਪੋਰੇਸ਼ਨ; ਅਤੇ (ii) ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ।

# ਅਧਿਆਇ-II

## ਵਾਟਰ ਟਰੀਟਮੈਂਟ ਪਲਾਂਟਾਂ ਨੂੰ ਲਗਾਉਣ ਲਈ ਸਕੀਮਾਂ ਦਾ ਮੁਲਾਂਕਣ

# ਅਧਿਆਇ-II

# ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ

## ਵਾਟਰ ਟਰੀਟਮੈਂਟ ਪਲਾਂਟਾਂ ਨੂੰ ਲਗਾਉਣ ਲਈ ਸਕੀਮਾਂ ਦਾ ਮੁਲਾਂਕਣ

ਰਾਜ ਨੇ 1258 ਆਰ ਓ ਪਲਾਂਟ ਲਗਾਉਣ ਦਾ ਫੈਸਲਾ ਲਿਆ ਸੀ, ਜਿਸ ਲਈ ₹ 187.51 ਕਰੋੜ ਰੱਖੇ ਗਏ ਸਨ। ਇਨ੍ਹਾਂ ਵਿੱਚੋਂ ₹ 105.64 ਕਰੋੜ ਦੀ ਅਨੁਮਾਨਤ ਲਾਗਤ ਨਾਲ 703 ਪਲਾਂਟਾਂ ਦੀ ਟੈਂਡਰ ਪ੍ਰੀਕਿਰਿਆ ਸ਼ੁਰੂ ਕੀਤੀ ਗਈ ਸੀ, ਜਿਸ ਦੇ ਵਿਰੁੱਧ ₹ 80.14 ਕਰੋੜ ਦੀ ਲਾਗਤ ਨਾਲ 580 ਆਰ ਓ ਪਲਾਂਟ ਲਾਏ ਗਏ ਸਨ। ਇੰਜ ਸਾਰੇ 703 ਆਰ ਓ ਪਲਾਂਟ ਲਗਾ ਕੇ ਵਿਭਾਗ 2,70,781 ਪਰਿਵਾਰਾਂ ਨੂੰ ਲਾਭ ਪਹੁੰਚਾ ਸਕਦਾ ਸੀ ਪ੍ਰੰਤੂ ਯੋਜਿਤ ਨਾਲੋਂ 40,000 ਘੱਟ ਪਰਿਵਾਰਾਂ ਦੀ ਕਵਰੇਜ ਕੀਤੀ ਗਈ ਸੀ।

ਇਸ ਤੋਂ ਇਲਾਵਾ, ਵਿਭਾਗ 97 ਆਰ ਓ ਪਲਾਂਟ ਲਗਾਉਣ ਵਿੱਚ ਅਸਫਲ ਰਿਹਾ ਕਿਉਂਜੋ ਟੈਂਡਰਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਸੀ ਅਤੇ ਆਰ ਓ ਪਲਾਂਟਾਂ ਦੇ ਛੱਡਣ/ ਸ਼ੁਰੂ ਨਾ ਕਰਨ/ ਅਧੂਰੇ ਰਹਿਣ ਕਾਰਨ ਵਿਸ਼ੇਸ਼ ਸਹਾਇਤਾ ਅਧੀਨ ਨੀਤੀ ਆਯੋਗ ਵੱਲੋਂ ਉਪਲਬਧ 44 *ਪ੍ਰਤੀਸ਼ਤ* ਫੰਡਾਂ ਦੀ ਵਰਤੋਂ ਨਹੀਂ ਕੀਤੀ ਗਈ ਸੀ। ਨਾਬਾਰਡ **XIX** ਅਧੀਨ ₹ 7.47 ਕਰੋੜ ਖਰਚਣ ਉਪਰੰਤ 92 ਆਰ ਓ ਪਲਾਂਟ ਅਧੂਰੇ ਛੱਡ ਦਿੱਤੇ ਗਏ ਸਨ। ਲਗਾਏ ਗਏ ਆਰ ਓ ਪਲਾਂਟਾਂ ਦਾ ਪ੍ਰਵੇਸ਼ ਪੱਧਰ ਤਸੱਲੀਬਖਸ਼ ਨਹੀਂ ਸੀ ਕਿਉਂਜੋ ਇਹ 300 ਆਰ ਓ ਪਲਾਂਟਾਂ ਦੇ ਸਬੰਧ ਵਿੱਚ 10 *ਪ੍ਰਤੀਸ਼ਤ* ਤੋਂ ਘੱਟ ਸੀ ਅਤੇ 42 *ਪ੍ਰਤੀਸ਼ਤ* ਆਰ ਓ ਪਲਾਂਟਾਂ ਦਾ ਪ੍ਰਵੇਸ਼ ਪੱਧਰ ਉਪਲਬਧ ਨਹੀਂ ਸੀ। ਆਰ ਓ ਪਲਾਂਟਾਂ ਦੁਆਰਾ ਨਕਾਰੇ ਗਏ ਪਾਣੀ ਦਾ ਵਿਗਿਆਨਕ ਢੰਗ ਨਾਲ ਨਿਪਟਾਰਾ ਨਹੀਂ ਕੀਤਾ ਜਾ ਰਿਹਾ ਸੀ।

### 2.1 ਜਾਣ-ਪਛਾਣ

ਜਨ ਸਿਹਤ ਨੂੰ ਉਤਸ਼ਾਹਿਤ ਕਰਨ ਅਤੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਕੰਟਰੋਲ ਕਰਨ ਲਈ ਸੁਰੱਖਿਅਤ ਪੀਣ ਯੋਗ ਪਾਣੀ ਦੀ ਵਿਵਸਥਾ ਜਰੂਰੀ ਹੈ। ਜਲ ਸਪਲਾਈ ਅਤੇ ਸੈਨੀਟੇਸ਼ਨ (ਡਬਲਿਯੂ ਐਸ ਐਸ) ਵਿਭਾਗ (ਵਿਭਾਗ), ਪੰਜਾਬ ਸਰਕਾਰ ਵੱਖ-ਵੱਖ ਜਲ ਸਰੋਤਾਂ ਜਿਵੇਂ ਕਿ ਨਹਿਰੀ ਅਤੇ ਜ਼ਮੀਨੀ ਪਾਣੀ ਰਾਹੀਂ ਪੇਂਡੂ ਆਬਾਦੀ ਨੂੰ ਪੀਣ ਯੋਗ ਪਾਣੀ ਮੁਹੱਈਆਂ ਕਰਵਾਉਣ ਲਈ ਜ਼ਿੰਮੇਵਾਰ ਹੈ। ਸੁਰੱਖਿਅਤ ਪੀਣ ਯੋਗ ਪਾਣੀ ਮੁਹੱਈਆ ਕਰਵਾਉਣਾ ਅਤੇ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਐਸ ਡੀ ਜੀ 6 ਅਧੀਨ ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਟੀਚਿਆਂ (ਐਸ ਡੀ ਜੀ) ਦੇ ਟੀਚਿਆਂ ਵਿੱਚੋਂ ਵੀ ਇੱਕ ਹੈ। ਪੇਂਡੂ ਵਸੋਂ ਨੂੰ ਪੀਣ ਯੋਗ ਪਾਣੀ ਮੁਹੱਈਆਂ ਕਰਵਾਉਣ ਦੇ ਉਦੇਸ਼ ਨਾਲ ਵਿਭਾਗ ਨੇ ਪੰਜਾਬ ਵਿੱਚ 1,442 ਵਾਟਰ ਟਰੀਟਮੈਂਟ ਪਲਾਂਟ[1] (ਡਬਲਿਯੂ ਟੀ ਪੀ) ਲਗਾਉਣ ਲਈ ₹ 218.80 ਕਰੋੜ ਦੀ ਲਾਗਤ ਦੀਆਂ ਤਿੰਨ

---

[1] ਰਿਵਰਸ ਓਸਮੋਸਿਸ ਪਲਾਂਟਸ (ਆਰ ਓ ਪਲਾਂਟ) ਅਤੇ ਆਰਸੈਨਿਕ ਰਿਮੂਵਲ ਪਲਾਂਟਸ (ਏ ਆਰ ਪੀ)।

ਸਕੀਮਾਂ[2] ਮਨਜ਼ੂਰ ਕਰਵਾਈਆਂ (2013 ਅਤੇ 2016 ਵਿਚਕਾਰ) ਕਿਉਂਜੋ ਫਲੋਰਾਈਡ, ਆਰਸੈਨਿਕ, ਯੂਰੇਨੀਅਮ, ਕੁੱਲ ਘੁਲਣਸ਼ੀਲ ਸਾਲਿਡ (ਟੀ ਡੀ ਐਸ) ਆਦਿ ਦੀ ਮੌਜੂਦਗੀ ਜ਼ਮੀਨੀ ਪਾਣੀ ਵਿੱਚ ਸਵੀਕਾਰਯੋਗ[3] ਸੀਮਾਂ ਤੋਂ ਵੱਧ ਹੋਣ ਕਾਰਨ ਪਾਣੀ ਦੀ ਗੁਣਵੱਤਾ ਪੀਣ ਯੋਗ ਨਹੀਂ ਸੀ।

ਵਾਟਰ ਟਰੀਟਮੈਂਟ ਪਲਾਂਟ ਲਗਾਉਣ ਨਾਲ ਸਬੰਧਤ ਸਕੀਮਾਂ ਦੇ ਲਾਗੂਕਰਣ ਦਾ ਮੁਲਾਂਕਣ ਕਰਨ ਦੇ ਵਿਚਾਰ ਨਾਲ ਲੇਖਾ ਪ੍ਰੀਖਿਆ ਨੇ ਨਾਬਾਰਡ ਅਤੇ ਭਾਰਤ ਸਰਕਾਰ ਤੋਂ ਵਿੱਤੀ ਸਹਾਇਤਾ ਪ੍ਰਾਪਤ ਉਪਰ ਲਿਖਤ ਤਿੰਨ ਸਕੀਮਾਂ ਨੂੰ ਕਵਰ ਕੀਤਾ। ਇਹ ਸਕੀਮਾਂ ਪੰਜਾਬ ਦੇ 17 ਜ਼ਿਲ੍ਹਿਆਂ ਵਿੱਚ ਸਥਿਤ 28 ਡਿਵੀਜ਼ਨਾਂ ਵਿੱਚ ਲਾਗੂ ਕੀਤੀਆਂ ਜਾਣੀਆਂ ਸਨ। ਜਦੋਂਕਿ ਇਹ ਸਕੀਮਾਂ 16 ਜ਼ਿਲ੍ਹਿਆਂ ***(ਅੰਤਿਕਾ 2.1)*** ਵਿੱਚ ਲਾਗੂ ਕੀਤੀਆਂ ਗਈਆਂ ਸਨ। ਫਰਵਰੀ 2021 ਅਤੇ ਮਾਰਚ 2022 ਦੌਰਾਨ ਸੱਤ ਜ਼ਿਲ੍ਹਿਆਂ[4] ਵਿੱਚ ਪੈਂਦੀਆਂ ਨੌਂ ਡਿਵੀਜ਼ਨਾਂ[5] ਦੇ 2017-18 ਤੋਂ 2019-20 ਤੱਕ ਦੇ ਰਿਕਾਰਡ ਦੀ ਜਾਂਚ ਕੀਤੀ ਗਈ ਸੀ। ਇਸ ਤੋਂ ਇਲਾਵਾ ਜਿਥੇ ਕਿਤੇ ਲੋੜ ਸੀ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ ਦੇ ਮੁੱਖ ਦਫ਼ਤਰ ਤੋਂ ਜਾਣਕਾਰੀ ਇਕੱਠੀ ਕਰਕੇ ਬਾਕੀ 19 ਡਿਵੀਜ਼ਨਾਂ ਦੇ ਡਾਟੇ ਨੂੰ ਅੱਪਡੇਟ ਕੀਤਾ ਗਿਆ ਸੀ। ਪੜਤਾਲ ਕੀਤੇ ਗਏ ਰਿਕਾਰਡ ਵਿੱਚ ਪ੍ਰੋਜੈਕਟ ਰਿਪੋਰਟਾਂ, ਠੇਕਾ ਇਕਰਾਰਨਾਮਿਆਂ ਦੇ ਉਪਬੰਧਾਂ, ਟੈਂਡਰ ਨੂੰ ਮੰਗਣ ਲਈ ਵਿਸਤ੍ਰਿਤ ਨੋਟਿਸ (ਡੀ ਐਨ ਆਈ ਟੀ) ਅਤੇ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਗਈਆਂ ਸਰਕਾਰੀ ਹਦਾਇਤਾਂ ਸ਼ਾਮਲ ਸਨ।

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ 31 ਮਾਰਚ 2014 ਨੂੰ ਸਮਾਪਤ ਹੋਏ ਸਾਲ ਲਈ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ 'ਤੇ ਰਿਪੋਰਟ (ਗੈਰ-ਪੀ ਐਸ ਯੂਜ਼) ਦੇ ਪੈਰ੍ਹਾ 3.20 ਵਿੱਚ ਆਰ ਓ ਪਲਾਂਟ ਲਗਾਉਣ, ਸੰਚਾਲਨ ਕਰਨ ਅਤੇ ਰੱਖ-ਰਖਾਅ ਦੇ ਸਬੰਧ ਵਿੱਚ ਜ਼ਿਕਰ ਕੀਤਾ ਗਿਆ ਸੀ। ਲੋਕ ਲੇਖਾ ਕਮੇਟੀ (ਪੀ ਏ ਸੀ) ਵਿੱਚ ਇਸ ਪੈਰ੍ਹੇ 'ਤੇ ਦਸੰਬਰ 2017 ਅਤੇ ਫਰਵਰੀ 2021 ਵਿੱਚ ਚਰਚਾ ਕੀਤੀ ਗਈ ਸੀ। ਪੀ ਏ ਸੀ ਦੀਆਂ ਸਿਫਾਰਸ਼ਾਂ ਦੀ ਪਾਲਣਾ ਦੀ ਵੀ ਪੜਤਾਲ ਕੀਤੀ ਗਈ ਸੀ ਅਤੇ ਇਨ੍ਹਾਂ ਨੂੰ ਸਬੰਧਿਤ ਪੈਰਿਆਂ ਦੇ ਅਧੀਨ ਸ਼ਾਮਲ ਕਰ ਲਿਆ ਗਿਆ ਹੈ।

---

2 (i) ਪੰਜਾਬ ਦੇ ਭਾਰੀ ਧਾਤਾਂ ਤੋਂ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਪੀਣਯੋਗ ਪਾਣੀ ਮੁਹੱਈਆਂ ਕਰਵਾਉਣ ਲਈ ਪੇਂਡੂ ਬੁਨਿਆਦੀ ਢਾਂਚਾ ਤੇ ਵਿਕਾਸ ਫੰਡ (ਆਰ ਆਈ ਡੀ ਐਫ)- XIX (ਨਾਬਾਰਡ) ਅਧੀਨ ਆਰ ਓ ਪਲਾਟ ਲਾਉਣੇ (ii) ਪੀਣਯੋਗ ਪਾਣੀ ਦੀਆਂ ਸਮਸਿਆਵਾਂ ਨੂੰ ਘਟਾਉਣ ਲਈ ਨੀਤੀ ਆਯੋਗ ਦੀ ਸਿਫ਼ਾਰਸ਼ 'ਤੇ ਕੇਂਦਰੀ ਯੋਜਨਾ ਸਕੀਮ ਦੀ ਵਿਸ਼ੇਸ਼ ਸਹਾਇਤਾ; ਅਤੇ (iii) ਆਰ ਆਈ ਡੀ ਐਫ-XXII (ਨਾਬਾਰਡ) ਅਧੀਨ ਪੰਜਾਬ ਦੇ ਭਾਰੀ ਧਾਤਾਂ ਤੋਂ ਪ੍ਰਭਾਵਿਤ ਜਿਲ੍ਹਿਆਂ ਵਿੱਚ ਪੀਣਯੋਗ ਪਾਣੀ ਮੁਹੱਈਆਂ ਕਰਵਾਉਣ ਲਈ ਆਰ ਓ ਪਲਾਂਟ ਲਾਉਣੇ।

3

| ਭਾਰੀ ਧਾਤ/ ਯੂਰੇਨੀਅਮ ਆਦਿ | ਸਵੀਕਾਰਯੋਗ ਸੀਮਾ | ਟੈਸਟ ਦੇ ਨਤੀਜੇ |
|---|---|---|
| ਫਲੋਰਾਈਡ | 1.0 mg/l | 1.03 ਤੋਂ 5.35 mg/l |
| ਆਰਸੈਨਿਕ | 0.01 mg/l | 0.011 ਤੋਂ 0.077 mg/l |
| ਯੂਰੇਨੀਅਮ | 60 µg/l | 60.40 ਤੋਂ 233.7 µg/l |
| ਟੀ ਡੀ ਐਸ | 500 mg/l | 503 ਤੋਂ 1890 mg/l |

4 (i) ਅੰਮ੍ਰਿਤਸਰ; (ii) ਬਰਨਾਲਾ; (iii) ਫਤਿਹਗੜ੍ਹ ਸਾਹਿਬ; (iv) ਗੁਰਦਾਸਪੁਰ; (v) ਪਟਿਆਲਾ; (vi) ਸ਼ਹੀਦ ਭਗਤ ਸਿੰਘ ਨਗਰ; ਅਤੇ (vii) ਐਸ ਏ ਐਸ ਨਗਰ।

5 ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ (i) ਨੰ 1, ਅੰਮ੍ਰਿਤਸਰ (ii) ਐਸ ਬੀ ਐਸ ਨਗਰ; (iii) ਫਤਿਹਗੜ੍ਹ ਸਾਹਿਬ; (iv) ਰਾਜਪੁਰਾ; (v) ਬਟਾਲਾ; (vi) ਗੁਰਦਾਸਪੁਰ; (vii) ਪਟਿਆਲਾ; (viii) ਐਸ ਏ ਐਸ ਨਗਰ; ਅਤੇ (ix) ਬਰਨਾਲਾ।

## ਲੇਖਾ-ਪ੍ਰੀਖਿਆ ਲੱਭਤਾਂ

ਯੋਜਨਾ ਬਣਾਉਣ, ਵਿੱਤੀ ਪ੍ਰਬੰਧਨ ਕਰਨ, ਲਾਗੂ ਕਰਨ ਅਤੇ ਲਾਏ ਗਏ ਡਬਲਿਯੂ ਟੀ ਪੀਜ਼ ਦੀ ਨਿਗਰਾਨੀ ਦੇ ਨਾਲ ਸਬੰਧਤ ਲੇਖਾ ਪ੍ਰੀਖਿਆ ਲੱਭਤਾਂ ਦੀ ਚਰਚਾ ਅਗਲੇ ਪੈਰਿਆਂ ਵਿੱਚ ਕੀਤੀ ਗਈ ਹੈ।

## 2.2 ਪ੍ਰਵਾਨਿਤ ਯੋਜਨਾ ਨੂੰ ਲਾਗੂ ਕਰਨਾ

ਵਾਟਰ ਟਰੀਟਮੈਂਟ ਪਲਾਂਟਾਂ, ਪ੍ਰਵਾਨਿਤ ਲਾਗਤ ਅਤੇ ਇਨ੍ਹਾਂ ਨੂੰ ਲਗਾਉਣ ਦੇ ਵੇਰਵੇ **ਸਾਰਣੀ** 2.1 ਵਿੱਚ ਦਿੱਤੇ ਗਏ ਹਨ:

**ਸਾਰਣੀ 2.1 : ਸਕੀਮ ਵਾਰ ਵਾਟਰ ਟਰੀਟਮੈਂਟ ਪਲਾਂਟਾਂ ਦੀ ਸਥਿਤੀ**

| ਸਕੀਮ | ਸਕੀਮ ਦੇ ਸ਼ੁਰੂ ਹੋਣ ਦਾ ਸਾਲ | ਲੇਖਾ ਪ੍ਰੀਖਿਆ ਦਾ ਸਮਾਂ | ਮਨਜ਼ੂਰ ਕੀਤੇ ਪਲਾਂਟਾਂ ਦੀ ਗਿਣਤੀ (ਕਵਰ ਕੀਤੇ ਜਾਣ ਵਾਲੇ ਪਿੰਡ) | ਪ੍ਰੋਜੈਕਟ ਦੀ ਲਾਗਤ (₹ ਕਰੋੜ ਵਿੱਚ) | ਛੱਡੇ ਗਏ ਪਲਾਂਟਾਂ ਦੀ ਗਿਣਤੀ (ਪਿੰਡ ਜਿੱਥੇ ਪਲਾਂਟ ਛੱਡੇ ਗਏ) | | ਸ਼ੁਰੂ ਕੀਤੇਗਏ ਪਲਾਂਟਾਂ ਦੀ ਗਿਣਤੀ (ਪਿੰਡ) | ਅਸਲ ਵਿੱਚ ਲਾਏ ਗਏ ਪਲਾਂਟਾਂ ਦੀ ਗਿਣਤੀ | ਅਲਾਟ ਹੋਣ ਦੇ ਬਾਵਜੂਦ ਨਹੀ ਲਾਏ ਗਏ ਪਲਾਂਟਾਂ ਦੀ ਗਿਣਤੀ |
|---|---|---|---|---|---|---|---|---|---|
| | | | | | ਸ਼ੁਰੂਆਤੀ ਪੜਾਅ | ਟੈਂਡਰ ਤੋਂ ਬਾਅਦ ਆਰ ਓ ਪਲਾਂਟ | | | |
| ਆਰ ਆਈ ਡੀ ਐਫ-XIX (ਨਬਾਰਡ) ਅਧੀਨ ਆਰ ਓ ਪਲਾਂਟ ਲਗਾਉਣਾ | 2013-14 | 2017-18 ਤੋਂ 2019-20 | 561 (546) | 88.75[6] | 29 (26) | -- | 532 (520) | 440 | 92 |
| ਨੀਤੀ ਆਯੋਗ ਦੀ ਵਿਸ਼ੇਸ਼ ਸਹਾਇਤਾ ਵਿੱਚੋ ਡਬਲਿਯੂ ਟੀ ਪੀ ਦੀ ਸਥਾਪਨਾ | 2015-16 | -ਉਹੀ- | 326[7] (182) | 39.82[8] | 50[9] (34) | 97 (95) | 179[10] (53) | 148[11] | 31 |
| ਆਰ ਆਈ ਡੀ ਐਫ-XXII (ਨਬਾਰਡ) ਅਧੀਨ ਆਰ ਓ ਪਲਾਂਟ ਲਗਾਉਣਾ | 2015-16 | -ਉਹੀ- | 555 (546) | 90.23 | -- | 458 (449) | 97 (97) | 97 | 0 |
| **ਜੋੜ** | | | **1,442 (1,274)** | **218.80** | **79 (60)** | **555 (544)** | **808 (670)** | **685**[12] | **123** |

*ਸ੍ਰੋਤ: ਵਿਭਾਗੀ ਡਾਟਾ*

ਉਪਰੋਕਤ ਸਾਰਣੀ ਤੋਂ ਇਹ ਵੇਖਿਆ ਗਿਆ ਹੈ ਕਿ:

- ਵਿਭਾਗ ਨੇ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਹੋਣ, ਅਧਿਕਾਰ ਖੇਤਰ ਵਿੱਚ ਤਬਦੀਲੀ ਹੋਣ ਕਾਰਣ ਮਿਊਂਸਿਪਲ ਕੌਂਸਲ (ਐਮ ਸੀ) ਨਾਲ ਰਲੇਵਾਂ ਹੋਣ, ਜ਼ਮੀਨ ਉਪਲਬਧ ਨਾ ਹੋਣ, ਹੋਰ ਸਕੀਮਾਂ ਅਧੀਨ ਕਵਰ ਹੋਣ ਆਦਿ ਕਰਕੇ ਯੋਜਿਤ 1,442 ਡਬਲਿਊ ਟੀ ਪੀਜ਼ ਵਿੱਚੋਂ

6 29 ਆਰ ਓ ਪਲਾਂਟਾਂ ਨੂੰ ਛੱਡਣ ਉਪਰੰਤ ਸੋਧ ਦੇ ₹ 83.88 ਕਰੋੜ ਕੀਤੀ ਗਈ।

7 ਆਰ ਓ ਪਲਾਂਟ- 208, ਏ ਆਰ ਪੀ 96 ਅਤੇ ਹੈਂਡ ਪੰਪ- 22; ਘਰੇਲੂ ਏ ਆਰ ਪੀਜ਼ ਦੀ ਸਥਾਪਨਾ ਅਤੇ ਨਵੇਂ ਪ੍ਰੋਜੈਕਟ।

8 208 ਆਰ ਓ: ₹ 14.16 ਕਰੋੜ ; 96 ਏ ਆਰ ਪੀ : ₹ 21.97 ਕਰੋੜ ; ਹੈਂਡ ਪੰਪ : ₹ 0.26 ਕਰੋੜ ; ਘਰੇਲੂ ਏ ਆਰ ਪੀ : ₹ 0.04 ਕਰੋੜ ; ਅਤੇ ਫਲੋਰਾਈਡ ਅਤੇ ਆਰਸੈਨਿਕ ਪ੍ਰਭਾਵਿਤ ਵਸੋਂ ਲਈ ਨਵੇਂ ਪ੍ਰੋਜੈਕਟ : ₹ 3.39 ਕਰੋੜ।

9 ਆਰ ਓ ਪਲਾਂਟ - 37, ਏ ਆਰ ਪੀ - 13 ਅਤੇ ਨਵੇਂ ਪ੍ਰੋਜੈਕਟ।

10 ਆਰ ਓ ਪਲਾਂਟ -74, ਏ ਆਰ ਪੀ- 83, ਹੈਂਡ ਪੰਪ -22।

11 ਆਰ ਓ ਪਲਾਂਟ -43, ਏ ਆਰ ਪੀ- 83, ਹੈਂਡ ਪੰਪ -22।

12 ਆਰ ਓ ਪਲਾਂਟ - 580, ਏ ਆਰ ਪੀ- 83, ਹੈਂਡ ਪੰਪ -22।

634 ਡਬਲਿਊ ਟੀ ਪੀਜ਼[13] ਛੱਡ ਦਿੱਤੇ ਸਨ (ਜਿਨ੍ਹਾਂ ਨੇ 604 ਪਿੰਡਾਂ ਨੂੰ ਕਵਰ ਕਰਨਾ ਸੀ)। ਇਹ ਮੁੱਢਲੇ ਅਨੁਮਾਨ ਬਣਾਉਣ ਵਿੱਚ ਕਮੀ ਨੂੰ ਦਰਸਾਉਂਦਾ ਹੈ ਕਿਉਂਜੋ ਭੂਮੀ ਦੀ ਉਪਲਬਧਤਾ, ਹੋਰ ਸਕੀਮਾਂ ਨਾਲ ਰਲੇਵੇ ਵਰਗੇ ਪੱਖਾਂ ਦੇ ਮੁਢਲੇ ਅਨੁਮਾਨਾਂ ਵਿੱਚ ਰਹਿ ਜਾਣ ਦੀ ਆਸ ਨਹੀਂ ਕੀਤੀ ਜਾ ਸਕਦੀ।

- ਨੀਤੀ ਆਯੋਗ ਦੀ ਵਿਸ਼ੇਸ਼ ਸਹਾਇਤਾ ਅਧੀਨ, ਪੰਜ ਜ਼ਿਲ੍ਹਿਆਂ[14] ਵਿੱਚ 171 ਆਰ ਓ ਪਲਾਂਟਾਂ ਦੀ ਸਥਾਪਨਾ ਲਈ ਟੈਂਡਰ ਮੰਗੇ ਗਏ ਸਨ (ਅਕਤੂਬਰ 2016)। 74[15] ਆਰ ਓ ਪਲਾਂਟਾਂ ਦੀ ਸਥਾਪਨਾ, ਸੰਚਾਲਨ ਅਤੇ ਰੱਖ-ਰਖਾਅ ਲਈ ਦੋ ਬੋਲੀਕਾਰਾਂ ਦੀ ਚੋਣ ਕੀਤੀ ਗਈ ਸੀ (ਦਸੰਬਰ 2016)। 97 ਆਰ ਓ ਪਲਾਂਟਾਂ ਦੇ ਟੈਂਡਰਾਂ ਨੂੰ ਟੈਂਡਰ ਪ੍ਰੋਸੈਸਿੰਗ ਕਮੇਟੀ (ਟੀ ਪੀ ਸੀ) ਦੁਆਰਾ ਬੋਲੀਕਾਰਾਂ ਦੁਆਰਾ ਦਰਸਾਏ ਗਏ ਉੱਚੇ ਰੇਟਾਂ ਅਤੇ ਟੈਂਡਰ ਅਪਲੋਡ ਨਾ ਕਰਨ (ਐਸ ਏ ਐਸ ਨਗਰ ਨਾਮਕ ਇੱਕ ਜ਼ਿਲ੍ਹੇ ਵਿੱਚ) ਕਾਰਨ ਸਵੀਕਾਰ ਨਹੀਂ ਕੀਤਾ ਗਿਆ ਸੀ (ਦਸੰਬਰ 2016) ਅਤੇ ਟੈਂਡਰ ਪ੍ਰੋਸੈਸਿੰਗ ਕਮੇਟੀ ਨੇ ਟੈਂਡਰ ਦੁਬਾਰਾ ਮੰਗਣ ਦੀ ਮਨਸ਼ਾ ਜ਼ਾਹਿਰ ਕੀਤੀ। ਇਸ ਅਨੁਸਾਰ, ਮਈ 2017 ਵਿੱਚ ਟੈਂਡਰ ਦੁਬਾਰਾ ਮੰਗੇ ਗਏ ਸਨ ਜੋ ਕਿ ਵੱਧ ਰੇਟਾਂ ਕਾਰਨ ਸਿਰੇ ਨਹੀਂ ਚੜ੍ਹ ਸਕੇ ਸਨ। ਇਸ ਤੋਂ ਬਾਅਦ ਦੁਬਾਰਾ ਟੈਂਡਰ ਨਹੀਂ ਮੰਗੇ ਗਏ ਸਨ। ਇਸ ਤੋਂ ਇਲਾਵਾ, ਵਿਭਾਗ ਨੇ ਕਿਹਾ (ਦਸੰਬਰ 2021) ਕਿ ਬਾਕੀ ਰਹਿੰਦੇ ਆਰ ਓ ਪਲਾਂਟਾਂ ਦਾ ਲਾਗੂਕਰਣ ਰੋਕ ਦਿੱਤਾ ਗਿਆ ਸੀ। ਮੰਗੇ ਜਾਣ ਦੇ ਬਾਵਜੂਦ (ਦਸੰਬਰ 2021) ਡਿਵੀਜ਼ਨਾਂ ਦੇ ਉੱਤਰਾਂ ਦੀ ਉਡੀਕ ਸੀ (ਨਵੰਬਰ 2022)।

  ਇੰਜ ਪ੍ਰਵਾਨਿਤ 97 ਆਰ ਓ ਪਲਾਂਟ ਨਹੀਂ ਲਗਾਏ ਗਏ ਸਨ ਜਿਸ ਦੇ ਨਤੀਜੇ ਵਜੋਂ ਪ੍ਰਭਾਵਿਤ ਵਸੋਂ ਨੂੰ ਲਾਭ ਦੇਣ ਤੋਂ ਵਾਂਝੇ ਰੱਖਿਆ ਗਿਆ ਸੀ ਅਤੇ ਨੀਤੀ ਆਯੋਗ ਅਧੀਨ ਪ੍ਰਾਪਤ ਫੰਡਾਂ ਦੀ ਵਰਤੋਂ ਵੀ ਨਹੀਂ ਕੀਤੀ ਗਈ ਸੀ, *ਜਿਵੇਂ ਕਿ ਪੈਰ੍ਹਾ 2.4.1 ਵਿੱਚ ਚਰਚਾ ਕੀਤੀ ਗਈ ਹੈ।*

- ਨਾਬਾਰਡ- XXII ਅਧੀਨ, 546 ਪਿੰਡਾਂ ਵਿੱਚ 555 ਆਰ ਓ ਪਲਾਂਟ ਮਨਜ਼ੂਰ ਕੀਤੇ ਗਏ ਸਨ (ਜੁਲਾਈ 2016)। ਕੇਵਲ 533 ਆਰ ਓ ਪਲਾਂਟਾਂ ਲਈ ਟੈਂਡਰ ਮੰਗੇ ਗਏ ਸਨ (ਅਕਤੂਬਰ 2016) ਜੋ ਕਿ ਬੋਲੀਕਾਰਾਂ ਦੁਆਰਾ ਉੱਚੀਆਂ ਦਰਾਂ ਦੇ ਕਾਰਣ ਸਿਰੇ ਨਹੀਂ ਚੜ੍ਹੇ ਸਨ। ਇਸ ਤੋਂ ਇਲਾਵਾ, ਵਿਭਾਗ ਨੇ ਮਈ 2017 ਵਿੱਚ ਟੈਂਡਰ ਦੁਬਾਰਾ ਮੰਗੇ ਸਨ ਅਤੇ ਉਹ ਵੀ ਅਣ-ਦੱਸੇ ਕਾਰਣਾਂ ਕਰਕੇ ਸਿਰੇ ਨਹੀਂ ਚੜ੍ਹੇ ਸਨ।

555 ਆਰ ਓ ਪਲਾਂਟਾਂ ਵਿੱਚੋਂ, ਵਿਭਾਗ ਨੇ 217 ਆਰ ਓ ਪਲਾਂਟਾਂ ਨੂੰ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਹੋਣ ਕਰਕੇ ਅਤੇ 184 ਆਰ ਓ ਪਲਾਂਟਾਂ ਨੂੰ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਹੋਣ ਦੀ

---

[13] 79 ਡਬਲਿਊ ਟੀ ਪੀ- ਸ਼ੁਰੂਆਤੀ ਪੜਾਅ ਤੇ ਛੱਡ ਦਿੱਤੇ ਗਏ; 458 ਡਬਲਿਊ ਟੀ ਪੀ : ਭੂਮੀ ਦੀ ਗੈਰ-ਉਪਲਬਤਾ ਹੋਰ ਸਕੀਮ ਵਿੱਚ ਕਵਰ ਹੋਣ, ਡਬਲਿਊ ਟੀ ਪੀ ਦੀ ਸਮਰੱਥਾ ਵਿੱਚ ਬਦਲਾਅ, ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਕਰਕੇ ਛੱਡ ਦਿੱਤੇ ਗਏ ਅਤੇ 97 ਡਬਲਿਊ ਟੀ ਪੀ : ਟੈਂਡਰਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ।

[14] (i) ਫਤਿਹਗੜ੍ਹ ਸਾਹਿਬ: 36 (ii) ਫਿਰੋਜ਼ਪੁਰ: 7; (iii) ਪਟਿਆਲਾ (ਰਾਜਪੁਰਾ): 81; (iv) ਸੰਗਰੂਰ 29; ਅਤੇ (v) ਐਸ ਏ ਐਸ ਨਗਰ: 18 ।

[15] ਕਲੱਸਟਰ-1 (ਪਟਿਆਲਾ-ਰਾਜਪੁਰਾ) ਵਿੱਚ 38 ਆਰ ਓ ਪਲਾਂਟ ਅਤੇ ਕਲਸਟਰ-3 (ਫਤਿਹਗੜ੍ਹ ਸਾਹਿਬ) ਵਿੱਚ 36 ਆਰ ਓ ਪਲਾਂਟ।

ਆਸ ਨਾਲ ਛੱਡ ਦਿੱਤਾ (ਅਪ੍ਰੈਲ 2018)। ਇਸ ਦੇ ਕਾਰਣ ਵਿਭਾਗ ਵੱਲੋਂ ਇਹ ਕਹਿ ਕੇ ਨਹੀਂ ਦਿੱਤੇ ਗਏ ਸਨ ਕਿ ਇਹ ਡਿਵੀਜ਼ਨਲ ਫਾਰਮੇਸ਼ਨਾਂ ਕੋਲ ਉਪਲੱਬਧ ਹੋਣਗੇ। 154 ਆਰ ਓ ਪਲਾਂਟਾਂ ਦਾ ਸੋਧਿਆ ਹੋਇਆ ਪ੍ਰੋਜੈਕਟ ਨਾਬਾਰਡ ਨੂੰ ਸੌਂਪਿਆ ਗਿਆ ਸੀ (ਅਪ੍ਰੈਲ 2018) ਅਤੇ ਨਾਬਾਰਡ ਦੇ ਸੁਝਾਅ ਤੇ, ਹੋਰ 11 ਆਰ ਓ ਪਲਾਂਟਾਂ ਦੀ ਜ਼ਰੂਰਤ ਘਟਾ ਦਿੱਤੀ ਗਈ ਸੀ। ਇਸ ਤਰ੍ਹਾਂ, 143 ਆਰ ਓ ਪਲਾਂਟਾਂ ਲਈ ₹ 20.86 ਕਰੋੜ ਦੇ ਸੋਧੇ ਹੋਏ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ ਗਈ ਸੀ (ਜੂਨ 2018) । ਹੋਰ 46 ਆਰ ਓ ਪਲਾਂਟ ਭੂਮੀ ਉਪਲਬਧ ਨਾ ਹੋਣ, ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਹੋਣ, ਗ੍ਰਾਮ ਪੰਚਾਇਤ ਵੱਲੋਂ ਮਨ੍ਹਾਂ ਕਰਨ ਅਤੇ ਐਮ ਸੀ ਖੇਤਰ ਨੂੰ ਤਬਦੀਲ ਹੋਣ ਕਰਕੇ ਫਿਰ ਤੋਂ ਛੱਡ ਦਿੱਤੇ ਗਏ ਸਨ (ਨਵੰਬਰ 2020 ਅਤੇ ਦਸੰਬਰ 2021 ਦੇ ਵਿਚਕਾਰ)।

ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਨੇ ਵਿਭਾਗ ਦੀ ਵੈੱਬਸਾਈਟ 'ਤੇ ਉਪਲਬਧ 604 ਪਿੰਡਾਂ, ਜਿਨ੍ਹਾਂ ਨੂੰ ਤਿੰਨ ਸਕੀਮਾਂ ਤੋਂ ਛੱਡ ਦਿੱਤਾ ਗਿਆ ਸੀ, ਜਿਵੇਂ ਕਿ ਉੱਪਰ ਚਰਚਾ ਕੀਤੀ ਗਈ ਹੈ, ਦੇ ਪਾਣੀ ਦੀ ਗੁਣਵੱਤਾ ਦੇ ਡਾਟੇ ਦੀ ਜਾਂਚ ਕੀਤੀ। ਇਹ ਵੇਖਿਆ ਗਿਆ ਸੀ ਕਿ 429 ਪਿੰਡਾਂ ਦੇ ਪਾਣੀ ਦੀ ਗੁਣਵੱਤਾ ਪੀਣਯੋਗ ਸੀ ਅਤੇ 175 ਪਿੰਡਾਂ ਦਾ ਪਾਣੀ ਟੈਸਟ ਰਿਪੋਰਟ ਅਨੁਸਾਰ (ਅਪ੍ਰੈਲ 2021)[16] ਪੀਣ ਯੋਗ ਨਹੀਂ ਸੀ। ਇਸ ਲਈ, ਇਨ੍ਹਾਂ 175 ਪਿੰਡਾਂ ਵਿੱਚ ਆਰ ਓ ਪਲਾਂਟਾਂ ਨੂੰ ਛੱਡਣਾ ਠੀਕ ਨਹੀਂ ਸੀ।

ਪਹਿਲਾਂ ਤੋਂ ਹੀ ਯੋਜਨਾਬੱਧ/ ਪ੍ਰਵਾਨਿਤ ਆਰ ਓ ਪਲਾਂਟਾਂ ਨੂੰ 2016-21 ਦੌਰਾਨ ਪੜਾਅਵਾਰ ਢੰਗ ਨਾਲ ਛੱਡਣਾ, ਟੀਚਾਗਤ ਵਸੋਂ ਨੂੰ ਚਿੱਤਵੇ ਲਾਭ ਮੁਹੱਈਆ ਕਰਵਾਉਣ ਵਿੱਚ ਵਿਭਾਗ ਦੀ ਵਚਨਬੱਧਤਾ ਦੀ ਘਾਟ ਨੂੰ ਦਰਸਾਉਂਦਾ ਹੈ।

## 2.3 ਵਿੱਤੀ ਪ੍ਰਬੰਧਨ

ਸਾਰੀਆਂ ਤਿੰਨੋਂ ਸਕੀਮਾਂ ਅਧੀਨ ਪ੍ਰਾਪਤ ਫੰਡ ਅਤੇ ਖਰਚੇ **ਸਾਰਣੀ** 2.2 ਵਿੱਚ ਦਿੱਤੇ ਗਏ ਹਨ।

**ਸਾਰਣੀ 2.2: ਪ੍ਰਾਪਤ ਕੀਤੇ ਫੰਡ ਅਤੇ ਖਰਚਾ**

*(₹ ਕਰੋੜ ਵਿੱਚ)*

| ਸਕੀਮ ਦਾ ਨਾਂਅ | ਪ੍ਰੋਜੈਕਟ ਦੀ ਲਾਗਤ | ਪ੍ਰਾਪਤ ਕੀਤੇ ਫੰਡ | ਖਰਚਾ | ਨਾ ਵਰਤੇ ਗਏ ਫੰਡ | ਕਥਨ |
|---|---|---|---|---|---|
| ਆਰ ਆਈ ਡੀ ਐਫ -XIX (ਨਾਬਾਰਡ) ਅਧੀਨ 532 ਆਰ ਓ ਪਲਾਂਟਾਂ ਦੀ ਸਥਾਪਨਾ | 88.75 | 70.64. | 70.64 | -- | ਖਰਚੇ ਅਤੇ ਪ੍ਰੋਜੈਕਟ ਲਾਗਤ ਵਿਚਕਾਰ ਅੰਤਰ 29 ਆਰ ਓ ਪਲਾਟਾਂ ਨੂੰ ਛੱਡਣ ਅਤੇ 92 ਆਰ ਓ ਪਲਾਂਟਾਂ ਦੇ ਸਬੰਧ ਵਿੱਚ ਝਗੜੇ ਕਰਕੇ ਸੀ |
| ਨੀਤੀ ਆਯੋਗ ਅਧੀਨ ਡਬਲਿਯੂ ਟੀ ਪੀ ਦੀ ਸਥਾਪਨਾ (ਸੀ ਐਸ ਐਸ) | 39.82[17] | 39.35 | 21.85 | 17.50 | 178 ਡਬਲਿਊ ਟੀ ਪੀ ਨੂੰ ਛੱਡਣ ਕਰਕੇ ਘੱਟ ਖਰਚਾ ਸੀ। |
| ਆਰ ਆਈ ਡੀ ਐਫ-XXII (ਨਾਬਾਰਡ) ਅਧੀਨ 555 ਆਰ ਓ ਦੀ ਸਥਾਪਨਾ | 90.23 | 15.34 | 6.69 | 8.65 | ਪ੍ਰਵਾਨਤ ਪ੍ਰੋਜੈਕਟ ਲਾਗਤ ਅਤੇ ਖਰਚੇ ਵਿੱਚ ਅੰਤਰ ਆਰ ਓ ਪਲਾਟਾਂ ਨੂੰ ਛੱਡਣ ਕਰਕੇ ਸੀ |
| **ਜੋੜ** | **218.80** | **125.33** | **99.18** | **26.15** | |

*ਸ੍ਰੋਤ: ਵਿਭਾਗੀ ਡਾਟਾ*

16 ਸ੍ਰੋਤ: dwss.punjab.gov.in

17 208 ਆਰ ਓ ਪਲਾਂਟ : ₹ 14.16 ਕਰੋੜ ; 96 ਏ ਆਰ ਪੀ : ₹ 21.97 ਕਰੋੜ ; ਹੈਂਡ ਪੰਪ : ₹ 0.26 ਕਰੋੜ, ਘਰੇਲੂ ਏ ਆਰ ਪੀ : ₹ 0.04 ਕਰੋੜ ; ਅਤੇ ਫਲੋਰਾਈਡ ਅਤੇ ਆਰਸੈਨਿਕ ਪ੍ਰਭਾਵਿਤ ਵਸੋਂ ਵਿੱਚ ਨਵੇਂ ਪ੍ਰੋਜੈਕਟ :₹ 3.39 ਕਰੋੜ।

ਉਪਰੋਕਤ ਸਾਰਣੀ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ:

- ₹ 39.82 ਕਰੋੜ ਦੀ ਪ੍ਰੋਜੈਕਟ ਲਾਗਤ ਦੇ ਵਿਰੁੱਧ, ਨੀਤੀ ਆਯੋਗ ਵੱਲੋਂ ਵਿਸ਼ੇਸ਼ ਸਹਾਇਤਾ ਅਧੀਨ ਭਾਰਤ ਸਰਕਾਰ ਦੁਆਰਾ ₹ 39.35 ਕਰੋੜ ਦੀ ਰਕਮ ਜਾਰੀ ਕੀਤੀ ਗਈ ਸੀ (ਮਾਰਚ 2016)। ₹ 39.35 ਕਰੋੜ ਵਿੱਚੋਂ ਕੇਵਲ ₹ 21.85 ਕਰੋੜ (55.53 *ਪ੍ਰਤੀਸ਼ਤ*) ਦੀ ਵਰਤੋਂ ਕੀਤੀ ਜਾ ਸਕੀ (ਮਈ 2021) ਅਤੇ ਸ਼ੁਰੂਆਤੀ ਪੜਾਅ 'ਤੇ 50 ਡਬਲਿਯੂ ਟੀ ਪੀ (37: ਆਰ ਓ ਪਲਾਂਟ ਅਤੇ 13:ਏ ਆਰ ਪੀ) ਨੂੰ ਛੱਡਣ, 97 ਆਰ ਓ ਪਲਾਂਟਾਂ ਦੀ ਮੁੜ-ਟੈਂਡਰਿੰਗ ਨਾ ਕਰਨ, 31 ਆਰ ਓ ਪਲਾਂਟਾਂ ਦੇ ਅਧੂਰੇ ਕੰਮ ਕਾਰਨ ਅਤੇ ਫਲੋਰਾਈਡ ਅਤੇ ਆਰਸੈਨਿਕ ਪ੍ਰਭਾਵਿਤ ਆਬਾਦੀ ਲਈ ਨਵੇਂ ਪ੍ਰੋਜੈਕਟਾਂ ਦੀ ਸ਼ੁਰੂਆਤ ਨਾ ਕਰਨ ਕਰਕੇ ਵਿਭਾਗ ਦੁਆਰਾ ₹ 17.50 ਕਰੋੜ (44.47 *ਪ੍ਰਤੀਸ਼ਤ)* ਦੀ ਵਰਤੋਂ ਨਹੀਂ ਕੀਤੀ ਗਈ ਸੀ।

- ਨਾਬਾਰਡ ਨੇ ਰਾਜ ਸਰਕਾਰ ਨੂੰ ₹ 15.34 ਕਰੋੜ ਮੋਬੀਲਾਈਜੇਸ਼ਨ ਅਡਵਾਂਸ ਵਜੋਂ ਜਾਰੀ ਕੀਤੇ (ਮਾਰਚ 2017), ਜਿਸ ਦੇ ਵਿਰੁੱਧ ਪ੍ਰੋਜੈਕਟ 'ਤੇ ਸਿਰਫ ₹ 6.69 ਕਰੋੜ ਖਰਚ ਹੋਏ (ਦਸੰਬਰ 2021) ਅਤੇ ₹ 8.65 ਕਰੋੜ ਦਾ ਬਕਾਇਆ ਸਰਕਾਰ ਕੋਲ ਪਿਆ ਸੀ।

ਮੰਗੇ ਜਾਣ ਦੇ ਬਾਵਜੂਦ (ਫਰਵਰੀ 2022) ਲੇਖਾ ਪ੍ਰੀਖਿਆ ਟਿੱਪਣੀਆਂ ਦੇ ਉਤਰਾਂ ਦੀ ਉਡੀਕ ਸੀ (ਨਵੰਬਰ 2022)।

## 2.4 ਸਕੀਮਾਂ ਨੂੰ ਲਾਗੂ ਕਰਨਾ

### 2.4.1 ਅਧੂਰੇ ਕੰਮ

**(i)** ਨੀਤੀ ਆਯੋਗ ਵਲੋਂ ਵਿਸ਼ੇਸ਼ ਸਹਾਇਤਾ ਅਧੀਨ 74[18] ਆਰ ਓ ਪਲਾਂਟਾਂ ਦੀ ਸਥਾਪਨਾ ਦਾ ਕੰਮ ਠੇਕੇਦਾਰਾਂ ਨੂੰ ₹ 6.42 ਕਰੋੜ (₹ 3.33 ਕਰੋੜ: 38 ਆਰ ਓ ਪਲਾਂਟ- ਕੰਮ ਏ ਅਤੇ ₹ 3.09 ਕਰੋੜ: 36 ਆਰ ਓ ਪਲਾਂਟ- ਕੰਮ ਬੀ) ਦੀ ਲਾਗਤ ਨਾਲ ਠੇਕੇਦਾਰ ਦੁਆਰਾ ਕੀਤੇ ਜਾਣ ਵਾਲੇ ਸੱਤ ਸਾਲਾਂ ਦੇ ਸੰਚਾਲਨ ਅਤੇ ਰੱਖ-ਰਖਾਅ ਲਈ ਬਣਾਓ-ਅਪਣਾਓ-ਚਲਾਓ-ਟਰਾਂਸਫਰ ਕਰੋ (ਬੀ ਓ ਓ ਟੀ)[19] ਅਧਾਰ 'ਤੇ ਅਲਾਟ ਕੀਤਾ ਗਿਆ ਸੀ (ਦਸੰਬਰ 2016)। ਇਹ ਕੰਮ ਚਾਰ ਮਹੀਨਿਆਂ ਦੇ ਅੰਦਰ ਭਾਵ ਅਪ੍ਰੈਲ 2017 ਤੱਕ ਮੁਕੰਮਲ ਹੋਣੇ ਸਨ।

**(ੳ)** ਕੰਮ 'ਏ' ਨੂੰ ਨਿਰਧਾਰਤ ਸਮੇਂ ਵਿੱਚ ਪੂਰਾ ਨਹੀਂ ਕੀਤਾ ਗਿਆ ਸੀ ਅਤੇ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਜੁਲਾਈ 2017 ਤੱਕ ਸਮਾਂ ਵਧਾਇਆ ਗਿਆ ਸੀ। ਜਦੋਂਕਿ, ਕੁੱਲ ਅਲਾਟ ਕੀਤੇ ਗਏ 38 ਆਰ ਓ ਪਲਾਂਟਾਂ ਵਿੱਚੋਂ, ਸਿਰਫ 24 ਆਰ ਓ ਪਲਾਟਾਂ ਦਾ ਕੰਮ ਪੂਰਾ ਹੋਇਆ ਸੀ (ਜੁਲਾਈ 2019) ਜਿਸ ਲਈ ਠੇਕੇਦਾਰ ਨੂੰ ₹ 1.79 ਕਰੋੜ ਦੀ ਅਦਾਇਗੀ ਕੀਤੀ ਗਈ ਅਤੇ ਬਾਕੀ ਦੇ 14 ਆਰ ਓ ਪਲਾਂਟਾਂ ਦਾ ਕੰਮ

---

[18] ਕਾਰਜਕਾਰੀ ਇੰਜਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ (i) ਰਾਜਪੁਰਾ: 38 ਆਰ ਓ ਪਲਾਂਟ ਅਤੇ (ii) ਫਤਿਹਗੜ੍ਹ ਸਾਹਿਬ: 36 ਆਰ ਓ ਪਲਾਂਟ।

[19] ਬੀ ਓ ਓ ਟੀ ਜਨਤਕ-ਨਿੱਜੀ ਸਾਂਝੇਦਾਰੀ ਦੀ ਸ਼ਬਦਾਵਲੀ ਹੈ।

ਠੇਕੇਦਾਰ ਵੱਲੋਂ ਪੂਰਾ ਨਹੀਂ ਕੀਤਾ ਗਿਆ ਸੀ। ਇਥੇ ਜ਼ਿਕਰਯੋਗ ਹੈ ਕਿ ਕਾਰਜਕਾਰੀ ਇੰਜਨੀਅਰ ਨੇ ਦੰਡ[20] ਲਗਾਇਆ ਅਤੇ ਇਕਰਾਰਨਾਮਾ ਕਾਇਮ ਸੀ। ਇਸ ਤਰ੍ਹਾਂ, ਤੱਥ ਇਹ ਹੈ ਕਿ ਇਸ ਸਕੀਮ ਅਧੀਨ ਫੰਡਾਂ ਦੀ ਉਪਲਬਧਤਾ ਦੇ ਬਾਵਜੂਦ 14 ਆਰ ਓ ਪਲਾਂਟ ਲਗਾਉਣ ਦਾ ਕੰਮ ਅਜੇ ਬਕਾਇਆ ਸੀ।

**(ਅ)** ਇਸੇ ਤਰ੍ਹਾਂ, ਠੇਕੇਦਾਰ ਨੇ ਨਿਰਧਾਰਤ ਸਮੇਂ ਦੇ ਅੰਦਰ ਅਤੇ ਇਥੋਂ ਤੱਕ ਕਿ ਦਸੰਬਰ 2017 ਤੱਕ ਵਧੇ ਹੋਏ ਸਮੇਂ ਦੇ ਅੰਦਰ ਵੀ ਕੰਮ 'ਬੀ' ਨੂੰ ਪੂਰਾ ਨਹੀਂ ਕੀਤਾ। ਵਿਭਾਗ ਨੇ ਠੇਕੇਦਾਰ ਨੂੰ ਲਿਖਿਆ ਸੀ (ਅਪ੍ਰੈਲ 2019) ਅਤੇ ਮਈ 2019 ਤੱਕ ਕੰਮ ਪੂਰਾ ਕਰਨ ਦੇ ਆਦੇਸ਼ ਦਿੱਤੇ ਸਨ। ਅਲਾਟ ਕੀਤੇ ਗਏ 36 ਆਰ ਓ ਪਲਾਂਟਾਂ ਵਿੱਚੋਂ, ₹ 1.30 ਕਰੋੜ ਦੀ ਲਾਗਤ ਨਾਲ ਸਿਰਫ਼ 19 ਆਰ ਓ ਪਲਾਂਟ ਹੀ ਪੂਰੇ ਕੀਤੇ ਗਏ ਸਨ (ਮਾਰਚ 2017 ਅਤੇ ਦਸੰਬਰ 2018 ਵਿਚਕਾਰ), ਜਿਨ੍ਹਾਂ ਵਿੱਚੋਂ ₹ 1.02 ਕਰੋੜ[21] ਠੇਕੇਦਾਰ ਨੂੰ ਅਦਾ ਕੀਤੇ ਗਏ ਸਨ। ਇਸ ਮਾਮਲੇ ਵਿੱਚ ਦੰਡ[22] ਵੀ ਲਗਾਇਆ ਗਿਆ ਸੀ ਅਤੇ ਅਗਸਤ 2019 ਵਿੱਚ ਇਕਰਾਰਨਾਮਾ ਖਤਮ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਬਾਕੀ ਰਹਿੰਦੇ 17 ਆਰ ਓ ਪਲਾਂਟ ਅਜੇ ਵੀ ਅਧੂਰੇ ਪਏ ਹਨ। ਇਸ ਤੋਂ ਇਲਾਵਾ, 19 ਆਰ ਓ ਪਲਾਂਟਾਂ ਵਿੱਚੋਂ, ਲੇਖਾ ਪ੍ਰੀਖਿਆ ਦੁਆਰਾ ਦੋ ਆਰ ਓ ਪਲਾਂਟਾਂ ਦਾ ਭੌਤਿਕ ਤਸਦੀਕਣ ਵੀ ਕੀਤਾ ਗਿਆ ਸੀ (ਨਵੰਬਰ 2020 ਅਤੇ ਦਸੰਬਰ 2021), ਜਿਨ੍ਹਾਂ ਵਿੱਚੋਂ ਇੱਕ ਗੈਰ-ਕਾਰਜਸ਼ੀਲ ਪਾਇਆ ਗਿਆ ਸੀ ਅਤੇ ਦੂਜੇ ਆਰ ਓ ਪਲਾਂਟ ਦੇ ਸਬੰਧ ਵਿੱਚ ਪ੍ਰਵੇਸ਼ ਸਿਰਫ 11.54 *ਪ੍ਰਤੀਸ਼ਤ* (130 ਵਿੱਚੋਂ 15 ਘਰਾਂ ਵਿੱਚ) ਸੀ।

ਵਿਭਾਗ ਨੇ ਉੱਤਰ ਦਿੱਤਾ (ਨਵੰਬਰ 2020, ਦਸੰਬਰ 2021 ਅਤੇ ਮਾਰਚ 2022) ਕਿ ਕੰਮ 'ਏ' ਅਤੇ 'ਬੀ' ਦੇ ਸਬੰਧ ਵਿੱਚ ਕ੍ਰਮਵਾਰ ਬਾਕੀ ਰਹਿੰਦੇ 14 ਆਰ ਓ ਪਲਾਂਟਾਂ ਅਤੇ 17 ਆਰ ਓ ਪਲਾਂਟਾਂ ਦੀ ਸਥਾਪਨਾ ਦਾ ਕੰਮ ਵੱਖ-ਵੱਖ ਕਾਰਨਾਂ[23] ਕਰਕੇ ਰੋਕ ਦਿੱਤਾ ਗਿਆ ਸੀ। ਇਹ ਉੱਤਰ ਦਰਸਾਉਂਦਾ ਹੈ ਕਿ ਪ੍ਰੋਜੈਕਟ ਦਾ ਮੁਢਲਾ ਸਰਵੇਖਣ/ ਯੋਜਨਾਬੰਦੀ ਉਚਿਤ ਤਨਦੇਹੀ ਨਾਲ ਨਹੀਂ ਕੀਤੀ ਗਈ ਸੀ ਜਿਸ ਕਾਰਨ ਪ੍ਰੋਜੈਕਟ ਵਿੱਚ ਗੈਰ-ਵਿਵਹਾਰਕ ਸਾਈਟਾਂ ਨੂੰ ਸ਼ਾਮਲ ਕੀਤਾ ਗਿਆ ਸੀ ਜਿਨ੍ਹਾਂ ਨੂੰ ਕਿ ਬਾਅਦ ਵਿੱਚ ਇਥੋਂ ਤੱਕ ਕਿ ਕੰਮ ਦੀ ਅਲਾਟਮੈਂਟ ਤੋਂ ਬਾਅਦ ਛੱਡਣਾ ਪਿਆ ਸੀ। ਜਿਸ ਇਲਾਕੇ ਵਿੱਚ ਆਰ ਓ ਪਲਾਂਟ ਨਹੀਂ ਲਗਾਏ ਗਏ ਸਨ ਉਨ੍ਹਾਂ ਖੇਤਰਾਂ ਦੀ ਆਬਾਦੀ ਨੂੰ ਚਿੱਤਵੇ ਲਾਭ ਦੇਣ ਤੋਂ ਵਾਂਝੇ ਰੱਖਿਆ ਗਿਆ ਸੀ।

---

[20] ਇਕਰਾਰਨਾਮੇ ਦੀ ਧਾਰਾ 2 ਅਧੀਨ ₹ 16.63 ਲੱਖ ਜਿਸ ਨੂੰ ਐਸ ਈ ਵੱਲੋਂ ਘਟਾ ਕੇ ₹ ਦੋ ਲੱਖ ਕਰ ਦਿੱਤਾ ਗਿਆ ਹੈ।

[21] ਕੰਮ ਦੀ ਲਾਗਤ- ₹ 1.30 ਕਰੋੜ, ਠੇਕੇਦਾਰ ਨੂੰ ਕੀਤੀ ਗਈ ਅਦਾਇਗੀ- ₹ 1.02 ਕਰੋੜ। ਠੇਕੇਦਾਰ ਦਾ ਬਕਾਇਆ ਭੁਗਤਾਨ- ₹ 0.28 ਕਰੋੜ, ਜੁਰਮਾਨਾ ਲਗਾਇਆ ਗਿਆ ਅਤੇ ਠੇਕੇਦਾਰ ਦੀ ਰਿਟੈਨਸ਼ਨ ਮਨੀ- ₹ 0.27 ਕਰੋੜ, ਠੇਕੇਦਾਰ ਨੂੰ ਅਦਾਇਗੀ ਕਰਨ ਲਈ ਬਕਾਇਆ ਦੇਣਦਾਰੀ- ₹ 0.01 ਕਰੋੜ (ਭਾਵ ₹ 1.30 ਕਰੋੜ- ₹ 1.29 ਕਰੋੜ)।

[22] ₹ 23.20 ਲੱਖ ।

[23] ਐਮ ਸੀ ਖੇਤਰ ਅਧੀਨ ਆਉਂਦੇ, ਪਿੰਡ ਵਾਸੀਆਂ ਵੱਲੋਂ ਆਰ ਓ ਪਲਾਂਟ ਲਗਾਇਆ ਗਿਆ, ਜ਼ਮੀਨ ਉਪਲਬਧ ਨਹੀਂ ਸੀ, ਆਦਿ।

## 2.4.2 ਆਰਸੈਨਿਕ ਰਿਮੂਵਲ ਪਲਾਂਟਾਂ (ਏ ਆਰ ਪੀਜ਼) ਦੀ ਸਥਾਪਨਾ 'ਤੇ ਬਚਣਯੋਗ ਖਰਚਾ

ਭਾਰਤ ਸਰਕਾਰ ਦੁਆਰਾ ਨੀਤੀ ਆਯੋਗ ਦੇ ਸਪਾਂਸਰ ਕੀਤੇ ਪ੍ਰੋਜੈਕਟ ਅਧੀਨ, ₹ 21.97 ਕਰੋੜ ਦੀ ਲਾਗਤ ਨਾਲ 102 ਪਿੰਡਾਂ ਵਿੱਚ 96 ਏ ਆਰ ਪੀਜ਼ ਨੂੰ ਮਨਜ਼ੂਰੀ ਦਿੱਤੀ ਗਈ ਸੀ (ਸਤੰਬਰ 2016) ਕਿਉਂਕਿ ਇਹਨਾਂ ਪਿੰਡਾਂ ਦੇ ਪਾਣੀ ਵਿੱਚ ਨਿਰਧਾਰਤ ਸੀਮਾਂ[24] ਤੋਂ ਵੱਧ ਆਰਸੈਨਿਕ ਪਾਇਆ ਗਿਆ ਸੀ। 96 ਏ ਆਰ ਪੀਜ਼ ਵਿੱਚੋਂ, ਪੰਜ[25] ਜ਼ਿਲ੍ਹਿਆਂ ਵਿੱਚ 83 ਏ ਆਰ ਪੀਜ਼[26] ਦੇ ਕੰਮ ₹ 21.69 ਕਰੋੜ ਦੀ ਲਾਗਤ ਨਾਲ ਅਲਾਟ ਕੀਤੇ ਗਏ ਸਨ (ਮਈ 2017) ਅਤੇ ਇਨ੍ਹਾਂ ਨੂੰ ਨਵੰਬਰ 2017 ਅਤੇ ਜੁਲਾਈ 2019 ਦੇ ਵਿਚਕਾਰ ₹ 18.65 ਕਰੋੜ ਦੀ ਲਾਗਤ (ਮਈ 2021 ਤੱਕ) ਨਾਲ ਲਾਇਆ ਗਿਆ ਸੀ।

ਲੇਖਾ-ਪ੍ਰੀਖਿਆ ਨੇ ਵੇਖਿਆ (ਫਰਵਰੀ 2021) ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ. 1, ਅੰਮ੍ਰਿਤਸਰ ਵਿੱਚ, ₹ 2.54 ਕਰੋੜ ਦੀ ਲਾਗਤ ਨਾਲ 83 ਏ ਆਰ ਪੀਜ਼ ਵਿੱਚੋਂ 11 ਏ ਆਰ ਪੀਜ਼ ਅੰਮ੍ਰਿਤਸਰ ਜ਼ਿਲ੍ਹੇ ਦੇ ਅਜਿਹੇ ਅੱਠ ਪਿੰਡਾਂ[27] ਵਿੱਚ ਲਗਾਏ ਗਏ ਸਨ (ਨਵੰਬਰ 2017 ਅਤੇ ਸਤੰਬਰ 2018 ਦੇ ਵਿਚਕਾਰ) ਜਿੱਥੇ ₹ 1.06 ਕਰੋੜ ਦਾ ਖਰਚਾ ਕਰਕੇ ਆਰਸੈਨਿਕ ਖਤਮ ਕਰਨ ਲਈ ਆਰ ਓ ਪਲਾਂਟ ਵੀ ਲਾਏ ਗਏ ਸਨ (ਅਗਸਤ 2016 ਅਤੇ ਜੂਨ 2017 ਦੇ ਵਿਚਕਾਰ)।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਫਰਵਰੀ 2021), ਕਾਰਜਕਾਰੀ ਇੰਜੀਨੀਅਰ ਨੇ ਕਿਹਾ (ਮਾਰਚ 2021) ਕਿ ਏ ਆਰ ਪੀ ਸਮੇਂ ਦੀ ਲੋੜ ਸੀ ਅਤੇ ਇਹ ਜਨਤਕ ਹਿੱਤ ਵਿੱਚ ਸੀ। ਈ ਈ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਵਿਭਾਗ ਦਾ ਆਪਣਾ ਇਹ ਵਿਚਾਰ ਸੀ (ਜੁਲਾਈ 2018) ਕਿ ਏ ਆਰ ਪੀਜ਼ ਉਨ੍ਹਾਂ ਅਬਾਦੀਆਂ ਵਿੱਚ ਨਹੀਂ ਲਗਾਏ ਜਾਣੇ ਚਾਹੀਦੇ ਜੋ ਪਹਿਲਾਂ ਹੀ ਹੋਰ ਸਕੀਮਾਂ ਦੇ ਅਧੀਨ ਆਉਂਦੀਆਂ ਹਨ।

ਕਿਉਂਕਿ ਦੋਵੇ ਕਿਸਮ ਦੇ ਪਲਾਂਟਾਂ ਦਾ ਉਦੇਸ਼ ਧਰਤੀ ਹੇਠਲੇ ਪਾਣੀ ਦੀ ਗੰਦਗੀ ਨੂੰ ਦੂਰ ਕਰਕੇ ਪਿੰਡ ਵਾਸੀਆਂ ਨੂੰ ਪੀਣ ਯੋਗ ਸਾਫ਼ ਪਾਣੀ ਮੁਹੱਈਆਂ ਕਰਵਾਉਣਾ ਸੀ, ਇਸ ਲਈ ਉਸੇ ਪਿੰਡ ਵਿੱਚ ਜਿੱਥੇ ਪਹਿਲਾਂ ਹੀ ਆਰ ਓ ਪਲਾਂਟ ਲਗਾਏ ਗਏ ਸਨ, ਵਿੱਚ ਏ ਆਰ ਪੀ ਲਗਾਉਣ ਦੇ ਫੈਸਲੇ ਦੇ ਨਤੀਜੇ ਵਜੋਂ ₹ 2.54 ਕਰੋੜ ਦਾ ਬਚਾਏ ਜਾ ਸਕਣ ਵਾਲਾ ਖਰਚਾ ਹੋਇਆ।

---

24 0.01 ਮਿਲੀਗ੍ਰਾਮ ਪ੍ਰਤੀ ਲੀਟਰ ।

25 (i) ਅੰਮ੍ਰਿਤਸਰ; (ii) ਗੁਰਦਾਸਪੁਰ; (iii) ਹੁਸ਼ਿਆਰਪੁਰ; (iv) ਰੂਪਨਗਰ; ਅਤੇ (v) ਤਰਨਤਾਰਨ ।

26 ਉਨ੍ਹਾਂ ਪਿੰਡਾਂ ਵਿੱਚੋਂ 13 ਏ ਆਰ ਪੀਜ਼ ਛੱਡ ਦਿੱਤੇ ਗਏ ਜਿੱਥੇ ਘੱਟ ਸਮਰੱਥਾ ਵਾਲੇ ਇੱਕ ਤੋਂ ਵੱਧ ਏ ਆਰ ਪੀਜ਼ ਲਗਾਏ ਜਾਣੇ ਸਨ। ਏ ਆਰ ਪੀ ਦੀ ਸਮਰੱਥਾ ਨੂੰ ਵਧਾਇਆ ਗਿਆ ਸੀ ਅਤੇ ਦੋ ਜਾਂ ਵੱਧ ਦੀ ਬਜਾਏ ਸਿਰਫ਼ ਇੱਕ ਏ ਆਰ ਪੀ ਲਗਾਇਆ ਗਿਆ ਸੀ ।

27 (i) ਭਾਖਾ ਹਰੀ ਸਿੰਘ; (ii) ਕਮਾਲਪੁਰਾ; (iii) ਉਰਧਨ; (iv) ਭੁੱਲਰ (v) ਹੇਤਮਪੁਰਾ; (vi) ਮਾਨਾਵਾਲਾ; (vii) ਪੰਧੇਰ; ਅਤੇ (viii) ਮੋਡੇ ।

### 2.4.3 ਅਧੂਰੇ ਆਰ ਓ ਪਲਾਂਟਾਂ 'ਤੇ ਬੇਲੋੜਾ ਖਰਚਾ

ਨਾਬਾਰਡ XIX ਸਕੀਮ ਅਧੀਨ ₹ 83.88 ਕਰੋੜ ਲਈ ਮਨਜ਼ੂਰ ਹੋਏ (ਅਪ੍ਰੈਲ 2013) 532 ਆਰ ਓ ਪਲਾਂਟ ਲਗਾਉਣ ਦਾ ਕੰਮ ਦਸੰਬਰ 2013 ਅਤੇ ਜਨਵਰੀ 2014 ਦੌਰਾਨ ਚਾਰ ਏਜੰਸੀਆਂ[28] ਨੂੰ ਅਲਾਟ ਕੀਤਾ ਗਿਆ ਸੀ ਜੋ ਕਿ ਮਈ 2014 ਤੱਕ ਮੁਕੰਮਲ ਹੋਣ ਲਈ ਡਿਊ ਸੀ। ਅਲਾਟ ਕੀਤੇ 532 ਆਰ ਓ ਪਲਾਂਟਾਂ ਵਿੱਚੋਂ, ਤਿੰਨ ਏਜੰਸੀਆਂ[29] ਨੂੰ ਅਲਾਟ ਕੀਤੇ 431 ਆਰ ਓ ਪਲਾਂਟ 2013-14 ਤੋਂ 2018-19 ਦੌਰਾਨ ਚਾਲੂ ਕਰ ਦਿੱਤੇ ਗਏ ਸਨ।

ਰਿਕਾਰਡ ਦੀ ਛਾਣਬੀਣ (ਜੁਲਾਈ 2019) ਅਤੇ ਬਾਅਦ ਵਿੱਚ ਵਿਭਾਗ[30] ਤੋਂ ਇਕੱਤਰ ਕੀਤੀ ਜਾਣਕਾਰੀ ਤੋਂ ਪਤਾ ਲੱਗਿਆ ਕਿ ਛੇ ਡਿਵੀਜ਼ਨਾਂ[31] ਵਿੱਚ ਬਾਕੀ ਬਚੇ 101 ਆਰ ਓ ਪਲਾਂਟਾਂ ਦਾ ਕੰਮ ₹ 12.83 ਕਰੋੜ ਦੀ ਲਾਗਤ ਨਾਲ ਅਲਾਟ ਕੀਤਾ ਗਿਆ ਸੀ (ਦਸੰਬਰ 2013 ਅਤੇ ਜਨਵਰੀ 2014 ਵਿਚਕਾਰ), ਜੋ ਕਿ ਅਪ੍ਰੈਲ ਅਤੇ ਮਈ 2014 ਵਿਚਕਾਰ ਮੁਕੰਮਲ ਹੋਣਾ ਸੀ। ਜਦੋਂਕਿ, 67 ਆਰ ਓ ਪਲਾਟਾਂ ਦੇ ਨਾਲ ਸਬੰਧਤ ਸਮਾਨ/ ਮਸ਼ੀਨਰੀ ਮੁਹੱਈਆ ਕਰਵਾਏ ਜਾਣ ਦੇ ਬਦਲੇ ਠੇਕੇਦਾਰ ਨੂੰ ₹ 6.18 ਕਰੋੜ[32] ਦੀ ਰਕਮ ਅਦਾ ਕੀਤੇ ਜਾਣ ਅਤੇ ਵਿਭਾਗ ਦੁਆਰਾ ₹ 1.29 ਕਰੋੜ ਟਿਊਬਵੈੱਲ, ਬਿਜਲੀ ਅਤੇ ਹੋਰ ਫੁਟਕਲ ਸੇਵਾਵਾਂ ਪ੍ਰਦਾਨ ਕਰਨ ਲਈ ਖਰਚ ਕੀਤੇ ਜਾਣ ਦੇ ਬਾਵਜੂਦ, ਠੇਕੇਦਾਰ ਨਿਰਧਾਰਤ ਸਮੇਂ ਵਿੱਚ ਕੰਮ ਪੂਰਾ ਨਹੀਂ ਕਰ ਸਕਿਆ। ਠੇਕੇਦਾਰ ਵੱਲੋਂ ਪ੍ਰੋਜੈਕਟ ਨੂੰ ਪੂਰਾ ਨਾ ਕਰਨ ਦੇ ਕਾਰਣ ਰਿਕਾਰਡ ਨਹੀਂ ਕੀਤੇ ਗਏ ਸਨ। ਇਸ ਤੋਂ ਇਲਾਵਾ, ਕੰਮ ਪੂਰਾ ਨਾ ਹੋਣ ਕਾਰਨ ਸਬੰਧਤ ਈ ਈ ਨੇ ਇਕਰਾਰਨਾਮੇ[33] ਦੀ ਧਾਰਾ 2 ਅਤੇ 3 ਅਧੀਨ ₹ 0.96 ਕਰੋੜ[34] ਦਾ ਜੁਰਮਾਨਾ ਲਗਾਇਆ (ਮਈ 2015 ਅਤੇ ਮਾਰਚ 2018 ਵਿਚਕਾਰ) ਅਤੇ ਠੇਕਿਆਂ ਨੂੰ ਰੱਦ ਕਰ ਦਿੱਤਾ ਗਿਆ (ਅਗਸਤ 2017 ਅਤੇ ਅਪ੍ਰੈਲ 2018 ਦੇ ਵਿਚਕਾਰ)। ₹ 0.96 ਕਰੋੜ ਵਿੱਚੋਂ ₹ 0.53 ਕਰੋੜ ਠੇਕੇਦਾਰ ਤੋਂ ਵਸੂਲ ਕਰ ਲਏ ਗਏ ਸਨ।

---

28 (i) ਮੈਸਰਜ਼ ਹਾਈ-ਟੈਕ ਸਵੀਟ ਵਾਟਰ ਪ੍ਰਾਈਵੇਟ ਲਿਮਟਿਡ (232 ਆਰ ਓ ਪਲਾਂਟਸ), (ii) ਮੈਸਰਜ਼ ਐਸ ਆਰ ਪਰਿਆਵਰਨ (ਪੀ) ਲਿਮਟਿਡ (139 ਆਰ ਓ ਪਲਾਂਟਸ), (iii) ਮੈਸਰਜ਼ ਗਰਗ ਸੰਨਜ਼ (60 ਆਰ ਓ ਪਲਾਂਟਸ) ਅਤੇ (iv) ਮੈਸਰਜ਼ ਦੋਸ਼ੀਓਨ ਵਿਓਲੀਆ ਵਾਟਰ ਸੋਲਯੂਸ਼ਨ ਪ੍ਰਾਈਵੇਟ ਲਿਮਟਿਡ (101 ਆਰ ਓ ਪਲਾਂਟਸ)।

29 (i) ਮੈਸਰਜ਼ ਹਾਈ-ਟੈਕ ਸਵੀਟ ਵਾਟਰ ਪ੍ਰਾਈਵੇਟ ਲਿਮਟਿਡ (232 ਆਰ ਓ ਪਲਾਂਟ), (ii) ਮੈਸਰਜ਼ ਐਸ ਆਰ ਪਰਿਆਵਰਨ (ਪੀ) ਲਿਮਟਿਡ (139 ਆਰ ਓ ਪਲਾਂਟ), ਅਤੇ (iii) ਮੈਸਰਜ਼ ਗਰਗ ਸੰਨਜ਼ (60 ਆਰ ਓ ਪਲਾਂਟ)।

30 ਸਬੰਧਤ ਡਬਲਿਊ ਐਸ ਐਸ ਡਿਵੀਜ਼ਨਾਂ ਦੇ ਈ ਈਜ਼ ਅਤੇ ਜਲ ਸਪਲਾਈ ਤੇ ਸੈਂਨੀਟੇਸ਼ਨ ਵਿਭਾਗ ਦੇ ਮੁਖੀ ਦਾ ਦਫ਼ਤਰ।

31 ਡਬਲਿਊ ਐਸ ਐਸ ਡਿਵੀਜ਼ਨਾਂ- (i) ਰਾਜਪੁਰਾ; (ii) ਨੰ 2 ਪਟਿਆਲਾ; (iii) ਬਰਨਾਲਾ; (iv) ਬਟਾਲਾ; (v) ਗੁਰਦਾਸਪੁਰ; ਅਤੇ (vi) ਐਸ ਬੀ ਐਸ ਨਗਰ।

32 ਡਬਲਿਊ ਐਸ ਐਸ ਡਿਵੀਜ਼ਨਾਂ - (i) ਰਾਜਪੁਰਾ : ₹ 1.97 ਕਰੋੜ; (ii) ਨੰ. 2 ਪਟਿਆਲਾ : ₹ 0.96 ਕਰੋੜ; (iii) ਬਰਨਾਲਾ ₹ 1.62 ਕਰੋੜ; (iv) ਬਟਾਲਾ : ₹ 0.69 ਕਰੋੜ; (v) ਗੁਰਦਾਸਪੁਰ : ₹ 0.13 ਕਰੋੜ; ਅਤੇ (vi) ਐਸ ਬੀ ਐਸ ਨਗਰ : ₹ 0.81 ਕਰੋੜ।

33 ਇਕਰਾਨਾਮੇ ਦੀ ਧਾਰਾ - 2 ਅਤੇ 3 "ਕੰਮ ਕੀਤੇ ਜਾਣ ਲਈ ਦਿੱਤਾ ਗਿਆ ਸਮਾਂ ਇਸ ਠੇਕੇ ਦਾ ਤੱਤ ਹੋਵੇਗਾ ਅਤੇ ਇਸ ਦੀ ਕਰੜਾਈ ਨਾਲ ਪਾਲਣਾ ਕੀਤੀ ਜਾਵੇਗੀ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਠੇਕੇ ਦੀ ਰਾਸ਼ੀ ਦੇ 7.5 ਪ੍ਰਤੀਸ਼ਤ ਤੱਕ ਦਾ ਦੰਡ ਲਿਕਵੀਡੇਟਡ ਚਾਰਜ਼ ਵਜੋਂ ਲਾਇਆ ਜਾਵੇਗਾ।"

34 ਡਬਲਿਊ ਐਸ ਐਸ ਡਿਵੀਜ਼ਨ- (i) ਰਾਜਪੁਰਾ: ₹ 0.34 ਕਰੋੜ; (ii) ਨੰ 2 ਪਟਿਆਲਾ: ₹ 0.12 ਕਰੋੜ; (iii) ਬਰਨਾਲਾ: ₹ 0.22 ਕਰੋੜ; (iv) ਬਟਾਲਾ: ₹ 0.15 ਕਰੋੜ; (v) ਗੁਰਦਾਸਪੁਰ: ₹ 0.04 ਕਰੋੜ; ਅਤੇ (vi) ਐੱਸ ਬੀ ਐੱਸ ਨਗਰ: ₹ 0.09 ਕਰੋੜ।

ਠੇਕੇਦਾਰ ਨੇ ਵਿਭਾਗ ਦੇ ਫੈਸਲੇ ਦੇ ਖਿਲਾਫ ਵੱਖ-ਵੱਖ ਆਰਬੀਟ੍ਰੇਟਰਾਂ ਕੋਲ ਪਹੁੰਚ ਕੀਤੀ (ਅਕਤੂਬਰ 2018)। ਜਦੋਂਕਿ, ਵਿਭਾਗ ਨੇ ਬਕਾਇਆ ਕੰਮ ਲਈ ਟੈਂਡਰ ਮੰਗੇ (ਜੁਲਾਈ 2019) ਪਰ ਟੈਂਡਰ ਮੁਕੰਮਲ ਹੋ ਕੇ ਇਕਰਾਰਨਾਮਿਆਂ ਦਾ ਰੂਪ ਨਹੀਂ ਲੈ ਸਕੇ। ਇਸ ਤੋਂ ਇਲਾਵਾ, ਆਰਬੀਟਰੇਟਰਾਂ ਦੁਆਰਾ ਆਰਬੀਟਰੇਸ਼ਨ ਮਾਮਲਿਆਂ ਨੂੰ ਖਾਰਜ ਕਰ ਦਿੱਤਾ ਗਿਆ ਸੀ (ਜੁਲਾਈ ਅਤੇ ਅਗਸਤ 2020)।

ਇਸ ਦੌਰਾਨ ਵਿਭਾਗ ਵੱਲੋਂ ਆਪਣੇ ਆਪ ਹੀ ਨੌਂ ਆਰ ਓ ਪਲਾਂਟ ਲਗਾਉਣ ਦਾ ਕੰਮ ਮੁਕੰਮਲ ਕਰ ਲਿਆ ਗਿਆ ਸੀ। ਇਸ ਤਰ੍ਹਾਂ, 92 ਆਰ ਓ ਪਲਾਂਟ ਅਜੇ ਵੀ ਅਧੂਰੇ ਪਏ ਸਨ ਅਤੇ ਵਿਭਾਗ ਵੱਲੋਂ ਜੁਲਾਈ 2019 ਤੋਂ ਬਾਅਦ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ।



**ਖਰਾਜਪੁਰ ਅਤੇ ਇਸਲਾਮਪੁਰ, ਰਾਜਪੁਰਾ ਵਿੱਚ ਬੇਕਾਰ ਪਈ ਮਸ਼ੀਨਾਂ** (29.12.2021)

ਧਿਆਨ ਵਿੱਚ ਲਿਆਉਣ ਤੇ, ਵਿਭਾਗ ਨੇ ਕਿਹਾ (ਦਸੰਬਰ 2021) ਕਿ 92 ਆਰ ਓ ਪਲਾਂਟ ਆਰਬੀਟਰੇਸ਼ਨ ਅਧੀਨ ਸਨ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਜੋ (ੳ) ਅਰਬੀਟਰੇਸ਼ਨ ਕੇਸ ਜੁਲਾਈ ਅਤੇ ਅਗਸਤ 2020 ਵਿਚਕਾਰ ਬੰਦ ਕਰ ਦਿੱਤੇ ਗਏ ਸਨ; ਅਤੇ (ਅ) ਅਰਬੀਟਰੇਸ਼ਨ ਦੀਆਂ ਪ੍ਰਕਿਰਿਆਵਾਂ ਦਾ ਚਲ ਰਹੇ ਕੰਮਾਂ/ਪ੍ਰੋਜੈਕਟਾਂ ਦੇ ਪੂਰਾ ਹੋਣ ਤੇ ਅਸਰ ਪੈਣ ਦੀ ਉਮੀਦ ਨਹੀਂ ਹੈ। ਇਹ ਵੱਡੇ ਖਰਚੇ ਕਰਨ ਦੇ ਬਾਵਜੂਦ ਆਰ ਓ ਪਲਾਂਟ ਦੀ ਸਥਾਪਨਾ ਵਿੱਚ ਵਿਭਾਗ ਵੱਲੋਂ ਕੀਤੀ ਅਣਗਹਿਲੀ ਨੂੰ ਦਰਸਾਉਂਦਾ ਹੈ।

ਇਸ ਤਰ੍ਹਾਂ, ਵਿਭਾਗ ਆਪਣੀ ਮਨਜ਼ੂਰੀ ਦੇ ਸੱਤ ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਬਾਕੀ 92 ਆਰ ਓ ਪਲਾਂਟ ਲਗਾਉਣ ਵਿੱਚ ਅਸਫਲ ਰਿਹਾ, ਜਿਸ ਦੇ ਨਤੀਜੇ ਵਜੋਂ ਲਾਭਦਾਇਕ ਸਾਬਿਤ ਨਾ ਹੋਇਆ ₹ 7.47 ਕਰੋੜ[35] ਦਾ ਨਿਰੋਲ ਖਰਚਾ ਕਰਨ ਦੇ ਬਾਵਜੂਦ ਪਿੰਡਾਂ ਦੇ ਵਸਨੀਕਾਂ ਨੂੰ ਸੁਰੱਖਿਅਤ ਪਾਣੀ ਤੋਂ ਵਾਂਝੇ ਰਹਿਣਾ ਪਿਆ।

### 2.4.4 ਸਥਾਪਿਤ ਆਰ ਓ ਪਲਾਂਟਾਂ ਦਾ ਘੱਟ ਪ੍ਰਵੇਸ਼

ਆਰ ਓ ਪਲਾਂਟ ਲਗਾਉਣ ਲਈ ਅਲਾਟਮੈਂਟ ਪੱਤਰ ਦੀਆਂ ਸ਼ਰਤਾਂ ਅਨੁਸਾਰ ਠੇਕੇਦਾਰ ਸੂਚਨਾ, ਸਿੱਖਿਆ ਅਤੇ ਸੰਚਾਰ (ਆਈ ਈ ਸੀ) ਗਤੀਵਿਧੀਆਂ, ਜਾਗਰੂਕਤਾ ਮੁਹਿੰਮ ਚਲਾਉਣ ਅਤੇ ਪਾਣੀ ਦੀਆਂ ਦਰਾਂ ਦੀ ਉਗਰਾਹੀ ਆਦਿ ਕਰਨ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ। ਇਸੇ ਤਰ੍ਹਾਂ, ਨਾਬਾਰਡ-XIX ਸਕੀਮ ਅਧੀਨ ਠੇਕੇਦਾਰ ਪ੍ਰਵੇਸ਼ ਪੱਧਰ ਵਿੱਚ ਵਾਧਾ ਕਰਨ ਲਈ ਜ਼ਿੰਮੇਵਾਰ ਸੀ ਕਿਉਂਜੋ ਸੰਚਾਲਨ ਅਤੇ ਰੱਖ-ਰਖਾਅ ਕਰਨਾ ਠੇਕੇਦਾਰ ਦੀ ਜ਼ਿੰਮੇਵਾਰੀ ਸੀ। ਪ੍ਰੰਤੂ ਲਗਾਏ ਗਏ ਆਰ ਓ ਪਲਾਂਟਾਂ ਦਾ ਪ੍ਰਵੇਸ਼ ਪੱਧਰ[36] ਤਸੱਲੀਬਖਸ਼ ਨਹੀਂ ਸੀ ਜਿਵੇਂ ਕਿ **ਸਾਰਣੀ** 2.3 ਵਿੱਚ ਦਿੱਤਾ ਗਿਆ ਹੈ।

---

[35] ਠੇਕੇਦਾਰ ਦਾ ਭੁਗਤਾਨ: ₹ 6.18 ਕਰੋੜ ਅਤੇ ਵਿਭਾਗ ਦੁਆਰਾ ਕੀਤਾ ਗਿਆ ਖਰਚਾ ₹ 1.29 ਕਰੋੜ।

[36] ਕੁੱਲ ਪਰਿਵਾਰਾਂ ਦੇ ਟਾਕਰੇ ਵਿੱਚ ਆਰ ਓ ਤੋਂ ਪਾਣੀ ਲੈਣ ਵਾਲੇ ਪਰਿਵਾਰਾਂ ਦੀ ਸੰਖਿਆ।

**ਸਾਰਣੀ 2.3 : ਲਗਾਏ ਗਏ ਆਰ ਓ ਪਲਾਂਟਾਂ ਦਾ ਪ੍ਰਵੇਸ਼ ਪੱਧਰ**

| ਸਕੀਮ ਦਾ ਨਾਂਅ | ਕੁੱਲ ਲਾਏ ਗਏ ਆਰ ਓ | ਆਰ ਓ ਜਿਸਦਾ ਪ੍ਰਵੇਸ਼ ਸਿਫਰ ਹੈ | 0 ਤੋਂ 10 *ਪ੍ਰਤੀਸ਼ਤ* ਦੇ ਵਿਚਕਾਰ ਪ੍ਰਵੇਸ਼ | 10 ਤੋਂ 25 *ਪ੍ਰਤੀਸ਼ਤ* ਦੇ ਵਿਚਕਾਰ ਪ੍ਰਵੇਸ਼ | 25 *ਪ੍ਰਤੀਸ਼ਤ* ਤੋਂ ਵੱਧ ਪ੍ਰਵੇਸ਼ | ਰਿਕਾਰਡ ਉਪਲਬਧ ਨਹੀਂ ਹੈ |
|---|---|---|---|---|---|---|
| ਆਰ ਆਈ ਡੀ ਐਫ-XIX (ਨਬਾਰਡ) ਅਧੀਨ ਆਰ ਓ ਪਲਾਂਟਾਂ ਦੀ ਸਥਾਪਨਾ | 440 | --. | 227 | -- | | 213 |
| ਨੀਤੀ ਆਯੋਗ ਦੀ ਸਿਫ਼ਾਰਸ਼ 'ਤੇ ਵਿਸ਼ੇਸ਼ ਸਹਾਇਤਾ ਵਿੱਚੋਂ ਵਾਟਰ ਟਰੀਟਮੈਂਟ ਪਲਾਂਟਾਂ ਦੀ ਸਥਾਪਨਾ | 43 | 8 | 18 | 4 | | 13 ਗੈਰ-ਕਾਰਜਸ਼ੀਲ |
| ਆਰ ਆਈ ਡੀ ਐਫ-XXII (ਨਬਾਰਡ) ਅਧੀਨ ਆਰ ਓ ਪਲਾਂਟ ਦੀ ਸਥਾਪਨਾ | 97 | 25 | 22 | 12 | 10 | 28 |
| **ਜੋੜ** | **580** | **33** | **267** | **16** | **10** | **254** |

*ਸ੍ਰੋਤ: ਵਿਭਾਗੀ ਡਾਟਾ*

ਉਪਰੋਕਤ ਸਾਰਣੀ ਤੋਂ ਸਪੱਸ਼ਟ ਹੁੰਦਾ ਹੈ ਕਿ:

- 326 ਆਰ ਓ ਪਲਾਂਟਾਂ (56 *ਪ੍ਰਤੀਸ਼ਤ*) ਦੇ ਸਬੰਧ ਵਿੱਚ ਸੂਚਨਾ ਦਿੱਤੀ ਗਈ ਸੀ। 326 ਪਲਾਂਟਾਂ ਵਿੱਚੋਂ 300 (92 *ਪ੍ਰਤੀਸ਼ਤ*) ਦਾ ਪ੍ਰਵੇਸ਼ 10 *ਪ੍ਰਤੀਸ਼ਤ* ਤੋਂ ਘੱਟ ਸੀ।
- ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਠੇਕੇਦਾਰ ਦੁਆਰਾ ਆਰ ਓ ਓਪਰੇਟਰ ਦੀ ਨਿਯੁਕਤੀ ਨਾ ਕੀਤੇ ਜਾਣ ਕਰਕੇ ਜਾਂ ਪਲਾਂਟਾਂ ਦੀ ਲਾਭਪਾਤਰੀਆਂ ਦੀਆਂ ਰਿਹਾਇਸ਼ਾਂ ਤੋਂ ਦੂਰੀ ਹੋਣ ਕਰਕੇ, ਅੱਠ ਆਰ ਓ ਪਲਾਂਟਾਂ ਦੇ ਸਬੰਧ ਵਿੱਚ ਸਿਫਰ ਪ੍ਰਵੇਸ਼ ਸੀ ਅਤੇ 13 ਆਰ ਓ ਪਲਾਂਟ, ਗੈਰ-ਕਾਰਜਸ਼ੀਲ ਪਾਏ ਗਏ ਸਨ।
- 11[37] ਆਰ ਓ ਪਲਾਂਟਾਂ ਦਾ ਸੰਯੁਕਤ ਭੌਤਿਕ ਤਸਦੀਕਣ ਕੀਤਾ ਗਿਆ ਸੀ (ਦਸੰਬਰ 2021), ਇਹਨਾਂ ਵਿੱਚੋਂ ਨੌਂ ਆਰ ਓ ਪਲਾਂਟਾਂ ਦਾ ਪ੍ਰਵੇਸ਼ ਪੱਧਰ ਜ਼ੀਰੋ ਅਤੇ 23.80 *ਪ੍ਰਤੀਸ਼ਤ* ਦੇ ਵਿਚਕਾਰ ਸੀ ਅਤੇ ਰਾਜਪੁਰਾ ਵਿੱਚ ਦੋ ਆਰ ਓ ਪਲਾਂਟ ਗੈਰ-ਕਾਰਜਸ਼ੀਲ ਪਾਏ ਗਏ ਸਨ।

ਪੀ ਏ ਸੀ ਨੇ 31 ਮਾਰਚ 2014 ਨੂੰ ਸਮਾਪਤ ਹੋਏ ਸਾਲ ਲਈ ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ ਦੇ ਪੈਰਾ 3.20.3.2 (ੳ) 'ਤੇ ਚਰਚਾ ਕਰਦੇ ਹੋਏ, ਸਿਫ਼ਾਰਸ਼ ਕੀਤੀ (ਦਸੰਬਰ 2017) ਕਿ ਜਿੱਥੇ ਪਾਣੀ ਦੀ ਗੁਣਵੱਤਾ ਪ੍ਰਭਾਵਿਤ ਹੁੰਦੀ ਹੋਵੇ, ਉਥੇ ਪਿੰਡ ਵਾਸੀਆਂ ਨੂੰ ਪੀਣ ਲਈ ਆਰ ਓ ਪਾਣੀ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰਨ ਲਈ ਵਿਭਾਗ ਨੂੰ ਸਥਾਨਕ ਪ੍ਰਤੀਨਿਧਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਵਿਭਾਗ ਨੇ ਪੀ ਏ ਸੀ ਦੀ ਸਿਫ਼ਾਰਸ਼ 'ਤੇ ਭਵਿੱਖ ਵਿੱਚ ਸੁਧਾਰਾਤਮਕ ਕਾਰਵਾਈ ਕਰਨ ਦਾ ਭਰੋਸਾ ਦਿੱਤਾ।

ਲੇਖਾ ਪ੍ਰੀਖਿਆ ਟਿੱਪਣੀ ਨੂੰ ਸਵੀਕਾਰਦੇ ਹੋਣੇ ਵਿਭਾਗ ਨੇ ਕਿਹਾ (ਮਾਰਚ ਅਤੇ ਦਸੰਬਰ 2021) ਕਿ ਪਿੰਡ ਵਾਸੀਆਂ ਨੂੰ ਆਰ ਓ ਪਾਣੀ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਨ ਲਈ ਲਗਾਤਾਰ ਆਈ ਈ ਸੀ ਗਤੀਵਿਧੀਆਂ ਦੀ ਲੋੜ ਸੀ। ਇਸ ਤਰ੍ਹਾਂ, ਪੀ ਏ ਸੀ ਦੀਆਂ ਸਿਫ਼ਾਰਿਸ਼ਾਂ ਅਤੇ ਵਿਭਾਗ ਵੱਲੋਂ ਦਿੱਤੇ ਭਰੋਸੇ ਦੇ ਬਾਵਜੂਦ, ਸੁਧਾਰਾਤਮਕ ਉਪਾਅ ਨਹੀਂ ਕੀਤੇ ਗਏ ਸਨ।

[37] ਰਾਜਪੁਰਾ- 06 ਅਤੇ ਫਤਿਹਗੜ੍ਹ ਸਾਹਿਬ- 05 ।

### 2.4.5 ਆਰ ਓ ਪਲਾਂਟਾਂ ਤੋਂ ਨਕਾਰੇ ਗਏ ਪਾਣੀ ਦਾ ਅਣਉਚਿਤ ਨਿਪਟਾਰਾ

ਠੇਕੇ ਦੀਆਂ ਸ਼ਰਤਾਂ ਅਨੁਸਾਰ ਫਟਕੜੀ ਅਤੇ ਚਾਰਕੋਲ/ਕਾਰਬਨ (ਟਰੀਟਮੈਂਟ ਚੈਂਬਰ) ਨਾਲ ਸੋਧ ਕਰਨ ਉਪਰੰਤ ਨਕਾਰੇ ਗਏ ਪਾਣੀ ਨੂੰ ਨੇੜਲੇ ਤਲਾਬ ਵਿੱਚ ਨਿਪਟਾਰਾ ਕਰਨ ਦੀ ਜਿੰਮੇਵਾਰੀ ਠੇਕਾ ਏਜੰਸੀ ਦੀ ਹੈ। ਭਾਰੀ ਧਾਤ ਵਾਲੇ ਗਾੜੇ ਠੋਸ ਰਸਾਇਣਾਂ ਦਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੀ ਪੀ ਸੀ ਬੀ ਵੱਲੋਂ ਘੱਟ ਤੋਂ ਘੱਟ ਹਰ ਛੇ ਮਹੀਨੇ ਉਪਰੰਤ ਪ੍ਰਵਾਨਿਤ ਇੱਕ ਥਾਂ ਤੇ ਨਿਪਟਾਰਾ ਕੀਤਾ ਜਾਣਾ ਸੀ। ਇਸ ਦੇ ਨਾਲ ਇਹ ਵੀ ਕਿ ਵਾਤਾਵਰਣ (ਸੰਭਾਲ) ਐਕਟ 1986 ਅਧੀਨ ਬਣਾਈ ਗਈ ਹੈਜ਼ਾਰਡਸ ਵੇਸਟ (ਮਨੇਜਮੈਂਟ ਅਤੇ ਹੈਂਡਲਿੰਗ) ਨਿਯਮਾਵਲੀ, 1989 ਦੇ ਨਿਯਮ 8(ਏ) (3) ਅਨੁਸਾਰ ਖਤਰਨਾਕ ਰਹਿੰਦ-ਖੂੰਹਦ ਦੇ ਨਿਪਟਾਰਾ ਕਰਨ ਦੀ ਫਸਿਲਟੀ ਸਥਾਪਿਤ ਕਰਨ ਅਤੇ ਸੰਚਾਲਨ ਕਰਨ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਨਿਗਰਾਨੀ ਕਰਨੀ ਸੀ।

ਇਹ ਵੇਖਿਆ ਗਿਆ (ਫਰਵਰੀ 2021 ਅਤੇ ਦਸੰਬਰ 2021 ਵਿਚਕਾਰ) ਕਿ ਨਾਬਾਰਡ-XIX ਅਧੀਨ, 21 ਡਿਵੀਜ਼ਨਾਂ ਵਿੱਚ 440 ਆਰ ਓ ਪਲਾਂਟ ਲਗਾਏ ਗਏ ਸਨ। ਇਸ ਤੋਂ ਇਲਾਵਾ, 12 ਡਿਵੀਜ਼ਨਾਂ (292 ਆਰ ਓ ਪਲਾਂਟਾਂ) ਦਾ ਰਿਕਾਰਡ ਲੇਖਾ ਪ੍ਰੀਖਿਆ ਨੂੰ ਉਪਲਬਧ ਕਰਵਾਇਆ ਗਿਆ ਸੀ। ਇਸ ਵਿੱਚੋਂ, ਦੋ ਡਿਵੀਜ਼ਨਾਂ[38] (ਸੱਤ ਆਰ ਓ ਪਲਾਂਟ) ਵਿੱਚ ਨਕਾਰੇ ਗਏ ਪਾਣੀ ਦਾ ਨਿਪਟਾਰਾ ਸਹੀ ਢੰਗ ਨਾਲ ਕੀਤਾ ਜਾ ਰਿਹਾ ਸੀ। ਬਾਕੀ ਦਸ ਡਿਵੀਜ਼ਨਾਂ ਵਿੱਚ, 29 ਆਰ ਓ ਪਲਾਂਟਾਂ ਦੇ ਨਕਾਰੇ ਹੋਏ ਪਾਣੀ ਦਾ ਨਿਪਟਾਰਾ ਸਹੀ ਢੰਗ ਨਾਲ ਕੀਤਾ ਜਾ ਰਿਹਾ ਸੀ ਜਦੋਂ ਕਿ 256 ਆਰ ਓ ਪਲਾਂਟਾਂ ਦੇ ਸਬੰਧ ਵਿੱਚ ਨਾ ਤਾਂ ਠੇਕੇਦਾਰ ਅਤੇ ਨਾ ਹੀ ਵਿਭਾਗ ਨੇ ਇਕਰਾਰਨਾਮੇ ਦੇ ਉਪਬੰਧ ਅਨੁਸਾਰ ਨਕਾਰੇ ਗਏ ਪਾਣੀ ਦੇ ਨਿਪਟਾਰੇ ਦਾ ਪ੍ਰਬੰਧ ਕੀਤਾ ਸੀ *(ਅੰਤਿਕਾ 2.2)*।

11 ਆਰ ਓ ਪਲਾਂਟਾਂ ਦੀ ਸਾਂਝੀ ਭੌਤਿਕ ਜਾਂਚ (ਦਸੰਬਰ 2021) ਦੇ ਨਤੀਜੇ ਨੇ ਦਰਸਾਇਆ ਕਿ ਦੋ ਪਲਾਂਟ (ਰਾਜਪੁਰਾ) ਗੈਰ-ਕਾਰਜਸ਼ੀਲ ਸਨ। ਬਾਕੀ ਬਚੇ ਨੌਂ ਆਰ ਓ ਪਲਾਂਟਾਂ ਵਿੱਚ ਨਕਾਰੇ ਹੋਏ ਪਾਣੀ ਦੇ ਨਿਪਟਾਰੇ ਦਾ ਕੋਈ ਢੁਕਵਾਂ ਪ੍ਰਬੰਧ ਨਹੀਂ ਸੀ ਕਿਉਂਕਿ ਹੌਦੀ ਦਾ ਨਿਰਮਾਣ ਕੀਤਾ ਗਿਆ ਸੀ ਪਰ ਫਟਕੜੀ ਅਤੇ ਚਾਰਕੋਲ/ ਕਾਰਬਨ ਨਾਲ ਟਰੀਟ ਕੀਤਾ ਨਹੀਂ ਪਾਇਆ ਗਿਆ ਸੀ।



21.12.2021 ਨੂੰ ਸ਼ੇਰਗੜ੍ਹ (ਫਤਿਹਗੜ੍ਹ ਸਾਹਿਬ) ਵਿਖੇ ਆਰ ਓ ਪਲਾਂਟ ਦੇ ਪਾਣੀ ਦਾ ਨਿਪਟਾਰਾ

ਅਜਿਹਾ ਕੁੱਝ ਵੀ ਰਿਕਾਰਡ ਕੀਤਾ ਨਹੀਂ ਸੀ ਜਿਸ ਤੋਂ ਪਤਾ ਲੱਗੇ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਵੱਲੋਂ ਇਕਰਾਰਨਾਮੇ ਵਿੱਚ ਦਿੱਤੇ ਗਏ ਅਨੁਸਾਰ, ਨਕਾਰੇ ਗਏ ਪਾਣੀ ਦੇ ਤਲਾਬ ਵਿੱਚ ਨਿਪਟਾਰੇ ਲਈ ਕੋਈ ਕਾਰਵਾਈ ਕੀਤੀ ਗਈ ਸੀ, ਜੋ ਕਿ ਪੀ ਪੀ ਸੀ ਬੀ ਵਲੋਂ ਨਿਗਰਾਨੀ ਕੀਤੇ ਜਾਣ ਦੀ ਘਾਟ ਨੂੰ ਦਰਸਾਉਂਦਾ ਹੈ।

---

[38] ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨਾਂ (i) ਨੰ.1 ਹੁਸ਼ਿਆਰਪੁਰ - ਦੋ ਆਰ ਓ ਪਲਾਂਟਸ ; (ii) ਨੰ.2 ਹੁਸ਼ਿਆਰਪੁਰ- ਪੰਜ ਆਰ ਓ ਪਲਾਂਟਸ ।

ਧਿਆਨ ਵਿੱਚ ਲਿਆਂਦੇ ਜਾਣ ਤੇ (ਫਰਵਰੀ,ਮਾਰਚ 2021 ਅਤੇ ਦਸੰਬਰ 2021), ਈ ਈ, ਡਬਲਿਯੂ ਐਸ ਐਸ ਡਿਵੀਜ਼ਨ, ਫਤਿਹਗੜ੍ਹ ਸਾਹਿਬ ਨੇ ਤੱਥਾਂ ਨੂੰ ਸਵੀਕਾਰ ਕੀਤਾ। ਈ ਈ, ਡਬਲਿਯੂ ਐਸ ਐਸ ਡਿਵੀਜ਼ਨ, ਰਾਜਪੁਰਾ ਨੇ ਦੱਸਿਆ ਕਿ ਗੈਰ-ਕਾਰਜਸ਼ੀਲ ਆਰ ਓ ਪਲਾਂਟਾਂ ਨੂੰ ਚਲਾਉਣ ਲਈ ਯਤਨ ਕੀਤੇ ਜਾ ਰਹੇ ਸਨ ਅਤੇ ਨਕਾਰੇ ਗਏ ਪਾਣੀ ਦੇ ਨਿਪਟਾਰੇ ਲਈ ਇਕਰਾਰਨਾਮੇ ਅਨੁਸਾਰ ਪ੍ਰਬੰਧ ਕੀਤੇ ਜਾਣਗੇ। ਈ ਈ, ਡਬਲਿਯੂ ਐਸ ਐਸ ਡਿਵੀਜ਼ਨ ਨੰ 1, ਅੰਮ੍ਰਿਤਸਰ ਨੇ ਕਿਹਾ (ਦਸੰਬਰ 2021) ਕਿ ਵਸੂਲੀ ਕਰ ਲਈ ਜਾਵੇਗੀ। ਇਨ੍ਹਾਂ ਦੋ ਮੰਡਲਾਂ ਦੇ ਸਬੰਧ ਵਿੱਚ ਵਿਭਾਗ ਦਾ ਉੱਤਰ ਸਵੀਕਾਰਯੋਗ ਨਹੀਂ ਸੀ ਕਿਉਂਜੋ ਕੁਤਾਹੀ ਕਰਨ ਵਾਲੀਆਂ ਏਜੰਸੀਆਂ/ ਵਿਭਾਗੀ ਅਫ਼ਸਰਾਂ ਦੀ ਜ਼ਿੰਮੇਵਾਰੀ ਤੈਅ ਨਹੀਂ ਕੀਤੀ ਗਈ ਸੀ। ਇਸ ਤੋਂ ਇਲਾਵਾ, ਇਨ੍ਹਾਂ ਮਾਮਲਿਆਂ ਵਿੱਚ ਪੀ ਪੀ ਸੀ ਬੀ ਨੂੰ ਆਪਣੇ ਕਰਮਚਾਰੀਆਂ ਵਿਰੁੱਧ ਉਨ੍ਹਾਂ ਵੱਲੋਂ ਉਚਿਤ ਨਿਗਰਾਨੀ ਕੀਤੇ ਜਾਣ ਦੀ ਘਾਟ ਲਈ ਢੁਕਵੀਂ ਕਾਰਵਾਈ ਕਰਨੀ ਚਾਹੀਦੀ ਹੈ। ਸੱਤ ਡਿਵੀਜ਼ਨਾਂ ਦੇ ਜਵਾਬਾਂ ਦੀ ਉਡੀਕ ਹੈ (ਨਵੰਬਰ 2022)।

ਇਸ ਤਰ੍ਹਾਂ, ਇਕਰਾਰਨਾਮੇ ਦੀ ਧਾਰਾ ਲਾਗੂ ਕੀਤੇ ਜਾਣ ਕਾਰਨ, ਨਕਾਰੇ ਗਏ ਪਾਣੀ ਨੂੰ ਜਾਂ ਤਾਂ ਨੇੜਲੇ ਤਲਾਬਾਂ ਵਿੱਚ ਜਾਂ ਖੁੱਲ੍ਹੇ ਖੇਤਰ ਵਿੱਚ ਛੱਡਿਆਂ ਜਾ ਰਿਹਾ ਸੀ ਜੋ ਕਿ ਅੰਤ ਵਿੱਚ ਧਰਤੀ ਵਿੱਚ ਰਿਸ ਰਿਹਾ ਸੀ ਅਤੇ ਧਰਤੀ ਹੇਠਲੇ ਪਾਣੀ ਨੂੰ ਦੁਬਾਰਾ ਦੂਸ਼ਿਤ ਕਰ ਰਿਹਾ ਸੀ।

### 2.4.6 ਆਰ ਓ ਰਾਹੀਂ ਸੋਧਿਤ ਪਾਣੀ ਦੀ ਜਾਂਚ

ਇਕਰਾਰਨਾਮੇ ਦੀ ਧਾਰਾ 7.2.4 ਅਤੇ 7.2.8 ਦੇ ਅਨੁਸਾਰ, ਠੇਕੇਦਾਰਾਂ ਕੋਲ ਇੱਕ ਮਹੀਨੇ ਵਿੱਚ ਇੱਕ ਵਾਰ ਸਾਰੇ ਮਾਪਦੰਡਾਂ ਲਈ ਪਾਣੀ ਦੇ ਸੈਂਪਲਾ ਦਾ ਵਿਸ਼ਲੇਸ਼ਣ ਕਰਨ ਲਈ ਆਪਣੀਆਂ ਟੈਸਟਿੰਗ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ। ਵਿਭਾਗ ਦੀਆਂ ਪ੍ਰਯੋਗਸ਼ਾਲਾਵਾਂ ਵਿੱਚ ਵੀ ਪਾਣੀ ਦੀ ਗੁਣਵੱਤਾ ਦੀ ਜਾਂਚ ਕਰਨੀ ਬਣਦੀ ਸੀ।

ਰਿਕਾਰਡ ਦੀ ਪੜਤਾਲ (ਨਵੰਬਰ ਅਤੇ ਦਸੰਬਰ 2021) ਤੋਂ ਪਤਾ ਲੱਗਾ ਹੈ ਕਿ 28 ਡਿਵੀਜ਼ਨਾਂ ਵਿੱਚ 580 ਆਰ ਓ ਪਲਾਂਟ ਲਗਾਏ ਗਏ ਸਨ। ਇਸ ਤਰ੍ਹਾਂ, ਸੋਧਿਤ ਪਾਣੀ ਦੀ ਜਾਂਚ ਠੇਕੇਦਾਰ ਅਤੇ ਵਿਭਾਗ ਵੱਲੋਂ ਕੀਤੀ ਜਾਣੀ ਸੀ। ਪਰ 27 ਡਿਵੀਜ਼ਨਾਂ ਵੱਲੋਂ ਪਾਣੀ ਦੀ ਜਾਂਚ ਰਿਪੋਰਟ ਮੁਹੱਈਆ ਨਹੀਂ ਕਰਵਾਈ ਗਈ ਸੀ, ਜਦੋਂਕਿ 12 ਆਰ ਓ ਪਲਾਂਟਾਂ ਦੇ ਸਬੰਧ ਵਿੱਚ ਸਿਰਫ ਇੱਕ ਡਿਵੀਜ਼ਨ[39] ਵੱਲੋਂ ਟੈਸਟ ਰਿਪੋਰਟਾਂ ਮੁਹੱਈਆ ਕਰਵਾਈਆਂ ਗਈਆਂ ਸਨ। ਇਨ੍ਹਾਂ ਰਿਪੋਰਟਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਪਾਇਆ ਗਿਆ ਕਿ ਸੋਧਿਤ ਪਾਣੀ ਖਪਤਯੋਗ ਸੀ ਕਿਉਂਜੋ ਇਸ ਦੇ ਨਤੀਜੇ ਸਵੀਕਾਰਯੋਗ ਸੀਮਾ ਦੇ ਅੰਦਰ ਸਨ।

11 ਆਰ ਓ ਪਲਾਂਟਾਂ ਦੀ ਭੌਤਿਕ ਜਾਂਚ ਦੌਰਾਨ, ਇਹ ਵੇਖਿਆ ਗਿਆ ਕਿ ਇਕਰਾਰਨਾਮੇ ਦੀਆਂ ਧਾਰਾਵਾਂ ਦੀ ਉਲੰਘਣਾ ਕਰਦੇ ਹੋਏ ਸਾਰੇ ਨੌਂ ਕਾਰਜਸ਼ੀਲ ਆਰ ਓ ਪਲਾਂਟਾਂ ਵਿੱਚ (ਰਾਜਪੁਰਾ-04 ਅਤੇ ਫਤਿਹਗੜ੍ਹ ਸਾਹਿਬ-05) ਆਰ ਓ ਪਾਣੀ ਦੀ ਜਾਂਚ ਨਾ ਤਾਂ ਠੇਕੇਦਾਰ ਵੱਲੋਂ ਕੀਤੀ ਜਾ ਰਹੀ ਸੀ ਅਤੇ ਨਾ ਹੀ ਵਿਭਾਗ ਵੱਲੋਂ ਕੀਤੀ ਜਾ ਰਹੀ ਸੀ।

[39] ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ 2, ਜਲੰਧਰ ।

ਧਿਆਨ ਵਿੱਚ ਲਿਆਂਦੇ ਜਾਣ ਤੇ ਈ ਈ, ਡਬਲਿਯੂ ਐਸ ਐਸ, ਰਾਜਪੁਰਾ ਨੇ ਕਿਹਾ ਕਿ ਸੈਂਪਲਾਂ ਦੀ ਜਾਂਚ ਕੀਤੀ ਜਾਵੇਗੀ, ਅਤੇ ਰਿਪੋਰਟ ਲੇਖਾ ਪ੍ਰੀਖਿਆ ਨੂੰ ਭੇਜੀ ਜਾਵੇਗੀ, ਜਦੋ ਕਿ ਈ ਈ, ਡਬਲਿਯੂ ਐਸ ਐਸ ਡਿਵੀਜ਼ਨ, ਫਤਿਹਗੜ੍ਹ ਸਾਹਿਬ ਨੇ ਕੇਵਲ ਤੱਥਾਂ ਨੂੰ ਸਵੀਕਾਰ ਕੀਤਾ।

## 2.5 ਸਿੱਟੇ

ਰਾਜ ਨੇ 1,258 ਆਰ ਓ ਪਲਾਂਟ ਲਗਾਉਣ ਦਾ ਫੈਸਲਾ ਲਿਆ ਜਿਸ ਲਈ ₹ 187.51 ਕਰੋੜ ਰੱਖੇ ਸਨ। ਇਨ੍ਹਾਂ ਵਿੱਚੋਂ ₹ 105.64 ਕਰੋੜ ਦੀ ਨਿਰਧਾਰਤ ਲਾਗਤ ਨਾਲ 703 ਪਲਾਂਟਾਂ ਦੀ ਟੈਂਡਰ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ, ਜਿਸ ਦੇ ਵਿਰੁੱਧ ₹ 80.14 ਕਰੋੜ ਦੀ ਲਾਗਤ ਨਾਲ 580 ਆਰ ਓ ਪਲਾਂਟ ਲਾਏ ਗਏ ਸਨ। ਇੰਜ ਸਾਰੇ ਯੋਜਿਤ 703 ਆਰ ਓ ਪਲਾਂਟ ਲਗਾ ਕੇ ਵਿਭਾਗ 2,70,781 ਪਰਿਵਾਰਾਂ ਨੂੰ ਲਾਭ ਪਹੁੰਚਾ ਸਕਦਾ ਸੀ ਪ੍ਰੰਤੂ ਯੋਜਿਤ ਕਵਰੇਜ ਤੋਂ ਲਗਭਗ 40,000 ਪਰਿਵਾਰ ਘੱਟ ਕਵਰ ਕੀਤੇ ਗਏ ਸਨ।

ਇਸ ਤੋਂ ਇਲਾਵਾ, ਵਿਭਾਗ 97 ਆਰ ਓ ਪਲਾਂਟ ਲਗਾਉਣ ਵਿੱਚ ਅਸਫਲ ਰਿਹਾ ਕਿਉਂਜੋ ਟੈਂਡਰ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਸੀ ਅਤੇ ਨੀਤੀ ਆਯੋਗ ਦੁਆਰਾ ਵਿਸ਼ੇਸ਼ ਸਹਾਇਤਾ ਅਧੀਨ ਆਰ ਓ ਪਲਾਂਟਾਂ ਨੂੰ ਛੱਡਣ/ ਆਰੰਭ ਨਾ ਕਰਨ/ ਅਧੂਰੇ ਹੋਣ ਕਾਰਨ ਵਿਭਾਗ ਦੁਆਰਾ 44 *ਪ੍ਰਤੀਸ਼ਤ* ਉਪਲਬਧ ਫੰਡਾਂ ਦੀ ਵਰਤੋਂ ਨਹੀਂ ਕੀਤੀ ਗਈ ਸੀ। ਨਾਬਾਰਡ XIX ਅਧੀਨ ₹ 7.47 ਕਰੋੜ ਖਰਚਣ ਦੇ ਬਾਵਜੂਦ 92 ਆਰ ਓ ਪਲਾਂਟ ਨਹੀਂ ਲਗਾਏ ਗਏ ਸਨ ਕਿਉਂਜੋ ਠੇਕੇਦਾਰ ਨੇ ਕੰਮ ਅਧੂਰਾ ਛੱਡ ਦਿੱਤਾ ਸੀ। ਲਗਾਏ ਗਏ ਆਰ ਓ ਪਲਾਂਟਾਂ ਦਾ ਪ੍ਰਵੇਸ਼ ਪੱਧਰ ਤਸੱਲੀਬਖਸ਼ ਨਹੀਂ ਸੀ ਕਿਉਂਜੋ ਇਹ 300 ਆਰ ਓ ਪਲਾਂਟਾਂ ਦੇ ਸਬੰਧ ਵਿੱਚ 10 *ਪ੍ਰਤੀਸ਼ਤ* ਤੋਂ ਘੱਟ ਸੀ ਅਤੇ 42 *ਪ੍ਰਤੀਸ਼ਤ* ਆਰ ਓ ਪਲਾਂਟਾਂ ਦਾ ਪ੍ਰਵੇਸ਼ ਪੱਧਰ ਉਪਲਬਧ ਨਹੀਂ ਸੀ। ਆਰ ਓ ਪਲਾਂਟ ਤੋਂ ਨਕਾਰੇ ਗਏ ਪਾਣੀ ਦਾ ਨਿਕਾਸ ਵਿਗਿਆਨਕ ਢੰਗ ਨਾਲ ਨਹੀਂ ਕੀਤਾ ਜਾ ਰਿਹਾ ਸੀ।

## 2.6 ਸਿਫਾਰਸ਼ਾਂ

ਸਰਕਾਰ ਹੇਠ ਲਿਖਤ ਬਾਰੇ ਵਿਚਾਰ ਕਰ ਸਕਦੀ ਹੈ:

*(ੳ)* *ਸਾਰੇ ਅਧੂਰੇ ਕੰਮਾਂ ਨੂੰ ਪਹਿਲ ਤੇ ਮੁਕੰਮਲ ਕਰਨ ਲਈ ਲੋੜੀਂਦੇ ਕਦਮ ਚੁੱਕਣ ਬਾਰੇ ਤਾਂ ਜੋ ਵਸੋਂ ਨੂੰ ਪੀਣ ਯੋਗ ਪਾਣੀ ਮੁਹੱਈਆਂ ਕਰਵਾਇਆ ਜਾ ਸਕੇ;*

*(ਅ)* *ਮੁਕੰਮਲ ਹੋਏ ਪ੍ਰੋਜੈਕਟਾਂ ਦਾ ਸੰਚਾਲਨ ਅਤੇ ਰੱਖ-ਰਖਾਵ ਉਚਿਤ ਢੰਗ ਨਾਲ ਕਰਨਾ ਚਾਹੀਦਾ ਹੈ;*

*(ੲ)* *ਮੁਕੰਮਲ ਹੋਏ ਆਰ ਓ ਪਲਾਂਟਾਂ ਦੇ ਪ੍ਰਵੇਸ਼ ਪੱਧਰ ਨੂੰ ਵਧਾਉਣ ਲਈ ਕਾਰਵਾਈ ਕਰਨ ਬਾਰੇ; ਅਤੇ*

*(ਸ)* *ਆਰ ਓ ਦੇ ਨਕਾਰੇ ਹੋਏ ਪਾਣੀ ਦੇ ਅਣਉਚਿਤ ਨਿਪਟਾਰੇ ਲਈ ਕੁਤਾਹੀ ਕਰਨ ਵਾਲੀਆਂ ਏਜੰਸੀਆਂ/ਵਿਭਾਗੀ ਅਫ਼ਸਰਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਉਚਿਤ ਅਤੇ ਵਿਗਿਆਨਕ ਨਿਪਟਾਰਾ ਕੀਤਾ ਜਾਵੇ।*

ਇਹ ਮਾਮਲਾ ਅਪ੍ਰੈਲ 2021 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਉੱਤਰ ਦੀ ਉਡੀਕ ਸੀ (ਨਵੰਬਰ 2022)।

# ਅਧਿਆਇ-III

## ਵਸਤਾਂ ਅਤੇ ਸੇਵਾਵਾਂ ਕਰ ਅਧੀਨ

## ਟਰਾਂਜ਼ੀਸ਼ਨਲ ਕ੍ਰੈਡਿਟ

# ਅਧਿਆਇ-III

# ਆਬਕਾਰੀ ਅਤੇ ਕਰਬੰਦੀ ਵਿਭਾਗ

# ਵਸਤਾਂ ਅਤੇ ਸੇਵਾਵਾਂ ਕਰ ਅਧੀਨ ਟਰਾਂਜ਼ੀਸ਼ਨਲ ਕ੍ਰੈਡਿਟ

## 3.1 ਜਾਣ ਪਛਾਣ

ਵਸਤਾਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਐਕਟ ਦੀ ਜਾਣ ਪਛਾਣ ਅਤੇ ਲਾਗੂ ਕਰਨ ਦੇ ਨਾਲ, ਜੋ ਕੇਂਦਰ ਅਤੇ ਰਾਜਾਂ ਦੁਆਰਾ ਲਗਾਏ ਗਏ ਅਤੇ ਇਕਠੇ ਕੀਤੇ ਗਏ ਕਈ ਅਸਿੱਧੇ ਕਰਾਂ ਨੂੰ ਸ਼ਾਮਲ ਕਰਦਾ ਹੈ, ਪੁਰਾਣੀ ਕਰ ਪ੍ਰਣਾਲੀ ਤੋਂ ਜੀ ਐਸ ਟੀ ਵਿੱਚ ਨਿਰਵਿਘਨ ਤਬਦੀਲੀ ਨੂੰ ਯਕੀਨੀ ਬਣਾਉਣ ਲਈ ਜੀ ਐਸ ਟੀ ਐਕਟਾਂ ਵਿੱਚ 'ਇਨਪੁਟ ਟੈਕਸ ਲਈ ਟਰਾਂਜ਼ੀਸ਼ਨਲ ਉਪਬੰਧ' ਸ਼ਾਮਲ ਕੀਤੇ ਗਏ ਸਨ। ਇਹ ਉਪਬੰਧ ਮੌਜੂਦਾ ਕਾਨੂੰਨਾਂ ਦੇ ਤਹਿਤ ਅਦਾ ਕੀਤੇ ਉਚਿਤ ਕਰਾਂ ਜਾਂ ਡਿਊਟੀਆਂ ਦੇ ਸਬੰਧ ਵਿੱਚ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕਰਨ ਦੇ ਹੱਕ ਅਤੇ ਢੰਗ ਪ੍ਰਦਾਨ ਕਰਦੀਆਂ ਹਨ।

ਇਹ ਪ੍ਰੀ-ਜੀ ਐਸ ਟੀ ਕਰਾਂ ਤੋਂ ਜੀ ਐਸ ਟੀ ਪ੍ਰਣਾਲੀ ਵਿੱਚ ਇਨਪੁਟ ਟੈਕਸ ਕ੍ਰੈਡਿਟ ਨੂੰ ਅੱਗੇ ਲਿਜਾਣ ਲਈ ਪ੍ਰਦਾਨ ਕਰਨਾ ਸੀ ਜੋ ਜੀ ਐਸ ਟੀ ਦੇ ਰੋਲ ਆਊਟ[1] ਹੋਣ ਦੇ ਦਿਨ ਕਰਦਾਤਾਵਾਂ ਕੋਲ ਉਪਲਬਧ ਸਨ (ਇੱਥੇ ਟਰਾਂਜ਼ੀਸ਼ਨਲ ਕ੍ਰੈਡਿਟਾਂ ਵਜੋਂ ਜਾਣੇ ਜਾਣ ਤੋਂ ਬਾਅਦ)। ਟਰਾਂਜ਼ੀਸ਼ਨਲ ਕ੍ਰੈਡਿਟ ਦੀਆਂ ਵਿਵਸਥਾਵਾਂ ਸਰਕਾਰ ਅਤੇ ਕਾਰੋਬਾਰ ਦੋਵਾਂ ਲਈ ਮਹੱਤਵਪੂਰਨ ਹਨ। ਕਾਰੋਬਾਰ ਲਈ, ਇਹਨਾਂ ਕ੍ਰੈਡਿਟਾਂ ਨੂੰ ਉਹਨਾਂ ਕਰਾਂ ਦਾ ਲਾਭ ਦੇਣ ਲਈ ਸਹੀ ਢੰਗ ਨਾਲ ਅੱਗੇ ਵਧਾਇਆ ਜਾਣਾ ਚਾਹੀਦਾ ਜੋ ਉਹਨਾਂ ਨੇ ਪ੍ਰੀ-ਜੀ ਐਸ ਟੀ ਪ੍ਰਣਾਲੀ ਵਿੱਚ ਇਨਪੁਟਸ ਜਾਂ ਇਨਪੁਟ ਸੇਵਾਵਾਂ ਤੇ ਪਹਿਲਾਂ ਹੀ ਅਦਾ ਕੀਤੇ ਸਨ। ਸਰਕਾਰ ਦੇ ਦ੍ਰਿਸ਼ਟੀਕੋਣ ਤੋਂ ਸਵੀਕਾਰਯੋਗ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਮਾਤਰਾ ਜੀ ਐਸ ਟੀ ਰੈਵੀਨਿਊ ਦੇ ਨਕਦ ਪ੍ਰਵਾਹ ਦੀ ਸੀਮਾ ਨੂੰ ਨਿਰਧਾਰਤ ਕਰੇਗੀ। ਇਸ ਲਈ, ਰੈਵੀਨਿਊ ਹਿੱਤ ਵਿੱਚ, ਸਿਰਫ਼ ਸਵੀਕਾਰਯੋਗ ਅਤੇ ਯੋਗ ਟਰਾਂਜ਼ੀਸ਼ਨਲ ਕ੍ਰੈਡਿਟਸ ਨੂੰ ਜੀ ਐਸ ਟੀ ਵਿੱਚ ਅੱਗੇ ਲਿਜਾਇਆ ਜਾਣਾ ਚਾਹੀਦਾ ਹੈ। ਵਿਭਾਗੀ ਅਧਿਕਾਰੀ ਦੁਆਰਾ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਯੋਗਤਾ ਨੂੰ ਯਕੀਨੀ ਬਣਾਉਣ ਲਈ, ਰਾਜ ਕਰ ਵਿਭਾਗ, ਪੰਜਾਬ ਨੇ ਐਸ ਜੀ ਐਸ ਟੀ ਟਰਾਂਜ਼ੀਸ਼ਨਲ ਕ੍ਰੈਡਿਟ ਕਲੇਮਾਂ ਦੀ ਪੁਸ਼ਟੀ ਕਰਨ ਲਈ ਵੱਖ-ਵੱਖ ਪਹਿਲੂਆਂ ਨੂੰ ਸ਼ਾਮਲ ਕਰਦਾ ਇੱਕ ਮਾਰਗਦਰਸ਼ਨ ਨੋਟ ਜਾਰੀ ਕੀਤਾ ਹੈ।

## 3.2 ਸੰਗਠਨਾਤਮਕ ਢਾਂਚਾ

ਵਿੱਤ ਕਮਿਸ਼ਨਰ ਕਰ ਅਤੇ ਪੰਜਾਬ ਸਰਕਾਰ ਦੇ ਪ੍ਰਮੁੱਖ ਸਕੱਤਰ ਰਾਜ ਕਰ ਵਿਭਾਗ ਦੇ ਸਮੁੱਚੇ ਇੰਚਾਰਜ ਹਨ। ਵਿਭਾਗ ਰਾਜ ਵਿੱਚ ਵਸਤਾਂ ਅਤੇ ਸੇਵਾਵਾਂ ਕਰ ਦੇ ਨਾਲ-ਨਾਲ ਪੰਜਾਬ ਵੈਲਿਊ ਐਡਿਡ ਟੈਕਸ ਐਕਟ/ਸੈਂਟਰਲ ਸੇਲਜ਼ ਟੈਕਸ ਐਕਟ ਰਾਜ ਦੇ ਕਰ ਕਮਿਸ਼ਨਰ ਦੇ ਸਮੁੱਚੇ ਨਿਯੰਤਰਣ

[1] ਜੀ ਐਸ ਟੀ 1 ਜੁਲਾਈ 2017 ਨੂੰ ਲਾਗੂ ਕੀਤਾ ਗਿਆ ਸੀ

ਅਤੇ ਨਿਗਰਾਨੀ ਅਧੀਨ ਰਾਜ ਕਰ ਦੇ ਵਧੀਕ ਕਮਿਸ਼ਨਰ, ਸੰਯੁਕਤ ਕਮਿਸ਼ਨਰਾਂ ਰਾਜ ਕਰ ਹੈੱਡਕੁਆਟਰ 'ਤੇ, ਡਿਵੀਜ਼ਨਲ ਪੱਧਰ 'ਤੇ ਰਾਜ ਕਰ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੱਧਰ 'ਤੇ ਰਾਜ ਕਰ ਦੇ ਸਹਾਇਕ ਕਮਿਸ਼ਨਰਾਂ (ਏ ਸੀ ਐਸ ਟੀਜ਼), ਰਾਜ ਕਰ ਅਧਿਕਾਰੀਆਂ ਅਤੇ ਹੋਰ ਸਹਾਇਕ ਸਟਾਫ ਦੀ ਮਦਦ ਨਾਲ ਸੰਚਾਲਨ ਕਰਦਾ ਹੈ।

## 3.3 ਟਰਾਂਜ਼ੀਸ਼ਨਲ ਕ੍ਰੈਡਿਟ ਲਈ ਉਪਬੰਧ

### 3.3.1 ਟਰਾਂਜ਼ੀਸ਼ਨਲ ਕ੍ਰੈਡਿਟ ਪ੍ਰਾਪਤ ਕਰਨ ਲਈ ਸ਼ਰਤਾਂ

ਪੰਜਾਬ ਜੀ ਐਸ ਟੀ ਐਕਟ 2017 ਦੀ ਧਾਰਾ 140 ਵਿੱਚ ਇਨਪੁਟ ਟੈਕਸ ਕ੍ਰੈਡਿਟ ਲਈ ਟਰਾਂਜ਼ੀਸ਼ਨਲ ਪ੍ਰਬੰਧਾਂ ਨਾਲ ਸਬੰਧਤ ਵਿਸਤ੍ਰਿਤ ਉਪੰਬਧ ਹਨ। ਟਰਾਂਜ਼ੀਸ਼ਨਲ ਪ੍ਰਬੰਧਾਂ ਦੇ ਤਹਿਤ, ਰਾਜ ਵੈਲਿਊ ਐਡਿਡ ਟੈਕਸ (ਵੈਟ) ਐਕਟ ਦੇ ਤਹਿਤ ਭੁਗਤਾਨ ਕੀਤੇ ਗਏ ਵੱਖ-ਵੱਖ ਕਰਾਂ ਦੇ ਇਨਪੁਟ ਟੈਕਸ ਕ੍ਰੈਡਿਟ ਨੂੰ ਹੇਠਾਂ ਦਿੱਤੇ ਅਨੁਸਾਰ ਜੀ ਐਸ ਟੀ ਪ੍ਰਣਾਲੀ ਵਿੱਚ ਅੱਗੇ ਲਿਜਾਇਆ ਗਿਆ ਸੀ:

*ੳ)* ***ਆਖਰੀ ਰਿਟਰਨਾਂ ਵਿੱਚ ਕ੍ਰੈਡਿਟ ਦਾ ਅੰਤਿਮ ਬਕਾਇਆ*** : ਨਿਰਧਾਰਤ ਦਿਨ ਤੋਂ ਤੁਰੰਤ ਪਹਿਲਾਂ ਦੇ ਮਹੀਨੇ ਲਈ ਪ੍ਰੀ-ਜੀ ਐਸ ਟੀ ਕਾਨੂੰਨ ਦੇ ਤਹਿਤ ਇੱਕ ਰਜਿਸਟਰਡ ਵਿਅਕਤੀ ਦੁਆਰਾ ਕੰਪੋਜੀਸ਼ਨ ਕਰਦਾਤਾ ਤੋਂ ਇਲਾਵਾ ਹੇਠਾਂ ਦਿੱਤੀਆਂ ਸ਼ਰਤਾਂ ਦੇ ਅਧੀਨ ਦਾਇਰ ਕੀਤੀਆਂ ਰਿਟਰਨਾਂ ਵਿੱਚ ਉਪਲਬਧ ਵੈਟ ਕ੍ਰੈਡਿਟ ਦੇ ਅੰਤਮ ਬਕਾਏ ਨੂੰ ਇਲੈਕਟ੍ਰਾਨਿਕ ਕ੍ਰੈਡਿਟ ਲੈਜਰ (ਈ ਸੀ ਐਲ) ਵਿੱਚ ਐਸ ਜੀ ਐਸ ਟੀ ਕ੍ਰੈਡਿਟ ਵਜੋਂ ਲਿਆ ਜਾ ਸਕਦਾ ਹੈ: -

- *i.* ਅਜਿਹੇ ਕ੍ਰੈਡਿਟ ਨੂੰ ਜੀ ਐਸ ਟੀ ਐਕਟ ਦੇ ਤਹਿਤ ਇਨਪੁਟ ਟੈਕਸ ਕ੍ਰੈਡਿਟ ਵਜੋਂ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ; ਅਤੇ,
- *ii.* ਜੀ ਐਸ ਟੀ ਦੇ ਰੋਲ ਆਊਟ ਤੋਂ ਪਹਿਲਾਂ ਘੱਟੋ-ਘੱਟ ਪਿਛਲੇ ਛੇ ਮਹੀਨਿਆਂ ਲਈ ਰਿਟਰਨਾਂ ਪੇਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

*(ਧਾਰਾ 140(1))*

*ਅ)* ***ਡਿਊਟੀ ਅਦਾ ਕੀਤੇ ਸਟਾਕ 'ਤੇ ਕ੍ਰੈਡਿਟ :*** ਨਿਰਮਾਤਾ ਜਾਂ ਸੇਵਾ ਪ੍ਰਦਾਤਾ ਤੋਂ ਇਲਾਵਾ ਕੋਈ ਰਜਿਸਟਰਡ ਵਿਅਕਤੀ, ਸਟਾਕ ਵਿੱਚ ਰੱਖੀਆਂ ਵਸਤਾਂ ਤੇ ਅਦਾ ਕੀਤੇ ਡਿਊਟੀ/ਕਰ ਦਾ ਕ੍ਰੈਡਿਟ ਲੈ ਸਕਦਾ ਹੈ।

- *i.* ਜੇਕਰ ਸਟਾਕ ਭੁਗਤਾਨ ਕੀਤੇ ਕਰ ਦੀ ਰਕਮ ਨੂੰ ਦਰਸਾਉਣ ਵਾਲੇ ਇਨਵੌਇਸ ਨਾਲ ਸਮਰਥਿਤ ਹੈ, ਤਾਂ ਪੂਰੇ ਸਟਾਕ ਤੇ ਕ੍ਰੈਡਿਟ ਸਵੀਕਾਰਯੋਗ ਹੈ। ਫਾਰਮ ਟਰਾਂ-1 ਦੀ ਸਾਰਣੀ 7ਸੀ ਰਾਹੀਂ ਕਲੇਮ ਕੀਤਾ ਜਾਂਦਾ ਹੈ।
- *ii.* ਜੇਕਰ ਅਜਿਹਾ ਕੋਈ ਇਨਵੌਇਸ ਨਹੀਂ ਹੈ ਜੋ ਭੁਗਤਾਨ ਕੀਤੇ ਗਏ ਕਰ ਦੀ ਰਕਮ ਨੂੰ ਦਰਸਾਉਂਦਾ ਹੈ, ਤਾਂ ਅਜਿਹੀਆਂ ਵਸਤਾਂ ਤੇ 60 *ਪ੍ਰਤੀਸ਼ਤ* ਦੀ ਦਰ ਨਾਲ ਕ੍ਰੈਡਿਟ ਸਵੀਕਾਰ ਕੀਤਾ ਜਾਵੇਗਾ ਜਿਥੇ ਜੀ ਐਸ ਟੀ ਦੀ ਦਰ ਨੌਂ *ਪ੍ਰਤੀਸ਼ਤ* ਜਾਂ ਇਸ ਤੋਂ ਵੱਧ

ਹੈ ਜਾਂ ਅਜਿਹੀਆਂ ਵਸਤਾਂ ਤੇ 40 *ਪ੍ਰਤੀਸ਼ਤ* ਕ੍ਰੈਡਿਟ ਦਿੱਤਾ ਜਾਵੇਗਾ ਜਿਥੇ ਦਰ ਜੀ ਐਸ ਟੀ ਨੌਂ *ਪ੍ਰਤੀਸ਼ਤ* ਤੋਂ ਘੱਟ ਹੈ। ਫਾਰਮ ਟਰਾਂ-1 ਦੀ ਸਾਰਣੀ 7 ਡੀ ਰਾਹੀਂ ਕਲੇਮ ਕੀਤਾ ਜਾਂਦਾ ਹੈ।

*(ਧਾਰਾ 140(3))*

*ਈ)* **ਨਿਰਧਾਰਤ ਦਿਨ ਤੋਂ ਬਾਅਦ ਪ੍ਰਾਪਤ ਹੋਏ ਸਟਾਕ ਲਈ ਕ੍ਰੈਡਿਟ** : ਨਿਰਧਾਰਤ ਦਿਨ 'ਤੇ ਜਾਂ ਇਸ ਤੋਂ ਬਾਅਦ ਪ੍ਰਾਪਤ ਕੀਤੀ ਗਈ ਇਨਪੁਟ ਜਾਂ ਇਨਪੁਟ ਸੇਵਾਵਾਂ ਪ੍ਰਤੂੰ ਮੌਜੂਦਾ ਕਾਨੂੰਨ ਦੇ ਤਹਿਤ ਸਪਲਾਇਰ ਦੁਆਰਾ ਉਸੇ ਤੇ ਡਿਊਟੀ ਜਾਂ ਕਰ ਦਾ ਭੁਗਤਾਨ ਕੀਤਾ ਗਿਆ ਸੀ।.

*(ਧਾਰਾ 140(5))*

## 3.3.2 ਟਰਾਂਜ਼ੀਸ਼ਨਲ ਕ੍ਰੈਡਿਟ ਰਿਟਰਨਾਂ ਲਈ ਸਮਾਂ-ਸੀਮਾਵਾਂ

ਪੰਜਾਬ ਜੀ ਐਸ ਟੀ ਨਿਯਮਾਵਲੀ 2017 ਦਾ ਨਿਯਮ 117 ਪ੍ਰਦਾਨ ਕਰਦਾ ਹੈ ਕਿ ਟਰਾਂਜ਼ੀਸ਼ਨਲ ਕ੍ਰੈਡਿਟ ਦੇ ਹੱਕਦਾਰ ਹਰੇਕ ਰਜਿਸਟਰਡ ਵਿਅਕਤੀ ਨੂੰ ਜੀ ਐਸ ਟੀ ਦੇ ਰੋਲ ਆਊਟ ਹੋਣ ਦੇ 90 ਦਿਨਾਂ ਦੇ ਅੰਦਰ ਜੀ ਐਸ ਟੀ ਪੋਰਟਲ ਤੇ ਫਾਰਮ ਟਰਾਂ-1 ਵਿੱਚ ਇਲੈਕਟ੍ਰਾਨਿਕ ਰੂਪ ਵਿੱਚ ਇੱਕ ਘੋਸ਼ਣਾ ਦਾਇਰ ਕਰਨੀ ਹੋਵੇਗੀ। ਇਹ ਨਿਯਮ ਜੀ ਐਸ ਟੀ ਕੌਂਸਲ ਦੀਆਂ ਸਿਫ਼ਾਰਸ਼ਾਂ 'ਤੇ, ਕਮਿਸ਼ਨਰ ਦੁਆਰਾ ਇਸ ਸਮੇਂ ਨੂੰ ਨੱਬੇ ਦਿਨਾਂ ਤੋ ਵੱਧ ਨਾ ਹੋਣ ਦੀ ਮਿਆਦ ਤੱਕ ਵਧਾਉਣ ਦੀ ਵਿਵਸਥਾ ਵੀ ਕਰਦਾ ਹੈ। ਇਸ ਤੋਂ ਇਲਾਵਾ, ਮੌਜੂਦਾ ਕਾਨੂੰਨ ਅਧੀਨ ਰਜਿਸਟਰਡ ਨਾ ਹੋਣ ਵਾਲਾ ਵਿਅਕਤੀ ਨਿਰਧਾਰਤ ਦਿਨ 'ਤੇ ਸਟਾਕ ਵਿੱਚ ਰੱਖਿਆਂ ਵਸਤਾਂ 'ਤੇ ਇਨਪੁਟ ਟੈਕਸ ਕ੍ਰੈਡਿਟ ਲੈਣ ਦਾ ਵੀ ਹੱਕਦਾਰ ਹੈ ਜਿਸ ਲਈ ਉਸ ਕੋਲ ਕਰ ਦੀ ਅਦਾਇਗੀ ਦਾ ਸਬੂਤ ਦੇਣ ਵਾਲਾ ਕੋਈ ਦਸਤਾਵੇਜ਼ ਨਹੀਂ ਹੈ। ਅਜਿਹੇ ਵਿਅਕਤੀ ਨੂੰ ਫਾਰਮ ਟਰਾਂ-2 ਵਿੱਚ ਇੱਕ ਬਿਆਨ ਦਰਜ ਕਰਨਾ ਹੁੰਦਾ ਹੈ, ਬਸ਼ਰਤੇ ਕਿ ਅਜਿਹੀਆਂ ਵਸਤਾਂ ਨੂੰ ਬਿਨਾਂ ਸ਼ਰਤ ਕਰ ਦੇ ਭੁਗਤਾਨ ਤੋਂ ਛੋਟ ਨਾ ਦਿੱਤੀ ਗਈ ਹੋਵੇ। ਜੀ ਐਸ ਟੀ ਨਿਯਮਾਂ ਨੇ ਸ਼ੁਰੂ ਵਿੱਚ ਟਰਾਂ-1 ਫਾਈਲ ਕਰਨ ਲਈ ਵੱਧ ਤੋਂ ਵੱਧ ਛੇ ਮਹੀਨਿਆਂ ਦਾ ਸਮਾਂ ਦਿੱਤਾ ਹੈ। ਪ੍ਰੰਤੂ ਜੀ ਐਸ ਟੀ ਕੌਂਸਲ ਦੀਆਂ ਸਿਫ਼ਾਰਸ਼ਾਂ ਅਤੇ ਜੀ ਐਸ ਟੀ ਪੋਰਟਲ 'ਤੇ ਤਕਨੀਕੀ ਮੁਸ਼ਕਲਾਂ ਦੇ ਕਾਰਨ, ਟਰਾਂ-1 ਫਾਈਲ ਕਰਨ ਦੀ ਮਿਤੀ 31 ਮਾਰਚ 2020 ਤੱਕ ਵਧਾ ਦਿੱਤੀ ਗਈ ਸੀ।

## 3.4 ਲੇਖਾ ਪ੍ਰੀਖਿਆ ਉਦੇਸ਼

ਇਨਪੁਟ ਟੈਕਸ ਕ੍ਰੈਡਿਟ ਦੇ ਵਜੋਂ ਕਰਦਾਤਾਵਾਂ ਦੇ ਇਲੈਕਟ੍ਰਾਨਿਕ ਕ੍ਰੈਡਿਟ ਲੇਜ਼ਰ ਨੂੰ ਕ੍ਰੈਡਿਟ ਕੀਤੇ ਗਏ ਟਰਾਂ-1 ਅਤੇ ਟਰਾਂ-2 ਰਿਟਰਨਾਂ ਦੇ ਤਹਿਤ ਕਲੇਮ ਕੀਤਾ ਗਏ ਟਰਾਂਜ਼ੀਸ਼ਨਲ ਕ੍ਰੈਡਿਟ ਨੂੰ ਕਰਦਾਤਿਆਂ ਦੀ ਜੀ ਐਸ ਟੀ ਆਉਟਪੁੱਟ ਦੇਣਦਾਰੀ ਦੇ ਵਿਰੁੱਧ ਸਮਾਯੋਜਨ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ, ਕਲੇਮਾਂ ਦਾ ਜੀ ਐਸ ਟੀ ਰੈਵੀਨਿਊ ਉਗਰਾਹੀ ਤੇ ਸਿੱਧਾ ਅਸਰ ਪੈਂਦਾ ਹੈ। ਜੀ ਐਸ ਟੀ ਦੇ ਅਧੀਨ ਇਨਪੁਟ ਟੈਕਸ ਕ੍ਰੈਡਿਟ ਲਈ ਟਰਾਂਜ਼ੀਸ਼ਨਲ ਪ੍ਰਬੰਧਾਂ ਦੀ ਲੇਖਾ ਪ੍ਰੀਖਿਆ ਨਿਮਨਲਿਖਤ ਲੇਖਾ ਪ੍ਰੀਖਿਆ ਉਦੇਸ਼ਾਂ ਦੇ ਨਾਲ ਭਰੋਸਾ ਮੰਗਣ ਦੇ ਮੱਦੇ ਨਜ਼ਰ ਲਿਆ ਗਿਆ ਸੀ:

*i.* ਕੀ ਟਰਾਂਜ਼ੀਸ਼ਨਲ ਕ੍ਰੈਡਿਟ ਕਲੇਮਾਂ ਦੀ ਚੋਣ ਅਤੇ ਤਸਦੀਕ ਲਈ ਵਿਭਾਗ ਦੁਆਰਾ ਚਿਤਵਿਆ ਗਿਆ ਮੈਕਾਨਿਜ਼ਮ ਢੁਕਵਾਂ ਅਤੇ ਪ੍ਰਭਾਵਸ਼ਾਲੀ ਸੀ ।

*ii.* ਕੀ ਅਸੈਸੀ ਦੁਆਰਾ ਜੀ ਐਸ ਟੀ ਪ੍ਰਣਾਲੀ ਵਿੱਚ ਤਬਦੀਲ ਕੀਤਾ ਗਿਆ ਟਰਾਂਜ਼ੀਸ਼ਨਲ ਕ੍ਰੈਡਿਟ ਉਚਿੱਤ ਅਤੇ ਸਵੀਕਾਰਯੋਗ ਸੀ।

## 3.5 ਲੇਖਾ ਪ੍ਰੀਖਿਆ ਦਾ ਦਾਇਰਾ

ਲੇਖਾ ਪ੍ਰੀਖਿਆ ਦੇ ਦਾਇਰੇ ਵਿੱਚ ਪੰਜਾਬ ਜੀ ਐਸ ਟੀ ਐਕਟ ਦੇ ਟਰਾਂਜ਼ੀਸ਼ਨਲ ਪ੍ਰਬੰਧਾਂ ਦੇ ਤਹਿਤ ਕਰਦਾਤਾਵਾਂ ਦੁਆਰਾ ਦਾਇਰ ਕੀਤੇ ਟਰਾਂ-1 ਅਤੇ ਟਰਾਂ-2, ਦੋਨੋ ਟਰਾਂਜ਼ੀਸ਼ਨਲ ਕ੍ਰੈਡਿਟ ਕਲੇਮ ਰਿਟਰਨਾਂ ਦੀ ਸਮੀਖਿਆ ਸ਼ਾਮਲ ਹੈ। ਲੇਖਾ ਪ੍ਰੀਖਿਆ ਤਸਦੀਕਣ ਵਿੱਚ ਚੁਣੇ ਗਏ ਕਲੇਮਾਂ ਦੀ ਵਿਸਤ੍ਰਿਤ ਸੁਤੰਤਰ ਤਸਦੀਕਣ ਦੇ ਨਾਲ ਵਿਭਾਗੀ ਤਸਦੀਕਣ ਦੀ ਪ੍ਰਕਿਰਿਆ ਅਤੇ ਨਤੀਜਿਆਂ ਦੀ ਪੜਤਾਲ ਸ਼ਾਮਲ ਹੁੰਦੀ ਹੈ। ਵਿਅਕਤੀਗਤ ਟਰਾਂਜ਼ੀਸ਼ਨਲ ਕ੍ਰੈਡਿਟ ਕਲੇਮਾਂ ਦੀ ਤਸਦੀਕਣ ਵਿੱਚ ਅਜਿਹੇ ਕਲੇਮਾਂ ਦੇ ਸਮਰਥਨ ਵਿੱਚ ਦਸਤਾਵੇਜ਼ੀ ਸਬੂਤ ਦੇ ਨਾਲ, ਨਿਰਧਾਰਤ ਮਿਤੀ ਭਾਵ 01 ਜੁਲਾਈ 2017 ਤੋਂ ਤੁਰੰਤ ਪਹਿਲਾਂ, ਪ੍ਰੀ-ਜੀ ਐਸ ਟੀ ਕਾਨੂੰਨਾਂ ਦੇ ਤਹਿਤ ਦਾਇਰ ਕੀਤੀ ਗਈ ਪਿਛਲੀ ਤਿਮਾਹੀ/ਸਾਲਾਨਾ ਰਿਟਰਨਾਂ ਵਿੱਚ ਕਰਦਾਤਾਵਾਂ ਦੁਆਰਾ ਕਲੇਮ ਕੀਤੇ ਗਏ ਵੈਟ ਕ੍ਰੈਡਿਟ ਦੀ ਜਾਂਚ ਸ਼ਾਮਲ ਸੀ। ਇਸ ਤੋਂ ਇਲਾਵਾ, ਸਮਾਨ ਦੀ ਖਰੀਦ ਨਾਲ ਸਬੰਧਤ ਇਨਪੁਟ ਟੈਕਸ ਦੇ ਕਲੇਮ ਦੇ ਸਬੰਧ ਵਿੱਚ, ਤਸਦੀਕਣ ਵਿੱਚ ਅਜਿਹੀਆਂ ਵਸਤਾਂ ਦੀ ਖਰੀਦ ਦਾ ਸਬੂਤ ਦੇਣ ਵਾਲੇ, ਜ਼ਰੂਰੀ ਇਨਵਾਇਸਜ਼ ਦਸਤਾਵੇਜ਼ਾਂ ਜਾਂ ਰਿਕਾਰਡ ਦੀ ਜਾਂਚ ਸ਼ਾਮਲ ਹੈ।

ਵਿਭਾਗ ਨੂੰ ਫਰਵਰੀ 2021 ਅਤੇ ਮਾਰਚ 2022 ਦੇ ਵਿਚਕਾਰ ਲੇਖਾ ਪ੍ਰੀਖਿਆ ਨਿਰੀਖਣ ਜਾਰੀ ਕੀਤੇ ਗਏ ਸਨ। ਵਿਭਾਗ ਦੁਆਰਾ ਲੇਖਾ ਪ੍ਰੀਖਿਆ ਦੌਰਾਨ ਅਤੇ 10 ਜੂਨ 2022 ਨੂੰ ਹੋਈ ਮੀਟਿੰਗ ਵਿੱਚ ਦਿੱਤੇ ਗਏ ਜਵਾਬ ਸਬੰਧਤ ਪੈਰਿਆਂ ਵਿੱਚ ਢੁਕਵੇਂ ਰੂਪ ਵਿੱਚ ਸ਼ਾਮਲ ਕੀਤੇ ਗਏ ਹਨ।

## 3.6 ਨਮੂਨਾ ਚੋਣ ਅਤੇ ਲੇਖਾ ਪ੍ਰੀਖਿਆ

ਵਿਭਾਗ ਵੱਲੋਂ ਕੁੱਲ ₹ 3,557.22 ਕਰੋੜ (₹ 2,340.81 ਕਰੋੜ ਦਾ ਸੀ ਜੀ ਐਸ ਟੀ ਅਤੇ ₹ 1,216.41 ਕਰੋੜ ਦਾ ਐਸ ਜੀ ਐਸ ਟੀ) ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਦੇ ਨਾਲ ਕੁੱਲ 35,526 ਮਾਮਲੇ ਪ੍ਰਾਪਤ ਕੀਤੇ ਗਏ ਸਨ। ਵਿਭਾਗ ਨੇ 35,525 ਮਾਮਲਿਆਂ ਦੇ ਸਬੰਧ ਵਿੱਚ ਐਸ ਜੀ ਐਸ ਟੀ ਕਲੇਮ ਦੀ ਪੁਸ਼ਟੀ ਕੀਤੀ ਅਤੇ ਐਸ ਜੀ ਐਸ ਟੀ ਵਜੋਂ ₹ 1,050.10 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ।

ਪੈਨ-ਇੰਡੀਆ ਜੀ ਐਸ ਟੀ ਟਰਾਂਜ਼ੀਸ਼ਨਲ ਕ੍ਰੈਡਿਟ ਡਾਟਾ ਜੀ ਐਸ ਟੀ ਐਨ ਤੋਂ ਪ੍ਰਾਪਤ ਕੀਤਾ ਗਿਆ ਸੀ ਅਤੇ ਜੋਖਮ-ਅਧਾਰਤ ਡਾਟਾ ਵਿਸ਼ਲੇਸ਼ਣ ਦੁਆਰਾ, 26 ਏ ਸੀ ਐਸ ਟੀ ਦਫਤਰਾਂ ਨਾਲ ਸਬੰਧਤ

₹ 739.91 ਕਰੋੜ ਦੇ ਐਸ ਜੀ ਐਸ ਟੀ ਕਲੇਮ ਵਾਲੇ 1,933 ਮਾਮਲਿਆਂ[2] ਦਾ ਨਮੂਨਾ ਵਿਸਤ੍ਰਿਤ ਤਸਦੀਕ ਲਈ ਚੁਣਿਆ ਗਿਆ ਸੀ। ਚੁਣੇ ਗਏ 1,933 ਮਾਮਲਿਆਂ ਵਿੱਚੋਂ, 1,554 ਮਾਮਲੇ ਕਰਦਾਤਾਵਾਂ ਨਾਲ ਸਬੰਧਤ ਹਨ ਜਿਨ੍ਹਾਂ ਨੇ ਸੰਭਾਵੀ ਤੌਰ 'ਤੇ ਜੋਖਮ ਵਾਲੇ ਮਾਮਲਿਆਂ ਦਾ ਗਠਨ ਕੀਤਾ ਅਤੇ 379 ਮਾਮਲੇ ਕਰਦਾਤਾਵਾਂ ਨਾਲ ਸਬੰਧਤ ਹਨ ਜਿਨ੍ਹਾਂ ਨੇ ਮੁਕਾਬਲਤਨ ਘੱਟ ਜੋਖਮ ਵਾਲੇ ਮਾਮਲਿਆਂ ਦਾ ਗਠਨ ਕੀਤਾ ਹੈ।

ਲੇਖਾ ਪ੍ਰੀਖਿਆ ਵਿੱਚ ਅਧਿਕਾਰ ਖੇਤਰੀ ਕਰ ਅਥਾਰਟੀ ਕੋਲ ਉਪਲਬਧ ਰਿਕਾਰਡ ਦੇ ਡਾਟਾ ਵਿਸ਼ਲੇਸ਼ਣ ਅਤੇ ਤਸਦੀਕਣ ਸ਼ਾਮਲ ਸੀ। ਵੈਲਿਊ ਐਡਿਡ ਟੈਕਸ (ਵੈਟ) ਦੇ ਅਧੀਨ ਵਿਰਾਸਤੀ ਰਿਟਰਨ, ਟਰਾਂ-1 ਵਿੱਚ ਕਰਦਾਤਾਵਾਂ ਦੁਆਰਾ ਕਲੇਮ ਕੀਤਾ ਗਿਆ ਇਨਪੁਟ ਟੈਕਸ ਕ੍ਰੈਡਿਟ ਅਤੇ ਕਰਦਾਤਾਵਾਂ ਦੇ ਇਲੈਕਟ੍ਰਾਨਿਕ ਕ੍ਰੈਡਿਟ ਲੇਜ਼ਰਾਂ ਦੀ ਜਾਂਚ ਕੀਤੀ ਗਈ ਸੀ। ਇਸ ਤੋਂ ਇਲਾਵਾ, ਸਟਾਕ ਵਿੱਚ ਰੱਖੇ ਸਮਾਨ ਨਾਲ ਸਬੰਧਤ ਇਨਪੁਟ ਟੈਕਸ ਕ੍ਰੈਡਿਟ ਦੇ ਸਬੰਧ ਵਿੱਚ, ਤਸਦੀਕਣ ਵਿੱਚ ਅਜਿਹੀਆਂ ਵਸਤਾਂ ਦੀ ਖਰੀਦ ਦਾ ਸਬੂਤ ਦੇਣ ਵਾਲੇ ਜ਼ਰੂਰੀ ਲੇਖਾ ਵੇਰਵਿਆਂ, ਦਸਤਾਵੇਜ਼ਾਂ ਜਾਂ ਰਿਕਾਰਡ ਦੀ ਜਾਂਚ ਸ਼ਾਮਲ ਹੈ।

## 3.7 ਲੇਖਾ ਪ੍ਰੀਖਿਆ ਮਾਪਦੰਡ

ਪੰਜਾਬ ਜੀ ਐਸ ਟੀ ਐਕਟ 2017 ਦੀ ਧਾਰਾ 140 ਨੂੰ ਪੰਜਾਬ ਜੀ ਐਸ ਟੀ ਨਿਯਮਾਂਵਲੀ 2017 ਦੇ ਨਿਯਮ 117 ਦੇ ਨਾਲ ਪੜਦੇ ਹੋਏ, ਵਿਭਾਗ ਦੁਆਰਾ ਐਸ ਜੀ ਐਸ ਟੀ ਟਰਾਂਜ਼ੀਸ਼ਨਲ ਕ੍ਰੈਡਿਟ ਕਲੇਮ ਦੇ ਤਸਦੀਕਣ ਬਾਰੇ ਜਾਰੀ ਕੀਤਾ ਗਾਈਡੈਂਸ ਨੋਟ ਇਸ ਲੇਖਾ ਪ੍ਰੀਖਿਆ ਲਈ ਮਾਪਦੰਡ ਸੀ।

## 3.8 ਲੇਖਾ ਪ੍ਰੀਖਿਆ ਲੱਭਤਾਂ

ਲੇਖਾ ਪ੍ਰੀਖਿਆ ਲੱਭਤਾਂ ਨੂੰ ਯੋਜਨਬੱਧ ਮੁੱਦੇ ਅਤੇ ਪਾਲਣਾ ਮੁੱਦਿਆਂ ਦੇ ਰੂਪ ਵਿੱਚ ਦੋ ਵਿਆਪਕ ਖੇਤਰਾਂ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ। ਜਦੋਂ ਕਿ ਪ੍ਰਣਾਲੀਗਤ ਮੁੱਦਾ ਚਿਤਵੇ ਗਏ ਤਸਦੀਕਣ ਤੰਤਰ ਦੀ ਯੋਗਤਾ ਅਤੇ ਪ੍ਰਭਾਵਸ਼ੀਲਤਾ ਨੂੰ ਸੰਬੋਧਿਤ ਕਰਦਾ ਹੈ, ਪਾਲਣਾ ਮੁੱਦੇ ਐਕਟ/ਨਿਯਮਾਂ ਦੇ ਉਪਬੰਧਾਂ ਤੋਂ ਵਿਅਕਤੀਗਤ ਮਾਮਲਿਆਂ ਵਿੱਚ ਦਿਸ਼ਾਬਦਲੀ ਨੂੰ ਸੰਬੋਧਿਤ ਕਰਦੇ ਹਨ।

**ਸਾਰਣੀ** 3.1 ਟਰਾਂਜ਼ੀਸ਼ਨਲ ਕ੍ਰੈਡਿਟ ਕਲੇਮਾਂ ਦੇ 1,933 ਚੁਣੇ ਹੋਏ ਮਾਮਲਿਆਂ ਦੀ ਲੇਖਾ ਪ੍ਰੀਖਿਆ ਦੌਰਾਨ ਨੋਟ ਕੀਤੀਆਂ ਗਈਆਂ ਕਮੀਆਂ ਦੀ ਸੀਮਾਂ ਨੂੰ ਸਾਹਮਣੇ ਲਿਆਉਂਦੀ ਹੈ।

---

[2] ਅੰਮ੍ਰਿਤਸਰ-I (41), ਅੰਮ੍ਰਿਤਸਰ-II (50), ਬਰਨਾਲਾ (14), ਬਠਿੰਡਾ (69), ਫਰੀਦਕੋਟ (8), ਫਤਿਹਗੜ੍ਹ ਸਾਹਿਬ (154), ਫਾਜ਼ਿਲਕਾ (22), ਫਿਰੋਜ਼ਪੁਰ (79), ਗੁਰਦਾਸਪੁਰ (54) ਹੁਸ਼ਿਆਰਪੁਰ (35), ਜਲੰਧਰ-I (58), ਜਲੰਧਰ-II (151), ਕਪੂਰਥਲਾ (17), ਲੁਧਿਆਣਾ-I (343), ਲੁਧਿਆਣਾ-II (141), ਲੁਧਿਆਣਾ -III (175), ਮਾਨਸਾ (15), ਮੋਗਾ (41), ਸ਼੍ਰੀ ਮੁਕਤਸਰ ਸਾਹਿਬ (34), ਨਵਾਂਸ਼ਹਿਰ (6), ਪਠਾਨਕੋਟ (49), ਪਟਿਆਲਾ (100), ਰੋਪੜ (12), ਸੰਗਰੂਰ (57), ਐਸ ਏ ਐਸ ਨਗਰ (203) ਅਤੇ ਤਰਨ ਤਾਰਨ (5)

## ਸਾਰਣੀ 3.1: ਲੇਖਾ ਪ੍ਰੀਖਿਆ ਲੱਭਤਾਂ ਦੀ ਪ੍ਰਕਿਰਤੀ

*(₹ ਕਰੋੜ ਵਿੱਚ)*

| ਲੜੀ ਨੰ. | ਲੇਖਾ ਪ੍ਰੀਖਿਆ ਲੱਭਤਾਂ ਦੀ ਪ੍ਰਕਿਰਤੀ | ਸ਼ਾਮਲ ਏ ਸੀ ਐਸ ਟੀ ਦਫਤਰ | ਮਾਮਲਿਆਂ ਦੀ ਸੰਖਿਆ | ਮੁਦਰਾ ਕੀਮਤ | ਲੇਖਾ ਪ੍ਰੀਖਿਆ ਦੇ ਮੌਕੇ ਤੇ ਵਸੂਲੀਆਂ |
|---|---|---|---|---|---|
| 1. | ਡਾਟੇ ਦੀ ਗੈਰ-ਪ੍ਰਮਾਣਿਕਤਾ ਕਾਰਣ ਅਸਵੀਕਾਰਯੋਗ ਟਰਾਂਜ਼ੀਸ਼ਨਲ ਕ੍ਰੈਡਿਟ (ਪੈਰ੍ਹਾ 3.9.1) | 7 | 16 | 3.94 | 0.70 |
| 2. | ਟਰਾਂਜ਼ੀਸ਼ਨਲ ਕ੍ਰੈਡਿਟ ਦਾ ਵਾਧੂ ਕਲੇਮ (ਪੈਰ੍ਹਾ 3.10 (ੳ) (i)) | 25 | 322 | 84.99 | 4.43 |
| 3. | ਨਾਨ-ਫਾਈਲਰਜ਼ ਵਲੋਂ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ (ਪੈਰ੍ਹਾ 3.10 (ਅ)) | 11 | 39 | 13.03 | 1.91 |
| 4. | ਸਾਲਾਨਾ ਵੈਟ-20 ਰਿਟਰਨ ਅੰਤਮ ਕਰਨ ਤੋਂ ਬਾਅਦ ਵਾਧੂ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਨਾ ਵਾਪਸੀ (ਪੈਰ੍ਹਾ 3.10.1) | 21 | - | - | - |
| 5. | ਉਸੇ ਇਨਪੁਟ ਟੈਕਸ ਕ੍ਰਡਿਟ ਦੇ ਵਿੱਰੁਧ ਦੋ ਬਾਰ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਆਗਿਆ (ਪੈਰ੍ਹਾ 3.10.2) | 2 | 4 | 0.11 | 0 |
| 6. | ਸ਼ੱਕੀ ਵਿਕਰੀਆਂ/ਖਰੀਦਦਾਰੀਆਂ ਤੇ ਇਨਪੁਟ ਟੈਕਸ ਕ੍ਰੈਡਿਟ (ਪੈਰ੍ਹਾ 3.10.3) | 4 | 9 | 13.28 | 0 |
| 7. | ਅਯੋਗ ਇਨਪੁਟ ਟੈਕਸ ਕ੍ਰੈਡਿਟ ਦਾ ਸੰਗ੍ਰਹਿ (ਪੈਰ੍ਹਾ 3.10.4) | 4 | 5 | 1.92 | 0.59 |
| 8. | ਰਿਫੰਡ ਇਨਪੁਟ ਟੈਕਸ ਕ੍ਰੈਡਿਟ ਦੇ ਵਿਰੁੱਧ ਟਰਾਂਜ਼ੀਸ਼ਨਲ ਕ੍ਰੈਡਿਟ (ਪੈਰ੍ਹਾ 3.10.5) | 1 | 1 | 0.03 | 0.02 |
| 9. | ਜੀ ਐਸ ਟੀ ਐਕਟ ਦੇ ਅਧੀਨ ਅਪ੍ਰਵਾਨਯੋਗ ਟਰਾਂਜ਼ੀਸ਼ਨਲ ਕ੍ਰੈਡਿਟ (ਪੈਰ੍ਹਾ 3.10.6) | 1 | 1 | 0.62 | 0.62 |
| 10. | ਮੁਲਾਂਕਣ ਕੀਤੇ ਕੇਸਾਂ ਵਿੱਚ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਭੱਤਾ (ਪੈਰ੍ਹਾ 3.10.7) | 9 | 23 | 18.84 | 1.45 |
| 11. | ਇਨਪੁਟ ਸਟਾਕ 'ਤੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ (ਪੈਰ੍ਹਾ 3.10.8) | 3 | 5 | 0.86 | 0.04 |
| 12. | ਸੀ ਜੀ ਐਸ ਟੀ ਕ੍ਰੈਡਿਟ ਦੇ ਨਾਲ ਐਸ ਜੀ ਐਸ ਟੀ ਦੇਣਦਾਰੀ ਦਾ ਅਨਿਯਮਿਤ ਸਮਾਯੋਜਨ (ਪੈਰ੍ਹਾ 3.10.9) | 2 | - | - | 0.02 |
| **ਜੋੜ** | | | **425** | **137.62** | **9.78** |

*ਨੋਟ: 1,933 ਮਾਮਲਿਆਂ ਦੇ ਨਮੂਨੇ ਨੂੰ ਚਾਰ ਸ਼੍ਰੇਣੀਆਂ ਜਿਵੇਂ ਕਿ 'ਵਾਧੂ', 'ਘੱਟ', 'ਮੈਚਿੰਗ' ਅਤੇ 'ਨਾਨ-ਫਾਈਲਰ' ਅਧੀਨ ਸ਼੍ਰੇਣੀਬੱਧ ਕੀਤਾ ਗਿਆ ਹੈ। 'ਵਾਧੂ' ਅਤੇ 'ਨਾਨ-ਫਾਈਲਰਾਂ' ਦੇ ਸਬੰਧ ਵਿੱਚ ਮਾਮਲਿਆਂ ਦੀ ਸੰਖਿਆ ਅਤੇ ਮੁਦਰਾ ਕੀਮਤ ਕ੍ਰਮਵਾਰ ਪੈਰ੍ਹਾ 3.10 (ੳ) (i) ਅਤੇ 3.10 ਅ ਦੇ ਤਹਿਤ ਵਿਆਪਕ ਤੌਰ 'ਤੇ ਕਵਰ ਕੀਤੀ ਗਈ ਹੈ, ਜੋ ਕਿ ਉਪਰੋਕਤ ਲੜੀ ਨੰਬਰ 2 ਅਤੇ 3 ਵਿੱਚ ਸ਼ਾਮਲ ਹੈ। ਜਿਵੇਂ ਕਿ ਰਿਪੋਰਟ ਦੇ ਪੈਰ੍ਹਾ 3.10.1 ਤੋਂ 3.10.9 'ਤੇ ਸਾਰੀਆਂ ਮਹੱਤਵਪੂਰਨ ਲੱਭਤਾਂ ਚਾਰ ਸ਼੍ਰੇਣੀਆਂ ਨੂੰ ਕਵਰ ਕਰਦੀਆਂ ਹਨ, 'ਵਾਧੂ' ਅਤੇ 'ਨਾਨ-ਫਾਈਲਰਜ਼' ਸ਼੍ਰੇਣੀਆਂ ਦੀ ਸੰਖਿਆ ਅਤੇ ਮੁਦਰਾ ਕੀਮਤ ਨੂੰ ਸਾਰਣੀ ਵਿੱਚ ਲੜੀ ਨੰਬਰ 4 ਤੋਂ 11 'ਤੇ ਨਕਲ ਤੋਂ ਬਚਣ ਲਈ ਬਾਹਰ ਰੱਖਿਆ ਗਿਆ ਹੈ। ਮਹੱਤਵਪੂਰਨ ਲੱਭਤਾਂ ਵਿੱਚ ਸ਼ਾਮਲ ਮਾਮਲਿਆਂ ਦੇ ਸ਼੍ਰੇਣੀ ਅਨੁਸਾਰ ਵੇਰਵੇ ਅੰਤਿਕਾ 3.1 ਵਿੱਚ ਉਪਲਬਧ ਹਨ।*

## 3.9 ਪ੍ਰਣਾਲੀਗਤ ਮੁੱਦਾ

### 3.9.1 ਡਾਟੇ ਦੀ ਗੈਰ-ਪ੍ਰਮਾਣਿਕਤਾ ਦੇ ਕਾਰਨ ਅਸਵੀਕਾਰਯੋਗ ਟਰਾਂਜ਼ੀਸ਼ਨਲ ਕ੍ਰੈਡਿਟ

ਪੰਜਾਬ ਜੀ ਐਸ ਟੀ ਐਕਟ 2017 ਦੀ ਧਾਰਾ 140(1) ਦੇ ਅਨੁਸਾਰ, ਇੱਕ ਰਜਿਸਟਰਡ ਵਿਅਕਤੀ, ਕੰਪੋਜ਼ੀਸ਼ਨ ਸਕੀਮ ਅਧੀਨ ਕਰ ਦਾ ਭੁਗਤਾਨ ਕਰਨ ਦੀ ਚੋਣ ਕਰਨ ਵਾਲੇ ਵਿਅਕਤੀ ਤੋਂ ਇਲਾਵਾ, ਆਪਣੇ ਇਲੈਕਟ੍ਰਾਨਿਕ ਕ੍ਰੈਡਿਟ ਲੇਜ਼ਰ (ਈ ਸੀ ਐਲ) ਵਿੱਚ ਮੌਜੂਦਾ ਕਾਨੂੰਨ (ਪੰਜਾਬ ਵੈਲਿਊ ਐਡਿਡ ਟੈਕਸ ਐਕਟ 2005) ਅਧੀਨ ਪੇਸ਼ ਕੀਤੇ 30 ਜੂਨ 2017 ਤੱਕ ਦੀ ਮਿਆਦ ਨਾਲ ਸਬੰਧਤ ਰਿਟਰਨ ਵਿੱਚ ਅੱਗੇ ਲਿਜਾਇਆ ਗਿਆ ਵੈਲਿਊ ਐਡਡ ਟੈਕਸ (ਵੈਟ) ਕ੍ਰੈਡਿਟ ਦੀ ਰਕਮ ਲੈਣ ਦੇ ਯੋਗ ਹੋਵੇਗਾ ਬਸ਼ਰਤੇ ਕਿ ਇਹ ਉਕਤ ਕ੍ਰੈਡਿਟ ਮੌਜੂਦਾ ਕਾਨੂੰਨ ਦੇ ਨਾਲ-ਨਾਲ ਪੰਜਾਬ ਜੀ ਐਸ ਟੀ ਐਕਟ ਦੇ ਅਧੀਨ ਵੀ ਸਵੀਕਾਰਯੋਗ ਸੀ।

ਜੀ ਐਸ ਟੀ ਵਿੱਚ ਟਰਾਂਜ਼ੀਸ਼ਨਲ ਕ੍ਰੈਡਿਟ ਨੂੰ ਅੱਗੇ ਲਿਜਾਣ ਲਈ, ਕਰਯੋਗ ਵਿਅਕਤੀ ਨੂੰ ਟਰਾਂ-1 ਰਿਟਰਨ ਫਾਈਲ ਕਰਨੀ ਲੋੜੀਂਦੀ ਸੀ ਅਤੇ ਟਰਾਂ-1 ਦੀ ਸਾਰਣੀ 5(ਸੀ) ਦੇ ਅਨੁਸਾਰ ਕਰਯੋਗ ਵਿਅਕਤੀ ਨੂੰ ਟਰਨਓਵਰ 'ਤੇ ਇਨਪੁਟ ਟੈਕਸ ਕ੍ਰੈਡਿਟ ਨੂੰ ਵਾਪਸੀਯੋਗ ਘੋਸ਼ਿਤ ਕਰਨਾ ਪੈਣਾ ਸੀ ਜਿਸ ਲਈ ਕਾਨੂੰਨੀ ਘੋਸ਼ਣਾ ਫਾਰਮ (ਫਾਰਮ 'ਸੀ', 'ਐਫ', 'ਐਚ' ਅਤੇ 'ਆਈ')[3] ਬਕਾਇਆ ਸਨ। ਟਰਨਓਵਰ ਨਾਲ ਸਬੰਧਤ ਵਾਪਸੀਯੋਗ ਇਨਪੁਟ ਟੈਕਸ ਕ੍ਰੈਡਿਟ ਦਾ ਉਹ ਹਿੱਸਾ ਇਲੈਕਟ੍ਰਾਨਿਕ ਕ੍ਰੈਡਿਟ ਲੇਜ਼ਰ ਵਿੱਚ ਅੱਗੇ ਨਹੀਂ ਲਿਜਾਇਆ ਜਾਣਾ ਸੀ ਜਿਸ ਲਈ ਅਜਿਹੇ ਫਾਰਮ ਬਕਾਇਆ ਸਨ। ਜਿਵੇ ਕਿ ਜੀ ਐਸ ਟੀ ਦੇ ਉਪਬੰਧ ਜੋ ਜੀ ਐਸ ਟੀ ਐਨ ਪ੍ਰਣਾਲੀ ਦੁਆਰਾ ਲਾਗੂ ਕੀਤੇ ਗਏ ਹਨ, ਸਿਸਟਮ ਨੂੰ ਲੋੜੀਂਦੀ ਜਾਂਚ ਅਤੇ ਪ੍ਰਮਾਣਿਕਤਾਵਾਂ ਨੂੰ ਪੂਰਾ ਕਰਨਾ ਚਾਹੀਦਾ ਹੈ, ਜੋ ਜੀ ਐਸ ਟੀ ਦੇ ਉਪਬੰਧਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰ ਸਕਦੀਆ ਹਨ।

ਲੇਖਾ ਪ੍ਰੀਖਿਆ ਨੇ ਸੱਤ[4] ਏ ਸੀ ਐਸ ਟੀਜ਼ ਵਿੱਚ ਨੋਟ ਕੀਤਾ ਕਿ 16 ਮਾਮਲਿਆਂ ਵਿੱਚ ਕਰਯੋਗ ਵਿਅਕਤੀਆਂ (ਜਾਂਚ ਕੀਤੇ ਨਮੂਨੇ ਦਾ 0.83 *ਪ੍ਰਤੀਸ਼ਤ*) ਨੇ ₹ 176.78 ਕਰੋੜ ਵਿੱਚ ਵੇਚੀਆਂ ਗਈਆਂ ਵਸਤਾਂ ਦਾ ਟਰਨਓਵਰ ਘੋਸ਼ਿਤ ਕੀਤਾ, ਜਿੱਥੇ ਕਾਨੂੰਨੀ ਘੋਸ਼ਣਾ ਫਾਰਮ (ਫਾਰਮ ਸੀ, 'ਐਫ') ਟਰਾਂ-1 ਦਾਇਰ ਕਰਨ ਦੀ ਮਿਤੀ ਤੱਕ ਬਕਾਇਆ ਸਨ ਅਤੇ ਉਪਰੋਕਤ ਟਰਨਓਵਰ ਨਾਲ ਸਬੰਧਤ ਵਾਪਸੀਯੋਗ ਇਨਪੁਟ ਟੈਕਸ ਕ੍ਰੈਡਿਟ ₹ 3.94 ਕਰੋੜ ਸੀ। ਕਰਦਾਤਾਵਾਂ ਦੁਆਰਾ ਘੋਸ਼ਿਤ ਕੀਤੇ ਗਏ ਵਾਪਸੀਯੋਗ ਇਨਪੁਟ ਟੈਕਸ ਕ੍ਰੈਡਿਟ ਦੇ ਹਿੱਸੇ ਨੂੰ ਇਲੈਕਟ੍ਰਾਨਿਕ ਕ੍ਰੈਡਿਟ ਲੇਜ਼ਰ ਵਿੱਚ ਅੱਗੇ ਨਹੀਂ ਲਿਜਾਇਆ ਜਾਣਾ ਸੀ। ਲੇਖਾ ਪ੍ਰੀਖਿਆ ਨੇ, ਹਾਲਾਕਿ, ਦੇਖਿਆ ਗਿਆ ਕਿ ਕਰਦਾਤਾਵਾਂ ਦੇ ਇਲੈਕਟ੍ਰਾਨਿਕ ਕ੍ਰੈਡਿਟ ਲੇਜ਼ਰ ਵਿੱਚ ਟਰਾਂਜ਼ੀਸ਼ਨਲ ਕ੍ਰੈਡਿਟ ਨੂੰ 30 ਜੂਨ 2017 ਨੂੰ ਖਤਮ ਹੋਣ ਵਾਲੀ ਵੈਟ ਰਿਟਰਨ ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ

---

[3] 'ਸੀ'-ਅੰਤਰਰਾਜੀ ਵਿਕਰੀ, 'ਐਫ'-ਸ਼ਾਖਾ/ਵਸਤਾਂ ਦਾ ਤਬਾਦਲਾ, 'ਐਚ'-ਡੀਮਡ ਨਿਰਯਾਤ, 'ਆਈ'-ਵਿਸ਼ੇਸ ਆਰਥਿਕ ਜੋਨ ਵਿੱਚ ਇਕਾਈ ਨੂੰ ਅੰਤਰਰਾਜੀ ਵਿਕਰੀ

[4] ਫਤਿਹਗੜ੍ਹ ਸਾਹਿਬ (5), ਹੁਸ਼ਿਆਰਪੁਰ (1), ਜਲੰਧਰ-I (1), ਲੁਧਿਆਣਾ-I (1), ਪਟਿਆਲਾ (2), ਸੰਗਰੂਰ (2),ਅਤੇ ਐਸ ਏ ਐਸ ਨਗਰ (4)

ਬਕਾਏ ਤੋਂ ₹ 3.94 ਕਰੋੜ ਨੂੰ ਘਟਾਏ ਬਿਨਾਂ ਅੱਗੇ ਲਿਆਂਦਾ ਗਿਆ ਸੀ। ਉਪਰੋਕਤ ਕਰਦਾਤਾਵਾਂ ਦੇ ਟਰਾਂ-1 ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਦਰਸਾਇਆ ਕਿ ਕਾਲਮ 4 ਅਤੇ 6 ਵਿੱਚ ਕਰਦਾਤਾਵਾਂ ਦੁਆਰਾ ਘੋਸ਼ਿਤ ਕੀਤੀ ਗਈ ਵਾਪਸੀਯੋਗ ਇਨਪੁਟ ਟੈਕਸ ਕ੍ਰੈਡਿਟ ਦੀ ਰਕਮ ਨੂੰ ਸਾਰਣੀ 5(ਸੀ) ਦੇ ਕਾਲਮ 10 ਵਿੱਚ ਕੱਟਿਆ ਨਹੀਂ ਗਿਆ ਸੀ, ਜਦੋਂ ਕਿ ਕੁਝ ਹੋਰ ਮਾਮਲਿਆਂ ਵਿੱਚ, ਰਕਮ ਦੀ ਸਹੀ ਢੰਗ ਨਾਲ ਕਟੌਤੀ ਕੀਤੀ ਗਈ ਸੀ। ਇਹ ਦਰਸਾਉਂਦਾ ਹੈ ਕਿ ਕਾਲਮ 10 ਵਿੱਚ ਦਾਖਲ ਕੀਤੇ ਜਾਣ ਵਾਲੇ ਡਾਟੇ ਦੀ ਸ਼ੁੱਧਤਾ ਨੂੰ ਸਿਸਟਮ ਦੁਆਰਾ ਪ੍ਰਮਾਣਿਤ ਨਹੀਂ ਕੀਤਾ ਗਿਆ ਸੀ ਅਤੇ ਸਿਸਟਮ ਨੇ ਪਿਛਲੇ ਕਾਲਮਾਂ ਵਿੱਚ ਕਰਦਾਤਾਵਾਂ ਦੁਆਰਾ ਘੋਸ਼ਿਤ ਵਾਪਸੀ ਯੋਗ ਇਨਪੁਟ ਟੈਕਸ ਕ੍ਰੈਡਿਟ ਦੀ ਕਟੌਤੀ ਕੀਤੇ ਬਿਨ੍ਹਾਂ ਇਸ ਕਾਲਮ ਵਿੱਚ ਰਕਮ ਦੀ ਇਜਾਜ਼ਤ ਦਿੱਤੀ ਸੀ। ਗਲਤ ਡਾਟਾ ਸ਼ਾਮਲ ਕਰਨ ਤੋਂ ਬਚਣ ਲਈ ਜੀ ਐਸ ਟੀ ਐਨ ਸਿਸਟਮ ਨੂੰ ਉੱਚਿਤ ਜਾਂਚਾਂ ਅਤੇ ਪ੍ਰਮਾਣਿਕਤਾਵਾਂ ਦੇ ਨਾਲ ਮਜ਼ਬੂਤ ਹੋਣਾ ਚਾਹੀਦਾ ਹੈ। ਟਰਾਂ-1 ਦੀ ਸਾਰਣੀ 5(ਸੀ) ਦੇ ਕਾਲਮ 10 ਵਿੱਚ ਗਲਤ ਡਾਟਾ ਸ਼ਾਮਲ ਕਰਨ ਦੇ ਨਤੀਜੇ ਵਜੋਂ ₹ 3.94 ਕਰੋੜ ***(ਅੰਤਿਕਾ 3.2)*** ਦਾ ਅਸਵੀਕਾਰਯੋਗ ਟਰਾਂਜ਼ੀਸ਼ਨਲ ਕ੍ਰੈਡਿਟ ਹੋਇਆ, ਜਿਸ ਨੂੰ ਪ੍ਰਮਾਣਿਕਤਾ ਜਾਂਚਾਂ ਦੁਆਰਾ ਜਾਂ ਕਾਲਮ 10 ਵਿੱਚ ਸਾਰਣੀ 5(ਸੀ) ਦੇ ਪਿਛਲੇ ਕਾਲਮਾਂ ਵਿੱਚ ਕਰਦਾਤਾ ਦੁਆਰਾ ਪ੍ਰਦਾਨ ਕੀਤੇ ਗਏ ਅੰਕੜਿਆ ਦੇ ਆਧਾਰ 'ਤੇ ਆਟੋਮੈਟਿਕਲੀ ਰਕਮ ਭਰਨ ਦੁਆਰਾ ਬਚਿਆ ਜਾ ਸਕਦਾ ਸੀ।

ਵਿਭਾਗ ਦੁਆਰਾ ਗਲਤ ਡਾਟਾ ਨਿਵੇਸ਼ਣ ਲਈ ਜੀ ਐਸ ਟੀ ਐਨ ਪ੍ਰਣਾਲੀ ਦੀਆਂ ਪ੍ਰਕਿਰਿਆਵਾਂ ਦੀ ਜਾਂਚ ਅਤੇ ਸੁਧਾਰਾਂ ਲਈ ਸਮਰੂਪ ਮਾਮਲਿਆਂ ਦੀ ਪਛਾਣ ਕਰਨ ਦੀ ਲੋੜ ਹੈ।

ਧਿਆਨ ਵਿੱਚ ਲਿਆਉਣ ‘ਤੇ (ਜੂਨ 2021), ਵਿਭਾਗ ਨੇ ਚਾਰ ਮਾਮਲਿਆਂ[5] ਵਿੱਚ ₹ 0.70 ਕਰੋੜ ਦੀ ਵਸੂਲੀ ਕੀਤੀ ਅਤੇ ਹੁਸ਼ਿਆਰਪੁਰ ਦੇ ਇੱਕ ਮਾਮਲੇ ਵਿੱਚ ₹ 2.14 ਕਰੋੜ ਲਈ ਨੋਟਿਸ ਜਾਰੀ ਕੀਤਾ, ਜੋ ਕਿ ਕਾਨੂੰਨੀ ਮੁੱਦਿਆਂ ਕਾਰਨ ਮੁੜ ਵਿਚਾਰ ਅਧੀਨ ਸੀ। ਫਤਿਹਗੜ੍ਹ ਸਾਹਿਬ ਦੇ ਦੋ ਮਾਮਲਿਆਂ ਵਿੱਚ, ਵਿਭਾਗ ਨੇ ਜਵਾਬ ਦਿੱਤਾ ਕਿ ਡੀਲਰਾਂ ਨੇ ਅਧਿਕਾਰ ਖੇਤਰ ਦੇ ਅਧਿਕਾਰੀਆਂ ਕੋਲ ਕਾਨੂੰਨੀ ਘੋਸ਼ਣਾ ਫਾਰਮ ਜਮ੍ਹਾਂ ਕਰਵਾਏ ਸਨ। ਸੰਗਰੂਰ ਦੇ ਇੱਕ ਮਾਮਲੇ ਵਿੱਚ, ਇਹ ਕਿਹਾ ਗਿਆ ਸੀ ਕਿ ਡੀਲਰ ਕੋਲ ਵੈਟ-20 ਰਿਟਰਨ ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਨਾਲੋਂ ਘੱਟ ਟਰਾਂਜ਼ੀਸ਼ਨਲ ਕ੍ਰੈਡਿਟ ਸੀ ਅਤੇ, ਇੱਕ ਹੋਰ ਮਾਮਲੇ ਵਿੱਚ, ਇਹ ਕਿਹਾ ਗਿਆ ਸੀ ਕਿ ‘ਸੀ’ ਫਾਰਮ 2015-16 ਤੋਂ 2017-18 ਲਈ ਕੀਤੇ ਗਏ ਮੁਲਾਂਕਣਾਂ ਅਨੁਸਾਰ ਉਪਲਬਧ ਸਨ। ਜਲੰਧਰ-I ਦੇ ਇੱਕ ਮਾਮਲੇ ਵਿੱਚ, ਡੀਲਰ ਨੇ ਜਨਵਰੀ 2018 ਵਿੱਚ ਸਾਰਾ ਟਰਾਂਜ਼ੀਸ਼ਨਲ ਕ੍ਰੈਡਿਟ ਵਾਪਸ ਕਰ ਦਿੱਤਾ ਸੀ। ਇਸ ਲਈ ਇਹਨਾਂ ਮਾਮਲਿਆਂ ਵਿੱਚ ਸਰਕਾਰ ਨੂੰ ਕੋਈ ਨੁਕਸਾਨ ਨਹੀਂ ਹੋਇਆ ਸੀ। ਬਾਕੀ ਮਾਮਲਿਆਂ ਵਿੱਚ ਜਵਾਬਾਂ ਦੀ ਉਡੀਕ ਸੀ (ਨਵੰਬਰ 2022)।

ਲੇਖਾ ਪ੍ਰੀਖਿਆ ਦਾ ਮੰਨਣਾ ਹੈ ਕਿ ਹਾਲਾਂਕਿ ਵਿਭਾਗੀ ਜਵਾਬ ਲੇਖਾ ਪ੍ਰੀਖਿਆ ਦੁਆਰਾ ਮਾਮਲੇ ਨੂੰ ਧਿਆਨ ਵੱਚ ਲਿਆਂਦੇ ਜਾਣ ਤੋਂ ਬਾਅਦ ਸੁਧਾਰਤਮਕ ਕਾਰਵਾਈਆਂ ਦੇ ਅਨੁਸਾਰ ਸਨ, ਫਿਰ ਵੀ, ਲੇਖਾ ਪ੍ਰੀਖਿਆ ਨਿਰੀਖਣ ਵਿੱਚ ਦਰਸਾਏ ਗਏ ਸਿਸਟਮ ਦੀ ਕਮਜ਼ੋਰੀ ਪ੍ਰਤੀ ਕੋਈ ਟਿੱਪਣੀ ਪੇਸ਼ ਨਹੀ ਕੀਤੀ ਗਈ ਸੀ, ਜਿਸਦਾ ਅੰਤ ਵਿੱਚ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਸ਼ੁੱਧਤਾ ‘ਤੇ ਅਸਰ ਪਿਆ।

---

[5] ਫਹਿਤਗੜ੍ਹ ਸਾਹਿਬ (3) ₹ 0.03 ਕਰੋੜ ਅਤੇ ਐਸ ਏ ਐਸ ਨਗਰ (1) ₹ 0.67 ਕਰੋੜ

## 3.10 ਪਾਲਣਾ ਦੇ ਮਾਮਲੇ

ਸਾਲ 2017-18 ਲਈ ਸਾਲਾਨਾ ਰਿਟਰਨਾਂ ਵੈਟ-20[6] ਦੇ ਅਨੁਸਾਰ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਬਕਾਏ ਦੇ ਨਾਲ, ਸਾਰਣੀ 5(ਸੀ) ਦੇ ਫਾਰਮ ਟਰਾਂ-1 ਦੇ "ਰਾਜ/ਯੂ ਟੀ ਟੈਕਸ ਕ੍ਰੈਡਿਟ ਫਾਰਵਰਡ" ਦੇ ਅਧੀਨ ਕਲੇਮ ਕੀਤੇ ਗਏ 1,933 ਚੁਣੇ ਗਏ ਮਾਮਲਿਆਂ ਦੇ ਐਸ ਜੀ ਐਸ ਟੀ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਲੇਖਾ ਪ੍ਰੀਖਿਆ ਨੇ ਤਸਦੀਕ ਕੀਤਾ। ਅਜਿਹੇ ਮਾਮਲਿਆਂ ਵਿੱਚ, ਜਿੱਥੇ ਸਾਲਾਨਾ ਰਿਟਰਨ ਨਾ ਤਾਂ ਈ ਟੀ ਟੀ ਐਸ ਏ[7] ਸਿਸਟਮ 'ਤੇ ਉਪਲਬਧ ਸੀ ਅਤੇ ਨਾ ਹੀ ਵਿਭਾਗ ਦੁਆਰਾ ਲੇਖਾ ਪ੍ਰੀਖਿਆ ਲਈ ਉਪਲਬਧ ਕਰਵਾਈ ਗਈ ਸੀ, ਅਪ੍ਰੈਲ-ਜੂਨ 2017 ਦੀ ਤਿਮਾਹੀ ਲਈ ਤਿਮਾਹੀ ਰਿਟਰਨ ਵੈਟ-15 ਨਾਲ ਤੁਲਨਾ ਕੀਤੀ ਗਈ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ:

*ੳ.* 1,933 ਡੀਲਰਾਂ ਵਿੱਚੋ 1,894 (97.98 *ਪ੍ਰਤੀਸ਼ਤ*) ਨੇ ਵੈਟ-20/ਵੈਟ-15 ਵਿੱਚ ਰਿਟਰਨ ਫਾਈਲ ਕੀਤੀ ਸੀ। ਇਸ ਵਿੱਚੋਂ,

*i.* **ਵਾਧੂ ਕਲੇਮ:** 322 (16.66 *ਪ੍ਰਤੀਸ਼ਤ*) ਡੀਲਰਾਂ ਨੇ ₹ 150.50 ਕਰੋੜ ਦੇ ਐਸ ਜੀ ਐਸ ਟੀ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕੀਤਾ, ਜਦੋਂ ਕਿ ਡੀਲਰਾਂ ਦੁਆਰਾ ਦਾਇਰ ਕੀਤੇ ਗਏ ਵੈਟ-20/ਵੈਟ-15 ਦੇ ਅਨੁਸਾਰ ₹ 65.51 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਉਪਲਬਧ ਸੀ। ਇਸ ਤਰ੍ਹਾਂ, ਡੀਲਰਾਂ ਨੇ ₹ 84.99 ਕਰੋੜ *(ਅੰਤਿਕਾ 3.3)* ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੇ ਵਾਧੂ ਕਲੇਮ ਦਾ ਦਾਅਵਾ ਕੀਤਾ।

*ii.* **ਘੱਟ ਕਲੇਮ:** 635 (32.85 *ਪ੍ਰਤੀਸ਼ਤ*) ਡੀਲਰਾਂ ਨੇ ₹ 303.04 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕੀਤਾ ਜੋ ਕਿ ਡੀਲਰਾਂ ਦੁਆਰਾ ਦਾਇਰ ਕੀਤੇ ਗਏ ਵੈਟ-20/ ਵੈਟ-15 ਦੇ ਅਨੁਸਾਰ ਉਪਲਬਧ ₹ 434.06 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਤੋਂ ₹ 131.02 ਕਰੋੜ ਘੱਟ ਸੀ । ਟਰਾਂਜ਼ੀਸ਼ਨਲ ਕ੍ਰੈਡਿਟ ਦੇ ਘੱਟ ਕਲੇਮ ਦੇ ਮੁੱਖ ਕਾਰਨ ਸਨ i) *ਫਾਰਮ 'ਸੀ ', 'ਐਫ' ਅਤੇ 'ਐਚ' ਵਿੱਚ ਕਾਨੂੰਨੀ ਘੋਸ਼ਣਾਵਾਂ ਦੀ ਗੈਰ-ਉਪਲਬਧਤਾ ਕਾਰਨ ਇਨਪੁਟ ਟੈਕਸ ਕ੍ਰੈਡਿਟ ਵਿੱਚ ਕਟੌਤੀ; ii) ਇਨਪੁਟ ਟੈਕਸ ਕ੍ਰੈਡਿਟ ਬਕਾਏ ਵਿੱਚੋਂ ਰਿਫੰਡ ਦਾ ਕਲੇਮ; iii) ਵਸਤਾਂ ਦੇ ਨਿਰਮਾਣ ਵਿੱਚ ਲੱਗੇ ਡੀਲਰਾਂ ਦੁਆਰਾ ਸੰਚਿਤ ਇਨਪੁਟ ਟੈਕਸ ਕ੍ਰੈਡਿਟ ਦੀ ਬਜਾਏ ਅੰਤਮ ਸਟਾਕ 'ਤੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ, ਜੋ ਕਿ ਪੰਜਾਬ ਵੈਟ ਪ੍ਰਣਾਲੀ ਦੇ ਅਧੀਨ ਕਰ ਮੁਕਤ ਸੀ ਪ੍ਰੰਤੂ ਜੀ ਐਸ ਟੀ ਪ੍ਰਣਾਲੀ ਦੇ ਅਧੀਨ ਕਰਯੋਗ ਬਣ ਗਿਆ ਸੀ; ਅਤੇ iv) ਅਜਿਹੇ ਡੀਲਰਾਂ ਦੁਆਰਾ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਨਾ ਕਰਨਾ ਜਿਨ੍ਹਾਂ ਨੇ ਵਸਤਾਂ (ਜਿਵੇਂ ਕਿ ਅਨਾਜ) ਦਾ ਵਪਾਰ ਕੀਤਾ, ਜਿਨ੍ਹਾਂ ਦੀ ਜੀ ਐਸ ਟੀ ਪ੍ਰਣਾਲੀ ਵਿੱਚ ਛੋਟ ਹੋ ਗਈ ਸੀ।*

---

6 ਡੀਲਰ ਵਜੋਂ ਵਿਭਾਗ ਨੂੰ ਈ ਟੀ ਟੀ ਐਸ ਏ ਯਿਸਟਮ ਜਾਂ ਮੈਨੂਅਲੀ ਦਾਇਰ ਕੀਤੀਆਂ ਗਈਆਂ ਅਤੇ ਵਿਭਾਗ ਵਲੋਂ ਲੇਖਾ ਪ੍ਰੀਖਿਆ ਨੂੰ ਉਪਲੱਬਧ ਕਰਵਾਈਆਂ ਗਈਆਂ ਸਲਾਨਾ ਰਿਟਰਨਾਂ (ਵੈਟ-20)

7 ਆਬਕਾਰੀ ਅਤੇ ਕਰ ਤਕਨੀਕੀ ਸੇਵਾਵਾਂ ਏਜੰਸੀ (ਈ ਟੀ ਟੀ ਐਸ ਏ), ਪੰਜਾਬ ਸਰਕਾਰ ਵੱਲੋਂ ਆਬਕਾਰੀ ਅਤੇ ਕਰ ਵਿਭਾਗ ਦੀ ਕੰਪਿਊਟਰੀਕਰਣ ਲਈ ਬਣਾਈ ਗਈ ਇੱਕ ਸੁਸਾਇਟੀ ਹੈ

*iii.* **ਮੈਚਿੰਗ ਕਲੇਮ**: 937 ਮਾਮਲਿਆਂ (48.47 *ਪ੍ਰਤੀਸ਼ਤ*) ਵਿੱਚ, ₹ 250.94 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਵੈਟ-20/ਵੈਟ-15 ਦੇ ਅਨੁਸਾਰ ਇਨਪੁਟ ਟੈਕਸ ਕ੍ਰੈਡਿਟ ਨਾਲ ਮੇਲ[8] ਖਾਂਦਾ ਸੀ।

*ਅ.* **ਨਾਨ-ਫਾਈਲਰਜ਼:** 1,933 ਡੀਲਰਾਂ ਵਿੱਚੋਂ 39 (2.02 *ਪ੍ਰਤੀਸ਼ਤ*) ਨੇ ਸਬੰਧਤ ਸਮੇਂ ਲਈ ਤਿਮਾਹੀ/ਸਲਾਨਾ ਰਿਟਰਨ ਦਾਇਰ ਕੀਤੇ ਬਿਨਾਂ ₹ 13.93 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕੀਤਾ। ਇਨ੍ਹਾਂ ਡੀਲਰਾਂ ਨੇ ਨਾ ਤਾਂ ਅਪ੍ਰੈਲ-ਜੂਨ 2017 ਦੀ ਤਿਮਾਹੀ ਲਈ ਵੈਟ-15 ਤਿਮਾਹੀ ਰਿਟਰਨ ਅਤੇ ਨਾ ਹੀ ਸਾਲ 2017-18 ਲਈ ਸਾਲਾਨਾ ਰਿਟਰਨ ਵੈਟ-20 ***(ਅੰਤਿਕਾ 3.4)*** ਦਾਇਰ ਕੀਤੀ ਸੀ। ਨਿਰਧਾਰਤ ਦਿਨ ਤੋਂ ਪਹਿਲਾਂ ਪਿਛਲੇ ਛੇ ਮਹੀਨਿਆਂ ਲਈ ਰਿਟਰਨ ਦਾਇਰ ਕਰਨਾ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕਰਨ ਲਈ ਇੱਕ ਮੁਢਲੀ ਸ਼ਰਤ ਸੀ। ਰਿਟਰਨਾਂ ਦੀ ਅਣਹੋਂਦ ਵਿੱਚ, ਲੇਖਾ ਪ੍ਰੀਖਿਆ ਵਿੱਚ ਇਹ ਪਤਾ ਨਹੀਂ ਲਗਾਇਆ ਜਾ ਸਕਦਾ ਸੀ ਕਿ ਵਿਭਾਗ ਨੇ ਇਹਨਾਂ ਮਾਮਲਿਆਂ ਦੀ ਤਸਦੀਕ ਕਿਸ ਆਧਾਰ 'ਤੇ ਕੀਤੀ ਸੀ ਅਤੇ ਐਸ ਜੀ ਐਸ ਟੀ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਸੀ।

ਇਸ ਰਿਪੋਰਟ ਦੇ ਪੈਰ੍ਹਾ 3.10 (ੳ)(i) ਵਿੱਚ ਕੀਤੇ ਜ਼ਿਕਰ ਅਨੁਸਾਰ ਵੈਟ ਰਿਟਰਨਾਂ ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਦਿੱਤੇ ਜਾਣ, 3.10 (ਅ) ਵਿੱਚ ਕੀਤੇ ਜ਼ਿਕਰ ਅਨੁਸਾਰ ਨਾਨ-ਫਾਈਲਜ਼ ਨੂੰ ਟਰਾਂਜ਼ੀਸ਼ਨਲ ਕ੍ਰੈਡਿਟ ਦੇਣਾ ਅਤੇ ਪੈਰ੍ਹਾ 3.10.1 ਤੋਂ 3.10.9 ਰਾਹੀਂ ਧਿਆਨ ਵਿੱਚ ਲਿਆਉਂਦੇ ਜਾਣ ਵਾਲਾ ਅਸਵੀਕਾਰਯੋਗ ਟਰਾਂਜ਼ੀਸ਼ਨਲ ਕ੍ਰੈਡਿਟ ਦਰਸਾਉਂਦਾ ਹੈ ਕਿ ਵਿਭਾਗ ਦੁਆਰਾ ਟਰਾਂਜ਼ੀਸ਼ਨਲ ਕ੍ਰੈਡਿਟ ਦਿੱਤੇ ਜਾਣ ਤੋਂ ਪਹਿਲਾਂ ਦਸਤਾਵੇਜ਼ਾਂ ਦੀ ਜਾਂਚ ਦਾ ਸਿਸਟਮ ਕਾਫ਼ੀ ਨਹੀਂ ਸੀ।

ਉਪਰੋਕਤ ੳ(i) ਅਤੇ ਅ ਵਿੱਚ ਦੱਸੇ ਗਏ 361 ਮਾਮਲਿਆਂ ਵਿੱਚੋਂ, 74 ਮਾਮਲਿਆਂ[9] ਵਿੱਚ ₹ 35.05 ਕਰੋੜ ਦੀ ਰਿਕਵਰੀ/ਰਿਵਰਸਲ ਪਹਿਲਾਂ ਹੀ ਕੀਤੀ ਜਾ ਚੁੱਕੀ ਸੀ। ਵਿਭਾਗ ਨੇ ਲੇਖਾ ਪ੍ਰੀਖਿਆ ਵਿੱਚ ਧਿਆਨ ਵਿੱਚ ਲਿਆਉਣ ਤੋਂ ਬਾਅਦ 88 ਮਾਮਲਿਆਂ[10] ਵਿੱਚ ₹ 6.34 ਕਰੋੜ ਦੀ ਵਸੂਲੀ ਕੀਤੀ।

ਵਾਧੂ ਕਲੇਮਾਂ ਦੇ 41 ਮਾਮਲਿਆਂ ਵਿੱਚ, ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਡੀਲਰਾਂ ਨੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਸਹੀ ਕਲੇਮ ਕੀਤਾ ਸੀ ਅਤੇ ਕੋਈ ਵਾਧੂ ਨਹੀਂ ਸੀ। ਵਿਭਾਗ ਦੁਆਰਾ ਦੱਸੇ ਗਏ ਕਾਰਨਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ:

---

8 ਵੈਟ-15/ਵੈਟ-20 ਦੇ ਅਨੁਸਾਰ ਇਨਪੁਟ ਟੈਕਸ ਕ੍ਰੈਡਿਟ ਅਤੇ ਟਰਾਂ-1 ਦੇ ਅਨੁਸਾਰ ਟਰਾਂਜ਼ੀਸ਼ਨਲ ਕ੍ਰੈਡਿਟ ਵਿਚਕਾਰ ₹ 10,000 ਤੱਕ ਅੰਤਰ ਨੂੰ ਨਜਰਅੰਦਾਜ ਕੀਤਾ ਗਿਆ ਹੈ

9 ਅੰਮ੍ਰਿਤਸਰ-I (2), ਅੰਮ੍ਰਿਤਸਰ-II (2), ਬਰਨਾਲਾ (2), ਬਠਿੰਡਾ (2), ਫਾਜ਼ਿਲਕਾ (3), ਫਿਰੋਜ਼ਪੁਰ (4), ਗੁਰਦਾਸਪੁਰ (5) ਹੁਸ਼ਿਆਰਪੁਰ (4), ਜਲੰਧਰ-I (1) ਜਲੰਧਰ-II (4), ਕਪੂਰਥਲਾ (1), ਲੁਧਿਆਣਾ-I (10), ਲੁਧਿਆਣਾ-II (3), ਲੁਧਿਆਣਾ -III (2), ਮਾਨਸਾ (2), ਮੋਗਾ (5), ਸ਼੍ਰੀ ਮੁਕਤਸਰ ਸਾਹਿਬ (2), ਪਠਾਨਕੋਟ (5) ਪਟਿਆਲਾ (10), ਸੰਗਰੂਰ (3), ਅਤੇ ਐਸ ਏ ਐਸ ਨਗਰ (2)

10 ਅੰਮ੍ਰਿਤਸਰ-I (6), ਅੰਮ੍ਰਿਤਸਰ-II (4), ਬਰਨਾਲਾ (2), ਬਠਿੰਡਾ (2), ਫਰੀਦਕੋਟ (2), ਫਤਿਹਗੜ੍ਹ ਸਾਹਿਬ (3), ਫਾਜ਼ਿਲਕਾ (2), ਫਿਰੋਜ਼ਪੁਰ (11), ਗੁਰਦਾਸਪੁਰ (3), ਹੁਸ਼ਿਆਰਪੁਰ (1), ਜਲੰਧਰ-I (1), ਜਲੰਧਰ-II (4) ਲੁਧਿਆਣਾ-I (4), ਲੁਧਿਆਣਾ-II (6), ਲੁਧਿਆਣਾ -III (4), ਮਾਨਸਾ (2), ਮੋਗਾ (1), ਸ੍ਰੀ ਮੁਕਤਸਰ ਸਾਹਿਬ (7), ਪਠਾਨਕੋਟ (4), ਪਟਿਆਲਾ (4), ਰੋਪੜ (1), ਸੰਗਰੂਰ (3), ਐਸ ਏ ਐਸ ਨਗਰ (10) ਅਤੇ ਤਰਨ ਤਾਰਨ (1)

- 33 ਮਾਮਲਿਆਂ[11] ਵਿੱਚ, ਇਨਪੁੱਟ ਟੈਕਸ ਕ੍ਰੈਡਿਟ ਪਿਛਲੇ ਸਾਲਾਂ ਦੌਰਾਨ ਇੱਕਠੇ ਹੋਏ ਸਨ, ਪਰ ਡੀਲਰਾਂ ਨੇ ਇਸਨੂੰ ਬਾਅਦ ਦੇ ਸਾਲਾਨਾ ਵੈਟ ਰਿਟਰਨਾਂ ਦੇ ਮੁਢਲੇ ਬਕਾਏ ਵਿੱਚ ਨਹੀਂ ਦਰਸਾਇਆ। ਟਰਾਂ-1 ਫਾਈਲ ਕਰਨ ਸਮੇਂ, ਡੀਲਰਾਂ ਨੇ ਪਿਛਲੀਆਂ ਰਿਟਰਨਾਂ ਵਿੱਚ ਪਏ ਅਜਿਹੇ ਸਾਰੇ ਇਕੱਠੇ ਕੀਤੇ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕੀਤਾ ਅਤੇ ₹ 12.37 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਸਹੀ ਕਲੇਮ ਕੀਤਾ।
- ਅੱਠ ਮਾਮਲਿਆਂ[12] ਵਿੱਚ, ਡੀਲਰਾਂ ਨੇ ਇਨਪੁੱਟ ਟੈਕਸ ਕ੍ਰੈਡਿਟ ਡੈਬਿਟ ਕਰਕੇ ਪਿਛਲੇ ਸਾਲਾਂ ਵਿੱਚ ਵੈਟ ਰਿਫੰਡ ਦਾ ਕਲੇਮ ਕੀਤਾ ਸੀ। ਹਾਲਾਂਕਿ, ਉਨ੍ਹਾਂ ਨੂੰ ਰਿਫੰਡ ਜਾਰੀ ਨਹੀਂ ਕੀਤੇ ਗਏ ਸਨ। ਇਹਨਾਂ ਡੀਲਰਾਂ ਨੇ ਪ੍ਰਾਪਤ ਨਾ ਕੀਤੇ ਵੈਟ ਰਿਫੰਡ ਦੀ ਰਕਮ ਨੂੰ ਸ਼ਾਮਲ ਕਰਕੇ ₹ 37.92 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਸਹੀ ਕਲੇਮ ਕੀਤਾ।

ਵਿਭਾਗ ਪਿਛਲੇ ਸਾਲਾਂ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਸ਼ੁੱਧਤਾ ਨੂੰ ਯਕੀਨੀ ਬਣਾ ਸਕਦਾ ਹੈ ਜੋ ਸਲਾਨਾ ਵੈਟ ਰਿਟਰਨਾਂ ਵਿੱਚ ਅੱਗੇ ਨਹੀਂ ਲਿਆਂਦੇ ਗਏ ਸਨ ਪਰ ਡੀਲਰਾਂ ਨੇ ਟਰਾਂ-1 ਫਾਈਲ ਕਰਨ ਸਮੇਂ ਅਜਿਹੇ ਸਾਰੇ ਇਨਪੁਟ ਟੈਕਸ ਕ੍ਰੈਡਿਟ ਦਾ ਕਲੇਮ ਕੀਤਾ ਸੀ।

ਵਾਧੂ ਕਲੇਮ ਦੇ ਦੋ ਮਾਮਲਿਆਂ[13] ਵਿੱਚ, ਵਿਭਾਗ ਨੇ ਕਿਹਾ (ਜੂਨ 2022) ਕਿ ਜੀ ਐਸ ਟੀ ਐਨ ਪ੍ਰਣਾਲੀ ਵਿੱਚ ਤਕਨੀਕੀ ਸਮੱਸਿਆਵਾਂ ਦੇ ਕਾਰਨ, ਡੀਲਰ ਜੁਲਾਈ 2017 ਦੇ ਜੀ ਐਸ ਟੀ ਤੋਂ ਬਾਅਦ ਦੇ ਮਹੀਨੇ ਲਈ ਇਨਵਾਰਡ ਸਪਲਾਈ 'ਤੇ ਇਨਪੁਟ ਟੈਕਸ ਕ੍ਰੈਡਿਟ ਦਾ ਲਾਭ ਨਹੀਂ ਲੈ ਸਕੇ। ਇਸ ਤਰ੍ਹਾਂ, ਡੀਲਰ ਨੇ ਜੁਲਾਈ 2017 ਦੇ ਟਰਾਂ-1 ਵਿੱਚ ₹ 0.11 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਕਲੇਮ ਕੀਤਾ ਅਤੇ ਸਰਕਾਰ ਨੂੰ ਕੋਈ ਵਿੱਤੀ ਨੁਕਸਾਨ ਨਹੀਂ ਹੋਇਆ।.

ਲੇਖਾ ਪ੍ਰੀਖਿਆ ਦਾ ਮੰਨਣਾ ਹੈ ਕਿ ਹਾਲਾਂਕਿ ਸਰਕਾਰ ਨੂੰ ਕੋਈ ਨੁਕਸਾਨ ਨਹੀਂ ਹੋਇਆ, ਫਿਰ ਵੀ ਟਰਾਂ-1 ਦੁਆਰਾ ਜੀ ਐਸ ਟੀ ਤੋਂ ਬਾਅਦ ਇਨਪੁਟ ਟੈਕਸ ਕ੍ਰੈਡਿਟ ਦਾ ਕਲੇਮ ਅਨਿਯਮਿਤ ਸੀ।

ਵਾਧੂ ਕਲੇਮ ਦੇ ਪੰਜ ਮਾਮਲਿਆਂ[14] ਵਿੱਚ, ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਡੀਲਰਾਂ ਨੇ ਵੈਟ ਰਿਟਰਨਾਂ ਦੇ ਅਨੁਸਾਰ ₹ 0.87 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਸਹੀ ਕਲੇਮ ਕੀਤਾ ਸੀ।

ਵਿਭਾਗ ਦਾ ਜਵਾਬ ਮੰਨਣਯੋਗ ਨਹੀਂ ਸੀ ਕਿਉਂਕਿ 2017-18 ਲਈ ਇਨ੍ਹਾਂ ਡੀਲਰਾਂ ਦੀਆਂ ਵੈਟ-20 ਸਲਾਨਾਂ ਰਿਟਰਨਾਂ ਦੇ ਅਨੁਸਾਰ ₹ 0.77 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਉਪਲਬੱਧ ਸਨ ਪ੍ਰੰਤੂ ਡੀਲਰਾਂ ਨੇ ₹ 0.87 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕੀਤਾ।

---

11 ਬਠਿੰਡਾ (1), ਗੁਰਦਾਸਪੁਰ (1) ਜਲੰਧਰ-II (14), ਲੁਧਿਆਣਾ-I (12), ਲੁਧਿਆਣਾ-II (2), ਲੁਧਿਆਣਾ -III (1), ਅਤੇ ਐਸ ਏ ਐਸ ਨਗਰ (2)

12 ਗੁਰਦਾਸਪੁਰ (1) ਜਲੰਧਰ-I (1), ਜਲੰਧਰ-II (1), ਕਪੂਰਥਲਾ (1), ਅਤੇ ਲੁਧਿਆਣਾ-I (4)

13 ਲੁਧਿਆਣਾ-I

14 ਫਤਿਹਗੜ੍ਹ (1), ਫਿਰੋਜ਼ਪੁਰ (1), ਜਲੰਧਰ-II (2) ਅਤੇ ਪਟਿਆਲਾ (1)

ਵਾਧੂ ਕਲੇਮ ਦੇ ਇੱਕ ਮਾਮਲੇ[15] ਵਿੱਚ, ਵਿਭਾਗ ਨੇ ਕਿਹਾ (ਜੂਨ 2022) ਕਿ ਡੀਲਰ ਕੋਲ ਕਰ ਅਦਾ ਕੀਤੇ ਸਮਾਨ ਦਾ ਸਟਾਕ ਸੀ ਜਿਸ ਲਈ ਉਸਨੇ ਸਾਰਣੀ 5(ਸੀ) ਟਰਾਂ-1 ਦੇ ਅਧੀਨ ਰਕਮ ਸ਼ਾਮਲ ਕਰਕੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕੀਤਾ ਸੀ। ਡੀਲਰ ਦੁਆਰਾ ਕਲੇਮ ਕੀਤਾ ਗਿਆ ₹ 0.04 ਕਰੋੜ ਦਾ ਟਰਾਂਜ਼ੀਸ਼ਨਲ ਕ੍ਰੈਡਿਟ ਸਹੀ ਸੀ।

ਲੇਖਾ ਪ੍ਰੀਖਿਆ ਦਾ ਮੰਨਣਾ ਹੈ ਕਿ ਡੀਲਰ ਨੂੰ ਸਾਰਣੀ 7(ਸੀ) ਜਾਂ 7(ਡੀ) ਦੇ ਅਧੀਨ ਸਟਾਕ ਲਈ ਵੱਖਰੇ ਤੌਰ ਤੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕਰਨ ਦੀ ਲੋੜ ਸੀ। ਸਾਰਣੀ 5(ਸੀ) ਦੇ ਅਧੀਨ ਸਟਾਕ ਲਈ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕਰਨਾ ਅਨਿਯਮਿਤ ਸੀ।

ਵਾਧੂ ਕਲੇਮ ਦੇ ਇੱਕ ਮਾਮਲੇ[16] ਵਿੱਚ, ਵਿਭਾਗ ਨੇ ਸੂਚਿਤ ਕੀਤਾ (ਜੂਨ 2022) ਕਿ ਡੀਲਰ ਨੇ ਟਰਾਂ-1 ਕਲੇਮ ਦੇ ਕਾਰਨ ਵੈਟ-20 ਰਿਟਰਨ ਵਿੱਚ ₹ 0.30 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਵਾਪਸ ਕਰ ਦਿੱਤਾ ਸੀ ਅਤੇ ਇਸ ਅਨੁਸਾਰ ਟਰਾਂ-1 ਵਿੱਚ ਕਲੇਮ ਕੀਤਾ ਗਿਆ ₹ 0.29 ਕਰੋੜ ਦਾ ਟਰਾਂਜ਼ੀਸ਼ਨਲ ਕ੍ਰੈਡਿਟ ਸਹੀ ਸੀ।

ਵਿਭਾਗ ਨੂੰ ਯਕੀਨੀ ਬਣਾਉਣ ਦੀ ਲੋੜ ਹੈ ਕਿ ਡੀਲਰ ਦੁਆਰਾ ਵੈਟ-20 ਵਿੱਚ ਕੀਤੀ ਗਈ ₹ 0.30 ਕਰੋੜ ਦੀ ਵਾਪਸੀ ਟਰਾਂਜ਼ੀਸ਼ਨਲ ਕ੍ਰੈਡਿਟ ਦੇ ਕਾਰਨ ਸੀ ਕਿਉਂਕਿ ਇਹ ਵੈਟ ਰਿਟਰਨ ਵਿੱਚ ਸਪਸ਼ਟ ਤੌਰ 'ਤੇ ਪ੍ਰਤੀਬਿੰਬਤ ਨਹੀਂ ਹੋ ਰਿਹਾ ਸੀ ਅਤੇ ਵਾਪਸੀ ਦੀ ਰਕਮ ਵੀ ਟਰਾਂਜ਼ੀਸ਼ਨਲ ਕ੍ਰੈਡਿਟ ਤੋਂ ਵੱਖਰੀ ਸੀ।

₹ 0.58 ਕਰੋੜ ਦੇ ਵਾਧੂ ਕਲੇਮ ਦੇ ਇੱਕ ਮਾਮਲੇ[17] ਵਿੱਚ, ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਡੀਲਰ ਨੇ ਜੀ ਐਸ ਟੀ ਦੇ ਅਧੀਨ ₹ 0.46 ਕਰੋੜ ਦੇ ਰਿਫੰਡ ਦਾ ਕਲੇਮ ਕੀਤਾ ਸੀ, ਜਿਸ ਨੂੰ ਵਿਭਾਗ ਦੁਆਰਾ ਰੱਦ ਕਰ ਦਿੱਤਾ ਗਿਆ ਸੀ। ₹ 0.12 ਕਰੋੜ ਦੀ ਬਾਕੀ ਰਾਸ਼ੀ ਪ੍ਰੀ-ਜੀ ਐਸ ਟੀ ਸਾਲ 2016-17 ਨਾਲ ਸਬੰਧਤ ਸੀ।

ਵਿਭਾਗ ਨੂੰ ਆਪਣੇ ਜਵਾਬ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ ਕਿਉਂਕਿ 2016-17 ਅਤੇ 2017-18 ਲਈ ਡੀਲਰ ਦੀਆਂ ਵੈਟ-20 ਰਿਟਰਨਾਂ ਦੇ ਅਨੁਸਾਰ ₹ 0.39 ਕਰੋੜ ਦਾ ਵਾਧੂ ਇਨਪੁਟ ਟੈਕਸ ਕ੍ਰੈਡਿਟ ਉਪਲਬਧ ਸੀ, ਜਦੋਂ ਕਿ ਡੀਲਰ ਨੇ ₹ 0.65 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕੀਤਾ ਸੀ।

ਵਾਧੂ ਕਲੇਮ ਦੇ ਇੱਕ ਮਾਮਲੇ[18] ਵਿੱਚ, ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਡੀਲਰ ਨੇ ₹ 0.39 ਕਰੋੜ ਦੇ ਟਰਾਂਜ਼ੀਸ਼ਨਲ ਕਲੇਮ ਦਾ ਦਾਅਵਾ ਕੀਤਾ ਸੀ ਜੋ ਵੈਟ-15 ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਨਾਲ ਮੇਲ ਖਾਂਦਾ ਸੀ।

---

15 ਬਠਿੰਡਾ

16 ਲੁਧਿਆਣਾ-I

17 ਮੋਗਾ

18 ਲੁਧਿਆਣਾ-III

ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਡੀਲਰ ਨੇ ₹ 0.39 ਕਰੋੜ ਦੀ ਬਜਾਏ ₹ 0.40 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕੀਤਾ ਸੀ, ਜੋ ਕਿ ਡੀਲਰ ਦੇ ਟਰਾਂ-1 ਅਤੇ ਇਲੈਕਟ੍ਰਾਨਿਕ ਕ੍ਰੈਡਿਟ ਲੇਜ਼ਰ ਵਿੱਚ ਦਰਸਾ ਰਿਹਾ ਸੀ।

₹ 6.52 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਵਾਲੇ 33 ਮਾਮਲਿਆਂ[19] (ਵਾਧੂ ਕਲੇਮਾਂ ਦੇ 30 ਮਾਮਲੇ ਅਤੇ ਨਾਨ-ਫਾਈਲਰ ਦੇ ਤਿੰਨ ਮਾਮਲੇ ) ਵਿੱਚ, ਵਿਭਾਗ ਨੇ ਦੱਸਿਆ ਕਿ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਬਾਕੀ ਰਹਿੰਦੇ ₹ 40.98 ਕਰੋੜ ਦੇ 114 ਮਾਮਲਿਆਂ[20] ਵਿੱਚ ਸ਼ਾਮਲ ਟਰਾਂਜ਼ੀਸ਼ਨਲ ਕ੍ਰੈਡਿਟ ਦੇ ਜਵਾਬਾਂ ਦੀ ਉਡੀਕ ਸੀ (ਨਵੰਬਰ 2022)।

ਉਪਰੋਕਤ 'ੳ' ਅਤੇ 'ਅ' ਦੇ ਰੂਪ ਵਿੱਚ ਸ਼੍ਰੇਣੀਬੱਧ ਕੀਤੇ ਮਾਮਲਿਆਂ ਵਿੱਚ ਲੇਖਾ ਪ੍ਰੀਖਿਆ ਨੇ ਕਈ ਮਹੱਤਵਪੂਰਨ ਲੱਭਤਾਂ ਨੂੰ ਦੇਖਿਆ, ਜਿਨ੍ਹਾਂ ਦੀ ਚਰਚਾ ਅਗਲੇ ਪੈਰ੍ਹਿਆਂ 3.10.1 ਤੋਂ 3.10.9 ਵਿੱਚ ਕੀਤੀ ਗਈ ਹੈ। ਉਨ੍ਹਾਂ ਮਾਮਲਿਆਂ ਵਿੱਚ ਵੀ ਲੱਭਤਾਂ ਦੇਖੀਆਂ ਗਈਆਂ ਸਨ ਜਿੱਥੇ ਟਰਾਂਜ਼ੀਸ਼ਨਲ ਕ੍ਰੈਡਿਟ ਵੈਟ ਰਿਟਰਨਾਂ ਦੇ ਅਨੁਸਾਰ ਇਨਪੁਟ ਟੈਕਸ ਕ੍ਰੈਡਿਟ ਬਕਾਇਆਂ ਨਾਲ ਮੇਲ ਖਾਂਦੇ ਸਨ ਜਾਂ ਡੀਲਰਾਂ ਨੇ ਵੈਟ ਰਿਟਰਨਾਂ ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਬਕਾਇਆਂ ਨਾਲੋਂ ਘੱਟ ਟਰਾਂਜ਼ੀਸ਼ਨਲ ਕ੍ਰੈਡਿਟਾਂ ਦਾ ਕਲੇਮ ਕੀਤਾ ਸੀ।

### 3.10.1 ਸਲਾਨਾ ਵੈਟ-20 ਰਿਟਰਨਾਂ ਨੂੰ ਅੰਤਿਮ ਰੂਪ ਦੇਣ ਤੋਂ ਬਾਅਦ ਵਾਧੂ ਟਰਾਂਜ਼ੀਸ਼ਨਲ ਕ੍ਰੈਡਿਟ ਨੂੰ ਵਾਪਸ ਨਾ ਕਰਨਾ

ਸਲਾਨਾ ਰਿਟਰਨਾਂ ਵੈਟ-20 ਵਿੱਚ ਦੋ ਕਾਲਮ ਹੁੰਦੇ ਹਨ ਜੋ ਵਿਕਰੀ ਤੇ ਆਉਟਪੁੱਟ ਕਰ ਦੇਣਦਾਰੀ ਅਤੇ ਖਰੀਦ ਤੇ ਇਨਪੁਟ ਟੈਕਸ ਕ੍ਰੈਡਿਟ ਦੀ ਗਣਨਾ ਨੂੰ ਦਰਸਾਉਂਦੇ ਹਨ, ਇੱਕ "ਰਿਟਰਨ ਦੇ ਅਨੁਸਾਰ" ਅਤੇ ਦੂਜਾ "ਖਾਤਿਆਂ ਦੀਆਂ ਕਿਤਾਬਾਂ ਦੇ ਅਨੁਸਾਰ" ਹੈ। "ਰਿਟਰਨ ਅਨੁਸਾਰ" ਕਾਲਮ ਦੇ ਅਧੀਨ ਅੰਕੜੇ ਕਰ ਦੀ ਮਿਆਦ ਦੇ ਦੌਰਾਨ ਡੀਲਰ ਦੁਆਰਾ ਦਾਇਰ ਕੀਤੇ ਗਏ ਤਿਮਾਹੀ ਰਿਟਰਨ ਵੈਟ-15 ਵਿੱਚ ਦਰਸਾਏ ਗਏ ਕੁੱਲ ਅੰਕੜੇ ਹਨ। "ਖਾਤਿਆਂ ਦੀਆਂ ਕਿਤਾਬਾਂ ਦੇ ਅਨੁਸਾਰ" ਕਾਲਮ ਦੇ ਹੇਠਾਂ ਅੰਕੜੇ ਇੱਕ ਡੀਲਰ ਦੇ ਖਾਤਿਆਂ ਦੀਆਂ ਕਿਤਾਬਾਂ ਵਿੱਚ ਲੋੜੀਂਦੀਆਂ ਸੋਧਾਂ ਕਰਨ ਦੇ ਬਾਅਦ ਅੱਪਡੇਟ ਅੰਕੜੇ ਹਨ ਅਤੇ ਅੰਤਮ ਮੰਨੇ ਜਾਂਦੇ ਹਨ।

ਲੇਖਾ ਪ੍ਰੀਖਿਆ ਨੇ 65 ਮਾਮਲਿਆਂ ਵਿੱਚ ਦੇਖਿਆ ਕਿ ਡੀਲਰਾਂ ਨੇ ਵੈਟ-15 ਤਿਮਾਹੀ ਰਿਟਰਨ ਦੇ ਅਨੁਸਾਰ ਅੱਗੇ ਲਿਜਾਏ ਗਏ ਇਨਪੁਟ ਟੈਕਸ ਕ੍ਰੈਡਿਟ ਦੇ ਆਧਾਰ ਤੇ ₹ 11.96 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕੀਤਾ। ਹਾਲਾਂਕਿ, ਡੀਲਰਾਂ ਦੁਆਰਾ ਦਾਇਰ ਕੀਤੀਆਂ ਸਲਾਨਾ ਰਿਟਰਨਾਂ ਵੈਟ-20 ਵਿੱਚ, ₹ 8.94 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਉਨ੍ਹਾਂ ਦੇ ਖਾਤਿਆਂ ਦੀਆਂ

---

[19] ਅੰਮ੍ਰਿਤਸਰ-II (1), ਬਠਿੰਡਾ(4), ਫਤਿਹਗੜ੍ਹ ਸਾਹਿਬ(8), ਫਿਰੋਜ਼ਪੁਰ (1), ਗੁਰਦਾਸਪੁਰ (1), ਜਲੰਧਰ-I (3), ਜਲੰਧਰ-II (4), ਲੁਧਿਆਣਾ-I (5), ਲੁਧਿਆਣਾ-II (1), ਲੁਧਿਆਣਾ-III (2), ਮਾਨਸਾ (1), ਪਠਾਨਕੋਟ (1) ਅਤੇ ਰੋਪੜ (1)

[20] ਅੰਮ੍ਰਿਤਸਰ-I (2), ਬਠਿੰਡਾ (6), ਫਰੀਦਕੋਟ (1), ਫਤਿਹਗੜ੍ਹ ਸਾਹਿਬ (3),ਫਿਰੋਜ਼ਪੁਰ (10), ਜਲੰਧਰ-I (7), ਜਲੰਧਰ-II (4), ਲੁਧਿਆਣਾ-I (30), ਲੁਧਿਆਣਾ-II (7), ਲੁਧਿਆਣਾ -III (11), ਸ਼੍ਰੀ ਮੁਕਤਸਰ ਸਾਹਿਬ (1),ਪਟਿਆਲਾ (1), ਸੰਗਰੂਰ (1) ਅਤੇ ਐਸ ਏ ਐਸ ਨਗਰ (30)

ਸੋਧ ਕੀਤੀਆਂ ਕਿਤਾਬਾਂ ਦੇ ਅਧਾਰ ਤੇ ਟਰਾਂਜ਼ੀਸ਼ਨਲ ਕ੍ਰੈਡਿਟ ਵਜੋਂ ਉਪਲਬਧ ਸੀ। ਇਸ ਤਰ੍ਹਾਂ, ਡੀਲਰਾਂ ਨੇ ₹ 3.02 ਕਰੋੜ ਦਾ ਵਾਧੂ ਟਰਾਂਜ਼ੀਸ਼ਨਲ ਕ੍ਰੈਡਿਟ ਪ੍ਰਾਪਤ ਕੀਤਾ। ਡੀਲਰਾਂ ਨੇ ਸਾਲਾਨਾ ਰਿਟਰਨ ਵੈਟ-20 ਨੂੰ ਅੰਤਿਮ ਰੂਪ ਦੇਣ ਅਤੇ ਦਾਇਰ ਕਰਨ ਤੋਂ ਬਾਅਦ ₹ 3.02 ਕਰੋੜ ਦੇ ਵਾਧੂ ਕਲੇਮ ਕੀਤੇ ਟਰਾਂਜ਼ੀਸ਼ਨਲ ਕ੍ਰੈਡਿਟ ਨੂੰ ਵਾਪਸ ਨਹੀਂ ਕੀਤਾ। ਵਿਭਾਗ ਨੇ ਵੀ ਤਸਦੀਕ ਦੇ ਸਮੇਂ ਵਾਧੂ ਆਗਿਆ ਮਿਲੇ ਟਰਾਂਜ਼ੀਸ਼ਨਲ ਕ੍ਰੈਡਿਟ ਨੂੰ ਵਾਪਸ ਨਹੀਂ ਕੀਤਾ। ਇਸ ਦੇ ਨਤੀਜੇ ਵਜੋਂ ₹ 3.02 ਕਰੋੜ *(ਅੰਤਿਕਾ 3.5)* ਦੇ ਵਾਧੂ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜ਼ਾਜਤ ਦਿੱਤੀ।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਮਾਰਚ ਅਤੇ ਅਪ੍ਰੈਲ 2022)। ਵਿਭਾਗ ਨੇ 57 ਮਾਮਲਿਆਂ[21] ਵਿੱਚ ਜਵਾਬ ਦਿੱਤਾ (ਜੂਨ 2022), ਜਿਨ੍ਹਾਂ ਨੂੰ ਮੂਲ ਪੈਰ੍ਹਾ ਹੋਣ ਕਾਰਣ ਪੈਰਾ 3.10 ਦੇ ਅਧੀਨ ਸ਼ਾਮਲ ਕੀਤਾ ਗਿਆ ਹੈ।

### 3.10.2 ਇੱਕੋ ਇਨਪੁਟ ਟੈਕਸ ਕ੍ਰੈਡਿਟ ਦੇ ਵਿਰੁੱਧ ਦੋ ਵਾਰ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜ਼ਾਜਤ

ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 140(1) ਇਹ ਪ੍ਰਦਾਨ ਕਰਦੀ ਹੈ ਕਿ ਨਿਰਧਾਰਤ ਦਿਨ ਤੋਂ ਤੁਰੰਤ ਪਹਿਲਾਂ ਦੇ ਮਹੀਨੇ ਲਈ ਪ੍ਰੀ-ਜੀ ਐਸ ਟੀ ਕਾਨੂੰਨ ਅਧੀਨ ਦਾਇਰ ਕੀਤੀਆਂ ਰਿਟਰਨਾਂ ਵਿੱਚ ਉਪਲਬਧ ਵੈਟ ਕ੍ਰੈਡਿਟ ਦੇ ਅੰਤਮ ਬਕਾਇਆਂ ਨੂੰ ਇਲੈਕਟ੍ਰਾਨਿਕ ਕ੍ਰੈਡਿਟ ਲੇਜ਼ਰ (ਈ ਸੀ ਐਲ) ਵਿੱਚ ਇੱਕ ਰਜਿਸਟਰਡ ਵਿਅਕਤੀ ਦੁਆਰਾ ਕੰਪੋਜੀਸ਼ਨ ਕਰਦਾਤਾ ਤੋਂ ਇਲਾਵਾ, ਐਸ ਜੀ ਐਸ ਟੀ ਕ੍ਰੈਡਿਟ ਵਜੋਂ ਲਿਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਧਾਰਾ 140(3) ਨਿਰਮਾਤਾ ਜਾਂ ਸੇਵਾ ਪ੍ਰਦਾਤਾ ਤੋਂ ਇਲਾਵਾ ਕਿਸੇ ਰਜਿਸਟਰਡ ਵਿਅਕਤੀ ਨੂੰ ਸਟਾਕ ਵਿੱਚ ਰੱਖੇ ਮਾਲ 'ਤੇ ਅਦਾ ਕੀਤੀ ਡਿਊਟੀ/ਕਰ ਦਾ ਕ੍ਰੈਡਿਟ ਲੈਣ ਦੀ ਇਜ਼ਾਜਤ ਦਿੰਦਾ ਹੈ।

ਲੇਖਾ ਪ੍ਰੀਖਿਆ ਨੇ ਛੇ ਮਾਮਲਿਆਂ[22] ਵਿੱਚ ਦੇਖਿਆ ਕਿ ਡੀਲਰਾਂ ਨੇ ਸਾਲਾਨਾ ਰਿਟਰਨ ਵੈਟ-20 ਦੇ ਅਨੁਸਾਰ ਇਨਪੁਟ ਟੈਕਸ ਕ੍ਰੈਡਿਟ ਬਕਾਏ ਦੇ ਆਧਾਰ 'ਤੇ ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 140(1) ਦੇ ਅਨੁਸਾਰ ਟਰਾਂ-1 ਦੀ ਸਾਰਣੀ-5ਸੀ ਦੇ ਅਧੀਨ ₹ 1.95 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕੀਤਾ। ਡੀਲਰਾਂ ਨੇ ਇਨਵੌਇਸਜ਼ ਦੇ ਨਾਲ ਇਨਪੁਟ ਸਟਾਕ ਦੇ ਕਾਰਨ ਧਾਰਾ 140(3) ਦੇ ਅਧੀਨ ਟਰਾਂ-1 ਦੇ ਸਾਰਣੀ-7ਸੀ ਦੇ ਅਧੀਨ ਕ੍ਰੈਡਿਟ ਵਜੋਂ ਬਰਾਬਰ ਰਕਮ ਦਾ ਕਲੇਮ ਕੀਤਾ। ਇੱਕੋ ਰਕਮ ਦੇ ਦੋ ਵਾਰ ਕਲੇਮ ਦੇ ਨਤੀਜੇ ਵਜੋਂ ਟਰਾਂਜ਼ੀਸ਼ਨਲ ਕ੍ਰੈਡਿਟ ਦੇ ਰੂਪ ਵਿੱਚ ₹ 1.95 ਕਰੋੜ ਦਾ ਦੋਹਰਾ ਇਨਪੁਟ ਟੈਕਸ ਕ੍ਰੈਡਿਟ ਹੋਇਆ, ਜਿਸ ਦੀ ਇਜਾਜ਼ਤ ਵਿਭਾਗ ਦੁਆਰਾ ਤਸਦੀਕ ਦੌਰਾਨ ਦਿੱਤੀ ਗਈ ਸੀ *(ਅੰਤਿਕਾ 3.6)*।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਮਾਰਚ ਅਤੇ ਅਪ੍ਰੈਲ 2022)। ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਪੰਜ ਮਾਮਲਿਆਂ ਵਿੱਚ ਡੀਲਰਾਂ ਵੱਲੋਂ ਪਹਿਲਾਂ ਹੀ ₹ 2.57 ਕਰੋੜ ਵਾਪਸ ਕੀਤੇ ਜਾ ਚੁੱਕੇ ਸਨ। ਲੁਧਿਆਣਾ-I ਦੇ ਇੱਕ ਮਾਮਲੇ ਵਿੱਚ ₹ 0.10 ਕਰੋੜ ਦਾ ਡਿਮਾਂਡ ਨੋਟਿਸ ਜਾਰੀ ਕੀਤਾ ਗਿਆ ਸੀ।

---

21 19 ਮਾਮਲੇ: ਰਿਕਵਰੀ/ਰਿਵਰਸਲ ਪਹਿਲਾਂ ਹੀ ਕੀਤੀ ਗਈ, 30 ਮਾਮਲੇ: ਲੇਖਾ ਪ੍ਰੀਖਿਆ ਤੋਂ ਬਾਅਦ ਵਸੂਲੀ ਕੀਤੀ ਗਈ, 8 ਮਾਮਲੇ: ਮੂਲ ਪੈਰ੍ਹਾ ਹੋਣ ਦੇ ਕਾਰਣ ਪੈਰ੍ਹਾ 3.10 ਅਧੀਨ ਉੱਤਰ ਪ੍ਰਾਪਤ ਅਤੇ ਸ਼ਾਮਲ ਕੀਤੇ ਗਏ

22 ਅੰਮ੍ਰਿਤਸਰ-I (1), ਗੁਰਦਾਸਪੁਰ (1), ਜਲੰਧਰ-II (1) ਅਤੇ ਲੁਧਿਆਣਾ-I (3)

### 3.10.3 ਸ਼ੱਕੀ ਵਿਕਰੀਆਂ/ਖਰੀਦਦਾਰੀਆਂ ਤੇ ਇਨਪੁਟ ਟੈਕਸ ਕ੍ਰੈਡਿਟ

***ੳ.* ਸ਼ੱਕੀ ਵਿਕਰੀਆਂ/ਖਰੀਦ** : ਪੰਜਾਬ ਵੈਟ ਐਕਟ ਦੀ ਧਾਰਾ 13(12) ਇਹ ਵਿਵਸਥਾ ਕਰਦੀ ਹੈ ਕਿ ਕਿਸੇ ਵੀ ਮਾਮਲੇ ਵਿੱਚ ਵਸਤਾਂ ਦੀ ਖਰੀਦ 'ਤੇ ਇਨਪੁਟ ਟੈਕਸ ਕ੍ਰੈਡਿਟ ਦੀ ਰਕਮ ਅਸਲ ਵਿੱਚ ਅਜਿਹੀਆਂ ਵਸਤਾਂ ਦੀ ਖਰੀਦ 'ਤੇ ਸਰਕਾਰੀ ਖਜ਼ਾਨੇ ਵਿੱਚ ਅਦਾ ਕੀਤੇ ਕਰ ਦੀ ਰਕਮ ਤੋਂ ਵੱਧ ਨਹੀਂ ਹੋਵੇਗੀ।.

ਵਿਭਾਗ ਨੇ ਈ ਟੀ ਟੀ ਐਸ ਏ ਗੇਟਵੇ ਨਾਮਕ ਇੱਕ ਨੈਟਵਰਕ ਬਣਾਇਆ ਜਿਸ ਉੱਤੇ ਹਰੇਕ ਡੀਲਰ ਨੂੰ ਕਰ ਦੇ ਸਮੇਂ ਦੇ ਦੌਰਾਨ ਉਸ ਦੁਆਰਾ ਕੀਤੀ ਗਈ ਵਿਕਰੀ/ਖਰੀਦ ਦੇ ਵੇਰਵੇ ਭਰਨ ਦੀ ਲੋੜ ਸੀ। ਡੀਲਰਾਂ ਦੁਆਰਾ ਵੈਟ-15 ਵਿੱਚ ਤਿਮਾਹੀ ਰਿਟਰਨ ਅਤੇ ਵੈਟ-20 ਵਿੱਚ ਸਾਲਾਨਾ ਰਿਟਰਨ ਵੀ ਨੈਟਵਰਕ ਤੇ ਦਾਇਰ ਕਰਨੀ ਲੋੜੀਂਦੀ ਸੀ। ਨੈਟਵਰਕ ਨੇ ਸੂਚਨਾ ਸੰਗ੍ਰਹਿ ਕੇਂਦਰਾਂ (ਆਈ ਸੀ ਸੀਜ਼) ਦੁਆਰਾ ਡੀਲਰਾਂ ਦੇ ਸਬੰਧ ਵਿੱਚ ਰਾਜ ਦੇ ਅੰਦਰ ਅਤੇ ਬਾਹਰ ਵਸਤਾਂ ਦੀ ਆਵਾਜਾਈ ਅਤੇ ਡੀਲਰਾਂ ਦੁਆਰਾ ਅਦਾ ਕੀਤੇ ਕਰ ਦੇ ਵੇਰਵੇ ਨੂੰ ਵੀ ਹਾਸਲ ਕੀਤਾ। ਵਿਭਾਗ ਨੇ, ਹੋਰ ਗੱਲਾਂ ਦੇ ਨਾਲ, ਇਸ ਨੈੱਟਵਰਕ ਦੀ ਵਰਤੋਂ ਖਰੀਦ ਡੀਲਰ ਦੇ ਖਰੀਦ ਵੇਰਵੇ ਦੇ ਨਾਲ ਵੇਚਣ ਵਾਲੇ ਡੀਲਰ ਦੇ ਵਿਕਰੀ ਵੇਰਵੇ ਨੂੰ ਪ੍ਰਮਾਣਿਤ ਕਰਨ ਲਈ ਕੀਤੀ। ਕਿਸੇ ਡੀਲਰ ਦੀ ਵਿਕਰੀ/ਖਰੀਦ ਲੜੀ ਵਿੱਚ ਕੋਈ ਵੀ ਬਰੇਕ, ਜਦੋਂ ਤੱਕ ਜਾਇਜ਼ ਨਾ ਹੋਵੇ, ਜਾਅਲੀ ਇਨਪੁਟ ਟੈਕਸ ਕ੍ਰੈਡਿਟ ਬਣਾਉਣ ਦਾ ਸੰਕੇਤ ਸੀ।

ਈ ਟੀ ਟੀ ਐਸ ਏ ਨੈੱਟਵਰਕ ਤੇ ਉਪਲਬਧ ਜਾਣਕਾਰੀ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਦਰਸਾਇਆ ਕਿ ਇਨਪੁਟ ਟੈਕਸ ਕ੍ਰੈਡਿਟ ਬਕਾਇਆਂ ਦੇ ਆਧਾਰ ਤੇ 10 ਮਾਮਲਿਆਂ[23] ਵਿੱਚ ₹ 19.22 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ ਜਿਸ ਦੇ ਵਿਰੁੱਧ ਡੀਲਰਾਂ ਦੀ ਖਰੀਦ ਲੜੀ ਵਿੱਚ ਕਿਸੇ ਵੀ ਪੜਾਅ ਤੇ ਵੈਟ ਪ੍ਰਣਾਲੀ ਵਿੱਚ ਕੋਈ ਕਰ ਅਦਾ ਨਹੀਂ ਕੀਤਾ ਗਿਆ ਸੀ। ਇਥੇ ਖਰੀਦ ਲੜੀ ਵਿੱਚ ਜਾਂ ਤਾਂ ਬਰੇਕ ਸਨ ਕਿਉਂਕਿ ਕਿਸੇ ਪੜਾਅ 'ਤੇ ਵੇਚਣ ਵਾਲੇ ਡੀਲਰਾਂ ਨੇ ਈ ਟੀ ਟੀ ਐਸ ਏ ਗੇਟਵੇ 'ਤੇ ਵਿਕਰੀ/ਖਰੀਦ ਦਾ ਵੇਰਵਾ ਦਰਜ ਨਹੀਂ ਕੀਤਾ ਸੀ ਜਾਂ ਖਰੀਦ ਲੜੀ ਚੱਕਰਵਾਤ ਸੀ, ਭਾਵ, ਵੇਚਣ ਵਾਲੇ ਡੀਲਰ ਉਨ੍ਹਾਂ ਹੀ ਵਸਤਾਂ ਦੇ ਅੰਤਮ ਖਰੀਦਦਾਰ ਸਨ। ਇਨ੍ਹਾਂ ਖਰੀਦ ਲੜੀਆਂ ਵਿੱਚ ਕਿਸੇ ਵੀ ਡੀਲਰ ਨੇ ਸਰਕਾਰੀ ਖਾਤੇ ਵਿੱਚ ਅਜਿਹੀਆਂ ਵਸਤਾਂ 'ਤੇ ਕਰ ਦਾ ਭੁਗਤਾਨ ਨਹੀਂ ਕੀਤਾ ਸੀ, ਜੋ ਕਿ ਜਾਅਲੀ ਇਨਪੁਟ ਟੈਕਸ ਕ੍ਰੈਡਿਟ ਬਣਾਉਣ ਦਾ ਸੰਕੇਤ ਸੀ। ਵਿਭਾਗ ਨੇ ਨਾ ਤਾਂ ਇਨ੍ਹਾਂ ਮਾਮਲਿਆਂ ਵਿੱਚ ₹ 502.44 ਕਰੋੜ ਦੀ ਸ਼ੱਕੀ ਖਰੀਦ ਦੇ ਵਿਰੁੱਧ ₹ 19.22 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਨੂੰ ਅਸਵੀਕਾਰ ਕੀਤਾ ਅਤੇ ਨਾ ਹੀ ਵੇਚਣ ਵਾਲੇ ਡੀਲਰਾਂ ਤੋਂ ਬਕਾਇਆ ਕਰ ਦੀ ਵਸੂਲੀ ਕੀਤੀ ਜਿਨ੍ਹਾਂ ਨੇ ਕੋਈ ਕਰ ਅਦਾ ਨਹੀਂ ਕੀਤਾ ਅਤੇ ਲੋੜੀਂਦੀਆਂ ਰਿਟਰਨਾਂ ਦਾਇਰ ਨਹੀਂ ਕੀਤੀਆਂ ***(ਅੰਤਿਕਾ* *3.7)***।

23 ਬਠਿੰਡਾ (1), ਲੁਧਿਆਣਾ-I (4), ਲੁਧਿਆਣਾ-II (2), ਲੁਧਿਆਣਾ -III (3)

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਫਰਵਰੀ ਅਤੇ ਅਪ੍ਰੈਲ 2022)। ਵਿਭਾਗ ਨੇ ਚਾਰ ਮਾਮਲਿਆਂ[24] ਵਿੱਚ ਜਵਾਬ ਦਿੱਤਾ (ਜੂਨ 2022) ਕਿ ਇਹਨਾਂ ਮਾਮਲਿਆਂ ਦਾ ਮੁਲਾਂਕਣ ਕੀਤਾ ਜਾਵੇਗਾ। ਲੁਧਿਆਣਾ-II ਦੇ ਇੱਕ ਮਾਮਲੇ ਵਿੱਚ, ਵਿਭਾਗ ਨੇ ਕਿਹਾ ਕਿ ਇਨਪੁਟ ਟੈਕਸ ਕ੍ਰੈਡਿਟ ਦਾ ਕਲੇਮ ਰੱਦ ਨਹੀਂ ਕੀਤਾ ਜਾ ਸਕਦਾ ਕਿਉਂਕਿ ਵੇਚਣ ਵਾਲੇ ਰਜਿਸਟਰਡ ਡੀਲਰ ਨਾਲ ਧੋਖਾਧੜੀ, ਗੁਪਤ ਗਠਜੋੜ ਜਾਂ ਮਿਲੀਭੁਗਤ ਅਜੇ ਤੱਕ ਸਥਾਪਿਤ ਨਹੀਂ ਕੀਤੀ ਗਈ ਸੀ। ਲੁਧਿਆਣਾ-III ਦੇ ਇੱਕ ਮਾਮਲੇ ਵਿੱਚ, ਵਿਭਾਗ ਨੇ ਜਵਾਬ ਦਿੱਤਾ ਕਿ ਮਾਮਲੇ ਦਾ ਪਹਿਲਾਂ ਹੀ ਅਕਤੂਬਰ 2021 ਵਿੱਚ ਮੁਲਾਂਕਣ ਕੀਤਾ ਗਿਆ ਸੀ ਅਤੇ ₹ 2.42 ਕਰੋੜ ਦੀ ਮੰਗ ਉਠਾਈ ਸੀ।

ਲੁਧਿਆਣਾ-II ਦੇ ਮਾਮਲੇ ਵਿੱਚ ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਵਿਭਾਗ ਨੇ ਲੈਣ-ਦੇਣ ਦੀ ਸੱਚਾਈ ਦਾ ਪਤਾ ਲਗਾਉਣ ਲਈ ਕੀਤੀ ਗਈ ਕਾਰਵਾਈ ਜਾਂ ਜਾਂਚ ਬਾਰੇ ਜਾਣਕਾਰੀ ਨਹੀਂ ਦਿੱਤੀ ਸੀ। ਇਸ ਸਬੰਧੀ ਕੋਈ ਕਾਰਵਾਈ ਕੀਤੇ ਬਿਨਾਂ ਹੀ ਜਵਾਬ ਦੇ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, ਲੁਧਿਆਣਾ-III ਦੇ ਮਾਮਲੇ ਵਿੱਚ ਜਵਾਬ ਅੰਸ਼ਕ ਤੌਰ 'ਤੇ ਸਵੀਕਾਰਯੋਗ ਸੀ ਕਿਉਂਕਿ ਵਿਭਾਗ ਦੁਆਰਾ ਉਠਾਈ ਗਈ ₹ 2.42 ਕਰੋੜ ਦੀ ਮੰਗ ਵਿੱਚ ਲੇਖਾ ਪ੍ਰੀਖਿਆ ਦੁਆਰਾ ਇਤਰਾਜ਼ ਕੀਤੇ ਗਏ ਸਮੁੱਚੇ ਖਰੀਦ ਹਿੱਸੇ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ। ਮੁਲਾਂਕਣ ਆਰਡਰ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ ਮੰਗ ਵਿੱਚ ਸਿਰਫ ₹ 0.65 ਕਰੋੜ ਹੀ ਸ਼ਾਮਲ ਸਨ ਜੋ ਕਿ ਰੱਦ ਕੀਤੇ ਇਨਪੁਟ ਟੈਕਸ ਕ੍ਰੈਡਿਟ ਦੇ ਕਾਰਨ ਸਨ, ਜਦੋਂ ਕਿ ਲੇਖਾ ਪ੍ਰੀਖਿਆ ਨੇ ₹ 0.90 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ 'ਤੇ ਇਤਰਾਜ਼ ਕੀਤਾ ਸੀ।

ਉਪਰੋਕਤ 10 ਮਾਮਲਿਆਂ ਵਿੱਚੋਂ, ਚਾਰ ਡੀਲਰਾਂ ਸਬੰਧੀ ਵਿਭਾਗ ਦੇ ਜਵਾਬਾਂ ਸਮੇਤ ਵਿਆਖਿਆਤਮਕ ਮਾਮਲੇ ਅਧਿਐਨ ਹੇਠਾਂ ਦਿੱਤੇ ਗਏ ਹਨ।

*i.* ਲੁਧਿਆਣਾ-I ਵਿੱਚ ਡੀਲਰ 'ਏ'[25] ਨੂੰ ₹ 2.40 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ ਜਿਸ ਨੇ ਅਪ੍ਰੈਲ-ਜੂਨ 2017 ਲਈ ਤਿਮਾਹੀ ਰਿਟਰਨ ਵੈਟ-15 ਅਤੇ 2017-18 ਲਈ ਸਾਲਾਨਾ ਰਿਟਰਨ ਵੈਟ-20 ਦਾਇਰ ਨਹੀਂ ਕੀਤੀ ਸੀ। ਅਪ੍ਰੈਲ-ਜੂਨ 2017 ਦੀ ਤਿਮਾਹੀ ਲਈ ਵਿਕਰੀ/ਖਰੀਦ ਦਾ ਵੇਰਵਾ ਵੀ ਈ ਟੀ ਟੀ ਐਸ ਏ ਤੇ ਉਪਲਬਧ ਨਹੀਂ ਸੀ। ਰਿਟਰਨ ਅਤੇ ਵਿਕਰੀ/ਖਰੀਦ ਦੇ ਵੇਰਵੇ ਦੀ ਅਣਹੋਂਦ ਵਿੱਚ, 2017-18 ਦੇ ਦੌਰਾਨ ਇਨਪੁਟ ਟੈਕਸ ਕ੍ਰੈਡਿਟ ਦੇ ਇੱਕਤਰ ਹੋਣ ਦਾ ਸਰੋਤ ਪਤਾ ਨਹੀਂ ਸੀ। ਹਾਲਾਂਕਿ, 2016-17 ਦੌਰਾਨ ਕੀਤੀ ਗਈ ਵਿਕਰੀ/ਖਰੀਦ ਦਾ ਵੇਰਵਾ ਈ ਟੀ ਟੀ ਐਸ ਏ ਤੇ ਡੀਲਰ ਕਾਰਡੈਕਸ[26] ਤੇ ਉਪਲਬਧ ਸੀ। 2016-17 ਦੌਰਾਨ, ਡੀਲਰ 'ਏ' ਨੇ ਡੀਲਰ 'ਬੀ' ਤੋਂ ₹ 54.48 ਕਰੋੜ ਦੀ ਖਰੀਦ ਦਿਖਾਈ ਸੀ ਅਤੇ ₹ 3.39 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕੀਤਾ ਸੀ।

---

24 ਬਠਿੰਡਾ (1), ਲੁਧਿਆਣਾ-II (1), ਲੁਧਿਆਣਾ -III (2)

25 ਏ ਆਰ ਐਨ –ਏਏ031017012479ਜੇ

26 ਡੀਲਰ ਕਾਰਡੈਕਸ ਵਿੱਚ ਡੀਲਰ ਦੇ ਕਾਰ ਵਿਹਾਰਾਂ ਦੇ ਸੰਖੇਪ ਵੇਰਵੇ ਸ਼ਾਮਲ ਹੁੰਦੇ ਹਨ

ਹਾਲਾਂਕਿ, ਵੇਚਣ ਵਾਲੇ ਡੀਲਰ 'ਬੀ' ਨੇ ਈ ਟੀ ਟੀ ਐਸ ਏ ਤੇ ਉਸੇ ਸਮੇਂ ਦੌਰਾਨ ਕੋਈ ਵਿਕਰੀ/ਖਰੀਦ ਨਹੀਂ ਦਿਖਾਈ ਸੀ। ਇਸ ਤੋਂ ਇਲਾਵਾ, ਡੀਲਰ 'ਬੀ' ਦੇ ਵੈਟ ਰਜਿਸਟ੍ਰੇਸ਼ਨ ਸਰਟੀਫਿਕੇਟ ਨੂੰ ਵਿਭਾਗ ਨੇ ਖੁਦ ਹੀ 6 ਅਪ੍ਰੈਲ 2017 ਤੋਂ ਰੱਦ ਕਰ ਦਿੱਤਾ ਸੀ, ਜੋ ਸਪੱਸ਼ਟ ਕਰਦਾ ਹੈ ਕਿ ਡੀਲਰ 'ਬੀ' ਪੰਜਾਬ ਵੈਟ ਐਕਟ 2005 ਦੇ ਉਪਬੰਧਾਂ ਦੀ ਪਾਲਣਾ ਨਹੀਂ ਕਰ ਰਿਹਾ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਡੀਲਰ 'ਏ' ਦੀ ਜੀ ਐਸ ਟੀ ਰਜਿਸਟ੍ਰੇਸ਼ਨ ਵੀ 14 ਮਈ 2018 ਨੂੰ ਵਿਭਾਗ ਦੁਆਰਾ ਰੱਦ ਕਰ ਦਿੱਤੀ ਗਈ ਸੀ। ਰੱਦ ਕਰਨ ਦਾ ਹੁਕਮ 3 ਜੁਲਾਈ 2017 ਤੋਂ ਪ੍ਰਭਾਵੀ ਸੀ। ਹਾਲਾਂਕਿ, ਟਰਾਂ-1 ਮਿਤੀ 14 ਅਕਤੂਬਰ 2017 ਵਿੱਚ ਡੀਲਰ 'ਏ' ਦੁਆਰਾ ਦਾਅਵਾ ਕੀਤਾ ਗਿਆ ਟਰਾਂਜ਼ੀਸ਼ਨਲ ਕ੍ਰੈਡਿਟ ਵਿਭਾਗ ਦੁਆਰਾ ਤਸਦੀਕ ਤੋਂ ਬਾਅਦ ਮਨਜ਼ੂਰ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਡੀਲਰ 'ਏ' ਨੇ 6 ਨਵੰਬਰ 2017 ਅਤੇ 28 ਨਵੰਬਰ 2017 ਨੂੰ ਆਪਣੇ ਇਲੈਕਟ੍ਰਾਨਿਕ ਕੈਸ਼ ਲੇਜ਼ਰ ਨੂੰ ਡੇਬਿਟ ਕਰਕੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਵਰਤੋਂ ਕੀਤੀ, ਭਾਵ ਜੀ ਐਸ ਟੀ ਰਜਿਸਟ੍ਰੇਸ਼ਨ ਸਰਟੀਫਿਕੇਟ ਰੱਦ ਕਰਨ ਦੀ ਪ੍ਰਭਾਵੀ ਮਿਤੀ ਤੋਂ ਲਗਭਗ ਚਾਰ ਮਹੀਨੇ ਬਾਅਦ। ਇਸ ਤਰ੍ਹਾਂ, ਵਿਭਾਗ ਨੇ ₹ 2.40 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ, ਜੋ ਕਿ ਗੈਰ-ਅਨੁਕੂਲ ਡੀਲਰਾਂ ਵਿਚਕਾਰ ਸ਼ੱਕੀ ਲੈਣ-ਦੇਣ ਦੇ ਵਿਰੁੱਧ ਇਨਪੁਟ ਟੈਕਸ ਕ੍ਰੈਡਿਟ ਤੇ ਅਧਾਰਤ ਸੀ, ਜਿਨ੍ਹਾਂ ਦੇ ਵੈਟ/ਜੀ ਐਸ ਟੀ ਰਜਿਸਟ੍ਰੇਸ਼ਨ ਸਰਟੀਫਿਕੇਟ ਵਿਭਾਗ ਦੁਆਰਾ ਆਪਣੇ ਆਪ ਹੀ ਰੱਦ ਕਰ ਦਿੱਤੇ ਗਏ ਸਨ।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਫਰਵਰੀ ਅਤੇ ਅਪ੍ਰੈਲ 2022)। ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਮੁਲਾਂਕਣ ਸ਼ੁਰੂ ਕਰ ਦਿੱਤਾ ਗਿਆ ਸੀ।

***ii.*** ਲੁਧਿਆਣਾ-I ਵਿੱਚ ਡੀਲਰ 'ਸੀ'[27] ਨੂੰ ₹ 7.85 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਡੀਲਰ ਨੇ ਅਪ੍ਰੈਲ-ਜੂਨ 2017 ਦੀ ਤਿਮਾਹੀ ਦੌਰਾਨ ਉਪਰੋਕਤ ਸੀਰੀਅਲ ਨੰਬਰ (i) 'ਤੇ ਜ਼ਿਕਰ ਕੀਤੇ ਡੀਲਰ 'ਏ' ਤੋਂ ₹ 78.78 ਕਰੋੜ ਦੀ ਖਰੀਦ ਦਿਖਾਈ ਸੀ, ਜਿਸ ਨੂੰ ਸ਼ੱਕੀ ਲੈਣ-ਦੇਣ ਤੇ ₹ 2.40 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ। ਡੀਲਰ 'ਸੀ' ਨੇ ਅਪ੍ਰੈਲ-ਜੂਨ 2017 ਦੌਰਾਨ ਡੀਲਰ 'ਏ' ਤੋਂ ਦਿਖਾਈ ਗਈ ਉਪਰੋਕਤ ਖਰੀਦ 'ਤੇ ₹ 8.90 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਲਿਆ ਸੀ ਪਰ ਡੀਲਰ 'ਏ' ਨੇ ਇਸ ਡੀਲਰ ਨੂੰ ਕੋਈ ਵਿਕਰੀ ਨਹੀਂ ਦਿਖਾਈ। ਇਸ ਤੋਂ ਇਲਾਵਾ, ਡੀਲਰ 'ਸੀ' ਨੇ ਫਾਰਮ 'ਸੀ' ਵਿੱਚ 15 ਵਿਧਾਨਿਕ ਘੋਸ਼ਣਾਵਾਂ ਦੇ ਮੁਕਾਬਲੇ ਦੋ *ਪ੍ਰਤੀਸ਼ਤ* ਦੀ ਰਿਆਇਤੀ ਦਰ 'ਤੇ ₹ 47.97 ਕਰੋੜ (₹ 47.03 ਕਰੋੜ ਰੁਪਏ ਜਮ੍ਹਾਂ ₹ 0.94 ਕਰੋੜ ਸੀ ਐਸ ਟੀ) ਦੀ ਅੰਤਰਰਾਜੀ ਵਿਕਰੀ ਦਿਖਾਈ ਸੀ। ਲੇਖਾ ਪ੍ਰੀਖਿਆ ਨੇ ਇਹ 'ਸੀ' ਫਾਰਮ ਸਬੰਧਤ ਰਾਜਾਂ ਦੇ ਜਾਰੀ ਕਰਨ ਵਾਲੀਆਂ ਅਥਾਰਟੀਆਂ ਤੋਂ ਤਸਦੀਕ[28] ਕੀਤੇ ਅਤੇ ਪਾਇਆ ਕਿ ₹ 38.84 ਕਰੋੜ ਦੀਆਂ

---

[27] ਏ ਆਰ ਐਨ –ਏਏ030917006054ਕੇ

[28] ਲੇਖਾ ਪ੍ਰੀਖਿਆ ਨੇ ਸਬੰਧਤ ਰਾਜ ਦੇ ਕਰ ਵਿਭਾਗਾਂ ਨੂੰ ਇਸ ਡੀਲਰ ਦੇ ਸ਼ੱਕੀ 15 'ਸੀ' ਫਾਰਮਾਂ ਦੀ ਤਸਦੀਕ ਕਰਨ ਲਈ ਬੇਨਤੀ ਕੀਤੀ ਸੀ, ਜਿਸ ਵਿੱਚ ₹ 47.97 ਕਰੋੜ ਦੀਆਂ ਵਸਤਾਂ ਸ਼ਾਮਲ ਸਨ। ₹ 38.84 ਕਰੋੜ ਦੀਆਂ ਵਸਤਾਂ ਵਾਲੇ 9 'ਸੀ' ਫਾਰਮਾਂ ਲਈ ਦੋ ਡੀਲਰਾਂ ਦੀ ਤਸਦੀਕ ਰਿਪੋਰਟ ਪ੍ਰਾਪਤ ਹੋਈ ਅਤੇ ਸਥਿਤੀ 3.10.3 (ੳ)(ii) ਵਿੱਚ ਸ਼ਾਮਲ ਹੈ। ਬਾਕੀ ਲਾਲ ਫਲੈਗ ਵਾਲੇ 6 'ਸੀ' ਫਾਰਮਾਂ ਦੀ ਤਸਦੀਕ ਰਿਪੋਰਟ ਜਿਸ ਵਿੱਚ ₹ 9.13 ਕਰੋੜ ਦੀਆਂ ਵਸਤਾਂ ਸ਼ਾਮਲ ਸਨ, ਇਸ ਰਿਪੋਰਟ ਦੇ ਅੰਤਿਮ ਰੂਪ ਦਿੱਤੇ ਜਾਣ ਤੱਕ ਉਡੀਕ ਕੀਤੀ ਜਾ ਰਹੀ ਸੀ (**ਅੰਤਿਕਾ 3.8-ੳ**)

ਵਸਤਾਂ ਵਾਲੇ ਨੌ 'ਸੀ' ਫਾਰਮ ਸਬੰਧਤ ਜਾਰੀ ਕਰਨ ਵਾਲੇ ਅਧਿਕਾਰੀਆਂ ਦੁਆਰਾ ਜਾਰੀ ਨਹੀਂ ਕੀਤੇ ਗਏ ਸਨ ਅਤੇ ਅਸਲ ਨਹੀਂ ਸਨ। ਇਸ ਲੇਖਾ ਪ੍ਰੀਖਿਆ ਰਿਪੋਰਟ ਨੂੰ ਅੰਤਿਮ ਰੂਪ ਦੇਣ ਦੀ ਮਿਤੀ ਤੱਕ ਬਾਕੀ ਛੇ 'ਸੀ' ਫਾਰਮਾਂ ਦੀ ਪੜਤਾਲ ਰਿਪੋਰਟ ਦੀ ਉਡੀਕ ਕੀਤੀ ਗਈ ਸੀ। ਇਸ ਤਰ੍ਹਾਂ, ਡੀਲਰ 'ਸੀ' ਨੇ ਨਾ ਸਿਰਫ਼ ਇਨਪੁਟ ਟੈਕਸ ਕ੍ਰੈਡਿਟ ਬਣਾਉਣ ਲਈ ਸ਼ੱਕੀ ਖਰੀਦਦਾਰੀ ਦਿਖਾਈ, ਸਗੋਂ ₹ 7.85 ਕਰੋੜ ਦਾ ਵਾਧੂ ਇਨਪੁਟ ਟੈਕਸ ਕ੍ਰੈਡਿਟ ਬਣਾਉਣ ਲਈ ਅਸਲ 'ਸੀ' ਫਾਰਮਾਂ ਤੇ ਸ਼ੱਕੀ ਅੰਤਰਰਾਜੀ ਵਿਕਰੀ ਵੀ ਦਿਖਾਈ, ਜਿਸ ਨੂੰ ਐਸ ਜੀ ਐਸ ਟੀ ਟਰਾਂਜ਼ੀਸ਼ਨਲ ਕ੍ਰੈਡਿਟ ਵਜੋਂ ਮਨਜ਼ੂਰ ਕੀਤਾ ਗਿਆ ਸੀ।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਫਰਵਰੀ ਅਤੇ ਅਪ੍ਰੈਲ 2022)। ਵਿਭਾਗ ਨੇ ਆਪਣੇ ਜਵਾਬ (ਜੂਨ 2022) ਵਿੱਚ ਸਵੀਕਾਰ ਕੀਤਾ ਕਿ ਡੀਲਰ ਦੀਆਂ ਖਰੀਦਦਾਰੀਆਂ ਅਸਲ ਜਾਪਦੀਆਂ ਸੀ, ਇਸ ਲਈ, ਮੁਲਾਂਕਣ ਸ਼ੁਰੂ ਕੀਤਾ ਗਿਆ ਸੀ।

*iii.* ਲੁਧਿਆਣਾ-I ਵਿੱਚ ਡੀਲਰ 'ਡੀ'[29] ਨੂੰ ₹ 3.68 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਡੀਲਰ ਨੇ ਅਪ੍ਰੈਲ-ਜੂਨ 2017 ਦੀ ਤਿਮਾਹੀ ਦੌਰਾਨ ਉਪਰੋਕਤ ਸੀਰੀਅਲ ਨੰਬਰ (i) 'ਤੇ ਜ਼ਿਕਰ ਕੀਤੇ ਡੀਲਰ 'ਏ' ਤੋਂ ₹ 36.40 ਕਰੋੜ ਦੀ ਖਰੀਦ ਦਿਖਾਈ ਸੀ, ਜਿਸ ਨੂੰ ਸ਼ੱਕੀ ਲੈਣ-ਦੇਣ 'ਤੇ ₹ 2.40 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ। ਡੀਲਰ 'ਡੀ' ਨੇ ਟੈਕਸ ਦੀ ਰਿਆਇਤੀ ਦਰ ਤੇ ₹ 26.66 ਕਰੋੜ ਦੀ ਅੰਤਰਰਾਜੀ ਵਿਕਰੀ ਵੀ ਦਿਖਾਈ। ਹਾਲਾਂਕਿ, ਫਾਰਮ 'ਸੀ' ਵਿੱਚ ਇਸ ਡੀਲਰ ਦੀਆਂ ਵਿਧਾਨਿਕ ਘੋਸ਼ਣਾਵਾਂ ਏ ਸੀ ਐਸ ਟੀ ਲੁਧਿਆਣਾ-I ਦੁਆਰਾ ਪ੍ਰਦਾਨ ਨਹੀਂ ਕੀਤੀਆਂ ਗਈਆਂ ਸਨ ਕਿਉਂਕਿ ਇਹ ਦਫ਼ਤਰ ਕੋਲ ਉਪਲਬਧ ਨਹੀਂ ਸੀ। ਵਿਭਾਗ ਦੁਆਰਾ ਕਾਨੂੰਨੀ ਘੋਸ਼ਣਾਵਾਂ ਦੀ ਪ੍ਰਾਪਤੀ ਦੀ ਸਥਿਤੀ ਦੀ ਪੁਸ਼ਟੀ ਕੀਤੇ ਬਿਨਾਂ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਆਗਿਆ ਦਿੱਤੀ ਗਈ ਸੀ। ਰਾਜਾਂ ਦੇ ਸਬੰਧਤ ਅਧਿਕਾਰੀਆਂ ਨਾਲ ₹ 26.66 ਕਰੋੜ ਦੀ ਅੰਤਰਰਾਜੀ ਵਿਕਰੀ ਦੀ ਤਸਦੀਕ ਦੌਰਾਨ, ਹਰਿਆਣਾ, ਗੋਆ ਅਤੇ ਉੜੀਸਾ ਦੇ ਟੈਕਸ ਅਧਿਕਾਰੀਆਂ ਨੇ ਦੱਸਿਆ ਕਿ ਡੀਲਰ 'ਡੀ' ਦੁਆਰਾ ਉਹਨ੍ਹਾਂ ਦੇ ਰਾਜ ਦੇ ਡੀਲਰਾਂ ਨੂੰ ₹ 13.55 ਕਰੋੜ ਦੀ ਅੰਤਰਰਾਜੀ ਵਿਕਰੀ ਨਹੀਂ ਕੀਤੀ ਗਈ। ਮਹਾਰਾਸ਼ਟਰ ਅਤੇ ਤ੍ਰਿਪੁਰਾ (ਨਵੰਬਰ 2022) ਰਾਜਾਂ ਤੋਂ ₹ 13.11 ਕਰੋੜ[30] ਦੀ ਬਾਕੀ ਅੰਤਰਰਾਜੀ ਵਿਕਰੀ ਲਈ ਤਸਦੀਕਣ ਰਿਪੋਰਟਾਂ ਦੀ ਉਡੀਕ ਸੀ। ਇਹ ਵੀ ਦੇਖਿਆ ਗਿਆ ਸੀ ਕਿ ਡੀਲਰ 'ਡੀ' ਦਾ 13 ਅਪ੍ਰੈਲ 2018 ਤੋਂ ਪ੍ਰਭਾਵੀ ਜੀ ਐਸ ਟੀ ਰਜਿਸਟ੍ਰੇਸ਼ਨ ਸਰਟੀਫਿਕੇਟ ਆਪਣੇ ਆਪ ਵਿਭਾਗ ਦੁਆਰਾ ਰੱਦ ਕਰ ਦਿੱਤਾ ਗਿਆ ਸੀ। ਹਾਲਾਂਕਿ, ਅੰਤਰਰਾਜੀ ਵਿਕਰੀ ਲਈ ਫਾਰਮ 'ਸੀ' ਦਾ ਕੋਈ ਰਿਕਾਰਡ ਨਾ ਹੋਣ ਦੇ ਬਾਵਜੂਦ ਵਿਭਾਗ ਦੁਆਰਾ ਟਰਾਂਜ਼ੀਸ਼ਨਲ ਕ੍ਰੈਡਿਟ ਨੂੰ ਵਾਪਸ ਨਹੀਂ ਕੀਤਾ ਗਿਆ ਸੀ ਜੋ ਆਖਰਕਾਰ ਸਬੰਧਤ ਰਾਜਾਂ ਤੋਂ ਕੀਤੀ ਗਈ ਲੇਖਾ ਪ੍ਰੀਖਿਆ ਤਸਦੀਕ ਵਿੱਚ ਅਸਲੀ ਨਹੀਂ ਪਾਏ ਗਏ ਸਨ।

---

[29] ਏ ਆਰ ਐਨ – ਏਏ030917004075ਆਈ

[30] ਮਹਾਰਾਸ਼ਟਰ: ₹ 9.99 ਕਰੋੜ, ਤਿਰਪੁਰਾ: ₹ 3.12 ਕਰੋੜ

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਫਰਵਰੀ ਅਤੇ ਅਪ੍ਰੈਲ 2022)। ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਮੁਲਾਂਕਣ ਸ਼ੁਰੂ ਕਰ ਦਿੱਤਾ ਗਿਆ ਸੀ।

*iv.* ਲੁਧਿਆਣਾ-I ਵਿੱਚ ਡੀਲਰ 'ਈ'[31] ਨੂੰ ₹ 3.53 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ, ਜਿਸ ਨੇ ਅਪ੍ਰੈਲ-ਜੂਨ 2017 ਦੀ ਤਿਮਾਈ ਦੌਰਾਨ ₹ 250.77 ਕਰੋੜ ਦੀ ਟੈਕਸਯੋਗ ਖਰੀਦ ਦਿਖਾਈ ਸੀ ਜਿਸ 'ਤੇ ₹ 26.29 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕੀਤਾ ਗਿਆ ਸੀ। ਖਰੀਦਦਾਰੀਆਂ ਸ਼ੱਕੀ ਸਨ ਕਿਉਂਕਿ ਕਿਸੇ ਵੀ ਡੀਲਰ ਦੁਆਰ ਖਰੀਦੇ ਗਏ ਸਮਾਨ ਤੇ ਵੈਟ ਦਾ ਭੁਗਤਾਨ ਨਹੀਂ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਡੀਲਰ 'ਈ' ਦੁਆਰਾ ਉਸਦੀ ਵੈਟ-20 ਰਿਟਰਨ ਵਿੱਚ ਜ਼ਿਕਰ ਕੀਤੀ ਗਈ ₹ 250.77 ਕਰੋੜ ਦੀ ਖਰੀਦ ਦੀ ਰਾਸ਼ੀ ਸਾਲ 2017-18 ਦੇ ਵਪਾਰਕ ਖਾਤੇ ਨਾਲ ਮੇਲ ਨਹੀਂ ਖਾਂਦੀ ਸੀ, ਜਿਥੇ ਖਰੀਦ ਨੂੰ ₹ 164 ਕਰੋੜ ਦਿਖਾਇਆ ਗਿਆ ਸੀ, ਜੋ ਕਿ ਸਾਲਾਨਾ ਰਿਟਰਨ ਵਿੱਚ ਘੋਸ਼ਿਤ ਕੀਤੀ ਗਈ ਖਰੀਦ ਤੋਂ ₹ 86.77 ਕਰੋੜ ਘੱਟ ਸੀ। ਇਸ ਤਰ੍ਹਾਂ, ਡੀਲਰ ਨੇ ਜੀ ਐਸ ਟੀ ਪ੍ਰਣਾਲੀ ਵਿੱਚ ਜੀ ਐਸ ਟੀ ਦੇਣਦਾਰੀ ਤੋਂ ਬਚਣ ਲਈ ਆਪਣੇ ਵਪਾਰ ਖਾਤੇ ਵਿੱਚ ₹ 3.34 ਕਰੋੜ[32] ਦੇ ਇਨਪੁਟ ਟੈਕਸ ਕ੍ਰੈਡਿਟ ਸਮੇਤ ₹ 86.77 ਕਰੋੜ ਦੀ ਖਰੀਦ ਨੂੰ ਛੁਪਾ ਦਿੱਤਾ ਕਿਉਂਕਿ ਅਜਿਹੀਆਂ ਛੁਪਾਈਆਂ ਗਈਆਂ ਵਸਤਾਂ ਨੂੰ ਨਾ ਤਾਂ ਵੇਚਿਆ ਗਿਆ ਸੀ ਅਤੇ ਨਾ ਹੀ ਬੰਦ ਹੋਣ ਵਾਲੇ ਸਟਾਕ ਵਿੱਚ ਸ਼ਾਮਲ ਕੀਤਾ ਗਿਆ ਸੀ। ਇਸ ਤਰ੍ਹਾਂ, ਡੀਲਰ ਨੇ ਨਾ ਸਿਰਫ ਸ਼ੱਕੀ ਖਰੀਦ 'ਤੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕੀਤਾ ਬਲਕਿ ਜੀ ਐਸ ਟੀ ਤੋਂ ਬਚਦ ਲਈ ਆਪਣੇ ਵਪਾਰ ਖਾਤੇ ਵਿੱਚ ਅਜਿਹੀ ਖਰੀਦ ਨੂੰ ਛੁਪਾ ਦਿੱਤਾ।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਮਾਰਚ ਅਤੇ ਅਪ੍ਰੈਲ 2022)। ਵਿਭਾਗ ਨੇ ਜਵਾਬ ਦਿੱਤਾ ਕਿ ਡੀਲਰ ਦਾ ਜੀ ਐਸ ਟੀ ਮੁਲਾਂਕਣ 2017-18 ਲਈ ਤਿਆਰ ਕੀਤਾ ਗਿਆ ਸੀ ਅਤੇ ਐਸ ਜੀ ਐਸ ਟੀ ਦੇ ਅਧੀਨ ₹ 7.69 ਕਰੋੜ ਦੀ ਮੰਗ ਕੀਤੀ ਗਈ ਸੀ। ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਦੱਸਿਆ ਗਿਆ ਮੁਲਾਂਕਣ ਜੀ ਐਸ ਟੀ ਦੇ ਸਮੇਂ ਲਈ ਸੀ, ਜਦੋਂ ਕਿ ਲੇਖਾ ਪ੍ਰੀਖਿਆ ਨੇ ₹ 3.53 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ 'ਤੇ ਇਤਰਾਜ਼ ਕੀਤਾ ਸੀ, ਜੋ ਜੀ ਐਸ ਟੀ ਤੋਂ ਪਹਿਲਾਂ ਦੇ ਸਮੇਂ ਤੋਂ ਛੱਡਿਆ ਗਿਆ ਸੀ।

***ਅ.*** **ਅਸਲੀ 'ਸੀ' ਫਾਰਮ ਨਹੀਂ**: ਸੀ ਐਸ ਟੀ ਐਕਟ 1956 ਦੀ ਧਾਰਾ 8(4) ਸੀ ਐਸ ਟੀ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮਾਵਲੀ 1957 ਦੇ ਨਿਯਮ 12(1) ਨਾਲ ਪੜਦੇ ਹੋਏ, ਇਹ ਪ੍ਰਦਾਨ ਕਰਦਾ ਹੈ ਕਿ ਕਰ ਦੀ ਰਿਆਇਤੀ ਦਰ ਦੋ *ਪ੍ਰਤੀਸ਼ਤ* ਮੰਨਣਯੋਗ ਨਹੀਂ ਹੋਵੇਗੀ ਜਦੋਂ ਤੱਕ ਵੇਚਣ ਵਾਲਾ ਡੀਲਰ ਨਿਰਧਾਰਤ ਅਥਾਰਟੀ ਤੋਂ ਪ੍ਰਾਪਤ ਇੱਕ ਨਿਰਧਾਰਤ ਫਾਰਮ ਵਿੱਚ ਰਜਿਸਟਰਡ ਡੀਲਰ ਜਿਸਨੂੰ ਮਾਲ ਵੇਚਿਆ ਜਾਂਦਾ ਹੈ ਦੁਆਰਾ ਉਚਿਤ ਰੂਪ ਵਿੱਚ ਭਰਿਆ ਅਤੇ ਦਸਤਖਤ ਕੀਤੇ ਫਾਰਮ 'ਸੀ' ਵਿੱਚ ਇੱਕ ਘੋਸ਼ਣਾ ਪੱਤਰ ਪੇਸ਼ ਨਹੀਂ ਕਰਦਾ।

---

[31] ਏ ਆਰ ਐਨ – ਏਏ0308170827132

[32] ₹ 86.77 ਕਰੋੜ ਦਾ 3.85 *ਪ੍ਰਤੀਸ਼ਤ*

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਲੁਧਿਆਣਾ-II ਵਿੱਚ ਇੱਕ ਡੀਲਰ, ਜਿਸਨੇ ₹ 0.26 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕੀਤਾ ਸੀ, ਨੇ ਸਾਲ 2017-18 ਦੌਰਾਨ ਦੋ *ਪ੍ਰਤੀਸ਼ਤ* ਕਰ ਦੀ ਰਿਆਇਤੀ ਦਰ 'ਤੇ ₹ 1.41 ਕਰੋੜ ਦੀ ਅੰਤਰਰਾਜੀ ਵਿਕਰੀ ਦਿਖਾਈ ਸੀ। ਦਿੱਲੀ ਦੀ ਸਬੰਧਤ ਕਰ ਅਥਾਰਟੀ ਤੋਂ ₹ 1.17 ਕਰੋੜ ਦੀ ਕੀਮਤ ਦੇ 'ਸੀ' ਫਾਰਮ ਦੀ ਤਸਦੀਕ[33] ਕਰਨ ਤੇ ਲੇਖਾ ਪ੍ਰੀਖਿਆ ਨੂੰ ਸੂਚਿਤ ਕੀਤਾ ਗਿਆ ਸੀ ਕਿ ਲਧਿਆਣਾ-II ਦੇ ਡੀਲਰ ਨੂੰ ਅਜਿਹਾ ਕੋਈ 'ਸੀ' ਫਾਰਮ ਜਾਰੀ ਨਹੀਂ ਕੀਤਾ ਗਿਆ ਸੀ। ਇਸ ਸੀ ਫਾਰਮ ਵਿੱਚ ਸ਼ਾਮਲ ਕਰ ਪ੍ਰਭਾਵ ₹ 0.14 ਕਰੋੜ ਆਂਕਿਆ ਗਿਆ, ਅੰਤ ਵਿੱਚ ₹ 0.14 ਕਰੋੜ[34] ਦਾ ਅਸਵੀਕਾਰਨਯੋਗ ਟਰਾਂਜ਼ੀਸ਼ਨਲ ਕ੍ਰੈਡਿਟ ਦਿੱਤਾ ਗਿਆ।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਮਾਰਚ ਅਤੇ ਅਪ੍ਰੈਲ 2022)। ਜਵਾਬ ਦੀ ਉਡੀਕ ਸੀ (ਨਵੰਬਰ 2022)।

### 3.10.4 ਅਯੋਗ ਇਨਪੁਟ ਟੈਕਸ ਕ੍ਰੈਡਿਟ ਦਾ ਸੰਗ੍ਰਹਿ

ਜੀ ਐਸ ਟੀ ਪ੍ਰਣਾਲੀ ਨੇ ਪ੍ਰੀ-ਜੀ ਐਸ ਟੀ ਕਾਨੂੰਨ ਦੇ ਸੰਚਿਤ ਇਨਪੁਟ ਟੈਕਸ ਕ੍ਰੈਡਿਟ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਆਗਿਆ ਦਿੱਤੀ। ਲੇਖਾ ਪ੍ਰੀਖਿਆ ਨੇ ਛੇ ਮਾਮਲਿਆਂ ਵਿੱਚ ਦੇਖਿਆ ਕਿ ਡੀਲਰਾਂ ਨੇ ₹ 1.99 ਕਰੋੜ ਦਾ ਟਰਾਂਜ਼ੀਸ਼ਨਲ ਕ੍ਰੈਡਿਟ ਲਿਆ ਸੀ ਜਿਸ ਲਈ ਉਹ ਯੋਗ ਨਹੀਂ ਸਨ।

*ੳ*. **ਕਰ ਮੁਕਤ ਵਿਕਰੀ**: ਪੰਜਾਬ ਵੈਟ ਐਕਟ 2005 ਦੀ ਧਾਰਾ 13(5) ਪ੍ਰਦਾਨ ਕਰਦੀ ਹੈ ਕਿ ਟੈਕਸ-ਮੁਕਤ ਵਸਤੂਆਂ ਦੇ ਨਿਰਮਾਣ, ਪ੍ਰੋਸੈਸਿੰਗ ਪੈਕਿੰਗ ਵਿੱਚ ਵਰਤੇ ਜਾਣ ਵਾਲੇ ਸਮਾਨ ਦੀ ਖਰੀਦ ਤੇ ਭੁਗਤਾਨ ਕੀਤੇ ਟੈਕਸ ਦੇ ਸਬੰਧ ਵਿੱਚ ਟੈਕਸਯੋਗ ਵਿਅਕਤੀ ਇਨਪੁਟ ਟੈਕਸ ਕ੍ਰੈਡਿਟ ਲਈ ਯੋਗ ਨਹੀਂ ਹੋਵੇਗਾ।

*i.* ਲੇਖਾ ਪ੍ਰੀਖਿਆ ਨੇ ਦੋ ਮਾਮਲਿਆਂ[35] ਵਿੱਚ ਦੇਖਿਆ ਜਿਸ ਵਿੱਚ ₹ 0.65 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ ਕਿ 2016-17 ਅਤੇ 2017-18 ਦੌਰਾਨ ਡੀਲਰਾਂ ਦੀ ਕੁੱਲ ਵਿਕਰੀ ₹ 26.23 ਕਰੋੜ ਸੀ, ਜਿਸ ਵਿੱਚੋਂ ₹ 24.02 ਕਰੋੜ ਕਰ-ਮੁਕਤ ਵਸਤਾਂ ਦੀ ਵਿਕਰੀ ਸੀ। ਵਸਤੂਆਂ ਦੀ ਸਥਾਨਕ ਖਰੀਦ ਤੇ ₹ 0.47 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕੀਤਾ ਗਿਆ ਸੀ, ਜਿਸ ਵਿੱਚੋਂ ₹ 0.40 ਕਰੋੜ ਨੂੰ ਕਰ-ਮੁਕਤ ਵਿਕਰੀ ਦੇ ਖਾਤੇ ਤੇ ਵਾਪਸ ਕਰਨ ਦੀ ਲੋੜ ਸੀ। ਹਾਲਾਂਕਿ, ਡੀਲਰਾਂ ਨੇ ਕੋਈ ਇਨਪੁਟ ਟੈਕਸ ਕ੍ਰੈਡਿਟ ਰਿਵਰਸ ਨਹੀਂ ਕੀਤਾ। ਗੈਰ-ਰਿਵਰਸਲ ਕਾਰਨ ਅਯੋਗ ਇਨਪੁਟ ਟੈਕਸ ਕ੍ਰੈਡਿਟ ਇੱਕਠਾਂ

---

33 ਲੇਖਾ ਪ੍ਰੀਖਿਆ ਨੇ ਸਬੰਧਤ ਰਾਜ ਦੇ ਕਰ ਵਿਭਾਗਾਂ ਨੂੰ ₹ 3.68 ਕਰੋੜ ਦੇ ਮਾਲ ਨੂੰ ਸ਼ਾਮਲ ਕਰਨ ਵਾਲੇ ਪੰਜ ਡੀਲਰਾਂ ਦੇ ਸ਼ੱਕੀ 6 'ਸੀ' ਫਾਰਮਾਂ ਦੀ ਤਸਦੀਕ ਕਰਨ ਲਈ ਬੇਨਤੀ ਕੀਤੀ ਸੀ। ਦਿੱਲੀ ਦੀ ਕਰਬਦੀ ਅਥਾਰਿਟੀ ਤੋਂ ਇੱਕ 'ਸੀ' ਫਾਰਮ ਦੇ ਸਬੰਧ ਵਿੱਚ ਤਸਦੀਕ ਰਿਪੋਰਟ ਪ੍ਰਾਪਤ ਹੋਈ ਅਤੇ ਪੈਰਾ 3.10.3 (ਅ) ਵਿੱਚ ਮਾਮਲੇ ਸ਼ਾਮਲ ਕੀਤਾ ਗਿਆ। ਬਾਕੀ ਰਹਿੰਦੇ ਰੈਡ ਫਲੈਗ ਵਾਲੇ 5 'ਸੀ' ਫਾਰਮਾਂ ਦੀ ਤਸਦੀਕ ਰਿਪੋਰਟ ਜਿਸ ਵਿੱਚ ₹ 2.51 ਕਰੋੜ ਦੀਆਂ ਚੀਜ਼ਾਂ ਸ਼ਾਮਲ ਸਨ, ਇਸ ਰਿਪੋਰਟ ਦੇ ਅੰਤਿਮ ਰੂਪ ਵਿੱਚ ਆਉਣ ਤੱਕ ਉਡੀਕ ਕੀਤੀ ਜਾ ਰਹੀ ਸੀ। (**ਅੰਤਿਕਾ 3.8-ਅ**)

34 ₹ 1.17 ਕਰੋੜ × (14.30 ਪ੍ਰਤੀਸ਼ਤ ਘਟਾਓ ਦੋ ਪ੍ਰਤੀਸ਼ਤ) = ₹ 0.14 ਕਰੋੜ

35 ਲੁਧਿਆਣਾ-II (1) ਅਤੇ ਐਸ ਏ ਐਸ ਨਗਰ (1)

ਹੋਇਆ, ਜਿਸ ਦੇ ਨਤੀਜੇ ਵਜੋਂ ₹ 0.40 ਕਰੋੜ (**ਅੰਤਿਕਾ 3.9**) ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਵਾਧੂ ਮਨਜ਼ੂਰੀ ਦਿੱਤੀ।

ਲੇਖਾ ਪ੍ਰੀਖਿਆ ਦੁਆਰਾ ਧਿਆਨ ਵਿੱਚ ਲਿਆਉਣ ‘ਤੇ (ਜੂਨ 2021 ਅਤੇ ਮਾਰਚ 2022) ਵਿਭਾਗ ਨੇ ਐਸ ਏ ਐਸ ਨਗਰ ਦੇ ਮਾਮਲੇ ਵਿੱਚ ₹ 0.59 ਕਰੋੜ ਨੂੰ ਸਵੀਕਾਰ ਕੀਤਾ ਅਤੇ ਵਸੂਲੀ ਕੀਤੀ। ਲੁਧਿਆਣਾ-II ਦੇ ਮਾਮਲੇ ਵਿੱਚ, ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਡੀਲਰ ਨੇ ਵੈਟ ਰਿਟਰਨਾਂ ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਦੇ ਅਨੁਸਾਰ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕੀਤਾ ਸੀ।

ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ 2016-17 ਅਤੇ 2017-18 ਦੌਰਾਨ ਡੀਲਰ ਦੀਆਂ ਸਾਰੀਆਂ ਵਿਕਰੀਆਂ ਕਰ ਮੁਕਤ ਸਨ। ਇਨਪੁਟ ਟੈਕਸ ਕ੍ਰੈਡਿਟ ਦਾ ਇਨ੍ਹਾਂ ਸਾਲਾਂ ਲਈ ਇਕੱਠਾ ਹੋਣਾ ਜਾਇਜ਼ ਨਹੀਂ ਸੀ।

***ii.*** ਲੁਧਿਆਣਾ-II ਦੇ ਇੱਕ ਮਾਮਲੇ[36] ਵਿੱਚ, ₹ 0.18 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ, ਲੇਖਾ ਪ੍ਰੀਖਿਆ ਨੇ ਦੇਖਿਆ ਕਿ ਇਨਪੁਟ ਟੈਕਸ ਕ੍ਰੈਡਿਟ ਦਾ ਬਕਾਇਆ ਮੁੱਖ ਤੌਰ ਤੇ ਪਿਛਲੇ ਸਾਲ ਭਾਵ 2016-17 ਤੋਂ ₹ 0.18 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਨੂੰ ਅੱਗੇ ਲਿਜਾਣ ਕਾਰਨ ਸੀ।

ਡੀਲਰ ਦੀਆਂ ਪਿਛਲੀਆਂ ਸਲਾਨਾ ਰਿਟਰਨਾਂ ਦੀ ਪੜਤਾਨ ਤੋਂ ਪਤਾ ਚੱਲਦਾ ਹੈ ਕਿ ਡੀਲਰ ਨੇ 2011-12 ਤੋਂ ਸਾਰੇ ਸਾਲਾਂ ਵਿੱਚ ਸਿਰਫ਼ ਸਥਾਨਕ ਕਰਯੋਗ ਅਤੇ ਕਰ-ਮੁਕਤ ਵਿਕਰੀ ਕੀਤੀ ਸੀ ਜਿਸ ਵਿੱਚ ਡੀਲਰ ਕੋਲ ਸਿਰਫ਼ ₹ 0.01 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਮੁਢਲਾ ਬਕਾਇਆ ਸੀ। ਡੀਲਰ ਦੁਆਰਾ 2011-12 ਤੋਂ 2017-18 ਤੱਕ, ਕਰ ਦੀ ਰਿਆਇਤੀ ਦਰ ਤੇ ਅੰਤਰਰਾਜੀ ਕੋਈ ਨਿਰਯਾਤ ਵਿਕਰੀ, ਬ੍ਰਾਂਚ ਟਰਾਂਸਫਰ ਜਾਂ ਕੋਈ ਹੋਰ ਅਜਿਹੀ ਗਤੀਵਿਧੀ ਨਹੀਂ ਕੀਤੀ ਗਈ ਸੀ ਜਿਸ ਦੇ ਨਤੀਜੇ ਵਜੋਂ ਆਉਟਪੁੱਟ ਟੈਕਸ ਦੇਣਦਾਰੀ ਦਾ ਭੁਗਤਾਨ ਕਰਨ ਦੇ ਬਾਅਦ ਵੀ ਇਨਪੁਟ ਟੈਕਸ ਕ੍ਰੈਡਿਟ ਇਕੱਠਾ ਹੋ ਸਕਦਾ ਹੈ। ਫਿਰ ਵੀ ਇਨਪੁਟ ਟੈਕਸ ਕ੍ਰੈਡਿਟ ਬਕਾਇਆ 2011-12 ਵਿੱਚ ₹ 0.01 ਕਰੋੜ ਤੋਂ ਵੱਧ ਕੇ 2017-18 ਵਿੱਚ ₹ 0.18 ਕਰੋੜ ਹੋ ਗਿਆ ਹੈ। ₹ 0.18 ਕਰੋੜ ਵਿੱਚੋਂ, ਡੀਲਰ 1 ਅਪ੍ਰੈਲ 2017 ਤੱਕ ਸਟਾਕ[37] ਵਿੱਚ ਪਏ ਮਾਲ (₹ 0.01 ਕਰੋੜ) ਅਤੇ ਪਿਛਲੇ ਸਮੇਂ ਦੌਰਾਨ ਭੁਗਤਾਨ ਕੀਤੇ ਐਂਟਰੀ ਟੈਕਸ[38] (₹ 0.02 ਕਰੋੜ) ਦੇ ਆਧਾਰ ਤੇ ਸਾਲ 2017-18 ਵਿੱਚ ₹ 0.03 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਲਈ ਯੋਗ ਸੀ। ₹ 0.15 ਕਰੋੜ *(₹ 0.18 ਕਰੋੜ ਘਟਾਓ ₹ 0.03 ਕਰੋੜ)* ਦਾ ਬਕਾਇਆ ਇਨਪੁਟ ਟੈਕਸ ਕ੍ਰੈਡਿਟ

36 ਏ ਆਰ ਐਨ - ਏਏ030817076586ਆਰ

37 01 ਅਪ੍ਰੈਲ 2017 ਨੂੰ 6.05 *ਪ੍ਰਤੀਸ਼ਤ* ਦੀ ਦਰ ਨਾਲ ਅੰਤਮ ਸਟਾਕ ਵਿੱਚ ਪਏ ₹ 12.25 ਦੀਆਂ ਲੱਖ ਦੀਆਂ ਵਸਤਾਂ ਤੇ ₹ 0.74 ਲੱਖ

38 ₹ 48,000 (2011-12) + ₹ 23,180 (2012-13) + ₹ 1,09,650 (2013-14) + ₹ 10,790 (2015-16) + ₹ 4,530 (2016-17)

ਟਰਾਂਜ਼ੀਸ਼ਨਲ ਕ੍ਰੈਡਿਟ ਵਜੋਂ ਯੋਗ ਨਹੀਂ ਸੀ। ਅਯੋਗ ਇਨਪੁਟ ਟੈਕਸ ਕ੍ਰੈਡਿਟ ਦੇ ਇਕੱਤਰ ਹੋਣ ਦੇ ਨਤੀਜੇ ਵਜੋਂ ₹ 0.15 ਕਰੋੜ ਤੱਕ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਵਾਧੂ ਮਨਜ਼ੂਰੀ ਦਿੱਤੀ।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਮਾਰਚ ਅਤੇ ਅਪ੍ਰੈਲ 2022)। ਜਵਾਬ ਦੀ ਉਡੀਕ ਸੀ (ਨਵੰਬਰ 2022)।

*ਅ-* **ਗਲਤ ਕੈਰੀ ਫਾਰਵਰਡ:** ਟੈਕਸ ਮਿਆਦ ਦੇ ਅੰਤ ਤੇ ਅਣਵਰਤੇ ਇਨਪੁਟ ਟੈਕਸ ਕ੍ਰੈਡਿਟ ਨੂੰ ਮੁਢਲੇ ਬਕਾਇਆ ਵਜੋਂ ਅਗਲੀ ਟੈਕਸ ਮਿਆਦ ਲਈ ਅੱਗੇ ਲਿਜਾਇਆ ਜਾਂਦਾ ਹੈ।

*i.* ਲੁਧਿਆਣਾ-III ਦੇ ਇੱਕ ਮਾਮਲੇ[39] ਵਿੱਚ, ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ, ਜਿਸ ਵਿੱਚ ₹ 1.98 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ, ਕਿ ਇਨਪੁਟ ਟੈਕਸ ਕ੍ਰੈਡਿਟ ਦਾ ਇਕੱਠਾ ਹੋਣਾ ਮੁੱਖ ਤੌਰ 'ਤੇ ਪਿਛਲੇ ਸਾਲਾਂ ਤੋਂ ਇਨਪੁਟ ਟੈਕਸ ਕ੍ਰੈਡਿਟ ਦੇ ਕੈਰੀ ਫਾਰਵਰਡ ਕਾਰਨ ਸੀ। ਲੇਖਾ ਪ੍ਰੀਖਿਆ ਨੇ ਨੋਟ ਕੀਤਾ ਕਿ 2014-15 ਵਿੱਚ ਡੀਲਰ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਮੁਢਲਾ ਬਕਾਇਆ ਜ਼ੀਰੋ ਸੀ, ਇਸਲਈ ਲੇਖਾ ਪ੍ਰੀਖਿਆ ਨੇ 2014-15 ਤੋਂ ਇਨਪੁਟ ਟੈਕਸ ਕ੍ਰੈਡਿਟ ਦੇ ਪ੍ਰਵਾਹ ਦੀ ਗਣਨਾ ਕੀਤੀ। ਕਿਉਂਕਿ 2015-16 ਲਈ ਸਾਲਾਨਾ ਰਿਟਰਨ ਵੈਟ-20 ਈ ਟੀ ਟੀ ਐਸ ਏ 'ਤੇ ਡੀਲਰ ਦੁਆਰਾ ਦਾਇਰ ਨਹੀਂ ਕੀਤੀ ਗਈ ਸੀ, ਇਸਲਈ, ਈ ਟੀ ਟੀ ਐਸ ਏ ਤੇ ਡੀਲਰ ਦੇ ਕਾਰਡੈਕਸ ਵਿੱਚ ਉਪਲਬਧ ਇਸ ਸਾਲ ਲਈ ਵਿਕਰੀ/ਖਰੀਦ ਦੇ ਵੇਰਵਿਆਂ ਨੂੰ ਲੇਖਾ ਪ੍ਰੀਖਿਆ ਦੁਆਰਾ ਵਿਚਾਰਿਆ ਗਿਆ ਸੀ। ਇਹ ਦੇਖਿਆ ਗਿਆ ਕਿ ਸਾਲ 2015-16 ਤੋਂ ਸਾਲ 2016-17 ਤੱਕ ₹ 0.61 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਅੱਗੇ ਲਿਜਾਣ ਦੀ ਲੋੜ ਸੀ, ਜਦੋਂ ਕਿ ਸਾਲ 2016-17 ਵਿੱਚ ₹ 1.71 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਅੱਗੇ ਲਿਜਾਇਆ ਗਿਆ ਸੀ ਜਿਵੇਂ ਕਿ ਹੇਠਾਂ ਵੇਰਵੇ ਦਿੱਤੇ ਗਏ ਹਨ:

*(₹ ਕਰੋੜ ਵਿੱਚ)*

| ਸਾਲ | ਅੱਗੇ ਲਿਆਂਦਾ ਗਿਆ ਆਈ ਟੀ ਸੀ | ਖਰੀਦਦਾਰੀ 'ਤੇ ਆਈ ਟੀ ਸੀ | ਵਿੱਕਰੀ ਤੇ ਆਉਟਪੁੱਟ ਟੈਕਸ | ਸ਼ੁੱਧ ਇਨਪੁੱਟ ਟੈਕਸ ਕ੍ਰੈਡਿਟ | ਅੱਗੇ ਲਿਜਾਣ ਵਾਲਾ ਆਈ ਟੀ ਸੀ |
|---|---|---|---|---|---|
| 2014-15 | 0 | 0.61 | 0.33 | 0.28 | 0.28 |
| 2015-16* | 0.28 | 0.64 | 0.31 | 0.33 | **0.61** |
| 2016-17 | **1.71** | 0.52 | 0.27 | 0.25 | 1.96 |
| 2017-18 | 1.96 | 0.17 | 0.08 | 0.09 | 2.05 |

** ਡੀਲਰ ਕਾਰਡੈਕਸ ਅਨੁਸਾਰ ਇਸ ਸਾਲ ਦੇ ਅੰਕੜੇ*

ਇਸ ਤਰ੍ਹਾਂ, ₹ 1.10 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਸਾਲ 2016-17 ਵਿੱਚ ਬਕਾਇਆ ਇਨਪੁਟ ਟੈਕਸ ਕ੍ਰੈਡਿਟ ਤੋਂ ਵੱਧ ਅੱਗੇ ਵਧਾਇਆ ਗਿਆ ਸੀ ਜੋ ਸਾਲ 2017-18 ਵਿੱਚ

[39] ਏ ਆਰ ਐਨ – ਏਏ031117008364ਕਿਊ

ਲਿਆ ਗਿਆ ਸੀ ਅਤੇ ਨਤੀਜੇ ਵਜੋਂ ₹ 1.10 ਕਰੋੜ ਦਾ ਟਰਾਂਜ਼ੀਸ਼ਨਲ ਕ੍ਰੈਡਿਟ ਵਾਧੂ ਮਨਜ਼ੂਰ ਕੀਤਾ ਗਿਆ ਸੀ।

ਧਿਆਨ ਵਿੱਚ ਲਿਆਉਣ 'ਤੇ (ਮਾਰਚ ਅਤੇ ਅਪ੍ਰੈਲ 2022) ਵਿਭਾਗ ਨੇ ਇਤਰਾਜ਼ ਵਾਲੀ ਰਾਸ਼ੀ ਨੂੰ ਅੰਸ਼ਕ ਤੌਰ ਤੇ ਸਵੀਕਾਰ ਕੀਤਾ (ਜੂਨ 2022) ਅਤੇ ਦੱਸਿਆ ਕਿ 2010-11 ਤੋਂ 2015-16 ਤੱਕ ₹ 1.60 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਇਕੱਠਾ ਹੋਇਆ ਸੀ ਪ੍ਰੰਤੂ ਡੀਲਰ ਨੇ 2016-17 ਵਿੱਚ ₹ 1.71 ਕਰੋੜ ਨੂੰ ਅੱਗੇ ਵਧਾਇਆ। 2016-17 ਦੇ ਮੁਲਾਂਕਣ ਵਿੱਚ ₹ 0.11 ਕਰੋੜ ਦੀ ਵਸੂਲੀ ਕੀਤੀ ਜਾਵੇਗੀ ।

*ii.* ਫਤਿਹਗੜ੍ਹ ਸਾਹਿਬ ਦੇ ਇੱਕ ਮਾਮਲੇ[40] ਵਿੱਚ, ਜਿੱਥੇ ₹ 0.36 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ, 2016-17 ਦੀ ਸਾਲਾਨਾ ਰਿਟਰਨ ਵਿੱਚ ਇਨਪੁਟ ਟੈਕਸ ਕ੍ਰੈਡਿਟ ਦਾ ਅੰਤਿਮ ਬਕਾਇਆ ₹ 0.34 ਕਰੋੜ ਸੀ, ਜਿਸ ਨੂੰ 2017-18 ਵਿੱਚ ਮੁਢਲਾ ਬਕਾਇਆ ਵਜੋਂ ਅੱਗੇ ਲਿਜਾਣ ਦੀ ਲੋੜ ਸੀ। ਹਾਲਾਂਕਿ, ਡੀਲਰ ਨੇ 2017-18 ਵਿੱਚ ਇਨਪੁਟ ਟੈਕਸ ਕ੍ਰੈਡਿਟ ਦੇ ਮੁਢਲੇ ਬਕਾਏ ਦੇ ਰੂਪ ਵਿੱਚ ₹ 0.58 ਕਰੋੜ ਭਾਵ ₹ 0.24 ਕਰੋੜ ਤੋਂ ਵੱਧ ਅਤੇ ਇਸ ਰਿਟਰਨ ਦੀ ਮਿਆਦ ਦੇ ਅੰਤ ਵਿੱਚ, ਡੀਲਰ ਕੋਲ ₹ 0.61 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਅੰਤਿਮ ਬਕਾਇਆ ਸੀ। ਡੀਲਰ ਨੇ ਇਸ ਜਮ੍ਹਾਂ ਇਨਪੁਟ ਟੈਕਸ ਕ੍ਰੈਡਿਟ ਵਿੱਚੋਂ ₹ 0.25 ਕਰੋੜ ਦਾ ਰਿਫੰਡ ਦਾ ਦਾਅਵਾ ਕੀਤਾ, ਜਿਸਦੀ ਵਿਭਾਗ ਦੁਆਰਾ ਇਜਾਜ਼ਤ ਦਿੱਤੀ ਗਈ ਸੀ। ਰਿਫੰਡ ਕੀਤੀ ਰਾਸ਼ੀ ਨੂੰ ਐਡਜਸਟ ਕਰਨ ਤੋਂ ਬਾਅਦ, ਡੀਲਰ ਨੇ ₹ 0.36 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕਿਤਾ, ਜਿਸ ਵਿੱਚ 2017-18 ਦੇ ਗਲਤ ਮੁਢਲੇ ਬਕਾਏ ਵਾਲਾ ₹ 0.24 ਕਰੋੜ ਦਾ ਵਾਧੂ ਇਨਪੁਟ ਟੈਕਸ ਕ੍ਰੈਡਿਟ ਸ਼ਾਮਲ ਸੀ। ਇਸ ਦੇ ਨਤੀਜੇ ਵਜੋਂ ₹ 0.24 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਵਾਧੂ ਮਨਜ਼ੂਰੀ ਦਿੱਤੀ।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਮਾਰਚ ਅਤੇ ਅਪ੍ਰੈਲ 2022)। ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਮੁਲਾਂਕਣ 2016-17 ਦੇ ਅਨੁਸਾਰ, ₹ 0.58 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਉਪਲਬਧ ਸੀ, ਪ੍ਰੰਤੂ ਡੀਲਰ ਨੇ ਆਪਣੇ ਵੈਟ-20 ਵਿੱਚ ਗਲਤੀ ਨਾਲ ₹ 0.34 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਜ਼ਿਕਰ ਕੀਤਾ ਸੀ। ਡੀਲਰ ਨੇ ₹ 0.58 ਕਰੋੜ ਦਾ ਯੋਗ ਟਰਾਂਜ਼ੀਸ਼ਨਲ ਕ੍ਰੈਡਿਟ ਵਜੋਂ ਕਲੇਮ ਕੀਤਾ ਸੀ।

ਵਿਭਾਗ ਦਾ ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ 2011-12 ਤੋਂ 2017-18 ਤੱਕ ਵੈਟ-20 ਰਿਟਰਨਾਂ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਕਿਸੇ ਵੀ ਪੜਾਅ 'ਤੇ ₹ 0.24 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਕੋਈ ਗਲਤੀ ਨਹੀਂ ਦਰਸਾਈ, ਜਿਸ ਵਿੱਚ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਕਲੇਮ ਕਰਨ ਦੇ ਸਮੇਂ ₹ 0.24 ਕਰੋੜ ਜੋੜ ਕੇ ਸੁਧਾਰ ਦੀ ਲੋੜ ਹੋ ਸਕਦੀ ਸੀ। ਇਸ ਤੋਂ ਇਲਾਵਾ, ਵਿਭਾਗ ਨੇ ਕੋਈ ਵੀ ਦਸਤਾਵੇਜ਼ ਪ੍ਰਦਾਨ ਨਹੀਂ ਕੀਤਾ, ਜੋ ਇਹ ਸਪੱਸ਼ਟ ਕਰ ਸਕੇ

[40] ਏ ਆਰ ਐਨ– ਏਏ030817082894ਕਿਊ

ਕਿ ਕਿਸ ਪੜਾਅ 'ਤੇ ਅਤੇ ਕਦੋਂ ₹ 0.24 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਛੱਡਿਆ ਗਿਆ ਸੀ।

*iii.* ਲੁਧਿਆਣਾ-II ਦੇ ਇੱਕ ਮਾਮਲੇ[41] ਵਿੱਚ ਲੇਖਾ ਪ੍ਰੀਖਿਆ ਨੇ ਦੇਖਿਆ, ਜਿਸ ਵਿੱਚ ₹ 0.10 ਕਰੋੜ ਦੇ ਟ੍ਰਾਂਜੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ, ਕਿ ਇਨਪੁਟ ਟੈਕਸ ਕ੍ਰੈਡਿਟ ਇਕੱਠਾ ਹੋਇਆ ਸੀ ਕਿਉਂਕਿ 2014-15 ਤੋਂ 2017-18 ਦੀ ਮਿਆਦ ਦੇ ਦੌਰਾਨ ਡੀਲਰ ਦੁਆਰਾ ਕੋਈ ਵਿਕਰੀ ਨਹੀਂ ਦਿਖਾਈ ਗਈ ਸੀ ਜਿਵੇਂ ਕਿ ਵੇਰਵੇ ਹੇਠਾਂ ਦਿੱਤੇ ਗਏ ਹਨ:

*(₹ ਲੱਖ ਵਿੱਚ)*

| ਸਾਲ | ਵੈਟ-20 ਅਨੁਸਾਰ ਕੁੱਲ ਖਰੀਦ ਮੁੱਲ | ਇਨਪੁਟ ਟੈਕਸ ਕ੍ਰੈਡਿਟ | ਵੈਟ-20 ਅਨੁਸਾਰ ਕੁੱਲ ਵੇਚ ਮੁੱਲ | ਆਉਟਪੁੱਟ ਟੈਕਸ | ਸ਼ੁੱਧ ਇਨਪੁਟ ਟੈਕਸ ਕ੍ਰੈਡਿਟ |
|---|---|---|---|---|---|
| 2013-14 | 18.22 | 0.30 | 0.93 | 0.04 | 0.26 |
| 2014-15 | 27.46 | 1.66 | 0 | 0 | 1.66 |
| 2015-16 | 41.18 | 1.66 | 0 | 0 | 1.66 |
| 2016-17 | 78.98 | 4.59 | 0 | 0 | 4.59 |
| 2017-18* | 64.38 | 2.42 | 0 | 0 | 2.42 |
| **ਜੋੜ** | **230.22** | **10.63** | **0.93** | **0.04** | **10.59** |

**30 ਜੂਨ 2017 ਤੱਕ*

ਧਿਆਨ ਵਿੱਚ ਲਿਆਉਣ ਤੇ (ਫਰਵਰੀ 2022), ਏ ਸੀ ਐਸ ਟੀ ਲੁਧਿਆਣਾ-II ਨੇ ਜਵਾਬ ਦਿੱਤਾ ਕਿ ਡੀਲਰ ਸ਼ਟਰਿੰਗ ਸਮੱਗਰੀ ਕਿਰਾਏ ਤੇ ਦੇਣ ਦਾ ਕਾਰੋਬਾਰ ਕਰਦਾ ਸੀ ਅਤੇ ਉਸ ਦੀ ਕਿਰਾਏ ਦੀ ਆਮਦਨ ਸੀ। ਕਿਉਂਕਿ ਕਿਰਾਏ ਦੀ ਆਮਦਨ ਵਿਕਰੀ ਨਹੀਂ ਹੈ, ਸਾਲਾਨਾ ਰਿਟਰਨ ਵਿੱਚ ਇਸ ਤਰ੍ਹਾਂ ਨਹੀਂ ਦਿਖਾਇਆ ਗਿਆ ਸੀ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਵਸਤਾਂ ਨੂੰ ਨਾ ਤਾਂ ਵੇਚਿਆ ਗਿਆ ਸੀ ਅਤੇ ਨਾ ਹੀ ਵਿਕਰੀ ਲਈ ਕਰਯੋਗ ਵਸਤਾਂ ਦੇ ਨਿਰਮਾਣ ਵਿੱਚ ਵਰਤਿਆ ਗਿਆ ਸੀ, ਇਸ ਲਈ, ਡੀਲਰ ਪੰਜਾਬ ਵੈਟ ਐਕਟ 2005 ਦੀ ਧਾਰਾ 13 ਵਿੱਚ ਮੌਜੂਦ ਵਿਵਸਥਾ ਦੇ ਅਨੁਸਾਰ ₹ 0.10 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਲਈ ਯੋਗ ਨਹੀਂ ਸੀ। ਇਸ ਸੰਚਿਤ ਇਨਪੁਟ ਟੈਕਸ ਦੇ ਵਿਰੁੱਧ ₹ 0.10 ਕਰੋੜ ਦਾ ਟਰਾਂਜ਼ੀਸ਼ਨਲ ਕ੍ਰੈਡਿਟ ਸਵੀਕਾਰਯੋਗ ਨਹੀਂ ਸੀ।

### 3.10.5 ਰਿਫੰਡ ਕੀਤੇ ਇਨਪੁਟ ਟੈਕਸ ਕ੍ਰੈਡਿਟ ਦੇ ਵਿਰੁੱਧ ਟਰਾਂਜ਼ੀਸ਼ਨਲ ਕ੍ਰੈਡਿਟ

ਪੰਜਾਬ ਵੈਟ ਐਕਟ 2005 ਦੀ ਧਾਰਾ 39 ਇਹ ਪ੍ਰਦਾਨ ਕਰਦੀ ਹੈ ਕਿ ਇੱਕ ਡੀਲਰ ਨੂੰ ਐਕਟ ਦੇ ਅਧੀਨ ਭੁਗਤਾਨ ਯੋਗ ਆਉਟਪੁੱਟ ਟੈਕਸ ਤੋਂ ਵੱਧ ਇਨਪੁਟ ਟੈਕਸ ਕ੍ਰੈਡਿਟ ਦੀ ਵਾਪਸੀ ਦਿੱਤੀ ਜਾ ਸਕਦੀ ਹੈ। ਡੀਲਰ ਨੂੰ ਰਿਫੰਡ ਕੀਤਾ ਗਿਆ ਇਨਪੁਟ ਟੈਕਸ ਕ੍ਰੈਡਿਟ ਟਰਾਂਜ਼ੀਸ਼ਨਲ ਕ੍ਰੈਡਿਟ ਵਜੋਂ ਉਪਲਬਧ ਨਹੀਂ ਹੋਣਾ ਚਾਹੀਦਾ ਹੈ।

[41] ਏ ਆਰ ਐਨ– ਏਏ030917023192ਐਚ (₹ 10.35 ਲੱਖ)

ਲੇਖਾ ਪ੍ਰੀਖਿਆ ਨੇ ਤਿੰਨ ਮਾਮਲਿਆਂ[42] ਵਿੱਚ ਦੇਖਿਆ ਕਿ ਪ੍ਰੀ–ਜੀ ਐਸ ਟੀ ਰਿਟਰਨਾਂ ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਬਕਾਏ ਦੇ ਆਧਾਰ ਤੇ ਡੀਲਰਾਂ ਨੂੰ ₹ 0.79 ਕਰੋੜ ਦਾ ਟਰਾਂਜ਼ੀਸ਼ਨਲ ਕ੍ਰੈਡਿਟ ਮਨਜ਼ੂਰ ਕੀਤਾ ਗਿਆ ਸੀ। ਹਾਲਾਂਕਿ, ਇਨ੍ਹਾਂ ਡੀਲਰਾਂ ਨੇ ਉਸੇ ਇਨਪੁਟ ਟੈਕਸ ਕ੍ਰੈਡਿਟ ਬਕਾਏ ਦੇ ਵਿਰੁੱਧ ₹ 0.56 ਕਰੋੜ ਦੇ ਰਿਫੰਡ ਦਾ ਵੀ ਦਾਅਵਾ ਕੀਤਾ ਸੀ। ਇਸ ਵਿੱਚੋਂ, ਇਨ੍ਹਾਂ ਡੀਲਰਾਂ ਨੂੰ ₹ 0.48 ਕਰੋੜ ਦੇ ਰਿਫੰਡ ਦਿੱਤੇ ਗਏ ਸਨ ਅਤੇ ਰਿਫੰਡ ਦੇ ਦਾਅਵਿਆਂ ਵਿੱਚ ₹ 0.08 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਰੱਦ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ, ₹ 0.56 ਕਰੋੜ ਦਾ ਰਿਫੰਡ ਅਤੇ ਅਸਵੀਕਾਰ ਕੀਤਾ ਗਿਆ ਇਨਪੁਟ ਟੈਕਸ ਕ੍ਰੈਡਿਟ ਟਰਾਂਜ਼ੀਸ਼ਨਲ ਕ੍ਰੈਡਿਟ ਦੇ ਤੌਰ 'ਤੇ ਸਵੀਕਾਰਯੋਗ ਨਹੀਂ ਸੀ ਅਤੇ ਟਰਾਂਜ਼ੀਸ਼ਨਲ ਕ੍ਰੈਡਿਟ ਪੁਸ਼ਟੀਕਰਨ ਦੇ ਸਮੇਂ ਅਸਵੀਕਾਰ ਕੀਤੇ ਜਾਣ ਦੀ ਲੋੜ ਸੀ, ਪਰ ਡੀਲਰਾਂ ਦੇ ਇਲੈਕਟ੍ਰਾਂਨਿਕ ਕ੍ਰੈਡਿਟ ਲੇਜ਼ਰ ਵਿੱਚ ਅਜਿਹਾ ਕੋਈ ਪਰਾਵਰਤਨ ਨਹੀਂ ਕੀਤਾ ਗਿਆ ਸੀ। ਇਸ ਦੇ ਨਤੀਜੇ ਵਜੋਂ ₹ 0.56 ਕਰੋੜ *(ਅੰਤਿਕਾ 3.10)* ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਅਯੋਗ ਮਨਜ਼ੂਰੀ ਦਿੱਤੀ।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਮਾਰਚ ਅਤੇ ਅਪ੍ਰੈਲ 2022)। ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਲੁਧਿਆਣਾ–II ਦੇ ਇੱਕ ਮਾਮਲੇ ਵਿੱਚ ₹ 0.02 ਕਰੋੜ ਦੀ ਵਸੂਲੀ ਕੀਤੀ ਗਈ ਸੀ ਅਤੇ ਲੁਧਿਆਣਾ–I ਦੇ ਇੱਕ ਮਾਮਲੇ ਵਿੱਚ ਵਿਆਜ ਅਤੇ ਜੁਰਮਾਨੇ ਸਮੇਤ ₹ 1.05 ਕਰੋੜ ਦੀ ਮੰਗ ਕੀਤੀ ਗਈ ਸੀ। ਲੁਧਿਆਣਾ–I ਦੇ ਇੱਕ ਮਾਮਲੇ ਵਿੱਚ, ਵਿਭਾਗ ਨੇ ਕਿਹਾ ਕਿ ਡੀਲਰ ਕੋਲ ਰਿਫੰਡ ਦਾ ਕਲੇਮ ਕਰਨ ਦੇ ਬਾਅਦ ਵੀ ਵਾਧੂ ਇਨਪੁਟ ਟੈਕਸ ਕ੍ਰੈਡਿਟ ਉਪਲਬਧ ਸੀ; ਹਾਲਾਂਕਿ, ਜਵਾਬ ਦਸਤਾਵੇਜ਼ਾਂ ਨਾਲ ਸਮਰਥਿਤ ਨਹੀਂ ਸੀ ਜੋ ₹ 0.17 ਕਰੋੜ ਦੇ ਇਤਰਾਜ਼ਯੋਗ ਟਰਾਂਜ਼ੀਸ਼ਨਲ ਕ੍ਰੈਡਿਟ ਨੂੰ ਜਾਇਜ਼ ਠਹਿਰਾ ਸਕਦੇ ਸਨ।

### 3.10.6 ਜੀ ਐਸ ਟੀ ਐਕਟ ਦੇ ਤਹਿਤ ਅਯੋਗ ਟਰਾਂਜ਼ੀਸ਼ਨਲ ਕ੍ਰੈਡਿਟ

ਲੇਖਾ ਪ੍ਰੀਖਿਆ ਨੇ ਗੁਰਦਾਸਪੁਰ ਦੇ ਇੱਕ ਮਾਮਲੇ[43] ਵਿੱਚ ਦੇਖਿਆ ਕਿ ਇੱਕ ਡੀਲਰ ਨੇ ਵਸਤੂਆਂ ਦੇ ਨਿਰਮਾਣ/ਵਪਾਰ ਦਾ ਸੌਦਾ ਕੀਤਾ ਜੋ ਵੈਟ ਪ੍ਰਣਾਲੀ ਵਿੱਚ ਟੈਕਸ ਯੋਗ ਸੀ ਪਰ ਜੀ ਐਸ ਟੀ ਪ੍ਰਣਾਲੀ ਅਧੀਨ ਛੋਟ ਦਿੱਤੀ ਗਈ ਸੀ। ਡੀਲਰ ਨੇ ਸਾਲ 2017–18 ਲਈ ਸਾਲਾਨਾ ਰਿਟਰਨ ਵੈਟ–20 ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਦੇ ਆਧਾਰ 'ਤੇ ₹ 0.62 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕੀਤਾ। ਹਾਲਾਂਕਿ, ਟਰਾਂਜ਼ੀਸ਼ਨਲ ਕ੍ਰੈਡਿਟ ਜੀ ਐਸ ਟੀ ਪ੍ਰਣਾਲੀ ਵਿੱਚ ਇਨਪੁਟ ਟੈਕਸ ਕ੍ਰੈਡਿਟ ਦੇ ਤੌਰ ਤੇ ਸਵੀਕਾਰ ਨਹੀਂ ਕੀਤਾ ਗਿਆ ਸੀ ਕਿਉਂਕਿ ਡੀਲਰ ਦੁਆਰਾ ਸੌਦਾ ਕੀਤੇ ਗਏ ਸਮਾਨ ਨੂੰ ਜੀ ਐਸ ਟੀ ਪ੍ਰਣਾਲੀ ਵਿੱਚ ਛੋਟ ਦਿੱਤੀ ਗਈ ਸੀ। ਇਸ ਦੇ ਨਤੀਜੇ ਵਜੋਂ ₹ 0.62 ਕਰੋੜ ਦੇ ਐਸ ਜੀ ਐਸ ਟੀ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਅਯੋਗ ਮਨਜ਼ੂਰੀ ਦਿੱਤੀ।

ਲੇਖਾ ਪ੍ਰੀਖਿਆ ਦੁਆਰਾ ਮਾਮਲਾ ਦਰਸਾਏ ਜਾਣ ਤੋਂ ਬਾਅਦ (ਮਾਰਚ 2022), ਵਿਭਾਗ ਨੇ ₹ 0.62 ਕਰੋੜ ਦਾ ਟਰਾਂਜ਼ੀਸ਼ਨਲ ਕ੍ਰੈਡਿਟ ਵਸੂਲਿਆ (ਮਾਰਚ 2022)।

---

42 ਲੁਧਿਆਣਾ-I (2), ਅਤੇ ਲੁਧਿਆਣਾ-II (1)

43 ਏ ਆਰ ਐਨ– ਏਏ031117260999ਵੀ

### 3.10.7 ਮੁਲਾਂਕਣ ਕੀਤੇ ਮਾਮਲਿਆਂ ਵਿੱਚ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਮਨਜ਼ੂਰੀ

ਵਿਭਾਗ ਨੇ ਵਿਸਤ੍ਰਿਤ ਜਾਂਚ ਲਈ ਲੇਖਾ ਪ੍ਰੀਖਿਆ ਦੁਆਰਾ ਚੁਣੇ ਗਏ ਟਰਾਂਜ਼ੀਸ਼ਨਲ ਕ੍ਰੈਡਿਟ ਦੇ 1,932 ਮਾਮਲਿਆਂ ਦੀ ਪੁਸ਼ਟੀ ਕੀਤੀ ਹੈ। ਇਨ੍ਹਾਂ ਮਾਮਲਿਆਂ ਵਿੱਚੋਂ, ਵਿਭਾਗ ਨੇ ਸਾਲ 2016-17 ਲਈ 326 ਮਾਮਲਿਆਂ ਅਤੇ ਸਾਲ 2017-18 ਲਈ 142 ਮਾਮਲਿਆਂ ਦਾ ਮੁਲਾਂਕਣ ਵੀ ਕੀਤਾ ਸੀ। ਇਨ੍ਹਾਂ ਮਾਮਲਿਆਂ ਦੀ ਲੇਖਾ ਪ੍ਰੀਖਿਆ ਪੜਤਾਲ ਨੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਮਨਜ਼ੂਰੀ ਵਿੱਚ ਕਮੀਆਂ ਸਾਹਮਣੇ ਲਿਆਂਦੀਆਂ ਹਨ ਜਿਵੇਂ ਕਿ ਹੇਠਾਂ ਚਰਚਾ ਕੀਤੀ ਗਈ ਹੈ।

*i.* ਪੰਜ ਮਾਮਲਿਆਂ[44] ਵਿੱਚ, ਜਿਨ੍ਹਾਂ ਵਿੱਚ ₹ 17.97 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਮਨਜ਼ੂਰੀ ਦਿੱਤੀ ਗਈ ਸੀ, ਵਿਭਾਗ ਨੇ ਮੁਲਾਂਕਣ ਕਰਨ ਤੋਂ ਬਾਅਦ ₹ 25.52 ਕਰੋੜ ਦੀ ਵਾਧੂ ਕਰ ਦੀ ਮੰਗ ਕੀਤੀ ਸੀ। ਇਨ੍ਹਾਂ ਕਰਾਂ ਦੀਆਂ ਮੰਗਾਂ ਵਸੂਲੀ ਲਈ ਬਕਾਇਆ ਸਨ। ਵਿਭਾਗ ਇਨਪੁਟ ਟੈਕਸ ਕ੍ਰੈਡਿਟ ਬਕਾਇਆ/ਟਰਾਂਜ਼ੀਸ਼ਨਲ ਕ੍ਰੈਡਿਟ *(ਅੰਤਿਕਾ 3.11)* ਤੋਂ ਸਮਾਯੋਜਨ ਕਰਕੇ ₹ 15.10 ਕਰੋੜ ਦੀ ਕਰ ਮੰਗ ਦੀ ਵਸੂਲੀ ਕਰ ਸਕਦਾ ਸੀ।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਮਾਰਚ ਅਤੇ ਅਪ੍ਰੈਲ 2022)। ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਦੋ ਮਾਮਲੇ[45] ਅਪੀਲ ਅਥਾਰਟੀ ਕੋਲ ਬਕਾਇਆ ਸਨ ਅਤੇ ਲੁਧਿਆਣਾ-III ਦਾ ਇੱਕ ਮਾਮਲਾ ਟ੍ਰਿਬਿਊਨਲ ਵਿੱਚ ਸੀ। ਫਿਰੋਜ਼ਪੁਰ ਦੇ ਇੱਕ ਮਾਮਲੇ ਵਿੱਚ, ₹ 0.22 ਲੱਖ ਦੀ ਵਸੂਲੀ ਕੀਤੀ ਗਈ ਸੀ। ਐਸ ਏ ਐਸ ਨਗਰ ਦੇ ਇੱਕ ਮਾਮਲੇ ਵਿੱਚ ਜਵਾਬ ਦੀ ਉਡੀਕ ਸੀ (ਨਵੰਬਰ 2022)।

*ii.* ਛੇ ਮਾਮਲਿਆਂ[46] ਵਿੱਚ, ਡੀਲਰਾਂ ਨੇ ₹ 2.54 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕੀਤਾ, ਹਾਲਾਂਕਿ, 2017-18 ਲਈ ਵਿਭਾਗ ਦੁਆਰਾ ਕੀਤੇ ਗਏ ਮੁਲਾਂਕਣ ਦੇ ਅਨੁਸਾਰ, ₹ 1.17 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਟਰਾਂਜ਼ੀਸ਼ਨਲ ਕ੍ਰੈਡਿਟ ਵਜੋਂ ਉਪਲਬਧ ਸੀ। ਇਸ ਤਰ੍ਹਾਂ, ਡੀਲਰਾਂ ਨੇ ₹ 1.37 ਕਰੋੜ ਦੇ ਵਾਧੂ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕੀਤਾ ਸੀ *(ਅੰਤਿਕਾ 3.12)*।

ਮੋਗਾ ਦੇ ਇੱਕ ਮਾਮਲੇ ਵਿੱਚ, ਵਿਭਾਗ ਨੇ ਪਹਿਲਾਂ ਹੀ ₹ 1.26 ਕਰੋੜ ਦਾ ਵਾਧੂ ਦਾਅਵਾ ਕੀਤਾ ਟਰਾਂਜ਼ੀਸ਼ਨਲ ਕ੍ਰੈਡਿਟ ਵਸੂਲ ਕੀਤਾ ਸੀ। ਇਸ ਮਾਮਲੇ ਵਿੱਚ ₹ 0.02 ਕਰੋੜ ਦੀ ਬਕਾਇਆ ਰਾਸ਼ੀ ਅਤੇ ਪੰਜ ਮਾਮਲਿਆਂ[47] ਵਿੱਚ ₹ 0.09 ਕਰੋੜ ਲੇਖਾ ਪ੍ਰੀਖਿਆ ਦੁਆਰਾ ਦਰਸਾਏ ਗਏ (ਫਰਵਰੀ ਅਤੇ ਮਾਰਚ 2022) ਮਾਮਲਿਆਂ ਤੋਂ ਬਾਅਦ ਵਸੂਲ ਕੀਤੇ ਗਏ ਸਨ (ਫਰਵਰੀ ਤੋਂ ਅਪ੍ਰੈਲ 2022)।

*iii.* 14 ਮਾਮਲਿਆਂ[48] ਵਿੱਚ, ਡੀਲਰਾਂ ਨੇ ਟਰਾਂਜ਼ੀਸ਼ਨਲ ਕ੍ਰੈਡਿਟ ਵਜੋਂ ₹ 4.76 ਕਰੋੜ ਦਾ ਦਾਅਵਾ ਕੀਤਾ। ਵਿਭਾਗ ਨੇ 2016-17 ਲਈ ਇਨ੍ਹਾਂ ਡੀਲਰਾਂ ਦੀਆਂ ਸਾਲਾਨਾ ਰਿਟਰਨਾਂ ਦਾ

---

44 ਗੁਰਦਾਸਪੁਰ, ਫਿਰੋਜ਼ਪੁਰ, ਲੁਧਿਆਣਾ-III, ਸੰਗਰੂਰ ਅਤੇ ਐਸ ਏ ਐਸ ਨਗਰ

45 ਗੁਰਦਾਸਪੁਰ (1), ਅਤੇ ਸੰਗਰੂਰ (1)

46 ਬਰਨਾਲਾ (1), ਮੋਗਾ (3), ਪਠਾਨਕੋਟ (1) ਅਤੇ ਸੰਗਰੂਰ (1)

47 ਬਰਨਾਲਾ (1), ਮੋਗਾ (2), ਪਠਾਨਕੋਟ (1) ਅਤੇ ਸੰਗਰੂਰ (1)

48 ਫਿਰੋਜ਼ਪੁਰ (12), ਜਲੰਧਰ-II (1) ਅਤੇ ਕਪੂਰਥਲਾ (1)

ਮੁਲਾਂਕਣ ਕੀਤਾ ਸੀ, ਜਿਸ ਵਿੱਚ ਵਿਭਾਗ ਨੇ 2017-18 ਤੱਕ ਕੈਰੀ ਫਾਰਵਰਡ ਲਈ ਉਪਲਬਧ ₹ 2.45 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਨਿਰਧਾਰਤ ਕੀਤਾ ਸੀ। ₹ 2.45 ਕਰੋੜ ਦੇ ਇਸ ਵਾਧੂ ਇਨਪੁਟ ਟੈਕਸ ਕ੍ਰੈਡੀਟ ਵਿੱਚੋਂ, ਚਾਰ ਡੀਲਰਾਂ ਨੂੰ ₹ 0.89 ਕਰੋੜ ਦੇ ਰਿਫੰਡ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਲਈ, ਡੀਲਰ ₹ 1.56 ਕਰੋੜ *(₹ 2.45 ਕਰੋੜ ਘਟਾਓ ₹ 0.89 ਕਰੋੜ)* ਦੇ ਬਾਕੀ ਇਨਪੁਟ ਟੈਕਸ ਕ੍ਰੈਡਿਟ ਨੂੰ ਅੱਗੇ ਲਿਜਾਣ ਦੇ ਯੋਗ ਸਨ। ਇਸ ਤੋਂ ਇਲਾਵਾ, ਅਪ੍ਰੈਲ-ਜੂਨ 2017 ਦੀ ਤਿਮਾਹੀ ਦੌਰਾਨ ₹ 0.48 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਇਕੱਠਾ ਹੋਇਆ ਸੀ। ਇਸ ਤ੍ਰਰਾਂ, ਡੀਲਰ ₹ 2.04 ਕਰੋੜ *(₹ 1.56 ਕਰੋੜ ਜਮ੍ਹਾਂ ₹ 0.48 ਕਰੋੜ)* ਦੇ ਟਰਾਂਜ਼ੀਸ਼ਨਲ ਕ੍ਰੈਡਿਟ ਲਈ ਯੋਗ ਸਨ। ਪ੍ਰੰਤੂ, ਡੀਲਰਾਂ ਡੀਲਰਾਂ ਨੇ ₹ 4.76 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕੀਤਾ ਕਿਉਂਕਿ ਉਹ ਪਹਿਲਾਂ ਹੀ ਸਾਲਾਨਾ ਰਿਟਰਨ ਸਾਲ 2016-17 ਤੋਂ 2017-18 ਤੱਕ ਵਾਧੂ ਇਨਪੁਟ ਟੈਕਸ ਕ੍ਰੈਡਿਟ ਅੱਗੇ ਲੈ ਗਏ ਸਨ। ਇਸ ਦੇ ਨਤੀਜੇ ਵਜੋਂ ₹ 2.72 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਵਾਧੂ ਦਾਅਵਾ ਹੋਇਆ ਜੋ ਵਿਭਾਗ ਦੁਆਰਾ ਟਰਾਂਜ਼ੀਸ਼ਨਲ ਕ੍ਰੈਡਿਟ *(ਅੰਤਿਕਾ 3.13)* ਦੀ ਤਸਦੀਕ ਦੌਰਾਨ ਵਸੂਲਣ ਦੀ ਲੋੜ ਸੀ।

ਵਿਭਾਗ ਪਹਿਲਾਂ ਹੀ ਅੱਠ ਮਾਮਲਿਆਂ[49] ਵਿੱਚ ₹ 1.91 ਕਰੋੜ ਦੀ ਵਸੂਲੀ ਕਰ ਚੁੱਕਾ ਹੈ। ਲੇਖਾ ਪ੍ਰੀਖਿਆ ਵੱਲੋਂ ਦਰਸਾਏ ਜਾਣ 'ਤੇ (ਮਾਰਚ 2022) ਪੰਜ ਮਾਮਲਿਆਂ[50] ਵਿੱਚ ₹ 1.33 ਕਰੋੜ ਦੀਆਂ ਹੋਰ ਵਸੂਲੀਆਂ ਕੀਤੀਆਂ ਗਈਆਂ ਸਨ (ਮਾਰਚ ਅਤੇ ਅਪ੍ਰੈਲ 2022)। ਕਪੂਰਥਲਾ ਦੇ ਇੱਕ ਮਾਮਲੇ ਵਿੱਚ, ਵਿਭਾਗ ਨੇ ਸੂਚਿਤ ਕੀਤਾ ਕਿ 2016-17 ਦੇ ਮੁਲਾਂਕਣ ਵਿੱਚ ਇਨਪੁਟ ਟੈਕਸ ਕ੍ਰੈਡਿਟ ਦੇ ਮੁਢਲੇ ਬਕਾਏ ਨੂੰ ਛੱਡਣ ਕਾਰਨ ₹ 0.10 ਕਰੋੜ ਦਾ ਅੰਤਰ ਸੀ, ਜੋ ਕਿ ਪਿਛਲੇ ਮੁਲਾਂਕਣ ਅਨੁਸਾਰ ਉਪਲਬਧ ਸੀ। 2017-18 ਵਿੱਚ ਇਸ ਨੂੰ ਠੀਕ ਕਰ ਲਿਆ ਗਿਆ ਸੀ।

ਵਿਭਾਗ ਕਪੂਰਥਲਾ ਦੇ ਡੀਲਰ ਨੂੰ ਜਾਰੀ ਕੀਤੇ ਰਿਫੰਡ ਨਾਲ ₹ 0.10 ਲੱਖ ਦਾ ਮਿਲਾਨ ਕਰ ਸਕਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਤਰਾਜ਼ ਵਾਲੀ ਰਾਸ਼ੀ ਵਾਪਸ ਨਹੀਂ ਕੀਤੀ ਗਈ ਸੀ।

***iv.*** ਦੋ ਮਾਮਲਿਆਂ[51] ਵਿੱਚ, ਡੀਲਰਾਂ ਨੇ ₹ 0.30 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕੀਤਾ। ਇਸ ਵਿੱਚੋਂ, ਵਿਭਾਗ ਨੇ ਟਰਾਂ-1 ਤਸਦੀਕ ਦੌਰਾਨ ₹ 0.10 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਨੂੰ ਅਸਵੀਕਾਰ ਕਰ ਦਿੱਤਾ। ਹਾਲਾਂਕਿ, ਬਠਿੰਡਾ ਦੇ ਇੱਕ ਡੀਲਰ ਨੇ ਨਵੰਬਰ 2017 ਦੇ ਮਹੀਨੇ ਲਈ ਦੇਣਦਾਰੀ ਲਈ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਵਰਤੋਂ ਪਹਿਲਾਂ ਹੀ ਕਰ ਲਈ ਸੀ, ਇਸ ਲਈ ਵਿਭਾਗ ਨੇ ₹ 0.01 ਕਰੋੜ ਦਾ ਵਿਆਜ ਲਗਾਇਆ। ਲੇਖਾ ਪ੍ਰੀਖਿਆ ਨੇ ਦੇਖਿਆ ਕਿ

---

[49] ਫਿਰੋਜ਼ਪੁਰ (8)

[50] ਫਿਰੋਜ਼ਪੁਰ (4) ਅਤੇ ਕਪੂਰਥਲਾ (1)

[51] ਬਠਿੰਡਾ: ₹ 10.62 ਲੱਖ (ਏ ਆਰ ਐਨ- ਏਏ030817069039ਜ਼ੈਡ) ਅਤੇ ਤਰਨ ਤਾਰਨ: ₹ 0.52 ਲੱਖ (ਏ ਆਰ ਐਨ- ਏਏ031217018014ਐਕਸ)

ਹਾਲਾਂਕਿ ਡੀਲਰਾਂ ਨੇ 30 ਅਪ੍ਰੈਲ 2018 ਅਤੇ 6 ਸਤੰਬਰ 2021 ਨੂੰ ਆਪਦੇ ਇਲੈਕਟ੍ਰਾਨਿਕ ਕੈਸ਼ ਲੇਜ਼ਰਾਂ ਵਿੱਚ ₹ 0.11 ਕਰੋੜ *(₹ 0.10 ਕਰੋੜ ਜਮ੍ਹਾਂ ₹ 0.01 ਕਰੋੜ)* ਕ੍ਰੈਡਿਟ ਕਰ ਦਿੱਤੇ ਸਨ, ਫਿਰ ਵੀ ਉਨ੍ਹਾਂ ਨੇ ਡਿਮਾਂਡ ਦਾ ਭੁਗਤਾਨ ਕਰਨ ਲਈ ਇਲੈਕਟ੍ਰਾਨਿਕ ਕੈਸ਼ ਲੇਜ਼ਰ ਵਿੱਚ ਡੈਬਿਟ ਨਹੀਂ ਕੀਤਾ।

ਲੇਖਾ ਪ੍ਰੀਖਿਆ ਦੁਆਰਾ ਮਾਮਲਾ ਧਿਆਨ ਵਿੱਚ ਲਿਆਉਣ ਤੋਂ ਬਾਅਦ (ਮਾਰਚ 2022), ਇੱਕ ਮਾਮਲੇ[52] ਵਿੱਚ ₹ 0.52 ਲੱਖ ਦਾ ਟੈਕਸ ਇਲੈਕਟ੍ਰਾਨਿਕ ਕੈਸ਼ ਲੇਜ਼ਰ (ਮਾਰਚ 2022) ਵਿੱਚ ਡੈਬਿਟ ਕੀਤਾ ਗਿਆ ਸੀ। ਹੋਰ ਮਾਮਲਿਆਂ ਸਬੰਧੀ ਜਵਾਬ ਦੀ ਉਡੀਕ ਕੀਤੀ ਜਾ ਰਹੀ ਸੀ (ਨਵੰਬਰ 2022)।

### 3.10.8 ਇਨਪੁਟ ਸਟਾਕ ਤੇ ਟਰਾਂਜ਼ੀਸ਼ਨਲ ਕ੍ਰੈਡਿਟ ਦਾਅਵੇ

ਪੰਜਾਬ ਜੀ ਐਸ ਟੀ ਐਕਟ 2017 ਦੀ ਧਾਰਾ 140(3) ਇਹ ਪ੍ਰਦਾਨ ਕਰਦੀ ਹੇ ਕਿ ਇੱਕ ਰਜਿਸਟਰਡ ਵਿਅਕਤੀ, ਜੋ ਜੀ ਐਸ ਟੀ ਤੋਂ ਪਹਿਲਾਂ ਦੇ ਕਾਨੂੰਨ ਅਧੀਨ ਰਜਿਸਟਰਡ ਹੋਣ ਲਈ ਜਵਾਬਦੇਹ ਨਹੀਂ ਹੈ, ਜਾਂ ਜੋ ਛੋਟ ਪ੍ਰਾਪਤ ਚੀਜ਼ਾਂ/ਸੇਵਾਵਾਂ ਜਾਂ ਪਹਿਲੇ/ਦੂਜੇ ਪੜਾਅ ਦੇ ਡੀਲਰ ਜਾਂ ਰਜਿਸਟਰਡ ਆਯਾਤਕਾਰ ਜਾਂ ਇੱਕ ਨਿਰਮਾਤਾ ਦਾ ਡਿਪੂ ਸਟਾਕ ਵਿੱਚ ਰੱਖੇ ਇਨਪੁਟਸ, ਸਟਾਕ ਵਿੱਚ ਰੱਖੇ ਅਰਧ-ਮੁਕੰਮਲ ਜਾਂ ਤਿਆਰ ਮਾਲ ਵਿੱਚ ਸ਼ਾਮਲ ਇਨਪੁਟਸ ਦੇ ਸਬੰਧ ਵਿੱਚ ਯੋਗ ਕਰਾਂ ਦਾ ਕ੍ਰੈਡਿਟ ਅੱਗੇ ਲਿਜਾਣ ਦਾ ਹੱਕਦਾਰ ਹੈ।

1,933 ਮਾਮਲਿਆਂ ਦੇ ਚੁਣੇ ਗਏ ਨਮੂਨੇ ਵਿੱਚੋ, 46 ਡੀਲਰਾਂ ਨੇ ਇਨਵੌਇਸ ਦੇ ਨਾਲ ਇਨਪੁਟ ਸਟਾਕ ਦੇ ਖਾਤੇ 'ਤੇ ₹ 18.19 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕੀਤਾ ਸੀ। ਇਹ ਮੁੱਖ ਤੌਰ 'ਤੇ ਜਾਂ ਤਾਂ ਬਿਲਡਰ ਸਨ ਜਿਨ੍ਹਾਂ ਦਾ ਕੰਮ ਚੱਲ ਰਿਹਾ ਸੀ ਜਾਂ ਉਨ੍ਹਾਂ ਦੇ ਸਟਾਕ ਵਿੱਚ ਇਮਾਰਤਾਂ ਸਨ ਜਾਂ ਅਜਿਹੇ ਮਾਲ ਦਾ ਵਪਾਰ ਕਰਨ ਵਾਲੇ ਦੂਜੇ ਪੜਾਅ ਦੇ ਡੀਲਰ ਸਨ, ਜੋ ਸਿਰਫ ਪਹਿਲੇ ਪੜਾਅ 'ਤੇ ਕਰਯੋਗ ਸਨ। ਪ੍ਰੀ-ਜੀ ਐਸ ਟੀ ਪ੍ਰਣਾਲੀ ਵਿੱਚ, ਦੂਜੇ ਪੜਾਅ ਦੇ ਡੀਲਰਾਂ ਨੂੰ ਵੈਟ ਰਿਟਰਨਾਂ ਵਿੱਚ ਖਰੀਦ 'ਤੇ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕਰਨ ਅਤੇ ਵਿਕਰੀ 'ਤੇ ਆਉਟਪੁੱਟ ਟੈਕਸ ਦੇਣਦਾਰੀ ਦਾ ਐਲਾਨ ਕਰਨ ਦੀ ਲੋੜ ਨਹੀਂ ਸੀ। ਇਨ੍ਹਾਂ ਡੀਲਰਾਂ ਨੇ ਇਨਵੌਇਸ ਦੇ ਨਾਲ ਇਨਪੁਟ ਸਟਾਕ 'ਤੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕੀਤਾ। ਇਸ ਤੋਂ ਇਲਾਵਾ, ਨੌ ਡੀਲਰਾਂ ਨੇ ਇਨਵੌਇਸ ਤੋਂ ਬਿਨਾਂ ਇਨਪੁਟ ਸਟਾਕ ਦੇ ਖਾਤੇ ਤੇ ₹ 0.32 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕੀਤਾ ਸੀ। ਉਪਰੋਕਤ ਮਾਮਲਿਆਂ ਦੀ ਲੇਖਾ ਪ੍ਰੀਖਿਆ ਤਸਦੀਕ ਨੇ ਮਹੱਤਵਪੂਰਨ ਨਤੀਜੇ ਸਾਹਮਣੇ ਲਿਆਂਦੇ ਹਨ ਜਿਵੇਂ ਕਿ ਹੇਠਾਂ ਚਰਚਾ ਕੀਤੀ ਗਈ ਹੈ:

i. ਲੁਧਿਆਣਾ-III ਦੇ ਇੱਕ ਮਾਮਲੇ[53] ਵਿੱਚ, ਡੀਲਰ ਨੂੰ ₹ 0.25 ਕਰੋੜ (ਇਨਪੁਟ ਟੈਕਸ ਕ੍ਰੈਡਿਟ ਦੇ ਵਿਰੁੱਧ ₹ 0.15 ਕਰੋੜ ਅਤੇ ਇਨਵੌਇਸ ਦੇ ਨਾਲ ਇਨਪੁਟ ਸਟਾਕ ਦੇ ਵਿਰੁੱਧ ₹ 0.10 ਕਰੋੜ) ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ। ਲੇਖਾ ਪ੍ਰੀਖਿਆ

---

52 ਤਰਨ ਤਾਰਨ (ਏ ਆਰ ਐਨ – ਏਏ 031217018014ਐਕਸ)

53 ਏ ਆਰ ਐਨ – ਏਏ031117260261ਐਸ

ਦੁਆਰਾ ₹ 2.86 ਕਰੋੜ ਦੇ ਅੰਤਿਮ ਸਟਾਕ ਦੇ ਵੇਰਵੇ ਵਾਲੀ ਇੱਕ ਸੂਚੀ ਜਿਸ ਦੇ ਵਿਰੁੱਧ ₹ 0.10 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ, ਦਾ ਵਿਸ਼ਲੇਸ਼ਣ ਕੀਤਾ ਗਿਆ ਸੀ ਅਤੇ ਇਹ ਦੇਖਿਆ ਗਿਆ ਸੀ ਕਿ ਇਹਨਾਂ ਵਸਤਾਂ ਦੇ ਵਿਰੁੱਧ ਇਨਪੁਟ ਟੈਕਸ ਕ੍ਰੈਡਿਟ ਪਹਿਲਾਂ ਹੀ ਸਾਲਾਨਾ ਰਿਟਰਨ ਵੈਟ-20 ਦੇ ਆਧਾਰ ਤੇ ਗਿਣਿਆ ਗਿਆ ਸੀ ਜੋ ₹ 0.15 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਨੂੰ ਟਰਾਂਜ਼ੀਸ਼ਨਲ ਕ੍ਰੈਡਿਟ ਵਜੋਂ ਮਨਜ਼ੂਰ ਕੀਤਾ ਗਿਆ ਸੀ। ਇਸ ਦੇ ਨਤੀਜੇ ਵਜੋ ਟਰਾਂਜ਼ੀਸ਼ਨਲ ਕ੍ਰੈਡਿਟ ਵਿੱਚ ₹ 0.10 ਕਰੋੜ ਦੇ ਡਬਲ ਇਨਪੁਟ ਟੈਕਸ ਕ੍ਰੈਡਿਟ ਦੀ ਮਨਜ਼ੂਰੀ ਹੋਈ।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਮਾਰਚ ਅਤੇ ਅਪ੍ਰੈਲ 2022)। ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਸਾਰਣੀ 5ਸੀ ਦੇ ਅਧੀਨ ₹ 0.15 ਕਰੋੜ ਦਾ ਕਲੇਮ ਐਡਵਾਂਸ ਟੈਕਸ ਦੇ ਕਾਰਨ ਸੀ ਜੋ ਡੀਲਰ ਦੁਆਰਾ ਪਿਛਲੇ ਸਾਲਾਂ ਵਿੱਚ ਅਦਾ ਕੀਤਾ ਗਿਆ ਸੀ ਅਤੇ ਇੱਕਠਾਂ ਹੋ ਗਿਆ ਸੀ, ਜਦੋਂ ਕਿ ਸਾਰਣੀ 7ਸੀ ਅਧੀਨ ₹ 0.10 ਕਰੋੜ ਦਾ ਕਲੇਮ 30 ਜੂਨ 2017 ਨੂੰ ਸਟਾਕ ਵਿੱਚ ਪਏ ਧਾਗੇ ਦੇ ਸਟਾਕ ਦੇ ਵਿਰੁੱਧ ਸੀ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ 2017-18 ਦੀ ਵੈਟ-20 ਰਿਟਰਨ ਤੋਂ ਇਹ ਸਪੱਸ਼ਟ ਹੈ ਕਿ ਸਾਰਣੀ 5ਸੀ ਦੇ ਅਧੀਨ ਕਲੇਮ ਕੀਤੇ ਗਏ ₹ 0.15 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਰਾਸ਼ੀ ਵਿੱਚ ਪਹਿਲਾਂ ਹੀ ਪਿਛਲੇ ਸਾਲਾਂ ਵਿੱਚ ਅਦਾ ਕੀਤਾ ਗਿਆ ਸੰਚਿਤ ਅਡਵਾਂਸ ਟੈਕਸ ਅਤੇ ਅਪ੍ਰੈਲ-ਜੂਨ 2017 ਦੀ ਤਿਮਾਹੀ ਦੌਰਾਨ ਕੀਤੀਆਂ ਸਥਾਨਕ ਖਰੀਦਾਂ 'ਤੇ ₹ 0.10 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਸ਼ਾਮਲ ਹੈ। ਸਾਰਣੀ 7ਸੀ ਦੇ ਅਧੀਨ ਵੀ ₹ 0.10 ਕਰੋੜ ਦਾ ਉਹੀ ਇਨਪੁਟ ਟੈਕਸ ਕ੍ਰੈਡਿਟ ਟਰਾਂਜ਼ੀਸ਼ਨਲ ਕ੍ਰੈਡਿਟ ਵਜੋਂ ਮਨਜ਼ੂਰ ਕੀਤਾ ਗਿਆ ਸੀ, ਜਿਸ ਦੇ ਨਤੀਜੇ ਵਜੋਂ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਦੁੱਗਣੀ ਮਨਜ਼ੂਰੀ ਹੋਈ।

ii. ਲੁਧਿਆਣਾ-III ਦੇ ਇੱਕ ਮਾਮਲੇ[54] ਵਿੱਚ, ਡੀਲਰ ਨੂੰ ₹ 0.68 ਕਰੋੜ (ਇਨਪੁਟ ਟੈਕਸ ਕ੍ਰੈਡਿਟ ਦੇ ਵਿਰੁੱਧ ₹ 0.46 ਕਰੋੜ ਅਤੇ ਇਨਵੌਇਸ ਦੇ ਨਾਲ ਇਨਪੁਟ ਸਟਾਕ ਦੇ ਵਿਰੁੱਧ ₹ 0.22 ਕਰੋੜ) ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਵੈਟ-20 ਰਿਟਰਨਾਂ ਦੇ ਅਨੁਸਾਰ ਅਪ੍ਰੈਲ-ਜੂਨ 2017 ਦੀ ਤਿਮਾਈ ਦੌਰਾਨ ਡੀਲਰ ਦੀ ਕੁੱਲ ਖਰੀਦ ₹ 14.06 ਕਰੋੜ ਸੀ। ਇਸ ਖਰੀਦ ਵਿੱਚੋਂ, ਸਥਾਨਕ ਖਰੀਦ ₹ 12.41 ਕਰੋੜ ਸੀ ਜਿਸ ਉੱਤੇ ₹ 0.74 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕੀਤਾ ਗਿਆ ਸੀ। ਆਉਟਪੁਟ ਟੈਕਸ ਦੇਣਦਾਰੀ ਦੇ ਵਿਰੁੱਧ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਦੀ ਵਰਤੋਂ ਕਰਨ ਤੋਂ ਬਾਅਦ, ਤਿਮਾਹੀ ਦੇ ਅੰਤ ਵਿੱਚ ਵਾਧੂ ਇਨਪੁਟ ਟੈਕਸ ਕ੍ਰੈਡਿਟ ₹ 0.46 ਕਰੋੜ ਬਚ ਗਿਆ। ਅੱਗੇ ਦੇਖਿਆ ਗਿਆ ਸੀ ਕਿ 2017-18 ਲਈ ਡੀਲਰ ਦੇ ਵਪਾਰਕ ਖਾਤੇ ਨੇ ਵੀ ਵੈਟ ਪ੍ਰਣਾਲੀ ਦੇ ਅਧੀਨ ਮਾਲ ਦੀ ਖਰੀਦ ਨੂੰ ₹ 14.06 ਕਰੋੜ ਦਿਖਾਇਆ ਹੈ। ਕਿਉਂਕਿ ਸਾਰੀਆਂ ਖਰੀਦਾਂ ਪਹਿਲਾਂ ਹੀ ਸਲਾਨਾ ਰਿਟਰਨ ਵੈਟ-20 ਵਿੱਚ

[54] ਏ ਆਰ ਐਨ- ਏਏ031217013771ਓ

ਗਿਣੀਆ ਗਈਆਂ ਸਨ, ਜਿਸ ਦੇ ਅਧਾਰ 'ਤੇ ₹ 0.46 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ, ਇਨਵੌਇਸਾਂ ਦੇ ਨਾਲ ਇਨਪੁਟ ਸਟਾਕ ਦੇ ਵਿਰੁੱਧ ₹ 0.22 ਕਰੋੜ ਦੇ ਵਾਧੂ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਮਨਜ਼ੂਰੀ ਨਹੀਂ ਸੀ।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਮਾਰਚ ਅਤੇ ਅਪ੍ਰੈਲ 2022)। ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਅਪ੍ਰੈਲ 2018 ਦੇ ਜੀ ਐਸ ਟੀ ਆਰ-3ਬੀ ਵਿੱਚ ₹ 0.33 ਕਰੋੜ ਵਾਪਸ ਕੀਤਾ ਗਿਆ ਸੀ। ਹਾਲਾਂਕਿ, ਲੇਖਾ ਪ੍ਰੀਖਿਆ ਨੂੰ ਉਪਲਬਧ ਕਰਵਾਏ ਗਏ ਦਸਤਾਵੇਜ਼ਾਂ ਤੋਂ ਇਹ ਪਤਾ ਨਹੀਂ ਲੱਗ ਸਕਿਆ ਕਿ ₹ 0.33 ਕਰੋਤ ਦੀ ਵਾਪਸ ਕੀਤੀ ਰਾਸ਼ੀ ਉਸੇ ਇਨਪੁਟ ਟੈਕਸ ਕ੍ਰੈਡਿਟ ਦੇ ਦੋਹਰੇ ਕਲੇਮ ਦੇ ਕਾਰਨ ₹ 0.22 ਕਰੋੜ ਦੀ ਰਾਸ਼ੀ ਦਾ ਇਤਰਾਜ਼ ਕੀਤਾ ਗਿਆ ਵੀ ਸ਼ਾਮਲ ਹੈ।

iii. ਦੋ ਮਾਮਲਿਆਂ[55] ਵਿੱਚ, ਡੀਲਰਾਂ ਨੂੰ ਇਨਵੌਇਸ ਦੇ ਨਾਲ ਇਨਪੁਟ ਸਟਾਕ ਦੇ ਵਿਰੁੱਧ ₹ 0.64 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ ਗਈ ਸੀ। ਇਨਵੌਇਸਾਂ ਅਤੇ ਵਿਵਰਣੀਆਂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਡੀਲਰਾਂ ਨੇ ₹ 0.51 ਕਰੋੜ[56] ਦੇ ਕ੍ਰੈਡਿਟ ਦਾ ਦਾਅਵਾ ਕੀਤਾ ਸੀ, ਜਿਸਦਾ ਭੁਗਤਾਨ ਡੀਲਰ ਦੁਆਰਾ ਕੇਂਦਰੀ ਐਕਸਾਈਜ਼ ਡਿਊਟੀ, ਸੈਂਟਰਲ ਸੇਲਜ਼ ਟੈਕਸ (ਸੀ ਐਸ ਟੀ) ਅਤੇ ਹਾਈ-ਸਪੀਡ ਡਜ਼ੀਲ ਦੇ ਸਟਾਕ 'ਤੇ ਕੀਤਾ ਗਿਆ ਸੀ। ₹ 0.52 ਕਰੋੜ ਦੇ ਕਰ ਦੇ ਇਹ ਭੁਗਤਾਨ ਪੰਜਾਬ ਵੈਟ ਐਕਟ 2005 ਦੇ ਅਧਿਨ ਇਨਪੁਟ ਟੈਕਸ ਕ੍ਰੈਡਿਟ ਦੇ ਤੌਰ ਤੇ ਯੋਗ ਨਹੀਂ ਸਨ ਅਤੇ ਇਸ ਲਈ ਐਸ ਜੀ ਐਸ ਟੀ ਦੇ ਤੌਰ ਤੇ ਟਰਾਂਜ਼ੀਸ਼ਨਲ ਕ੍ਰੈਡਿਟ ਵਜੋਂ ਸਵੀਕਾਰ ਨਹੀ ਕੀਤਾ ਗਿਆ ਸੀ। ਹਾਲਾਂਕਿ, ਵਿਭਾਗ ਨੇ ਸਿਰਫ ₹ 0.03 ਕਰੋੜ ਦੀ ਹੀ ਵਸੂਲੀ ਕੀਤੀ। ਇਸ ਦੇ ਨਤੀਜੇ ਵਜੋਂ ₹ 0.48 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਵਾਧੂ ਮਨਜ਼ੂਰੀ ਹੋਈ।

ਲੇਖਾ ਪ੍ਰੀਖਿਆ ਵਿੱਚ ਧਿਆਨ ਵਿੱਚ ਲਿਆਂਦੇ ਜਾਣ ਤੇ (ਮਾਰਚ ਅਤੇ ਅਪ੍ਰੈਲ 2022), ਵਿਭਾਗ ਨੇ ਰੋਪੜ ਦੇ ਇੱਕ ਮਾਮਲੇ ਵਿੱਚ ₹ 0.01 ਕਰੋੜ ਦੀ ਵਸੂਲੀ ਕੀਤੀ (ਮਾਰਚ 2022)। ਅੰਮ੍ਰਿਤਸਰ-II ਦੇ ਇੱਕ ਮਾਮਲੇ ਦੇ ਸਬੰਧ ਵਿੱਚ ਜਵਾਬ ਦੀ ਉਡੀਕ ਸੀ (ਨਵੰਬਰ 2022)।

iv. ਲੇਖਾ ਪ੍ਰੀਖਿਆ ਨੇ ਦੋ ਮਾਮਲਿਆਂ[57] ਵਿੱਚ ਦੇਖਿਆ ਕਿ ਇਨਵੌਇਸ ਤੋਂ ਬਿਨਾਂ ਇਨਪੁਟ ਸਟਾਕ ਦੇ ਖਾਤੇ ਵਿੱਚ ₹ 0.03 ਕਰੋੜ ਦਾ ਟਰਾਂਜ਼ੀਸ਼ਨਲ ਕ੍ਰੈਡਿਟ ਮਨਜ਼ੂਰ ਕੀਤਾ ਗਿਆ ਸੀ। ਹਾਲਾਂਕਿ, ਡੀਲਰ ਦੂਜੇ ਪੜਾਅ ਦੇ ਡੀਲਰ ਨਹੀਂ ਅਤੇ ਉਨ੍ਹਾਂ ਨੇ ਪਹਿਲਾਂ ਹੀ ਸਾਲਾਨਾ ਰਿਟਰਨਾਂ ਵਿੱਚ ਖਰੀਦਦਾਰੀ 'ਤੇ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕੀਤਾ ਸੀ। ਇਨਵੌਇਸਾਂ

[55] ਅੰਮ੍ਰਿਤਸਰ-II (ਏ ਆਰ ਐਨ- ਏਏ031117263339ਏ) ਅਤੇ ਰੋਪੜ (ਏ ਆਰ ਐਨ- ਏਏ031217017213ਡਬਲਿਯੂ)

[56] ਅੰਮ੍ਰਿਤਸਰ-II: ਕੇਂਦਰੀ ਐਕਸਾਈਜ਼ ਡਿਊਟੀ (₹ 0.47 ਕਰੋੜ), ਕੇਂਦਰੀ ਵਿਕਰੀ ਕਰ (₹ 0.03 ਕਰੋੜ) ਅਤੇ ਰੋਪੜ: ਹਾਈ ਸਪੀਡ ਡੀਜ਼ਲ ਦਾ ਸਟਾਕ (₹ 0.01 ਕਰੋੜ)

[57] ਲੁਧਿਆਣਾ-II: ₹ 0.51 ਲੱਖ (ਏ ਆਰ ਐਨ- ਏਏ031117261270ਐਸ) ਅਤੇ ਲੁਧਿਆਣਾ-III: ₹ 2.65 ਲੱਖ (ਏ ਆਰ ਐਨ- ਏਏ0311170100072)

ਤੋ ਬਿਨਾਂ ਇਨਪੁਟ ਸਟਾਕ ਦੇ ਵਿਰੁੱਧ ₹ 0.03 ਕਰੋੜ ਦਾ ਐਸ ਜੀ ਐਸ ਟੀ ਟਰਾਂਜ਼ੀਸ਼ਨਲ ਕ੍ਰੈਡਿਟ ਸਵੀਕਾਰਯੋਗ ਨਹੀਂ ਸੀ।

ਲੇਖਾ ਪ੍ਰੀਖਿਆ ਦੁਆਰਾ ਧਿਆਨ ਵਿੱਚ ਲਿਆਉਣ 'ਤੇ (ਮਾਰਚ 2022) ਵਿਭਾਗ ਨੇ ਦੋਵਾਂ ਮਾਮਲਿਆਂ ਵਿੱਚ ₹ 0.03 ਕਰੋੜ ਵਸੂਲ ਕੀਤੇ (ਮਾਰਚ ਅਤੇ ਮਈ 2022)।

## 3.10.9 ਸੀ ਜੀ ਐਸ ਟੀ ਕ੍ਰੈਡਿਟ ਦੇ ਨਾਲ ਐਸ ਜੀ ਐਸ ਟੀ ਦੇਣਦਾਰੀ ਦਾ ਅਨਿਯਮਿਤ ਸਮਾਯੋਜਨ

ਪੀ ਜੀ ਐਸ ਟੀ ਐਕਟ 2017 ਦੀ ਧਾਰਾ 49(5)(ਸੀ) ਇਹ ਪ੍ਰਦਾਨ ਕਰਦੀ ਹੈ ਕਿ ਰਾਜ ਦੇ ਟੈਕਸ ਦੇ ਖਾਤੇ ਤੇ ਰਜਿਸਟਰਡ ਵਿਅਕਤੀ ਦੇ ਇਲੈਕਟ੍ਰਾਨਿਕ ਕ੍ਰੈਡਿਟ ਲੈਜਰ ਵਿੱਚ ਉਪਬਲਧ ਇਨਪੁਟ ਟੈਕਸ ਕ੍ਰੈਡਿਟ ਦੀ ਰਾਸ਼ੀ ਦੀ ਵਰਤੋਂ ਪਹਿਲਾਂ ਰਾਜ ਟੈਕਸ ਦੇ ਭੁਗਤਾਨ ਲਈ ਕੀਤੀ ਜਾਵੇਗੀ ਅਤੇ ਬਾਕੀ ਰਾਸ਼ੀ, ਜੇਕਰ ਕੋਈ ਹੈ, ਤਾਂ ਇਸ ਦੀ ਵਰਤੋਂ ਏਕੀਕ੍ਰਿਤ ਕਰ ਦੇ ਭੁਗਤਾਨ ਲਈ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਐਕਟ ਦੀ ਧਾਰਾ 49(5)(ਈ) ਇਹ ਪ੍ਰਦਾਨ ਕਰਦੀ ਹੈ ਕਿ ਕੇਂਦਰੀ ਕਰ ਦੀ ਵਰਤੋਂ ਰਾਜ ਕਰ ਦੇ ਭੁਗਤਾਨ ਲਈ ਨਹੀਂ ਕੀਤੀ ਜਾਵੇਗੀ ।

ਲੇਖਾ ਪ੍ਰੀਖਿਆ ਨੇ ਦੋ ਮਾਮਲਿਆਂ[58] ਵਿੱਚ ਦੇਖਿਆ ਕਿ ਡੀਲਰਾਂ ਨੇ ਟਰਾਂਜ਼ੀਸ਼ਨਲ ਕ੍ਰੈਡਿਟ ਵਜੋਂ ₹ 21.00 ਕਰੋੜ ਦੇ ਐਸ ਜੀ ਐਸ ਟੀ ਦਾ ਦਾਅਵਾ ਕੀਤਾ ਹੈ। ਬਾਅਦ ਵਿੱਚ, ਵਿਭਾਗ ਨੇ ₹ 0.05 ਕਰੋੜ ਦੇ ਐਸ ਜੀ ਐਸ ਟੀ ਟਰਾਂਜ਼ੀਸ਼ਨਲ ਕ੍ਰੈਡਿਟ ਨੂੰ ਅਯੋਗ ਹੋਣ ਤੇ ਇਤਰਾਜ ਕੀਤਾ। ਡੀਲਰ ਨੇ ₹ 0.05 ਕਰੋੜ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਨੂੰ ਵਾਪਸ ਕਰ ਦਿੱਤਾ, ਜਿਸ ਵਿੱਚੋਂ ₹ 0.02 ਕਰੋੜ ਸੀ ਜੀ ਐਸ ਟੀ ਕ੍ਰੈਡਿਟ ਤੋਂ ਅਤੇ 0.03 ਕਰੋੜ ਨੂੰ ਐਸ ਜੀ ਐਸ ਟੀ ਕ੍ਰੈਡਿਟ ਤੋਂ ਐਡਜਸਟ ਕੀਤਾ ਗਿਆ। ਸੀ ਜੀ ਐਸ ਟੀ ਕ੍ਰੈਡਿਟ ਵਿੱਚੋਂ ₹ 0.02 ਕਰੋੜ ਦੇ ਐਸ ਜੀ ਐਸ ਟੀ ਦਾ ਸਮਾਯੋਜਨ ਅਨਿਯਮਿਤ ਸੀ ਕਿਉਂਕਿ ਇਹ ਉਪਬੰਧਾ ਦੇ ਅਧੀਨ ਮਨਜ਼ੂਰ ਨਹੀਂ ਸੀ।

ਇਸ ਮਾਮਲੇ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ (ਮਾਰਚ ਅਤੇ ਅਪ੍ਰੈਲ 2022)। ਵਿਭਾਗ ਨੇ ਜਵਾਬ ਦਿੱਤਾ (ਜੂਨ 2022) ਕਿ ਹੁਸ਼ਿਆਰਪੁਰ ਦੇ ਮਾਮਲੇ ਵਿੱਚ ₹ 1.88 ਲੱਖ ਦਾ ਭੁਗਤਾਨ ਹੁਣ ਐਸ ਜੀ ਐਸ ਟੀ ਦੀ ਸਹੀ ਮੱਦ ਅਧੀਨ ਕੀਤਾ ਗਿਆ ਹੈ। ਅੰਮ੍ਰਿਤਸਰ-I ਦੇ ਇੱਕ ਮਾਮਲੇ ਦੇ ਸਬੰਧ ਵਿੱਚ ਜਵਾਬ ਦੀ ਉਡੀਕ ਸੀ (ਨਵੰਬਰ 2022)।

## 3.11 ਆਭਾਰ

ਵਿਭਾਗ ਦੁਆਰਾ ਲੇਖਾ ਪ੍ਰੀਖਿਆ ਨੂੰ ਪੂਰਾ ਕਰਨ ਲਈ ਜ਼ਰੂਰੀ ਰਿਕਾਰਡ ਅਤੇ ਜਾਣਕਾਰੀ ਤਿਆਰ ਕਰਨ ਲਈ ਕੀਤੇ ਗਏ ਯਤਨਾਂ ਨੂੰ ਲੇਖਾ ਪ੍ਰੀਖਿਆ ਸਵੀਕਾਰ ਕਰਦਾ ਹੈ। ਹਾਲਾਂਕਿ,

[58] ਅੰਮ੍ਰਿਤਸਰ-I: ₹ 0.08 ਲੱਖ (ਏ ਆਰ ਐਨ- ਏਏ031017020568ਕੇ) ਅਤੇ ਹੁਸ਼ਿਆਰਪੁਰ: ₹ 1.88 ਲੱਖ (ਏ ਆਰ ਐਨ- ਏਏ031017014542ਡਬਲਿਯੂ)

25 ਮਾਮਲਿਆਂ[59] ਵਿੱਚ, ਲੇਖਾ ਪ੍ਰੀਖਿਆ ਨੂੰ ਟਰੇਡਿੰਗ ਅਕਾਉਂਟ, ਵਿਧਾਨਿਕ ਘੋਸ਼ਣਾਵਾਂ ਅਤੇ ਹੋਰ ਜਾਣਕਾਰੀ ਵਰਗੇ ਰਿਕਾਰਡ ਪ੍ਰਦਾਨ ਨਹੀਂ ਕੀਤੇ ਗਏ ਸਨ।

## 3.12 ਸਿੱਟਾ

ਟਰਾਂਜ਼ੀਸ਼ਨਲ ਕ੍ਰੈਡਿਟ ਦੀ ਲੇਖਾ ਪ੍ਰੀਖਿਆ ਜਾਂਚ ਨੇ ਵਿਵਸਥਿਤ ਅਤੇ ਨਾਲ ਹੀ ਪਾਲਣਾ ਦੇ ਮੁੱਦੇ ਦਿਖਾਏ। ਵਿਵਸਥਿਤ ਕਮੀ ਦੀ ਪ੍ਰਕਿਰਤੀ ਨੇ ਨਾਕਾਫ਼ੀ ਜਾਂਚਾਂ ਅਤੇ ਪ੍ਰਮਾਣਿਕਤਾਵਾਂ ਦਾ ਸੰਕੇਤ ਦਿੱਤਾ ਜਿਸ ਦੇ ਕਾਰਨ ਲੰਬਿਤ ਕਨੂੰਨੀ ਫਾਰਮਾਂ ਦੇ ਕਾਰਨ ਇਨਪੁਟ ਟੈਕਸ ਕ੍ਰੈਡਿਟ ਨੂੰ ਉਲਟਾਉਣਯੋਗ ਕਟੌਤੀ ਕੀਤੇ ਬਿਨਾਂ ਟਰਾਂਜ਼ੀਸ਼ਨਲ ਕ੍ਰੈਡਿਟ ਇਲੈਕਟ੍ਰਾਨਿਕ ਕ੍ਰੈਡਿਟ ਲੇਜ਼ਰ ਨੂੰ ਅੱਗੇ ਲਿਜਾਇਆ ਗਿਆ। ਅਨੁਪਾਲਨ ਦੀਆਂ ਕਮੀਆ ਨੇ ਟਰਾਂਜ਼ੀਸ਼ਨਲ ਕ੍ਰੈਡਿਟਾਂ ਦੀ ਗਲਤ ਤਸਦੀਕ ਦਿਖਾਈ ਅਤੇ ਲੇਖਾ ਪ੍ਰੀਖਿਆ ਨੇ ਦੇਖਿਆ ਕਿ ਡੀਲਰਾ ਨੇ ਪ੍ਰੀ-ਜੀ ਐਸ ਟੀ ਰਿਟਰਨਾਂ ਵਿੱਚ ਉਪਲਬਧ ਕ੍ਰੈਡਿਟ ਤੋਂ ਵੱਧ ਕ੍ਰੈਡਿਟ ਦਾ ਦਾਅਵਾ ਕੀਤਾ ਹੈ।

ਕੁੱਝ ਮਾਮਲਿਆਂ ਵਿੱਚ, ਡੀਲਰਾਂ ਨੇ ਡਬਲ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕੀਤਾ, ਜਿਸਦੀ ਪੁਸ਼ਟੀਕਰਨ ਦੇ ਬਾਵਜੂਦ ਵਿਭਾਗ ਦੁਆਰਾ ਇਜਾਜ਼ਤ ਦਿੱਤੀ ਗਈ ਸੀ। ਕੁੱਝ ਡੀਲਰਾਂ ਨੇ ਪ੍ਰੀ-ਜੀ ਐਸ ਟੀ ਪ੍ਰਣਾਲੀ ਵਿੱਚ ਸ਼ੱਕੀ ਅਤੇ ਜਾਅਲੀ ਇਨਪੁਟ ਟੈਕਸ ਕ੍ਰੈਡਿਟ ਬਣਾਏ ਅਤੇ ਜੀ ਐਸ ਟੀ ਸ਼ਾਸਨ ਵਿੱਚ ਟਰਾਂਜ਼ੀਸ਼ਨਲ ਕ੍ਰੈਡਿਟ ਦੇ ਤੌਰ ਤੇ ਅੱਗੇ ਵਧਾਇਆ। ਲੇਖਾ ਪ੍ਰੀਖਿਆ ਨੇ ਅਜਿਹੇ ਮਾਮਲਿਆਂ ਨੂੰ ਵੀ ਦੇਖਿਆ, ਜਿੱਥੇ ਡੀਲਰਾਂ ਨੂੰ ਉਸੇ ਇਨਪੁਟ ਟੈਕਸ ਕ੍ਰੈਡਿਟ ਦੇ ਬਦਲੇ ਟਰਾਂਜ਼ੀਸ਼ਨਲ ਕ੍ਰੈਡਿਟ ਅਤੇ ਰਿਫੰਡ ਦੀ ਇਜਾਜ਼ਤ ਦਿੱਤੀ ਗਈ ਸੀ। ਉੱਪਰ ਦੱਸੀਆਂ ਗਈਆਂ ਕਮੀਆਂ ਦਰਸਾਉਂਦੀਆਂ ਹਨ ਕਿ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਵਿਭਾਗ ਦੁਆਰਾ ਦਸਤਾਵੇਜਾਂ ਦੀ ਤਸਦੀਕ ਦੀ ਪ੍ਰਣਾਲੀ ਨਾਕਾਫ਼ੀ ਸੀ।

ਉਪਰੋਕਤ ਮਾਮਲੇ ਸਰਕਾਰ/ਵਿਭਾਗ ਨੂੰ ਸੂਚਿਤ ਕੀਤੇ ਗਏ ਸਨ (ਅਪ੍ਰੈਲ 2022)। ਸਰਕਾਰ ਦੇ ਜਵਾਬਾਂ ਦੀ ਉਡੀਕ ਸੀ (ਨਵੰਬਰ 2022)। ਪ੍ਰੰਤੂ, ਵਿਭਾਗ ਦੇ ਜਵਾਬ, ਜਿੱਥੇ ਕਿਤੇ ਵੀ ਪ੍ਰਾਪਤ ਹੋਏ ਹਨ, ਨੂੰ ਸਬੰਧਿਤ ਪੈਰਿਆਂ ਵਿੱਚ ਸ਼ਾਮਲ ਕੀਤਾ ਗਿਆ ਹੈ।

## 3.13 ਸਿਫ਼ਾਰਸ਼ਾਂ

ਉਪਰੋਕਤ ਲੇਖਾ ਪ੍ਰੀਖਿਆ ਰਿਪੋਰਟ ਦੇ ਸਾਹਮਣੇ ਆਉਣ ਵਾਲੇ ਲੇਖਾ ਪ੍ਰੀਖਿਆ ਬਿੰਦੂਆਂ ਦੇ ਮੱਦੇਨਜ਼ਰ, ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ:

- *ਸਿਲਸਿਲੇਵਾਰ ਕਮੀਆਂ ਜਿਸ ਕਾਰਨ ਬਕਾਇਆ ਕਨੂੰਨੀ ਫਾਰਮਾਂ 'ਤੇ ਦੇਣਯੋਗ ਕਰ ਦੀ ਕਟੌਤੀ ਕੀਤੇ ਬਿਨ੍ਹਾਂ ਟਰਾਂਜ਼ੀਸ਼ਨਲ ਕ੍ਰੈਡਿਟ ਦੀ ਇਜਾਜ਼ਤ ਦਿੱਤੀ, ਇਸ ਰਿਪੋਰਟ ਵਿੱਚ ਸ਼ਾਮਲ ਕੀਤੇ ਗਏ ਸਮਰੂਪ ਮਾਮਲਿਆਂ ਵਿੱਚ ਜਾਂਚ ਕੀਤੀ ਜਾ ਸਕਦੀ ਹੈ।*

---

59 ਅੰਮ੍ਰਿਤਸਰ-I (1), ਲੁਧਿਆਣਾ-I (6), ਲੁਧਿਆਣਾ-II (3), ਲੁਧਿਆਣਾ -III (14) ਅਤੇ ਐਸ ਏ ਐਸ ਨਗਰ (1)

- *ਵਿਭਾਗ ਉਹਨਾਂ ਸਾਰੇ ਡੀਲਰਾਂ ਦੇ ਟਰਾਂਜ਼ੀਸ਼ਨਲ ਕ੍ਰੈਡਿਟ ਦਾਅਵਿਆਂ ਦੀ ਤਸਦੀਕ ਕਰ ਸਕਦਾ ਹੈ ਜਿਨ੍ਹਾਂ ਨੇ ਖਾਸ ਤੌਰ 'ਤੇ ਸਾਲ 2016-17 ਅਤੇ 2017-18 ਲਈ ਰਿਫੰਡ ਲਈ ਅਰਜ਼ੀ ਦਿੱਤੀ ਸੀ, ਅਜਿਹੇ ਡੀਲਰਾਂ ਨੂੰ ਜਾਰੀ ਕੀਤੇ ਰਿਫੰਡ ਦੇ ਨਾਲ।*
- *ਵਿਭਾਗ ਸ਼ੱਕੀ ਲਾਲ ਝੰਡੇ ਵਾਲੇ 'ਸੀ' ਫਾਰਮਾਂ ਦੀ ਤਸਦੀਕ ਕਰ ਸਕਦਾ ਹੈ, ਜਿਸਦੀ ਤਸਦੀਕਣ ਦੀ ਇਸ ਰਿਪੋਰਟ ਦੇ ਅੰਤਮ ਰੂਪ ਹੋਣ ਤੱਕ ਉਡੀਕ ਕੀਤੀ ਗਈ ਸੀ।*
- *ਵਿਭਾਗ ਦਸਤਾਵੇਜੀ ਸਬੂਤਾਂ ਅਤੇ ਈ ਟੀ ਟੀ ਐਸ ਏ ਸਿਸਟਮ 'ਤੇ ਉਪਲਬਧ ਜਾਣਕਾਰੀ ਦੇ ਅਧਾਰ 'ਤੇ ਟਰਾਂਜ਼ੀਸ਼ਨਲ ਦਾਅਵਿਆਂ ਦੀ ਪੁਸ਼ਟੀ ਕਰ ਸਕਦਾ ਹੈ।*
- *ਵਿਭਾਗ ਗੈਰ-ਫਾਇਲਰਾਂ ਅਤੇ ਅਪ੍ਰਵਾਨਯੋਗ ਵਾਧੂ ਦਾਅਵਿਆਂ ਦੁਆਰਾ ਟਰਾਂਜ਼ੀਸ਼ਨਲ ਕ੍ਰੈਡਿਟ ਦੇ ਦਾਅਵਿਆਂ ਦੀ ਜਾਂਚ ਕਰਨ ਲਈ ਵਿਧੀ ਵਿਕਸਿਤ ਕਰ ਸਕਦਾ ਹੈ।*

# ਅਧਿਆਇ-IV

## ਵਸਤਾਂ ਅਤੇ ਸੇਵਾਵਾਂ ਕਰ ਅਧੀਨ ਰਿਫੰਡ ਕਲੇਮਾਂ ਦੀ ਕਾਰਵਾਈ

# ਅਧਿਆਇ-IV

# ਆਬਕਾਰੀ ਅਤੇ ਕਰਬੰਦੀ ਵਿਭਾਗ

## ਵਸਤਾਂ ਅਤੇ ਸੇਵਾਵਾਂ ਕਰ ਅਧੀਨ ਰਿਫੰਡ ਕਲੇਮਾਂ ਦੀ ਕਾਰਵਾਈ

### 4.1 ਜਾਣ-ਪਛਾਣ

ਅਜਿਹੀਆਂ ਕਈ ਸਥਿਤੀਆਂ ਹਨ ਜਦੋਂ ਵਸਤਾਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਦਾ ਰਿਫੰਡ ਪੈਦਾ ਹੋ ਸਕਦਾ ਹੈ। ਇਹਨਾਂ ਸਥਿਤੀਆਂ ਵਿੱਚ ਨਿਰਯਾਤ, ਆਉਟਪੁੱਟ ਟੈਕਸ ਤੋਂ ਛੋਟ ਹੋਣ ਕਾਰਨ ਟੈਕਸ ਕ੍ਰੈਡਿਟ ਦਾ ਇਕੱਠਾ ਹੋਣਾ ਜਾਂ ਨਿੱਲ-ਰੇਟਡ, ਗਲਤੀ ਜਾਂ ਭੁੱਲ ਜਾਂ ਕੇਂਦਰੀ ਵਸਤਾਂ ਅਤੇ ਸੇਵਾਵਾਂ ਕਰ (ਸੀ ਜੀ ਐਸ ਟੀ), ਏਕੀਕ੍ਰਿਤ ਵਸਤਾਂ ਅਤੇ ਸੇਵਾਵਾਂ ਕਰ (ਆਈ ਜੀ ਐਸ ਟੀ) ਅਤੇ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਪੀ ਜੀ ਐਸ ਟੀ) ਐਕਟਾਂ ਵਿੱਚ ਦਿੱਤੇ ਗਏ ਹੋਰ ਕਾਰਣਾਂ ਕਰਕੇ ਕਰ ਦਾ ਵੱਧ ਭੁਗਤਾਨ ਸ਼ਾਮਲ ਹੈ। ਸਮੇਂ ਸਿਰ ਰਿਫੰਡ ਤੰਤਰ ਕਰ ਪ੍ਰਸ਼ਾਸਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਕਿਉਂਕਿ ਇਹ ਕਾਰਜਸ਼ੀਲ ਪੂੰਜੀ, ਵਿਸਤਾਰ ਅਤੇ ਮੌਜੂਦਾ ਕਾਰੋਬਾਰ ਦੇ ਆਧੁਨਿਕੀਕਰਣ ਲਈ ਬਲਾਕ ਕੀਤੇ ਫੰਡਾਂ ਨੂੰ ਜਾਰੀ ਕਰਕੇ ਵਪਾਰ ਦੀ ਸਹੂਲਤ ਦਿੰਦਾ ਹੈ। ਜੀ ਐਸ ਟੀ ਕਾਨੂੰਨਾਂ ਵਿੱਚ ਸ਼ਾਮਲ ਰਿਫੰਡ ਨਾਲ ਸਬੰਧਤ ਵਿਵਸਥਾਵਾਂ ਦਾ ਉਦੇਸ਼ ਜੀ ਐਸ ਟੀ ਪ੍ਰਣਾਲੀ ਦੇ ਅਧੀਨ ਰਿਫੰਡ ਪ੍ਰਕਿਰਿਆਵਾਂ ਨੂੰ ਸੁਚਾਰੂ ਅਤੇ ਮਿਆਰੀ ਬਣਾਉਣਾ ਹੈ। ਜੀ ਐਸ ਟੀ ਕਾਨੂੰਨਾਂ ਵਿੱਚ ਚਿਤਵਿਆ ਗਿਆ ਹੈ ਕਿ ਕਲੇਮ ਅਤੇ ਮਨਜ਼ੂਰੀ ਪ੍ਰਕਿਰਿਆ ਪੂਰੀ ਤਰ੍ਹਾਂ ਆਨਲਾਈਨ ਹੋਵੇਗੀ। ਪ੍ਰੰਤੂ, ਆਮ ਪੋਰਟਲ[1] ਤੇ ਇਲੈਕਟ੍ਰਾਨਿਕ ਰਿਫੰਡ ਮੋਡਿਊਲ ਦੀ ਗੈਰ-ਉਪਲਬਧਤਾ ਦੇ ਕਾਰਨ, ਇਕ ਅਸਥਾਈ ਤੰਤਰ ਤਿਆਰ ਕੀਤਾ ਗਿਆ ਅਤੇ ਲਾਗੂ ਕੀਤਾ ਗਿਆ ਸੀ। ਇਸ ਤੰਤਰ ਵਿੱਚ, ਬਿਨੈਕਾਰਾਂ ਨੂੰ ਆਮ ਪੋਰਟਲ ਤੇ ਫਾਰਮ ਜੀ ਐਸ ਟੀ ਆਰ ਐਫ ਡੀ-01ਏ ਵਿੱਚ ਰਿਫੰਡ ਅਰਜ਼ੀਆਂ ਦਾਇਰ ਕਰਨ, ਉਸ ਦਾ ਇੱਕ ਪ੍ਰਿੰਟ ਆਊਟ ਲੈਣ ਅਤੇ ਸਾਰੇ ਸਹਾਇਕ ਦਸਤਾਵੇਜ਼ਾ ਦੇ ਨਾਲ ਅਧਿਕਾਰ ਖੇਤਰ ਦੇ ਕਰ ਦਫਤਰ ਵਿੱਚ ਭੌਤਿਕ ਤੌਰ ਤੇ ਜਮ੍ਹਾ ਕਰਨ ਦੀ ਲੋੜ ਸੀ। ਇਹਨਾਂ ਰਿਫੰਡ ਅਰਜ਼ੀਆਂ ਦੀ ਅਗਲੀ ਪ੍ਰਕਿਰਿਆ ਜਿਵੇਂ ਕਿ ਪਹੁੰਚ ਰਸੀਦ ਜਾਰੀ ਕਰਨਾ, ਕਮੀ ਦਾ ਮੀਮੋ ਜਾਰੀ ਕਰਨਾ, ਆਰਜ਼ੀ/ਅੰਤਿਮ ਰਿਫੰਡ ਆਦੇਸ਼ ਪਾਸ ਕਰਨਾ, ਭੁਗਤਾਨ ਸਲਾਹ ਆਦਿ ਨੂੰ ਮੈਨੂਅਲੀ ਕੀਤਾ ਜਾ ਰਿਹਾ ਸੀ। ਰਿਫੰਡ ਅਰਜੀ ਨੂੰ ਜਮ੍ਹਾ ਕਰਨ ਦੀ ਪ੍ਰਕਿਰਿਆ ਨੂੰ ਇਲੈਕਟ੍ਰਾਨਿਕ ਬਣਾਉਣ ਲਈ, ਇੱਕ ਸਰਕੂਲਰ[2] ਜਾਰੀ ਕੀਤਾ ਗਿਆ ਸੀ ਜਿਸ ਵਿੱਚ ਇਹ ਨਿਸ਼ਚਿਤ ਕੀਤਾ ਗਿਆ ਸੀ ਕਿ ਫਾਰਮ ਜੀ ਐਸ ਟੀ ਆਰ ਐਫ ਡੀ-01ਏ ਵਿੱਚ ਰਿਫੰਡ ਦੀਆਂ ਅਰਜ਼ੀਆਂ, ਸਾਰੇ ਸਹਾਇਕ ਦਸਤਾਵੇਜਾਂ ਦੇ ਨਾਲ ਇਲੈਕਟ੍ਰਾਨਿਕ ਰੂਪ ਵਿੱਚ ਜਮ੍ਹਾਂ ਕੀਤੀਆਂ ਜਾਣੀਆਂ ਸਨ। ਪ੍ਰੰਤੂ, ਰਿਫੰਡ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਇਲੈਕਟ੍ਰਾਨਿਕ ਬਣਾਉਣ ਲਈ ਜ਼ਰੂਰੀ ਵਿਸ਼ੇਸਤਾਵਾਂ, ਜਿਸ ਵਿੱਚ ਅਰਜ਼ੀ ਜਮ੍ਹਾਂ ਕਰਨ ਤੋਂ

---

[1] ਜੀ ਐਸ ਟੀ ਨੈਟਵਰਕ ( ਜੀ ਐਸ ਟੀ ਐਨ) ਵਜੋਂ ਜਾਣੇ ਜਾਂਦੇ ਜੀ ਐਸ ਟੀ ਆਮ ਪੋਰਟਲ ਕਰਦਾਤਾਵਾਂ ਨੂੰ ਜੀ ਐਸ ਟੀ ਨਾਲ ਦਾਖਲ/ਰਜਿਸਟਰ ਕਰਨ, ਜੀ ਐਸ ਟੀ ਪਾਲਣਾ ਜਰੂਰਤਾਂ ਜਿਵੇਂ ਕਿ ਰਿਟਰਨ ਦਾਇਰ ਕਰਨਾ, ਕਰ ਦਾ ਭੁਗਤਾਨ ਕਰਨਾ ਅਤੇ ਰਿਫੰਡ ਕਲੇਮ ਲਈ ਸੇਵਾਵਾਂ ਦੀ ਪੇਸ਼ਕਸ਼ ਅਤੇ ਹੋਰ ਸਬੰਧਤ ਸੇਵਾਵਾਂ ਲਈ ਵੀ ਉਪਲਬਧ ਕਰਵਾਇਆ ਗਿਆ ਹੈ

[2] ਨੰ. 79/53/2018-ਜੀ ਐਸ ਟੀ ਮਿਤੀ 31 ਦਸੰਬਰ 2018

ਲੈਕੇ ਇਸ ਦੀ ਪ੍ਰਕਿਰਿਆ ਤੱਕ ਦੇ ਸਾਰੇ ਪੜਾਅ ਇਲੈਕਟ੍ਰਾਨਿਕ ਤਰੀਕੇ ਨਾਲ ਕੀਤੇ ਜਾ ਸਕਦੇ ਹਨ, ਨੂੰ 26 ਸਤੰਬਰ 2019 ਤੋਂ ਆਮ ਪੋਰਟਲ ਤੇ ਲਗਾਇਆ ਜਾ ਸਕਦਾ ਹੈ।

## 4.2 ਸੰਗਠਨਾਤਮਕ ਢਾਂਚਾ

ਵਧੀਕ ਮੁੱਖ ਸਕੱਤਰ (ਕਰ) ਵਿਭਾਗ ਦਾ ਪ੍ਰਸ਼ਾਸ਼ਨਿਕ ਮੁਖੀ ਹੁੰਦਾ ਹੈ। ਵਿਭਾਗ ਦਾ ਕਾਰਜਕਾਰੀ ਮੁਖੀ ਕਮਿਸ਼ਨਰ ਰਾਜ ਕਰ ਹੁੰਦਾ ਹੈ। ਕਮਿਸ਼ਨਰ ਰਾਜ ਕਰ ਦੀ ਸਹਾਇਤਾ ਵਧੀਕ ਆਬਕਾਰੀ ਅਤੇ ਕਰ ਕਮਿਸ਼ਨਰ ਕਮ ਮੁੱਖ ਕਾਰਜਕਾਰੀ ਅਧਿਕਾਰੀ (ਆਬਕਾਰੀ ਅਤੇ ਕਰ ਤਕਨੀਕੀ ਸੇਵਾਵਾਂ ਏਜੰਸੀ), ਡਾਇਰੈਕਟਰ (ਜੀ ਐਸ ਟੀ), ਵਧੀਕ ਆਬਕਾਰੀ ਅਤੇ ਕਰ ਕਮਿਸ਼ਨਰ (ਪ੍ਰਸ਼ਾਸਨ), ਵਧੀਕ ਆਬਕਾਰੀ ਅਤੇ ਕਰ ਕਮਿਸ਼ਨਰ (ਲੇਖਾ ਪ੍ਰੀਖਿਆ) ਅਤੇ ਹੋਰ ਸਟਾਫ਼ ਦੇ ਮੈਂਬਰਾਂ ਦੁਆਰਾ ਕੀਤੀ ਜਾਂਦੀ ਹੈ। ਜ਼ਿਲ੍ਹਾ ਦਫ਼ਤਰਾਂ ਦੀ ਅਗਵਾਈ ਸਹਾਇਕ ਕਮਿਸ਼ਨਰ ਰਾਜ ਕਰ (ਏ ਸੀ ਐਸ ਟੀ) ਦੁਆਰਾ ਕੀਤੀ ਜਾਂਦੀ ਹੈ।

## 4.3 ਲੇਖਾ ਪ੍ਰੀਖਿਆ ਉਦੇਸ਼

ਮੁਲਾਂਕਣ ਕਰਨ ਲਈ ਜੀ ਐਸ ਟੀ ਪ੍ਰਣਾਲੀ ਅਧੀਨ ਰਿਫੰਡ ਮਾਮਲਿਆਂ ਦੀ ਲੇਖਾ ਪ੍ਰੀਖਿਆ ਕੀਤੀ ਗਈ ਸੀ

- ਰਿਫੰਡ ਦੀ ਗ੍ਰਾਂਟ ਦੇ ਸਬੰਧ ਵਿੱਚ ਜਾਰੀ ਕੀਤੇ ਗਏ ਐਕਟ, ਨਿਯਮਾਂ, ਨੋਟੀਫਿਕੇਸ਼ਨਾਂ, ਸਰਕੂਲਰਾਂ ਆਦਿ ਦੀ ਉਚਿਤਤਾ।
- ਕਰ ਅਥਾਰਟੀਆਂ ਦੁਆਰਾ ਮੌਜੂਦਾ ਉਪਬੰਧਾਂ ਦੀ ਪਾਲਣਾ ਅਤੇ ਕਰਦਾਤਾਵਾਂ ਦੁਆਰਾ ਪਾਲਣਾ ਨੂੰ ਯਕੀਨੀ ਬਣਾਉਣ ਲਈ ਮੌਜੂਦਾ ਪ੍ਰਣਾਲੀਆਂ ਦੀ ਕੁਸ਼ਲਤਾ।
- ਕੀ ਰਿਫੰਡ ਅਰਜ਼ੀਆਂ ਦੇ ਨਿਪਟਾਰੇ ਵਿੱਚ ਵਿਭਾਗੀ ਕਰਮਚਾਰੀਆਂ ਦੀ ਕਾਰਗੁਜ਼ਾਰੀ ਦੀ ਜਾਂਚ ਕਰਨ ਲਈ ਪ੍ਰਭਾਵਸ਼ਾਲੀ ਅੰਦਰੂਨੀ ਨਿਯੰਤਰਣ ਤੰਤਰ ਮੌਜੂਦ ਹੈ।

## 4.4 ਲੇਖਾ ਪ੍ਰੀਖਿਆ ਦਾ ਦਾਇਰਾ

ਪੈਨ-ਇੰਡੀਆ ਜੀ ਐਸ ਟੀ ਰਿਫੰਡ ਡਾਟਾ ਜੀ ਐਸ ਟੀ ਐਨ ਤੋਂ ਪ੍ਰਾਪਤ ਕੀਤਾ ਗਿਆ ਸੀ ਅਤੇ ਜੋਖਮ-ਅਧਾਰਤ ਡਾਟਾ ਵਿਸ਼ਲੇਸ਼ਣ ਦੁਆਰਾ, ਵਿਸਤ੍ਰਿਤ ਜਾਂਚ ਲਈ ਰਿਫੰਡ ਮਾਮਲਿਆਂ ਦਾ ਇੱਕ ਨਮੂਨਾ ਕੱਢਿਆ ਗਿਆ ਸੀ। ਜੁਲਾਈ 2017 ਤੋਂ ਜੁਲਾਈ 2020 ਤੱਕ ਰਾਜ ਕਰ ਵਿਭਾਗ, ਪੰਜਾਬ (ਵਿਭਾਗ) ਦੇ ਚੁਣੇ ਗਏ ਜ਼ਿਲ੍ਹੇ/ਏ ਸੀ ਐਸ ਟੀ[3] ਦਫ਼ਤਰਾਂ ਵਿੱਚ ਕਾਰਵਾਈ ਕੀਤੇ ਗਏ ਰਿਫੰਡ ਮਾਮਲਿਆਂ ਦੀ ਜਾਂਚ ਕੀਤੀ ਗਈ ਸੀ।

ਵਿਭਾਗ ਨੂੰ ਨਵੰਬਰ 2020 ਤੋਂ ਮਾਰਚ 2021 ਦੇ ਵਿਚਕਾਰ ਸਮੇਂ-ਸਮੇਂ 'ਤੇ ਲੇਖਾ ਪ੍ਰੀਖਿਆ ਨਿਰੀਖਣ ਜਾਰੀ ਕੀਤੇ ਗਏ ਸਨ। ਵਿਭਾਗ ਵੱਲੋਂ ਦਿੱਤੇ ਗਏ ਜਵਾਬਾਂ ਨੂੰ ਸੰਬੰਧਿਤ ਪੈਰ੍ਹਿਆਂ ਵਿੱਚ ਉਚਿਤ ਰੂਪ ਵਿੱਚ ਸ਼ਾਮਲ ਕੀਤਾ ਗਿਆ ਹੈ।

---

[3] ਸਹਾਇਕ ਕਮਿਸ਼ਨਰ ਰਾਜ ਕਰ ਦਾ ਦਫ਼ਤਰ

## 4.5 ਨਮੂਨਾ ਚੋਣ ਅਤੇ ਲੇਖਾ ਪ੍ਰੀਖਿਆ

ਜੀ ਐਸ ਟੀ ਐਨ ਨੇ ਜੁਲਾਈ 2017 ਤੋਂ ਜੁਲਾਈ 2020 ਤੱਕ ਦੇ ਸਮੇਂ ਲਈ ਪੈਨ-ਇੰਡੀਆ ਰਿਫੰਡ ਡਾਟਾ ਪ੍ਰਦਾਨ ਕੀਤਾ। 26 ਸਤੰਬਰ 2019 ਤੋਂ ਪਹਿਲਾਂ ਦੇ ਸਮੇ ਲਈ, ਭਾਵ ਪ੍ਰੀ-ਆਟੋਮੇਸ਼ਨ ਸਮੇਂ ਲਈ, ਹਰੇਕ ਸ਼੍ਰੇਣੀ ਦੇ ਅਧੀਨ ਰਿਫੰਡ ਅਰਜ਼ੀਆਂ ਨੂੰ ਕਰਦਾਤਾਵਾਂ ਦੁਆਰਾ ਕਲੇਮ ਕੀਤੀ ਗਈ ਰਿਫੰਡ ਰਾਸ਼ੀ ਦੇ ਘਟਦੇ ਕ੍ਰਮ ਵਿੱਚ ਕ੍ਰਮਬੱਧ ਕੀਤਾ ਗਿਆ ਸੀ । ਕ੍ਰਮਬੱਧ ਰਿਫੰਡ ਅਰਜ਼ੀਆਂ ਨੂੰ ਨਮੂਨਾ ਕੱਢਣ ਲਈ ਚਾਰ ਚੌਥਾਈ ਵਿੱਚ ਵੰਡਿਆ ਗਿਆ ਸੀ।

26 ਸਤੰਬਰ 2019 ਤੋ ਬਾਅਦ ਦਾਇਰ ਕੀਤੀਆਂ ਗਈਆਂ ਰਿਫੰਡ ਅਰਜ਼ੀਆਂ ਦੀ ਚੋਣ ਕਰਨ ਲਈ, ਜੋਖਮ ਦੇ ਮਾਪਦੰਡਾਂ ਦੀ ਵਰਤੋ ਕਰਦੇ ਹੋਏ ਇੱਕ ਸੰਯੁਕਤ ਜੋਖਮ ਸਕੋਰ ਜਿਵੇ ਕਿ ਕਲੇਮ ਕੀਤੀ ਗਈ ਰਿਫੰਡ ਰਾਸ਼ੀ (60 *ਪ੍ਰਤੀਸ਼ਤ* ਵੇਟੇਜ), ਰਿਫੰਡ ਮਨਜ਼ੂਰ ਕਰਨ ਵਿੱਚ ਦੇਰੀ (15 *ਪ੍ਰਤੀਸ਼ਤ*), ਰਿਫੰਡ ਰਾਸ਼ੀ ਦੇ ਕਲੇਮ ਕੀਤੇ ਗਏ ਅਨੁਪਾਤ ਲਈ ਮਨਜ਼ੂਰ ਕੀਤਾ ਰਿਫੰਡ (10 *ਪ੍ਰਤੀਸ਼ਤ* ) ਅਤੇ ਜਾਰੀ ਕੀਤਾ ਗਿਆ ਕਮੀ ਦਾ ਮੀਮੋ ਤਿਆਰ ਕੀਤਾ ਗਿਆ ਸੀ। ਇਸ ਪ੍ਰਕਿਰਿਆ ਦੇ ਅਨੁਸਾਰ ਆਏ ਜੋਖਮ ਸਕੋਰ ਦੇ ਅਧਾਰ 'ਤੇ, ਰਿਫੰਡ ਅਰਜੀਆਂ ਦੀ ਚੋਣ ਕੀਤੀ ਗਈ ਸੀ।

ਉਪਰੋਕਤ ਪ੍ਰਕਿਰਿਆ ਦੇ ਅਧਾਰ 'ਤੇ, 25 ਏ ਸੀ ਐਸ ਟੀ ਦਫਤਰਾਂ ਨਾਲ ਸਬੰਧਤ 26 ਸਤੰਬਰ 2019 ਤੋਂ ਪਹਿਲਾਂ ਕਲੇਮ ਕੀਤੇ ਗਏ ਰਿਫੰਡ ਦੇ 1,048 ਮਾਮਲੇ ਚੁਣੇ ਗਏ ਸਨ (ਪ੍ਰੀ-ਆਟੋਮੇਸ਼ਨ ਮਾਮਲੇ ), ਜਿਨ੍ਹਾਂ ਵਿੱਚੋ ਛੇ ਏ ਸੀ ਐਸ ਟੀ[4] ਦਫ਼ਤਰਾਂ ਨਾਲ ਸਬੰਧਤ ₹ 193.01 ਕਰੋੜ ਦੇ ਮੁਦਰਾ ਮੁੱਲ ਦੇ 704 ਮਾਮਲਿਆਂ ਨੂੰ ਕੋਵਿਡ-19 ਮਹਾਂਮਾਰੀ ਦੇ ਨਤੀਜੇ ਵਜੋ ਭੌਤਿਕ ਗਤੀਵਿਧੀ ਤੇ ਪਾਬੰਦੀਆਂ ਦੇ ਕਾਰਨ ਸ਼ਾਮਲ ਕੀਤਾ ਜਾ ਸਕਿਆ ਸੀ। 26 ਸਤੰਬਰ 2019 ਤੋ ਬਾਅਦ ਦੇ ਸਮੇ ਲਈ, 23 ਏ ਸੀ ਐਸ ਟੀ[5] ਦਫ਼ਤਰਾਂ (ਪੋਸਟ ਆਟੋਮੇਸ਼ਨ ਮਾਮਲੇ ) ਦੇ ₹ 201.04 ਕਰੋੜ ਦੇ ਮੁਦਰਾ ਮੁੱਲ ਵਾਲੇ 1,002 ਰਿਫੰਡ ਮਾਮਲਿਆਂ ਦੀ ਚੋਣ ਕੀਤੀ ਗਈ ਸੀ ਅਤੇ ਰਾਜ ਜੀ ਐਸ ਟੀ ਪੋਰਟਲ[6] 'ਤੱਕ ਲੌਗਇਨ ਆਈ ਡੀ ਅਧਾਰਤ ਪਹੁੰਚ ਦੀ ਵਰਤੋ ਕਰਕੇ ਜਾਂਚ ਕੀਤੀ ਗਈ ਸੀ। ਇਸ ਤਰ੍ਹਾਂ, ਚੁਣੇ ਗਏ ਏ ਸੀ ਐਸ ਟੀ ਦਫ਼ਤਰਾਂ ਵਿੱਚ ਕਾਰਵਾਈ ਕੀਤੇ ਗਏ 10,002 ਰਿਫੰਡ ਮਾਮਲਿਆਂ[7] ਵਿੱਚੋ ਕੁੱਲ 1,706 ਮਾਮਲਿਆਂ[8] (17.06 *ਪ੍ਰਤੀਸ਼ਤ*) ਦੀ ਵਿਸ਼ਾ ਵਿਸ਼ੇਸ਼ ਪਾਲਣਾ ਲੇਖਾ ਪ੍ਰੀਖਿਆ (ਐਸ ਐਸ ਸੀ ਏ) ਲਈ ਲੇਖਾ ਪ੍ਰੀਖਿਆ ਦੁਆਰਾ ਜਾਂਚ ਕੀਤੀ ਗਈ ਸੀ। ਸ਼੍ਰੇਣੀ-ਵਾਰ ਲੇਖਾ ਪ੍ਰੀਖਿਆ ਯੂਨੀਵਰਸ ਅਤੇ ਨਮੂਨਾ ਚੋਣ **ਅੰਤਿਕਾ** 4.1 ਵਿੱਚ ਦਿੱਤੀ ਗਈ ਹੈ।

---

4 ਫਤਿਹਗੜ੍ਹ ਸਾਹਿਬ (6), ਲੁਧਿਆਣਾ -I (200), ਲੁਧਿਆਣਾ -II (130), ਲੁਧਿਆਣਾ -III (261), ਮੋਹਾਲੀ (62) ਅਤੇ ਪਟਿਆਲਾ (45)

5 ਅੰਮ੍ਰਿਤਸਰ-I (25), ਅੰਮ੍ਰਿਤਸਰ-II (37), ਬਰਨਾਲਾ (13), ਬਠਿੰਡਾ (13), ਫਰੀਦਕੋਟ (2), ਫਤਿਹਗੜ੍ਹ ਸਾਹਿਬ (15), ਫਾਜ਼ਿਲਕਾ (2), ਫਿਰੋਜ਼ਪੁਰ (2), ਹੁਸ਼ਿਆਰਪੁਰ (3), ਜਲੰਧਰ-I (19), ਜਲੰਧਰ-II (117), ਕਪੂਰਥਲਾ (4), ਲੁਧਿਆਣਾ-I (129), ਲੁਧਿਆਣਾ-II (155), ਲੁਧਿਆਣਾ -III (304), ਮਾਨਸਾ (8), ਮੋਗਾ (14), ਮੋਹਾਲੀ (37), ਮੁਕਤਸਰ (12), ਪਟਿਆਲਾ (43), ਰੋਪੜ (1), ਸੰਗਰੂਰ (45) ਅਤੇ ਤਰਨ ਤਾਰਨ (2)

6 ਬੀ ਓ ਡਬਲਿਯੂ ਈ ਬੀ ਪੋਰਟਲ

7 5,750 ਪ੍ਰੀ-ਆਟੋਮੇਸ਼ਨ ਮਾਮਲੇ ਅਤੇ 4,252 ਪੋਸਟ-ਆਟੋਮੇਸ਼ਨ ਮਾਮਲੇ

8 704 ਪ੍ਰੀ-ਆਟੋਮੇਸ਼ਨ ਮਾਮਲੇ ਅਤੇ 1,002 ਪੋਸਟ-ਆਟੋਮੇਸ਼ਨ ਮਾਮਲੇ

## 4.6 ਲੇਖਾ ਪ੍ਰੀਖਿਆ ਮਾਪਦੰਡ

ਨਿਮਨਲਿਖਤ ਸੈਕਸ਼ਨ/ਨਿਯਮ/ਨੋਟੀਫਿਕੇਸ਼ਨ ਰਿਫੰਡ ਕਲੇਮ ਕਰਨ ਲਈ ਦਿਸ਼ਾ-ਨਿਰਦੇਸ਼/ ਪ੍ਰਕਿਰਿਆ ਪ੍ਰਦਾਨ ਕਰਦੀਆਂ ਹਨ:

- ਕੇਂਦਰੀ ਵਸਤਾਂ ਅਤੇ ਸੇਵਾਵਾਂ ਕਰ ਐਕਟ 2017 ਦੀ ਧਾਰਾ 54 ਤੋਂ 58 ਅਤੇ ਧਾਰਾ 77 ।
- ਕੇਂਦਰੀ ਵਸਤਾਂ ਅਤੇ ਸੇਵਾਵਾਂ ਕਰ ਨਿਯਮਾਂਵਲੀ 2017 ਦੇ ਨਿਯਮ 89 ਤੋਂ 97ਏ ।
- ਏਕੀਕ੍ਰਿਤ ਵਸਤਾਂ ਅਤੇ ਸੇਵਾਵਾਂ ਕਰ ਐਕਟ 2017 ਦੀ ਧਾਰਾ 15, 16 ਅਤੇ 19 ।
- ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ 2017 ਦੀ ਧਾਰਾ 54 ਤੋਂ 58 ਅਤੇ ਧਾਰਾ 77 ।
- ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਪੀ ਜੀ ਐਸ ਟੀ) ਨਿਯਮਾਵਲੀ 2017 ।

## 4.7 ਲੇਖਾ ਪ੍ਰੀਖਿਆ ਲੱਭਤਾ

**ਸਾਰਣੀ** 4.1 ਵਿਸਤ੍ਰਿਤ ਲੇਖਾ ਪ੍ਰੀਖਿਆ ਲਈ ਚੁਣੇ ਗਏ ਰਿਫੰਡ ਮਾਮਲਿਆਂ ਦੀ ਲੇਖਾ ਪ੍ਰੀਖਿਆ ਦੌਰਾਨ ਨੋਟ ਕੀਤੀਆਂ ਗਈਆਂ ਕਮੀਆਂ ਦੀ ਸੀਮਾ ਨੂੰ ਸਾਹਮਣੇ ਲਿਆਉਂਦੀ ਹੈ।

**ਸਾਰਣੀ 4.1: ਲੇਖਾ ਪ੍ਰੀਖਿਆ ਲੱਭਤਾਂ ਦੀ ਪ੍ਰਕਿਰਤੀ**

| ਲੇਖਾ ਪ੍ਰੀਖਿਆ ਲੱਭਤਾਂ ਦੀ ਪ੍ਰਾਕਿਰਤੀ | ਲੇਖਾ ਪ੍ਰੀਖਿਆ ਨਮੂਨਾ | | | | ਧਿਆਨ ਵਿੱਚ ਆਈਆਂ ਕਮੀਆਂ ਦੀ ਗਿਣਤੀ | | | | ਨਮੂਨੇ ਦੀ ਪ੍ਰਤੀਸ਼ਤਤਾ ਵਜੋਂ ਕਮੀਆਂ |
|---|---|---|---|---|---|---|---|---|---|
| | ਗਿਣਤੀ | | ਰਾਸ਼ੀ (*₹ ਕਰੋੜ ਵਿੱਚ*) | | ਗਿਣਤੀ | | ਰਾਸ਼ੀ (*₹ ਕਰੋੜ ਵਿੱਚ*) | | |
| | *ਪਹਿਲਾਂ / ਬਾਅਦ* | *ਕੁੱਲ* | *ਪਹਿਲਾਂ / ਬਾਅਦ* | *ਕੁੱਲ* | *ਪਹਿਲਾਂ / ਬਾਅਦ* | *ਕੁੱਲ* | *ਪਹਿਲਾਂ / ਬਾਅਦ* | *ਕੁੱਲ* | |
| ਪਹੁੰਚ ਰਸੀਦ ਜਾਰੀ ਕਰਨ ਵਿੱਚ ਦੇਰੀ | *380* | **1,382** | *145.63* | **346.67** | *85* | **417** | *17.26* | **93.92** | **30.17** |
| | *1,002* | | *201.04* | | *332* | | *76.66* | | |
| ਰਿਫੰਡ ਆਦੇਸ਼ ਜਾਰੀ ਕਰਨ ਵਿੱਚ ਦੇਰੀ | *619* | **1,621** | *179.45* | **380.49** | *258* | **610** | *66.27* | **117.55** | **37.63** |
| | *1,002* | | *201.04* | | *352* | | *51.28* | | |
| ਜ਼ੀਰੋ-ਰੇਟਡ ਸਪਲਾਈ ਦੇ ਕਾਰਨ ਆਰਜੀ ਰਿਫੰਡਾਂ ਦੀ ਮਨਜ਼ੂਰੀ ਵਿੱਚ ਦੇਰੀ | *81* | **211** | *25.94* | **62.87** | *4* | **10** | *2.02* | **5.25** | **4.74** |
| | *130* | | *36.93* | | *6* | | *3.23* | | |
| ਹਮਰੁਤਬਾ ਕਰ ਅਥਾਰਟੀ ਨੂੰ ਰਿਫੰਡ ਆਦੇਸ਼ ਭੇਜਣ ਵਿੱਚ ਦੇਰੀ | *282* | **282** | *66.20* | **66.20** | *75* | **75** | *12.21* | **12.21** | **26.60** |
| | *0* | | *0.00* | | *0* | | *0.00* | | |
| ਵਾਧੂ ਰਿਫੰਡ ਦੀ ਮਨਜ਼ੂਰੀ | *619* | **1,621** | *179.45* | **380.49** | *6* | **7** | *0.15* | **0.15** | **0.43** |
| | *1,002* | | *201.04* | | *1* | | *0.004* | | |
| ਕਰਦਾਤਾ ਦੇ ਖਾਤੇ ਵਿੱਚ ਐਸ ਜੀ ਐਸ ਟੀ ਰਿਫੰਡ ਦੇਰੀ ਨਾਲ/ਨਾ ਕ੍ਰੈਡਿਟ ਕਰਨਾ | *507* | **507** | *93.35* | **93.35** | *94* | **94** | *11.27* | **11.27** | **18.54** |
| | *0* | | *0.00* | | *0* | | *0.00* | | |
| ਜੀ ਐਸ ਟੀ ਰਿਫੰਡ ਪ੍ਰਕਿਰਿਆ ਦੀ ਪਾਲਣਾ ਨਾ ਕਰਨਾ | *35* | **35** | *2.77* | **2.77** | *8* | **8** | *0.09* | **0.09** | **22.86** |
| | *0* | | *0.00* | | *0* | | *0.00* | | |
| ਜੀ ਐਸ ਟੀ ਰਿਫੰਡ ਮਾਮਲਿਆਂ ਵਿੱਚ ਸਹਾਇਕ ਦਸਤਾਵੇਜ਼ਾਂ ਦੀ ਅਣਹੋਂਦ | *619* | **1,621** | *179.45* | **380.49** | *242* | **535** | *60.22* | **134.76** | **33.00** |
| | *1,002* | | *201.04* | | *293* | | *74.54* | | |

ਜਿਵੇਂ ਕਿ ਉਪਰੋਕਤ ਸਾਰਣੀ ਤੋਂ ਸਪੱਸ਼ਟ ਹੈ, ਲੇਖਾ ਪ੍ਰੀਖਿਆ ਨੇ 30.17 *ਪ੍ਰਤੀਸ਼ਤ* ਮਾਮਲਿਆਂ ਵਿੱਚ ਪਹੁੰਚ ਰਸੀਦ ਜਾਰੀ ਕਰਨ ਵਿੱਚ, 37.63 *ਪ੍ਰਤੀਸ਼ਤ* ਮਾਮਲਿਆਂ ਵਿੱਚ ਰਿਫੰਡ ਦੇ ਆਦੇਸ਼ ਜਾਰੀ ਕਰਨ ਵਿੱਚ, 4.74 *ਪ੍ਰਤੀਸ਼ਤ* ਮਾਮਲਿਆਂ ਵਿੱਚ ਜ਼ੀਰੋ-ਰੇਟਿਡ ਸਪਲਾਈ ਵਿੱਚ ਆਰਜ਼ੀ ਰਿਫੰਡ ਦੀ ਮਨਜ਼ੂਰੀ ਵਿੱਚ, 26.60 *ਪ੍ਰਤੀਸ਼ਤ* ਮਾਮਲਿਆਂ ਵਿੱਚ ਹਮਰੁਤਬਾ ਕਰ ਅਥਾਰਟੀਆਂ ਨੂੰ ਰਿਫੰਡ ਦੇ ਆਦੇਸ਼ ਭੇਜਣ ਵਿੱਚ ਅਤੇ 18.54 *ਪ੍ਰਤੀਸ਼ਤ* ਮਾਮਲਿਆਂ ਵਿੱਚ ਕਰਦਾਤਾ ਦੇ ਖਾਤੇ ਵਿੱਚ ਐਸ ਜੀ ਐਸ ਟੀ ਰਿਫੰਡ ਕ੍ਰੈਡਿਟ ਕਰਨ ਵਿੱਚ ਮਹੱਤਵਪੂਰਨ ਦੇਰੀ ਨੂੰ ਦੇਖਿਆ।

ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਨੇ ਐਕਟਾਂ ਅਤੇ ਨਿਯਮਾਂ ਦੇ ਉਪਬੰਧਾਂ ਦੀ ਦਿਸ਼ਾ ਬਦਲੀ ਨੂੰ ਵੀ ਦੇਖਿਆ ਜਿਸ ਦੇ ਨਤੀਜੇ ਵਜੋਂ 0.43 *ਪ੍ਰਤੀਸ਼ਤ* ਮਾਮਲਿਆਂ ਵਿੱਚ ਵਾਧੂ ਰਿਫੰਡ ਅਤੇ 33.00 *ਪ੍ਰਤੀਸ਼ਤ* ਮਾਮਲਿਆਂ ਵਿੱਚ ਸਹਾਇਕ ਦਸਤਾਵੇਜਾਂ ਦੀ ਅਣਹੋਂਦ ਵਿੱਚ ਰਿਫੰਡ ਜਾਰੀ ਕੀਤੇ; 0.43 *ਪ੍ਰਤੀਸ਼ਤ* ਤੋਂ 37.63 *ਪ੍ਰਤੀਸ਼ਤ* ਤੱਕ ਦਿਸ਼ਾਬਦਲੀ ਰੇਂਜ਼ ਸੀ।

ਇਹਨਾਂ ਮਾਮਲਿਆਂ ਦੇ ਅਧਾਰ ਤੇ ਧਿਆਨ ਵਿੱਚ ਆਈਆਂ ਲੇਖਾ ਪ੍ਰੀਖਿਆ ਲੱਭਤਾਂ ਅਤੇ ਪਛਾਣੀਆਂ ਗਈਆਂ ਕਮੀਆਂ ਨੂੰ ਅਗਲੇ ਪੈਰ੍ਹਿਆਂ ਵਿੱਚ ਸ਼ਾਮਲ ਕੀਤਾ ਗਿਆ ਹੈ।

### 4.7.1 ਪਹੁੰਚ ਰਸੀਦ ਜਾਰੀ ਕਰਨ ਵਿੱਚ ਦੇਰੀ

ਪੰਜਾਬ ਜੀ ਐਸ ਟੀ ਨਿਯਮਾਵਲੀ 2017 ਦਾ ਨਿਯਮ 90(1) ਅਤੇ (2) ਤੈਅ ਕਰਦਾ ਹੈ ਕਿ ਜੇਕਰ ਬਿਨੈ-ਪੱਤਰ ਹਰ ਤਰ੍ਹਾਂ ਨਾਲ ਮੁਕੰਮਲ ਪਾਇਆ ਜਾਂਦਾ ਹੈ ਤਾ ਉਚਿਤ ਅਧਿਕਾਰੀ ਦੁਆਰਾ ਰਿਫੰਡ ਕਲੇਮ ਦਾਇਰ ਕਰਨ ਦੇ ਪੰਦਰਾਂ ਦਿਨਾਂ ਦੇ ਅੰਦਰ ਪਹੁੰਚ ਰਸੀਦ ਜਾਰੀ ਕੀਤੀ ਜਾਵੇਗੀ। ਪ੍ਰੀ-ਆਟੋਮੇਸ਼ਨ ਮਾਮਲਿਆਂ ਦੇ ਵਿੱਚ, 15 ਦਿਨਾਂ ਦੀ ਨਿਰਧਾਰਤ ਮਿਆਦ ਨੂੰ ਸਾਰੇ ਸਹਾਇਕ ਦਸਤਾਵੇਜ਼ਾ ਦੇ ਨਾਲ ਰਿਫੰਡ ਬਿਨੈ ਪੱਤਰ ਨੂੰ ਦਸਤੀ ਜਮ੍ਹਾਂ ਕਰਨ ਦੀ ਮਿਤੀ ਤੋਂ ਗਿਣਿਆ ਜਾਵੇਗਾ।

ਲੇਖਾ ਪ੍ਰੀਖਿਆ ਦੇ ਸਮੇਂ ਦੇ ਦੌਰਾਨ, ਚੁਣੇ ਗਏ ਏ ਸੀ ਐਸ ਟੀ ਦਫ਼ਤਰਾਂ ਵਿੱਚ 5,750 ਪ੍ਰੀ-ਆਟੋਮੇਸ਼ਨ ਅਤੇ 4,252 ਪੋਸਟ-ਆਟੋਮੇਸ਼ਨ ਰਿਫੰਡ ਮਾਮਲਿਆਂ ਦੀ ਕਾਰਵਾਈ ਕੀਤੀ ਗਈ ਸੀ ਜਿਨ੍ਹਾਂ ਵਿੱਚੋਂ 380 ਪ੍ਰੀ-ਆਟੋਮੇਸ਼ਨ[9] ਅਤੇ 1,002 ਪੋਸਟ-ਆਟੋਮੇਸ਼ਨ ਰਿਫੰਡ ਮਾਮਲਿਆਂ ਦੀ ਜਾਂਚ ਕੀਤੀ ਗਈ ਸੀ ਅਤੇ ਇਹ ਦੇਖਿਆ ਗਿਆ ਸੀ ਕਿ ₹ 93.92 ਕਰੋੜ ਦੇ ਸ਼ਾਮਲ ਰਿਫੰਡ ਦੇ 417 ਮਾਮਲਿਆਂ[10] (30.17 *ਪ੍ਰਤੀਸ਼ਤ*) ਵਿੱਚ ਪਹੁੰਚ ਰਸੀਦ ਜਾਰੀ ਕਰਨ ਵਿੱਚ 1 ਤੋਂ 245 ਦਿਨਾਂ ਤੱਕ ਦੇਰੀ ਹੋਈ ਸੀ ਅਤੇ ਇਹਨਾਂ ਮਾਮਲਿਆਂ ਵਿੱਚ 30 ਦਿਨਾਂ ਦੀ ਔਸਤ ਦੇਰੀ ਹੋਈ ਸੀ। ਇਨ੍ਹਾਂ ਵਿੱਚੋ,

---

9 704 ਪ੍ਰੀ-ਆਟੋਮੇਸ਼ਨ ਰਿਫੰਡ ਮਾਮਲਿਆਂ ਦੇ ਕੁੱਲ ਚੁਣੇ ਗਏ ਨਮੂਨਿਆਂ ਵਿੱਚੋਂ, 50 ਮਾਮਲੇ ਲੇਖਾ ਪ੍ਰੀਖਿਆ ਨੂੰ ਉਪਲਬਧ ਨਹੀਂ ਕਰਵਾਏ ਗਏ ਸਨ। 35 ਮਾਮਲੇ ਜਾਂ ਤਾਂ ਵਿਭਾਗ ਵੱਲੋਂ ਰੱਦ ਕੀਤੇ ਗਏ ਸਨ ਜਾਂ ਕਰਦਾਤਾਵਾਂ ਵੱਲੋ ਦਸਤਾਵੇਜ ਦਾਖਲ ਨਹੀ ਕੀਤੇ ਗਏ। 239 ਮਾਮਲਿਆਂ ਦੇ ਸਬੰਧ ਵਿੱਚ ਪਹੁੰਚ ਰਸੀਦ ਸੂਚਨਾ ਉਪਲਬਧ ਨਹੀ ਸੀ । ਬਾਕੀ ਰਹਿੰਦੇ 380 ਨਮੂਨਾ ਮਾਮਲਿਆਂ ਦੀ ਲੇਖਾ ਪ੍ਰੀਖਿਆ ਵੱਲੋਂ ਜਾਂਚ ਕੀਤੀ ਗਈ ਸੀ

10 ਅੰਮ੍ਰਿਤਸਰ-I (19), ਅੰਮ੍ਰਿਤਸਰ-II (27), ਬਰਨਾਲਾ (7), ਬਠਿੰਡਾ (8), ਫਰੀਦਕੋਟ (1), ਫਤਿਹਗੜ੍ਹ ਸਾਹਿਬ (13), ਫਾਜ਼ਿਲਕਾ (2), ਫਿਰੋਜ਼ਪੁਰ (2), ਹੁਸ਼ਿਆਰਪੁਰ (3), ਜਲੰਧਰ -I (9), ਜਲੰਧਰ -II (28), ਕਪੂਰਥਲਾ (2), ਲੁਧਿਆਣਾ-I (121), ਲੁਧਿਆਣਾ-II (28), ਲੁਧਿਆਣਾ -III (67), ਮਾਨਸਾ (3), ਮੋਗਾ (3), ਮੋਹਾਲੀ (22), ਮੁਕਤਸਰ (9), ਪਟਿਆਲਾ (18) ਅਤੇ ਸੰਗਰੂਰ (25)

₹ 88.09 ਕਰੋੜ ਦੇ ਸ਼ਾਮਲ ਰਿਫੰਡ ਦੇ 391 ਮਾਮਲਿਆਂ ਵਿੱਚ ਕ੍ਰਮਵਾਰ 1 ਦਿਨ ਤੋਂ 3 ਮਹੀਨੇ ਦੀ ਦੇਰੀ ਹੋਈ ਸੀ, ₹ 5.15 ਕਰੋੜ ਦੇ ਸ਼ਾਮਲ ਰਿਫੰਡ ਦੇ 24 ਮਾਮਲਿਆਂ ਵਿੱਚ 3 ਤੋਂ 6 ਮਹੀਨੇ ਦੀ ਦੇਰੀ ਹੋਈ ਸੀ ਅਤੇ ₹ 0.68 ਕਰੋੜ ਦੇ ਸ਼ਾਮਲ ਰਿਫੰਡ ਦੇ ਦੋ ਮਾਮਲਿਆਂ ਵਿੱਚ ਛੇ ਮਹੀਨੇ ਤੋਂ ਵੱਧ ਦੀ ਦੇਰੀ ਹੋਈ ਸੀ। ਇਸ ਤਰ੍ਹਾਂ, ਵਿਭਾਗ ਪਹੁੰਚ ਰਸੀਦਾਂ ਜਾਰੀ ਕਰਨ ਦੀਆਂ ਸਮਾਂ-ਸੀਮਾਵਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਿਹਾ ਜਿਵੇਂ ਕਿ ਉਪਰੋਕਤ ਨਿਯਮਾਂ ਵਿੱਚ ਨਿਰਧਾਰਤ ਕੀਤਾ ਗਿਆ ਹੈ।

ਇਸ ਮਾਮਲੇ ਦੀ ਸੂਚਨਾ ਵਿਭਾਗ ਅਤੇ ਰਾਜ ਸਰਕਾਰ ਨੂੰ ਦਿੱਤੀ ਗਈ ਸੀ (ਨਵੰਬਰ 2020 ਅਤੇ ਮਈ 2021 ਦੇ ਵਿਚਕਾਰ)। ਨੌਂ ਏ ਸੀ ਐਸ ਟੀਜ਼ ਨੇ ਲੇਖਾ ਪ੍ਰੀਖਿਆ ਨਿਰੀਖਣ (ਜਨਵਰੀ ਅਤੇ ਅਪ੍ਰੈਲ 2021) ਨੂੰ ਸਵੀਕਾਰ ਕੀਤਾ, ਜਿਨ੍ਹਾਂ ਵਿੱਚੋਂ, ਸੱਤ ਏ ਸੀ ਐਸ ਟੀਜ਼[11] ਨੇ ਕਿਹਾ ਕਿ 116 ਮਾਮਲਿਆਂ ਵਿੱਚ ਦੇਰੀ ਜੀ ਐਸ ਟੀ ਪੋਰਟਲ ਤੇ ਤਕਨੀਕੀ ਸਮੱਸਿਆਵਾਂ ਕਾਰਨ ਹੋਈ ਸੀ ਅਤੇ ਦੋ ਏ ਸੀ ਐਸ ਟੀਜ਼[12] ਨੇ ਪੰਜ ਮਾਮਲਿਆਂ ਵਿੱਚ ਦੇਰੀ ਦਾ ਕਾਰਨ ਕੋਵਿਡ-19 ਮਹਾਂਮਾਰੀ ਕਾਰਨ ਲੌਕਡਾਊਨ ਲਾਗੂ ਹੋਣਾ ਮੰਨਿਆ।

12 ਏ ਸੀ ਐਸ ਟੀਜ਼ ਨਾਲ ਸਬੰਧਤ 296 ਮਾਮਲਿਆਂ ਦੇ ਸਬੰਧ ਵਿੱਚ ਜਵਾਬ ਦੀ ਉਡੀਕ ਸੀ (ਨਵੰਬਰ 2022)।

### 4.7.2 ਰਿਫੰਡ ਆਦੇਸ਼ ਜਾਰੀ ਕਰਨ ਵਿੱਚ ਦੇਰੀ

ਪੰਜਾਬ ਜੀ ਐਸ ਟੀ ਐਕਟ 2017 ਦੀ ਧਾਰਾ 54(7) ਨਿਰਧਾਰਤ ਕਰਦੀ ਹੈ ਕਿ ਜੇਕਰ ਉਚਿਤ ਅਧਿਕਾਰੀ, ਕਿਸੇ ਵੀ ਰਿਫੰਡ ਕਲੇਮ ਦੀ ਪ੍ਰਾਪਤੀ ਤੇ ਇਸ ਗੱਲ ਤੋਂ ਸੰਤੁਸ਼ਟ ਹੈ ਕਿ ਰਿਫੰਡ ਵਜੋਂ ਕਲੇਮ ਕੀਤੀ ਗਈ ਰਕਮ ਦਾ ਪੂਰਾ ਜਾਂ ਕੁਝ ਹਿੱਸਾ ਰਿਫੰਡਯੋਗ ਹੈ, ਤਾਂ ਹਰ ਤਰ੍ਹਾਂ ਨਾਲ ਮੁਕੰਮਲ ਬਿਨੈ-ਪੱਤਰ ਦੀ ਪ੍ਰਾਪਤੀ ਦੀ ਮਿਤੀ ਤੋਂ ਸੱਠ ਦਿਨਾਂ ਦੇ ਅੰਦਰ ਆਦੇਸ਼ ਜਾਰੀ ਕਰੇਗਾ। ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 56 ਵਿੱਚ ਕਿਹਾ ਗਿਆ ਹੈ ਕਿ ਜੇਕਰ ਕਿਸੇ ਵੀ ਕਰ ਨੂੰ ਰਿਫੰਡ ਕਰਨ ਦਾ ਆਦੇਸ਼ ਦਿੱਤਾ ਗਿਆ ਹੈ ਤਾਂ ਬਿਨੈ ਪੱਤਰ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਰਿਫੰਡ ਨਹੀਂ ਕੀਤਾ ਜਾਂਦਾ ਹੈ, ਰਿਫੰਡ ਦੀ ਰਾਸ਼ੀ ਤੇ ਛੇ *ਪ੍ਰਤੀਸ਼ਤ* ਪ੍ਰਤੀ ਸਾਲ ਦੀ ਦਰ ਨਾਲ ਵਿਆਜ ਬਿਨੈ-ਪੱਤਰ ਪ੍ਰਾਪਤ ਹੋਣ ਦੀ ਮਿਤੀ ਤੋਂ ਸ਼ੁਰੂ ਹੋ ਕੇ ਸੱਠ ਦਿਨਾਂ ਦੀ ਮਿਆਦ ਖਤਮ ਹੋਣ ਤੱਕ ਤੁਰੰਤ ਬਾਅਦ ਅਜਿਹੇ ਕਰ ਦੇ ਰਿਫੰਡ ਹੋਣ ਦੀ ਮਿਤੀ ਤੱਕ ਦਾਅਵੇਦਾਰ ਨੂੰ ਅਦਾ ਕਰਨਾ ਹੋਵੇਗਾ।

---

[11] ਬਰਨਾਲਾ (7), ਫਰੀਦਕੋਟ (1), ਫਾਜ਼ਿਲਕਾ (2), ਜਲੰਧਰ-I (9), ਕਪੂਰਥਲਾ (2), ਲੁਧਿਆਣਾ-II (28) ਅਤੇ ਲੁਧਿਆਣਾ -III (67)

[12] ਫਿਰੋਜ਼ਪੁਰ (2) ਅਤੇ ਮੋਗਾ (3)

ਲੇਖਾ ਪ੍ਰੀਖਿਆ ਦੇ ਸਮੇਂ ਦੌਰਾਨ, 619 ਪ੍ਰੀ-ਆਟੋਮੇਸ਼ਨ[13] ਅਤੇ 1,002 ਪੋਸਟ-ਆਟੋਮੇਸ਼ਨ ਰਿਫੰਡ ਮਾਮਲਿਆਂ ਦੀ ਜਾਂਚ ਕੀਤੀ ਗਈ ਸੀ ਅਤੇ ਇਹ ਦੇਖਿਆ ਗਿਆ ਸੀ ਕਿ ₹ 117.54 ਕਰੋੜ ਦੇ ਸ਼ਾਮਲ ਰਿਫੰਡ ਦੇ 610 ਮਾਮਲਿਆਂ[14] (37.63 *ਪ੍ਰਤੀਸ਼ਤ*) ਵਿੱਚ ਰਿਫੰਡ ਆਦੇਸ਼ ਜਾਰੀ ਕਰਨ ਵਿੱਚ 1 ਤੋਂ 635 ਦਿਨਾਂ ਤੱਕ ਦੇਰੀ ਹੋਈ ਸੀ ਅਤੇ ਇਹਨਾਂ ਮਾਮਲਿਆਂ ਵਿੱਚ ਔਸਤ 45 ਦਿਨਾਂ ਦੀ ਦੇਰੀ ਹੋਈ ਸੀ। ਇਨ੍ਹਾਂ ਵਿੱਚੋਂ, ₹ 104.33 ਕਰੋੜ ਦੇ ਸ਼ਾਮਲ ਰਿਫੰਡ ਦੇ 538 ਮਾਮਲਿਆਂ ਵਿੱਚ ਕ੍ਰਮਵਾਰ 1 ਦਿਨ ਤੋਂ 3 ਮਹੀਨੇ ਦੀ ਦੇਰੀ ਹੋਈ ਸੀ, ₹ 12.38 ਕਰੋੜ ਦੇ ਸ਼ਾਮਲ ਰਿਫੰਡ ਦੇ 57 ਮਾਮਲਿਆਂ ਵਿੱਚ 3 ਤੋਂ 6 ਮਹੀਨੇ ਦੇਰੀ ਹੋਈ ਸੀ ਅਤੇ ₹ 0.83 ਕਰੋੜ ਦੇ ਸ਼ਾਮਲ ਰਿਫੰਡ ਦੇ 15 ਮਾਮਲਿਆਂ ਵਿੱਚ ਛੇ ਮਹੀਨੇ ਤੋਂ ਵੱਧ ਦੇਰੀ ਸੀ। ਇਸ ਤਰ੍ਹਾਂ, ਵਿਭਾਗ ਰਿਫੰਡ ਆਦੇਸ਼ ਜਾਰੀ ਕਰਨ ਲਈ ਸਮਾਂ-ਸੀਮਾਵਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਿਹਾ ਜਿਵੇਂ ਕਿ ਉਪਰੋਕਤ ਨਿਯਮਾਂ ਵਿੱਚ ਨਿਰਧਾਰਤ ਕੀਤਾ ਗਿਆ ਸੀ।

ਇਸ ਮਾਮਲੇ ਦੀ ਸੂਚਨਾ ਵਿਭਾਗ ਅਤੇ ਰਾਜ ਸਰਕਾਰ ਨੂੰ ਦਿੱਤੀ ਗਈ ਸੀ (ਨਵੰਬਰ 2020 ਅਤੇ ਮਈ 2021 ਦੇ ਵਿਚਕਾਰ)। ਛੇ ਏ ਸੀ ਐਸ ਟੀਜ਼ ਨੇ ਲੇਖਾ ਪ੍ਰੀਖਿਆ ਨਿਰੀਖਣ (ਜਨਵਰੀ ਅਤੇ ਅਪ੍ਰੈਲ 2021) ਨੂੰ ਸਵੀਕਾਰ ਕੀਤਾ, ਜਿਨ੍ਹਾਂ ਵਿੱਚੋਂ, ਪੰਜ ਏ ਸੀ ਐਸ ਟੀਜ਼[15] ਨੇ ਕਿਹਾ ਕਿ ਨੌਂ ਮਾਮਲਿਆਂ ਵਿੱਚ ਦੇਰੀ ਜੀ ਐਸ ਟੀ ਪੋਰਟਲ ਤੇ ਤਕਨੀਕੀ ਸਮੱਸਿਆਵਾਂ ਅਤੇ ਕੋਵਿਡ-19 ਮਹਾਂਮਾਰੀ ਦੇ ਕਾਰਨ ਲੌਕਡਾਉਨ ਲਾਗੂ ਹੋਣ ਕਾਰਨ ਸੀ, ਅਤੇ ਇਕ[16] ਏ ਸੀ ਐਸ ਟੀ ਨੇ ਤਿੰਨ ਮਾਮਲਿਆਂ ਵਿੱਚ ਕਿਹਾ ਕਿ ਜੀ ਐਸ ਟੀ ਪੋਰਟਲ ਨਵਾਂ ਸੀ ਅਤੇ ਇਸ ਸਿਸਟਮ ਨੂੰ ਸਮਝਣ ਅਤੇ ਲਾਗੂ ਕਰਨ ਵਿੱਚ ਸਮਾਂ ਲੱਗਿਆ।

34 ਪ੍ਰੀ-ਆਟੋਮੇਸ਼ਨ ਮਾਮਲਿਆਂ ਲਈ, ਇੱਕ ਏ ਸੀ ਐਸ ਟੀ[17] ਨੇ ਕਿਹਾ ਕਿ ਦੇਰੀ ਡੀਲਰਾਂ ਦੁਆਰਾ ਬਕਾਇਆ ਦਸਤਾਵੇਜ਼ਾਂ ਨੂੰ ਜਮ੍ਹਾਂ ਕਰਨ ਲਈ ਬੇਨਤੀ ਕੀਤੇ ਵੱਧ ਸਮੇਂ ਦੇ ਕਾਰਨ ਸੀ । ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਲੇਖਾ ਪ੍ਰੀਖਿਆ ਨੂੰ ਉਪਲਬਧ ਕਰਵਾਏ ਗਏ ਰਿਕਾਰਡ ਅਨੁਸਾਰ ਸਬੰਧਤ ਡੀਲਰਾਂ ਨੂੰ ਬਕਾਇਆ ਦਸਤਾਵੇਜ਼ਾਂ ਨੂੰ ਜਮ੍ਹਾਂ ਕਰਨ ਬਾਰੇ ਨਾ ਤਾਂ ਪੱਤਰ ਵਿਹਾਰ ਅਤੇ ਨਾ ਹੀ ਕਮੀਆਂ ਵਾਲੇ ਮੈਮੋ ਪਾਏ ਗਏ ਸਨ। ਹਾਲਾਂਕਿ, ਏ ਸੀ ਐਸ ਟੀ ਨੇ 58 ਪੋਸਟ-ਆਟੋਮੇਸ਼ਨ ਮਾਮਲਿਆਂ ਦੇ ਸਬੰਧ ਵਿੱਚ ਜਵਾਬ ਨਹੀਂ ਦਿੱਤਾ।

13 ਏ ਸੀ ਐਸ ਟੀਜ਼ ਨਾਲ ਸਬੰਧਤ 506 ਮਾਮਲਿਆਂ[18] ਦੇ ਸਬੰਧ ਵਿੱਚ ਜਵਾਬ ਦੀ ਉਡੀਕ ਸੀ (ਨਵੰਬਰ 2022)।

---

13 704 ਪ੍ਰੀ-ਆਟੋਮੇਸ਼ਨ ਰਿਫੰਡ ਮਾਮਲਿਆਂ ਦੇ ਕੁੱਲ ਚੁਣੇ ਗਏ ਨਮੂਨਿਆਂ ਵਿੱਚੋਂ, 50 ਮਾਮਲੇ ਲੇਖਾ ਪ੍ਰੀਖਿਆ ਨੂੰ ਉਪਲਬਧ ਨਹੀਂ ਕਰਵਾਏ ਗਏ ਸਨ ਅਤੇ 35 ਮਾਮਲੇ ਜਾ ਤਾਂ ਵਿਭਾਗ ਵੱਲੋਂ ਰੱਦ ਕੀਤੇ ਗਏ ਸਨ ਜਾਂ ਕਰਦਾਤਾਵਾਂ ਵੱਲੋ ਦਸਤਾਵੇਜ਼ ਦਾਖਲ ਨਹੀ ਕੀਤੇ ਗਏ। ਬਾਕੀ ਰਹਿੰਦੇ 619 ਮਾਮਲਿਆਂ ਦੀ ਲੇਖਾ ਪ੍ਰੀਖਿਆ ਵੱਲੋਂ ਜਾਂਚ ਕੀਤੀ ਗਈ ਸੀ

14 ਅੰਮ੍ਰਿਤਸਰ-I (14), ਅੰਮ੍ਰਿਤਸਰ-II (14), ਬਰਨਾਲਾ (3), ਬਠਿੰਡਾ (12), ਫਰੀਦਕੋਟ (2), ਫਤਿਹਗੜ੍ਹ ਸਾਹਿਬ (3), ਫਾਜ਼ਿਲਕਾ (1), ਫਿਰੋਜ਼ਪੁਰ (2), ਜਲੰਧਰ-I (3), ਜਲੰਧਰ-II (75), ਕਪੂਰਥਲਾ (1), ਲੁਧਿਆਣਾ-I (162), ਲੁਧਿਆਣਾ-II (92), ਲੁਧਿਆਣਾ -III (164), ਮਾਨਸਾ (1), ਮੋਹਾਲੀ (42), ਮੁਕਤਸਰ (5), ਪਟਿਆਲਾ (6), ਰੋਪੜ (1) ਅਤੇ ਸੰਗਰੂਰ (7)

15 ਬਰਨਾਲਾ (3), ਫਰੀਦਕੋਟ (2), ਫਾਜ਼ਿਲਕਾ (1), ਫਿਰੋਜ਼ਪੁਰ (2) ਅਤੇ ਰੋਪੜ (1)

16 ਜਲੰਧਰ-I (3)

17 ਲੁਧਿਆਣਾ-II (ਉੱਤਰ ਦਿੱਤਾ: 34 ਪ੍ਰੀ-ਆਟੋਮੇਸ਼ਨ ਮਾਮਲੇ , ਉੱਤਰ ਨਹੀਂ ਦਿੱਤਾ: 58 ਪੋਸਟ-ਆਟੋਮੇਸ਼ਨ ਮਾਮਲੇ)

18 ਲੁਧਿਆਣਾ-II ਦੇ 58 ਮਾਮਲੇ ਪਹਿਲਾਂ ਹੀ ਵੱਖਰੇ ਤੌਰ ਤੇ ਦੱਸੇ ਜਾਣ ਕਾਰਣ ਇਸ ਸੰਖਿਆ ਵਿੱਚ ਸ਼ਾਮਲ ਨਹੀਂ ਹਨ

### 4.7.3 ਜ਼ੀਰੋ-ਰੇਟਡ ਸਪਲਾਈ ਦੇ ਕਾਰਨ ਆਰਜ਼ੀ ਰਿਫੰਡ ਦੀ ਮਨਜ਼ੂਰੀ ਵਿੱਚ ਦੇਰੀ

ਪੰਜਾਬ ਜੀ ਐਸ ਟੀ ਐਕਟ 2017 ਦੀ ਧਾਰਾ 54(6) ਨਿਰਧਾਰਤ ਕਰਦੀ ਹੈ ਕਿ ਰਜਿਸਟਰਡ ਵਿਅਕਤੀਆਂ ਦੁਆਰਾ ਵਸਤਾਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਜ਼ੀਰੋ-ਰੇਟਡ ਸਪਲਾਈ ਦੇ ਕਾਰਨ ਰਿਫੰਡ ਲਈ ਕਿਸੇ ਵੀ ਕਲੇਮ ਦੇ ਮਾਮਲੇ ਵਿੱਚ ਉਚਿਤ ਅਧਿਕਾਰੀ, ਆਰਜ਼ੀ ਆਧਾਰ 'ਤੇ ਰਿਫੰਡ ਕਰ ਸਕਦਾ ਹੈ, ਇਸ ਤਰ੍ਹਾਂ ਕਲੇਮ ਕੀਤੀ ਗਈ ਕੁੱਲ ਰਾਸ਼ੀ ਦਾ ਨੱਬੇ *ਪ੍ਰਤੀਸ਼ਤ* ਅਸਥਾਈ ਤੌਰ 'ਤੇ ਸਵੀਕਾਰ ਕੀਤੇ ਗਏ ਇਨਪੁਟ ਟੈਕਸ ਕ੍ਰੈਡਿਟ ਦੀ ਰਾਸ਼ੀ ਨੂੰ ਛੱਡ ਕੇ, ਅਜਿਹੇ ਢੰਗ ਨਾਲ ਅਤੇ ਅਜਿਹੀਆਂ ਸ਼ਰਤਾਂ, ਸੀਮਾਵਾਂ ਅਤੇ ਸੁਰੱਖਿਆ ਉਪਾਵਾਂ ਦੇ ਅਧੀਨ, ਜੋ ਕਿ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ ਅਤੇ ਇਸ ਤੋਂ ਬਾਅਦ ਰਿਫੰਡ ਦੇ ਕਲੇਮ ਦੇ ਅੰਤਮ ਨਿਪਟਾਰੇ ਲਈ ਬਿਨੈਕਾਰ ਦੁਆਰਾ ਪੇਸ਼ ਕੀਤੇ ਗਏ ਦਸਤਾਵੇਜ਼ ਦੀ ਬਣਦੀ ਤਸਦੀਕਣ ਤੋਂ ਬਾਅਦ ਆਰਡਰ ਕਰਦਾ ਹੈ। ਇਸ ਤੋਂ ਇਲਾਵਾ, ਪੰਜਾਬ ਜੀ ਐਸ ਟੀ ਨਿਯਮਾਵਲੀ 2017 ਦਾ ਨਿਯਮ 91 ਵਿਵਸਥਾ ਕਰਦਾ ਹੈ ਕਿ ਜ਼ੀਰੋ-ਰੇਟਡ ਸਪਲਾਈ ਦੇ ਕਾਰਣ ਆਰਜ਼ੀ ਰਿਫੰਡ ਇਸ ਸ਼ਰਤ ਦੇ ਅਧੀਨ ਦਿੱਤਾ ਜਾਵੇਗਾ ਕਿ ਰਿਫੰਡ ਦਾ ਕਲੇਮ ਕਰਨ ਵਾਲਾ ਵਿਅਕਤੀ ਤੇ, ਕਰ ਦੀ ਮਿਆਦ ਤੋਂ ਤੁਰੰਤ ਪਹਿਲਾਂ ਪੰਜ ਸਾਲਾਂ ਦੀ ਕਿਸੇ ਵੀ ਮਿਆਦ ਦੇ ਦੌਰਾਨ ਜਿਸ ਨਾਲ ਰਿਫੰਡ ਦੇ ਕਲੇਮ ਦਾ ਸਬੰਧ ਹੈ, ਐਕਟ ਦੇ ਅਧੀਨ ਜਾਂ ਮੌਜੂਦਾ ਕਾਨੂੰਨ ਦੇ ਅਧੀਨ ਕਿਸੇ ਅਪਰਾਧ ਲਈ ਮੁਕੱਦਮਾ ਨਹੀਂ ਚਲਾਇਆ ਗਿਆ ਹੈ ਜਿਥੇ ਟੈਕਸ ਚੋਰੀ ਦੀ ਰਾਸ਼ੀ ₹ 2.5 ਕਰੋੜ ਤੋਂ ਵੱਧ ਹੈ। ਇਸ ਤੋਂ ਬਾਅਦ, ਉਚਿਤ ਅਧਿਕਾਰੀ ਬਿਨੈ-ਪੱਤਰ ਅਤੇ ਪੇਸ਼ ਕੀਤੇ ਗਏ ਸਬੂਤਾਂ ਦੀ ਜਾਂਚ ਕਰੇਗਾ। ਪਹਿਲੀ ਨਜ਼ਰੇ ਸੰਤੁਸ਼ਟ ਹੋਣ 'ਤੇ, ਉਹ ਪਹੁੰਚ ਰਸੀਦ ਦੀ ਮਿਤੀ ਤੋਂ ਸੱਤ ਦਿਨਾਂ ਦੇ ਸਮੇਂ ਅੰਦਰ ਆਰਜ਼ੀ ਆਧਾਰ ਤੇ ਉਕਤ ਬਿਨੈਕਾਰ ਨੂੰ ਬਕਾਇਆ ਰਿਫੰਡ ਦੀ ਰਾਸ਼ੀ ਨੂੰ ਮਨਜ਼ੂਰੀ ਦਿੰਦੇ ਹੋਏ ਫਾਰਮ ਜੀ ਐਸ ਟੀ ਆਰ ਐਫ ਡੀ-04 ਵਿੱਚ ਇੱਕ ਆਰਜ਼ੀ ਰਿਫੰਡ ਆਦੇਸ਼ ਤਿਆਰ ਕਰੇਗਾ।

ਲੇਖਾ ਪ੍ਰੀਖਿਆ ਦੇ ਸਮੇਂ ਦੌਰਾਨ, 81 ਪ੍ਰੀ-ਆਟੋਮੇਸ਼ਨ[19] ਅਤੇ 130 ਪੋਸਟ-ਆਟੋਮੇਸ਼ਨ[20] ਰਿਫੰਡ ਮਾਮਲਿਆਂ ਦੀ ਜਾਂਚ ਕੀਤੀ ਗਈ ਸੀ ਜਿੱਥੇ 'ਵਸਤਾਂ ਜਾਂ ਸੇਵਾਵਾਂ' ਜਾਂ ਦੋਵਾਂ ਦੀ ਜ਼ੀਰੋ-ਰੇਟਡ ਸਪਲਾਈ ਦੇ ਕਾਰਣ ਰਿਫੰਡ ਜਾਰੀ ਕੀਤੇ ਗਏ ਸਨ ਅਤੇ ਇਹ ਦੇਖਿਆ ਗਿਆ ਸੀ ਕਿ ₹ 5.05 ਕਰੋੜ ਦੇ ਸ਼ਾਮਲ ਰਿਫੰਡ ਦੇ 10 ਮਾਮਲਿਆਂ[21] (4.74 *ਪ੍ਰਤੀਸ਼ਤ*) ਵਿੱਚ ਆਰਜ਼ੀ ਰਿਫੰਡ ਆਦੇਸ਼ ਜਾਰੀ ਕਰਨ ਵਿੱਚ 2 ਤੋਂ 24 ਦਿਨਾਂ ਤੱਕ ਦੇਰੀ ਹੋਈ ਸੀ ਅਤੇ ਇਹਨਾਂ ਮਾਮਲਿਆਂ ਵਿੱਚ ਔਸਤ ਸੱਤ ਦਿਨਾਂ ਦੀ ਦੇਰੀ ਹੋਈ ਸੀ। ਇਹ ਅੱਗੇ ਦੇਖਿਆ ਗਿਆ ਸੀ ਕਿ 63 ਪੋਸਟ-ਆਟੋਮੇਸ਼ਨ[22] ਰਿਫੰਡ ਕਲੇਮਾਂ (29.86 *ਪ੍ਰਤੀਸ਼ਤ*) ਵਿੱਚ ਆਰਜ਼ੀ ਰਿਫੰਡ ਮਨਜ਼ੂਰ ਨਹੀਂ ਕੀਤੇ ਗਏ ਸਨ। ਇਹਨਾਂ ਮਾਮਲਿਆਂ ਵਿੱਚ, ਇਹ ਦਰਸਾਉਣ ਲਈ ਰਿਕਾਰਡ ਵਿੱਚ ਕੁਝ ਵੀ ਨਹੀਂ ਸੀ ਕਿ ਇਹਨਾਂ

---

[19] ਲੁਧਿਆਣਾ-I (19), ਲੁਧਿਆਣਾ-II (13), ਲੁਧਿਆਣਾ -III (12), ਮੋਹਾਲੀ (25) ਅਤੇ ਪਟਿਆਲਾ (12)

[20] ਅੰਮ੍ਰਿਤਸਰ-II (7), ਫਰੀਦਕੋਟ (1), ਫਤਿਹਗੜ੍ਹ ਸਾਹਿਬ (2), ਹੁਸ਼ਿਆਰਪੁਰ (2), ਜਲੰਧਰ-I (6), ਜਲੰਧਰ-II (27), ਲੁਧਿਆਣਾ-I (19), ਲੁਧਿਆਣਾ-II (18), ਲੁਧਿਆਣਾ-III (22), ਮਾਨਸਾ (1), ਮੋਗਾ (8), ਮੋਹਾਲੀ (11), ਪਟਿਆਲਾ (4) ਅਤੇ ਸੰਗਰੂਰ (2)

[21] ਜਲੰਧਰ-II (4), ਲੁਧਿਆਣਾ-I (4) ਅਤੇ ਪਟਿਆਲਾ (2)

[22] ਅੰਮ੍ਰਿਤਸਰ-II (3), ਫਰੀਦਕੋਟ (1), ਹੁਸ਼ਿਆਰਪੁਰ (2), ਜਲੰਧਰ-I (2), ਜਲੰਧਰ-II (9), ਲੁਧਿਆਣਾ-I (14), ਲੁਧਿਆਣਾ-II (9), ਲੁਧਿਆਣਾ-III (17), ਮੋਗਾ (3), ਮੋਹਾਲੀ (2) ਅਤੇ ਪਟਿਆਲਾ (1)

ਕਰਦਾਤਾਵਾਂ ਨੇ ਪੰਜਾਬ ਜੀ ਐਸ ਟੀ ਨਿਯਮਾਵਲੀ 2017 ਦੇ ਨਿਯਮ 91 ਦੀ ਉਲੰਘਣਾ ਕੀਤੀ ਗਈ ਸੀ।

ਇਸ ਮਾਮਲੇ ਦੀ ਸੂਚਨਾ ਵਿਭਾਗ ਅਤੇ ਰਾਜ ਸਰਕਾਰ ਨੂੰ ਦਿੱਤੀ ਗਈ ਸੀ (ਮਾਰਚ ਅਤੇ ਮਈ 2021)। ਇੱਕ ਏ ਸੀ ਐਸ ਟੀ[23] ਨੇ ਦੋ ਮਾਮਲਿਆਂ ਵਿੱਚ ਆਰਜ਼ੀ ਰਿਫੰਡ (ਮਾਰਚ 2021) ਜਾਰੀ ਕਰਨ ਵਿੱਚ ਦੇਰੀ ਦੇ ਲੇਖਾ ਪ੍ਰੀਖਿਆ ਨਿਰੀਖਣ ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਭਵਿੱਖ ਵਿੱਚ ਨਿਰਧਾਰਤ ਸਮੇਂ ਦੇ ਅੰਦਰ ਆਰਜ਼ੀ ਰਿਫੰਡ ਆਦੇਸ਼ ਜਾਰੀ ਕੀਤਾ ਜਾਵੇਗਾ।

ਆਰਜ਼ੀ ਰਿਫੰਡ ਜਾਰੀ ਨਾ ਕਰਨ ਦੇ 23 ਮਾਮਲਿਆਂ ਵਿੱਚ ਚਾਰ ਏ ਸੀ ਐਸ ਟੀਜ਼[24] ਨੇ ਜਵਾਬ ਦਿੱਤਾ (ਅਪ੍ਰੈਲ 2021) ਕਿ ਰੈਵੀਨਿਊ ਦੀ ਸੁਰੱਖਿਆ ਲਈ ਜਲਦਬਾਜ਼ੀ ਵਿੱਚ ਸੱਤ ਦਿਨਾਂ ਵਿੱਚ 90 *ਪ੍ਰਤੀਸ਼ਤ* ਆਰਜ਼ੀ ਰਿਫੰਡ ਮਨਜ਼ੂਰ ਨਹੀ ਕੀਤੇ ਗਏ ਸਨ। ਕੁਝ ਮਾਮਲਿਆਂ ਵਿੱਚ ਕਰਦਾਤਾਵਾਂ ਦੀ ਅੰਦਰੂਨੀ ਸਪਲਾਈ ਲੜੀ ਨੂੰ ਇਹ ਯਕੀਨੀ ਬਣਾਉਣ ਲਈ ਤਸਦੀਕ ਕਰਨਾ ਸੀ ਕਿ ਕਲੇਮ ਸਹੀ ਸਨ, ਜੋ ਸਮਾਂ ਲੈਣ ਵਾਲੀ ਪ੍ਰਕਿਰਿਆ ਸੀ। ਇਸ ਲਈ, ਸਹੀ ਤਸਦੀਕਣ ਤੋਂ ਬਾਅਦ ਪੂਰੇ ਰਿਫੰਡ ਮਨਜ਼ੂਰ ਕੀਤੇ ਗਏ ਸਨ। ਇਸ ਤੋਂ ਇਲਾਵਾ ਜੇਕਰ, ਉਚਿਤ ਅਧਿਕਾਰੀ ਜ਼ੀਰੋ ਰੇਟਡ ਸਪਲਾਈ ਦੇ ਕਾਰਨ ਕਲੇਮ ਦੀ ਯੋਗਤਾ ਬਾਰੇ ਪੂਰੀ ਤਰ੍ਹਾਂ ਸੰਤੁਸ਼ਟ ਹੈ ਅਤੇ ਉਸ ਦੀ ਰਾਏ ਹੈ ਕਿ ਹੋਰ ਜਾਂਚ ਦੀ ਲੋੜ ਨਹੀ ਹੈ, ਤਾਂ ਉਚਿਤ ਅਧਿਕਾਰੀ ਫਾਰਮ ਜੀ ਐਸ ਟੀ ਆਰ ਐਫ ਡੀ-06 ਵਿੱਚ ਅੰਤਿਮ ਆਦੇਸ਼ ਜਾਰੀ ਕਰ ਸਕਦਾ ਹੈ। ਅਜਿਹੇ ਮਾਮਲਿਆਂ ਵਿੱਚ ਫਾਰਮ ਜੀ ਐਸ ਟੀ ਆਰ ਐਫ ਡੀ-04 ਵਿੱਚ ਆਰਜ਼ੀ ਰਿਫੰਡ ਜਾਰੀ ਕਰਨਾ ਜ਼ਰੂਰੀ ਨਹੀਂ ਹੋਵੇਗਾ। ਕਿਉਂਕਿ ਫਾਰਮ ਜੀ ਐਸ ਟੀ ਆਰ ਐਫ ਡੀ-06, 60 ਦਿਨਾਂ ਦੇ ਅੰਦਰ ਜਾਰੀ ਕੀਤਾ ਗਿਆ ਸੀ, ਇਸ ਵਿੱਚ ਕੋਈ ਦੇਰੀ ਨਹੀਂ ਸੀ। ਏ ਸੀ ਐਸ ਟੀਜ਼ ਦਾ ਜਵਾਬ ਪੰਜਾਬ ਜੀ ਐਸ ਟੀ ਨਿਯਮਾਂ ਦੇ ਉਪਬੰਧਾਂ ਨਾਲ ਮੇਲ ਨਹੀਂ ਖਾਂਦਾ ਸੀ। ਵਿਭਾਗ ਨੂੰ ਰੈਵੀਨਿਊ ਸੁਰੱਖਿਆ ਕਰਦੇ ਹੋਏ, ਰਿਫੰਡ ਪ੍ਰਕਿਰਿਆ ਦੀਆਂ ਸਮਾਂ-ਸੀਮਾਂਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ, ਉਹਨਾਂ ਮਾਮਲਿਆਂ ਵਿੱਚ ਆਰਜ਼ੀ ਰਿਫੰਡ ਕੀਤੇ ਜਾਣ ਦੀ ਲੋੜ ਨਹੀਂ ਸੀ ਜਿੱਥੇ ਰਸੀਦ ਪਹੁੰਚ ਜਾਰੀ ਕਰਨ ਦੇ ਸੱਤ ਦਿਨਾਂ ਦੇ ਅੰਦਰ ਅੰਤਮ ਰਿਫੰਡ ਆਦੇਸ਼ ਜਾਰੀ ਕੀਤੇ ਗਏ ਸਨ। ਧਿਆਨ ਵਿੱਚ ਲਿਆਂਦੇ ਗਏ ਮਾਮਲਿਆਂ ਵਿੱਚ, ਰਸੀਦ ਪਹੁੰਚ ਜਾਰੀ ਹੋਣ ਦੇ ਸੱਤ ਦਿਨਾਂ ਦੇ ਅੰਦਰ ਅੰਤਮ ਰਿਫੰਡ ਅਦੇਸ਼ ਜਾਰੀ ਨਹੀਂ ਕੀਤੇ ਗਏ ਸਨ।

ਸੱਤ ਏ ਸੀ ਐਸ ਟੀਜ਼ ਨਾਲ ਸਬੰਧਤ ਆਰਜ਼ੀ ਰਿਫੰਡ ਦੇ ਦੇਰੀ ਨਾਲ/ਨਾ-ਜਾਰੀ ਕਰਨ ਦੇ 48 ਮਾਮਲਿਆਂ ਦੇ ਸਬੰਧ ਵਿੱਚ ਉੱਤਰਾਂ ਦੀ ਉਡੀਕ ਸੀ (ਨਵੰਬਰ 2022)।

### 4.7.4 ਹਮਰੁਤਬਾ ਕਰ ਅਥਾਰਟੀ ਨੂੰ ਰਿਫੰਡ ਦੇ ਆਦੇਸ਼ਾਂ ਦੀ ਸੂਚਨਾ ਦੇਣ ਵਿੱਚ ਦੇਰੀ

ਸਰਕੂਲਰ ਨੰਬਰ 24/24/2017 ਜੀ ਐਸ ਟੀ ਮਿਤੀ 21 ਦਸੰਬਰ 2017 ਦੇ ਅਨੁਸਾਰ, ਕੇਂਦਰੀ ਕਰ ਅਥਾਰਟੀ ਜਾਂ ਰਾਜ ਕਰ/ਯੂ ਟੀ ਕਰ ਅਥਾਰਟੀ ਦੁਆਰਾ ਜਾਰੀ ਕੀਤੇ ਰਿਫੰਡ ਆਦੇਸ਼ਾਂ ਨੂੰ ਭੁਗਤਾਨ ਦੇ ਉਦੇਸ਼ ਲਈ ਸੱਤ ਕੰਮਕਾਜੀ ਦਿਨਾਂ ਦੇ ਅੰਦਰ ਸਬੰਧਤ ਹਮਰੁਤਬਾ ਕਰ ਅਥਾਰਟੀ ਨੂੰ ਕਰ ਜਾਂ

[23] ਪਟਿਆਲਾ (2)

[24] ਫਰੀਦਕੋਟ (1), ਲੁਧਿਆਣਾ-III (17), ਜਲੰਧਰ-I (2) ਅਤੇ ਮੋਗਾ (3)

ਸੈੱਸ, ਜਿਵੇਂ ਵੀ ਮਾਮਲਾ ਹੋਵੇ, ਦੀ ਸਬੰਧਤ ਪ੍ਰਵਾਨਿਤ ਰਿਫੰਡ ਰਾਸ਼ੀ ਲਈ ਸੂਚਿਤ ਕੀਤਾ ਜਾਵੇਗਾ। ਇਸ ਵਿੱਚ ਰਿਫੰਡ ਆਦੇਸ਼ਾਂ ਦੀ ਮਨਜ਼ੂਰੀ ਲਈ ਕ੍ਰਮਵਾਰ ਪੰਜਾਬ ਜੀ ਐਸ ਟੀ ਐਕਟ ਅਤੇ ਨਿਯਮਾਂਵਲੀ ਦੀ ਧਾਰਾ 54(7) ਅਤੇ ਨਿਯਮ 91(2) ਅਧੀਨ ਨਿਰਧਾਰਤ ਸਮਾਂ-ਸੀਮਾ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਵੀ ਦੁਹਰਾਇਆ ਗਿਆ ਸੀ।

ਲੇਖਾ ਪ੍ਰੀਖਿਆ ਦੇ ਸਮੇ ਦੌਰਾਨ, 282 ਪ੍ਰੀ-ਆਟੋਮੇਸ਼ਨ[25] ਰਿਫੰਡ ਮਾਮਲਿਆਂ ਦੀ ਜਾਂਚ ਕੀਤੀ ਗਈ ਸੀ ਜਿੱਥੇ ਸੀ ਜੀ ਐਸ ਟੀ/ਆਈ ਜੀ ਐਸ ਟੀ ਦਾ ਰਿਫੰਡ ਮਨਜ਼ੂਰ ਕੀਤਾ ਗਿਆ ਸੀ ਅਤੇ ਰਿਫੰਡ ਜਾਰੀ ਕਰਨ ਲਈ ਰਾਜ ਕਰ ਅਥਾਰਟੀ ਦੁਆਰਾ ਹਮਰੁਤਬਾ ਕੇਂਦਰੀ ਕਰ ਅਥਾਰਟੀ ਨੂੰ ਸੂਚਨਾ ਭੇਜਣ ਦੀ ਲੋੜ ਸੀ। ਇਹ ਦੇਖਿਆ ਗਿਆ ਸੀ ਕਿ ₹ 12.21 ਕਰੋੜ ਦੇ ਸ਼ਾਮਲ ਰਿਫੰਡ ਦੇ 75 ਮਾਮਲਿਆਂ[26] (26.60 *ਪ੍ਰਤੀਸ਼ਤ*) ਵਿੱਚ 2 ਤੋਂ 275 ਦਿਨਾਂ ਤੱਕ ਸੂਚਨਾ ਜਾਰੀ ਕਰਨ ਵਿੱਚ ਦੇਰੀ ਹੋਈ ਸੀ, ਇਹਨਾਂ ਮਾਮਲਿਆਂ ਵਿੱਚ ਔਸਤ ਦੇਰੀ 26 ਦਿਨ ਸੀ। ਇਨ੍ਹਾਂ ਵਿੱਚੋਂ ₹ 11.88 ਕਰੋੜ ਦੇ ਸ਼ਾਮਲ ਰਿਫੰਡ ਦੇ 71 ਮਾਮਲਿਆਂ ਵਿੱਚ ਕ੍ਰਮਵਾਰ 1 ਦਿਨ ਤੋਂ 3 ਮਹੀਨੇ ਦੀ ਦੇਰੀ ਹੋਈ ਸੀ, ₹ 0.07 ਕਰੋੜ ਦੇ ਸ਼ਾਮਲ ਰਿਫੰਡ ਦੇ ਦੋ ਮਾਮਲਿਆਂ ਵਿੱਚ 3 ਤੋਂ 6 ਮਹੀਨੇ ਦੀ ਦੇਰੀ ਹੋਈ ਸੀ ਅਤੇ ₹ 0.26 ਕਰੋੜ ਦੇ ਸ਼ਾਮਲ ਰਿਫੰਡ ਦੇ ਦੋ ਮਾਮਲਿਆਂ ਵਿੱਚ ਛੇ ਮਹੀਨੇ ਤੋਂ ਵੱਧ ਦੇਰੀ ਹੋਈ ਸੀ। ਇਸ ਤਰ੍ਹਾਂ, ਵਿਭਾਗ ਸੂਚਨਾ ਜਾਰੀ ਕਰਨ ਦੀਆਂ ਸਮਾਂ-ਸੀਮਾਵਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਿਹਾ ਜਿਵੇਂ ਕਿ ਉਪਰੋਕਤ ਨਿਯਮਾਂ ਵਿੱਚ ਨਿਰਧਾਰਤ ਕੀਤਾ ਗਿਆ ਹੈ।

ਇਸ ਮਾਮਲੇ ਦੀ ਸੂਚਨਾ ਵਿਭਾਗ ਅਤੇ ਰਾਜ ਸਰਕਾਰ ਨੂੰ (ਜਨਵਰੀ 2021 ਅਤੇ ਮਈ 2021 ਦੇ ਵਿਚਕਾਰ) ਦਿੱਤੀ ਗਈ ਸੀ। ਇੱਕ ਏ ਸੀ ਐਸ ਟੀ[27] ਨੇ 29 ਮਾਮਲਿਆਂ ਵਿੱਚ ਲੇਖਾ ਪ੍ਰੀਖਿਆ ਨਿਰੀਖਣ (ਜਨਵਰੀ 2021) ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਦੇਰੀ ਹਮਰੁਤਬਾ ਕਰ ਅਥਾਰਟੀ ਦੁਆਰਾ ਸੂਚਿਤ ਕੀਤੀਆਂ ਗਈਆਂ ਵਿਸੰਗਤੀਆਂ ਦੇ ਕਾਰਨ ਸੀ ਜਦੋਂ ਸਬੰਧਤ ਡੀਲਰਾਂ ਦੁਆਰਾ ਰਿਫੰਡ ਦੀ ਪ੍ਰਕਿਰਿਆ ਲਈ ਉਹਨਾਂ ਤੱਕ ਪਹੁੰਚ ਕੀਤੀ ਗਈ ਸੀ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਲੇਖਾ ਪ੍ਰੀਖਿਆ ਨੇ ਅੰਤਿਮ ਰਿਫੰਡ ਆਦੇਸ਼ (ਆਰ ਐਫ ਡੀ-06) ਦੀ ਮਨਜ਼ੂਰੀ ਦੀ ਮਿਤੀ ਤੋਂ ਬਾਅਦ ਦੇਰੀ ਦੀ ਆਂਕਣਾ ਕੀਤੀ ਸੀ।

ਇੱਕ ਏ ਸੀ ਐਸ ਟੀ ਨਾਲ ਸਬੰਧਤ 46 ਮਾਮਲਿਆਂ ਦੇ ਸਬੰਧ ਵਿੱਚ ਜਵਾਬ ਦੀ ਉਡੀਕ ਸੀ (ਨਵੰਬਰ 2022)।

---

25 619 ਮਾਮਲਿਆਂ ਵਿੱਚੋਂ 466 ਵਿੱਚ, ਸੀ ਜੀ ਐਸ ਟੀ/ਆਈ ਜੀ ਐਸ ਟੀ ਦੇ ਰਿਫੰਡ ਦੀ ਮਨਜ਼ੂਰੀ ਦਿੱਤੀ ਗਈ ਸੀ ਅਤੇ ਰਾਜ ਕਰ ਅਥਾਰਟੀ ਵੱਲੋਂ ਹਮਰੁਤਬਾ ਕੇਂਦਰੀ ਕਰ ਅਥਾਰਟੀ ਨੂੰ ਸੂਚਿਤ ਕਰਨਾ ਲੋੜੀਂਦਾ ਸੀ। 184 ਮਾਮਲਿਆਂ ਵਿੱਚ ਸੰਚਾਰ ਸੰਬਧੀ ਸੂਚਨਾ ਰਿਕਾਰਡ ਤੇ ਨਹੀ ਪਾਈ ਗਈ ਸੀ। ਬਾਕੀ ਰਹਿੰਦੇ 282 ਮਾਮਲਿਆਂ ਦੀ ਲੇਖਾ ਪ੍ਰੀਖਿਆ ਵੱਲੋ ਜਾਂਚ ਕੀਤੀ ਗਈ ਸੀ

26 ਲੁਧਿਆਣਾ-I (46), ਲੁਧਿਆਣਾ-II (29)

27 ਲੁਧਿਆਣਾ-II (29)

### 4.7.5 ਵਾਧੂ ਰਿਫੰਡ ਦੀ ਮਨਜ਼ੂਰੀ

ਲੇਖਾ ਪ੍ਰੀਖਿਆ ਦੇ ਸਮੇਂ ਦੌਰਾਨ, ਲੇਖਾ ਪ੍ਰੀਖਿਆ ਵਿੱਚ 619 ਪ੍ਰੀ-ਆਟੋਮੇਸ਼ਨ ਅਤੇ 1,002 ਪੋਸਟ-ਆਟੋਮੇਸ਼ਨ ਰਿਫੰਡ ਮਾਮਲਿਆਂ ਦੀ ਜਾਂਚ ਕੀਤੀ ਗਈ ਸੀ ਅਤੇ ਇਹ ਦੇਖਿਆ ਸੀ ਕਿ ਸੱਤ ਮਾਮਲਿਆਂ (0.43 *ਪ੍ਰਤੀਸ਼ਤ*) ਵਿੱਚ ₹ 15.28 ਲੱਖ ਦਾ ਵਾਧੂ ਰਿਫੰਡ ਸੀ ਜਿਵੇਂ ਕਿ ਹੇਠਾਂ ਉਪ-ਪੈਰ੍ਹਾ ੳ ਤੋਂ ੲ ਵਿੱਚ ਵੇਰਵਾ ਦਿੱਤਾ ਗਿਆ ਹੈ:

*(ੳ)* ਸਰਕੂਲਰ ਨੰਬਰ 59/33/2018-ਜੀ ਐਸ ਟੀ ਮਿਤੀ 4 ਸਤੰਬਰ 2018 ਦੇ ਅਨੁਸਾਰ, ਰਿਫੰਡ ਦਾ ਕਲੇਮ ਉਸ ਸਬੰਧਤ ਸਮੇਂ ਲਈ ਫਾਰਮ ਜੀ ਐਸ ਟੀ ਆਰ-2ਏ ਦੇ ਨਾਲ ਹੋਵੇਗਾ ਜਿਸ ਲਈ ਦਾਅਵੇਦਾਰ ਦੁਆਰਾ ਰਿਫੰਡ ਦਾ ਕਲੇਮ ਕੀਤਾ ਗਿਆ ਸੀ। ਉਚਿਤ ਅਧਿਕਾਰੀ ਸਬੰਧਤ ਸਪਲਾਇਰ ਦੁਆਰਾ ਸਪਲਾਈ ਦੇ ਖਾਤੇ ਦੇ ਸਬੂਤ ਵਜੋਂ ਫਾਰਮ ਜੀ ਐਸ ਟੀ ਆਰ-2ਏ 'ਤੇ ਭਰੋਸਾ ਕਰੇਗਾ ਜਿਸ ਦੇ ਸਬੰਧ ਵਿੱਚ ਦਾਅਵੇਦਾਰ ਦੁਆਰਾ ਇਨਪੁਟ ਟੈਕਸ ਕ੍ਰੈਡਿਟ ਦਾ ਲਾਭ ਲਿਆ ਗਿਆ ਹੈ। ਇਸ ਤੋਂ ਇਲਾਵਾ, ਸਰਕੂਲਰ ਨੰਬਰ 79/53/2018- ਜੀ ਐਸ ਟੀ ਮਿਤੀ 31 ਦਸੰਬਰ 2018 ਦੇ ਅਨੁਸਾਰ, ਇਹ ਸਪੱਸ਼ਟ ਕੀਤਾ ਗਿਆ ਸੀ ਕਿ ਇਨਵਾਇਸਜ਼ ਦੇ ਨਾਲ ਸਮਰਥਿਤ ਉਪਰੋਕਤ ਵਿਵਰਣੀ ਨੂੰ ਅਧਿਕਾਰ ਖੇਤਰ ਦੇ ਉਚਿਤ ਅਧਿਕਾਰੀ ਦੇ ਦਫ਼ਤਰ ਵਿੱਚ ਭੌਤਿਕ ਤੌਰ 'ਤੇ ਜਮ੍ਹਾਂ ਕਰਾਉਣ ਦੀ ਲੋੜ ਨਹੀਂ ਹੈ ਪਰ ਸਿਰਫ ਇਲੈਕਟ੍ਰਾਨਿਕ ਤੌਰ 'ਤੇ ਨਿਰਧਾਰਤ ਫਾਰਮ 'ਜੀ ਐਸ ਟੀ ਆਰ ਐਫ ਡੀ-01ਏ' ਵਿੱਚ ਰਿਫੰਡ ਫਾਈਲ ਕਰਨ ਦੇ ਸਮੇਂ ਆਮ ਪੋਰਟਲ 'ਤੇ ਅਪਲੋਡ ਕੀਤਾ ਜਾਵੇਗਾ।

ਤਿੰਨ ਪ੍ਰੀ-ਆਟੋਮੇਸ਼ਨ[28] ਮਾਮਲਿਆਂ ਵਿੱਚ ਇਹ ਦੇਖਿਆ ਗਿਆ ਸੀ ਕਿ ਜੀ ਐਸ ਟੀ ਆਰ 2ਏ ਦੇ ਅਨੁਸਾਰ ਇਨਪੁਟ ਟੈਕਸ ਕ੍ਰੈਡਿਟ ₹ 1.14 ਕਰੋੜ ਸੀ, ਜਦੋਂ ਕਿ ਡੀਲਰਾਂ ਨੇ ਰਿਫੰਡ ਬਿਨੈ ਪੱਤਰ (ਆਰ ਐਫ ਡੀ-01ਏ) ਵਿੱਚ ਇਨਪੁਟ ਟੈਕਸ ਕ੍ਰੈਡਿਟ ₹ 1.29 ਕਰੋੜ ਦਿਖਾਇਆ ਸੀ। ਇਨਵਾਇਸਜ਼ ਇਲੈਕਟ੍ਰਾਨਿਕ ਤੌਰ 'ਤੇ ਅਪਲੋਡ ਕੀਤੇ ਨਹੀਂ ਪਾਏ ਗਏ ਸਨ ਅਤੇ ਇਨਪੁਟ ਟੈਕਸ ਕ੍ਰੈਡਿਟ ਦੀ ਮਿਸਮੈਚ ਰਿਪੋਰਟ ਰਿਕਾਰਡ 'ਤੇ ਉਪਲਬਧ ਨਹੀਂ ਸੀ। ਜੀ ਐਸ ਟੀ ਆਰ-2ਏ ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਦੇ ਅਨੁਸਾਰ, ਡੀਲਰ ₹ 26.70 ਲੱਖ ਦੇ ਰਿਫੰਡ ਲਈ ਯੋਗ ਸਨ, ਜਦੋਂ ਕਿ ₹ 41.15 ਲੱਖ ਦੇ ਰਿਫੰਡ ਦੀ ਆਗਿਆ ਦਿੱਤੀ ਗਈ ਸੀ ਜਿਸ ਦੇ ਨਤੀਜੇ ਵਜੋਂ ₹ 14.45 ਲੱਖ ਦਾ ਵਾਧੂ ਰਿਫੰਡ ਦਿੱਤਾ ਗਿਆ ਜਿਵੇਂ ਕਿ **ਸਾਰਣੀ** 4.2 ਵਿੱਚ ਦਿੱਤਾ ਗਿਆ ਹੈ।

---

[28] ਲੁਧਿਆਣਾ-II (3)

### ਸਾਰਣੀ 4.2: ਵਾਧੂ ਰਿਫੰਡ ਰਾਸ਼ੀ ਦੀ ਮਨਜ਼ੂਰੀ

*(₹ ਲੱਖ ਵਿੱਚ)*

| ਏ ਆਰ ਐਨ ਨੰ. ਅਤੇ ਮਿਤੀ | ਆਰ ਐਫ ਡੀ-01ਏ ਅਨੁਸਾਰ ਆਈ ਟੀ ਸੀ | ਜੀ ਐਸ ਟੀ ਆਰ-2ਏ ਅਨੁਸਾਰ ਆਈ ਟੀ ਸੀ | ਆਗਿਆਯੋਗ[29] ਰਿਫੰਡ | ਰਿਫੰਡ ਦੀ ਦਿੱਤੀ ਗਈ ਆਗਿਆ | ਵਾਧੂ ਰਿਫੰਡ ਦੀ ਦਿੱਤੀ ਗਈ ਆਗਿਆ |
|---|---|---|---|---|---|
| ਏਏ0307190190397 ਮਿਤੀ 27.7.2019 | 57.93 | 55.48 | 9.95 | 12.27 | 2.32 |
| ਏਏ030819007272ਐਫ ਮਿਤੀ 10.8.2019 | 12.11 | 11.23 | 4.18 | 5.05 | 0.87 |
| ਏਏ030719000229ਐਫ ਮਿਤੀ 1.7.2019 | 58.94 | 47.68 | 12.57 | 23.83 | 11.26 |
| **ਜੋੜ** | **128.98** | **114.39** | **26.70** | **41.15** | **14.45** |

*(ਅ)* ਅਸਿੱਧੇ ਕਰਾਂ ਅਤੇ ਕਸਟਮ ਦਾ ਕੇਂਦਰੀ ਬੋਰਡ (ਸੀ ਬੀ ਆਈ ਸੀ) ਨੇ ਨਿਰਯਾਤ ਸੰਬੰਧੀ ਰਿਫੰਡ ਮੁੱਦਿਆਂ 'ਤੇ ਸਰਕੂਲਰ ਨੰਬਰ 37/11/2018-ਜੀ ਐੱਸ ਟੀ ਮਿਤੀ 15 ਮਾਰਚ 2018 ਰਾਹੀਂ ਸਪੱਸ਼ਟ ਕੀਤਾ, ਕਿ ਜਿੱਥੇ ਵਸਤਾਂ ਦੇ ਨਿਰਯਾਤ ਕਰਕੇ ਅਣਵਰਤੀ ਆਈ ਟੀ ਸੀ ਦੇ ਰਿਫੰਡ ਦਾ ਕਲੇਮ ਕੀਤਾ ਜਾਂਦਾ ਹੈ ਅਤੇ ਕਰ ਇਨਵਾਇਸ ਵਿੱਚ ਘੋਸ਼ਿਤ ਮੁੱਲ ਸਬੰਧਤ ਸ਼ਿਪਿੰਗ ਬਿੱਲ ਵਿੱਚ ਘੋਸ਼ਿਤ ਨਿਰਯਾਤ ਮੁੱਲ ਤੋਂ ਵੱਖਰਾ ਹੈ, ਤਾਂ ਇਹਨਾਂ ਦੋ ਕੀਮਤਾਂ ਵਿੱਚੋਂ ਘੱਟ ਵਾਲੇ ਰਿਫੰਡ ਨੂੰ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ।

ਇਹ ਦੇਖਿਆ ਗਿਆ ਕਿ 130 ਪੋਸਟ-ਆਟੋਮੇਸ਼ਨ ਰਿਫੰਡ ਮਾਮਲੇ ਵਸਤਾਂ ਦੇ ਨਿਰਯਾਤ ਦੇ ਕਾਰਨ ਅਣਵਰਤੀ ਆਈ ਟੀ ਸੀ ਦੇ ਵਿਰੁੱਧ ਸਨ। ਇਹਨਾਂ ਮਾਮਲਿਆਂ ਦੀ ਜਾਂਚ ਕਰਨ 'ਤੇ ਪੋਸਟ-ਆਟੋਮੇਸ਼ਨ ਰਿਫੰਡ ਦੇ ਤਿੰਨ[30] ਮਾਮਲਿਆਂ ਵਿੱਚ ਦੇਖਿਆ ਗਿਆ ਸੀ ਕਿ ਜੀ ਐਸ ਟੀ ਇਨਵਾਇਸਜ਼ ਅਤੇ ਸੰਬੰਧਿਤ ਸ਼ਿਪਿੰਗ ਬਿੱਲਾਂ ਵਿੱਚ ਘੋਸ਼ਿਤ ਕੀਤੀਆਂ ਗਈਆਂ ਵਸਤਾਂ ਦੀਆਂ ਉਚ ਕੀਮਤਾਂ 'ਤੇ ਰਿਫੰਡ ਜਾਰੀ ਕੀਤੇ ਗਏ ਸਨ ਜਦੋਂ ਕਿ ਇਹਨਾਂ ਦੋ ਕੀਮਤਾਂ ਵਿੱਚੋ ਘੱਟ ਕੀਮਤ ਤੇ ਰਿਫੰਡ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਸੀ। ਇਸ ਗਲਤੀ ਦੇ ਨਤੀਜੇ ਵਜੋਂ ₹ 0.37 ਲੱਖ[31] ਦਾ ਵਾਧੂ ਰਿਫੰਡ ਦਿੱਤਾ ਗਿਆ।

*(ੲ)* ਪੰਜਾਬ ਜੀ ਐਸ ਟੀ ਐਕਟ 2017 ਦੀ ਧਾਰਾ 54(3) ਦੇ ਅਨੁਸਾਰ, ਇੱਕ ਰਜਿਸਟਰਡ ਵਿਅਕਤੀ ਕਿਸੇ ਵੀ ਕਰ ਮਿਆਦ ਦੇ ਅੰਤ ਵਿੱਚ ਕਿਸੇ ਅਣਵਰਤੇ ਇਨਪੁਟ ਟੈਕਸ ਕ੍ਰੈਡਿਟ (ਆਈ ਟੀ ਸੀ) ਦੇ ਰਿਫੰਡ ਦਾ ਕਲੇਮ ਕਰ ਸਕਦਾ ਹੈ ਜਿਥੇ ਆਉਟਪੁੱਟ ਸਪਲਾਈ (ਭਾਵ

---

29 ਇਨਵਰਟਡ ਰੇਟਡ ਸਪਲਾਈ ਦੀ ਟਰਨਓਵਰ x ਨਿਰੋਲ ਇਨਪੁਟ ਟੈਕਸ ਕ੍ਰੈਡਿਟ (–) ਇਨਵਰਟਡ ਰੇਟਡ ਸਪਲਾਈ 'ਤੇ ਭੁਗਤਾਨਯੋਗ ਕਰ
ਸਮਾਯੋਜਿਤ ਟਰਨਓਵਰ

30 ਅੰਮ੍ਰਿਤਸਰ-II (1), ਲੁਧਿਆਣਾ-II (1) ਅਤੇ ਮੋਹਾਲੀ (1)

31 ਏ ਆਰ ਐਨ: ਏਏ0301200029333 (ਆਈ ਜੀ ਐਸ ਟੀ- ₹ 10,516, ਸੀ ਜੀ ਐਸ ਟੀ – ₹ 5,132, ਐਸ ਜੀ ਐਸ ਟੀ ₹ 5,132), ਏ ਆਰ ਐਨ: ਏਏ031119004790ਐਨ (ਐਸ ਜੀ ਐਸ ਟੀ ₹ 8,082), ਏ ਆਰ ਐਨ: ਏਏ 030120001899ੳ (ਸੀ ਜੀ ਐਸ ਟੀ ₹ 3,972, ਐਸ ਜੀ ਐਸ ਟੀ ₹ 3,972)

ਇਨਵਰਟਡ ਡਿਊਟੀ ਢਾਂਚਾ) ਤੇ ਕਰ ਦੀ ਦਰ ਤੋਂ ਵੱਧ ਇਨਪੁਟਸ 'ਤੇ ਟੈਕਸ ਦੀ ਦਰ ਕਾਰਣ ਕ੍ਰੈਡਿਟ ਇੱਕਠਾ ਹੋਇਆ ਹੈ। ਇਸ ਤੋਂ ਇਲਾਵਾ, ਪੰਜਾਬ ਜੀ ਐਸ ਟੀ ਨਿਯਮਾਂਵਲੀ 2017 ਦਾ ਨਿਯਮ 89(5) ਇਨਵਰਟਡ ਡਿਊਟੀ ਢਾਂਚੇ ਦੇ ਕਾਰਣ ਅਣਵਰਤੀ ਆਈ ਟੀ ਸੀ ਦੇ ਵੱਧ ਤੋਂ ਵੱਧ ਰਿਫੰਡ ਲਈ ਫਾਰਮੂਲਾ ਨਿਰਧਾਰਤ ਕਰਦਾ ਹੈ। ਨਿਯਮ ਦੇ ਅਨੁਸਾਰ, ਨਿਰੋਲ ਆਈ ਟੀ ਸੀ ਵਿੱਚ ਸਬੰਧਿਤ ਸਮੇਂ ਦੇ ਦੌਰਾਨ ਸਿਰਫ਼ ਇਨਪੁਟਸ 'ਤੇ ਲਾਭ ਲਿਆ ਗਿਆ ਇਨਪੁਟ ਟੈਕਸ ਕ੍ਰੈਡਿਟ ਸ਼ਾਮਲ ਹੁੰਦਾ ਹੈ ਅਤੇ ਇਨਪੁਟ ਸੇਵਾਵਾਂ ਜਾਂ ਪੂੰਜੀ ਵਸਤਾਂ 'ਤੇ ਲਾਭ ਲਿਆ ਗਿਆ ਕ੍ਰੈਡਿਟ ਸ਼ਾਮਲ ਨਹੀਂ ਹੁੰਦਾ। ਸਰਕੂਲਰ ਨੰ. 125/44/2019–ਜੀ ਐਸ ਟੀ ਮਿਤੀ 18 ਨਵੰਬਰ 2019 ਵੀ ਸ਼ਪੱਸ਼ਟ ਕਰਦਾ ਹੈ ਕਿ ਕਾਨੂੰਨ ਦਾ ਉਦੇਸ਼ ਇਨੁਪਟ ਸੇਵਾਂਵਾ ਜਾ ਪੂੰਜੀ ਵਸਤਾਂ 'ਤੇ ਅਦਾ ਕੀਤੇ ਕਰ ਦੇ ਰਿਫੰਡ ਦੀ ਇਨਵਰਟਡ ਡਿਊਟੀ ਢਾਂਚੇ ਦੇ ਮਾਮਲੇ ਵਿੱਚ ਅਣਵਰਤੇ ਇਨਪੁਟ ਟੈਕਸ ਕ੍ਰੈਡਿਟ ਦੇ ਰਿਫੰਡ ਦੇ ਹਿੱਸੇ ਵਜੋਂ ਆਗਿਆ ਨਹੀਂ ਦੇਣਾ ਹੈ। ਅੱਗੇ ਇਨਵਰਟਡ ਕਰ ਢਾਂਚੇ ਦੇ ਕਾਰਨ ਇਕਠੇ ਹੋਏ ਅਣਵਰਤੇ ਆਈ ਟੀ ਸੀ ਦੇ ਰਿਫੰਡ ਲਈ, ਬਿਨੈਪੱਤਰ ਦੇ ਨਾਲ ਇਨਵਾਇਸਜ਼ ਦੀ ਇੱਕ ਵਿਵਰਣੀ ਜਮ੍ਹਾਂ ਕੀਤੀ ਜਾਂਦੀ ਹੈ। ਇਸ ਵਿਵਰਣੀ ਵਿੱਚ ਕਰਦਾਤਾ ਘੋਸ਼ਣਾ ਕਰਦਾ ਹੈ ਕਿ ਕੀ ਆਈ ਟੀ ਸੀ ਇਨਪੁਟਸ ਜਾਂ ਹੋਰ 'ਤੇ ਯੋਗ ਸੀ।

ਇਹ ਦੇਖਿਆ ਗਿਆ ਸੀ ਕਿ 811 ਪੋਸਟ–ਆਟੋਮੇਸ਼ਨ ਰਿਫੰਡ ਮਾਮਲੇ ਇਨਵਰਟਡ ਡਿਊਟੀ ਢਾਂਚੇ ਦੇ ਕਾਰਨ ਸਨ। ਇਹਨਾਂ ਮਾਮਲਿਆਂ ਦੀ ਜਾਂਚ ਕਰਨ 'ਤੇ, ਇੱਕ ਮਾਮਲੇ[32] ਵਿੱਚ ਇਹ ਦੇਖਿਆ ਗਿਆ ਸੀ ਕਿ ₹ 22.93 ਲੱਖ ਦੀ ਰਿਫੰਡ ਦੀ ਇਜਾਜ਼ਤ ਦਿੱਤੀ ਗਈ ਸੀ ਜਿਸ ਵਿੱਚ ਇਨਪੁਟ ਸੇਵਾਵਾਂ 'ਤੇ ₹ 0.63 ਲੱਖ ਦੀ ਆਈ ਟੀ ਸੀ ਸ਼ਾਮਲ ਸੀ। ਇਨਪੁਟ ਸੇਵਾਵਾਂ ਦਾ ਆਈ ਟੀ ਸੀ ਰਿਫੰਡ ਲਈ ਸਵੀਕਾਰਯੋਗ ਨਹੀਂ ਸੀ ਅਤੇ ਇਸਨੂੰ ਅਸਵੀਕਾਰ ਕੀਤੇ ਜਾਣ ਦੀ ਲੋੜ ਸੀ। ਹਾਲਾਂਕਿ, ਰਿਫੰਡ ਦੀ ਆਗਿਆ ਦੇਣ ਤੋਂ ਪਹਿਲਾਂ ਵਿਭਾਗ ਦੁਆਰਾ ਇਸ ਰਾਸ਼ੀ ਨੂੰ ਬਾਹਰ ਨਹੀਂ ਰੱਖਿਆ ਗਿਆ ਸੀ ਜਿਸ ਦੇ ਨਤੀਜੇ ਵਜੋਂ ₹ 0.46 ਲੱਖ[33] ਦੀ ਵਾਧੂ ਗ੍ਰਾਂਟ ਰਿਫੰਡ ਹੋ ਗਈ ਸੀ।

ਤਿੰਨ ਏ ਸੀ ਐਸ ਟੀਜ਼ ਨਾਲ ਸਬੰਧਤ ਸਾਰੇ ਸੱਤ ਮਾਮਲਿਆਂ ਦੇ ਸਬੰਧ ਵਿੱਚ ਜਵਾਬ ਦੀ ਉਡੀਕ ਸੀ (ਨਵੰਬਰ 2022)।

### 4.7.6 ਕਰਦਾਤਾ ਦੇ ਖਾਤੇ ਵਿੱਚ ਐਸ ਜੀ ਐਸ ਟੀ ਦਾ ਦੇਰੀ ਨਾਲ/ਨਾ–ਕ੍ਰੈਡਿਟ ਹੋਣਾ

ਪੰਜਾਬ ਜੀ ਐਸ ਟੀ ਐਕਟ 2017 ਦੀ ਧਾਰਾ 54(7) ਦੇ ਅਨੁਸਾਰ, ਜੀ ਐਸ ਟੀ ਰਿਫੰਡ ਨੂੰ ਕਲੇਮ ਦੀ ਹਰ ਪੱਖੋਂ ਮੁਕੰਮਲ ਅਰਜ਼ੀ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਮਨਜ਼ੂਰੀ ਦਿੱਤੀ ਜਾਣੀ ਹੈ। ਇਸ ਤੋਂ ਇਲਾਵਾ, ਉਕਤ ਐਕਟ ਦੀ ਧਾਰਾ 56 ਇਹ ਵਿਵਸਥਾ ਕਰਦੀ ਹੈ ਕਿ ਜੇਕਰ ਬਿਨੈਕਾਰ ਨੂੰ ਰਿਫੰਡ ਕੀਤੇ ਜਾਣ ਵਾਲੇ ਕਿਸੇ ਵੀ ਕਰ ਦੇ ਆਦੇਸ਼ ਨੂੰ ਬਿਨੈ–ਪੱਤਰ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਰਿਫੰਡ ਨਹੀਂ ਕੀਤਾ ਜਾਂਦਾ ਹੈ ਤਾਂ ਛੇ *ਪ੍ਰਤੀਸ਼ਤ* ਦੀ ਦਰ ਤੇ ਵਿਆਜ ਭੁਗਤਾਨਯੋਗ ਹੋਵੇਗਾ। ਇਸ ਤੋਂ ਇਲਾਵਾ, ਇਹ ਸਪੱਸ਼ਟ ਕੀਤਾ ਗਿਆ ਸੀ ਕਿ ਕੋਈ ਵੀ ਕਰ ਉਦੋਂ

---

32 ਲੁਧਿਆਣਾ-II (1)

33 ਏ ਆਰ ਐਨ: ਏਏ031119006049ਐਮ (ਆਈ ਜੀ ਐਸ ਟੀ ₹ 20,048, ਸੀ ਜੀ ਐਸ ਟੀ ₹ 12,964, ਐਸ ਜੀ ਐਸ ਟੀ ₹ 12,964)

ਹੀ ਵਾਪਸ ਕੀਤਾ ਗਿਆ ਮੰਨਿਆ ਜਾਵੇਗਾ ਜਦੋਂ ਰਾਸ਼ੀ ਦਾਅਵੇਦਾਰ ਦੇ ਬੈਂਕ ਖਾਤੇ ਵਿੱਚ ਜਮ੍ਹਾਂ ਹੋ ਗਈ ਹੈ।

ਲੇਖਾ ਪ੍ਰੀਖਿਆ ਦੇ ਸਮੇਂ ਦੇ ਦੌਰਾਨ, 619 ਪ੍ਰੀ-ਆਟੋਮੇਸ਼ਨ ਰਿਫੰਡ ਮਾਮਲਿਆਂ ਦੀ ਜਾਂਚ ਕੀਤੀ ਗਈ ਸੀ ਜਿਨ੍ਹਾਂ ਵਿੱਚੋਂ 507 ਮਾਮਲਿਆਂ ਵਿੱਚ ਐਸ ਜੀ ਐਸ ਟੀ ਦਾ ਰਿਫੰਡ ਸ਼ਾਮਲ ਸੀ। ₹ 11.27 ਕਰੋੜ ਦੇ ਸ਼ਾਮਲ ਰਿਫੰਡ ਦੇ 94 ਮਾਮਲਿਆਂ[34] (18.54 *ਪ੍ਰਤੀਸ਼ਤ)* ਵਿੱਚ ਇਹ ਦੇਖਿਆ ਗਿਆ ਸੀ ਕਿ ਭਾਵੇਂ ਰਿਫੰਡ ਦੀ ਪ੍ਰਕਿਰਿਆ 60 ਦਿਨਾਂ ਦੇ ਅੰਦਰ ਕੀਤੀ ਗਈ ਸੀ, ਕਰਦਾਤਾ ਦੇ ਖਾਤਿਆਂ ਵਿੱਚ ਰਿਫੰਡ ਦੇ ਕ੍ਰੈਡਿਟ ਵਿੱਚ ਔਸਤ 74 ਦਿਨਾਂ ਦੀ ਦੇਰੀ ਨਾਲ 2 ਤੋਂ 257 ਦਿਨਾਂ ਤੱਕ ਦੇਰੀ ਸੀ। ਇਨ੍ਹਾਂ ਵਿੱਚੋਂ ₹ 6.61 ਕਰੋੜ ਦੇ ਸ਼ਾਮਲ ਰਿਫੰਡ ਦੇ 59 ਮਾਮਲਿਆਂ ਵਿੱਚ ਕ੍ਰਮਵਾਰ 1 ਦਿਨ ਤੋਂ 3 ਮਹੀਨੇ ਦੀ ਦੇਰੀ ਹੋਈ ਸੀ, ₹ 4.47 ਕਰੋੜ ਦੇ ਸ਼ਾਮਲ ਰਿਫੰਡ ਦੇ 31 ਮਾਮਲਿਆਂ ਵਿੱਚ 3 ਤੋਂ 6 ਮਹੀਨੇ ਦੀ ਦੇਰੀ ਸੀ ਅਤੇ ₹ 0.19 ਕਰੋੜ ਦੇ ਸ਼ਾਮਲ ਰਿਫੰਡ ਦੇ ਚਾਰ ਮਾਮਲਿਆਂ ਵਿੱਚ ਛੇ ਮਹੀਨੇ ਤੋਂ ਵੱਧ ਦੀ ਦੇਰੀ ਸੀ। ਇਸ ਤਰ੍ਹਾਂ, ਵਿਭਾਗ ਕਰਦਾਤਾ ਦੇ ਖਾਤਿਆਂ ਵਿੱਚ ਰਿਫੰਡ ਕ੍ਰੈਡਿਟ ਕਰਨ ਦੀਆਂ ਸਮਾਂ-ਸੀਮਾਵਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਿਹਾ ਜਿਵੇਂ ਕਿ ਉਪਰੋਕਤ ਨਿਯਮਾਂ ਵਿੱਚ ਨਿਰਧਾਰਤ ਕੀਤਾ ਗਿਆ ਹੈ। ₹ 0.27 ਕਰੋੜ ਦੇ ਸ਼ਾਮਲ ਰਿਫੰਡ ਦੇ ਛੇ ਮਾਮਲਿਆਂ[35] ਵਿੱਚ ਇਹ ਅੱਗੇ ਦੇਖਿਆ ਗਿਆ ਸੀ ਕਿ ਜਿਵੇ ਕਿ ਖਜ਼ਾਨਾ ਡਾਟੇ ਤੋਂ ਤਸਦੀਕ ਕੀਤੇ ਅਨੁਸਾਰ ਵੀ ਕਰਦਾਤਾ ਦੇ ਖਾਤਿਆਂ ਵਿੱਚ ਅੱਪ-ਟੂ-ਡੇਟ (ਅਗਸਤ 2021) ਕ੍ਰੈਡਿਟ ਨਹੀਂ ਕੀਤੇ ਗਏ ਸਨ, ਭਾਵੇਂ ਇਹਨਾਂ ਮਾਮਲਿਆਂ ਵਿੱਚ ਰਿਫੰਡ ਦੇ ਆਦੇਸ਼ ਜਨਵਰੀ 2019 ਅਤੇ ਅਕਤੂਬਰ 2020 ਦੇ ਵਿਚਕਾਰ ਜਾਰੀ ਕੀਤੇ ਗਏ ਸਨ।

ਇਸ ਮਾਮਲੇ ਦੀ ਸੂਚਨਾ ਵਿਭਾਗ ਅਤੇ ਰਾਜ ਸਰਕਾਰ ਨੂੰ ਦਿੱਤੀ ਗਈ ਸੀ (ਨਵੰਬਰ 2020 ਅਤੇ ਮਈ 2021 ਦੇ ਵਿਚਕਾਰ)। ਇੱਕ ਏ ਸੀ ਐਸ ਟੀ[36] ਨੇ ਲੇਖਾ ਪ੍ਰੀਖਿਆ ਨਿਰੀਖਣ (ਜਨਵਰੀ 2021) ਨੂੰ ਸਵੀਕਾਰ ਕੀਤਾ ਅਤੇ 42 ਮਾਮਲਿਆਂ ਵਿੱਚ ਕਿਹਾ ਕਿ ਰਿਫੰਡ ਦੀ ਪ੍ਰਕਿਰਿਆ ਵਿੱਚ ਦੇਰੀ ਡੀਲਰਾਂ ਦੁਆਰਾ ਦਸਤਾਵੇਜ਼ ਮੁੱਹਈਆ ਕਰਨ ਵਿੱਚ ਦੇਰੀ ਦੇ ਕਾਰਨ ਸੀ। ਡੀਲਰਾਂ ਨੇ ਬਕਾਇਆ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਹੋਰ ਸਮੇਂ ਲਈ ਬੇਨਤੀ ਕੀਤੀ ਸੀ। ਇਸ ਲਈ, ਕਰਦਾਤਾ ਦੇ ਖਾਤੇ ਵਿੱਚ ਜੀ ਐਸ ਟੀ ਰਿਫੰਡ ਦੇ ਕ੍ਰੈਡਿਟ ਲਈ ਅਜਿਹੇ ਮਾਮਲਿਆਂ ਵਿੱਚ ਦੇਰੀ ਹੋਈ ਸੀ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਅੰਤਿਮ ਰਿਫੰਡ ਮਨਜ਼ੂਰ ਕੀਤੇ ਗਏ ਨਹੀ ਮੰਨੇ ਜਾਂਦੇ ਜਦੋਂ ਤੱਕ ਕਰਦਾਤਾਵਾਂ ਦੁਆਰਾ ਪੂਰੇ ਦਸਤਾਵੇਜ਼ ਜਮ੍ਹਾਂ ਨਹੀਂ ਕੀਤੇ ਜਾਂਦੇ ਸਨ। ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਨੇ ਨਾ ਤਾਂ ਬਕਾਇਆ ਦਸਤਾਵੇਜ਼ਾਂ ਨੂੰ ਜਮ੍ਹਾਂ ਕਰਨ ਦੇ ਸਬੰਧ ਵਿੱਚ ਕੋਈ ਪੱਤਰ ਵਿਹਾਰ ਦੇਖਿਆ ਅਤੇ ਨਾ ਹੀ ਇਸ ਸਬੰਧ ਵਿੱਚ ਜਾਰੀ ਕੀਤਾ ਕੋਈ ਕਮੀ ਵਾਲਾ ਮੀਮੋ ਪਾਇਆ ਗਿਆ।

---

34 ਲੁਧਿਆਣਾ-I (32), ਲੁਧਿਆਣਾ-II (42), ਪਟਿਆਲਾ (17) ਅਤੇ ਮੋਹਾਲੀ (3)

35 ਲੁਧਿਆਣਾ-I (4) ਅਤੇ ਲੁਧਿਆਣਾ-II (2)

36 ਲੁਧਿਆਣਾ-II (42)

ਤਿੰਨ ਏ ਸੀ ਐਸ ਟੀਜ਼ ਨਾਲ ਸਬੰਧਤ ਦੇਰੀ ਵਾਲੇ ਕ੍ਰੈਡਿਟ ਦੇ 52 ਮਾਮਲਿਆਂ ਅਤੇ ਦੋ ਏ ਸੀ ਐਸ ਟੀਜ਼ ਨਾਲ ਸਬੰਧਤ ਕ੍ਰੈਡਿਟ ਨਾ ਕਰਨ ਦੇ ਛੇ ਮਾਮਲਿਆਂ ਦੇ ਸਬੰਧ ਵਿੱਚ ਜਵਾਬ ਦੀ ਉਡੀਕ ਸੀ (ਨਵੰਬਰ 2022)।

### 4.7.7 ਜੀ ਐਸ ਟੀ ਰਿਫੰਡ ਪ੍ਰਕਿਰਿਆ ਦੀ ਨਾ-ਪਾਲਣਾ

ਸਰਕੂਲਰ ਨੰ. 79/53/2018-ਜੀ ਐਸ ਟੀ ਮਿਤੀ 31 ਦਸੰਬਰ 2018, ਦੇ ਅਨੁਸਾਰ ਜੀ ਐਸ ਟੀ ਰਿਫੰਡ ਮਾਮਲਿਆਂ ਦੇ ਮਾਮਲੇ ਵਿੱਚ, ਜਿਸ ਵਿੱਚ ₹ 1,000 ਤੋ ਵੱਧ ਦੀ ਰਾਸ਼ੀ ਦਾ ਕਲੇਮ ਕੀਤਾ ਗਿਆ ਹੈ, ਅਰਜ਼ੀਆਂ ਦੀ ਸੂਚੀ ਜੋ ਅਧਿਕਾਰ ਖੇਤਰ ਦੇ ਕਰ ਦਫ਼ਤਰ ਵਿੱਚ 60 ਦਿਨਾਂ ਦੀ ਮਿਆਦ ਦੇ ਅੰਦਰ ਪ੍ਰਾਪਤ ਨਹੀਂ ਹੋਈ ਹੈ, ਏ ਆਰ ਐਨ ਦੇ ਜਨਰੇਟ ਕਰਨ ਦੀ ਮਿਤੀ ਤੋਂ ਸ਼ੁਰੂ ਕਰਕੇ ਸੰਕਲਿਤ ਕੀਤਾ ਜਾਣਾ ਸੀ। ਅਜਿਹੇ ਸਾਰੇ ਦਾਅਵੇਦਾਰ ਨੂੰ ਉਨ੍ਹਾਂ ਦੀਆਂ ਰਜਿਸਟਰਡ ਈ ਮੇਲਜ਼ ਤੇ ਉਨ੍ਹਾਂ ਨੂੰ ਸੂਚਿਤ ਕਰਦੇ ਹੋਏ ਇੱਕ ਸੂਚਨਾ ਭੇਜੀ ਜਾਣੀ ਸੀ ਕਿ ਅਰਜ਼ੀ ਨੂੰ ਈ ਮੇਲ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਧਿਕਾਰ ਖੇਤਰ ਦੇ ਕਰ ਦਫਤਰ ਨੂੰ ਭੌਤਿਕ ਤੌਰ ਤੇ ਜਮ੍ਹਾਂ ਕਰਾਉਣ ਦੀ ਜ਼ਰੂਰਤ ਹੈ। ਜੇਕਰ ਦਾਅਵੇਦਾਰ ਈ ਮੇਲ ਦੀ ਮਿਤੀ ਦੇ 15 ਦਿਨਾਂ ਦੇ ਅੰਦਰ ਭੌਤਿਕ ਤੌਰ ਤੇ ਅਰਜ਼ੀ ਜਮ੍ਹਾ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਬਿਨੈ-ਪੱਤਰ ਨੂੰ ਸੰਖੇਪ ਰੂਪ ਵਿੱਚ ਰੱਦ ਕਰ ਦਿੱਤਾ ਜਾਵੇਗਾ ਅਤੇ ਡੈਬਿਟ ਕੀਤੀ ਰਕਮ, ਜੇਕਰ ਕੋਈ ਹੋਵੇ, ਇਲੈਕਟ੍ਰਾਨਿਕ ਕ੍ਰੈਡਿਟ ਲੇਜ਼ਰ ਵਿੱਚ ਦੁਬਾਰਾ ਕ੍ਰੈਡਿਟ ਕੀਤੀ ਜਾਵੇਗੀ।

ਲੇਖਾ ਪ੍ਰੀਖਿਆ ਦੇ ਸਮੇਂ ਦੌਰਾਨ, 35 ਪ੍ਰੀ-ਆਟੋਮੇਸ਼ਨ ਰਿਫੰਡ ਮਾਮਲਿਆਂ ਦੀ ਜਾਂਚ ਕੀਤੀ ਗਈ ਸੀ ਜੋ ਵਿਭਾਗ ਦੁਆਰ ਰੱਦ ਕਰ ਦਿੱਤੇ ਗਏ ਸਨ ਅਤੇ ₹ 0.09 ਕਰੋੜ ਦੇ ਸ਼ਾਮਲ ਰਿਫੰਡ ਦੇ ਅੱਠ ਮਾਮਲਿਆਂ[37] (22.86 *ਪ੍ਰਤੀਸ਼ਤ*) ਵਿੱਚ ਦੇਖਿਆ ਗਿਆ ਸੀ ਕਿ ਰਿਫੰਡ ਦੀ ਅਰਜ਼ੀ ਏ ਆਰ ਐਨ ਜਨਰੇਟ ਕਰਨ ਦੀ ਮਿਤੀ ਤੋਂ 60 ਦਿਨ ਬੀਤ ਜਾਣ ਤੋਂ ਬਾਅਦ ਵੀ ਪ੍ਰਾਪਤ ਨਹੀਂ ਹੋਈ ਸੀ ਪ੍ਰੰਤੂ ਨਿਰਧਾਰਤ ਪ੍ਰਕਿਰਿਆ ਅਨੁਸਾਰ ਇਨ੍ਹਾਂ ਮਾਮਲਿਆਂ ਵਿੱਚ ਦਾਅਵੇਦਾਰਾਂ ਨੂੰ ਭੇਜੀ ਜਾਣ ਵਾਲੀ ਲੋੜੀਂਦੀ ਸੂਚਨਾ ਵਿਭਾਗ ਵੱਲੋਂ ਨਹੀ ਭੇਜੀ ਗਈ ਸੀ।

ਇਨ੍ਹਾਂ ਮਾਮਲਿਆਂ ਵਿੱਚ ਵਿਭਾਗ ਦੇ ਜਵਾਬ ਦੀ ਉਡੀਕ ਸੀ (ਨਵੰਬਰ 2022)।

### 4.7.8 ਜੀ ਐਸ ਟੀ ਰਿਫੰਡ ਮਾਮਲਿਆਂ ਵਿੱਚ ਸਹਾਇਕ ਦਸਤਾਵੇਜ਼ਾਂ ਦੀ ਅਣਹੋਂਦ

ਪੰਜਾਬ ਜੀ ਐਸ ਟੀ ਨਿਯਮਾਵਲੀ 2017 ਦਾ ਨਿਯਮ 89 ਦਸਤਾਵੇਜ਼ੀ ਸਬੂਤ ਨਿਰਧਾਰਤ ਕਰਦਾ ਹੈ, ਜਿਵੇਂ ਕਿ ਲਾਗੂ ਹੋਣ ਯੋਗ ਹੈ, ਰਿਫੰਡ ਅਰਜ਼ੀ ਦੇ ਨਾਲ ਪੇਸ਼ ਕੀਤਾ ਜਾਣਾ ਹੈ, ਇਹ ਸਥਾਪਿਤ ਕਰਨ ਲਈ ਕਿ ਬਿਨੈਕਾਰ ਦਾ ਰਿਫੰਡ ਬਣਦਾ ਹੈ। ਸਰਕੂਲਰ ਨੰ.59/33/2018-ਜੀ ਐਸ ਟੀ ਮਿਤੀ 4 ਸਤੰਬਰ 2018, ਅਨੁਲੱਗ-ਏ ਵਿੱਚ ਇਨਵਾਇਸਜ਼ ਦੇ ਵੇਰਵੇ ਜਮ੍ਹਾਂ ਕਰਾਉਣ ਲਈ ਵਿਵਸਥਾ ਕਰਦਾ ਹੈ ਅਤੇ ਸਰਕੂਲਰ ਨੰ. 125/44/2019-ਜੀ ਐਸ ਟੀ ਮਿਤੀ 18 ਨਵੰਬਰ 2019 ਨੂੰ ਆਮ ਪੋਰਟਲ ਤੇ ਅਨੁਲੱਗ-ਬੀ ਵਿੱਚ ਇਨਵਾਇਸਜ਼ ਦੇ ਵੇਰਵੇ ਇਨਪੁਟਸ,

---

[37] ਲੁਧਿਆਣਾ-II (8)

ਇਨਪੁਟ ਸੇਵਾਵਾਂ ਅਤੇ ਪੂੰਜੀ ਵਸਤਾਂ ਦੇ ਇਨਵਾਇਸ ਵਾਰ ਵੇਰਵੇ ਨੂੰ ਦਰਸਾਉਂਦੇ ਹੋਏ ਅੱਪਲੋਡ ਕਰਨ ਲਈ ਵਿਵਸਥਾ ਕਰਦਾ ਹੈ।।

ਲੇਖਾ ਪ੍ਰੀਖਿਆ ਸਮੇਂ ਦੇ ਦੌਰਾਨ, 619 ਪ੍ਰੀ-ਆਟੋਮੇਸ਼ਨ ਅਤੇ 1,002 ਪੋਸਟ-ਆਟੋਮੇਸ਼ਨ ਰਿਫੰਡ ਮਾਮਲਿਆਂ ਦੀ ਜਾਂਚ ਕੀਤੀ ਗਈ ਸੀ ਅਤੇ 535 ਮਾਮਲਿਆਂ[38] (33 *ਪ੍ਰਤੀਸ਼ਤ* ) ਵਿੱਚ ਇਹ ਦੇਖਿਆ ਗਿਆ ਸੀ ਕਿ ਜੀ ਐਸ ਟੀ ਐਨ ਪੋਰਟਲ ਤੇ ਅਨੁਲੱਗ-ਏ/ਅਨੁਲੱਗ-ਬੀ ਵਿੱਚ ਲੋੜੀਂਦੇ ਦਸਤਾਵੇਜ਼ ਜਮ੍ਹਾਂ/ਅੱਪਲੋਡ ਨਹੀਂ ਕੀਤੇ ਗਏ ਸਨ। ਇਹ ਦਸਤਾਵੇਜ਼ ਰਿਫੰਡ ਲਈ ਯੋਗ ਆਈ ਟੀ ਸੀ ਦੇ ਨਿਰਧਾਰਣ ਲਈ ਮਹੱਤਵਪੂਰਨ ਸਨ।

ਤਿੰਨ ਏ ਸੀ ਐਸ ਟੀਜ਼[39] ਨੇ ਜਵਾਬ ਦਿੱਤਾ (ਦਸੰਬਰ 2020 ਅਤੇ ਅਪ੍ਰੈਲ 2021) ਕਿ 72 ਮਾਮਲਿਆਂ ਵਿੱਚ ਜਿੱਥੇ ਅਨੁਲੱਗ-ਏ ਨੂੰ ਜਮ੍ਹਾਂ ਕਰਵਾਉਣਾਂ ਲੋੜੀਂਦਾ ਸੀ, ਦਸਤਾਵੇਜ਼ ਆਨਲਾਈਨ ਜਮ੍ਹਾ ਕੀਤੇ ਗਏ ਸਨ ਅਤੇ ਉਨ੍ਹਾਂ ਦੀ ਜੀ ਐਸ ਟੀ ਐਨ ਪੋਰਟਲ ਦੁਆਰਾ ਪ੍ਰਕਿਰਿਆ ਕੀਤੀ ਗਈ ਸੀ। ਚਾਰ ਮਾਮਲਿਆਂ ਵਿੱਚ ਜਿੱਥੇ ਅਨੁਲੱਗ-ਬੀ ਨੂੰ ਆਮ ਪੋਰਟਲ ਤੇ ਅੱਪਲੋਡ ਕਰਨਾ ਲੋੜੀਂਦਾ ਸੀ, ਕਰਦਾਤਾ ਨੇ ਸਾਰੇ ਸਹਾਇਕ ਦਸਤਾਵੇਜ਼ਾਂ/ਅਨੁਲੱਗਾਂ ਜਿਵੇਂ ਕਿ ਇਨਵਾਇਸਜ਼, ਅਨੁਲੱਗ-ਬੀ ਆਦਿ ਦੇ ਨਾਲ ਰਿਫੰਡ ਅਰਜ਼ੀ ਦੀ ਹਾਰਡ ਕਾਪੀ ਜਮ੍ਹਾਂ ਕਰਾਈ ਸੀ। ਦੋ ਮਾਮਲਿਆਂ ਵਿੱਚ ਉਪਰੋਕਤ ਸਰਕੂਲਰ ਦੇ ਲਾਗੂ ਹੋਣ ਦੀ ਮਿਤੀ 18 ਨੰਵਬਰ 2019 ਤੋਂ ਪਹਿਲਾਂ ਰਿਫੰਡ ਅਪਲਾਈ ਕੀਤੇ ਗਏ ਸਨ। ਇਸ ਲਈ, ਇਹਨਾਂ ਮਾਮਲਿਆਂ ਵਿੱਚ ਅਨੁਲੱਗ-ਬੀ ਦੀ ਕੋਈ ਲੋੜ ਨਹੀਂ ਸੀ।

ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ 72 ਮਾਮਲਿਆਂ ਵਿੱਚ ਲੇਖਾ ਪ੍ਰੀਖਿਆ ਦੁਆਰਾ ਤਸਦੀਕ ਕੀਤੇ ਗਏ ਅਨੁਲੱਗ-ਏ ਵਿੱਚ ਦਸਤਾਵੇਜ਼ ਜੀ ਐਸ ਟੀ ਐਨ ਪੋਰਟਲ 'ਤੇ ਉਪਲਬਧ ਨਹੀਂ ਸਨ। ਚਾਰ ਮਾਮਲਿਆਂ ਵਿੱਚ, ਰਿਫੰਡ ਦੀ ਅਰਜ਼ੀ ਦੇ ਨਾਲ ਮੈਨੂਅਲੀ ਜਮ੍ਹਾ ਕੀਤੇ ਇਨਵਾਇਸਜ਼ ਦੀ ਵਿਵਰਣੀ ਜਿਵੇਂ ਕਿ ਲਾਗੂ ਹੈ ਅਨੁਲੱਗ ਏ ਜਾਂ ਅਨੁਲੱਗ ਬੀ ਦੇ ਨਿਰਧਾਰਤ ਫਾਰਮੈਟ ਅਨੁਸਾਰ ਨਹੀਂ ਸੀ। ਇਸ ਤੋਂ ਇਲਾਵਾ, ਉਪਰੋਕਤ ਸਾਰੇ ਮਾਮਲਿਆਂ ਵਿੱਚ, ਵੇਰਵਿਆਂ ਵਿੱਚ ਇਨਪੁਟ ਟੈਕਸ ਕ੍ਰੈਡਿਟ (ਪੂਰੀ, ਅੰਸ਼ਕ ਜਾਂ ਯੋਗ ਨਹੀਂ) ਅਤੇ ਇਨਪੁਟ ਖਰੀਦਦਾਰੀ ਦੀ ਸ਼੍ਰੇਣੀ (ਇਨਪੁਟਸ, ਇਨਪੁਟ ਸੇਵਾਵਾਂ ਜਾਂ ਪੂੰਜੀ ਵਸਤਾਂ) ਦੀ ਯੋਗਤਾ ਬਾਰੇ ਲੋੜੀਂਦੀ ਜਾਣਕਾਰੀ ਨਹੀਂ ਸੀ। ਬਾਕੀ ਦੇ ਦੋ ਮਾਮਲਿਆਂ ਵਿੱਚ, ਇਨਪੁਟਸ, ਇਨਪੁਟ ਸੇਵਾਵਾਂ ਅਤੇ ਪੂੰਜੀ ਵਸਤਾਂ ਲਈ ਇਨਵਾਇਸਜ਼ ਦੇ ਵੇਰਵੇ ਵਾਲਾ ਅਨੁਲੱਗ-ਏ ਲਾਗੂ ਸੀ, ਜੋ ਕਿ ਜਮ੍ਹਾਂ ਨਹੀਂ ਕੀਤਾ ਗਿਆ ਸੀ।

ਇੱਕ ਏ ਸੀ ਐਸ ਟੀ ਨਾਲ ਸਬੰਧਤ 170 ਮਾਮਲਿਆਂ ਦੇ ਸਬੰਧ ਵਿੱਚ, ਜਿੱਥੇ ਅਨੁਲੱਗ-ਏ ਨੂੰ ਜਮ੍ਹਾ ਕਰਨਾ ਲੋੜੀਂਦਾ ਸੀ ਅਤੇ 17 ਏ ਸੀ ਐਸ ਟੀਜ਼ ਨਾਲ ਸਬੰਧਤ 287 ਮਾਮਲਿਆਂ ਵਿੱਚ ਜਿੱਥੇ ਅਨੁਲੱਗ-ਬੀ ਨੂੰ ਅੱਪਲੋਡ ਕਰਨਾ ਲੋੜੀਂਦਾ ਸੀ, ਜਵਾਬ ਦੀ ਉਡੀਕ ਸੀ (ਨਵੰਬਰ 2022)।

---

38 ਅੰਮ੍ਰਿਤਸਰ-I (3), ਅੰਮ੍ਰਿਤਸਰ-II (19), ਬਰਨਾਲਾ (2), ਬਠਿੰਡਾ (11), ਫਰੀਦਕੋਟ (1), ਫਤਿਹਗੜ੍ਹ ਸਾਹਿਬ (12), ਹੁਸ਼ਿਆਰਪੁਰ (1), ਜਲੰਧਰ-II (25), ਲੁਧਿਆਣਾ-I (235), ਲੁਧਿਆਣਾ-II (107), ਲੁਧਿਆਣਾ-III (61), ਮਾਨਸਾ (4), ਮੋਗਾ (4), ਮੋਹਾਲੀ (11), ਮੁਕਤਸਰ (6), ਪਟਿਆਲਾ (10), ਰੋਪੜ (1), ਸੰਗਰੂਰ (20) ਅਤੇ ਤਰਨ ਤਾਰਨ (2)

39 ਬਰਨਾਲਾ (2), ਲੁਧਿਆਣਾ-II (72) ਅਤੇ ਮੋਗਾ (4)

### 4.7.9 ਰਿਕਾਰਡ ਪੇਸ਼ ਨਾ ਕਰਨਾ

ਪ੍ਰੀ-ਆਟੋਮੇਸ਼ਨ ਸਮੇਂ ਲਈ ਛੇ ਏ ਸੀ ਐਸ ਟੀ ਦਫਤਰਾਂ ਵਿੱਚ ਚੁਣੇ ਗਏ 704 ਰਿਫੰਡ ਮਾਮਲਿਆਂ ਵਿੱਚੋਂ, ₹ 10.79 ਕਰੋੜ ਦੇ ਮੁਦਰਾ ਮੁੱਲ ਵਾਲੇ 50 ਰਿਫੰਡ ਮਾਮਲਿਆਂ ਨਾਲ ਸਬੰਧਤ ਫਾਈਲਾਂ ਅਤੇ ਰਿਕਾਰਡ ਤਿੰਨ ਏ ਸੀ ਐਸ ਟੀ[40] ਦਫਤਰਾਂ ਦੁਆਰਾ ਲੇਖਾ ਪ੍ਰੀਖਿਆ ਲਈ ਉਪਲਬਧ ਨਹੀਂ ਕਰਵਾਏ ਗਏ ਸਨ।

## 4.8 ਅੰਦਰੂਨੀ ਨਿਯੰਤਰਣ ਤੰਤਰ

### 4.8.1 ਰਿਫੰਡ ਰਜਿਸਟਰ ਦਾ ਗਲਤ ਰੱਖ ਰਖਾਵ

ਆਮ ਪੋਰਟਲ ਤੇ ਰਿਫੰਡ ਮੌਡਿਊਲ ਦੀ ਗੈਰ-ਉਪਲਬਧਤਾ ਦੇ ਕਾਰਨ, ਕਾਊਂਸਿਲ ਦੀਆਂ ਸਿਫ਼ਾਰਸ਼ਾਂ ਤੇ ਸਰਕੂਲਰ ਨੰਬਰ 17/17/2017-ਜੀ ਐਸ ਟੀ ਮਿਤੀ 15 ਨਵੰਬਰ 2017 ਰਾਹੀ ਸਮਰੱਥ ਅਥਾਰਟੀ ਦੁਆਰਾ ਇਹ ਫੈਸਲਾ ਕੀਤਾ ਗਿਆ ਸੀ ਕਿ ਜ਼ੀਰੋ-ਰੇਟ ਵਾਲੀਆਂ ਸਪਲਾਈਆਂ ਦੇ ਕਾਰਨ ਰਿਫੰਡ ਕਲੇਮਾਂ ਨਾਲ ਸਬੰਧਤ ਅਰਜ਼ੀਆਂ/ਦਸਤਾਵੇਜ਼/ਫਾਰਮ ਦਸਤੀ ਦਾਇਰ ਅਤੇ ਪ੍ਰਕਿਰਿਆ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਸਰਕੂਲਰ ਨੰਬਰ 24/24/2017-ਜੀ ਐਸ ਟੀ ਮਿਤੀ 21 ਦਸੰਬਰ 2017 ਰਾਹੀ, ਉਪਰੋਕਤ ਸਰਕੂਲਰਾਂ ਦੇ ਉਪਬੰਧਾਂ ਨੂੰ ਹੋਰ ਕਿਸਮਾਂ ਦੇ ਰਿਫੰਡਾਂ ਜਿਵੇਂ ਇਨਵਰਟਡ ਡਿਊਟੀ ਢਾਂਚੇ ਦੇ ਮਾਮਲੇ ਵਿੱਚ ਰਿਫੰਡ, ਡੀਮਡ ਐਕਸਪੋਰਟ ਮੰਨੇ ਜਾਣ ਵਾਲੀਆਂ ਵਸਤਾਂ ਦੀ ਸਪਲਾਈ 'ਤੇ ਕਰ ਦਾ ਰਿਫੰਡ ਆਦਿ 'ਤੇ ਵੀ ਲਾਗੂ ਕੀਤਾ ਗਿਆ ਸੀ। ਉਕਤ ਸਰਕੂਲਰ ਦੇ ਉਪਬੰਧਾਂ ਦੇ ਅਨੁਸਾਰ, ਨਿਰਧਾਰਤ ਪ੍ਰੋਫਾਰਮਾ ਵਿੱਚ ਰਿਫੰਡ ਰਜਿਸਟਰਾਂ ਦਾ ਰੱਖ ਰਖਾਵ ਇਸ ਵਿੱਚ ਕੁਝ ਵੇਰਵੇ ਜਿਵੇਂ ਕਿ ਰਿਫੰਡ ਦੀ ਮਿਆਦ, ਅਰਜ਼ੀ ਦੀ ਪ੍ਰਾਪਤੀ ਦੀ ਮਿਤੀ, ਪਹੁੰਚ ਰਸੀਦ ਜਾਰੀ ਕਰਨ ਦੀ ਮਿਤੀ, ਆਰਜ਼ੀ/ਅੰਤਿਮ ਰਿਫੰਡ ਜਾਰੀ ਕਰਨ ਦੀ ਮਿਤੀ ਆਦਿ ਰਿਕਾਰਡ ਕੀਤਾ ਜਾਣਾ ਸੀ।

ਛੇ ਏ ਸੀ ਐਸ ਟੀ ਦਫ਼ਤਰਾਂ ਵਿੱਚ ਪ੍ਰੀ-ਆਟੋਮੇਸ਼ਨ ਸਮੇਂ (ਅਪ੍ਰੈਲ 2017 ਅਤੇ ਸਤੰਬਰ 2019) ਲਈ ਜੀ ਐਸ ਟੀ ਰਿਫੰਡ ਰਿਕਾਰਡ ਦੀ ਲੇਖਾ ਪ੍ਰੀਖਿਆ ਜਾਂਚ ਨੇ ਦਰਸਾਇਆ ਕਿ ਚਾਰ ਏ ਸੀ ਐਸ ਟੀ[41] ਦਫਤਰਾਂ ਦੁਆਰਾ ਲੋੜੀਂਦੇ ਵੇਰਵਿਆਂ ਨਾਲ ਨਿਰਧਾਰਤ ਰਜਿਸਟਰਾਂ ਦਾ ਰੱਖ ਰਖਾਵ ਨਹੀਂ ਕੀਤਾ ਗਿਆ ਸੀ। ਇਸ ਲਈ, ਪਹੁੰਚ ਰਸੀਦ ਜਾਰੀ ਕਰਨ ਦੀ ਮਿਤੀ, ਰਿਫੰਡ ਜਾਰੀ ਕਰਨ ਦੀ ਮਿਤੀ ਆਦਿ ਵਰਗੇ ਵੇਰਵੇ ਦਰਜ ਕੀਤੇ ਨਹੀਂ ਪਾਏ ਗਏ ਸਨ।

ਏ ਸੀ ਐਸ ਟੀ ਲੁਧਿਆਣਾ-II ਨੇ ਜਵਾਬ ਦਿੱਤਾ (ਜਨਵਰੀ 2021) ਕਿ ਰਿਫੰਡ ਰਜਿਸਟਰ ਨੂੰ ਨਿਰਧਾਰਿਤ ਪ੍ਰਫਾਰਮੇ ਦੇ ਅਨੁਸਾਰ ਬਣਾਇਆ ਗਿਆ ਸੀ ਪਰ ਕੁਝ ਇੰਦਰਾਜ ਜੀ ਐਸ ਟੀ ਐਨ ਪੋਰਟਲ ਤੋਂ ਕੱਢੀਆਂ ਐਮ ਆਈ ਐਸ ਰਿਪੋਰਟਾਂ ਵਿੱਚ ਵਿਸੰਗਤੀਆਂ ਦੇ ਕਾਰਨ ਅਤੇ ਕੁਝ ਹੋਰ

---

40 ਫਤਿਹਗੜ੍ਹ ਸਾਹਿਬ (3), ਲੁਧਿਆਣਾ-I (10) ਅਤੇ ਲੁਧਿਆਣਾ-III (37)

41 ਫਤਿਹਗੜ੍ਹ ਸਾਹਿਬ, ਮੋਹਾਲੀ, ਲੁਧਿਆਣਾ-II ਅਤੇ ਲੁਧਿਆਣਾ-III

ਤਕਨੀਕੀ ਮੁੱਦਿਆਂ ਦੇ ਕਾਰਨ ਅਧੂਰੀਆਂ ਸਨ। ਬਾਕੀ ਏ ਸੀ ਐਸ ਟੀਜ਼ ਨੇ ਜਵਾਬ ਨਹੀਂ ਦਿੱਤਾ (ਨਵੰਬਰ 2022)।

## 4.9 ਸਿੱਟਾ

ਰਿਫੰਡ ਪ੍ਰਕਿਰਿਆ ਦੇ ਹਰ ਪੜਾਅ ਜਿਵੇਂ ਕਿ ਪਹੁੰਚ ਰਸੀਦ ਜਾਰੀ ਕਰਨ, ਆਰਜ਼ੀ ਰਿਫੰਡ ਦੇਣ ਅਤੇ ਰਿਫੰਡ ਦੇ ਅੰਤਿਮ ਆਦੇਸ਼ ਜਾਰੀ ਕਰਨ ਵਿੱਚ ਦੇਰੀ ਹੋਈ ਸੀ। ਅਜਿਹੀ ਦੇਰੀ ਪ੍ਰੀ-ਆਟੋਮੇਸ਼ਨ ਦੇ ਨਾਲ-ਨਾਲ ਪੋਸਟ-ਆਟੋਮੇਸ਼ਨ ਦੇ ਸਮੇਂ ਦੌਰਾਨ ਦੇਖੀ ਗਈ ਸੀ। ਰਿਫੰਡ ਦੇ ਅੰਤਿਮ ਆਦੇਸ਼ ਜਾਰੀ ਕੀਤੇ ਜਾਣ ਤੋਂ ਬਾਅਦ, ਹਮਰੁਤਬਾ ਕਰ ਅਥਾਰਟੀਆਂ ਨਾਲ ਸੰਚਾਰ ਅਤੇ ਕਰਦਾਤਾ ਦੇ ਖਾਤਿਆਂ ਵਿੱਚ ਰਿਫੰਡ ਕੀਤੀਆਂ ਰਕਮਾਂ ਨੂੰ ਕ੍ਰੈਡਿਟ ਕਰਨ ਵਿੱਚ ਹੋਰ ਦੇਰੀ ਦੇਖੀ ਗਈ ਸੀ। ਵਾਧੂ ਰਿਫੰਡ ਅਤੇ ਲਾਜ਼ਮੀ ਦਸਤਾਵੇਜ਼ ਜਮ੍ਹਾ ਨਾ ਕਰਨ ਦੀਆਂ ਕੁੱਝ ਉਦਾਹਰਣਾਂ ਨੂੰ ਵੀ ਦੇਖਿਆ ਗਿਆ ਸੀ।

ਉਪਰੋਕਤ ਮਾਮਲੇ ਅਪ੍ਰੈਲ ਅਤੇ ਮਈ 2021 ਵਿੱਚ ਸਰਕਾਰ/ਵਿਭਾਗ ਨੂੰ ਰਿਪੋਰਟ ਕੀਤੇ ਗਏ ਸਨ। ਵਿਭਾਗ ਤੋਂ ਪ੍ਰਾਪਤ ਜਵਾਬ ਰਿਪੋਰਟ ਵਿੱਚ ਸ਼ਾਮਲ ਕੀਤੇ ਗਏ ਹਨ। ਸਰਕਾਰ ਦੇ ਜਵਾਬ ਦੀ ਉਡੀਕ ਸੀ (ਨਵੰਬਰ 2022)।

## 4.10 ਸ਼ਿਫਾਰਸ਼

*ਵਿਭਾਗ ਨੂੰ ਰਿਫੰਡ ਕਲੇਮਾਂ ਦੀ ਸਮੇਂ ਸਿਰ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਜੀ ਐਸ ਟੀ ਰਿਫੰਡ ਲਈ ਨਿਰਧਾਰਤ ਉਪਬੰਧਾਂ ਦੀ ਪਾਲਣਾ ਕਰਨ ਦੀ ਲੋੜ ਹੈ ਤਾਂ ਜੋ ਵਪਾਰੀਆਂ ਨੂੰ ਬੇਲੋੜੀ ਅਸੁਵਿਧਾ ਨਾ ਹੋਵੇ।*

# ਅਧਿਆਇ-V

# ਟਰਾਂਸਮਿਸ਼ਨ ਦੇ ਕੰਮਾਂ ਨੂੰ ਅਮਲ ਵਿੱਚ ਲਿਆਉਣਾ

# ਅਧਿਆਇ -V

# ਪਾਵਰ ਵਿਭਾਗ

# ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ

## ਟਰਾਂਸਮਿਸ਼ਨ ਦੇ ਕੰਮਾਂ ਨੂੰ ਅਮਲ ਵਿੱਚ ਲਿਆਉਣਾ

**ਕੰਪਨੀ ਨੇ ਪੰਜਾਬ ਰਾਜ ਗਰਿੱਡ ਕੋਡ ਦੇ ਅਧੀਨ ਲੋੜੀਂਦੀ ਆਪਣੀ ਪਰਸਪੈਕਟਿਵ ਰੋਲਿੰਗ ਟਰਾਂਸਮਿਸ਼ਨ ਯੋਜਨਾ ਨਹੀਂ ਬਣਾਈ, 53 ਕੰਮਾਂ ਦੇ ਸਪਿੱਲ ਓਵਰ ਦੇ ਨਤੀਜੇ ਵਜੋਂ ਲਾਗਤ ਵਿੱਚ ₹ 389.71 ਕਰੋੜ ਦਾ ਵਾਧਾ ਹੋਇਆ, 64 *ਪ੍ਰਤੀਸ਼ਤ* ਕੰਮਾਂ ਨੂੰ ਅਮਲ ਵਿੱਚ ਲਿਆਉਣ ਵਿੱਚ 105 ਮਹੀਨਿਆਂ ਤੱਕ ਦੀ ਦੇਰੀ ਵੇਖੀ ਗਈ; ਰੂਟ ਪਲਾਨ ਬਣਾਉਣ ਵਿੱਚ ਕਮੀਆਂ, ਯੋਜਿਤ ਰੂਟਾਂ ਦੇ ਨਾਲ-ਨਾਲ ਜ਼ਰੂਰੀ ਬੁਨਿਆਦੀ ਢਾਂਚੇ ਦੀ ਪਛਾਣ ਨਾ ਕਰਨਾ ਅਤੇ ਕਨੂੰਨੀ ਮਨਜ਼ੂਰੀਆਂ ਆਦਿ ਲਈ ਮਾਮਲੇ ਭੇਜਣ ਵਿੱਚ ਦੇਰੀ ਨਾਲ ਨਾ ਸਿਰਫ਼ ਕੰਮਾਂ ਨੂੰ ਅਮਲੀ ਰੂਪ ਦੇਣ ਵਿੱਚ ਦੇਰੀ ਹੋਈ, ਸਗੋਂ ਸੱਤ ਕੰਮਾਂ ਦੀ ਲਾਗਤ ਵਿੱਚ ₹ 104.05 ਕਰੋੜ (63 *ਪ੍ਰਤੀਸ਼ਤ*) ਦੀ ਹੱਦ ਤੱਕ ਵਾਧਾ ਵੀ ਹੋਇਆ। ਟਰਾਂਸਮਿਸ਼ਨ ਦੇ ਵੱਖ-ਵੱਖ ਕੰਮਾਂ ਤੇ ₹ 4.53 ਕਰੋੜ ਦਾ ਵਿਅਰਥ ਖਰਚਾ ਵੀ ਕੀਤਾ ਗਿਆ।**

## 5.1 ਜਾਣ ਪਛਾਣ

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ (ਕੰਪਨੀ) ਜਿਸਦਾ, ਕੰਪਨੀਜ਼ ਐਕਟ, 1956 ਦੇ ਅਧੀਨ ਪੰਜੀਕਰਣ (ਅਪ੍ਰੈਲ 2010) ਕੀਤਾ ਗਿਆ ਸੀ, ਰਾਜ ਟਰਾਂਸਮਿਸ਼ਨ ਯੂਟਿਲਿਟੀ (ਐਸ ਟੀ ਯੂ) ਹੈ। ਪਹਿਲਾਂ ਰਹੇ ਪੰਜਾਬ ਰਾਜ ਬਿਜਲੀ ਬੋਰਡ (ਪੀ ਐਸ ਈ ਬੀ) ਦੇ ਬਟਵਾਰੇ ਉਪਰਾਂਤ ਇਸ ਕੰਪਨੀ ਨੂੰ ਪਾਵਰ ਟਰਾਂਸਮਿਸ਼ਨ ਦਾ ਕੰਮ ਸੌਂਪਿਆ ਗਿਆ ਸੀ। ਇਸ ਕੰਪਨੀ ਦੀ ਸਥਾਪਨਾ ਰਾਜ ਵਿੱਚ ਕੁਸ਼ਲ, ਇਕਸੁਰਤਾ ਵਾਲਾ ਅਤੇ ਕਿਫਾਇਤੀ ਇੰਟਰਾ-ਸਟੇਟ ਪਾਵਰ ਟਰਾਂਸਮਿਸ਼ਨ ਪ੍ਰਣਾਲੀ ਬਣਾਉਣ, ਇਸਦੇ ਰੱਖ-ਰਖਾਅ ਅਤੇ ਸੰਚਾਲਨ ਕਰਨ ਲਈ ਕੀਤੀ ਗਈ ਸੀ।

## 5.2 ਲੇਖਾ ਪ੍ਰੀਖਿਆ ਲੱਭਤਾਂ

ਲੇਖਾ ਪ੍ਰੀਖਿਆ ਨੇ ਅਮਲ ਵਿੱਚ ਲਿਆਉਂਦੇ ਗਏ ਟਰਾਂਸਮਿਸ਼ਨ ਪ੍ਰੋਜੈਕਟਾਂ ਦੀ ਜਾਂਚ ਕੀਤੀ ਅਤੇ ਕਈ ਕਮੀਆਂ ਵੇਖੀਆਂ ਜਿਨ੍ਹਾਂ ਦੀ ਹੇਠਾਂ ਚਰਚਾ ਕੀਤੀ ਗਈ ਹੈ:

### 5.2.1 ਕੰਮਾਂ ਲਈ ਪ੍ਰਸਪੈਕਟਿਵ ਰੋਲਿੰਗ ਟਰਾਂਸਮਿਸ਼ਨ ਪਲਾਨ ਨਾ ਬਣਾਉਣਾ

ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੀ ਐਸ ਈ ਆਰ ਸੀ) (ਪੰਜਾਬ ਰਾਜ ਗਰਿੱਡ ਕੋਡ) ਰੈਗੂਲੇਸ਼ਨਜ਼ 2013 *ਭਾਵ* ਰਾਜ ਗਰਿੱਡ ਕੋਡ (ਐਸ ਜੀ ਸੀ) ਵਿਵਸਥਾ ਕਰਦਾ ਹੈ ਕਿ ਰਾਜ ਟਰਾਂਸਮਿਸ਼ਨ ਪ੍ਰਣਾਲੀ ਲਈ ਕੰਪਨੀ ਅਗਲੇ 10 ਸਾਲਾਂ ਲਈ ਪ੍ਰਸਪੈਕਟਿਵ ਰੋਲਿੰਗ ਟਰਾਂਸਮਿਸ਼ਨ ਯੋਜਨਾਵਾਂ ਵਿਕਸਿਤ ਕਰੇਗੀ। ਇਹ ਪ੍ਰਸਪੈਕਟਿਵ ਟਰਾਂਸਮਿਸ਼ਨ ਯੋਜਨਾਵਾਂ ਲੋਡ ਅਨੁਮਾਨਾਂ ਅਤੇ ਉਤਪਾਦਨ ਸਮਰੱਥਾਂ ਦੇ ਵਾਧੇ ਵਿੱਚ ਬਦਲਾਅ ਨੂੰ ਧਿਆਨ ਰੱਖਦੇ ਹੋਏ ਹਰ ਸਾਲ ਅਪਡੇਟ ਕੀਤੀਆਂ

ਜਾਣਗੀਆਂ। ਪ੍ਰਸਪੈਕਟਿਵ ਯੋਜਨਾਵਾਂ ਨੂੰ ਹਰ ਸਾਲ 30 ਨਵੰਬਰ ਤੱਕ ਪ੍ਰਵਾਨਗੀ ਲਈ ਪੀ ਐਸ ਈ ਆਰ ਸੀ ਨੂੰ ਭੇਜਿਆ ਜਾਵੇਗਾ। ਇਸ ਤੋਂ ਇਲਾਵਾ, ਇਸ ਵਿੱਚ ਇਹ ਵੀ ਨਿਯਤ ਕੀਤਾ ਗਿਆ ਹੈ ਕਿ ਕੰਪਨੀ ਰਾਜ ਟਰਾਂਸਮਿਸ਼ਨ ਸਿਸਟਮ ਦੀਆਂ ਮੁੱਖ ਸਕੀਮਾਂ ਦੀ ਪਛਾਣ ਲਈ ਪੰਜ ਸਾਲ ਦੀ ਅਗਲੀ ਮਿਆਦ ਦੇ ਨਾਲ ਨਾਲ ਸਲਾਨਾ ਯੋਜਨਾਬੰਦੀ ਪ੍ਰਕਿਰਿਆ ਬਣਾਏਗੀ ਜਿਸਨੂੰ ਕਿ ਕੇਂਦਰੀ ਬਿਜਲੀ ਅਥਾਰਟੀ (ਸੀ ਈ ਏ) ਦੁਆਰਾ ਬਣਾਈ ਪੰਜ ਸਾਲਾਂ ਦੀ ਛੋਟੀ ਮਿਆਦ ਅਧਾਰਤ ਰਾਸ਼ਟਰੀ ਬਿਜਲੀ ਯੋਜਨਾ ਨਾਲ ਜੋੜਿਆ ਜਾਵੇਗਾ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਕੰਪਨੀ ਦੁਆਰਾ ਰਾਜ ਟਰਾਂਸਮਿਸ਼ਨ ਸਿਸਟਮ ਲਈ 10 ਸਾਲਾਂ ਲਈ ਅਜਿਹੀ ਕੋਈ ਪ੍ਰਸਪੈਕਟਿਵ ਰੋਲਿੰਗ ਟਰਾਂਸਮਿਸ਼ਨ ਯੋਜਨਾ ਬਣਾਕੇ ਪੀ ਐਸ ਈ ਆਰ ਸੀ ਨੂੰ ਨਹੀਂ ਸੌਂਪੀ ਗਈ ਸੀ ਜੋ ਕਿ ਐਸ ਜੀ ਸੀ ਦੇ ਉਪਬੰਧਾਂ ਦੀ ਉਲੰਘਣਾ ਸੀ।

ਮੈਨੇਜਮੈਂਟ ਨੇ ਸਵੀਕਾਰ (ਅਪ੍ਰੈਲ 2022) ਕੀਤਾ ਅਤੇ ਕਿਹਾ ਕਿ ਉਹ ਹੁਣ ਰਾਜ ਗਰਿੱਡ ਕੋਡ ਦੇ ਅਨੁਸਾਰ ਟਰਾਂਸਮਿਸ਼ਨ ਕਾਰਜਾਂ ਲਈ 10 ਸਾਲਾਂ ਦੀਆਂ ਰੋਲਿੰਗ ਯੋਜਨਾਵਾਂ 'ਤੇ ਕੰਮ ਕਰ ਰਹੇ ਸਨ।

### 5.2.2 ਸਪਿਲ ਓਵਰ ਵਰਕਸ

ਪੀ ਐਸ ਈ ਆਰ ਸੀ (ਜਨਰੇਸ਼ਨ, ਟਰਾਂਸਮਿਸ਼ਨ ਵ੍ਹੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਣ ਲਈ ਨਿਯਮ ਅਤੇ ਸ਼ਰਤਾਂ) ਰੈਗੂਲੇਸ਼ਨਜ਼, 2014 ਦੇ ਅਨੁਸਾਰ, ਕੰਪਨੀ ਨੂੰ ਭਵਿੱਖ ਵਿੱਚ ਲਾਗੂ ਕੀਤੇ ਜਾਣ ਵਾਲੇ ਨਵੇਂ ਕੰਮਾਂ/ਕੀਤੇ ਹੋਏ ਕੰਮਾਂ ਵਿੱਚ ਵਾਧਾ ਕਰਨ ਦੀ ਯੋਜਨਾਬੰਦੀ ਕਰਦੇ ਸਮੇਂ, ਪੂੰਜੀ ਨਿਵੇਸ਼ ਯੋਜਨਾ (ਸੀ ਆਈ ਪੀ) ਦੇ ਨਾਲ ਨਾਲ ਕਾਰੋਬਾਰੀ ਯੋਜਨਾ ਦੀ ਪ੍ਰਵਾਨਗੀ ਲਈ ਆਪਣੀ ਪਟੀਸ਼ਨ ਦਾਇਰ ਕਰਨ ਦੀ ਲੋੜ ਹੁੰਦੀ ਹੈ। ਸੀ ਆਈ ਪੀ ਨੂੰ ਤਿੰਨ ਸਾਲਾਂ ਦੇ ਕੰਟਰੋਲ ਸਮੇਂ (ਸੀ ਪੀ) ਲਈ ਪੇਸ਼ ਕੀਤਾ ਜਾਣਾ ਹੈ।

ਕੰਪਨੀ ਨੇ ਪਹਿਲੇ ਸੀ ਪੀ ਸਾਲ 2017-18 ਤੋਂ 2019-20 ਲਈ ਸੀ ਆਈ ਪੀ ਦੀ ਮਨਜ਼ੂਰੀ ਲਈ ਪਟੀਸ਼ਨ ਦਾਇਰ (ਮਈ 2016) ਕੀਤੀ ਸੀ। ਪੀ ਐਸ ਈ ਆਰ ਸੀ ਨੇ ਸ਼ੁਰੂਆਤੀ ਤੌਰ 'ਤੇ ਪਹਿਲੇ ਸੀ ਪੀ ਦੌਰਾਨ ਲਾਗੂ ਕੀਤੀਆਂ ਜਾਣ ਵਾਲੀਆਂ 182 ਸਕੀਮਾਂ ਲਈ ₹ 778.94[1] ਕਰੋੜ ਦੀ ਮਨਜ਼ੂਰੀ (ਅਕਤੂਬਰ 2017) ਦਿੱਤੀ ਅਤੇ ਸੋਧ (ਮਈ 2019) ਕੇ ₹ 800.16[2] ਕਰੋੜ ਕਰ ਦਿੱਤਾ ਗਿਆ ਸੀ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਪਹਿਲੀ ਸੀ ਪੀ ਵਿੱਚ ਮਨਜ਼ੂਰ ਕੀਤੀਆਂ 182 ਸਕੀਮਾਂ ਵਿੱਚੋਂ, 53 ਸਕੀਮਾਂ *ਭਾਵ* 29 *ਪ੍ਰਤੀਸ਼ਤ* ਅੱਗੇ ਦੂਜੀ ਸੀ ਪੀ *ਭਾਵ* ਸਾਲ 2020-23 ਵਿੱਚ ਸਪਿਲ ਓਵਰ ਹੋ ਗਈਆਂ ਸਨ। ਇਹ ਕੰਮ ਹੁਣ ₹ 389.71 ਕਰੋੜ ਦੇ ਲਾਗਤ ਵਾਧੇ *ਭਾਵ* ਪਹਿਲੀ ਸੀ ਪੀ ਵਿੱਚ ਸ਼ਾਮਲ ਲਾਗਤ ਦੀ ਤੁਲਨਾ ਵਿੱਚ ਲਾਗਤ ਕੀਮਤ ਵਿੱਚ 99 *ਪ੍ਰਤੀਸ਼ਤ* ਵਾਧੇ ਨਾਲ ਦੂਜੇ ਸੀ ਪੀ ਵਿੱਚ ਸ਼ਾਮਲ ਕੀਤੇ ਗਏ ਸਨ। ਇਸ ਲਈ, ਯੋਜਨਾ ਅਨੁਸਾਰ ਕੰਮ ਨਾ ਕੀਤੇ ਜਾਣ ਨਾਲ ਨਾ ਸਿਰਫ ਕੰਪਨੀ ਨੂੰ ਮੌਜੂਦਾ ਓਵਰਲੋਡ ਹੋਏ ਸਿਸਟਮ ਤੋਂ ਟੀਚਾਗਤ ਰਾਹਤ ਪ੍ਰਾਪਤ

[1] ਸਾਲ 2017-18, 2018-19 ਅਤੇ 2019-20 ਲਈ ਕ੍ਰਮਵਾਰ ₹ 328.29 ਕਰੋੜ, ₹ 248.01 ਕਰੋੜ ਅਤੇ ₹ 202.64 ਕਰੋੜ ।

[2] ਸਾਲ 2017-18, 2018-19 ਅਤੇ 2019-20 ਲਈ ਕ੍ਰਮਵਾਰ ₹ 321.48 ਕਰੋੜ, ₹ 251.40 ਕਰੋੜ ਅਤੇ ₹ 227.28 ਕਰੋੜ ।

ਕਰਨ ਅਤੇ ਟੀ ਐਂਡ ਡੀ ਨੁਕਸਾਨਾਂ ਨੂੰ ਘੱਟ ਕਰਨ ਤੋਂ ਵਾਂਝਾ ਰੱਖਿਆ ਗਿਆ ਸਗੋਂ ਇਸਦੇ ਨਤੀਜੇ ਵਜੋਂ ₹ 389.71 ਕਰੋੜ ਤੱਕ ਦਾ ਲਾਗਤ ਵਾਧਾ ਵੀ ਹੋਇਆ।

ਮੈਨੇਜਮੈਂਟ ਨੇ ਦੇਰੀ ਲਈ ਵੱਖ-ਵੱਖ ਕਾਰਕਾਂ ਜਿਵੇਂ ਕਿ ਭੂਮੀ ਗ੍ਰਹਿਣ, ਰਾਈਟ ਆਫ਼ ਵੇਅ ਮਾਮਲੇ, ਫੰਡਾਂ ਦੀ ਉਪਲੱਬਧਤਾ ਅਤੇ ਕੰਮ ਦੇ ਦਾਇਰੇ ਵਿੱਚ ਤਬਦੀਲੀ ਨੂੰ ਜ਼ਿੰਮੇਵਾਰ ਦੱਸਿਆ (ਅਪ੍ਰੈਲ 2022) ਜੋ ਕਿ ਕੰਪਨੀ ਦੇ ਕੰਟਰੋਲ ਤੋਂ ਬਾਹਰ ਸਨ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਕੰਪਨੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਹ ਸਾਰੇ ਕਾਰਕ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੱਲ ਕੀਤੇ ਜਾਣੇ ਸਨ।

### 5.2.3 ਕੰਮਾਂ ਨੂੰ ਅਮਲ ਵਿੱਚ ਲਿਆਉਣ ਵਿੱਚ ਦੇਰੀ

ਬਾਕੀ ਰਹਿੰਦੇ ਟਰਾਂਸਮਿਸ਼ਨ ਕੰਮਾਂ ਦੀ ਸਮੀਖਿਆ ਨੇ ਦਰਸਾਇਆ ਕਿ 118 ਮਾਮਲਿਆਂ[3] ਵਿੱਚੋਂ, 75 ਸਕੀਮਾਂ (ਕੰਮਾਂ ਦਾ 64 *ਪ੍ਰਤੀਸ਼ਤ*) ਵਿੱਚ ਇੱਕ ਤੋਂ 105 ਮਹੀਨਿਆਂ ਦੀ ਦੇਰੀ ਵੇਖੀ ਗਈ ਸੀ ਜਿਵੇਂ ਕਿ **ਸਾਰਣੀ** 5.1 ਵਿੱਚ ਵੇਰਵਾ ਦਿੱਤਾ ਗਿਆ ਹੈ:

**ਸਾਰਣੀ 5.1: ਟਰਾਂਸਮਿਸ਼ਨ ਕੰਮਾਂ ਨੂੰ ਅਮਲ ਵਿੱਚ ਲਿਆਉਣ ਵਿੱਚ ਦੇਰੀ**

| ਦੇਰੀ ਦੀ ਰੇਂਜ | ਕੰਮਾਂ ਦੀ ਗਿਣਤੀ | ਪ੍ਰਤੀਸ਼ਤਤਾ |
|---|---|---|
| ਕੋਈ ਦੇਰੀ ਨਹੀਂ | 43 | 36 |
| 36 ਮਹੀਨਿਆਂ ਤੋਂ ਵੱਧ | 23 | 20 |
| 25 ਤੋਂ 36 ਮਹੀਨੇ | 8 | 7 |
| 13 ਤੋਂ 24 ਮਹੀਨੇ | 19 | 16 |
| 12 ਮਹੀਨੇ ਤੱਕ | 25 | 21 |
| **ਜੋੜ** | **118** | |

*ਸ੍ਰੋਤ: ਕੰਪਨੀ ਵੱਲੋਂ ਮੁਹੱਈਆ ਕਰਵਾਈ ਗਈ ਸੂਚਨਾ*

ਕੰਪਨੀ ਨੇ ਕੰਮਾਂ ਦੇ ਮੁਕੰਮਲ ਹੋਣ ਦੀ ਨਿਯਤ ਮਿਤੀ ਅਤੇ ਕੰਮ ਮੁਕੰਮਲ ਹੋਣ ਦੀ ਅਸਲ ਮਿਤੀ ਦੇ ਸਬੰਧ ਵਿੱਚ ਸਹੀ ਰਿਕਾਰਡ ਨਹੀਂ ਰੱਖਿਆ ਸੀ। ਟਰਾਂਸਮਿਸ਼ਨ ਕੰਮਾਂ ਬਾਰੇ ਪੀ ਐਸ ਈ ਆਰ ਸੀ ਨੂੰ ਦਿੱਤੀ ਜਾਣਕਾਰੀ ਵਿੱਚ ਕੰਮਾਂ ਨੂੰ ਪੂਰਾ ਕਰਨ ਦੀ ਨਿਰਧਾਰਤ ਮਿਤੀ ਦੀ ਬਜਾਏ ਪੂਰਾ ਹੋਣ ਦਾ ਨਿਰਧਾਰਤ ਵਿੱਤੀ ਸਾਲ (ਐਫ ਵਾਈ) ਦਰਸਾਇਆ ਸੀ। ਪੀ ਐਸ ਈ ਆਰ ਸੀ ਨੇ ਕੰਪਨੀ ਨੂੰ ਰਿਕਾਰਡ ਸਹੀ ਰੂਪ ਵਿੱਚ ਰੱਖਣ ਦਾ ਨਿਰਦੇਸ਼ (ਦਸੰਬਰ 2014) ਦਿੱਤਾ। ਜਦੋਂਕਿ, ਸੱਤ ਸਾਲ ਤੋਂ ਵੱਧ ਦਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਪੀ ਐਸ ਈ ਆਰ ਸੀ ਦੇ ਮਨਸ਼ਾ ਨਾਲ ਰਿਕਾਰਡ ਤਿਆਰ ਨਹੀਂ ਕੀਤੇ ਗਏ ਸਨ ਅਤੇ ਇਹ ਵਿੱਤੀ ਸਾਲ ਦੇ ਹਿਸਾਬ ਨਾਲ ਤਿਆਰ ਕੀਤੇ ਜਾ ਰਹੇ ਸਨ।

---

[3] 11 ਸਕੀਮਾਂ ਦੇ ਮਾਮਲੇ ਵਿੱਚ ਜਾਣਕਾਰੀ ਭਰੋਸੇਯੋਗ ਨਹੀਂ ਸੀ ਜਿਵੇਂ ਮੁਕੰਮਲਤਾ ਵਾਲਾ ਵਿੱਤੀ ਸਾਲ ਸ਼ੁਰੂ ਹੋਣ ਵਾਲੇ ਵਿੱਤੀ ਸਾਲ ਤੋਂ ਪਹਿਲਾਂ ਦਾ ਵਿਖਾਇਆ ਗਿਆ ਸੀ।

ਮੈਨੇਜਮੈਂਟ ਨੇ ਕਿਹਾ (ਅਪ੍ਰੈਲ 2022) ਕਿ ਕੰਮਾਂ ਦੇ ਅਮਲ ਵਿੱਚ ਦੇਰੀ ਦੇ ਮੁੱਖ ਕਾਰਨ ਰਾਈਟ ਆਫ਼ ਵੇਅ ਮਾਮਲੇ ਅਤੇ ਕਾਨੂੰਨੀ ਕਲੀਅਰੈਂਸ ਜਿਵੇਂ ਕਿ ਜੰਗਲਾਤ, ਰੇਲਵੇ ਅਤੇ ਪਾਵਰ ਟੈਲੀਕਮਿਊਨੀਕੇਸ਼ਨ ਕੋਆਰਡੀਨੇਸ਼ਨ ਸੈੱਲ (ਪੀ ਟੀ ਸੀ ਸੀ) ਮਾਮਲੇ ਆਦਿ ਦੀ ਮਨਜ਼ੂਰੀ ਵਿੱਚ ਦੇਰੀ ਸਨ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਰਾਈਟ ਆਫ਼ ਵੇਅ ਦੇ ਮਾਮਲੇ ਅਤੇ ਸਾਰੇ ਕਾਨੂੰਨੀ ਕਲੀਅਰੈਂਸ ਦੇ ਮਾਮਲੇ ਵੀ ਇਹਨਾਂ ਕੰਮਾਂ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸਬੰਧਤ ਅਥਾਰਟੀਆਂ ਕੋਲ ਪੇਸ਼ ਅਤੇ ਕਲੀਅਰ ਕਰਵਾਏ ਜਾਣੇ ਸਨ।

## 5.2.4 ਕੰਮਾਂ ਨੂੰ ਅਮਲ ਵਿੱਚ ਲਿਆਉਣ ਵਿੱਚ ਕਮੀਆਂ

ਸਰਵੇਖਣ ਕਿਸੇ ਟਰਾਂਸਮਿਸ਼ਨ ਲਾਈਨ ਦੇ ਨਿਰਮਾਣ ਦੀ ਗਤੀਵਿਧੀ ਦਾ ਮਹੱਤਵਪੂਰਨ ਹਿੱਸਾ ਹੈ। ਕੰਪਨੀ (ਪੁਰਾਣਾ ਪੀ ਐਸ ਈ ਬੀ) ਵੱਲੋਂ ਹਦਾਇਤਾਂ ਜਾਰੀ (ਦਸੰਬਰ 1991) ਕੀਤੀਆਂ ਗਈਆਂ ਜਿਨ੍ਹਾਂ ਵਿੱਚ ਇੱਕ ਲਾਈਨ ਦੇ ਸਰਵੇਖਣ ਦੋ ਹਿੱਸਿਆਂ *ਭਾਵ* ਮੁੱਢਲਾ ਸਰਵੇਖਣ[4] ਅਤੇ ਇਸ ਦੇ ਬਾਅਦ ਵਿਸਤ੍ਰਿਤ ਸਰਵੇਖਣ[5] ਵਿੱਚ ਵੰਡਿਆ ਗਿਆ। ਇਹਨਾਂ ਹਦਾਇਤਾਂ ਦੀ ਮਨਸ਼ਾ ਅਨੁਸਾਰ ਜਿੱਥੋਂ ਤੱਕ ਸੰਭਵ ਹੋਵੇ, ਟਰਾਂਸਮਿਸ਼ਨ ਲਾਈਨਾਂ ਦੇ ਰੂਟ ਨਗਰਪਾਲਿਕਾ ਹੱਦਾਂ ਦੇ ਬਾਹਰ ਤਜਵੀਜ ਕਰਨੇ ਚਾਹੀਦੇ ਹਨ ਅਤੇ ਇਹ ਸੰਚਾਰ ਲਾਈਨਾਂ, ਰੇਲਵੇ ਲਾਈਨਾਂ ਦੇ ਨੇੜੇ ਅਤੇ ਸਮਾਨਾਂਤਰ ਸਥਿਤ ਨਹੀਂ ਹੋਣੇ ਚਾਹੀਦੇ ਅਤੇ ਜੰਗਲਾਤ ਖੇਤਰ ਰਾਹੀਂ ਲਾਈਨਾਂ ਦੀ ਕਰਾਸਿੰਗ ਤੋਂ ਬਚਣਾ ਚਾਹੀਦਾ ਹੈ। ਪ੍ਰਸਤਾਵਿਤ ਰੂਟਾਂ ਦੇ ਨਾਲ ਨਾਲ ਮੁੱਖ ਬਿੰਦੂਆਂ ਜਿਵੇਂ ਕਿ ਸ਼ਹਿਰ, ਕਸਬੇ, ਹਾਈਵੇਜ਼ ਅਤੇ ਰੇਲ-ਰੋਡ ਕਰਾਸਿੰਗ, ਪਾਵਰ ਲਾਈਨਜ਼ ਕਰਾਸਿੰਗ, ਦਰਿਆ ਕਰਾਸਿੰਗ ਅਤੇ ਜੰਗਲਾਤ ਖੇਤਰ ਨੂੰ ਦਰਸਾਉਂਦਾ ਮੁੱਖ ਪਲਾਨ ਵੀ ਤਿਆਰ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਲਾਈਨ ਦਾ ਨਿਰਮਾਣ ਸ਼ੁਰੂ ਕਰਨ ਤੋਂ ਪਹਿਲਾਂ ਰੇਲਵੇ ਕਰਾਸਿੰਗ ਮਾਮਲੇ, ਜੰਗਲਾਤ ਅਤੇ ਵਾਤਾਵਰਣ ਕਲੀਅਰੈਂਸ ਮਾਮਲੇ ਅਤੇ ਟੈਲੀਕਮਿਊਨੀਕੇਸ਼ਨ ਪਾਵਰ ਸੰਚਾਰ ਕੋਆਰਡੀਨੇਸ਼ਨ ਸੈਲ (ਪੀ ਟੀ ਸੀ ਸੀ) ਮਾਮਲੇ ਸਬੰਧਤ ਅਥਾਰਟੀਆਂ ਕੋਲ ਪੇਸ਼ ਅਤੇ ਕਲੀਅਰ ਕਰਵਾਉਣੇ ਚਾਹੀਦੇ ਹਨ।

ਲੇਖਾ ਪ੍ਰੀਖਿਆ ਨੇ ਕੰਮਾਂ ਨੂੰ ਅਮਲ ਵਿੱਚ ਲਿਆਉਣ ਵਿੱਚ ਕਮੀਆਂ ਵੇਖੀਆਂ ਜਿਨ੍ਹਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ:

### *5.2.4.1 220 ਕੇ ਵੀ ਗੌਂਸਗੜ੍ਹ ਤੋਂ 220 ਕੇ ਵੀ ਲਾਡੋਵਾਲ ਤੱਕ 220 ਕੇ ਵੀ ਲਾਈਨ*

220 ਕੇ ਵੀ ਗੌਂਸਗੜ੍ਹ ਸਬ-ਸਟੇਸ਼ਨ ਤੋਂ 220 ਕੇ ਵੀ ਲਾਡੋਵਾਲ ਸਬ-ਸਟੇਸ਼ਨ ਤੱਕ 220 ਕੇ ਵੀ ਡਬਲ ਸਰਕਟ (ਡੀ ਸੀ ) ਲਾਈਨ ਦਾ ਕੰਮ 2016-17 ਦੌਰਾਨ ਕੀਤੇ ਜਾਣ ਵਾਲੇ ਕੰਮਾਂ ਦੀ ਯੋਜਨਾ ਸੂਚੀ ਵਿੱਚ ਸ਼ਾਮਲ (ਮਾਰਚ 2016) ਕੀਤਾ ਗਿਆ ਸੀ। ਇਸ ਲਾਈਨ ਦੇ ਰੂਟ ਪਲਾਨ ਨੂੰ ਮਾਰਚ 2017 (ਟਾਵਰ ਨੰਬਰ 1 ਤੋਂ 59) ਅਤੇ ਅਪ੍ਰੈਲ 2018 (ਟਾਵਰ ਨੰਬਰ 60 ਤੋਂ 61) ਵਿੱਚ ਮਨਜ਼ੂਰੀ ਦਿੱਤੀ ਗਈ ਸੀ। ਲਾਈਨ ਲਈ ₹ 11.83 ਕਰੋੜ ਦਾ ਅਨੁਮਾਨ ਤਿਆਰ ਅਤੇ ਮੰਨਜ਼ੂਰ ਕੀਤਾ

---

4 ਸੰਭਾਵਿਤ ਰੁਕਾਵਟ ਨੂੰ ਜਾਣਨ ਲਈ ਟੋਪੋਗ੍ਰਾਫਿਕਲ ਨਕਸ਼ਿਆਂ ਅਤੇ ਵਾਕਓਵਰ ਸਰਵੇਖਣ ਰਾਹੀ ਵੱਖ-ਵੱਖ ਸੰਭਵ ਰੂਟਾਂ ਵਿੱਚੋਂ ਇੱਕ ਉਚਿਤ ਰੂਟ ਦੀ ਚੋਣ ਲਈ।

5 ਟਾਵਰਾਂ ਦੇ ਸਥਾਨ ਅਤੇ ਸਪੈਨ ਨੂੰ ਚਿੰਨ੍ਹਤ ਕਰਨ ਲਈ ਰੂਟ ਦੇ ਵਿਸਤ੍ਰਿਤ ਅਧਿਐਨ ਲਈ ।

ਗਿਆ ਸੀ। ਜਾਰੀ ਕੀਤੇ ਗਏ ਕੰਮ ਦੇ ਆਰਡਰ (ਮਈ 2018) ਵਿੱਚ ਮਈ 2019 ਤੱਕ ਮੁਕੰਮਲ ਹੋਣਾ ਨਿਰਧਾਰਤ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ:

- ਕੰਮ ਦੇ ਅਮਲ ਦੇ ਦੌਰਾਨ, ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਦੁਆਰਾ ਪਹਿਲਾਂ ਹੀ ਪ੍ਰਵਾਨਿਤ (ਮਾਰਚ 2012) ਇੱਕ ਟਾਊਨਸ਼ਿਪ[6] ਦੀ ਹੋਂਦ ਦੀ ਪਛਾਣ ਕੀਤੀ ਗਈ ਸੀ। ਗਲਾਡਾ ਵੱਲੋਂ ਇਸ ਟਾਊਨਸ਼ਿਪ ਦੀ ਜ਼ਮੀਨ ਦੇ ਭਾਗ ਦੀ ਚੇਂਜ਼ ਆਫ ਲੈਂਡ ਯੂਜ਼ (ਸੀ ਐਲ ਯੂ) ਨੂੰ ਪ੍ਰਵਾਨਗੀ (2010) ਦਿੱਤੀ ਗਈ ਸੀ ਅਤੇ ਇਸ ਸਬੰਧੀ ਇੱਕ ਜਨਤਕ ਨੋਟਿਸ ਵੀ ਜਾਰੀ (ਮਈ 2015) ਕੀਤਾ ਗਿਆ ਸੀ। ਇਹ ਵਿਕਾਸ ਕੰਪਨੀ ਦੁਆਰਾ ਇਸ ਹਾਈ-ਟੈਂਸ਼ਨ ਲਾਈਨ ਨੂੰ ਵਿਛਾਉਣ ਲਈ ਸਰਵੇਖਣ ਕਰਨ ਦੀ ਪ੍ਰਕਿਰਿਆ (ਮਈ 2016) ਸ਼ੁਰੂ ਕਰਨ ਤੋਂ ਬਹੁਤ ਪਹਿਲਾਂ ਹੋਇਆ ਸੀ। ਟਾਊਨਸ਼ਿਪ ਦੇ ਡਿਵੈਲਪਰਾਂ ਨੇ ਕੰਪਨੀ ਨੂੰ 220 ਕੇ ਵੀ ਲਾਈਨ ਦੇ ਰੂਟ ਪਲਾਨ ਨੂੰ ਇਹ ਬੇਨਤੀ ਕਰਦੇ ਹੋਏ ਸੋਧਣ ਦੀ ਬੇਨਤੀ (ਜਨਵਰੀ 2019) ਕੀਤੀ ਕਿ ਜੇਕਰ ਲਾਈਨਾਂ ਟਾਊਨਸ਼ਿਪ ਵਿੱਚੋਂ ਲੰਘਦੀਆਂ ਹਨ ਤਾਂ ਉਨ੍ਹਾਂ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਹੋਵੇਗਾ। ਗਲਾਡਾ ਨੇ ਡਿਵੈਲਪਰ ਦੀ ਬੇਨਤੀ ਦਾ ਸਮਰਥਨ ਕੀਤਾ ਅਤੇ ਵਿਸ਼ੇਸ਼ ਸਕੱਤਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ, ਪੰਜਾਬ ਸਰਕਾਰ ਨੇ ਵੀ ਪਾਵਰ ਵਿਭਾਗ, ਪੰਜਾਬ ਸਰਕਾਰ ਨੂੰ ਲਾਈਨ ਮੁੜ ਰੂਟ ਕਰਨ ਲਈ ਬੇਨਤੀ ਕੀਤੀ । ਪ੍ਰੰਤੂ ਕੰਪਨੀ ਨੇ ਰੂਟ ਪਲਾਨ ਸਾਈਟ ਨੂੰ ਇਹ ਕਹਿ ਕੇ ਸੋਧਣ ਤੋਂ ਇਨਕਾਰ (ਜਨਵਰੀ 2019) ਕਰ ਦਿੱਤਾ ਕਿ ਸਰਵੇਖਣ ਕਰਨ ਸਮੇਂ ਇੱਥੇ ਕਿਸੇ ਟਾਊਨਸ਼ਿਪ ਦਾ ਕੋਈ ਸੰਕੇਤ ਨਹੀਂ ਸੀ।

  ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸਰਵੇਖਣ ਦੌਰਾਨ ਕਿਸੇ ਵੀ ਨਿਸ਼ਾਨ ਦੀ ਮੌਜੂਦਗੀ ਨਾ ਹੋਣ ਬਾਰੇ ਕੰਪਨੀ ਦਾ ਦਾਅਵਾ ਗਲਤ ਸੀ ਕਿਉਂਕਿ ਗੂਗਲ ਅਰਥ ਐਪਲੀਕੇਸ਼ਨ ਰਾਹੀ ਸਥਾਨ ਦੇ ਇਤਿਹਾਸ ਦੀ ਸਮੀਖਿਆ ਨੇ ਮਈ 2016 ਵਿੱਚ ਐਂਟਰੀ ਗੇਟ ਅਤੇ ਟਾਊਨਸ਼ਿਪ ਨੂੰ ਪਹੁੰਚ ਸੜਕ ਅਤੇ ਹੋਰ ਉਸਾਰੀਆਂ ਨੂੰ ਦਰਸਾਇਆ। ਇਸ ਤੋਂ ਇਲਾਵਾ, ਰੇਟਿੰਗ ਏਜੰਸੀ ਸੀ ਆਰ ਆਈ ਐਸ ਆਈ ਐਲ[7] ਨੇ ਜੁਲਾਈ 2016 ਵਿੱਚ ਆਪਣੀ ਰਿਪੋਰਟ ਵਿੱਚ ਉਸਾਰੀ ਕੰਮਾਂ ਦੀਆਂ ਤਸਵੀਰਾਂ ਵੀ ਪ੍ਰਕਾਸ਼ਿਤ ਕੀਤੀਆਂ ਸਨ ਜੋ ਟਾਊਨਸ਼ਿਪ ਦੀ ਹੋਂਦ ਨੂੰ ਸਪਸ਼ਟ ਰੂਪ ਵਿੱਚ ਦਰਸਾਉਂਦੀਆਂ ਹਨ। ਇਸ ਤ੍ਰਰਾਂ, ਕਮੀਆਂ ਵਾਲੇ ਸਰਵੇਖਣ ਕਾਰਨ, ਪ੍ਰਵਾਨਿਤ ਟਾਊਨਸ਼ਿਪ ਦੀ ਹੋਂਦ ਦੀ ਪਛਾਣ ਨਹੀਂ ਕੀਤੀ ਗਈ ਸੀ ਅਤੇ ਡਿਵੈਲਪਰ ਵੱਲੋਂ ਅਦਾਲਤ ਵਿੱਚ ਮਾਮਲਾ ਦਾਇਰ ਕਰਨ ਦੇ ਕਾਰਨ ਕੰਮ ਵਿੱਚ ਦੋ ਸਾਲਾਂ ਤੋਂ ਵੱਧ ਸਮੇਂ ਲਈ ਦੇਰੀ ਹੋਈ। ਮਾਮਲਾ ਹੱਲ (ਜੂਨ 2021) ਹੋ ਗਿਆ ਸੀ ਅਤੇ ਕੰਪਨੀ ਟਾਵਰ ਨੰਬਰ 7 ਤੋਂ 9 ਦੀ ਉਚਾਈ ਨੂੰ ਵਧਾਉਣ ਲਈ ਸਹਿਮਤ ਹੋ ਗਈ।

6 ਫਾਰਚੂਨ ਆਰ. ਬਿਲਡਕੋ ਡਿਵੈਲਪਰ ਪ੍ਰਾਈਵੇਟ ਲਿਮਟਡ ਦੁਆਰਾ ਵਿਕਸਤ ਕੀਤਾ ਗਿਆ।

7 ਸੀ ਆਰ ਆਈ ਐਸ ਆਈ ਐਲ ਇੱਕ ਵਿਸ਼ਲੇਸ਼ਣ ਕਰਨ ਵਾਲੀ ਕੰਪਨੀ ਹੈ ਜੋ ਰੇਟਿੰਗ, ਖੋਜ ਅਤੇ ਜੋਖਮ ਅਤੇ ਨੀਤੀ ਸਲਾਹਕਾਰੀ ਸੇਵਾਵਾਂ ਪ੍ਰਦਾਨ ਕਰਦੀ ਹੈ।

- ਰੂਟ ਪਲਾਨ ਵਿੱਚ ਮੈਗਾ ਫੂਡ ਪਾਰਕ ਦੀਆਂ 66 ਕੇ ਵੀ ਲਾਈਨਾਂ ਦੀ ਕਰਾਸਿੰਗ ਨੂੰ ਵੀ ਚਿੰਨ੍ਹਤ ਨਹੀਂ ਕੀਤਾ ਗਿਆ ਸੀ, ਜਿਸ ਕਾਰਨ ਟਾਵਰ ਨੰਬਰ 2 ਤੋਂ 6 ਤੱਕ ਰੂਟ ਪਲਾਨ ਨੂੰ ਸੋਧਿਆ ਗਿਆ ਅਤੇ ਕੰਮ ਨੂੰ ਪੂਰਾ ਕਰਨ ਵਿੱਚ ਦੇਰੀ ਹੋਈ।
- ਟਾਵਰ ਨੰਬਰ 14 ਅਤੇ 15 ਦੀ ਸਥਿਤੀ ਨੂੰ ਰੇਲਵੇ ਦੀ ਜ਼ਮੀਨ 'ਤੇ ਛੋਟੇ ਸਪੈਨਾਂ ਨਾਲ ਚਿੰਨ੍ਹਤ ਕੀਤਾ ਗਿਆ ਸੀ ਜਿਵੇਂ ਕਿ ਹੇਠਾਂ ਤਸਵੀਰ ਵਿੱਚ ਦਿੱਤਾ ਗਿਆ ਹੈ:




ਰੇਲਵੇ ਖੇਤਰ 'ਤੇ ਟਾਵਰਾਂ ਦੀ ਨਿਸ਼ਾਨਦੇਹੀ ਕਾਰਨ ਟਾਵਰ ਨੰਬਰ 13 ਤੋਂ 16 ਦੇ ਰੂਟ ਪਲਾਨ ਨੂੰ ਸੋਧਿਆ ਗਿਆ। ਸਰਵੇਖਣ ਵਿੱਚ ਕਮੀਆਂ ਕਾਰਨ ਰੂਟ ਪਲਾਨ ਨੂੰ ਬਾਰ-ਬਾਰ ਬਦਲਣਾ ਪਿਆ ਅਤੇ ਨਤੀਜੇ ਵਜੋਂ ਕੰਮ ਨੂੰ ਅਮਲ ਵਿੱਚ ਲਿਆਉਣ ਵਿੱਚ ਦੇਰੀ ਹੋਈ।

- ਕੰਪਨੀ ਨੇ ਸਮਰੱਥ ਅਥਾਰਟੀ ਤੋਂ ਪੂਰਵ ਕਲੀਅਰੈਂਸ ਲੈਣ ਦੀਆਂ ਸਥਾਈ ਹਦਾਇਤਾਂ ਦੇ ਬਾਵਜੂਦ ਕੰਮ ਦਾ ਆਰਡਰ ਜਾਰੀ ਕਰਨ ਦੇ ਸੱਤ ਮਹੀਨਿਆਂ (ਦਸੰਬਰ 2018) ਦੇ ਬੀਤ ਜਾਣ ਤੋਂ ਬਾਅਦ ਵੀ ਜੰਗਲਾਤ, ਪਾਵਰ ਟੈਲੀਕਮੁਨਿਕੇਸ਼ਨ ਕੋ-ਆਰਡੀਨੇਸ਼ਨ ਸੈਲ ਅਤੇ ਰੇਲਵੇ ਕਲੀਅਰੈਂਸ ਦੇ ਮਾਮਲਿਆਂ ਲਈ ਅਪਲਾਈ ਨਹੀਂ ਕੀਤਾ। ਇਸ ਨਾਲ ਪੂਰੇ ਕੰਮ ਨੂੰ ਅਮਲ ਵਿੱਚ ਲਿਆਉਣ ਅਤੇ ਲਾਈਨ ਚਾਲੂ ਕਰਨ ਵਿੱਚ ਦੇਰੀ ਹੋਈ।

ਇਸ ਤਰ੍ਹਾਂ, ਗਲਤ ਸਰਵੇਖਣ ਕਾਰਨ ਗੰਭੀਰ ਬੁਨਿਆਦੀ ਢਾਚਿਆਂ ਦੀ ਪਛਾਣ ਨਹੀਂ ਹੋਈ ਸੀ ਜਿਸ ਕਾਰਨ ਰੂਟ ਪਲਾਨ ਵਿੱਚ ਬਾਰ-ਬਾਰ ਸੋਧਾਂ ਹੋਈਆਂ ਸਨ। ਸਰਵੇਖਣ ਕਰਨ ਵਿੱਚ ਕਮੀਆਂ ਦੇ ਨਾਲ ਨਾਲ ਪੀ ਟੀ ਸੀ ਸੀ ਅਤੇ ਜੰਗਲਾਤ ਮਾਮਲਿਆਂ ਦੀ ਕਲੀਅਰੈਂਸ ਲਈ ਸਮਰੱਥ ਅਥਾਰਟੀਆਂ ਨੂੰ ਪਹੁੰਚ ਕਰਨ ਵਿੱਚ ਦੇਰੀ ਦੇ ਸਿੱਟੇ ਵੱਜੋਂ ਕੰਮ ਪੂਰਾ ਹੋਣ ਵਿੱਚ 29 ਮਹੀਨਿਆਂ (ਅਕਤੂਬਰ 2021 ਤੱਕ) ਤੋਂ ਜਿਆਦਾ ਦੀ ਦੇਰੀ ਹੋਈ, ਕਿਉਂਕਿ ₹ 16.12 ਕਰੋੜ *ਭਾਵ* ₹ 11.83 ਕਰੋੜ ਦੀ ਅਨੁਮਾਨਿਤ ਲਾਗਤ ਨਾਲੋਂ 36 *ਪ੍ਰਤੀਸ਼ਤ* ਵੱਧ ਖਰਚਾ ਕਰਨ ਦੇ ਬਾਅਦ ਵੀ ਕੰਮ ਅਜੇ ਅਧੂਰਾ ਸੀ।

ਮੈਨੇਜਮੈਂਟ ਨੇ ਕਿਹਾ (ਅਪ੍ਰੈਲ 2022) ਕਿ ਸਾਲ 2016 ਵਿੱਚ ਗਲਾਡਾ ਦੁਆਰਾ ਪ੍ਰਵਾਨਿਤ ਕਿਸੇ ਵੀ ਟਾਊਨਸ਼ਿਪ ਦੀ ਮੌਜੂਦਗੀ ਦਾ ਕੋਈ ਸੰਕੇਤ ਨਹੀਂ ਸੀ ਅਤੇ ਕਾਨੂੰਨੀ ਕਲੀਅਰੈਂਸ ਮਾਮਲੇ ਦਾਇਰ ਕਰਨ ਵਿੱਚ ਕੋਈ ਦੇਰੀ ਨਹੀਂ ਹੋਈ । ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਗੂਗਲ ਅਰਥ ਦੇ ਇਤਿਹਾਸ ਦੀ ਸਮੀਖਿਆ ਅਤੇ ਸੀ ਆਰ ਆਈ ਐਸ ਆਈ ਐਲ ਦੀ ਰਿਪੋਰਟ ਨੇ ਸਾਲ 2016 ਵਿੱਚ ਟਾਊਨਸ਼ਿਪ ਦੀ ਹੋਂਦ ਨੂੰ ਸਾਬਤ ਕੀਤਾ ਸੀ। ਕਾਨੂੰਨੀ ਕਲੀਅਰੈਂਸ ਪ੍ਰਾਪਤ ਕਰਨ ਵਿੱਚ ਦੇਰੀ ਦੇ ਸਬੰਧ ਵਿੱਚ, ਉਪ ਮੁੱਖ ਇੰਜੀਨਅਰ/ਟੀ ਐਲ ਐਸ ਸੀ[8] ਨੇ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੇ ਵਿਰੁੱਧ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਸਨ।

### *5.2.4.2 400 ਕੇ ਵੀ ਮੱਖੂ ਤੋਂ ਅਲਗੋਂ ਤੱਕ 220 ਕੇ ਵੀ ਲਾਈਨ*

400 ਕੇ ਵੀ ਮੱਖੂ ਸਬ-ਸਟੇਸ਼ਨ ਤੋਂ ਅਲਗੋਂ ਸਬ-ਸਟੇਸ਼ਨ ਤੱਕ 220 ਕੇ ਵੀ ਡਬਲ ਸਰਕਟ (ਡੀ ਸੀ) ਲਾਈਨ ਦਾ ਕੰਮ 2012-13 ਦੌਰਾਨ ਕੀਤੇ ਜਾਣ ਵਾਲੇ ਕੰਮਾਂ ਦੀ ਯੋਜਨਾ ਸੂਚੀ ਵਿੱਚ ਸ਼ਾਮਲ (ਮਈ 2012) ਕੀਤਾ ਗਿਆ ਸੀ ਅਤੇ ਰੂਟ ਪਲਾਨ ਨੂੰ ਮਈ 2012 ਵਿੱਚ ਮਨਜ਼ੂਰੀ ਦਿੱਤੀ ਗਈ ਸੀ। ਲਾਈਨ ਲਈ ₹ 26.76 ਕਰੋੜ ਦੀ ਰਾਸ਼ੀ ਲਈ ਅਨੁਮਾਨ ਲਾਗਤ ਤਿਆਰ ਅਤੇ ਮਨਜ਼ੂਰ (ਮਈ 2012) ਕੀਤਾ ਗਿਆ ਸੀ। ਕੰਮ ਦਾ ਆਰਡਰ 10 ਮਹੀਨਿਆਂ ਦੇ ਨਿਰਧਾਰਤ ਸਮੇਂ ਲਈ ਜਾਰੀ (ਨਵੰਬਰ 2012) ਕੀਤਾ ਗਿਆ ਸੀ *ਭਾਵ* ਸਤੰਬਰ 2013 ਤੱਕ।

ਇਸ ਲਾਈਨ ਨੂੰ ਵਿਛਾਉਣ ਲਈ ਸਰਵੇਖਣ ਵਿੱਚ ਕਮੀਆਂ ਵੇਖੀਆਂ ਗਈਆਂ ਸਨ ਕਿਉਂਕਿ ਚਾਰ ਸਥਾਨਾਂ 'ਤੇ ਵੱਖ-ਵੱਖ ਟਾਵਰਾਂ[9] ਦੇ ਵਿਚਕਾਰ ਦਿਖਾਏ ਗਏ ਸਪੈਨ ਬਾਅਦ ਦੇ ਪੜਾਅ ਤੇ ਗਲਤ ਪਾਏ ਗਏ ਸਨ। ਇਸ ਤੋਂ ਇਲਾਵਾ, ਮੁੱਖ ਯੋਜਨਾ ਵਿੱਚ ਟਾਵਰ ਨੰਬਰ 2 ਅਤੇ 2 ਏ ਵਿਚਕਾਰ 66 ਕੇ ਵੀ ਲਾਈਨ ਦੀ ਕਰਾਸਿੰਗ ਦੀ ਨਿਸ਼ਾਨਦੇਹੀ ਨਹੀਂ ਕੀਤੀ ਗਈ ਸੀ। 11 ਕੇ ਵੀ ਲਾਈਨਾਂ ਦੇ ਕਰਾਸਿੰਗ ਤੇ ਵੀ ਚਾਰ ਥਾਵਾਂ ਤੇ ਐਕਸਟੈਂਸ਼ਨ ਮੁਹੱਈਆ ਨਹੀਂ ਕਰਵਾਈ ਗਈ ਸੀ। ਸਰਵੇਖਣ ਵਿੱਚ ਕਮੀਆਂ ਕਾਰਨ ਰੂਟ ਪਲਾਨ ਵਿੱਚ ਬਾਰ-ਬਾਰ ਸੋਧ ਕੀਤੀ ਗਈ। ਸਮਰੱਥ ਅਥਾਰਟੀ ਨੇ ਉਪ ਮੁੱਖ ਇੰਜਨੀਅਰ/ਟੀ ਐਲ ਐਸ ਸੀ ਨੂੰ ਸਰਵੇਖਣਕਰਤਾ[10] ਤੋਂ ਮੁਆਵਜ਼ੇ ਦੀ ਰਾਸ਼ੀ ਦੀ ਵਸੂਲੀ ਕਰਨ ਦੇ ਨਿਰਦੇਸ਼ (ਜੁਲਾਈ 2016) ਦਿੱਤੇ ਜਦੋਂਕਿ, ਸਰਵੇਖਣਕਰਤਾ ਤੋਂ ਕੋਈ ਵਸੂਲੀ ਨਹੀਂ ਕੀਤੀ ਗਈ ਸੀ। ਇਸ ਤੋਂ ਇਲਾਵਾ, ਠੇਕੇਦਾਰ ਵੱਲੋਂ ਕੰਮ ਸ਼ੁਰੂ ਕਰਨ ਵਿੱਚ ਦੋ ਮਹੀਨੇ ਤੋਂ ਵੱਧ ਦੇਰੀ ਕੀਤੀ ਗਈ ਸੀ। ਕੰਮ ਸ਼ੁਰੂ ਕਰਨ ਤੋਂ ਬਾਅਦ ਵੀ ਚਾਲ ਬਹੁਤ ਮੱਠੀ ਸੀ । ਕੰਮ ਦੀ ਸ਼ੁਰੂਆਤ ਕਰਨ ਵਿੱਚ ਦੇਰੀ/ਮੱਠੀ ਚਾਲ ਵਿੱਚ ਲਈ ਨਾ ਤਾਂ ਕੋਈ ਕਾਰਨ ਦਰਜ ਕੀਤੇ ਗਏ ਸਨ ਅਤੇ ਨਾ ਹੀ ਕੰਪਨੀ ਨੇ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਠੇਕੇਦਾਰ ਤੇ ਕੋਈ ਕਾਰਵਾਈ ਸ਼ੁਰੂ ਕੀਤੀ ਸੀ। ਇਹ ਠੇਕਾ ਪੂਰਾ ਹੋਣ ਦੀ ਨਿਰਧਾਰਤ ਮਿਤੀ ਦੇ ਲਗਭਗ 18 ਮਹੀਨਿਆਂ ਬਾਅਦ ਮਾਰਚ 2015 ਵਿੱਚ ਰੱਦ ਕਰ ਦਿੱਤਾ ਗਿਆ ਸੀ ਅਤੇ ਠੇਕੇਦਾਰ-1 ਦੇ ਜੋਖਮ ਅਤੇ ਲਾਗਤ ਤੇ ਠੇਕੇਦਾਰ-2 ਨੂੰ ਦੁਬਾਰਾ ਅਲਾਟ (ਮਈ 2015) ਕੀਤਾ ਗਿਆ ਸੀ। ਇਸ ਦੌਰਾਨ ਸੱਤ ਟਾਵਰਾਂ ਦੀ ਕਿਸਮ ਨੂੰ ਵੀ

[8] ਟਰਾਂਸਮਿਸ਼ਨ ਲਾਈਨ ਸਰਵੇਖਣ ਅਤੇ ਉਸਾਰੀ

[9] ਟਾਵਰ ਨੰਬਰ 2 ਤੋਂ 3, ਟਾਵਰ ਨੰਬਰ 3 ਤੋਂ 4, ਟਾਵਰ ਨੰਬਰ 74 ਤੋਂ 75 ਅਤੇ ਟਾਵਰ ਨੰਬਰ 78 ਤੋਂ 79 ਵਿਚਕਾਰ

[10] ਇੱਕ ਏਜੰਸੀ ਜਿਸ ਨੂੰ ਕੰਪਨੀ ਨੇ ਸ਼ੁਰੂਆਤੀ ਅਤੇ ਵਿਸਤ੍ਰਿਤ ਸਰਵੇਖਣ ਦਾ ਕੰਮ ਆਊਟਸੋਰਸ ਕੀਤਾ।

ਓਪਨ ਪਿੱਟ ਤੋ ਸੈਮੀ ਸਬਮਰਜਡ ਵਿੱਚ ਬਦਲ ਦਿੱਤਾ ਗਿਆ ਸੀ। ਇਸ ਤੋਂ ਬਾਅਦ, ਫਾਊਂਡੇਸ਼ਨ ਦਾ ਵਿਸ਼ੇਸ਼ ਕਿਸਮ ਦਾ ਕੰਮ ਹੋਣ ਕਰਕੇ ਕੰਪਨੀ ਵੱਲੋਂ ਪਾਇਲ ਟਾਈਪ ਫਾਊਂਡੇਸ਼ਨ ਦਾ ਕੰਮ ਠੇਕੇਦਾਰ-3 ਨੂੰ ਅਲਾਟ (ਅਕਤੂਬਰ 2018) ਕਰਨਾ ਪਿਆ ਸੀ ਜੋ ਕੰਪਨੀ ਦੀ ਯੋਜਨਾ ਦੀ ਕਮੀ ਨੂੰ ਦਰਸਾਉਂਦਾ ਹੈ। ਇਹ ਦੇਖਿਆ ਗਿਆ ਸੀ ਕਿ ਕੰਪਨੀ ਦੇ ਸਟੋਰ ਵਿੱਚ ਮਟੀਰੀਅਲ (ਸੀਮਿੰਟ, ਐਂਕਰ ਬੋਲਟਸ ਆਦਿ) ਉਪਲਬਧ ਨਹੀਂ ਸੀ ਜਿਸ ਕਾਰਨ ਕੰਮ ਵਿੱਚ ਹੋਰ ਦੇਰੀ ਹੋਈ। ਇਹ ਵੀ ਵੇਖਿਆ ਗਿਆ ਸੀ ਕਿ ਸਟੈਂਡਰਡ ਅਪਰੇਟਿੰਗ ਪ੍ਰੋਟੋਕੋਲਜ਼ ਦੀ ਉਲੰਘਣਾ ਕਰਦਿਆਂ ਛੇ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਟਾਵਰ ਨੰਬਰ 46 ਤੋਂ 47 ਦੀ ਰੇਲਵੇ ਕਲੀਅਰੈਂਸਜ਼ ਪ੍ਰਾਪਤ ਨਹੀਂ ਕੀਤੇ ਗਏ। ਕੰਮ ₹ 50.23 ਕਰੋੜ ਦੀ ਅਸਲ ਲਾਗਤ *ਭਾਵ* ਅਨੁਮਾਨਿਤ ਲਾਗਤ ਤੋਂ 88 *ਪ੍ਰਤੀਸ਼ਤ* ਵੱਧ ਨਾਲ ਪੂਰਾ (ਫਰਵਰੀ 2021) ਕਰਵਾਇਆ ਗਿਆ।

ਮੈਨੇਜਮੈਂਟ ਨੇ ਸਵੀਕਾਰ (ਅਪ੍ਰੈਲ 2022) ਕੀਤਾ ਅਤੇ ਕਿਹਾ ਕਿ ਸਰਵੇਖਣ ਵਿੱਚ ਕਮੀ ਅਤੇ 11 ਕੇ ਵੀ/66 ਕੇ ਵੀ /220 ਕੇ ਵੀ ਲਾਈਨਾਂ ਨੂੰ ਐਕਸਟੈਂਸਨ ਦੀ ਵਿਵਸਥਾ ਨਾ ਕਰਨ ਕਰਕੇ ਕੰਮ ਵਿੱਚ ਦੇਰੀ ਹੋਈ।

ਲੇਖਾ ਪ੍ਰੀਖਿਆ ਵਿੱਚ ਪੰਜ ਹੋਰ ਕੰਮਾਂ ਦੇ ਪੂਰਾ ਹੋਣ ਵਿੱਚ ਦੇਰੀ ਦੀ ਕੀਤੀ ਗਈ ਸਮੀਖਿਆ ਦਾ ਸਾਰ **ਸਾਰਣੀ** 5.2 ਵਿੱਚ ਉਜਾਗਰ ਕੀਤਾ ਗਿਆ ਹੈ:

**ਸਾਰਣੀ 5.2 : ਟਰਾਂਸਮਿਸ਼ਨ ਦੇ ਕੰਮਾਂ ਨੂੰ ਪੂਰਾ ਕਰਨ ਵਿੱਚ ਦੇਰੀ ਲਈ ਕਮੀਆਂ ਦੇ ਵੇਰਵੇ**

| ਲੜੀ ਨੰ. | ਕੰਮ ਦਾ ਨਾਂ | ਡੀ ਓ ਡਬਲਿਊ ਓ[11]/ ਟੀ ਡੀ ਓ ਸੀ[12]/ ਏ ਡੀ ਓ ਸੀ[13] | ਕੰਮਾਂ ਦੇ ਪੂਰਾ ਹੋਣ ਵਿੱਚ ਦੇਰੀ ਲਈ ਕਮੀਆਂ | ਅਸਰ |
|---|---|---|---|---|
| 1. | 400 ਕੇ ਵੀ ਨਕੋਦਰ ਤੋਂ ਲਾਡੋਵਾਲ ਤੱਕ 220 ਕੇ ਵੀ ਲਾਈਨ | 10 ਦਸੰਬਰ 2014<br>09 ਅਕਤੂਬਰ 2015<br>16 ਅਗਸਤ 2019 | 1. ਸਤਲੁਜ ਦਰਿਆ ਦੀ ਕਰਾਸਿੰਗ ਹੋਰ 400 ਕੇ ਵੀ ਲਾਈਨਾਂ ਅਤੇ ਕਲੀਅਰੈਂਸ ਰੱਖਣ ਲਈ ਨਿਸ਼ਾਨਦੇਹੀ ਨਾ ਕਰਨ ਦੇ ਕਾਰਨ ਚਾਰ ਵਾਰ ਰੂਟ ਪਲਾਨ ਦੀ ਸੋਧ।<br>2. ਨੀਂਹ ਦੇ ਡਿਜਾਇਨ ਦੀ ਪ੍ਰਵਾਨਗੀ (ਜਨਵਰੀ 2017) ਵਿੱਚ ਦੇਰੀ *ਭਾਵ* ਕੰਮ ਦਾ ਆਰਡਰ ਜਾਰੀ ਕਰਨ ਤੋਂ 2 ਸਾਲਾ ਦੇ ਬਾਅਦ।<br>3. ਜੰਗਲਾਤ ਕਲੀਅਰੈਂਸ ਮਾਮਲੇ ਪੇਸ਼ ਕਰਨ ਵਿੱਚ ਦੇਰੀ (ਜੁਲਾਈ 2015 ਅਤੇ ਦਸੰਬਰ 2016)। | • ਕੰਮ ਪੂਰਾ ਕਰਨ ਵਿੱਚ 46 ਮਹੀਨਿਆਂ ਦੀ ਦੇਰੀ ਨਾਲ ਚਿਤਵੇ ਲਾਭਾਂ ਦੀ ਪ੍ਰਾਪਤੀ ਵਿੱਚ ਦੇਰੀ ਹੋਈ।<br>• ₹ 26.63 ਕਰੋੜ ਦੀ ਅਨੁਮਾਨਿਤ ਲਾਗਤ ਦੇ ਵਿਰੁੱਧ ਅਸਲ ਲਾਗਤ ਵੱਧ ਕੇ ₹ 42.39 ਕਰੋੜ ਹੋ ਗਈ, *ਭਾਵ* ਲਾਗਤ ਵਿੱਚ 59 *ਪ੍ਰਤੀਸ਼ਤ* ਦਾ ਵਾਧਾ ਹੋਇਆ । |

11 ਕੰਮ ਦਾ ਆਰਡਰ ਜਾਰੀ ਕਰਨ ਦੀ ਮਿਤੀ

12 ਮੁਕੰਮਲ ਹੋਣ ਦੀ ਟੀਚਾ ਮਿਤੀ

13 ਮੁੱਕਮਲ ਹੋਣ ਦੀ ਅਸਲ ਮਿਤੀ

| ਲੜੀ ਨੰ. | ਕੰਮ ਦਾ ਨਾਂ | ਡੀ ਓ ਡਬਲਿਊ ਓ[11]/ ਟੀ ਡੀ ਓ ਸੀ[12]/ ਏ ਡੀ ਓ ਸੀ[13] | ਕੰਮਾਂ ਦੇ ਪੂਰਾ ਹੋਣ ਵਿੱਚ ਦੇਰੀ ਲਈ ਕਮੀਆਂ | ਅਸਰ |
|---|---|---|---|---|
| 2. | 220 ਕੇ ਵੀ ਮੁਕਤਸਰ-ਕੋਟਕਪੂਰਾ (ਸੰਧਵਾਂ) ਲਾਈਨ | 30 ਅਗਸਤ 2011<br>30 ਅਪ੍ਰੈਲ 2012<br>27 ਜਨਵਰੀ 2021 | 1. ਹੋਰ ਲਾਈਨਾਂ ਦੇ ਕਰਾਸਿੰਗ ਦੀ ਨਿਸ਼ਾਨਦੇਹੀ ਨਾ ਹੋਣਾ ਅਤੇ ਸਪੈਨ ਦੀ ਲੰਬਾਈ ਵਿੱਚ ਅੰਤਰ ਦੇ ਕਾਰਨ ਰੂਟ ਪਲਾਨ ਨੂੰ ਪੰਜ ਵਾਰ ਸੋਧਿਆ ਗਿਆ।<br>2. ਟਾਵਰਾਂ ਦੀਆਂ ਨੀਂਹਾਂ ਦੇ ਡਿਜ਼ਾਇਨ ਨੂੰ ਅੰਤਿਮ ਰੂਪ ਦੇਣ ਦੇ ਫੈਸਲੇ ਵਿੱਚ ਦੇਰੀ।<br>3. ਗਲਤ ਰੂਟ ਪਲਾਨ ਕਾਰਨ ਰਾਈਟ ਆਫ ਵੇਅ ਦੀ ਸਮਸਿੱਆ।<br>4. ਮਟੀਰਿਅਲ ਦੀ ਚੋਰੀ ਦੀਆਂ ਛੱਬੀ ਘਟਨਾਵਾਂ।<br>5. ਜੰਗਲਾਤ ਕਲੀਅਰੈਂਸ ਵਿੱਚ ਦੇਰੀ। | • ਕੰਮ ਨੂੰ ਪੂਰਾ ਕਰਨ ਵਿੱਚ 104 ਮਹੀਨਿਆਂ ਦੀ ਦੇਰੀ ਨੇ ਚਿਤਵੇ ਲਾਭਾਂ ਤੋਂ ਵਾਝੇਂ ਕੀਤਾ।<br>• ₹ 19.13 ਕਰੋੜ ਦੀ ਅਨੁਮਾਨਿਤ ਲਾਗਤ ਦੇ ਵਿਰੁੱਧ ਅਸਲ ਲਾਗਤ ਵੱਧ ਕੇ ₹ 25.96 ਕਰੋੜ ਹੋ ਗਈ, *ਭਾਵ* ਲਾਗਤ ਵਿੱਚ 36 *ਪ੍ਰਤੀਸ਼ਤ* ਦਾ ਵਾਧਾ ਹੋਇਆ। |
| 3. | 220 ਕੇ ਵੀ ਮੱਖੂ-ਰਸ਼ਿਆਣਾ ਲਾਈਨ | 04 ਜੂਨ 2013<br>3 ਫਰਵਰੀ 2014<br>14 ਜਨਵਰੀ 2020 | 1. ਹੋਰ ਲਾਈਨਾਂ ਅਤੇ ਨਦੀ ਦੀ ਕਰਾਸਿੰਗ ਦੀ ਨਿਸ਼ਾਨਦੇਹੀ ਨਾ ਹੋਣ ਕਾਰਨ ਰੂਟ ਪਲਾਨ ਨੂੰ ਨੌਂ ਵਾਰ ਸੋਧਿਆ ਗਿਆ।<br>2. ਨੀਹਾਂ ਦੀ ਕਿਸਮ ਦੀ ਮਨਜ਼ੂਰੀ (ਮਈ 2014) ਵਿੱਚ 11 ਮਹੀਨੇ ਦੀ ਦੇਰੀ।<br>3. ਇੱਕ ਟਾਵਰ ਦੇ ਡੁੱਬਣ ਨਾਲ ਕੰਮ ਵਿੱਚ 18 ਮਹੀਨੇ ਦੀ ਦੇਰੀ ਹੋਈ।<br>4. ਟਾਵਰਾਂ ਦੀਆਂ ਨੀਹਾਂ ਦੇ ਡਿਜ਼ਾਇਨ ਵਿੱਚ ਤਬਦੀਲੀ।<br>5. ਜ਼ਮੀਨ ਦੇ ਅਣ ਅਧਿਕਾਰਤ ਕਬਜ਼ੇ ਕਾਰਨ ਰਾਈਟ ਆਫ ਵੇਅ ਦੀ ਸਮਸਿੱਆ (ਮਾਰਚ 2017 ਤੋਂ ਜੂਨ 2019)।<br>6. ਜੰਗਲਾਤ ਕਲੀਅਰੈਂਸ ਵਿੱਚ ਦੇਰੀ। | • ਕੰਮ ਨੂੰ ਪੂਰਾ ਕਰਨ ਵਿੱਚ 71 ਮਹੀਨਿਆਂ ਦੀ ਦੇਰੀ ਨੇ ਚਿਤਵੇ ਲਾਭਾਂ ਤੋਂ ਵਾਝੇਂ ਕੀਤਾ।<br>• ₹ 30.32 ਕਰੋੜ ਦੀ ਅਨੁਮਾਨਿਤ ਲਾਗਤ ਦੇ ਵਿਰੁੱਧ ਅਸਲ ਲਾਗਤ ਵੱਧ ਕੇ ₹ 61.30 ਕਰੋੜ ਹੋ ਗਈ *ਭਾਵ* ਲਾਗਤ ਵਿੱਚ 102 *ਪ੍ਰਤੀਸ਼ਤ* ਦਾ ਵਾਧਾ ਹੋਇਆ। |
| 4. | 220 ਕੇ ਵੀ ਮਲੋਟ-220 ਕੇ ਵੀ ਅਬੋਹਰ ਲਾਈਨ | 18 ਜੁਲਾਈ 2013<br>17 ਜਨਵਰੀ 2014 | 1. ਪ੍ਰਵਾਨਿਤ ਰੂਟ ਪਲਾਨ ਵਿੱਚ ਦਰਸਾਏ ਗਏ ਗਲਤ ਕੋਣ, ਰੇਲਵੇ ਅਤੇ ਹੋਰ 220 ਕੇ ਵੀ ਲਾਈਨਾਂ ਤੋਂ ਕਰਾਸਿੰਗ ਦੀ ਨਿਸ਼ਾਨਦੇਹੀ ਨਾ ਹੋਣ ਦੇ ਕਾਰਨ ਰੂਟ ਪਲਾਨ ਨੂੰ ਤਿੰਨ ਵਾਰ ਸੋਧਿਆ ਗਿਆ। | • 93 ਮਹੀਨਿਆਂ ਦੀ ਦੇਰੀ (ਅਕਤੂਬਰ 2021 ਤੱਕ) ਜਦੋਂ ਕਿ ਕੰਮ ਅਜੇ ਵੀ ਅਧੂਰਾ ਹੈ।<br>• ₹ 17.92 ਕਰੋੜ ਦੀ |

| ਲੜੀ ਨੰ. | ਕੰਮ ਦਾ ਨਾਂ | ਡੀ ਓ ਡਬਲਿਊ ਓ[11]/ ਟੀ ਡੀ ਓ ਸੀ[12]/ ਏ ਡੀ ਓ ਸੀ[13] | ਕੰਮਾਂ ਦੇ ਪੂਰਾ ਹੋਣ ਵਿੱਚ ਦੇਰੀ ਲਈ ਕਮੀਆਂ | ਅਸਰ |
|---|---|---|---|---|
| | | ਅਕਤੂਬਰ 2021 ਤੱਕ ਪ੍ਰਗਤੀ ਅਧੀਨ ਕੰਮ | 2. ਸੈਮੀ-ਸਬਮਰਜਡ ਕਿਸਮ ਦੀਆਂ ਨੀਹਾਂ ਦੇ ਡਿਜ਼ਾਇਨ ਜਾਰੀ ਕਰਨ ਵਿੱਚ 4 ਸਾਲਾਂ ਤੋਂ ਵੱਧ ਦੀ ਦੇਰੀ।<br>3. ਠੇਕੇਦਾਰ ਵੱਲੋਂ ਕੰਮ ਸ਼ੁਰੂ ਕਰਨ ਵਿੱਚ ਦੇਰੀ ਅਤੇ ਕੰਮ ਦੀ ਮੱਠੀ ਚਾਲ।<br>4. ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਪੀ ਐਸ ਪੀ ਸੀ ਐਲ) ਦੁਆਰਾ ਕੰਪਨੀ ਤੋਂ ਪ੍ਰੋਫਾਈਲ ਦੀ ਜਾਂਚ ਕੀਤੇ ਬਿਨਾਂ ਲਾਈਨ ਵਿਛਾਉਣਾ। | ਅਨੁਮਾਨਿਤ ਲਾਗਤ ਦੇ ਵਿਰੁੱਧ ਅਸਲ ਲਾਗਤ ਵੱਧ ਕੇ ₹ 22.43 ਕਰੋੜ ਹੋ ਗਈ *ਭਾਵ* ਲਾਗਤ ਵਿੱਚ 25 *ਪ੍ਰਤੀਸ਼ਤ ਦਾ* ਵਾਧਾ ਹੋਇਆ। |
| 5. | ਗੋਇੰਦਵਾਲ ਸਾਹਿਬ ਤੋਂ ਬੋਟੀਆਂਵਾਲਾ ਤੱਕ 220 ਕੇ ਵੀ ਲਾਈਨ | 04 ਜਨਵਰੀ 2012<br>03 ਜੁਲਾਈ 2013<br>06 ਮਾਰਚ 2019 | 1. ਸਰਵੇਖਣ ਵਿੱਚ ਵਿਸੰਗਤੀਆਂ, ਹੋਰ 400/220/11 ਕੇ ਵੀ ਲਾਈਨਾਂ ਦੇ ਕਰਾਸਿੰਗ ਦੀ ਨਿਸ਼ਾਨਦੇਹੀ ਨਾ ਹੋਣ ਕਾਰਨ ਰੂਟ ਪਲਾਨ ਨੂੰ 11 ਵਾਰ ਸੋਧਿਆ ਗਿਆ।<br>2. 17 ਟਾਵਰਾਂ ਦੀ ਕਿਸਮ ਨੂੰ ਓਪਨ ਪਿੱਟ ਤੋਂ ਸੈਮੀ-ਸਬਮਰਜਡ ਵਿੱਚ ਬਦਲਣਾ।<br>3. ਠੇਕੇਦਾਰ ਵੱਲੋਂ ਕੰਮ ਦੀ ਮੱਠੀ ਚਾਲ।<br>4. ਦੋ ਟਾਵਰਾਂ ਦੀ ਨੀਂਹ 13 ਮਹੀਨਿਆਂ ਬਾਅਦ ਖੁੱਲੇ ਟੋਏ ਤੋਂ ਖੂਹ ਕਿਸਮ ਦੀ ਨੀਹ ਵਿੱਚ ਬਦਲੀ ਗਈ।<br>5. ਰੇਲਵੇ/ਜੰਗਲਾਤ ਦੀ ਕਲੀਅਰੈਂਸ ਲਈ ਪਹੁੰਚ ਕਰਨ ਵਿੱਚ ਦੇਰੀ। | • ਕੰਮ ਪੂਰਾ ਹੋਣ ਵਿੱਚ 68 ਮਹੀਨਿਆਂ ਦੀ ਦੇਰੀ ਨੇ ਚਿਤਵੇ ਲਾਭਾਂ ਤੋਂ ਵਾਂਝੇ ਕੀਤਾ।<br>• ₹ 32.70 ਕਰੋੜ ਦੀ ਅਨੁਮਾਨਿਤ ਲਾਗਤ ਦੇ ਵਿਰੁੱਧ ਅਸਲ ਲਾਗਤ ਵੱਧ ਕੇ ₹ 50.91 ਕਰੋੜ ਹੋ ਗਈ *ਭਾਵ* ਲਾਗਤ ਵਿੱਚ 56 *ਪ੍ਰਤੀਸ਼ਤ* ਦਾ ਵਾਧਾ ਹੋਇਆ। |

*ਸ੍ਰੋਤ : ਕੰਪਨੀ ਵੱਲੋਂ ਮੁਹੱਈਆ ਕਰਵਾਏ ਗਏ ਰਿਕਾਰਡ*

ਇਸ ਤਰ੍ਹਾਂ ਇਨ੍ਹਾਂ ਸੱਤ ਕੰਮਾਂ[14] ਵਿੱਚ ਪੰਜ 46 ਮਹੀਨਿਆਂ ਤੋਂ 104 ਮਹੀਨਿਆਂ ਦੀ ਦੇਰੀ ਨਾਲ ਪੂਰੇ ਕੀਤੇ ਗਏ ਸਨ ਅਤੇ ਦੋ ਕੰਮ 29 ਅਤੇ 93 ਮਹੀਨੇ ਬੀਤ ਜਾਣ ਦੇ ਬਾਵਜੂਦ ਅਜੇ ਅਧੂਰੇ (ਅਕਤੂਬਰ 2021) ਸਨ। ਲਾਗੂਕਰਨ ਵਿੱਚ ਦੇਰੀ ਕਾਰਨ, ₹ 165.29 ਕਰੋੜ ਦੀ ਅਨੁਮਾਨਿਤ ਲਾਗਤ ਦੇ ਵਿਰੁੱਧ ਇਨ੍ਹਾਂ ਕੰਮਾਂ ਦੀ ਅਸਲ ਲਾਗਤ ₹ 104.05 ਕਰੋੜ (63 *ਪ੍ਰਤੀਸ਼ਤ*) ਨਾਲ ਵੱਧਕੇ ₹ 269.34 ਕਰੋੜ ਹੋ ਗਈ।

ਮੈਨੇਜਮੈਂਟ ਨੇ ਉਪੱਰ ਦੱਸੇ ਤੱਥਾਂ ਨੂੰ ਸਵੀਕਾਰ (ਅਪ੍ਰੈਲ 2022) ਕੀਤਾ।

[14] ਜਜਮੈਂਟਲ ਅਧਾਰ ਤੇ ਚੋਣ ਕੀਤੀ ਗਈ।

## 5.2.5 ਗੈਰ-ਲਾਭਦਾਇਕ ਖਰਚਾ

### *5.2.5.1 ਪਹਿਲਾਂ ਹੀ 220 ਕੇ ਵੀ ਤੱਕ ਅਪਗਰੇਡ ਕੀਤੇ ਸਬ-ਸਟੇਸ਼ਨ ਨਾਲ ਜੋੜਨ ਲਈ 132 ਕੇ ਵੀ ਲਾਈਨ ਵਿਛਾਉਣਾ*

132 ਕੇ ਵੀ ਸਬ-ਸਟੇਸ਼ਨ ਧਰਮਕੋਟ ਨੂੰ 132 ਕੇ ਵੀ ਸਬ-ਸਟੇਸ਼ਨ ਢੱਲੇਕੇ ਨਾਲ ਜੋੜਨ ਲਈ 132 ਕੇ ਵੀ ਲਿੰਕ ਲਾਈਨ ਲਈ ਕੰਮ ਦਾ ਆਰਡਰ (ਮਈ 2013) ਤਿੰਨ ਮਹੀਨੇ ਦੇ ਨਿਰਧਾਰਤ ਸਮੇਂ *ਭਾਵ* ਅਗਸਤ 2013 ਤੱਕ ਪੂਰਾ ਕਰਨ ਲਈ ਜਾਰੀ ਕੀਤਾ ਗਿਆ ਸੀ। ਜਦੋਂਕਿ, ਲਾਈਨ ਵਿਛਾਉਣ ਦਾ ਕੰਮ ਟਾਵਰਾਂ ਲਈ ਮਟੀਰੀਅਲ ਦੀ ਕਮੀ ਅਤੇ ਜਿਸ ਜ਼ਮੀਨ ਤੇ ਟਾਵਰ ਲਗਾਏ ਗਏ ਸਨ, ਉਸ ਜ਼ਮੀਨ ਦੇ ਮਾਲਕਾਂ ਵੱਲੋਂ ਵਿਰੋਧ ਦੇ ਕਾਰਨ ਰੁਕ ਗਿਆ ਸੀ। ਇਸ ਸਮੇਂ ਦੌਰਾਨ, ਧਰਮਕੋਟ ਸਬ-ਸਟੇਸ਼ਨ ਨੂੰ 132 ਕੇ ਵੀ ਤੋਂ 220 ਕੇ ਵੀ ਅਪਗ੍ਰੇਡ ਕਰਨ ਲਈ ਇੱਕ ਹੋਰ ਅਨੁਮਾਨ ਨੂੰ ਮਨਜ਼ੂਰੀ (ਮਾਰਚ 2014) ਦਿੱਤੀ ਗਈ ਸੀ। ਉਸੇ ਅਨੁਸਾਰ, ਧਰਮਕੋਟ ਸਬ ਸਟੇਸ਼ਨ ਨੂੰ ਅਪਗ੍ਰੇਡ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਅਤੇ ਦਸੰਬਰ 2014 ਵਿੱਚ ਪੂਰਾ ਹੋ ਗਿਆ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਧਰਮਕੋਟ ਸਬ-ਸਟੇਸ਼ਨ ਨੂੰ 132 ਕੇ ਵੀ ਤੋਂ 220 ਕੇ ਵੀ ਤੱਕ ਅੱਪਗ੍ਰੇਡ ਕਰਨ ਦੇ ਬਾਵਜੂਦ, ਧਰਮਕੋਟ ਤੋਂ ਢੱਲੇਕੇ ਤੱਕ 132 ਕੇ ਵੀ ਲਾਈਨ ਵਿਛਾਉਣ ਦਾ ਕੰਮ ਜਾਰੀ ਰਿਹਾ ਜਦੋਂ ਕਿ 132 ਕੇ ਵੀ ਦੀ ਉਕਤ ਲਾਈਨ ਵਿਛਾਉਣ ਦੀ ਕੋਈ ਲੋੜ ਨਹੀਂ ਸੀ। ਲਾਈਨ ਵਿਛਾਉਣ ਦਾ ਕੰਮ ਜਨਵਰੀ 2020 ਵਿੱਚ ₹ 1.26 ਕਰੋੜ ਦੀ ਲਾਗਤ ਨਾਲ ਪੂਰਾ ਕੀਤਾ ਗਿਆ ਸੀ।

ਕੰਮ ਪੂਰਾ ਹੋਣ ਤੋਂ ਬਾਅਦ, ਇਹ ਵੇਖਿਆ (ਜਨਵਰੀ 2020) ਗਿਆ ਸੀ ਕਿ ਧਰਮਕੋਟ ਸਬ ਸਟੇਸ਼ਨ ਦਸੰਬਰ 2014 ਵਿੱਚ ਪਹਿਲਾਂ ਹੀ 132 ਕੇ ਵੀ ਤੋਂ 220 ਕੇ ਵੀ ਤੱਕ ਅੱਪਗਰੇਡ ਕੀਤਾ ਜਾ ਚੁਕਿਆ ਹੈ। ਇਸ ਦੇ ਕਾਰਨ, ਲਾਈਨ ਵਿਅਰਥ ਰਹੀ (ਅਕਤੂਬਰ 2021)। ਇਹ ਕੰਪਨੀ ਦੇ ਟਰਾਂਸਮਿਸ਼ਨ ਲਾਈਨ ਸਰਵੇਖਣ ਅਤੇ ਨਿਰਮਾਣ ( ਟੀ ਐਲ ਐਸ ਸੀ) ਅਤੇ ਗਰਿੱਡ ਨਿਰਮਾਣ ਵਿੰਗਾਂ ਵਿਚਕਾਰ ਮਾੜੀ ਨਿਗਰਾਨੀ ਅਤੇ ਗੈਰ-ਤਾਲਮੇਲ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ, ਦਸੰਬਰ 2014 ਵਿੱਚ ਸਬ ਸਟੇਸ਼ਨ ਦੀ ਅਪਗ੍ਰੇਡੇਸ਼ਨ ਹੋਣ ਤੋਂ ਬਾਅਦ ਵੀ 132 ਕੇ ਵੀ ਲਾਈਨ ਵਿਛਾਉਣ ਦਾ ਕੰਮ ਦਸੰਬਰ 2019 ਤੱਕ ਜਾਰੀ ਰੱਖਿਆ ਗਿਆ ਸੀ ਜਿਸ ਦੇ ਨਤੀਜੇ ਵਜੋਂ ₹ 1.26 ਕਰੋੜ ਦਾ ਗੈਰ-ਲਾਭਦਾਇਕ ਖਰਚਾ ਹੋਇਆ।

ਮੈਨੇਜਮੈਂਟ ਨੇ ਸਵੀਕਾਰ (ਅਪ੍ਰੈਲ 2022) ਕੀਤਾ ਅਤੇ ਕਿਹਾ ਕਿ ਹੁਣ 220 ਕੇ ਵੀ ਧਰਮਕੋਟ ਸਬ-ਸਟੇਸ਼ਨ ਵਿੱਚ ਕੋਈ 132 ਕੇ ਵੀ ਉਪਕਰਣ ਨਹੀਂ ਹੈ।

### *5.2.5.2 ਕੰਡਕਟਰ ਦੇ ਵਾਧੇ 'ਤੇ ਬਚਣਯੋਗ ਖਰਚਾ*

132 ਕੇ ਵੀ ਜਮਾਲਪੁਰ ਤੋਂ ਮੋਗਾ ਲਾਈਨ ਸਰਕਟ ਨੰਬਰ 1 ਲਈ ਕੰਡਕਟਰ ਵਿੱਚ 0.15 ਵਰਗ ਇੰਚ ਤੋਂ 0.2 ਵਰਗ ਇੰਚ ਤੱਕ ਵਾਧਾ ਕਰਨ ਦਾ ਕੰਮ ਯੋਜਨਾਬੱਧ (ਮਾਰਚ 2011) ਕੀਤਾ ਗਿਆ ਸੀ। ਕੰਮ ਨੂੰ ਤਕਨੀਕੀ ਤੌਰ ਤੇ ਮਨਜ਼ੂਰੀ (ਮਈ 2011) ਦਿੱਤੀ ਗਈ ਸੀ ਅਤੇ ਕੰਮ ਨੌਂ ਮਹੀਨਿਆਂ

ਦੀ ਸਮਾਂ ਸੀਮਾ ਦੇ ਨਾਲ ਫਰਮ-1[15] ਨੂੰ ਅਲਾਟ (ਜੁਲਾਈ 2011) ਕੀਤਾ ਗਿਆ ਸੀ। ਫਰਮ-1 ਕਾਰਗੁਜ਼ਾਰੀ ਕਰਨ ਵਿੱਚ ਅਸਫਲ ਰਹੀ ਅਤੇ ਕੰਮ ਨੂੰ ਰੱਦ/ਬੰਦ (ਅਪ੍ਰੈਲ 2014) ਕਰ ਦਿੱਤਾ ਗਿਆ ਅਤੇ ਫਰਮ-2[16] ਨੂੰ ਮੁੜ ਅਲਾਟ (ਅਗਸਤ 2014) ਕੀਤਾ ਗਿਆ। ਜਦੋਂਕਿ, ਕੰਮ ਦਾ ਆਰਡਰ ਜਾਰੀ ਹੋਣ ਦੇ 40 ਮਹੀਨਿਆਂ ਬਾਅਦ, ਕੰਡਕਟਰ ਦੇ ਬਦਲੇ ਜਾਣ ਨੂੰ ਛੱਡਣ ਕਰਕੇ ਕੰਮ ਦਾ ਦਾਇਰਾ ਘਟਾ (ਦਸੰਬਰ 2017) ਦਿੱਤਾ ਗਿਆ ਸੀ। ਫਰਮ-2 ਨੇ ਇਸ ਤੋਂ ਬਾਅਦ, ਕੰਮ ਦੇ ਦਾਇਰੇ ਵਿੱਚ ਕਮੀ ਦੇ ਕਾਰਨ ਕੰਮ ਨੂੰ ਜਾਰੀ ਰੱਖਣ ਤੋਂ ਇਨਕਾਰ ਕਰ ਦਿੱਤਾ ਅਤੇ ਇਹ ਕੰਮ ਨੂੰ ਅਧੂਰਾ ਬੰਦ ਕਰ ਦਿੱਤਾ ਗਿਆ ਸੀ ਜਿਸ ਵਿੱਚ ਉਦੋਂ ਤੱਕ ₹ 1.24 ਕਰੋੜ ਦਾ ਖਰਚਾ ਕੀਤਾ ਜਾ ਚੁੱਕਿਆ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਉਕਤ ਕੰਮ ਲਈ ਪ੍ਰਵਾਨਗੀ (ਨਵੰਬਰ 2011) ਸਿਰਫ ਇਸ ਸ਼ਰਤ ਤੇ ਦਿੱਤੀ ਗਈ ਸੀ ਕਿ ਟਾਵਰਾਂ ਦੀ ਅਸਲ ਹਾਲਤ ਅਤੇ ਉਨ੍ਹਾਂ ਦੀ ਬੁਨਿਆਦ ਨੂੰ ਧਿਆਨ ਵਿੱਚ ਰੱਖ ਕੇ ਕੰਮ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਟਾਵਰ ਬਹੁਤ ਪੁਰਾਣੇ ਸਨ। ਇਹ ਦਰਸਾਉਂਦਾ ਹੈ ਕਿ ਕੰਮ ਦੀ ਯੋਜਨਾ ਸਾਈਟ ਦੀਆਂ ਅਸਲ ਸਥਿਤੀਆਂ ਤੇ ਵਿਚਾਰ ਕੀਤੇ ਬਿਨਾਂ ਬਣਾਈ ਗਈ ਸੀ ਜਿਸ ਨਾਲ ਆਖਰਕਾਰ ₹ 1.24 ਕਰੋੜ ਦਾ ਵਿਅਰਥ ਖਰਚਾ ਹੋਇਆ।

ਮੈਨੇਜਮੈਂਟ ਨੇ ਕਿਹਾ (ਅਪ੍ਰੈਲ 2022) ਕਿ ਖੇਤਰ ਦੇ ਵਸਨੀਕਾਂ ਦੇ ਸਖਤ ਵਿਰੋਧ ਕਾਰਨ ਕੰਮ ਪੂਰਾ ਨਹੀਂ ਹੋ ਸਕਿਆ ਕਿਉਂਕਿ ਇਹ ਸਰਕਟ ਉਨ੍ਹਾਂ ਦੀਆਂ ਛੱਤਾਂ ਤੋਂ ਲੰਘ ਰਹੇ ਸਨ। ਇਸ ਅਨੁਸਾਰ ਕੰਮ ਦਾ ਦਾਇਰਾ ਬਦਲਿਆ ਗਿਆ ਸੀ ਅਤੇ ਕੰਮ ਅਧੂਰਾ ਬੰਦ ਕਰ ਦਿੱਤਾ ਗਿਆ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਵਸਨੀਕਾਂ ਦੀਆਂ ਛੱਤਾਂ ਤੋਂ ਸਰਕਟਾਂ ਦਾ ਲੰਘਣਾ ਦਰਸਾਉਂਦਾ ਹੈ ਕਿ ਲਾਈਨ ਵਾਧੇ ਦੇ ਕੰਮਾਂ ਦੇ ਸਰਵੇਖਣ ਵਿੱਚ ਕਮੀ ਸੀ ਜਿਸ ਕਾਰਨ ₹ 1.24 ਕਰੋੜ ਦਾ ਵਿਅਰਥ ਖਰਚਾ ਹੋਇਆ।

### *5.2.5.3 ਗੈਰ-ਕਾਰਜਸ਼ੀਲ 66 ਕੇ ਵੀ ਲਾਈਨ ਬੇਜ਼*

ਕੰਪਨੀ ਨੇ 66 ਕੇ ਵੀ ਸਬ-ਸਟੇਸ਼ਨ ਤਰਨਤਾਰਨ ਲਈ ਦੋ 66 ਕੇ ਵੀ ਆਊਟਗੋਇੰਗ ਲਾਈਨ ਬੇਜ਼ ਦੇ ਨਿਰਮਾਣ ਦੀ ਯੋਜਨਾ ਬਣਾਈ। ਇਸ ਅਨੁਸਾਰ, ਇਹ ਦੋ ਲਾਈਨ ਬੇਜ਼ ₹ 31.17 ਲੱਖ ਦੀ ਲਾਗਤ ਨਾਲ ਚਾਲੂ (ਜੂਨ 2019) ਕਰਵਾਏ ਗਏ ਸਨ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਇਹ ਦੋ ਬੇਜ਼ ਚਾਲੂ ਹੋਣ ਤੋਂ ਬਾਅਦ ਤੋਂ ਹੀ ਬੇਕਾਰ ਪਏ ਹਨ। ਇਨ੍ਹਾਂ ਤੋਂ ਇਲਾਵਾ, ਸਤੰਬਰ 2015 ਅਤੇ ਅਕਤੂਬਰ 2020 ਦੇ ਸਮੇਂ ਦੇ ਵਿਚਕਾਰ ਵੱਖ-ਵੱਖ ਸਬ ਸਟੇਸ਼ਨਾਂ ਤੇ ਚਾਲੂ ਕੀਤੇ ਗਏ ਸੱਤ ਹੋਰ ਬੇਜ਼ ਵੀ ਬੇਕਾਰ ਪਏ ਸਨ (ਨਵੰਬਰ 2021 ਦੀ ਸਥਿਤੀ ਅਨੁਸਾਰ)। ਇਹਨਾਂ ਨੌਂ ਬੇਜ਼ ਦੇ ਨਿਰਮਾਣ ਲਈ ₹ 2.03 ਕਰੋੜ ਦਾ ਕੀਤਾ ਗਿਆ ਖਰਚਾ ਜੋ ਕਿ ਕੰਪਨੀ ਦੁਆਰਾ ਸਹਿਣ ਕੀਤਾ ਗਿਆ ਸੀ, ਅਟਕਿਆ ਰਿਹਾ।

---

[15] ਮੈਸਰਜ਼ ਟੈਲੀਲਿੰਕ ਪਾਵਰ ਟਰਾਂਸਮਿਸ਼ਨ ।

[16] ਮੈਸਰਜ਼ ਐਮ ਵੀ ਐਲ ਐਂਟਰਪ੍ਰਾਈਜਿਜ਼।

ਮੈਨੇਜਮੈਂਟ ਨੇ ਕਿਹਾ (ਅਪ੍ਰੈਲ 2022) ਕਿ ਇਹ ਲਾਈਨ ਬੇਜ਼ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਪੀ ਐਸ ਪੀ ਸੀ ਐਲ) ਦੀ ਲੋੜ ਅਨੁਸਾਰ ਬਣਾਈਆਂ ਗਈਆਂ ਸਨ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਕੰਪਨੀ ਨੇ ਇਨ੍ਹਾਂ ਲਾਈਨ ਬੇਜ਼ ਦੀ ਵਰਤੋਂ ਬਾਰੇ ਪੀ ਐਸ ਪੀ ਸੀ ਐਲ ਤੋਂ ਪੱਕੀ ਵਚਨਬੱਧਤਾ ਲਏ ਬਿਨਾਂ ਇਨ੍ਹਾਂ ਲਾਈਨ ਬੇਜ਼ ਦਾ ਨਿਰਮਾਣ ਕੀਤਾ ਸੀ।

## 5.3 ਸਿੱਟਾ

ਕੰਪਨੀ ਨੇ ਪ੍ਰਸਪੈਕਟਿਵ ਰੋਲਿੰਗ ਟਰਾਂਸਮਿਸ਼ਨ ਯੋਜਨਾ ਨਹੀਂ ਬਣਾਈ। ਸਰਵੇਖਣ ਨੁਕਸਦਾਰ ਸਨ ਕਿਉਂਕਿ ਟਰਾਂਸਮਿਸ਼ਨ ਲਾਈਨ ਦੇ ਯੋਜਿਤ ਰੂਟ ਵਿੱਚ ਪਹਿਲਾਂ ਹੀ ਮੌਜੂਦ ਬੁਨਿਆਦੀ ਢਾਂਚਿਆਂ ਦਾ ਪਤਾ ਨਹੀਂ ਲਗਾਇਆ ਗਿਆ ਸੀ। ਕਾਨੂੰਨੀ ਅਥਾਰਟੀਆਂ ਕੋਲ ਜ਼ਰੂਰੀ ਕਲੀਅਰੈਂਸਜ਼ ਪ੍ਰਾਪਤ ਕਰਨ ਲਈ ਪਹੁੰਚ ਕਰਨ ਵਿੱਚ ਦੇਰੀ ਕੀਤੀ ਗਈ ਸੀ। ਡਿਜ਼ਾਇਨ ਦੀ ਪ੍ਰਵਾਨਗੀ ਵਿੱਚ ਲੰਮੀ ਦੇਰੀ ਵੀ ਵੇਖੀ ਗਈ ਸੀ। ਇਨ੍ਹਾਂ ਖਾਮੀਆਂ ਕਾਰਨ ਪ੍ਰੋਜੈਕਟਾਂ ਨੂੰ ਪੂਰਾ ਕਰਨ ਵਿੱਚ ਦੇਰੀ ਹੋਈ ਅਤੇ ਨਤੀਜੇ ਵਜੋਂ ਨਾ ਸਿਰਫ਼ ਲਾਗਤ ਵਿੱਚ ਵਾਧਾ ਹੋਇਆ ਸਗੋਂ ਸਪਲਾਈ ਦੀ ਭਰੋਸੇਯੋਗਤਾ ਵਿੱਚ ਸੁਧਾਰ, ਵਧੀਕ ਲੋਡ ਦੀਆਂ ਜਰੂਰਤਾਂ ਆਦਿ ਨੂੰ ਪੂਰਾ ਕਰਨ ਦੇ ਚਿਤਵੇ ਲਾਭਾਂ ਦੀ ਪ੍ਰਾਪਤੀ ਵਿੱਚ ਦੇਰੀ ਵੀ ਹੋਈ।

## 5.4 ਸਿਫਾਰਸ਼ਾਂ

ਕੰਪਨੀ ਇਹ ਯਕੀਨੀ ਬਣਾ ਸਕਦੀ ਹੈ:

- *ਪ੍ਰਸਪੈਕਟਿਵ ਰੋਲਿੰਗ ਟਰਾਂਸਮਿਸ਼ਨ ਯੋਜਨਾ ਬਨਾਉਣਾ;*
- *ਯੋਜਿਤ ਲਾਈਨ ਸਥਾਨਾਂ ਦੇ ਨਾਲ ਵਿਆਪਕ ਰੂਟ ਸਰਵੇਖਣ ਕਰਨਾ;*
- *ਸਮੇਂ ਸਿਰ ਕਾਨੂੰਨੀ ਮਨਜ਼ੂਰੀਆਂ ਹਾਸਲ ਕਰਨਾ; ਅਤੇ*
- *ਲਾਗਤ ਵਾਧੇ ਤੋਂ ਬਚਣ ਲਈ ਕੰਮਾਂ ਨੂੰ ਸਮੇਂ ਸਿਰ ਪੂਰਾ ਕਰਨਾ।*

ਮਾਮਲਾ ਸਰਕਾਰ ਨੂੰ ਭੇਜਿਆ (ਜਨਵਰੀ 2022) ਗਿਆ ਸੀ; ਉਹਨਾਂ ਦੇ ਜਵਾਬਾਂ ਦੀ ਉਡੀਕ (ਨਵੰਬਰ 2022) ਸੀ।

# ਅਧਿਆਇ-VI

# ਵਿੱਤੀ ਸਹਾਇਤਾ ਦੀ ਅਦਾਇਗੀ ਅਤੇ ਵਸੂਲੀ

# ਅਧਿਆਇ-VI

# ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਵਿਭਾਗ

## ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ

## ਵਿੱਤੀ ਸਹਾਇਤਾ ਦੀ ਅਦਾਇਗੀ ਅਤੇ ਵਸੂਲੀ

**ਕਰਜ਼ ਦੇਣ ਦੀਆਂ ਗਤੀਵਿਧੀਆਂ ਵਿੱਚ ਟੀਚੇ ਹਾਸਲ ਕਰਨ ਵਿੱਚ ਵੱਖ-ਵੱਖ ਸਕੀਮਾਂ ਅਧੀਨ 34.87 *ਪ੍ਰਤੀਸ਼ਤ* ਤੋਂ 78.50 *ਪ੍ਰਤੀਸ਼ਤ* ਦੀ ਰੇਂਜ ਵਿੱਚ ਮਹੱਤਵਪੂਰਨ ਕਮੀਆਂ ਸਨ, ਜੋ ਕਿ ਦਰਸਾਉਂਦਾ ਹੈ ਕਿ ਭਲਾਈ ਸਕੀਮਾਂ ਦੀ ਪਾਲਣਾ ਚੰਗੀ ਨਹੀਂ ਸੀ ਜਿਸ ਨੇ ਟੀਚਾਗਤ ਲਾਭਪਾਤਰੀਆਂ ਨੂੰ ਚਿਤਵੇਂ ਲਾਭਾਂ ਤੋਂ ਵਾਂਝੇ ਰੱਖਿਆ। ਚਾਹਵਾਨ ਲਾਭਪਾਤਰੀਆਂ ਦੇ 5,651 ਬਿਨੈ-ਪੱਤਰ ਬਕਾਇਆ ਸਨ। ਉਪਲੱਬਧ ਕਰਜ਼ਯੋਗ ਫੰਡ 2018-19 ਵਿੱਚ ₹ 29.84 ਕਰੋੜ ਤੋਂ ਘੱਟ ਕੇ 2020-21 ਵਿੱਚ ₹ 5.05 ਕਰੋੜ ਰਹਿ ਗਏ।**

## 6.1 ਜਾਣ-ਪਛਾਣ

ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਕਾਰਪੋਰੇਸ਼ਨ) ਦੀ ਸਥਾਪਨਾ (ਜਨਵਰੀ 1971) ਰਾਜ ਵਿੱਚ ਅਨੁਸੂਚਿਤ ਜਾਤੀਆਂ (ਐਸ ਸੀ) ਸਮੂਹ ਅਤੇ ਵਿਸ਼ੇਸ਼ ਤੌਰ 'ਤੇ ਸਮਰੱਥ ਲੋਕਾਂ ਦੇ ਆਰਥਿਕ ਵਿਕਾਸ ਲਈ ਕੀਤੀ ਗਈ ਸੀ। ਰਾਜ ਸਰਕਾਰ ਅਤੇ ਭਾਰਤ ਸਰਕਾਰ (ਜੀ ਓ ਆਈ) ਕੋਲ 51:49 ਦੇ ਅਨੁਪਾਤ ਵਿੱਚ ਕਾਰਪੋਰੇਸ਼ਨ ਦੀ ਇਕਵਟੀ ਹੈ।

ਕਾਰਪੋਰੇਸ਼ਨ ਰਾਜ ਵਿੱਚ ਅਨੁਸੂਚਿਤ ਜਾਤੀਆਂ ਸਮੂਹ ਦੇ ਮੈਂਬਰਾਂ ਅਤੇ ਵਿਸ਼ੇਸ਼ ਤੌਰ 'ਤੇ ਸਮਰੱਥ ਲੋਕਾਂ ਨੂੰ ਵੱਖ-ਵੱਖ ਸਕੀਮਾਂ ਦੇ ਅਧੀਨ ਜਾਂ ਤਾਂ ਸਿੱਧੇ ਤੌਰ ਤੇ ਸਿੱਧੀ ਕਰਜ਼ ਸਕੀਮ ਰਾਹੀਂ ਜਾਂ ਰਾਸ਼ਟਰੀ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ (ਐਨ ਐਸ ਐਫ ਡੀ ਸੀ), ਰਾਸ਼ਟਰੀ ਸਫ਼ਾਈ ਕਰਮਚਾਰੀ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ (ਐਨ ਐਸ ਕੇ ਐਫ ਡੀ ਸੀ) ਅਤੇ ਰਾਸ਼ਟਰੀ ਅਪਾਹਜ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ (ਐਨ ਐਚ ਐਫ ਡੀ ਸੀ) ਦੇ ਸਹਿਯੋਗ ਨਾਲ ਰਾਜ ਵਿੱਚ ਆਪਣੀਆਂ ਭਲਾਈ ਸਕੀਮਾਂ ਨੂੰ ਲਾਗੂ ਕਰਨ ਲਈ ਰਾਜ ਚੈਨਲਾਈਜਿੰਗ ਏਜੰਸੀ ਵਜੋਂ ਕੰਮ ਕਰਦੇ ਹੋਏ ਕਰਜ਼ੇ ਪ੍ਰਦਾਨ ਕਰਦਾ ਹੈ। ਕਾਰਪੋਰੇਸ਼ਨ ਆਪਣੀ ਬੈਂਕ ਟਾਈ-ਅੱਪ ਸਕੀਮ (ਬੀ ਟੀ ਐਸ) ਰਾਹੀਂ ਭਾਰਤ ਸਰਕਾਰ ਦੀ ਵਿਸ਼ੇਸ਼ ਕੇਂਦਰੀ ਸਹਾਇਤਾ (ਐਸ ਸੀ ਏ) ਸਕੀਮ ਅਧੀਨ ਗਰੀਬੀ ਰੇਖਾ ਤੋਂ ਹੇਠਾਂ (ਬੀ ਪੀ ਐਲ) ਐਸ ਸੀ ਪਰਿਵਾਰਾਂ ਨੂੰ ਸਬਸਿਡੀ ਪ੍ਰਦਾਨ ਕਰਦਾ ਹੈ। ਐਨ ਐਸ ਕੇ ਐਫ ਡੀ ਸੀ ਲਈ ਰਾਜ ਦੀ ਚੈਨਲਾਈਜ਼ਿੰਗ ਏਜੰਸੀ ਹੋਣ ਕਰਕੇ ਕਾਰਪੋਰੇਸ਼ਨ ਨੂੰ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਹੱਥੀ ਸਫਾਈ ਸੇਵਕਾਂ ਦੀ ਪੁਨਰਵਾਸ ਯੋਜਨਾ (ਐਸ ਆਰ ਐਮ ਐਸ) ਦੇ ਅਧੀਨ ਰਾਜ ਵਿੱਚ ਸਫ਼ਾਈ ਸੇਵਕਾਂ[1] ਦੇ ਪੁਨਰਵਾਸ ਲਈ ਨੋਡਲ ਏਜੰਸੀ ਵਜੋਂ ਵੀ ਨਾਮਜ਼ਦ ਕੀਤਾ ਗਿਆ ਹੈ। ਕਾਰਪੋਰੇਸ਼ਨ ਸਿੱਖਿਆ ਕਰਜ਼ਿਆਂ ਤੋਂ ਇਲਾਵਾ ਛੋਟੇ ਕਾਰੋਬਾਰਾਂ, ਛੋਟੇ

[1] ਉਹ ਵਿਅਕਤੀ ਜੋ ਇੱਕ ਲੈਟਰੀਨ ਜਾਂ ਖੁਲ੍ਹੇ ਨਾਲੇ ਜਾਂ ਟੋਏ ਵਿੱਚ ਮਨੁੱਖੀ ਮਲ ਨੂੰ ਹੱਥੀਂ ਸਫਾਈ ਕਰਨ, ਚੁੱਕਣ, ਨਿਪਟਾਉਣ ਵਿੱਚ ਰੁੱਝਿਆ ਹੈ।

ਪੱਧਰ ਦੇ ਉਦਯੋਗਾਂ ਅਤੇ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਦੇ ਖੇਤਰਾਂ ਅਧੀਨ ਸਵੈ-ਰੁਜ਼ਗਾਰ ਸਿਰਜਣ ਲਈ ਕਰਜ਼ੇ ਪ੍ਰਦਾਨ ਕਰਦੀ ਹੈ।

ਕਾਰਪੋਰੇਸ਼ਨ ਨੇ 2020-21 ਤੱਕ ਆਪਣੇ ਲੇਖਿਆਂ ਨੂੰ ਅੰਤਿਮ ਰੂਪ ਦਿੱਤਾ ਸੀ ਅਤੇ 2018-19 ਤੋਂ 2020-21 ਦੌਰਾਨ ਕੁੱਲ ₹ 15.20 ਕਰੋੜ ਦਾ ਨੁਕਸਾਨ ਹੋਇਆ ਸੀ। ਕਾਰਪੋਰੇਸ਼ਨ ਨੇ ਆਪਣੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 49,854 ਲਾਭਪਾਤਰੀਆਂ (ਬੀ ਟੀ ਐਸ ਅਧੀਨ 4,60,633 ਲਾਭਪਾਤਰੀਆਂ ਨੂੰ ₹ 168.48 ਕਰੋੜ ਦੀ ਸਬਸਿਡੀ ਨੂੰ ਛੱਡ ਕੇ) ਨੂੰ ₹ 551.80 ਕਰੋੜ ਦੀ ਰਾਸ਼ੀ ਦਾ ਕਰਜ਼ਾ ਵੰਡਿਆ ਸੀ।

## 6.2 ਲੇਖਾ ਪ੍ਰੀਖਿਆ ਉਦੇਸ਼

ਲੇਖਾ ਪ੍ਰੀਖਿਆ ਦਾ ਉਦੇਸ਼ ਇਹ ਮੁਲਾਂਕਣ ਕਰਨਾ ਸੀ ਕਿ ਕੀ ਕਾਰਪੋਰੇਸ਼ਨ ਨੇ ਟੀਚਾਗਤ ਆਬਾਦੀ ਨੂੰ ਪ੍ਰਭਾਵਸ਼ਾਲੀ ਅਤੇ ਕੁਸ਼ਲ ਤਰੀਕੇ ਨਾਲ ਕਵਰ ਕਰਨ ਲਈ ਆਪਣੀਆਂ ਗਤੀਵਿਧੀਆਂ ਦੀ ਯੋਜਨਾ ਬਣਾਈ ਅਤੇ ਲਾਗੂ ਕੀਤੀ, ਸਮੇਂ-ਸਮੇਂ 'ਤੇ ਆਪਣੀਆਂ ਗਤੀਵਿਧੀਆਂ ਦੇ ਪ੍ਰਭਾਵ ਦੀ ਸਮੀਖਿਆ ਕੀਤੀ ਅਤੇ ਜਿੱਥੇ ਵੀ ਲੋੜੀਂਦੇ ਸਨ ਸੋਧਮਈ ਉਪਾਅ ਕੀਤੇ।

## 6.3 ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਵਿਧੀ

2018-19 ਤੋਂ 2020-21 ਦੇ ਸਮੇਂ ਲਈ ਮੁੱਖ ਦਫ਼ਤਰ ਦੇ ਨਾਲ ਛੇ ਜ਼ਿਲ੍ਹਾ ਦਫ਼ਤਰਾਂ[2] ਦੀ ਚੋਣ[3] ਕਰਕੇ ਵਿੱਤੀ ਸਹਾਇਤਾ ਦੀ ਅਦਾਇਗੀ ਅਤੇ ਵਸੂਲੀ ਦੀ ਲੇਖਾ ਪ੍ਰੀਖਿਆ ਕੀਤੀ ਗਈ ਸੀ। ਇਹ ਨਮੂਨਾ ਇਨ੍ਹਾਂ ਤਿੰਨ ਸਾਲਾਂ ਦੌਰਾਨ ਕਰਜ਼ਿਆਂ ਦੀ ਅਦਾਇਗੀ ਨਾਲ ਸਬੰਧਤ 32 *ਪ੍ਰਤੀਸ਼ਤ* ਲੈਣ-ਦੇਣ ਨੂੰ ਕਵਰ ਕਰਦਾ ਹੈ।

## 6.4 ਲੇਖਾ ਪ੍ਰੀਖਿਆ ਲੱਭਤਾ

### 6.4.1 ਲਾਭਪਾਤਰੀਆਂ ਦੀ ਪਛਾਣ

ਵਿਕਾਸ ਸਕੀਮਾਂ ਦੀ ਸਫਲਤਾ ਲਈ ਲਾਭਪਾਤਰੀਆਂ ਦੀ ਪਛਾਣ ਮਹੱਤਵਪੂਰਨ ਹੈ ਕਿਉਂਕਿ ਉਹ ਸਮਾਜ ਦੇ ਦੱਬੇ-ਕੁਚਲੇ ਵਰਗ ਨੂੰ ਨਿਸ਼ਾਨਾ ਬਣਾਉਂਦੀਆਂ ਹਨ ਜਿਨ੍ਹਾਂ ਵਿੱਚ ਉਨ੍ਹਾਂ ਦੀ ਜਾਗਰੂਕਤਾ ਦੀ ਘਾਟ ਕਾਰਨ ਬੇਦਖਲੀ ਦਾ ਵਧੇਰੇ ਜੋਖਮ ਹੁੰਦਾ ਹੈ। ਅਨੁਸੂਚਿਤ ਜਾਤੀ/ਗਰੀਬੀ ਰੇਖਾ ਤੋਂ ਹੇਠਾਂ (ਬੀ ਪੀ ਐਲ)/ ਵਿਸ਼ੇਸ਼ ਤੌਰ 'ਤੇ ਸਮਰੱਥ  ਅਬਾਦੀ ਦੇ ਭਰੋਸੇਯੋਗ ਡੇਟਾਬੇਸ ਦੇ ਸਰਵੇਖਣਾਂ ਅਤੇ ਰੱਖ ਰਖਾਅ ਰਾਹੀ ਟੀਚਾਗਤ ਸਮੂਹਾਂ ਦੀ ਪਛਾਣ ਕਰਨ ਦੀ ਲੋੜ ਹੈ। ਅਜਿਹਾ ਸਰਵੇਖਣ ਵੱਖ-ਵੱਖ ਬਲਾਕਾਂ/ਜਿਲ੍ਹਿਆਂ ਲਈ ਵਿਹਾਰਕ ਪੇਸ਼ਿਆਂ ਅਤੇ ਵਪਾਰਾਂ ਦੀ ਪਛਾਣ ਕਰਨ ਵਿੱਚ ਮਦਦ ਕਰਦਾ ਹੈ ਅਤੇ ਪੜਾਅਵਾਰ ਢੰਗ ਨਾਲ ਆਬਾਦੀ ਦੇ ਪੂਰੇ ਟੀਚਾਗਤ ਵਰਗ

2 ਬਰਨਾਲਾ, ਪਠਾਨਕੋਟ, ਪਟਿਆਲਾ, ਸੰਗਰੂਰ, ਐਸ ਏ ਐਸ ਨਗਰ ਅਤੇ ਤਰਨਤਾਰਨ।

3 ਇਸ ਦਾ ਮਾਪਦੰਡ ਵੱਖ ਵੱਖ ਸਕੀਮਾਂ ਅਧੀਨ ਕਰਜ਼ੇ ਦੀ ਅਦਾਇਗੀ, ਸਬਸਿਡੀ ਦੀ ਅਦਾਇਗੀ ਅਤੇ ਜਜਮੈਂਟਲ ਆਧਾਰ ਤੇ ਚੁਣੇ ਗਏ ਕਰਜ਼ਿਆਂ ਦੀ ਵਸੂਲੀ ਸੀ।

ਨੂੰ ਕਵਰ ਕਰਨ ਲਈ ਯੋਜਨਾਬੰਦੀ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਵਿੱਚ ਸਹੂਲਤ ਦਿੰਦਾ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕਾਰਪੋਰੇਸ਼ਨ ਦੁਆਰਾ ਨਾ ਤਾ ਕੋਈ ਸਰਵੇਖਣ ਕੀਤਾ ਗਿਆ ਸੀ ਅਤੇ ਨਾ ਹੀ ਕੋਈ ਭਰੋਸੇਯੋਗ ਡਾਟਾਬੇਸ ਤਿਆਰ ਕੀਤਾ ਗਿਆ ਸੀ। ਇਸ ਦੀ ਬਜਾਏ, ਕਾਰਪੋਰੇਸ਼ਨ ਲਾਭਪਾਤਰੀਆਂ ਦੀ ਪਛਾਣ ਲਈ ਅਖਬਾਰਾਂ ਵਿੱਚ ਇਸ਼ਤਿਹਾਰ ਦੇ ਰਿਹਾ ਸੀ ਜੋ ਉਦੇਸ਼ ਪੂਰਾ ਨਹੀਂ ਕਰ ਰਿਹਾ ਸੀ।

ਮੈਨੇਜਮੈਂਟ ਨੇ ਦੱਸਿਆ (ਫਰਵਰੀ 2022) ਕਿ ਕਾਰਪੋਰੇਸ਼ਨ ਦੇ ਜ਼ਿਲ੍ਹਾ ਪ੍ਰਬੰਧਕਾਂ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਵਿਸ਼ੇਸ਼ ਤੌਰ 'ਤੇ ਸਮਰੱਥ ਲੋਕਾਂ ਵਿੱਚ ਕਾਰਪੋਰੇਸ਼ਨ ਦੁਆਰਾ ਲਾਗੂ ਕੀਤੀਆਂ ਗਈਆਂ ਵੱਖ ਵੱਖ ਭਲਾਈ ਸਕੀਮਾਂ ਦੇ ਲਾਭਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕੈਂਪ ਲਗਾਏ ਸਨ। ਹਾਲਾਂਕਿ, ਅਜਿਹੇ ਕੈਂਪਾਂ ਦੇ ਨਤੀਜੇ ਅਤੇ ਪ੍ਰਭਾਵਿਕਤਾ ਨੂੰ ਪ੍ਰਮਾਣਿਤ ਕਰਨ ਵਾਲੇ ਰਿਕਾਰਡ ਨੋਟ ਲੇਖਾ ਪ੍ਰੀਖਿਆ ਨੂੰ ਨਹੀਂ ਦਿਖਾਏ ਗਏ ਸਨ। ਰਿਕਾਰਡਾਂ ਦੀ ਅਣਹੋਂਦ ਵਿੱਚ ਲੇਖਾ ਪ੍ਰੀਖਿਆ ਇਸ ਲਈ ਕਾਰਪੋਰੇਸ਼ਨ ਦੁਆਰਾ ਆਯੋਜਿਤ ਜਾਗਰੂਕਤਾ ਕੈਂਪਾਂ ਦੀ ਭਾਗੀਦਾਰੀ ਦੇ ਪੱਧਰਾਂ ਅਤੇ ਪ੍ਰਭਾਵਸ਼ੀਲਤਾ 'ਤੇ ਟਿੱਪਣੀ ਨਹੀਂ ਕਰ ਸਕਦਾ ਹੈ।

### 6.4.2 ਯੋਜਨਾਬੰਦੀ

ਕਾਰਪੋਰੇਸ਼ਨ ਨੇ ਟੀਚਾਗਤ ਲਾਭਪਾਤਰੀਆਂ ਦੀ ਕਵਰੇਜ ਲਈ ਪੜਾਅਵਾਰ ਢੰਗ ਨਾਲ ਕੋਈ ਰਣਨੀਤਕ ਯੋਜਨਾ ਤਿਆਰ ਨਹੀਂ ਕੀਤੀ ਸੀ ਅਤੇ ਐਡਹਾਕ ਅਧਾਰ 'ਤੇ ਟੀਚੇ ਤੈਅ ਕਰ ਰਿਹਾ ਸੀ।

ਕਾਰਪੋਰੇਸ਼ਨ ਨੇ ਸਲਾਨਾ ਬਜਟ ਤਿਆਰ ਕੀਤਾ ਜਿਸ ਵਿੱਚ ਕਰਜੇ ਅਤੇ ਸਬਸਿਡੀ ਦੀ ਅਦਾਇਗੀ ਦੇ ਟੀਚੇ ਮਿੱਥੇ ਗਏ ਸਨ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਐਨ ਐਸ ਐਫ ਡੀ ਸੀ ਸਕੀਮ ਨੂੰ ਛੱਡ ਕੇ ਵੱਖ ਵੱਖ ਸਕੀਮਾਂ ਅਧੀਨ 34.87 *ਪ੍ਰਤੀਸ਼ਤ* ਅਤੇ 78.50 *ਪ੍ਰਤੀਸ਼ਤ* ਦੇ ਵਿਚਕਾਰ, ਕਰਜ਼ ਗਤੀਵਿਧੀਆਂ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਕਮੀਆਂ ਸਨ, ਜਿੱਥੇ 2018-21 ਦੌਰਾਨ ਪ੍ਰਾਪਤੀਆਂ, 2018-20 ਸਮੇਂ ਦੌਰਾਨ ਫੰਡ ਪ੍ਰਾਪਤ ਨਾ ਹੋਣ ਕਾਰਨ ਸਿਰਫ਼ 2.07 *ਪ੍ਰਤੀਸ਼ਤ* ਸਨ ਜਿਵੇਂ ਕਿ **ਸਾਰਣੀ 6**.4 ਵਿੱਚ ਹੇਠਾਂ ਦਿੱਤਾ ਗਿਆ ਹੈ। ਇਹ ਦਰਸਾਉਂਦਾ ਹੈ ਕਿ ਭਲਾਈ ਸਕੀਮਾਂ ਦੀ ਯੋਜਨਾਬੰਦੀ ਨਾਕਾਫ਼ੀ ਸੀ ਜਿਸ ਕਾਰਨ ਟੀਚਾਗਤ ਆਬਾਦੀ ਚਿੱਤਵੇਂ ਲਾਭਾਂ ਤੋਂ ਵਾਂਝੀ ਰਹੀ।

ਮੈਨੇਜਮੈਂਟ ਨੇ ਜਵਾਬ (ਫਰਵਰੀ 2022) ਦਿੱਤਾ ਕਿ ਕਾਰਪੋਰੇਸ਼ਨ ਨੇ ਪਹਿਲਾਂ ਹੀ ਚਾਰ ਸਾਲਾਂ ਦੀ ਰਣਨੀਤਕ ਕਾਰਜ ਯੋਜਨਾ ਤਿਆਰ ਕਰ ਲਈ ਸੀ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਕਾਰਪੋਰੇਸ਼ਨ ਨੇ ਆਪਣੀਆਂ ਸਲਾਨਾ ਯੋਜਨਾਵਾਂ ਦੇ ਅਧਾਰ ਤੇ ਸਿਰਫ ਚਾਰ ਸਾਲਾਂ ਦਾ ਡਾਟਾ ਇੱਕਠਾ ਕੀਤਾ ਹੈ, ਜਿਸ ਨੂੰ ਰਣਨੀਤਕ ਯੋਜਨਾਂ ਵੱਜੋਂ ਨਹੀਂ ਸਮਝਿਆ ਜਾ ਸਕਦਾ। ਰਣਨੀਤਕ

ਯੋਜਨਾਂ ਦੀ ਘਾਟ ਇਸ ਤੱਥ ਤੋਂ ਵੀ ਸਪੱਸ਼ਟ ਹੈ ਕਿ ਕਰਜ ਯੋਜਨਾਵਾਂ ਲਈ ਵੱਡੀ ਗਿਣਤੀ ਵਿੱਚ ਅਰਜ਼ੀਆਂ ਹਰ ਸਾਲ ਦੇ ਅੰਤ ਵਿੱਚ ਬਕਾਇਆ ਸਨ।

## 6.4.3 ਵੱਖ-ਵੱਖ ਸਕੀਮਾਂ ਅਧੀਨ ਪ੍ਰਾਪਤੀਆਂ ਅਤੇ ਅਦਾਇਗੀਆਂ

ਕਾਰਪੋਰੇਸ਼ਨ ਨੇ ਜੀ ਓ ਆਈ/ਰਾਜ ਸਰਕਾਰ ਤੋਂ ਸ਼ੇਅਰ ਪੂੰਜੀ, ਜੀ ਓ ਆਈ ਤੋਂ ਵਿਸ਼ੇਸ਼ ਕੇਂਦਰੀ ਸਹਾਇਤਾ (ਐਸ ਸੀ ਏ) ਅਤੇ ਰਾਸ਼ਟਰੀ ਵਿੱਤੀ ਸੰਸਥਾਵਾਂ (ਐਨ ਐਫ ਆਈਜ਼) *ਯਾਨੀ* ਐਨ ਐਸ ਐਫ ਡੀ ਸੀ, ਐਨ ਐਸ ਕੇ ਐਫ ਡੀ ਸੀ ਅਤੇ ਐਨ ਐਚ ਐਫ ਡੀ ਸੀ ਤੋਂ ਮਿਆਦੀ ਕਰਜੇ ਵੱਜੋਂ ਫੰਡ ਪ੍ਰਾਪਤ ਕੀਤੇ। ਸ਼ੇਅਰ ਪੂੰਜੀ ਦੀ ਵਰਤੋਂ ਸਿੱਧੀ ਕਰਜ਼ ਯੋਜਨਾ ਦੇ ਅਧੀਨ ਕਰਜੇ ਪ੍ਰਦਾਨ ਕਰਨ ਅਤੇ ਐਨ ਐਫ ਆਈਜ਼ ਦੀਆਂ ਵੱਖ ਵੱਖ ਕਰਜ਼ ਸਕੀਮਾਂ ਲਈ ਮਾਰਜਿਨ ਮਨੀ ਦੀ ਵਰਤੋਂ ਕੀਤੀ ਜਾਂਦੀ ਹੈ। ਐਸ ਸੀ ਏ ਦੀ ਵਰਤੋਂ ਬੈਂਕ ਟਾਈ-ਅੱਪ ਸਕੀਮ ਅਧੀਨ ਬੀ ਪੀ ਐਲ ਐਸ ਸੀ ਪਰਿਵਾਰਾਂ ਨੂੰ ਸਬਸਿਡੀ ਦੇਣ ਲਈ ਕੀਤੀ ਜਾਂਦੀ ਹੈ। 2018-19 ਤੋਂ 2020-21 ਦੌਰਾਨ ਕਾਰਪੋਰੇਸ਼ਨ ਕੋਲ ਅਦਾਇਗੀ ਲਈ ਉਪਲੱਬਧ ਕਰਜ਼ਯੋਗ ਫੰਡਾਂ ਦੇ ਵੇਰਵਿਆਂ ਦਾ ਸੰਖੇਪ ਹੇਠਾਂ **ਸਾਰਣੀ** 6.1 ਵਿੱਚ ਦਿੱਤਾ ਗਿਆ ਹੈ:

**ਸਾਰਣੀ 6.1 : ਕਾਰਪੋਰੇਸ਼ਨ ਕੋਲ ਅਦਾਇਗੀ ਲਈ ਉਪਲੱਬਧ ਕਰਜ਼ਯੋਗ ਫੰਡ**

*(₹ ਕਰੋੜ ਵਿੱਚ)*

| ਵੇਰਵੇ | | ਸਾਲ | | |
|---|---|---|---|---|
| | | 2018-19 | 2019-20 | 2020-21 |
| **ਕਰਜ਼ਯੋਗ ਫੰਡਾਂ ਦਾ ਸ਼ੁਰੂਆਤੀ ਬਕਾਇਆ (ੳ)** | | **16.03** | **21.58** | **4.82** |
| ਪ੍ਰਾਪਤੀਆਂ | ਸ਼ੇਅਰ ਪੂੰਜੀ | 0.00 | 6.87 | 11.78 |
| | ਐਨ ਐਫ ਆਈਜ਼ ਤੋਂ ਲੰਮੇ ਸਮੇਂ ਦੇ ਕਰਜੇ | 0.99 | 2.2 | 3.93 |
| | ਐਸ ਸੀ ਏ (ਬੀ ਟੀ ਐਸ) | 3.58 | 2.08 | 2.29 |
| | ਹੋਰ ਸਬਸਿਡੀਆਂ | 0.52 | 0.15 | 0.50 |
| | ਕਰਜੇ ਅਤੇ ਵਿਆਜ ਦੀ ਵਸੂਲੀ | 36.90[4] | 9.73 | 10.27 |
| | ਬੱਚਤ ਬੈਂਕ ਅਤੇ ਫਿਕਸਡ ਡਿਪਾਜ਼ਿਟ 'ਤੇ ਵਿਆਜ | 1.17 | 3.34 | 2.53 |
| | ਹੋਰ ਆਮਦਨ | 0.16 | 0.08 | 0.12 |
| **ਪ੍ਰਾਪਤੀਆਂ ਦਾ ਕੁੱਲ ਜੋੜ (ਅ)** | | **43.32** | **24.45** | **31.42** |
| ਸਕੀਮਾਂ ਦੀ ਅਦਾਇਗੀ ਤੋਂ ਇਲਾਵਾ ਭੁਗਤਾਨ | ਪ੍ਰਸ਼ਾਸਨਿਕ ਖਰਚੇ | 10.17 | 10.64 | 11.53 |
| | ਗਰੈਚੁਟੀ | 1.38 | 0.32 | 0.54 |
| | ਲੀਵ ਇਨਕੈਸ਼ਮੈਂਟ | 0.90 | 0.17 | 0.35 |
| | ਐਨ ਐਫ ਆਈਜ਼ ਨੂੰ ਮੁੜ ਭੁਗਤਾਨ | 8.52 | 6.39 | 4.48 |
| | ਹੋਰ ਖਰਚੇ | 0.00 | 0.13 | 0.01 |
| **ਭੁਗਤਾਨਾਂ ਦਾ ਕੁੱਲ ਜੋੜ (ੲ)** | | **20.97** | **17.65** | **16.91** |
| **ਵਚਨਬੱਧ ਦੇਣਦਾਰੀ (ਸ)** | | **8.54** | **13.93** | **14.28** |
| **ਉਪਲੱਬਧ ਕਰਜ਼ਯੋਗ ਫੰਡ** (ਹ) = (ੳ) + (ਅ) – (ੲ) – (ਸ) | | **29.84** | **14.45** | **5.05** |

4 2018-19 ਦੌਰਾਨ ਕਰਜਾ ਮੁਆਫੀ ਸਕੀਮ ਵਜੋਂ ਪ੍ਰਾਪਤ ਹੋਏ ₹ 27.74 ਕਰੋੜ ਸ਼ਾਮਲ ਹਨ।

| ਵੇਰਵੇ | | ਸਾਲ | | |
|---|---|---|---|---|
| | | 2018-19 | 2019-20 | 2020-21 |
| ਸਕੀਮ ਅਧੀਨ ਅਦਾਇਗੀ | ਸਬਸਿਡੀ ਐਸ ਸੀ ਏ (ਬੀ ਟੀ ਐਸ) | 2.93 | 0.37 | 3.00 |
| | ਹੋਰ ਸਬਸਿਡੀਆਂ | 0.36 | 0.15 | 0.50 |
| | ਲੋਨ ਐਡਵਾਂਸਡ (ਸਿੱਧਾ + ਐਨ ਐਫ ਆਈਜ਼) | 4.97 | 9.11 | 8.34 |
| **ਸਕੀਮ ਅਧੀਨ ਕੁੱਲ ਅਦਾਇਗੀ (ਕ)** | | **8.26** | **9.63** | **11.84** |
| **ਕਰਜ਼ਯੋਗ ਫੰਡਾਂ ਦਾ ਕਲੋਜ਼ਿੰਗ ਬਕਾਇਆ (ਖ) = (ਹ) − (ਕ)** | | **21.58** | **4.82** | **(-)6.79** |

*ਸ੍ਰੋਤ: ਕਾਰਪੋਰੇਸ਼ਨ ਦੀਆਂ ਵਿੱਤੀ ਵਿਵਰਣੀਆਂ*

ਕਾਰਪੋਰੇਸ਼ਨ ਕੋਲ ਸਾਲ 2018-19, 2019-20 ਅਤੇ 2020-21 ਦੀ ਸ਼ੁਰੂਆਤ ਵਿੱਚ ਕ੍ਰਮਵਾਰ ₹ 16.03 ਕਰੋੜ, ₹ 21.58 ਕਰੋੜ ਅਤੇ ₹ 4.82 ਕਰੋੜ ਦੇ ਸਪੱਸ਼ਟ ਸਰਪਲੱਸ ਫੰਡ ਸਨ। ਆਡਿਟੀ ਨੇ ਕਰਜ਼ ਦੇਣ ਅਤੇ ਇਸਦੇ ਪ੍ਰਸ਼ਾਸਨਿਕ ਖਰਚਿਆਂ ਨੂੰ ਪੂਰਾ ਕਰਨ ਲਈ ਵੱਖਰੇ ਤੌਰ ਤੇ ਫੰਡ ਚਿੰਨਤ ਨਹੀਂ ਕੀਤੇ ਸਨ। ਸਾਲਾਂ ਦੌਰਾਨ, ਕੁੱਲ ਪ੍ਰਾਪਤੀਆਂ ਕ੍ਰਮਵਾਰ ₹ 43.32 ਕਰੋੜ, ₹ 24.45 ਕਰੋੜ ਅਤੇ ₹ 31.42 ਕਰੋੜ ਸਨ। ਸਾਲ ਦੌਰਾਨ ਸ਼ੁਰੂਆਤੀ ਬਕਾਇਆ ਅਤੇ ਪ੍ਰਾਪਤੀਆਂ ਤੇ ਵਿਚਾਰ ਕਰਨ ਅਤੇ ਪ੍ਰਸ਼ਾਸਨਿਕ ਖਰਚਿਆਂ/ਵਚਨਬੱਧ ਦੇਣਦਾਰੀਆਂ ਲਈ ਵਿਵਸਥਾ ਕਰਨ ਤੋਂ ਬਾਅਦ, ਆਡਿਟੀ ਕੋਲ 2018-19 ਅਤੇ 2019-20 ਦੌਰਾਨ ₹ 21.58 ਕਰੋੜ ਅਤੇ ₹ 4.82 ਕਰੋੜ ਦੇ ਮਹੱਤਵਪੂਰਨ ਕਰਜ਼ਯੋਗ ਫੰਡ ਅਜੇ ਵੀ ਬਚੇ ਸਨ। ਆਡਿਟੀ 2018-19 ਅਤੇ 2019-20 ਦੌਰਾਨ ਉਪਲੱਬਧ ਸਪੱਸ਼ਟ ਫੰਡਾਂ ਦਾ ਸਿਰਫ 28 *ਪ੍ਰਤੀਸ਼ਤ* ਅਤੇ 67 *ਪ੍ਰਤੀਸ਼ਤ* ਹੀ ਕਰਜ਼ ਦੇ ਸਕਿਆ।

ਨਿਮਨਲਿਖਤ ਪਾਈ ਚਾਰਟ ਫੰਡਾਂ ਦੇ ਸਰੋਤ ਅਤੇ ਵਰਤੋਂ ਨੂੰ ਅਰਜਿਤ ਅਤੇ ਅਸਲ ਅਧਾਰ 'ਤੇ ਦਰਸਾਉਂਦੇ ਹਨ:

**ਚਾਰਟ 6.1: ਅਰਜਿਤ ਅਤੇ ਅਸਲ ਅਧਾਰ ਤੇ ਫੰਡਾਂ ਦੇ ਸਰੋਤ ਅਤੇ ਵਰਤੋਂ**

*(₹ ਕਰੋੜ ਵਿੱਚ)*




ਲੇਖਾ ਪ੍ਰੀਖਿਆ ਨੇ ਦੇਖਿਆ ਕਿ 2018-19 ਵਿੱਚ ਉਪਲੱਬਧ ਕਰਜ਼ਯੋਗ ਫੰਡ ₹ 29.84 ਕਰੋੜ ਤੋ ਘੱਟ ਕੇ 2020-21 ਵਿੱਚ ₹ 5.05 ਕਰੋੜ ਹੋ ਗਏ (ਸਾਲ ਦੇ ਅੰਤ ਵਿੱਚ ਵੱਚਨਬੱਧ

ਦੇਣਦਾਰੀਆਂ ਨੂੰ ਧਿਆਨ ਵਿੱਚ ਰੱਖਣ ਤੋਂ ਬਾਅਦ)। 2018-21 ਦੇ ਸਮੇਂ ਲਈ ਕਾਰਪੋਰੇਸ਼ਨ ਦਾ ਨਿਵੇਸ਼ ਪ੍ਰੋਫਾਈਲ ਹੇਠ ਲਿਖੇ ਅਨੁਸਾਰ ਹੈ:

**ਸਾਰਣੀ 6.2: ਕਾਰਪੋਰੇਸ਼ਨ ਦਾ ਨਿਵੇਸ਼ ਪ੍ਰੋਫਾਈਲ**

*(₹ ਕਰੋੜ ਵਿੱਚ)*

| ਨਿਵੇਸ਼ | 2018-19 | 2019-20 | 2020-21 |
|---|---|---|---|
| ਬੱਚਤ ਖਾਤੇ | 2.77 | 6.27 | 14.98 |
| ਫਿਕਸਡ ਡਿਪਾਜ਼ਿਟ | 40.15 | 33.55 | 27.31 |
| **ਜੋੜ** | **42.92** | **39.82** | **42.29** |

*ਸ੍ਰੋਤ: ਕਾਰਪੋਰੇਸ਼ਨ ਦੀਆਂ ਵਿੱਤੀ ਵਿਵਰਣੀਆਂ*

ਕਾਰਪੋਰੇਸ਼ਨ ਨੇ ਇਛੁੱਕ ਲਾਭਪਾਤਰੀਆਂ ਤੋਂ ਮਨਜ਼ੂਰੀ ਲਈ ਬਕਾਇਆ ਅਰਜ਼ੀਆਂ ਦੀ ਵੱਡੀ ਗਿਣਤੀ ਦੇ ਬਾਵਜੂਦ ਫੰਡ ਰੋਕ ਕੇ ਰੱਖਣੇ ਜਾਰੀ ਰੱਖੇ। 2018-21 ਦੌਰਾਨ ਸਭ ਤੋਂ ਵੱਧ ਫੰਡ ਜੋ ਕਾਰਪੋਰੇਸ਼ਨ ਪ੍ਰਾਪਤ ਕਰ ਸਕਦੀ ਸੀ, ਵਿੱਤੀ ਰੂਪ ਵਿੱਚ, ਇਸਦੀਆਂ ਸਿੱਧੀਆਂ ਕਰਜ਼ਾ ਸਕੀਮਾਂ ਲਈ ਆਪਣੇ ਟੀਚਿਆਂ ਦਾ 55.8 *ਪ੍ਰਤੀਸ਼ਤ* ਸੀ। ਇਹ ਐਨ ਐਸ ਐਫ ਡੀ ਸੀ ਦੁਆਰਾ ਸੰਚਾਲਿਤ ਸਕੀਮਾਂ ਦੇ ਅਧੀਨ ਅਦਾਇਗੀਆਂ ਲਈ ਉਸੇ ਸਮੇਂ ਦੌਰਾਨ ਆਪਣੇ ਵਿੱਤੀ ਟੀਚਿਆਂ ਦਾ ਸਿਰਫ 2.04 *ਪ੍ਰਤੀਸ਼ਤ* ਪ੍ਰਾਪਤ ਕਰ ਸਕਦਾ ਹੈ।

### 6.4.4 ਕਾਰਜਾਂ ਦੇ ਪੈਮਾਨੇ ਦੇ ਮੁਕਾਬਲੇ ਸੇਵਾ ਦੀ ਉੱਚ ਲਾਗਤ

ਕਿਉਂਕਿ ਪੰਜਾਬ ਸਰਕਾਰ ਦੁਆਰਾ ਪ੍ਰਸ਼ਾਸਨਿਕ ਖਰਚਿਆਂ ਲਈ ਕੋਈ ਵੱਖਰਾ ਬਜਟ ਅਲਾਟ ਨਹੀਂ ਕੀਤਾ ਗਿਆ ਹੈ, ਕਾਰਪੋਰੇਸ਼ਨ ਵਿਆਜ ਦੀ ਆਮਦਨ ਅਤੇ ਕਰਜ਼ਿਆਂ ਦੀ ਵਸੂਲੀ ਤੋਂ ਆਪਣੇ ਪ੍ਰਸ਼ਾਸਨਿਕ ਖਰਚਿਆਂ ਨੂੰ ਪੂਰਾ ਕਰਦੀ ਹੈ। 2018-21 ਦੌਰਾਨ, ਆਮਦਨ ਦੇ ਵੱਖ-ਵੱਖ ਸਰੋਤਾਂ ਤੋਂ ਪ੍ਰਸ਼ਾਸਨਿਕ ਖਰਚਿਆਂ ਦੀ ਮੈਪਿੰਗ **ਸਾਰਣੀ** 6.3 ਵਿੱਚ ਹੇਠਾਂ ਦਿੱਤੀ ਗਈ ਹੈ:

**ਸਾਰਣੀ 6.3: 2018-21 ਦੇ ਸਮੇਂ ਲਈ ਪ੍ਰਸ਼ਾਸਨਿਕ ਖਰਚਿਆਂ ਅਤੇ ਆਮਦਨ ਦੇ ਸਾਰੇ ਸਰੋਤਾਂ ਦੀ ਮੈਪਿੰਗ**

*(₹ ਕਰੋੜ ਵਿੱਚ)*

| ਵੇਰਵੇ | ਅਸਲ ਆਧਾਰ | ਅਰਜਿਤ ਆਧਾਰ |
|---|---|---|
| ਸੰਚਾਲਨ ਆਮਦਨ (ੳ) | 33.88 | 20.28 |
| ਪ੍ਰਸ਼ਾਸਨਿਕ ਖਰਚੇ (ਅ) | 36.00 | 41.37 |
| ਬਕਾਇਆ (ੲ = ੳ-ਅ) | **-2.12** | **-21.09** |
| ਨਿਵੇਸ਼ ਆਮਦਨ (ਸ) | 7.04 | 7.39 |
| ਬਕਾਇਆ (ਹ = ੲ + ਸ) | **4.92** | **-13.70** |
| ਹੋਰ ਬਕਾਇਆ (ਕ) | 0.36 | 0.57 |
| **ਬਕਾਇਆ (ਖ = ਹ + ਕ)** | **5.28** | **-13.13** |

*ਸ੍ਰੋਤ: ਕਾਰਪੋਰੇਸ਼ਨਾਂ ਦੀਆਂ ਵਿੱਤੀ ਵਿਵਰਣੀਆਂ*

ਲੇਖਾ ਪ੍ਰੀਖਿਆ ਨੇ ਦੇਖਿਆ ਕਿ 2018-21 ਦੌਰਾਨ ₹ 29.73 ਕਰੋੜ ਦੇ ਕਰਜੇ/ਸਬਸਿਡੀ ਦੀ ਅਦਾਇਗੀ ਦੇ ਮੁਕਾਬਲੇ, ਕਾਰਪੋਰੇਸ਼ਨ ਦਾ ਪ੍ਰਸ਼ਾਸਨਿਕ ਖਰਚਾ ₹ 36.00 ਕਰੋੜ ਸੀ। ਕਾਰਪੋਰੇਸ਼ਨ ਆਪਣੇ ਕਾਰਜਾਂ ਤੋਂ ਇਨੇ ਫੰਡ ਪੈਦਾ ਕਰਨ ਦੇ ਯੋਗ ਨਹੀਂ ਸੀ ਕਿ ਆਪਣੇ ਪ੍ਰਸ਼ਾਸਨਿਕ ਖਰਚਿਆਂ

ਨੂੰ ਵੀ ਪੂਰਾ ਕਰ ਸਕੇ। ਅਦਾਇਗੀ ਦੇ ਹਰੇਕ ਰੁਪਏ ਲਈ, 2018-21 ਦੌਰਾਨ ਇਸ ਦਾ ਪ੍ਰਸ਼ਾਸਨਿਕ ਖਰਚਾ ₹ 1.21 ਰਿਹਾ। ਕਾਰਪੋਰੇਸ਼ਨ ਫੰਡਾਂ ਦੀ ਅਦਾਇਗੀ ਲਈ ਇਛੁੱਕ ਲਾਭਪਾਤਰੀਆਂ ਤੱਕ ਪਹੁੰਚਣ ਲਈ ਵੱਧ ਤੋਂ ਵੱਧ ਯਤਨ ਕਰ ਸਕਦਾ ਹੈ ਅਤੇ ਇਸ ਦੀਆਂ ਲਾਗਤਾਂ ਨੂੰ ਘਟਾਉਣ ਲਈ ਆਪਣੇ ਕਾਰਜਾਂ ਨੂੰ ਸੁਚਾਰੂ ਬਣਾਉਣ ਦੀ ਲੋੜ ਹੈ।

### 6.4.5 ਮਨਜ਼ੂਰੀ ਅਤੇ ਅਦਾਇਗੀ ਦੀ ਪ੍ਰਕਿਰਿਆ

ਸੰਭਾਵੀ ਲਾਭਪਾਤਰੀਆਂ ਤੋਂ ਪ੍ਰਾਪਤ ਅਰਜ਼ੀਆਂ ਦਾ ਪਹਿਲੀ ਵਾਰ ਮੁਲਾਂਕਣ ਕਾਰਪੋਰੇਸ਼ਨ ਦੇ ਜ਼ਿਲ੍ਹਾ ਦਫ਼ਤਰਾਂ ਦੁਆਰਾ ਕੀਤਾ ਜਾਂਦਾ ਹੈ ਅਤੇ ਫਿਰ ਸਿਫ਼ਾਰਸ਼ਾਂ ਲਈ ਜ਼ਿਲ੍ਹਾ ਪੱਧਰੀ ਸਕ੍ਰੀਨਿੰਗ ਕਮੇਟੀ[5] (ਡੀ ਐਸ ਸੀ) ਦੇ ਸਾਹਮਣੇ ਰੱਖੀਆਂ ਜਾਦੀਆਂ ਹਨ। ਕਮੇਟੀ ਦੀਆਂ ਸਿਫ਼ਾਰਸ਼ਾਂ ਕਰਜੇ ਦੀ ਪ੍ਰਵਾਨਗੀ ਲਈ ਮੁੱਖ ਦਫ਼ਤਰ ਨੂੰ ਭੇਜੀਆ ਜਾਂਦੀਆਂ ਹਨ। ਕਰਜੇ ਦੀ ਮਨਜ਼ੂਰੀ ਤੋਂ ਬਾਅਦ, ਕਾਰਪੋਰੇਸ਼ਨ ਅਤੇ ਲਾਭਪਾਤਰੀ ਵਿਚਕਾਰ ਸਮਝੌਤਾ ਕੀਤਾ ਜਾਂਦਾ ਹੈ।

### 6.4.6 ਸਕੀਮਾਂ ਨੂੰ ਲਾਗੂ ਕਰਨਾ

ਰਾਜ ਸਰਕਾਰ ਦੁਆਰਾ ਵੱਖ ਵੱਖ ਯੋਜਨਾਵਾਂ ਲਈ ਕੀਤੀ ਗਈ ਬਜਟ ਅਦਾਇਗੀ ਦੇ ਅਧਾਰ ਤੇ, ਕਾਰਪੋਰੇਸ਼ਨ ਨੇ ਹਰ ਸਾਲ ਕਰਜ਼ਿਆਂ ਦੀ ਅਦਾਇਗੀ ਲਈ ਟੀਚੇ ਨਿਰਧਾਰਤ ਕੀਤੇ ਹਨ। 2018-21 ਦੌਰਾਨ ਵਿੱਤੀ ਅਤੇ ਭੌਤਿਕ ਟੀਚਿਆਂ ਅਤੇ ਪ੍ਰਾਪਤੀਆਂ ਦਾ ਸਾਰ ਹੇਠਾਂ **ਸਾਰਣੀ** 6.4 ਵਿੱਚ ਦਿੱਤਾ ਗਿਆ ਹੈ:

**ਸਾਰਣੀ 6.4 ਵਿੱਤੀ ਅਤੇ ਭੌਤਿਕ ਟੀਚੇ/ਪ੍ਰਾਪਤੀਆਂ**

*(ਵਿੱਤੀ : ₹ ਕਰੋੜ ਵਿੱਚ ਅਤੇ ਭੌਤਿਕ : ਗਿਣਤੀ ਵਿੱਚ)*

| | | ਸਿੱਧਾ ਕਰਜ਼ | | ਬੈਂਕ ਟਾਈ ਅੱਪ | | ਐਨ ਐਸ ਐਫ ਡੀ ਸੀ ਸਕੀਮਾਂ | | ਐਨ ਐਸ ਕੇ ਐਫ ਡੀ ਸੀ ਸਕੀਮਾਂ | | ਐਨ ਐਚ ਐਫ ਡੀ ਸੀ ਸਕੀਮਾਂ | |
|---|---|---|---|---|---|---|---|---|---|---|---|
| | | ਟੀ | ਏ | ਟੀ | ਏ | ਟੀ | ਏ | ਟੀ | ਏ | ਟੀ | ਏ |
| 2018-19 | ਵਿੱਤੀ | 10 | 3.88 | 5 | 3.27 | 7.50 | 0.43 | 2 | 0.22 | 3 | 0.42 |
| | ਭੌਤਿਕ | 500 | 248 | 5000 | 3267 | 500 | 30 | 200 | 25 | 200 | 23 |
| 2019-20 | ਵਿੱਤੀ | 10 | 7.13 | 5 | 1.40 | 7.50 | 0.01 | 2 | 1.09 | 3 | 0.88 |
| | ਭੌਤਿਕ | 500 | 421 | 5000 | 1404 | 500 | 0 | 200 | 75 | 200 | 47 |
| 2020-21 | ਵਿੱਤੀ | 10 | 5.73 | 5 | 1.65 | 7.50 | 0.02 | 2 | 1.49 | 3.0 | 1.10 |
| | ਭੌਤਿਕ | 500 | 308 | 5000 | 1645 | 500 | 1 | 200 | 103 | 200 | 59 |
| **ਜੋੜ** | **ਵਿੱਤੀ** | **30** | **16.74 (55.80%)** | **15** | **6.32 (42.13%)** | **22.50** | **0.46 (2.04%)** | **6** | **2.80 (46.67%)** | **9** | **2.40 (26.67%)** |
| | **ਭੌਤਿਕ** | **1500** | **977 (65.13%)** | **15000** | **6316 (42.10%)** | **1500** | **31 (2.07%)** | **600** | **203 (33.83%)** | **600** | **129 (21.5%)** |

*ਸ੍ਰੋਤ : ਕਾਰਪੋਰੇਸ਼ਨ ਵੱਲੋਂ ਭੇਜੀ ਗਈ ਸੂਚਨਾ।*

ਟੀ-ਟੀਚੇ, ਏ : ਪ੍ਰਾਪਤੀ, ਬਰੈਕਟ ਵਿੱਚ ਅੰਕੜੇ ਪ੍ਰਾਪਤੀ ਪ੍ਰਤੀਸ਼ਤਤਾ ਨੂੰ ਦਰਸਾਉਂਦੇ ਹਨ

[5] ਇਸ ਵਿੱਚ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ, ਜ਼ਿਲ੍ਹਾ ਮੈਨੇਜਰ- ਪੀ ਐਸ ਸੀ ਐਲ ਡੀ ਐਫ ਸੀ, ਉਪ ਆਰਥਿਕ ਅਤੇ ਅੰਕੜਾ ਸਲਾਹਕਾਰ, ਸਹਾਇਕ ਪ੍ਰੋਜੈਕਟ ਅਫ਼ਸਰ-ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ, ਲੀਡ ਬੈਂਕ ਮੈਨੇਜਰ, ਮੈਨੇਜਰ-ਉਦਯੋਗ ਅਤੇ ਵਣਜ ਵਿਭਾਗ, ਕਿਸੇ ਗੈਰ-ਸਰਕਾਰੀ ਸੰਗਠਨ ਦਾ ਇੱਕ ਪ੍ਰਤੀਨਿਧੀ ਸ਼ਾਮਲ ਹੁੰਦਾ ਹੈ।

ਸਕੀਮਾਂ ਦੀ ਕਾਰਗੁਜ਼ਾਰੀ ਦੇ ਵਿਸ਼ਲੇਸ਼ਣ ਨੇ ਹੇਠ ਲਿਖੇ ਤੱਥ ਸਾਹਮਣੇ ਲਿਆਂਦੇ ਹਨ:

*(ੳ) ਸਿੱਧੀ ਕਰਜ਼ ਸਕੀਮ*

ਇਹ ਸਕੀਮ ਦੇ ਅਧੀਨ, ਵੱਖ-ਵੱਖ ਆਮਦਨ ਪੈਦਾ ਕਰਨ ਵਾਲੀਆਂ ਸਕੀਮਾਂ ਲਈ ₹ ਇੱਕ ਲੱਖ *ਪ੍ਰਤੀ ਸਾਲ* (ਮਈ 2020 ਤੋਂ ਤਿੰਨ ਲੱਖ ਤੱਕ ਵਾਧਾ ਕੀਤਾ) ਤੋਂ ਵੱਧ ਦੀ ਆਮਦਨੀ ਨਾ ਹੋਣ ਵਾਲੇ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ ₹ 10 ਲੱਖ ਤੱਕ ਦੇ ਕਰਜੇ (ਜ਼ਮੀਨ ਦੀ ਖਰੀਦ ਨੂੰ ਛੱਡ ਕੇ ਜਿੱਥੇ ਵੱਧ ਤੋਂ ਵੱਧ ਸੀਮਾਂ ₹ 30 ਲੱਖ ਹੈ) ਪ੍ਰਦਾਨ ਕੀਤੇ ਜਾਂਦੇ ਹਨ।

ਰਾਜ ਸਰਕਾਰ ਦੁਆਰਾ ਬਜਟ ਉਪਬੰਧਾਂ ਦੇ ਵਿਰੁੱਧ ਫੰਡ ਨਾ/ਘੱਟ ਜਾਰੀ ਕੀਤੇ ਜਾਣ ਕਾਰਨ ਭੌਤਿਕ ਅਤੇ ਵਿੱਤੀ ਟੀਚਿਆਂ ਦੀ ਪ੍ਰਾਪਤੀ ਵਿੱਚ ਕਮੀ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ 2018-19 ਦੌਰਾਨ, ਰਾਜ ਸਰਕਾਰ ਨੇ ₹ 5.42 ਕਰੋੜ ਦਾ ਆਪਣਾ ਹਿੱਸਾ ਅਤੇ ₹ 5.79 ਕਰੋੜ ਦਾ ਭਾਰਤ ਸਰਕਾਰ ਦਾ ਹਿੱਸਾ (2016-18 ਦੌਰਾਨ ਪ੍ਰਾਪਤ ਕੀਤਾ) ਜਾਰੀ ਨਹੀਂ ਕੀਤਾ। ਰਾਜ ਸਰਕਾਰ ਦੁਆਰਾ 2019-20 ਵਿੱਚ ਕਾਰਪੋਰੇਸ਼ਨ ਨੂੰ ₹ 5.79 ਕਰੋੜ ਦੇ ਫੰਡ ਜਾਰੀ ਕੀਤੇ ਗਏ ਸਨ। ਰਾਜ ਸਰਕਾਰ ਦੁਆਰਾ ਸਮੇਂ ਸਿਰ ਫੰਡ ਜਾਰੀ ਨਾ ਕੀਤੇ ਜਾਣ ਕਾਰਨ, ਭਾਰਤ ਸਰਕਾਰ ਨੇ 2019-20 ਵਿੱਚ ਕੋਈ ਫੰਡ ਜਾਰੀ[6] ਨਹੀਂ ਕੀਤਾ ਅਤੇ 2020-21 ਵਿੱਚ ਅੰਸ਼ਕ ਫੰਡ ਜਾਰੀ ਕੀਤੇ, ਜਿਸ ਦੇ ਨਤੀਜੇ ਵੱਜੋਂ ₹ 2.35 ਕਰੋੜ[7] ਜਾਰੀ ਨਹੀਂ ਕੀਤੇ ਗਏ। 31 ਮਾਰਚ 2021 ਤੱਕ, 3,039 ਕਰਜੇ ਦੀਆਂ ਅਰਜ਼ੀਆਂ ਬਕਾਇਆ ਸਨ।

*(ਅ) ਬੈਂਕ ਟਾਈ-ਅੱਪ ਸਕੀਮ*

ਇਸ ਸਕੀਮ ਅਧੀਨ, ਬੀ ਪੀ ਐਲ[8] ਅਨੁਸੂਚਿਤ ਜਾਤੀ ਦੇ ਪਰਿਵਾਰਾਂ ਤੋਂ ਪ੍ਰਾਪਤ ਕਰਜੇ ਦੀਆਂ ਅਰਜ਼ੀਆਂ ਜ਼ਿਲ੍ਹਾ ਮੈਨੇਜਰ ਨੂੰ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ। ਫਿਰ ਜ਼ਿਲ੍ਹਾ ਮੈਨੇਜਰ ਸੰਯੁਕਤ ਤਸਦੀਕ ਲਈ ਬੈਂਕ ਨੂੰ ਅਰਜ਼ੀ ਸਪਾਂਸਰ ਕਰਦਾ ਹੈ। ਸਫਲਤਾਪੂਰਵਕ ਤਸਦੀਕ ਕੀਤੇ ਬਿਨੈਕਾਰਾਂ ਨੂੰ ਕਰਜੇ ਮਨਜ਼ੂਰ ਕੀਤੇ ਜਾਂਦੇ ਹਨ ਅਤੇ ਕਾਰਪੋਰੇਸ਼ਨ ਕਰਜੇ ਦੇ ਨਾਲ ਲਾਭਪਾਤਰੀਆਂ ਨੂੰ ਅੱਗੇ ਅਦਾਇਗੀ ਲਈ ਬੈਂਕਾਂ ਨੂੰ ਸਬਸਿਡੀ (ਕੁੱਲ ਪ੍ਰੋਜੈਕਟ ਲਾਗਤ ਦੇ 50 *ਪ੍ਰਤੀਸ਼ਤ* ਦੇ ਬਰਾਬਰ ਬਸ਼ਰਤੇ ਕਿ ਵੱਧ ਤੋਂ ਵੱਧ ₹ 10,000) ਜਾਰੀ ਕਰਦਾ ਹੈ।

ਐਸ ਸੀ ਏ ਅਧੀਨ ਸਬਸਿਡੀ ਨੂੰ ਸਵਰਨ ਜੈਅੰਤੀ ਗ੍ਰਾਮ ਸਵੈ-ਰੋਜ਼ਗਾਰ ਯੋਜਨਾ ਦੇ ਅਧੀਨ ਸਵੀਕਾਰ ਕੀਤੇ ਗਏ ਤਰੀਕੇ ਨਾਲ ਵੰਡਿਆ ਜਾਣਾ ਸੀ। ਬੈਂਕਾਂ ਨੂੰ ਜਾਰੀ ਕੀਤੀ ਗਈ ਸਬਸਿਡੀ ਦੀ ਰਾਸ਼ੀ ਨੂੰ ਇੱਕ ਵੱਖਰੇ ਪੂੰਜੀ ਸਬਸਿਡੀ ਰਾਖਵੇ ਖਾਤੇ ਵਿੱਚ ਰੱਖਿਆ ਜਾਣਾ ਸੀ ਅਤੇ ਇਸਨੂੰ ਬੈਕਐਂਡ ਸਬਸਿਡੀ ਵੱਜੋਂ ਕਰਜੇ ਦੀ ਵਸੂਲੀ ਦੇ ਅੰਤ ਵਿੱਚ ਸਮਾਯੋਜਨ ਕੀਤਾ ਜਾਣਾ ਸੀ। ਬੈਂਕ ਦੁਆਰਾ ਕਰਜੇ ਦੀ ਅਦਾਇਗੀ ਦੇ ਸੱਤ ਦਿਨਾਂ ਦੇ ਅੰਦਰ ਵਰਤੋਂ ਸਰਟੀਫਿਕੇਟ (ਯੂ ਸੀਜ਼) ਮੁਹੱਈਆ ਕਰਵਾਏ ਜਾਣੇ ਸਨ।

---

6 ਰਾਜ ਦੇ ਹਿੱਸੇ ਨੂੰ ਪਹਿਲਾਂ ਜਾਰੀ ਕਰਨਾ ਭਾਰਤ ਸਰਕਾਰ ਦੁਆਰਾ ਕੇਂਦਰੀ ਸ਼ੇਅਰ ਜਾਰੀ ਕਰਨ ਲਈ ਇੱਕ ਪੂਰਵ ਸ਼ਰਤ ਹੈ।

7 ₹ 1.31 ਕਰੋੜ 2019-20 ਤੋਂ ਪਹਿਲਾਂ ਪਿਛਲੇ ਸਾਲਾਂ ਨਾਲ ਸਬੰਧਤ ਹਨ ਅਤੇ ₹ 1.04 ਕਰੋੜ 2020-21 ਨਾਲ ਸਬੰਧਤ ਹਨ।

8 ਪੇਂਡੂ ਖੇਤਰਾਂ ਲਈ ਆਮਦਨ ₹ 67,649 ਪ੍ਰਤੀ ਸਾਲ ਅਤੇ ਸ਼ਹਿਰੀ ਖੇਤਰਾਂ ਲਈ ₹ 88,756 ਪ੍ਰਤੀ ਪਰਿਵਾਰ *ਪ੍ਰਤੀ ਸਾਲ*।

ਲੇਖਾ ਪ੍ਰੀਖਿਆ ਨੇ ਦੇਖਿਆ:

- ਬੈਂਕ ਟਾਈ-ਅਪ ਸਕੀਮ (ਬੀ ਟੀ ਐਸ) ਅਧੀਨ ਕਰਜ਼ਿਆਂ ਦੀ ਮਨਜ਼ੂਰੀ ਅਤੇ ਅਦਾਇਗੀ ਲਈ ਕੋਈ ਸਮਾਂ ਸੀਮਾ ਨਿਰਧਾਰਤ ਨਹੀਂ ਕੀਤੀ ਗਈ ਸੀ ਜਦੋਂ ਕਿ ਹੋਰ ਕਰਜਾ ਸਕੀਮਾਂ ਅਧੀਨ ਸਮਾਂ ਸੀਮਾਵਾਂ ਲਾਗੂ ਸਨ।

- ਛੇ ਚੁਣੇ ਹੋਏ ਜ਼ਿਲ੍ਹਿਆਂ ਵਿੱਚ, ਜ਼ਿਲ੍ਹਾ ਸਕਰੀਨਿੰਗ ਕਮੇਟੀ ਦੁਆਰਾ ਮਾਮਲੇ ਦੀ ਮਨਜ਼ੂਰੀ ਦੀ ਮਿਤੀ ਤੋਂ ਇੱਕ ਤੋਂ 621 ਦਿਨਾਂ[9] ਦੀ ਦੇਰੀ ਤੋਂ ਬਾਅਦ ਬੈਂਕਾ ਨੂੰ (2018-21 ਦੌਰਾਨ) ₹ 1.32 ਕਰੋੜ ਦੀ ਰਾਸ਼ੀ ਦੀ ਸਬਸਿਡੀ ਜਾਰੀ ਕੀਤੀ ਗਈ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਬੈਂਕਾਂ ਨੂੰ ਸਬਸਿਡੀ ਜਾਰੀ ਕਰਨ ਵਿੱਚ ਇਹ ਦੇਰੀ ਕਾਰਪੋਰੇਸ਼ਨ ਦੇ ਮੁੱਖ ਦਫ਼ਤਰ ਦੇ ਵੱਲੋਂ ਸੀ।

- ਬੈਂਕਾਂ ਦੁਆਰਾ ਲਾਭਪਤਾਰੀਆਂ ਨੂੰ ਸਬਸਿਡੀ ਦੀ ਸਮੇਂ ਸਿਰ ਅਦਾਇਗੀ ਅਤੇ ਨਾ ਅਦਾਇਗੀ ਦੀ ਸਥਿਤੀ ਵਿੱਚ, ਵਿਆਜ ਸਮੇਤ ਬੈਂਕਾਂ ਤੋਂ ਬਿਨਾਂ ਅਦਾ ਕੀਤੀ ਗਈ ਸਬਸਿਡੀ ਦੀ ਵਸੂਲੀ ਕਰਨ ਨੂੰ ਯਕੀਨੀ ਬਣਾਉਣ ਲਈ ਕਾਰਪੋਰੇਸ਼ਨ ਵਿੱਚ ਕੋਈ ਨਿਗਰਾਨੀ ਪ੍ਰਣਾਲੀ ਉਪਲੱਬਧ ਨਹੀਂ ਸੀ। ਕਾਰਪੋਰੇਸ਼ਨ ਨੂੰ ਬੈਂਕਾਂ ਤੋਂ ਵਸੂਲੀ ਜਾਣ ਵਾਲੀ ਸਬਸਿਡੀ ਦੀ ਹੱਦ ਬਾਰੇ ਪਤਾ ਨਹੀਂ ਸੀ। ਛੇ ਚੁਣੇ ਹੋਏ ਜ਼ਿਲ੍ਹਿਆਂ ਵਿੱਚ, ਤਿੰਨ ਤੋਂ 1497 ਦਿਨਾਂ[10] ਦੀ ਰੇਂਜ਼ ਵਿਚਕਾਰ ਦੇਰੀ ਤੋਂ ਬਆਦ ਕਾਰਪੋਰੇਸ਼ਨ ਨੂੰ ₹ 0.27 ਕਰੋੜ ਦੀ ਰਾਸ਼ੀ ਦੀ ਸਬਸਿਡੀ (2018-21 ਦੌਰਾਨ) ਵਾਪਸ ਕਰ ਦਿੱਤੀ ਗਈ ਸੀ। ਵਾਪਸ ਕੀਤੀ ਰਾਸ਼ੀ ਤੇ ਵਿਆਜ ਦੀ ਵਸੂਲੀ ਕਰਨ ਲਈ ਕੋਈ ਸਮਝੌਤੇ ਨਹੀਂ ਕੀਤੇ ਗਏ ਸਨ।

- ਕਾਰਪੋਰੇਸ਼ਨ ਲਾਭਪਾਤਰੀਆਂ ਤੋਂ ਵਰਤੋਂ ਸਰਟੀਫਿਕੇਟ ਪ੍ਰਾਪਤ ਨਹੀਂ ਕਰ ਰਿਹਾ ਸੀ ਅਤੇ ਵੰਡ ਤੋਂ ਬਾਅਦ ਭੌਤਿਕ ਤਸਦੀਕ ਨਹੀਂ ਕਰ ਰਿਹਾ ਸੀ।

- ਬੈਂਕਾਂ ਨੂੰ ਜਾਰੀ ਕੀਤੀ ਸਬਸਿਡੀ ਇੱਕ ਵੱਖਰੇ ਸਬਸਿਡੀ ਰਾਖਵੇਂ ਖਾਤੇ ਵਿੱਚ ਰੱਖੀ ਜਾਣੀ ਸੀ ਜਿਸ ਨੂੰ ਯਕੀਨੀ ਨਹੀਂ ਬਣਾਇਆ ਗਿਆ ਸੀ।

- 2018-21 ਦੌਰਾਨ ਕੁੱਲ ਸਪਾਂਸਰ ਕੀਤੇ ਮਾਮਲਿਆਂ ਨੂੰ ਬੈਂਕਾਂ ਦੁਆਰਾ ਮਨਜ਼ੂਰ ਕੀਤੇ ਗਏ ਮਾਮਲਿਆਂ ਦੀ ਪ੍ਰਤੀਸ਼ਤਤਾ ਘੱਟ ਸੀ, ਜੋ ਕਿ 18.23 *ਪ੍ਰਤੀਸ਼ਤ* ਤੋਂ 28.77 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਸੀ।

- ਭੌਤਿਕ ਅਤੇ ਵਿੱਤੀ ਟੀਚਿਆਂ ਦੀ ਪ੍ਰਾਪਤੀ ਵਿੱਚ ਕਮੀ ਸੀ ਕਿਉਂਕਿ 2018-21 ਦੌਰਾਨ ਸਿਰਫ 42 *ਪ੍ਰਤੀਸ਼ਤ* ਟੀਚਿਆਂ ਨੂੰ ਪ੍ਰਾਪਤ ਕੀਤਾ ਗਿਆ ਸੀ।

---

[9] 15 ਦਿਨਾਂ ਦਾ ਮਾਰਜਿਨ ਦੇਣ ਤੋਂ ਬਾਅਦ ।

[10] 15 ਦਿਨਾਂ ਦਾ ਮਾਰਜਿਨ ਦੇਣ ਤੋਂ ਬਾਅਦ ।

- ਸਕੀਮ ਅਧੀਨ ਕਰਜੇ ਦੀ ਅਦਾਇਗੀ ਲਈ ਅਰਜ਼ੀ ਦਿੰਦੇ ਸਮੇਂ, ਲਾਭਪਾਤਰੀਆਂ ਦੇ ਸਿਬਿਲ ਸਕੋਰ ਵਰਗੇ ਕ੍ਰੈਡਿਟ ਯੋਗਤਾ ਦੇ ਸਬੂਤ ਦੀ ਕੋਈ ਲੋੜ ਨਹੀਂ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਛੇ ਚੁਣੇ ਹੋਏ ਜ਼ਿਲ੍ਹਿਆਂ ਵਿੱਚ, ਬੈਂਕਾਂ ਨੂੰ ਜਾਰੀ ਕੀਤੀ ਗਈ ₹ 1.80 ਕਰੋੜ ਦੀ ਸਬਸਿਡੀ ਵਿੱਚੋਂ, 239 ਲਾਭਪਾਤਰੀਆਂ ਨੂੰ ਕਰਜੇ ਦੀ ਅਦਾਇਗੀ ਨਾ ਹੋਣ ਕਾਰਨ ₹ 0.24 ਕਰੋੜ ਵਾਪਸ ਪ੍ਰਾਪਤ ਹੋਏ ਸੀ ਪਰ ਇਹ ਪ੍ਰਾਪਤੀਆਂ ਵਿੱਚ ਸ਼ਾਮਲ ਸਨ। ਇਸ ਤਰ੍ਹਾਂ, ਅਸਲ ਭੌਤਿਕ ਅਤੇ ਵਿੱਤੀ ਪ੍ਰਾਪਤੀਆਂ 42 *ਪ੍ਰਤੀਸ਼ਤ* ਤੋਂ ਵੀ ਘੱਟ ਸਨ।

ਕਾਰਪੋਰੇਸ਼ਨ ਕੋਲ ਸਾਲ 2019-20 ਅਤੇ 2020-21 ਦੇ ਅੰਤ ਵਿੱਚ ਵਿਸ਼ੇਸ ਕੇਂਦਰੀ ਸਹਾਇਤਾ (ਐਸ ਸੀ ਏ) ਦੀ ਅਣਵਰਤੀ ਬਕਾਇਆ ਰਾਸ਼ੀ ਕ੍ਰਮਵਾਰ ₹ 10.12 ਕਰੋੜ ਅਤੇ ₹ 9.32 ਕਰੋੜ ਸੀ।

ਮੈਨੇਜਮੈਂਟ ਨੇ ਕਿਹਾ (ਫਰਵਰੀ 2022) ਕਿ ਕਰਜਾ ਲੈਣ ਵਾਲੇ ਬੈਂਕਾਂ ਦੁਆਰਾ ਲੋੜੀਂਦੀਆਂ ਰਸਮੀ ਕਾਰਵਾਈਆਂ ਨੂੰ ਪੂਰਾ ਕਰਨ ਲਈ ਅੱਗੇ ਨਹੀਂ ਆਉਂਦੇ ਹਨ ਅਤੇ ਕਈ ਵਾਰ ਉਨ੍ਹਾਂ ਦਾ ਸਿਬਿਲ ਸਕੋਰ ਘੱਟ ਹੁੰਦਾ ਹੈ ਅਤੇ ਇਸ ਲਈ ਬੈਂਕ ਲਾਭਪਾਤਰੀਆਂ ਨੂੰ ਕਰਜ਼ੇ ਅਦਾ ਕਰਣ ਤੋਂ ਝਿਜਕਦੇ ਹਨ। ਇਹ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਬੈਂਕਾਂ ਨੇ ਵੱਖ-ਵੱਖ ਕਾਰਨਾਂ ਕਰਕੇ ਬੈਂਕ ਟਾਈ-ਅਪ ਸਕੀਮਾਂ ਅਧੀਨ ਕਰਜੇ ਲੈਣ ਲਈ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਹੈ ਜਿਵੇਂ ਕਿ ਕਾਰੋਬਾਰ ਦੇ ਖੇਤਰ ਵਿੱਚ ਕੋਈ ਤਜਰਬਾ ਨਹੀਂ ਜਿਸ ਲਈ ਕਰਜੇ ਲਈ ਅਰਜ਼ੀ ਦਿੱਤੀ ਗਈ ਸੀ, ਪਸ਼ੂਆਂ ਲਈ ਜਗ੍ਹਾ/ਸ਼ੈੱਡ ਦੀ ਗੈਰ-ਉਪਲੱਬਧਤਾ, ਪਿਛਲਾ ਮਾੜਾ ਰਿਕਾਰਡ, ਘੱਟ ਸਿਬਿਲ ਸਕੋਰ ਆਦਿ। ਸਿਬਿਲ ਕਈ ਹੋਰ ਮਾਪਦੰਡਾਂ ਦੇ ਨਾਲ-ਨਾਲ ਭੁਗਤਾਨ ਹਿਸਟਰੀ, ਕ੍ਰੈਡਿਟ ਐਕਸਪੋਜਰ, ਕ੍ਰੈਡਿਟ ਦੀ ਕਿਸਮ ਅਤੇ ਮਿਆਦ ਆਦਿ ਤੇ ਵਿਚਾਰ ਕਰਦਾ ਹੈ। ਇਸ ਤੋਂ ਇਲਾਵਾ, ਜਿੰਨੀ ਵਾਰੀ ਕ੍ਰੈਡਿਟ ਸਹੂਲਤ ਦਾ ਲਾਭ ਉਠਾਇਆ ਜਾਂਦਾ ਹੈ ਅਤੇ ਭੁਗਤਾਨ ਕੀਤਾ ਜਾਂਦਾ ਹੈ, ਉਹਨਾਂ ਹੀ ਵੱਧ ਵਿਅਕਤੀ ਦਾ ਸਿਬਿਲ ਸਕੋਰ ਹੋਵੇਗਾ। ਸਿਬਿਲ ਸਕੋਰ ਤੇ ਮਾੜਾ ਅਸਰ ਪੈਂਦਾ ਹੈ ਜੇਕਰ ਵਿਅਕਤੀ ਨੇ ਵਿੱਤੀ ਸੰਸਥਾ ਤੋਂ ਕੋਈ ਕਰਜਾ ਨਹੀਂ ਲਿਆ ਹੈ।

ਕੁੱਲ 1476 ਰੱਦ ਕੀਤੇ ਕੇਸਾਂ ਵਿੱਚੋਂ, ਛੇ ਚੁਣੇ ਹੋਏ ਜ਼ਿਲ੍ਹਿਆਂ ਵਿੱਚ 371 ਰੱਦ ਕੀਤੇ ਕੇਸਾਂ (25 *ਪ੍ਰਤੀਸ਼ਤ* ) ਨੂੰ ਸਵਤੰਤ੍ਰ ਲੇਖਾ ਪ੍ਰੀਖਿਆ ਲਈ ਚੁਣਿਆ ਗਿਆ ਸੀ। ਇਹ ਦੇਖਿਆ ਗਿਆ ਕਿ ਘੱਟ ਸਿਬਿਲ ਸਕੋਰ/ਮਾੜੀ ਕ੍ਰੈਡਿਟ ਯੋਗਤਾ ਦੇ ਆਧਾਰ 'ਤੇ 48 ਕੇਸ (13 *ਪ੍ਰਤੀਸ਼ਤ*) ਰੱਦ ਕੀਤੇ ਗਏ ਸਨ। ਇਹ ਲੇਖਾ ਪ੍ਰੀਖਿਆ ਵਿੱਚ ਸਵੀਕਾਰਯੋਗ ਨਹੀਂ ਹੈ ਕਿਉਂਕਿ ਕਾਰਪੋਰੇਸ਼ਨ ਰਾਜ ਸਰਕਾਰ ਅਤੇ ਭਾਰਤ ਸਰਕਾਰ ਦੀਆਂ ਤਰਜੀਹੀ ਸਮਾਜਿਕ ਖੇਤਰ ਦੀਆਂ ਸਕੀਮਾਂ ਵਿੱਚ ਸਹਾਇਤਾ ਪ੍ਰਦਾਨ ਕਰਦਾ ਹੈ ਜਿੱਥੇ ਸਹਾਇਤਾ ਦੇਣ ਵੇਲੇ ਇੱਛੁਕ ਲਾਭਪਾਤਰੀਆਂ ਦੇ ਸਿਬਿਲ ਸਕੋਰ ਦੇ ਸਵੀਕ੍ਰਿਤੀ ਪੱਧਰ 'ਤੇ ਜ਼ੋਰ ਦੇਣਾ ਯਕੀਨੀ ਨਹੀਂ ਬਣਾਇਆ ਜਾ ਸਕਦਾ। ਇਸ ਤੋਂ ਇਲਾਵਾ, ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਦਿਸ਼ਾ ਨਿਰਦੇਸ਼ ਕਰਜ਼ ਦੇਣ ਦੇ ਤਰਜੀਹੀ ਖੇਤਰ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ, ਕਿਸੇ ਵੀ ਪੜਾਅ 'ਤੇ ਬਿਨੈਕਾਰਾਂ ਦੇ ਸਿਬਿਲ ਸਕੋਰ ਦੀ ਜਾਂਚ ਕਰਨ ਦੀ ਤਜਵੀਜ਼ ਨਹੀਂ ਕਰਦੇ, ਜਿਸ ਵਿੱਚ ਇਹ ਕਾਰਪੋਰੇਸ਼ਨ ਕੰਮ ਕਰ ਰਹੀ ਹੈ।

ਇੱਥੇ ਜ਼ਿਕਰ ਕਰਨ ਯੋਗ ਹੈ ਕਿ ਉਕਤ ਸਕੀਮਾਂ ਸਮਾਜ ਦੇ ਦੱਬੇ ਕੁਚਲੇ ਲੋਕਾਂ ਲਈ ਸਨ। ਘੱਟ ਸਿਬਿਲ ਸਕੋਰ ਦੇ ਆਧਾਰ 'ਤੇ ਅਸਵੀਕਾਰ ਕਰਨਾ, ਲੋਨ ਬਿਨੈਕਾਰ ਨੂੰ ਕ੍ਰੈਡਿਟ ਦੇ ਗੈਰ ਰਸਮੀ ਚੈਨਲਾਂ ਦਾ ਸਹਾਰਾ ਲੈਣ ਲਈ ਮਜਬੂਰ ਕਰ ਸਕਦਾ ਹੈ। ਇਸ ਨੇ ਨਾ ਸਿਰਫ਼ ਸਕੀਮ ਦੇ ਉਦੇਸ਼ ਨੂੰ ਖੋਰਾ ਲਾਇਆ ਸਗੋਂ ਟੀਚਿਆਂ ਦੀ ਪ੍ਰਾਪਤੀ ਨਾ ਹੋਣ ਦਾ ਨਤੀਜਾ ਵੀ ਕੱਢਿਆ ਜੋ ਲੇਖਾ ਪ੍ਰੀਖਿਆ ਦੇ ਸਮੇ ਦੌਰਾਨ 42 *ਪ੍ਰਤੀਸ਼ਤ* ਤੱਕ ਘੱਟ ਰਿਹਾ।

ਕਾਰਪੋਰੇਸ਼ਨ ਨੂੰ ਬੈਂਕ ਕੋਲ ਮਾਮਲਾ ਉਠਾਉਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਕੇਸ ਨੂੰ ਸਿਰਫ਼ ਘੱਟ ਸਿਬਿਲ ਸਕੋਰ ਦੇ ਆਧਾਰ 'ਤੇ ਰੱਦ ਨਾ ਕੀਤਾ ਜਾ ਸਕੇ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਸਰਕਾਰ ਬੈਂਕ ਟਾਈ-ਅਪ ਸਕੀਮ ਦੇ ਆਧਾਰ ਤੇ ਕਰਜ਼ਿਆਂ ਨੂੰ ਵਧਾਉਂਦੇ ਸਮੇਂ ਚਰਿੱਤਰ ਸਮਰੱਥਾ, ਪੂੰਜੀ, ਕਲੈਟਰਲ ਅਤੇ ਸ਼ਰਤਾਂ ਦੇ ਮਾਪਦੰਡਾਂ 'ਤੇ ਮੁੜ ਵਿਚਾਰ ਕਰ ਸਕਦੀ ਹੈ।

### *(ੲ) ਬੈਕਐਂਡ ਸਬਸਿਡੀ ਪ੍ਰੋਤਸਾਹਨ ਸਕੀਮ*

ਕਾਰਪੋਰੇਸ਼ਨ ਨੇ ਬੈਕਐਂਡ ਸਬਸਿਡੀ ਪ੍ਰੋਤਸਾਹਨ ਸਕੀਮ ਬੀ ਪੀ ਐਲ ਪਰਿਵਾਰਾਂ ਨੂੰ (i) ਸਵੈ ਰੁਜ਼ਗਾਰ ਲਈ; (ii) ਕਰਜੇ ਦੀ ਰਾਸ਼ੀ ਦੀ ਸਹੀ ਵਰਤੋਂ ਲਈ ਅਤੇ (iii) ਪ੍ਰੋਤਸਾਹਨ ਵਜੋਂ ਵੱਧ ਤੋਂ ਵੱਧ ₹ 10,000 ਦੇ ਕਰਜੇ ਦੀ ਰਾਸ਼ੀ ਦਾ 25 *ਪ੍ਰਤੀਸ਼ਤ* ਸਬਸਿਡੀ ਦੇ ਕੇ ਨਿਯਮਤ ਮੁੜ ਅਦਾਇਗੀ ਲਈ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੀ (ਮਾਰਚ 2018)। ਛੇ ਚੁਣੇ ਗਏ ਜ਼ਿਲ੍ਹਾ ਦਫ਼ਤਰਾਂ ਵਿੱਚ, ਲੇਖਾ ਪ੍ਰੀਖਿਆ ਨੂੰ ਪੇਸ਼ ਕੀਤੀਆਂ ਗਈਆਂ 121 ਫਾਈਲਾਂ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ:

- 79 ਲਾਭਪਾਤਰੀ ਬੈਕਐਂਡ ਸਬਸਿਡੀ ਲਈ ਅਯੋਗ ਸਨ ਕਿਉਂਕਿ ਉਹਨਾਂ ਨੂੰ ਗਰੀਬੀ ਰੇਖਾ ਤੋਂ ਉੱਪਰ ਵਾਲੇ ਰਾਸ਼ਨ ਕਾਰਡ ਜਾਰੀ ਕੀਤੇ ਗਏ ਸਨ।
- ਚਾਰ ਮਾਮਲਿਆਂ ਵਿੱਚ, ਪਰਿਵਾਰ ਦੀ ਆਮਦਨ ਬੀ ਪੀ ਐਲ ਪਰਿਵਾਰਾਂ ਲਈ ਤੈਅ ਕੀਤੀ ਸਾਲਾਨਾ ਆਮਦਨ ਸੀਮਾਂ ਤੋਂ ਵੱਧ ਸੀ ਕਿਉਂਕਿ ਇੱਕ ਪਰਿਵਾਰਕ ਮੈਂਬਰ ਸਰਕਾਰੀ ਨੌਕਰੀ[11] ਵਿੱਚ ਸੀ।

### *(ਸ) ਰਾਸ਼ਟਰੀ ਅਨੁਸੂਚਿਤ ਜਾਤੀਆਂ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ (ਐਨ ਐਸ ਐਫ ਡੀ ਸੀ) ਕਰਜ਼ਾ ਸਕੀਮ*

ਕਾਰਪੋਰੇਸ਼ਨ ਐਨ ਐਸ ਐਫ ਡੀ ਸੀ ਦੀ ਸਹਾਇਤਾ ਨਾਲ ₹ ਤਿੰਨ ਲੱਖ ਪ੍ਰਤੀ ਸਾਲ ਤੱਕ ਦੀ ਆਮਦਨ ਵਾਲੇ ਪੇਂਡੂ ਅਤੇ ਸ਼ਹਿਰੀ ਦੋਵੇਂ ਖੇਤਰਾਂ ਲਈ ਲਾਭਪਾਤਰੀਆਂ ਨੂੰ ਐਨ ਐਸ ਐਫ ਡੀ ਸੀ ਤੋਂ 90 *ਪ੍ਰਤੀਸ਼ਤ* ਤੱਕ ਮਿਆਦੀ ਕਰਜਾ ਵਧਾ ਕੇ ਵੱਖ-ਵੱਖ ਕਿੱਤਿਆਂ ਲਈ ਕਰਜਾ ਪ੍ਰਦਾਨ ਕਰਦਾ ਹੈ ਅਤੇ ਬਾਕੀ ਰਹਿੰਦੇ 10 *ਪ੍ਰਤੀਸ਼ਤ* ਦੀ ਲਾਭਪਾਤਰੀ ਅਤੇ ਕਾਰਪੋਰੇਸ਼ਨ ਵੱਲੋਂ ਹਿੱਸੇਦਾਰੀ ਕੀਤੀ ਜਾਂਦੀ ਹੈ। ਬੀ ਪੀ ਐਲ ਅਨੁਸੂਚਿਤ ਜਾਤੀ ਦੇ ਪਰਿਵਾਰ ਵੀ ₹ 10,000 ਤੱਕ ਦੀ ਬੈਕਐਂਡ ਸਬਸਿਡੀ ਲਈ ਯੋਗ ਹਨ।

---

[11] ਇਨ੍ਹਾਂ ਪਰਿਵਾਰ ਦੀ ਸਲਾਨਾ ਆਮਦਨ ਬੀ ਪੀ ਐਲ ਪਰਿਵਾਰ ਲਈ ਵੱਧ ਤੋਂ ਵੱਧ ਨਿਰਧਾਰਤ ਸੀਮਾਂ ਤੋਂ ਵੱਧ ਹੈ।

ਐਨ ਐਸ ਐਫ ਡੀ ਸੀ ਨੇ 2018-19 ਅਤੇ 2019-20 ਦੌਰਾਨ ਕਾਰਪੋਰੇਸ਼ਨ ਨੂੰ ₹ 19.23 ਕਰੋੜ ਦੇ ਇਸਦੇ ਕਰਜ਼ਿਆਂ ਦੀ ਮੁੜ ਅਦਾਇਗੀ ਨਾ ਹੋਣ ਕਾਰਨ ਪੈਸਾ ਦੇਣਾ ਬੰਦ ਕਰ ਦਿੱਤਾ ਸੀ। 2020-21 ਦੌਰਾਨ, ਕਾਰਪੋਰੇਸ਼ਨ ਨੂੰ ₹ 6.75 ਕਰੋੜ ਦੇ ਬਜਟ ਵਿਰੁੱਧ ਸਿਰਫ ₹ 0.81 ਕਰੋੜ ਦੇ ਹੀ ਫੰਡ ਪ੍ਰਾਪਤ ਹੋਏ। 2018-21 ਦੌਰਾਨ ਕਾਰਪੋਰੇਸ਼ਨ ਇਸ ਦੇ ਟੀਚਿਆਂ ਦਾ ਸਿਰਫ ਦੋ *ਪ੍ਰਤੀਸ਼ਤ* ਹੀ ਪ੍ਰਾਪਤ ਕਰ ਸਕੀ। 31 ਮਾਰਚ 2021 ਨੂੰ, ਸਕੀਮ ਅਧੀਨ 1784 ਅਰਜ਼ੀਆਂ ਬਕਾਇਆ ਪਈਆਂ ਸਨ।

### *(ਹ) ਰਾਸ਼ਟਰੀ ਸਫਾਈ ਕਰਮਚਾਰੀ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ (ਐਨ ਐਸ ਕੇ ਐਫ ਡੀ ਸੀ) ਕਰਜਾ ਸਕੀਮਾਂ*

ਕਾਰਪੋਰੇਸ਼ਨ ਨੇ ਐਨ ਐਸ ਕੇ ਐਫ ਡੀ ਸੀ ਤੋਂ ਵਿਸ਼ੇਸ਼ ਸਕੀਮਾਂ ਲਈ ਤਿੰਨ *ਪ੍ਰਤੀਸ਼ਤ* ਦੀ ਦਰ ਤੇ ਸਫਾਈ ਕਰਮਚਾਰੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਛੇ *ਪ੍ਰਤੀਸ਼ਤ* ਪ੍ਰਤੀ ਸਾਲ ਦੀ ਦਰ ਨਾਲ ਅੱਗੇ ਅਦਾਇਗੀ ਲਈ ਮਿਆਦੀ ਕਰਜਾ ਲਿਆ। ਪ੍ਰੋਜੈਕਟ ਲਾਗਤ ਦਾ ਨੱਬੇ *ਪ੍ਰਤੀਸ਼ਤ* ਐਨ ਐਸ ਕੇ ਐਫ ਡੀ ਸੀ ਵੱਲੋਂ ਯੋਗਦਾਨ ਪਾਇਆ ਜਾਣਾ ਹੈ ਅਤੇ ਬਕਾਇਆ ਦੱਸ *ਪ੍ਰਤੀਸ਼ਤ* ਕਾਰਪੋਰੇਸ਼ਨ ਅਤੇ ਕਰਜਾ ਲੈਣ ਵਾਲੇ ਵੱਲੋਂ ਯੋਗਦਾਨ ਕੀਤਾ ਜਾਣਾ ਹੈ।

ਕਾਰਪੋਰੇਸ਼ਨ ਨੇ 2020-21 ਵਿੱਚ ਆਪਣੇ ਵਿੱਤੀ ਟੀਚਿਆਂ ਦਾ 74.5 *ਪ੍ਰਤੀਸ਼ਤ* ਪ੍ਰਾਪਤ ਕੀਤਾ ਜੋ ਕਿ ਕ੍ਰਮਵਾਰ 2018-19 ਅਤੇ 2019-20 ਦੌਰਾਨ ਪ੍ਰਾਪਤ ਕੀਤੇ 11 *ਪ੍ਰਤੀਸ਼ਤ* ਅਤੇ 54.5 *ਪ੍ਰਤੀਸ਼ਤ* ਤੋਂ ਸੁਧਾਰ ਸੀ। 31 ਮਾਰਚ 2021 ਤੱਕ, ਇਸ ਸਕੀਮ ਅਧੀਨ ਫੈਸਲੇ ਲਈ 637 ਅਰਜ਼ੀਆਂ ਬਕਾਇਆ ਸਨ।

### *(ਕ) ਰਾਸ਼ਟਰੀ ਅਪਾਹਜ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ (ਐਨ ਐਚ ਐਫ ਡੀ ਸੀ) ਕਰਜਾ ਸਕੀਮਾਂ*

ਕਾਰਪੋਰੇਸ਼ਨ 18 ਤੋਂ 60 ਸਾਲ ਦੀ ਉਮਰ ਦੇ ਗਰੁੱਪ ਵਿੱਚ 40 *ਪ੍ਰਤੀਸ਼ਤ* ਜਾਂ ਇਸ ਤੋਂ ਵੱਧ ਵਿਸ਼ੇਸ ਤੌਰ ਤੇ ਯੋਗ ਲੋਕਾਂ ਨੂੰ ਵੱਖ-ਵੱਖ ਆਮਦਨ ਪੈਦਾ ਕਰਨ ਵਾਲੀਆਂ ਸਵੈ-ਰੁਜ਼ਗਾਰ ਸਕੀਮਾਂ ਲਈ ਕਰਜੇ ਪ੍ਰਦਾਨ ਕਰ ਰਿਹਾ ਹੈ। ਕਰਜਾ ਲੈਣ ਲਈ ਕੋਈ ਆਮਦਨ ਸੀਮਾ ਨਹੀਂ ਹੈ, ਹਾਲਾਂਕਿ, ਕਰਜੇ ਦੇ 90 *ਪ੍ਰਤੀਸ਼ਤ* ਮਾਮਲੇ ਵਿੱਚ ₹ ਪੰਜ ਲੱਖ *ਪ੍ਰਤੀ ਸਾਲ* ਤੱਕ ਦੀ ਆਮਦਨ ਵਾਲੇ ਵਿਸ਼ੇਸ ਤੌਰ ਤੇ ਯੋਗ ਵਿਅਕਤੀਆਂ ਨੂੰ ਕਵਰ ਕੀਤਾ ਜਾਵੇਗਾ।

2018-21 ਦੇ ਦੌਰਾਨ, 129 ਲਾਭਪਾਤਰੀਆਂ ਨੂੰ ਕਵਰ ਕੀਤਾ ਗਿਆ ਸੀ ਅਤੇ ₹ ਨੌਂ ਕਰੋੜ ਦੇ ਕੁੱਲ ਕਰਜੇ ਦੀ ਰਾਸ਼ੀ ਨਾਲ ਟੀਚਾਗਤ 600 ਲਾਭਪਾਤਰੀਆਂ ਦੇ ਵਿਰੁੱਧ ₹ 2.41 ਕਰੋੜ ਦੀ ਰਾਸ਼ੀ ਦਾ ਕਰਜਾ ਵੰਡਿਆ ਗਿਆ ਸੀ। ਕਾਰਪੋਰੇਸ਼ਨ ਨੇ ਇਸ ਸਕੀਮ ਅਧੀਨ ਵੱਧ ਤੋਂ ਵੱਧ ਮਾਮਲੇ ਨੂੰ ਕਵਰ ਕਰਨ ਲਈ ਸਬੰਧਤ ਵਿਭਾਗਾਂ[12] ਨਾਲ ਤਾਲਮੇਲ ਕਰਕੇ ਰਾਜ ਵਿੱਚ ਬੇਰੋਜ਼ਗਾਰ ਵਿਸ਼ੇਸ ਤੌਰ ਤੇ ਯੋਗ ਵਿਅਕਤੀਆਂ ਦੀਆਂ ਸੂਚੀਆਂ ਤਿਆਰ ਨਹੀਂ ਕੀਤੀਆਂ ਸਨ ਅਤੇ ਲੰਬੇ ਸਮੇਂ ਤੋਂ ਟੀਚਿਆਂ ਨੂੰ ਸੋਧਿਆ ਨਹੀਂ ਗਿਆ ਹੈ।

---

[12] ਸਮਾਜਿਕ ਸੁਰੱਖਿਆ ਅਤੇ ਮਹਿਲਾ ਅਤੇ ਬਾਲ ਵਿਕਾਸ, ਵਿਭਾਗ ਪੰਜਾਬ ਸਰਕਾਰ ।

ਐਨ ਐਚ ਐਫ ਡੀ ਸੀ ਨੇ ਧਿਆਨ ਵਿੱਚ ਲਿਆਂਦਾ (ਜੂਨ 2019) ਕਿ ਕਾਰਪੋਰੇਸ਼ਨ ਦੇ ਕੰਮਕਾਜ ਨਾਕਾਫ਼ੀ ਸਰਕਾਰੀ ਗਾਰੰਟੀ ਅਤੇ ਲੋੜੀਂਦੇ ਪ੍ਰਸਤਾਵਾਂ ਨੂੰ ਪੇਸ਼ ਨਾ ਕਰਨ ਕਾਰਨ ਪ੍ਰਭਾਵਿਤ ਹੋਏ ਸਨ। ਅਪਾਹਜ ਆਬਾਦੀ ਦੀ ਕਵਰੇਜ ਨੂੰ ਵਧਾਉਣ ਲਈ, ਐਨ ਐਚ ਐਫ ਡੀ ਸੀ ਨੇ ਕਾਰਪੋਰੇਸ਼ਨ ਨੂੰ ਪ੍ਰਸਤਾਵ ਦਿੱਤਾ (i) ਸਵੈ-ਰੁਜ਼ਗਾਰ/ਸੇਵਾ ਖੇਤਰ ਦੇ ਸਥਾਨਾਂ ਦੀ ਪਛਾਣ ਕਰਨਾ ਜਿੱਥੇ ਵੱਖ-ਵੱਖ ਅਸਮਰਥਤਾਵਾਂ ਨਾਲ ਪੀੜਤ ਵਿਅਕਤੀਆਂ ਨੂੰ ਸਥਾਈ ਤੌਰ ਤੇ ਤਾਇਨਾਤ ਕੀਤਾ ਜਾ ਸਕਦਾ ਹੈ (ii) ਅਪਾਹਜ ਆਬਾਦੀ ਲਈ ਮੁਲਾਂਕਣਯੋਗ ਪਖਾਨੇ ਅਤੇ ਪੀਣ ਵਾਲੇ ਸਾਫ਼ ਪਾਣੀ ਦੀਆਂ ਸਹੂਲਤਾਂ ਨੂੰ ਵਧਾਉਣ/ਵਿਕਾਸ ਕਰਨ ਲਈ ਐਨ ਐਚ ਐਫ ਡੀ ਸੀ ਨੂੰ ਕਰਜੇ ਦੇਣ ਵਿੱਚ ਸਹਾਇਤਾ ਕਰਨਾ (iii) ਅਪਾਹਜ ਵਿਅਕਤੀਆਂ ਦੀ ਗੁਣਵੱਤਾ ਹੁਨਰ ਸਿਖਲਾਈ ਲਈ ਰਾਜ ਭਰ ਵਿੱਚ ਢੁੱਕਵੇਂ ਸਥਾਨਾਂ ਤੇ ਹੁਨਰ ਸਿਖਲਾਈ ਕੇਂਦਰ ਸਥਾਪਤ ਕਰਨਾ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕਾਰਪੋਰੇਸ਼ਨ ਨੇ ਉਪਰੋਕਤ ਪ੍ਰਸਤਾਵਾਂ ਨੂੰ ਲਾਗੂ ਕਰਨ ਲਈ ਕੋਈ ਯਤਨ ਨਹੀਂ ਕੀਤੇ ਸਨ।

ਮੈਨੇਜਮੈਂਟ ਨੇ ਟਿੱਪਣੀ ਨੂੰ ਸਵੀਕਾਰ ਕੀਤਾ ਅਤੇ ਕਿਹਾ (ਫਰਵਰੀ 2022) ਕਿ ਕਾਰਪੋਰੇਸ਼ਨ ਨੇ ਜ਼ਿਲ੍ਹਾ ਪ੍ਰਬੰਧਕਾਂ ਨੂੰ ਸਕੀਮ ਅਧੀਨ ਪ੍ਰਗਤੀ ਵਿੱਚ ਸੁਧਾਰ ਕਰਨ ਦੇ ਨਿਰਦੇਸ਼ ਦਿੱਤੇ ਹਨ।

### *(ਖ) ਹੱਥੀਂ ਸਫਾਈ ਕਰਨ ਵਾਲਿਆਂ ਦੇ ਪੁਨਰਵਾਸ ਲਈ ਸਵੈ-ਰੁਜ਼ਗਾਰ ਸਕੀਮ (ਐਸ ਆਰ ਐਮ ਐਸ)*

ਵਿਕਲਪਿਕ ਕਿੱਤਿਆਂ ਵਿੱਚ ਹੱਥੀ ਸਫ਼ਾਈ ਕਰਨ ਵਾਲਿਆਂ ਦੇ ਮੁੜ ਵਸੇਬੇ ਲਈ, ਕਾਰਪੋਰੇਸ਼ਨ ਬੈਂਕਾਂ ਤੋਂ ਕਰਜੇ ਅਤੇ ਐਨ ਐਸ ਕੇ ਐਫ ਡੀ ਸੀ ਤੋਂ ਸਬਸਿਡੀ ਦਾ ਪ੍ਰਬੰਧ ਕਰਦਾ ਹੈ। ਪਛਾਣੇ ਗਏ ਹੱਥੀ ਸਫਾਈ ਕਰਨ ਵਾਲੇ, ਹਰੇਕ ਪਰਿਵਾਰ ਵਿੱਚੋਂ ਇੱਕ ਵਿਅਕਤੀ ਵੀ ਪਛਾਣ ਤੋਂ ਤੁਰੰਤ ਬਾਅਦ ₹ 40,000 ਦੀ ਇੱਕ ਵਾਰ ਦੀ ਨਕਦ ਸਹਾਇਤਾ (ਓ ਟੀ ਸੀ ਏ) ਲਈ ਯੋਗ ਹੈ।

ਇਸ ਸਕੀਮ ਦੇ ਅਧੀਨ, ਭਾਰਤ ਸਰਕਾਰ ਦੁਆਰਾ ਹੁਣ ਤੱਕ ਰਾਜ ਵਿੱਚ 228 ਹੱਥੀਂ ਸਫਾਈ ਕਰਨ ਵਾਲਿਆਂ[13] ਦੀ ਪਛਾਣ ਕੀਤੀ ਗਈ ਸੀ। ਭਾਰਤ ਸਰਕਾਰ ਦੁਆਰਾ ₹ 40,000 ਦਾ ਓ ਟੀ ਸੀ ਏ 211 ਲਾਭਪਾਤਰੀਆਂ ਨੂੰ ਸਿੱਧਾ ਦਿੱਤਾ ਗਿਆ ਸੀ ਅਤੇ ਬਕਾਇਆ 17 ਮਾਮਲੇ ਓ ਟੀ ਸੀ ਏ ਲਈ ਐਨ ਐਸ ਕੇ ਐਫ ਡੀ ਸੀ ਨੂੰ ਭੇਜੇ ਗਏ ਸਨ। ਪਛਾਣੇ ਗਏ 86 ਲਾਭਪਾਤਰੀਆਂ (2018 ਤੋਂ ਪਹਿਲਾਂ) ਵਿੱਚੋਂ, ਸਿਰਫ਼ 38 ਲਾਭਪਾਤਰੀਆਂ ਨੂੰ ਕਰਜਾ ਅਤੇ ਸਬਸਿਡੀ ਮੁਹੱਈਆ ਕਰਵਾਈ ਗਈ ਸੀ। ਐਨ ਐਸ ਕੇ ਐਫ ਡੀ ਸੀ ਨੇ ਕਾਰਪੋਰੇਸ਼ਨ ਨੂੰ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ 142 ਹੱਥੀ ਸਫਾਈ ਕਰਨ ਵਾਲਿਆਂ (2019 ਵਿੱਚ ਪਛਾਣੇ ਗਏ) ਦੇ ਪ੍ਰਸਤਾਵ ਭੇਜਣ ਲਈ ਕਿਹਾ। ਹਾਲਾਂਕਿ, ਕਾਰਪੋਰੇਸ਼ਨ ਦੁਆਰਾ 190[14] ਪਛਾਣੇ ਗਏ ਲਾਭਪਾਤਰੀਆਂ ਤੱਕ ਪਹੁੰਚ ਕਰਨ ਲਈ ਕੋਈ ਯਤਨ ਨਹੀਂ ਕੀਤੇ ਗਏ ਸਨ ਤਾਂ ਜੋ ਉਹਨਾਂ ਨੂੰ ਸਵੈ-ਰੁਜ਼ਗਾਰ ਯੂਨਿਟ/ਉਦਮ ਸਥਾਪਤ ਕਰਨ ਲਈ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ। ਇਸ ਤਰ੍ਹਾਂ, ਕਾਰਪੋਰੇਸ਼ਨ ਨੇ ਹੱਥੀਂ ਸਫਾਈ ਕਰਨ ਵਾਲਿਆਂ ਦੇ ਮੁੜ

---

13 2018 ਤੋਂ ਪਹਿਲਾਂ 86 ਦੀ ਪਛਾਣ ਕੀਤੀ ਗਈ ਅਤੇ 2019 ਵਿੱਚ 142 ਦੀ ਪਛਾਣ ਕੀਤੀ ਗਈ।

14 142+48 (86-38)।

ਵਸੇਬੇ ਨੂੰ ਯਕੀਨੀ ਨਹੀਂ ਬਣਾਇਆ ਸੀ ਜਿਸ ਨਾਲ ਸਕੀਮ ਦਾ ਅਸਲ ਉਦੇਸ਼ ਹੀ ਪੂਰਾ ਨਹੀਂ ਹੋ ਸਕਿਆ।

ਮੈਂਨਜੇਮੈਂਟ ਨੇ ਕਿਹਾ (ਫਰਵਰੀ 2022) ਕਿ ਹੱਥੀ ਸਫ਼ਾਈ ਕਰਨ ਵਾਲਿਆਂ ਵਿੱਚੋਂ, ਜਿਨ੍ਹਾਂ ਨੂੰ ਸਬਸਿਡੀ ਜਾਂ ਕਰਜਾ ਨਹੀਂ ਦਿੱਤਾ ਗਿਆ ਹੈ, ਕੁਝ ਨੇ ਓ ਟੀ ਸੀ ਏ ਨਾਲ ਕਾਰੋਬਾਰ ਸ਼ੁਰੂ ਕੀਤਾ ਹੈ ਅਤੇ ਕਰਜਾ ਲੈਣ ਲਈ ਇੱਛਕ ਨਹੀਂ ਹਨ ਅਤੇ ਉਨ੍ਹਾਂ ਵਿੱਚੋਂ ਕੁਝ ਕਰਜੇ ਦੀ ਬਜਾਏ ਨੌਕਰੀ ਚਾਹੁੰਦੇ ਹਨ। ਮੈਨੇਜਮੈਂਟ ਦਾ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਸਿਰਫ 52 ਵਿਅਕਤੀਆਂ ਨਾਲ ਸਬੰਧਤ ਰਿਕਾਰਡ ਜੋ ਕਰਜਾ ਲੈਣ ਦੇ ਇੱਛੁਕ ਨਹੀਂ ਸਨ ਲੇਖਾ ਪ੍ਰੀਖਿਆ ਨੂੰ ਉਪਲੱਬਧ ਕਰਵਾਇਆ ਗਿਆ ਸੀ।

### 6.4.7 ਮਾਮਲਿਆਂ ਦੇ ਨਿਪਟਾਰੇ ਵਿੱਚ ਦੇਰੀ

ਪੰਜਾਬ ਸੇਵਾ ਦਾ ਅਧਿਕਾਰ ਐਕਟ, 2011 ਰਾਜ ਸਰਕਾਰ ਦੁਆਰਾ ਸਮਾਂ ਸੀਮਾ ਦੇ ਅੰਦਰ ਸੇਵਾਵਾਂ ਪ੍ਰਦਾਨ ਕਰਨ ਦੀ ਸਹੂਲਤ ਲਈ ਕਾਰਪੋਰੇਸ਼ਨ 'ਤੇ ਲਾਗੂ ਕੀਤਾ ਗਿਆ ਸੀ (ਮਾਰਚ 2015)। ਜੋ ਇਸ ਅਨੁਸਾਰ, ਕਾਰਪੋਰੇਸ਼ਨ ਨੇ ਹਰ ਪੜਾਅ 'ਤੇ ਕਰਜ਼ਿਆਂ ਦੀ ਪ੍ਰਵਾਨਗੀ ਅਤੇ ਅਦਾਇਗੀ ਲਈ ਸਮਾਂ-ਸਾਰਣੀ ਤੈਅ ਕੀਤੀ। ਕਾਰਪੋਰੇਸ਼ਨ ਨੇ ਮਾਮਲੇ ਨੂੰ ਮਨਜ਼ੂਰੀ ਦੇਣ ਲਈ 45 ਦਿਨ {ਡਿਵੀਜ਼ਨਲ ਮੈਨੇਜਰ (ਡੀ ਐਮ) ਦਫ਼ਤਰ ਲਈ ਮਾਮਲੇ ਨੂੰ ਮੁੱਖ ਦਫ਼ਤਰ (ਐਚ ਓ) ਨੂੰ ਭੇਜਣ ਲਈ 20 ਦਿਨਾਂ ਸਮੇਤ} ਅਤੇ ਕਰਜੇ ਦੀ ਅਦਾਇਗੀ ਲਈ 60 ਦਿਨ ਨਿਰਧਾਰਤ ਕੀਤੇ ਸਨ।

ਕਰਜੇ ਦੇ 350 ਮਾਮਲਿਆਂ[15] ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਦਿੱਤੇ ਗਏ ਨਿਰਧਾਰਤ ਸਮੇਂ ਦੇ ਵਿਰੁੱਧ ਕਰਜ਼ਿਆਂ ਦੀ ਅਦਾਇਗੀ ਵਿੱਚ 15 ਦਿਨਾਂ ਤੋਂ 765 ਦਿਨਾਂ ਤੱਕ ਦੇਰੀ ਹੋਈ ਸੀ। ਇਸ ਤੋਂ ਇਲਾਵਾ, ਇਹ ਦੇਖਿਆ ਗਿਆ ਸੀ ਕਿ ਮਾਮਲਿਆਂ ਨੂੰ ਮਨਜ਼ੂਰੀ ਦੇਣ ਵਿੱਚ ਦੇਰੀ ਮੁੱਖ ਤੌਰ ਤੇ ਜ਼ਿਲ੍ਹਾ ਮੈਨੇਜਰ ਦਫ਼ਤਰਾਂ ਦੁਆਰਾ ਐਚ ਓ ਨੂੰ ਮਾਮਲੇ ਭੇਜਣ ਦੇ ਕਾਰਨ ਸੀ। ਮਾਮਲਿਆਂ ਦੀ ਕਾਰਵਾਈ ਕਰਨ ਵਿੱਚ ਵਰ੍ਹੇ-ਵਾਰ ਦੇਰੀ **ਸਾਰਣੀ** 6.5 ਵਿੱਚ ਦਰਸਾਈ ਗਈ ਹੈ।

**ਸਾਰਣੀ 6.5: ਮਾਮਲਿਆਂ ਦੀ ਕਾਰਵਾਈ ਵਿੱਚ ਦੇਰੀ**

| ਸਾਲ | ਐਚ ਓ ਨੂੰ ਭੇਜਣ ਵਿੱਚ ਦੇਰੀ | | | ਮਨਜ਼ੂਰੀ ਵਿੱਚ ਦੇਰੀ | | | ਅਦਾਇਗੀ ਵਿੱਚ ਦੇਰੀ | | |
|---|---|---|---|---|---|---|---|---|---|
| | ਮਾਮਲਿਆਂ ਦੀ ਗਿਣਤੀ | | | ਮਾਮਲਿਆਂ ਦੀ ਗਿਣਤੀ | | | ਮਾਮਲਿਆਂ ਦੀ ਗਿਣਤੀ | | |
| | 15 ਤੋਂ 100 ਦਿਨ | 101 ਤੋਂ 200 ਦਿਨ | 200 ਤੋਂ ਉਪਰ ਦਿਨ | 15 ਤੋਂ 100 ਦਿਨ | 101 ਤੋਂ 200 ਦਿਨ | 200 ਤੋਂ ਉਪਰ ਦਿਨ | 15 ਤੋਂ 100 ਦਿਨ | 101 ਤੋਂ 200 ਦਿਨ | 200 ਤੋਂ ਉਪਰ ਦਿਨ |
| **2018-19** | 52 | 17 | 6 | 43 | 30 | 8 | 33 | 42 | 22 |
| **2019-20** | 63 | 17 | 11 | 58 | 20 | 15 | 67 | 52 | 19 |
| **2020-21** | 45 | 9 | 2 | 27 | 27 | 6 | 17 | 38 | 33 |

*ਸ੍ਰੋਤ : ਕਰਜਾ ਫਾਈਲਾਂ ਤੋਂ ਸੰਕਲਿਤ।*

15 ਛੇ ਚੁਣੇ ਹੋਏ ਜਿਲ੍ਹਿਆਂ ਦੇ 445 ਕਰਜ਼ੇ ਦੇ ਮਾਮਲਿਆਂ (ਬੈਂਕ ਟਾਈ ਅੱਪ ਸਕੀਮ ਨੂੰ ਛੱਡ ਕੇ) ਵਿੱਚੋਂ 2018-21 ਦੌਰਾਨ ਵੰਡਿਆ ਗਿਆ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕਾਰਪੋਰੇਸ਼ਨ ਕਰਜੇ ਦੇ ਮਾਮਲਿਆਂ ਦੀ ਕਾਰਵਾਈ ਵਿੱਚ ਦੇਰੀ ਦੇ ਕਾਰਨਾਂ ਦਾ ਵਿਸ਼ਲੇਸ਼ਣ ਨਹੀਂ ਕਰ ਰਿਹਾ ਸੀ। ਕਾਰਪੋਰੇਸ਼ਨ ਕੋਲ 31 ਮਾਰਚ 2021 ਤੱਕ ਵੱਖ-ਵੱਖ ਸਕੀਮਾਂ ਅਧੀਨ 5,651 ਕਰਜੇ ਦੀਆਂ ਅਰਜ਼ੀਆਂ ਬਕਾਇਆ ਸਨ ਜਿਵੇਂ ਕਿ **ਸਾਰਣੀ 6.6** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 6.6 : ਅਰਜ਼ੀਆਂ ਦਾ ਵਰ੍ਹੇ-ਵਾਰ ਬਕਾਇਆ**

| ਸਾਲ | ਮੁੱਢਲਾ ਬਕਾਇਆ | ਪ੍ਰਾਪਤ ਹੋਏ | ਮਨਜ਼ੂਰੀ ਤੋਂ ਪਹਿਲਾਂ ਰੱਦ ਹੋਏ | ਮਨਜ਼ੂਰ ਹੋਏ | ਬਕਾਇਆ |
|---|---|---|---|---|---|
| **ਆਰੰਭ ਤੋਂ 2018-19 ਤੱਕ** | 5666 | 514 | 62 | 509 | 5609 |
| **2019-20** | 5609 | 902 | 16 | 691 | 5804 |
| **2020-21** | 5804 | 537 | 70 | 620 | 5651 |

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਸ਼ੁਰੂ ਤੋਂ ਲੈ ਕੇ ਅਰਜ਼ੀਆਂ ਦੇ ਸਮਾਂ ਵਾਰ ਬਕਾਏ ਦੀ ਨਿਗਰਾਨੀ ਨਹੀਂ ਕੀਤੀ ਗਈ ਸੀ। ਕਾਰਪੋਰੇਸ਼ਨ ਅਯੋਗ ਬਿਨੈਕਾਰਾਂ, ਜਿਨ੍ਹਾਂ ਨੂੰ ਹੁਣ ਕਰਜੇ ਦੀ ਲੋੜ ਨਹੀਂ, ਨੂੰ ਬਾਹਰ ਕੱਢਣ ਲਈ ਲੰਬੇ ਸਮੇਂ ਤੋਂ ਬਕਾਇਆ ਪਈਆਂ ਅਰਜ਼ੀਆਂ ਦੀ ਸਮੀਖਿਆ ਨਹੀਂ ਕਰ ਰਿਹਾ ਸੀ।

ਮੈਨੇਜਮੈਂਟ ਨੇ ਕਿਹਾ (ਫਰਵਰੀ 2022) ਕਿ ਕਈ ਵਾਰ ਲਾਭਪਾਤਰੀ ਸਮੇਂ ਸਿਰ ਰਸਮੀ ਕਾਰਵਾਈਆਂ ਪੂਰੀਆਂ ਨਹੀਂ ਕਰਦੇ ਹਨ ਜਿਸ ਕਾਰਨ ਕਰਜੇ ਦੀ ਮਨਜ਼ੂਰੀ ਅਤੇ ਅਦਾਇਗੀ ਵਿੱਚ ਦੇਰੀ ਹੁੰਦੀ ਹੈ ਅਤੇ ਕਰਜੇ ਦੀ ਮਨਜ਼ੂਰੀ ਅਤੇ ਅਦਾਇਗੀ ਲਈ ਨਿਰਧਾਰਤ ਸਮਾਂ ਸੀਮਾ ਦੀ ਪਾਲਣਾ ਕਰਨ ਲਈ ਪੂਰੇ ਯਤਨ ਕੀਤੇ ਜਾਂਦੇ ਹਨ। ਮੈਨੇਜਮੈਂਟ ਦਾ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਸਮੇਂ ਸਿਰ ਸਾਰੀਆਂ ਰਸਮਾਂ ਪੂਰੀਆਂ ਕਰਨਾ ਜ਼ਿਲ੍ਹਾ ਮੈਨੇਜਰ ਦੀ ਜ਼ਿੰਮੇਵਾਰੀ ਹੈ।

### 6.4.8 ਵਰਤੋਂ ਸਰਟੀਫਿਕੇਟ ਪ੍ਰਾਪਤ ਨਾ ਕਰਨਾ

ਕਰਜੇ ਦੇ ਨਿਯਮ ਅਤੇ ਸ਼ਰਤਾਂ ਦੇ ਅਨੁਸਾਰ, ਕਰਜਾ ਲੈਣ ਵਾਲੇ ਨੂੰ ਕਰਜੇ ਦੀ ਅਦਾਇਗੀ ਦੇ ਦੋ ਮਹੀਨਿਆਂ ਦੇ ਅੰਦਰ ਵਰਤੋਂ ਸਰਟੀਫਿਕੇਟ (ਯੂ ਸੀ) ਜਮ੍ਹਾਂ ਕਰਾਉਣ ਦੀ ਲੋੜ ਹੁੰਦੀ ਹੈ ਅਤੇ ਯੂ ਸੀ ਨਾ ਦੇਣ ਦੀ ਸਥਿਤੀ ਵਿੱਚ, ਕਰਜੇ ਦੀ ਵਿਆਜ ਸਮੇਤ ਇੱਕਮੁਸ਼ਤ ਵਸੂਲੀ ਕੀਤੀ ਜਾਣੀ ਸੀ।

ਛੇ ਚੁਣੇ ਹੋਏ ਜ਼ਿਲ੍ਹਿਆਂ ਦੇ ਦਫ਼ਤਰਾਂ ਵਿੱਚ ਕਰਜੇ ਦੇ 350 ਮਾਮਲਿਆਂ ਦੀ ਜਾਂਚ ਨੇ ਦਰਸਾਇਆ ਕਿ 322 ਮਾਮਲਿਆਂ (92 *ਪ੍ਰਤੀਸ਼ਤ*) ਵਿੱਚ ਯੂ ਸੀ ਪ੍ਰਾਪਤ ਨਹੀਂ ਹੋਏ ਸਨ। ਇਸ ਲਈ, ਕਰਜ਼ੇ ਦੀ ਰਾਸ਼ੀ ਦੀ ਸਹੀ ਵਰਤੋਂ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਿਆ । ਕਾਰਪੋਰੇਸ਼ਨ ਨੂੰ ਕਰਜ਼ੇ ਦੀ ਰਾਸ਼ੀ ਨੂੰ ਵਿਆਜ ਸਮੇਤ ਇੱਕਮੁਸ਼ਤ ਵਸੂਲਣ ਦੀ ਲੋੜ ਸੀ, ਹਾਲਾਂਕਿ, ਇਸ ਨੇ ਰਾਸ਼ੀ ਦੀ ਵਸੂਲੀ ਲਈ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਸੀ।

ਮੈਨੇਜਮੈਂਟ ਨੇ ਲੇਖਾ ਪ੍ਰੀਖਿਆ ਟਿੱਪਣੀ ਨੂੰ ਸਵੀਕਾਰ ਕੀਤਾ ਅਤੇ ਕਿਹਾ (ਫਰਵਰੀ 2022) ਕਿ ਜ਼ਿਲ੍ਹਾ ਪ੍ਰਬੰਧਕਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਵਰਤੋਂ ਸਰਟੀਫਿਕੇਟ ਪ੍ਰਾਪਤ ਕਰਨ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ।

### 6.4.9 ਕਰਜ਼ਦਾਰਾਂ/ਲਾਭਪਾਤਰੀਆਂ ਦੇ ਕੇਂਦਰੀਕ੍ਰਿਤ ਡੇਟਾਬੇਸ ਦਾ ਰੱਖ-ਰਖਾਅ ਨਾ ਕਰਨਾ

- ਹਰੇਕ ਲਾਭਪਾਤਰੀ ਨੂੰ ਰੀਅਲ ਟਾਈਮ ਗਰੌਸ ਸੈਟਲਮੈਂਟ (ਆਰ ਟੀ ਜੀ ਐਸ) ਸਿਸਟਮ ਰਾਹੀਂ ਆਧਾਰ ਨਾਲ ਜੁੜੇ ਬੈਂਕ ਖਾਤੇ ਵਿੱਚ ਕਰਜੇ ਦੀ ਰਾਸ਼ੀ ਅਦਾ ਕੀਤੀ ਜਾਂਦੀ ਹੈ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕਾਰਪੋਰੇਸ਼ਨ ਨੇ ਲਾਭਪਾਤਰੀਆਂ ਦੇ ਅਧਾਰ ਨੰਬਰ ਅਤੇ ਬੈਂਕ ਖਾਤਾ ਨੰਬਰ ਨੂੰ ਦਰਸਾਉਣ ਵਾਲਾ ਕੇਂਦਰੀਕ੍ਰਿਤ ਡਾਟਾਬੇਸ ਨਹੀਂ ਰੱਖਿਆ ਹੈ, ਜਿਸ ਦੀ ਅਣਹੋਂਦ ਵਿੱਚ ਕਰਜ਼ੇ ਦੀ ਅਦਾਇਗੀ ਵਿੱਚ ਲਾਭਪਾਤਰੀਆਂ ਦੀ ਡੁਪਲੀਕੇਸ਼ਨ ਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਹੈ।
- ਕਾਰਪੋਰੇਸ਼ਨ ਨੇ ਸ਼ੁਰੂ ਤੋਂ ਅੰਤ ਤੱਕ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਕਰਜ਼ੇ ਦੀ ਅਦਾਇਗੀ ਲਈ ਕੋਈ ਸਾਫਟਵੇਅਰ ਵਿਕਸਤ ਨਹੀਂ ਕੀਤਾ ਹੈ।

### 6.4.10 ਸਕੀਮਾਂ ਦਾ ਅਸਰ ਮੁਲਾਂਕਣ

ਅਦਾਇਗੀ ਤੋਂ ਬਾਅਦ ਲਾਭਪਾਤਰੀ ਦੀ ਨਿਗਰਾਨੀ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਵਿੱਤੀ ਸਹਾਇਤਾ ਦੀ ਵਰਤੋਂ ਚਿੱਤਵੇ ਉਦੇਸ਼ ਲਈ ਕੀਤੀ ਗਈ ਸੀ। ਕਾਰਪੋਰੇਸ਼ਨ ਦੀ ਨਿਗਾਰਨੀ ਪ੍ਰਣਾਲੀ ਦੀ ਸਾਡੀ ਪੜਤਾਲ ਨੇ ਦਰਸਾਇਆ ਕਿ ਸਮਾਜਿਕ ਤੌਰ 'ਤੇ ਸੰਬੰਧਿਤ ਕ੍ਰੈਡਿਟ/ਸਹਾਇਤਾ ਸਕੀਮਾਂ ਨੂੰ ਲਾਗੂ ਕਰਨ ਵਿੱਚ ਕਾਰਪੋਰੇਸ਼ਨ ਦਾ ਰਵੱਈਆ ਉਦਾਸੀਨਤਾ ਦੀ ਸੀਮਾ 'ਤੇ ਸੀ ਅਤੇ ਸਮਾਜ ਦੇ ਸਭ ਤੋਂ ਕਮਜ਼ੋਰ ਵਰਗਾਂ ਦੀ ਦੁਰਦਸ਼ਾ ਪ੍ਰਤੀ ਉਦਾਸੀਨ ਸੀ, ਜਿਸ ਦੀ ਉਨੱਤੀ ਲਈ ਕਾਰਪੋਰੇਸ਼ਨ ਦੀ ਸਥਾਪਨਾ ਕੀਤੀ ਗਈ ਹੈ। ਮੁਲਾਂਕਣ ਲਈ ਮਾਪਦੰਡ ਅਸਧਾਰਨ ਤੌਰ 'ਤੇ ਕਠੋਰ ਜਾਪਦੇ ਸਨ ਅਤੇ ਮਾਮਲਿਆਂ ਵਿੱਚ ਅੰਤ ਵਿੱਚ ਸਹਾਇਤਾ ਤੋਂ ਇਨਕਾਰ ਕਰਨ ਦਾ ਕਾਰਨ ਬਣਦੇ ਸਨ। ਇਸਦੀਆਂ ਸਕੀਮਾਂ ਦੇ ਸਮਾਜਿਕ ਆਰਥਿਕ ਪ੍ਰਭਾਵ ਦਾ ਮੁਲਾਂਕਣ ਕਰਨ ਲਈ, ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ:

- ਕਾਰਪੋਰੇਸ਼ਨ ਲਾਭਪਾਤਰੀਆਂ ਦਾ ਡਾਟਾਬੇਸ ਰੱਖੇ; ਅਤੇ
- ਅਦਾਇਗੀ ਤੋਂ ਬਾਅਦ ਲਾਭਪਾਤਰੀਆਂ ਦੀ ਨਿਗਰਾਨੀ ਲਈ ਪ੍ਰਕਿਰਿਆ ਤਿਆਰ ਕਰਨਾ ਅਤੇ ਸਮੇਂ ਸਿਰ ਅੰਤਰਾਲਾਂ 'ਤੇ ਪ੍ਰਭਾਵ ਦਾ ਮੁਲਾਂਕਣ ਕਰਨਾ।

### 6.4.11 ਵਸੂਲੀ ਦੀ ਸਥਿਤੀ

ਕਾਰਪੋਰੇਸ਼ਨ ਨੇ ਸਕੀਮ ਅਨੁਸਾਰ ਵਸੂਲੀ ਦਿਖਾਉਣ ਲਈ ਕੋਈ ਰਿਕਾਰਡ ਨਹੀਂ ਰੱਖਿਆ ਸੀ ਕਿਉਂਕਿ ਇਸ ਨੇ ਮੂਲ ਅਤੇ ਵਿਆਜ ਦੀ ਵਸੂਲੀ ਲਈ ਇੱਕਠੇ ਟੀਚੇ ਨਿਰਾਧਰਤ ਕੀਤੇ ਸਨ।

ਹੇਠਾਂ ਦਿੱਤੀ **ਸਾਰਣੀ 6.7** ਅਪ੍ਰੈਲ 2018 ਤੋਂ ਮਾਰਚ 2021 ਦੌਰਾਨ ਵਸੂਲੀ ਦੇ ਇੱਕਠੇ ਟੀਚਿਆਂ, ਵਸੂਲੀ ਯੋਗ ਕੁੱਲ ਰਾਸ਼ੀ ਅਤੇ ਪ੍ਰਭਾਵਿਤ ਵਸੂਲੀ ਦੇ ਵੇਰਵੇ ਦਰਸਾਉਂਦੀ ਹੈ।

**ਸਾਰਣੀ 6.7 : ਵਸੂਲੀ ਦੇ ਟੀਚਿਆਂ ਅਤੇ ਕੀਤੀ ਗਈ ਵਸੂਲੀ ਨਾਲ ਸਬੰਧਤ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਵੇਰਵੇ | 2018-19 | 2019-20 | 2020-21 |
|---|---|---|---|---|
| 1. | ਸਾਲ ਦੇ ਸ਼ੁਰੂ 'ਤੇ ਵਸੂਲੀ ਲਈ ਬਕਾਇਆ ਰਾਸ਼ੀ | 99.26 | 76.65 | 79.84 |
| 2. | ਸਾਲ ਦੌਰਾਨ ਬਣਦੀ ਵਸੂਲੀ | 14.28 | 12.84 | 13.74 |
| 3. | ਕੁੱਲ ਵਸੂਲੀਯੋਗ ਰਾਸ਼ੀ (1+2) | 113.54 | 89.49 | 93.58 |
| 4. | ਵਸੂਲੀ ਦਾ ਟੀਚਾ | 10.00 | 10.00 | 10.00 |
| 5. | ਸਾਲ ਦੌਰਾਨ ਪ੍ਰਭਾਵਿਤ ਵਸੂਲੀ | 36.89 | 9.65 | 10.33 |
| 6. | ਬਕਾਇਆ ਰਾਸ਼ੀ (3-5) ਦਾ ਅੰਤਮ ਬਕਾਇਆ | 76.65 | 79.84 | 83.25 |
| 7. | ਵਸੂਲਯੋਗ ਰਾਸ਼ੀ ਨੂੰ ਵਸੂਲੀ ਦੀ ਪ੍ਰਤੀਸ਼ਤਤਾ | 32.49 | 10.78 | 11.04 |

*ਸ੍ਰੋਤ : ਕਾਰਪੋਰੇਸ਼ਨ ਦੁਆਰਾ ਭੇਜੀ ਗਈ ਜਾਣਕਾਰੀ।*

ਰਾਜ ਸਰਕਾਰ ਤੋਂ ਕਰਜਾ ਮੁਆਫੀ ਸਕੀਮ ਅਧੀਨ ₹ 27.74 ਕਰੋੜ ਦੀ ਪ੍ਰਾਪਤੀ ਕਾਰਨ 2018-19 ਦੌਰਾਨ ਵਸੂਲੀ ਟੀਚਿਆਂ ਤੋਂ ਵੱਧ ਸੀ।

ਜਿਵੇਂ ਕਿ ਉਪਰੋਕਤ ਤੋਂ ਸਪੱਸ਼ਟ ਹੈ, 2018-21 ਦੌਰਾਨ, ਬਕਾਇਆ ਰਾਸ਼ੀ ₹ 76.65 ਕਰੋੜ ਤੋਂ ਵੱਧ ਕੇ ₹ 83.25 ਕਰੋੜ ਹੋ ਗਈ ਸੀ, ਜਦੋਂ ਕਿ ਵਸੂਲੀ ਲਈ ਨਿਰਧਾਰਤ ਟੀਚੇ 2018-19, 2019-20 ਅਤੇ 2020-21 ਦੌਰਾਨ ਹੇਠਲੇ ਪਾਸੇ ਭਾਵ ਕੁੱਲ ਵਸੂਲੀਯੋਗ ਰਾਸ਼ੀ ਦਾ ਕ੍ਰਮਵਾਰ 8.8 *ਪ੍ਰਤੀਸ਼ਤ*, 11.17 *ਪ੍ਰਤੀਸ਼ਤ* ਅਤੇ 10.68 *ਪ੍ਰਤੀਸ਼ਤ* ਸਨ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਵਸੂਲੀਆਂ ਦੀ ਮਾੜੀ ਕਾਰਗੁਜ਼ਾਰੀ ਕਰਜੇ ਦੀ ਰਾਸ਼ੀ ਦੀ ਸਹੀ ਵਰਤੋਂ ਨੂੰ ਯਕੀਨੀ ਨਾ ਬਣਾਉਣ ਅਤੇ ਜ਼ਿਲ੍ਹਾ ਦਫਤਰਾਂ ਦੁਆਰਾ ਵਸੂਲੀ ਦੀ ਨਾਕਾਫ਼ੀ ਪੈਰਵ੍ਹੀ ਕਰਕੇ ਸੀ।

ਲਗਾਤਾਰ ਡਿਫਾਲਟ ਹੋਣ ਦੀ ਸੂਰਤ ਵਿੱਚ, ਪੰਜਾਬ ਅਨੁਸੂਚਿਤ ਜਾਤੀਆਂ ਭੂਮੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 24 ਅਤੇ 25, ਕਾਰਪੋਰੇਸ਼ਨ ਨੂੰ ਸਬੰਧਤ ਜ਼ਿਲ੍ਹੇ ਦੇ ਕਲੈਕਟਰ ਨੂੰ ਇੱਕ ਵਸੂਲੀ ਸਰਟੀਫਿਕੇਟ ਜਾਰੀ ਕਰਕੇ ਡਿਫਾਲਟਰਾਂ ਤੋਂ ਭੌਂ ਮਾਲੀਏ ਦੇ ਬਕਾਏ ਵੱਜੋਂ ਸਾਰੀ ਬਕਾਇਆ ਰਾਸ਼ੀ ਦੀ ਵਸੂਲੀ ਕਰਨ ਦਾ ਅਧਿਕਾਰ ਹੈ। ਕੁਲੈਕਟਰਾਂ ਨੂੰ ਵਸੂਲੀਆਂ ਪੂਰਾ ਕਰਨ ਲਈ ₹ 115.14 ਕਰੋੜ ਦੇ 23,321 ਮਾਮਲੇ ਭੇਜੇ ਗਏ ਸਨ ਅਤੇ 15,913 ਮਾਮਲਿਆਂ ਵਿੱਚ ₹ 50.62 ਕਰੋੜ ਦੀ ਵਸੂਲੀ ਮਾਰਚ 2021 ਤੱਕ ਕੀਤੀ ਗਈ ਸੀ।

ਮੈਨੇਜਮੈਂਟ ਨੇ ਕਿਹਾ (ਫਰਵਰੀ 2022) ਕਿ ਕਰਜ਼ਦਾਰਾਂ ਤੋਂ ਬਕਾਇਆ ਕਰਜੇ ਦੀ ਰਾਸ਼ੀ ਦੀ ਵਸੂਲੀ ਲਈ ਯਤਨ ਕੀਤੇ ਜਾ ਰਹੇ ਹਨ। ਮੈਨੇਜਮੈਂਟ ਦਾ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ 2020-21 ਦੌਰਾਨ ਬਕਾਇਆ ਰਾਸ਼ੀ ਦੀ ਵਸੂਲੀ ਦੀ ਪ੍ਰਤੀਸ਼ਤਤਾ 11 *ਪ੍ਰਤੀਸ਼ਤ* ਤੱਕ ਘੱਟ

ਸੀ, ਜੋ ਦਰਸਾਉਂਦੀ ਹੈ ਕਿ ਇਸਦੀ ਵਸੂਲੀ ਸਥਿਤੀ ਨੂੰ ਸੁਧਾਰਨ ਲਈ ਕੀਤੇ ਗਏ ਉਪਾਵਾਂ ਦੇ ਉਚਿਤ ਨਤੀਜੇ ਨਹੀਂ ਮਿਲੇ ਸਨ।

## 6.4.12 ਕਰਜਾ ਮੁਆਫੀ ਸਕੀਮ

ਰਾਜ ਸਰਕਾਰ ਨੇ ਕਾਰਪੋਰੇਸ਼ਨ ਤੋਂ 31 ਮਾਰਚ 2017 ਤੱਕ ₹ 50,000 ਤੱਕ ਦਾ ਕਰਜਾ ਲੈਣ ਵਾਲੇ ਗਰੀਬ ਅਨੁਸੂਚਿਤ ਲਾਭਪਾਤਰੀਆਂ ਦੇ ਕਰਜੇ ਨੂੰ ਮੁਆਫ ਕਰਨ ਲਈ ਕਰਜਾ ਮੁਆਫੀ ਸਕੀਮ ਸ਼ੁਰੂ ਕੀਤੀ (ਮਾਰਚ 2018)। ਇਸ ਸਕੀਮ ਵਿੱਚ, 2017-19 ਦੌਰਾਨ 14,260 ਕਰਜ਼ਦਾਰਾਂ ਦੇ ₹ 45.40 ਕਰੋੜ ਦੇ ਕਰਜੇ ਮੁਆਫ ਕੀਤੇ ਗਏ ਸਨ।

ਕਰਜਾ ਮੁਆਫੀ ਸਕੀਮ ਦੇ ਅਨੁਸਾਰ, ਹਰੇਕ ਕਰਜ਼ਦਾਰ ਨੂੰ ਵੱਧ ਤੋਂ ਵੱਧ ₹ 50,000 ਦੀ ਕਰਜਾ ਰਾਸ਼ੀ ਮੁਆਫ ਕਰਨ ਦਾ ਲਾਭ ਦਿੱਤਾ ਜਾਣਾ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਸਕੀਮ ਦੀ ਸੂਚੀ ਵਿੱਚ ਕਰਜਾ ਲੈਣ ਵਾਲਿਆਂ ਨੂੰ ਇੱਕ ਤੋਂ ਵੱਧ ਵਾਰ ਸ਼ਾਮਲ ਕੀਤਾ ਗਿਆ ਸੀ। ਸੂਚੀ ਵਿੱਚ 61 ਕਰਜ਼ਦਾਰਾਂ ਦੇ ਨਾਂ ਦੁਹਰਾਏ ਗਏ ਸਨ ਜਿਸ ਦੇ ਨਤੀਜੇ ਵੱਜੋਂ ਰਾਜ ਸਰਕਾਰ ਤੋਂ ₹ 16.15 ਲੱਖ ਦਾ ਵਾਧੂ ਕਲੇਮ ਕੀਤਾ ਗਿਆ ਸੀ।

ਮੈਨੇਜਮੈਂਟ ਨੇ ਸਵੀਕਾਰ ਕੀਤਾ ਅਤੇ ਕਿਹਾ (ਫਰਵਰੀ 2022) ਕਿ ਅਣਜਾਣੇ ਵਿੱਚ ਦੂਜਾ ਖਾਤਾ ਬਣਾਇਆ ਗਿਆ ਸੀ ਅਤੇ ਸਰਕਾਰ ਤੋਂ ਰਾਸ਼ੀ ਦਾ ਕਲੇਮ ਕੀਤਾ ਗਿਆ ਸੀ ਪਰ ਕਰਜ਼ਦਾਰਾਂ ਨੂੰ ਦੋ ਵਾਰ ਲਾਭ ਨਹੀਂ ਦਿੱਤਾ ਗਿਆ ਸੀ।

## 6.4.13 ਅੰਦਰੂਨੀ ਨਿਯੰਤਰਣ ਵਿੱਚ ਕਮੀਆਂ

ਕਾਰਪੋਰੇਸ਼ਨ ਵਿੱਚ ਅੰਦਰੂਨੀ ਨਿਯੰਤਰਣ ਇਸ ਹੱਦ ਤੱਕ ਤਰੁਟੀਪੂਰਣ ਸੀ ਕਿ ਇਹ ਪਤਾ ਲਗਾਉਣ ਲਈ ਕੋਈ ਪ੍ਰਣਾਲੀ ਨਹੀਂ ਸੀ ਕਿ ਕੀ ਬੈਂਕਾਂ ਨੇ ਲਾਭਪਾਤਰੀਆਂ ਨੂੰ ਸਬਸਿਡੀ/ਕਰਜਾ ਅਸਲ ਵਿੱਚ ਨਿਰਧਾਰਤ ਸਮੇਂ ਦੇ ਅੰਦਰ ਵੰਡਿਆ ਸੀ ਅਤੇ ਜੇਕਰ ਸਬਸਿਡੀ ਅਣਵੰਡੀ ਰਹਿੰਦੀ ਹੈ, ਤਾਂ ਉਸਨੂੰ ਤੁਰੰਤ ਵਾਪਸ ਕਰ ਦਿੱਤਾ ਗਿਆ ਸੀ। ਇਹ ਪਤਾ ਨਹੀਂ ਲੱਗ ਸਕਿਆ ਕਿ ਕੀ ਕਰਜ਼ਦਾਰਾਂ ਨੇ ਨਿਰਧਾਰਤ ਸਮੇਂ ਦੇ ਅੰਦਰ ਯੂ ਸੀਜ਼ ਭੇਜੇ ਸਨ। ਕਰਜਾ ਅਰਜ਼ੀਆਂ ਅਤੇ ਡਿਫਾਲਟਰ ਕਰਜ਼ਦਾਰਾਂ ਦੇ ਸਮੇਂ ਵਾਰ ਬਕਾਏ ਬਾਰੇ ਕੋਈ ਰਿਕਾਰਡ ਨਹੀਂ ਸੀ।

## 6.5 ਸਿਫਾਰਸ਼ਾਂ

ਕਾਰਪੋਰੇਸ਼ਨ ਇਹ ਕਰ ਸਕਦੀ ਹੈ:

- *ਕਰਜ਼ਿਆਂ ਅਤੇ ਸਬਸਿਡੀ ਦੀ ਅਦਾਇਗੀ ਦੇ ਨਿਰਧਾਰਤ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਇਸਦੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਲਈ ਕਦਮ ਚੁੱਕਣੇ;*

- *ਆਪਣੇ ਪ੍ਰਸ਼ਾਸਨਿਕ ਖਰਚਿਆਂ ਨੂੰ ਯਥਾਰਥਕ ਪੱਧਰ ਤੇ ਲਿਆਉਣ ਲਈ ਕਦਮ ਚੁੱਕਣਾ ਕਿਉਂਕਿ 'ਅਦਾਇਗੀ ਕੀਤੇ ਗਏ ਕਰਜ਼ੇ ਨੂੰ ਪ੍ਰਸ਼ਾਸਨਿਕ ਖਰਚੇ' ਦਾ ਅਨੁਪਾਤ ਇੱਕ ਨਾਲੋਂ ਜ਼ਿਆਦਾ ਸੀ;*
- *ਪੰਜਾਬ ਸੇਵਾ ਅਧਿਕਾਰ ਐਕਟ, 2011 ਦੇ ਅਧੀਨ ਸਮਾਂ ਸੀਮਾ ਦੇ ਉਪਬੰਧਾਂ ਦੀ ਉਲੰਘਣਾ ਕਰਦੇ ਕਰਜੇ ਦੀਆਂ ਅਰਜ਼ੀਆਂ ਨੂੰ ਮਨਜ਼ੂਰੀ ਦੇਣ ਵਿੱਚ ਦੇਰੀ ਲਈ ਇਸ ਦੇ ਅਧਿਕਾਰੀਆਂ ਦੀ ਜਿੰਮੇਵਾਰੀ ਤੈਅ ਕਰਨਾ;*
- *ਸਿਬਿਲ ਨੂੰ ਕਰਜ਼ੇ ਦੀ ਅਦਾਇਗੀ ਲਈ ਮੁੱਖ ਮਾਪਦੰਡ ਨਾ ਬਣਾਉਣ ਦਾ ਮਾਮਲਾ ਬੈਂਕਾਂ ਕੋਲ ਉਠਾਉਣਾ;*
- *ਫੰਡਾਂ ਦੀ ਰੀਸਾਈਕਲਿੰਗ ਨੂੰ ਯਕੀਨੀ ਬਣਾਉਣ ਲਈ ਵਸੂਲੀ ਤੰਤਰ ਨੂੰ ਮਜ਼ਬੂਤ ਕਰਨਾ ਅਤੇ ਨਤੀਜੇ ਵੱਜੋਂ ਲਾਭਪਾਤਰੀਆਂ ਦੀ ਕਵਰੇਜ ਨੂੰ ਵੱਧ ਤੋਂ ਵੱਧ ਕਰਨਾ; ਅਤੇ*
- *ਅਦਾਇਗੀ ਤੋਂ ਬਾਅਦ ਲਾਭਪਾਤਰੀਆਂ ਦੀ ਨਿਗਰਾਨੀ ਲਈ ਪ੍ਰਕਿਰਿਆਵਾਂ ਤਿਆਰ ਕਰਨਾ ਅਤੇ ਸਮੇਂ ਸਿਰ ਅੰਤਰਾਲਾਂ 'ਤੇ ਇਸ ਦੀ ਸਹਾਇਤਾ ਦੇ ਕਾਰਨ ਪ੍ਰਭਾਵ ਦਾ ਮੁਲਾਂਕਣ ਕਰਨਾ।*

ਮਾਮਲਾ ਰਾਜ ਸਰਕਾਰ ਨੂੰ ਭੇਜਿਆ (ਨਵੰਬਰ 2021) ਗਿਆ ਸੀ; ਜਵਾਬਾਂ ਦੀ ਉਡੀਕ (ਨਵੰਬਰ 2022) ਸੀ।

# ਅਧਿਆਇ-VII

## ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ

## (ਵਿਭਾਗ)

# ਅਧਿਆਇ-VII

## ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ
## (ਵਿਭਾਗ)

ਇਸ ਅਧਿਆਇ ਵਿੱਚ ਸਮਾਜਿਕ, ਜਨਰਲ, ਆਰਥਿਕ ਅਤੇ ਰੈਵੀਨਿਊ ਵਿਭਾਗਾਂ ਅਧੀਨ ਪਾਲਣ ਮਾਮਲਿਆਂ ਨੂੰ ਕਵਰ ਕਰਦੇ ਹੋਏ ₹ 152.25 ਕਰੋੜ[1] ਦੇ ਵਿੱਤੀ ਪ੍ਰਭਾਵ ਵਾਲੀਆਂ 19 ਟਿੱਪਣੀਆਂ[2] ਸ਼ਾਮਲ ਹਨ। ਵਿਭਾਗ ਨੇ ₹ 2.41 ਕਰੋੜ[3] ਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਸਵੀਕਾਰ ਕੀਤਾ ਅਤੇ ₹ 0.26 ਕਰੋੜ[4] ਦੀ ਵਸੂਲੀ ਕੀਤੀ। ਅਥਾਰਟੀਆਂ ਵੱਲੋਂ ਮੁਹੱਈਆ ਕਰਵਾਏ ਗਏ ਜਵਾਬਾਂ ਨੂੰ ਸਬੰਧਤ ਟਿੱਪਣੀਆਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਦੀ ਹੇਠ ਲਿਖੀਆਂ ਟਿੱਪਣੀਆਂ 7.1 ਤੋਂ 7.19 ਵਿੱਚ ਚਰਚਾ ਕੀਤੀ ਗਈ ਹੈ:

## ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗ

### ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

### 7.1 ਫਜ਼ੂਲ ਖਰਚਾ

**ਵਿਭਾਗ ਦੁਆਰਾ ਟਰਾਇਲ ਪ੍ਰੋਜੈਕਟਾਂ ਦਾ ਨਤੀਜਾ ਪ੍ਰਾਪਤ ਕਰਨ ਅਤੇ ਉਚਿਤ ਵਿਵਹਾਰਕਤਾ ਅਧਿਐਨ ਕੀਤੇ ਬਗੈਰ ਕਪਾਹ ਦੇ ਮਸ਼ੀਨੀਕਰਣ ਦੇ ਪ੍ਰੋਜੈਕਟ ਨੂੰ ਲਾਗੂ ਕਰਨ ਦੇ ਨਤੀਜੇ ਵਜੋਂ ਮਸ਼ੀਨਰੀ ਖਰੀਦਣ ਤੇ ₹ 2.05 ਕਰੋੜ ਦਾ ਮਾੜਾ ਨਿਵੇਸ਼ ਅਤੇ ਫਜ਼ੂਲ ਖਰਚਾ ਹੋਇਆ।**

ਰਾਜ ਵਿੱਚ ਕਪਾਹ ਦੀ ਬਿਜਾਈ ਦੇ ਖੇਤਰ[5] ਵਿੱਚ ਕਮੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਰਾਜ ਖੇਤੀਬਾੜੀ ਵਿਭਾਗ (ਵਿਭਾਗ) ਦੇ ਸਿਖਰਲੇ ਪੱਧਰ ਅਤੇ ਹੋਰ ਅਧਿਕਾਰੀਆਂ ਨੇ 24 ਅਕਤੂਬਰ 2013 ਨੂੰ ਇਸ ਟਰਾਇਲ ਪ੍ਰੋਜੈਕਟ ਸਾਈਟ[6] ਦਾ ਦੌਰਾ ਕੀਤਾ। ਵਿਭਾਗ ਵੱਲੋਂ ਇਸ ਟਰਾਇਲ ਪ੍ਰੋਜੈਕਟ ਦੀ ਆਉਟਪੁੱਟ ਸਿਰਫ ਮਿੰਟਸ ਆਫ ਮੀਟਿੰਗ (ਨਵੰਬਰ 2013) ਵਿੱਚ ਦੱਸੀ ਗਈ ਸੀ ਕਿ ਕਪਾਹ ਦੀ ਉਪਜ 50 *ਪ੍ਰਤੀਸ਼ਤ* ਤੱਕ ਵੱਧ ਗਈ ਸੀ ਅਤੇ ਕਪਾਹ ਚੁਗਾਈ ਦੀ ਲੇਬਰ

---

[1] ਆਬਕਾਰੀ ਅਤੇ ਕਰ ਵਿਭਾਗ (₹ 2.37 ਕਰੋੜ), ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ (₹ 2.48 ਕਰੋੜ), ਟਰਾਂਸਪੋਰਟ ਵਿਭਾਗ (₹ 1.74 ਕਰੋੜ), ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ (₹ 2.05 ਕਰੋੜ), ਸਹਿਕਾਰਤਾ ਵਿਭਾਗ (₹ 0.71 ਕਰੋੜ), ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜਕਾਂ) (₹ 73.89 ਕਰੋੜ), ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (₹ 2.99 ਕਰੋੜ), ਜਲ ਸਰੋਤ ਅਤੇ ਵਿੱਤ ਵਿਭਾਗ (₹ 66.02 ਕਰੋੜ)।

[2] ਆਬਕਾਰੀ ਅਤੇ ਕਰ ਵਿਭਾਗ (7), ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ (2), ਟਰਾਂਸਪੋਰਟ ਵਿਭਾਗ (2), ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ (1), ਸਹਿਕਾਰਤਾ ਵਿਭਾਗ (1) ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜਕਾਂ) (1), ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (3), ਜਲ ਸਰੋਤ ਅਤੇ ਵਿੱਤ ਵਿਭਾਗ (2)।

[3] ਆਬਕਾਰੀ ਅਤੇ ਕਰ ਵਿਭਾਗ (12 ਮਾਮਿਲਆਂ ਵਿੱਚ ₹ 0.75 ਕਰੋੜ), ਮਾਲ , ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ (1 ਮਾਮਲੇ ਵਿੱਚ ₹ 0.02 ਕਰੋੜ), ਟਰਾਂਸਪੋਰਟ ਵਿਭਾਗ (33 ਮਾਮਿਲਆਂ ਵਿੱਚ ₹ 1.64 ਕਰੋੜ)।

[4] ਆਬਕਾਰੀ ਅਤੇ ਕਰ ਵਿਭਾਗ (1 ਮਾਮਲੇ ਵਿੱਚ ₹ 0.26 ਕਰੋੜ) ।

[5] 2007 ਵਿੱਚ 6.04 ਲੱਖ ਹੈਕਟੇਅਰ ਤੋਂ ਘੱਟ ਕੇ 2012 ਵਿੱਚ 4.81 ਲੱਖ ਹੈਕਟੇਅਰ ਹੋ ਗਿਆ।

[6] ਜ਼ਿਲ੍ਹਾ ਫਾਜਿਲਕਾ ਵਿੱਚ ਇਕ ਸਾਈਟ ਜਿਥੇ ਪ੍ਰਾਈਵੇਟ ਕੰਪਨੀਆਂ ਨੇ 50 ਏਕੜ ਜ਼ਮੀਨ ਵਿੱਚ ਟਰਾਇਲ ਅਧਾਰ ਤੇ ਪ੍ਰੋਜੈਕਟ ਲਾਗੂ ਕੀਤਾ (ਅਕਤੂਬਰ 2013) ਜਿਸ ਵਿੱਚ ਕਪਾਹ ਦੇ ਪੌਦੇ ਦੀ 4.5 ਫੁੱਟ ਤੱਕ ਉਚਾਈ ਨੂੰ ਸੀਮਤ ਕਰਨ ਲਈ ਪੌਦਾ ਵਿਕਾਸ ਰੁਕਾਵਟਾਂ ਦੀ ਵਰਤੋਂ ਕਰਦੇ ਹੋਏ ਉੱਚ ਘੱਣਤਾ ਕਪਾਹ ਦੀ ਖੇਤੀ ਸ਼ੁਰੂ ਕੀਤੀ ਗਈ ਸੀ।

ਸਮੱਸਿਆ ਹੱਲ ਹੋ ਗਈ ਸੀ। ਇਸ ਤਰ੍ਹਾਂ, ਪ੍ਰਾਈਵੇਟ ਕੰਪਨੀਆਂ ਜਿਨ੍ਹਾਂ ਨੇ ਟਰਾਇਲ ਪ੍ਰੋਜੈਕਟ ਨੂੰ ਅਮਲ ਵਿੱਚ ਲਿਆਦਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਦੀ ਸਹਾਇਤਾ ਨਾਲ ਕਪਾਹ ਦੀ ਖੇਤੀ ਦੇ ਮਸ਼ੀਨੀਕਰਣ ਨੂੰ ਵਿਕਸਤ ਕਰਨ ਦਾ ਫੈਸਲਾ ਕੀਤਾ ਗਿਆ ਸੀ। ਪ੍ਰੰਤੂ, ਇਹ ਦੇਖਿਆ ਗਿਆ ਸੀ ਕਿ ਟਰਾਇਲ ਪ੍ਰੋਜੈਕਟ ਦੀ ਕੋਈ ਖੋਜ/ਨਤੀਜਾ ਮੁਖੀ ਰਿਪੋਰਟ ਨਹੀ ਸੀ ਜਿਸ ਦੀ ਵਿਭਾਗ ਵੱਲੋਂ ਚਰਚਾ ਕੀਤੀ ਗਈ ਸੀ ਜਿਸਦੇ ਅਧਾਰ ਤੇ ਪ੍ਰੋਜੈਕਟ ਨੂੰ ਚਲਾਉਣ ਦਾ ਫੈਸਲਾ ਲਿਆ ਗਿਆ ਸੀ।

ਵਿਭਾਗ ਨੇ ਰਾਜ ਵਿੱਚ ਵੱਡੇ ਪੱਧਰ ਤੇ ਮਸ਼ੀਨੀ ਕਪਾਹ ਦੀ ਖੇਤੀ ਦੇ ਤਜ਼ਰਬੇ ਨੂੰ ਤਿੰਨ ਜ਼ਿਲ੍ਹਿਆਂ[7] ਵਿੱਚ 10 ਕੁਇੰਟਲ ਪ੍ਰਤੀ ਏਕੜ ਦੇ ਟੀਚੇ ਦੇ ਝਾੜ ਨਾਲ 1,500 ਏਕੜ ਜ਼ਮੀਨ ਵਿੱਚ ਅਡੈਪਟਿਵ ਟਰਾਇਲ ਨਾਲ ਲਾਗੂ ਕਰਨ ਦਾ ਅੱਗੇ ਫੈਸਲਾ ਕੀਤਾ (ਮਾਰਚ 2014)। ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਪੀ ਏ ਯੂ ਏਕੀਕ੍ਰਿਤ ਕਪਾਹ ਮਸ਼ੀਨੀਕਰਨ 'ਤੇ ਆਪਣੇ ਰੀਜ਼ਨਲ ਰਿਸਰਚ ਸਟੇਸ਼ਨ (ਆਰ ਆਰ ਐਸ) ਫਰੀਦਕੋਟ ਵਿਖੇ 20 ਏਕੜ ਜ਼ਮੀਨ ਵਿੱਚ ਖੋਜ ਟਰਾਇਲ ਕਰੇਗੀ। ਇਸ ਅਨੁਸਾਰ, 5,000 ਏਕੜ ਜ਼ਮੀਨ ਤੇ ਚਾਰ ਜ਼ਿਲ੍ਹਿਆਂ[8] ਵਿੱਚ ਪ੍ਰੋਜੈਕਟ ਨੂੰ ਲਾਗੂ ਕਰਨ ਲਈ ਵਿਭਾਗ ਅਤੇ ਹੋਰ ਪਾਰਟੀਆਂ ਦੇ ਵਿਚਕਾਰ ਅਪ੍ਰੈਲ 2014 ਤੋਂ ਫਰਵਰੀ 2016 ਦੇ ਸਮੇਂ ਲਈ ਇੱਕ ਮੈਮੋਰੈਂਡਮ ਆਫ਼ ਅੰਡਰਸਟੈਂਡਿੰਗ (ਐਮ ਓ ਯੂ) ਦਸਤਖਤ ਕੀਤਾ ਗਿਆ ਸੀ। ਐਮ ਓ ਯੂ ਅਨੁਸਾਰ ਖੇਤੀਬਾੜੀ ਵਿਭਾਗ ਨੂੰ ਆਪਣੇ ਸਰੋਤਾਂ ਤੋਂ ਮਸ਼ੀਨਰੀ (ਤਿੰਨ ਮਕੈਨੀਕਲ ਕਪਾਹ ਪਿੱਕਰ ਅਤੇ ਇੱਕ ਕਪਾਹ ਪ੍ਰੀ-ਕਲੀਨਰ ਅਤੇ ਡਰਾਇਰ) ਦਾ ਪ੍ਰਬੰਧ ਕਰਨ ਦੀ ਲੋੜ ਸੀ, ਜਿਸ ਲਈ ਭਾਰਤ ਸਰਕਾਰ ਨੇ ਇਸ ਮਸ਼ੀਨਰੀ ਦੀ ਖਰੀਦ ਲਈ ₹ 2.11 ਕਰੋੜ[9] ਦੀ ਸਹਾਇਤਾ ਪ੍ਰਦਾਨ ਕਰਨ ਲਈ ਫਸਲੀ ਵਿਭਿੰਨਤਾ ਪ੍ਰੋਗਰਾਮ ਦੇ ਅਧੀਨ ਕਾਰਵਾਈ ਯੋਜਨਾ ਨੂੰ ਮਨਜ਼ੂਰੀ ਦਿੱਤੀ ਸੀ (ਫਰਵਰੀ 2015)।

ਵਿਭਾਗ ਅਤੇ ਹੋਰ ਦਫ਼ਤਰਾਂ[10] ਦੇ ਰਿਕਾਰਡ (ਦਸੰਬਰ 2020 ਅਤੇ ਸਤੰਬਰ 2021) ਦੀ ਪੜਤਾਲ ਨੇ ਦਰਸਾਇਆ ਕਿ ਵਿਭਾਗ ਨੇ ₹ 0.92 ਕਰੋੜ ਦੀ ਲਾਗਤ ਨਾਲ ਤਿੰਨ ਕਪਾਹ ਪਿੱਕਰ ਅਤੇ ₹ 1.13 ਕਰੋੜ ਦੇ ਇੱਕ ਕਪਾਹ ਕਲੀਨਰ ਅਤੇ ਡਰਾਇਰ ਖਰੀਦੇ ਸਨ (ਸਤੰਬਰ ਅਤੇ ਨਵੰਬਰ 2014)। ਖੋਜ ਦੇ ਉਦੇਸ਼ਾਂ ਲਈ ਕਪਾਹ ਪਿੱਕਰ ਆਰ ਆਰ ਐਸ ਫਰੀਦਕੋਟ ਵਿਖੇ ਤਬਦੀਲ ਕੀਤੇ ਗਏ ਸਨ (ਸਤੰਬਰ 2014) ਅਤੇ ਮਾਰਕੀਟ ਕਮੇਟੀ, ਮਲੋਟ ਵਿਖੇ ਕਪਾਹ ਕਲੀਨਰ ਅਤੇ ਡਰਾਇਰ ਲਗਾਇਆ ਗਿਆ ਸੀ (ਦਸੰਬਰ 2014)।

ਇਸ ਤੋਂ ਇਲਾਵਾ, ਇਹ ਦੇਖਿਆ ਗਿਆ ਸੀ ਕਿ 2014-17 ਦੌਰਾਨ ਮਕੈਨੀਕਲ ਖੇਤੀ[11] ਦੇ ਮੁਕਾਬਲੇ ਮਕੈਨੀਕਲ ਚੁਗਾਈ ਦੇ ਅਧੀਨ ਕਵਰ ਕੀਤਾ ਗਿਆ ਖੇਤਰ ਬਹੁਤ ਘੱਟ ਸੀ।

---

7 (i) ਬਠਿੰਡਾ; (ii) ਸ੍ਰੀ ਮੁਕਤਸਰ ਸਾਹਿਬ; ਅਤੇ; (iii) ਫਾਜ਼ਿਲਕਾ ।

8 (i) ਬਠਿੰਡਾ; (ii) ਸ੍ਰੀ ਮੁਕਤਸਰ ਸਾਹਿਬ; (iii) ਫਾਜ਼ਿਲਕਾ; ਅਤੇ (iv) ਫਰੀਦਕੋਟ।

9 ਤਿੰਨ ਮਕੈਨੀਕਲ ਪਿੱਕਰ - ₹ 0.96 ਕਰੋੜ ਅਤੇ ਇੱਕ ਕਪਾਹ ਕਲੀਨਰ ਅਤੇ ਡਰਾਇਰ- ₹ 1.15 ਕਰੋੜ।

10 (i) ਪੰਜਾਬ ਮੰਡੀ ਬੋਰਡ (ਪੀ ਐਮ ਬੀ); (ii) ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ (ਪੀ ਏ ਆਈ ਸੀ); ਅਤੇ (iii) ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ)।

11 2014-15-ਪਲਾਂਟਰ ਦੁਆਰਾ ਬੀਜਿਆ ਗਿਆ ਖੇਤਰ- 1452 ਏਕੜ, ਕਪਾਹ ਪਿੱਕਰ ਦੁਆਰਾ ਚੁਗਿਆ ਗਿਆ ਖੇਤਰ- 14.50 ਏਕੜ।

2015-16- ਪਲਾਂਟਰ ਦੁਆਰਾ ਬੀਜਿਆ ਗਿਆ ਖੇਤਰ- 2218 ਏਕੜ, ਪਿੱਕਰ ਦੁਆਰਾ ਚੁਗਿਆ ਗਿਆ ਖੇਤਰ- 103.50 ਏਕੜ।

2016-17- ਪਲਾਂਟਰ ਦੁਆਰਾ ਬੀਜਿਆ ਗਿਆ ਖੇਤਰ- 1452 ਏਕੜ, ਪਿੱਕਰ ਦੁਆਰਾ ਚੁਗਿਆ ਗਿਆ ਖੇਤਰ- 41 ਏਕੜ।

ਪੀ ਏ ਯੂ ਨੇ ਸਿੱਟਾ ਕੱਢਿਆ (2014-15) ਕਿ ਮਕੈਨੀਕਲ ਅਤੇ ਹੱਥੀਂ ਚੁਗਾਈ ਦੀ ਲਾਗਤ ਲਗਭਗ ਇੱਕੋ ਜਿਹੀ (₹ 5 ਪ੍ਰਤੀ ਕਿਲੋਗ੍ਰਾਮ) ਸੀ। ਇਹ ਦੇਖਿਆ ਗਿਆ ਸੀ ਕਿ ਕਿਸਾਨ ਹਾਈ ਡੈਨਸਿਟੀ ਪਲਾਂਟਿੰਗ ਸਿਸਟਮ (ਐਚ ਡੀ ਪੀ ਐਸ) ਦੀ ਵਰਤੋਂ ਨਾਲ ਕਪਾਹ ਦੀ ਫ਼ਸਲ ਬੀਜਣ ਲਈ ਇਛੁੱਕ ਸਨ ਪਰ ਬਹੁਤ ਜ਼ਿਆਦਾ ਲੈਫਟਓਵਰ ਨੁਕਸਾਨ ਅਤੇ ਫਸਲੀ ਸਮੱਗਰੀ ਕਾਰਨ ਮਸ਼ੀਨੀ ਚੁਗਾਈ ਤੋਂ ਝਿਜਕਦੇ ਸਨ ਕਿਉਂਕਿ ਪੌਦਿਆਂ ਦੀ ਉਚਾਈ ਰੋਕਣ ਲਈ ਪੌਦੇ ਦੇ ਵਿਕਾਸ ਰੋਕੂ ਬਹੁਤ ਪ੍ਰਭਾਵਸ਼ਾਲੀ ਨਹੀਂ ਸਨ। ਆਰ ਆਰ ਐਸ ਦੁਆਰਾ ਕੋਈ ਹੋਰ ਖੋਜ ਗਤੀਵਿਧੀਆਂ ਨਹੀ ਕੀਤੀਆਂ ਗਈਆਂ ਸਨ ਅਤੇ ਸਤੰਬਰ 2014 ਤੋਂ ਤਿੰਨ ਪਿੱਕਰ ਬੇਕਾਰ ਰਹੇ।

2014-17[12] ਦੌਰਾਨ ਮਸ਼ੀਨੀ ਚੁਗਾਈ ਦੀ ਬਹੁਤ ਘੱਟ ਕਵਰੇਜ ਅਤੇ ਸਫ਼ਾਈ ਲਈ ਲੋੜੀਂਦੀਆਂ ਕਪਾਹ ਦੀਆਂ ਕਿਸਮਾਂ ਦੇ ਨਾ ਪਹੁੰਚਣ ਕਾਰਨ ਕਪਾਹ ਕਲੀਨਰ /ਡਰਾਇਰ ਨੂੰ ਵੀ ਘੱਟ ਵਰਤਿਆ ਗਿਆ ਸੀ। ਇਸ ਤੋਂ ਬਾਅਦ ਮੁਰੰਮਤ ਦੀ ਘਾਟ ਕਾਰਨ ਕਲੀਨਰ ਵੀ ਕੰਮ ਕਰਨ ਦੀ ਸਥਿਤੀ ਵਿੱਚ ਨਹੀ ਸੀ।



ਮਲੋਟ ਮਾਰਕੀਟ ਕਮੇਟੀ ਵਿੱਚ ਬੇਕਾਰ ਪਿਆ ਕਪਾਹ ਕਲੀਨਰ/ ਡਰਾਇਰ (9 ਸਤੰਬਰ 2021)



ਆਰ ਆਰ ਐਸ, ਫਰੀਦਕੋਟ ਵਿੱਚ ਬੇਕਾਰ ਪਿਆ ਕਪਾਹ ਪਿੱਕਰ (29 ਸਤੰਬਰ 2021)

ਕਪਾਹ ਦੇ ਮਸ਼ੀਨੀਕਰਨ (ਅਪ੍ਰੈਲ 2017) ਦੀ ਪ੍ਰਗਤੀ ਦੀ ਸਮੀਖਿਆ ਕਰਦੇ ਹੋਏ, ਵਿਭਾਗ ਨੇ ਮੰਨਿਆ ਕਿ ਕਪਾਹ ਦੀ ਕੋਈ ਕਿਸਮ/ ਹਾਈਬ੍ਰਿਡ ਕਿਸਮ ਮਸ਼ੀਨੀ ਚੁਗਾਈਯੋਗ ਨਹੀਂ ਸੀ। ਵਿਭਾਗ ਨੇ ਸਾਉਣੀ ਸੀਜ਼ਨ 2017 ਲਈ ਪੌਦਿਆਂ ਦੀ ਆਬਾਦੀ ਨੂੰ ਬਿਹਤਰ ਬਣਾਉਣ ਲਈ ਸਿਰਫ ਐਚ ਡੀ ਪੀ ਐਸ 'ਤੇ ਧਿਆਨ ਕੇਂਦਰਿਤ ਕਰਨ ਦਾ ਫੈਸਲਾ ਕੀਤਾ ਹੈ (ਅਪ੍ਰੈਲ 2017)। ਕਪਾਹ ਦੇ ਮਸ਼ੀਨੀਕਰਨ ਪ੍ਰੋਜੈਕਟ ਨੂੰ ਲਾਗੂ ਕਰਨ ਤੋਂ ਤਿੰਨ ਸਾਲਾਂ ਬਾਅਦ ਸਿਰਫ ਐਚ ਡੀ ਪੀ ਐਸ ਨਾਲ ਹੀ ਜਾਰੀ ਰੱਖਣ ਦੇ ਵਿਭਾਗ ਦੇ ਫੈਸਲੇ ਨੇ ਇਹ ਦਰਸਾਇਆ ਕਿ ਪ੍ਰੋਜੈਕਟ ਨੂੰ ਟਰਾਇਲ ਪ੍ਰੋਜੈਕਟ ਦੇ ਖੋਜ ਨਤੀਜਿਆਂ, ਉਚਿੱਤ ਵਿਵਹਾਰਕਤਾ ਅਧਿਐਨ ਅਤੇ ਇਸਦੀ ਆਰਥਿਕ ਵਾਇਬਿਲਟੀ ਨੂੰ ਯਕੀਨੀ ਬਣਾਏ ਬਿਨਾਂ ਜਲਦੀ ਵਿੱਚ ਲਾਗੂ ਕੀਤਾ ਗਿਆ ਸੀ।

ਵਿਭਾਗ ਨੇ ਮਸ਼ੀਨਾਂ ਦੁਆਰਾ ਘੱਟ ਚੁਗਾਈ ਦਾ ਕਾਰਨ ਪੌਦਿਆਂ ਦੀ ਉਚਾਈ ਨੂੰ ਦੱਸਿਆ (ਅਕਤੂਬਰ 2021) ਜੋ ਸੀਮਤ ਕਾਰਕ ਰਿਹਾ ਅਤੇ ਜਿਸ ਕਾਰਨ ਕਪਾਹ ਦੀ ਚੁਗਾਈ ਹੱਥੀ ਕੀਤੀ ਗਈ ਸੀ ਅਤੇ ਇਹ ਵੀ ਕਿਹਾ (ਦਸੰਬਰ 2021) ਕਿ ਕਪਾਹ ਕਲੀਨਰ/ਡਰਾਇਰ ਦੀ ਵਰਤੋਂ ਕਪਾਹ ਦੀ ਲੋੜੀਦੀ ਕਿਸਮ ਦੀ ਪ੍ਰਾਪਤੀ ਨਾ ਹੋਣ ਕਾਰਨ ਨਹੀ ਕੀਤੀ ਗਈ ਸੀ। ਵਿਭਾਗ ਦੇ ਜਵਾਬ ਨੇ ਪੁਸ਼ਟੀ ਕੀਤੀ ਕਿ ਪ੍ਰੋਜੈਕਟ ਨੂੰ ਉਚਿਤ ਮਿਹਨਤ ਅਤੇ ਇਥੋਂ ਤੱਕ ਕਿ ਟਰਾਇਲ ਪ੍ਰੋਜੈਕਟ ਦੇ ਖੋਜ

[12] 2014-15-08 ਕੁਇੰਟਲ; 2015-16-26 ਕੁਇੰਟਲ ਅਤੇ 2016-17-08 ਕੁਇੰਟਲ।

ਨਤੀਜਿਆਂ ਨੂੰ ਪ੍ਰਾਪਤ ਕੀਤੇ ਬਿਨਾਂ ਲਾਗੂ ਕੀਤਾ ਗਿਆ ਸੀ। ਇਸ ਤੋਂ ਇਲਾਵਾ ਵਿਭਾਗ ਨੇ ਸਾਉਣੀ ਸੀਜ਼ਨ 2017 ਤੋਂ ਮਕੈਨੀਕਲ ਚੁਗਾਈ ਅਤੇ ਪ੍ਰੀ-ਕਲੀਨਿੰਗ ਨਾਲ ਨਾ ਜਾਣ ਦਾ ਫੈਸਲਾ (ਅਪ੍ਰੈਲ 2017) ਵੀ ਇਸੇ ਨੂੰ ਜਾਇਜ ਠਹਿਰਉਂਦਾ ਹੈ। ਇਸ ਤਰ੍ਹਾਂ, ਵਿਭਾਗ ਨੇ ਉਚਿਤ ਵਿਵਹਾਰਕਤਾ ਅਧਿਐਨ ਤੋਂ ਬਿਨਾਂ ਕਪਾਹ ਮਸ਼ੀਨੀਕਰਣ ਦਾ ਪ੍ਰੋਜੈਕਟ ਲਾਗੂ ਕੀਤਾ ਜਿਸ ਦੇ ਨਤੀਜੇ ਵਜੋਂ ਮਾੜਾ ਨਿਵੇਸ਼ ਹੋਇਆ ਕਿਉਂਕਿ ਮਸ਼ੀਨਰੀ ਦੀ ਖਰੀਦ ਤੇ ₹ 2.05 ਕਰੋੜ ਦਾ ਖਰਚਾ ਬੇਕਾਰ ਰਿਹਾ। ਇਸ ਤੋਂ ਇਲਾਵਾ, ਪੂਰੇ ਪ੍ਰੋਜੈਕਟ ਦਾ ਕਪਾਹ ਅਧੀਨ ਖੇਤੀ ਦੇ ਰਕਬੇ ਵਿੱਚ ਵਾਧਾ ਕਰਨ ਦਾ ਉਦੇਸ਼ ਅਜੇ ਪੂਰਾ ਨਹੀਂ ਹੋਇਆ ਹੈ ਕਿਉਂਕਿ ਰਾਜ ਵਿੱਚ ਕਪਾਹ ਦੀ ਖੇਤੀ ਅਧੀਨ ਰਕਬਾ 2014-15 ਵਿੱਚ 4.21 ਲੱਖ ਹੈਕਟੇਅਰ ਤੋਂ ਘੱਟ ਕੇ 2020-21 ਵਿੱਚ 2.52 ਲੱਖ ਹੈਕਟੇਅਰ ਰਹਿ ਗਿਆ ਹੈ।

**ਸਿਫ਼ਾਰਸ਼: ਵਿਭਾਗ ਨੂੰ ਕਿਸੇ ਵੀ ਪ੍ਰੋਜੈਕਟ 'ਤੇ ਖਰਚ ਕਰਨ ਤੋਂ ਪਹਿਲਾਂ ਖੋਜ ਪ੍ਰੋਜੈਕਟਾਂ ਦੇ ਅਸਲ ਨਤੀਜਿਆਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਜਿਸ ਵਿੱਚ ਨਵੀਆਂ ਤਕਨੀਕਾਂ ਸ਼ਾਮਲ ਹਨ।**

ਮਾਮਲਾ ਸਤੰਬਰ 2021 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਜਵਾਬ ਦੀ ਉਡੀਕ ਸੀ (ਨਵੰਬਰ 2022)।

## ਸਹਿਕਾਰਿਤਾ ਵਿਭਾਗ

## 7.2 ਤਨਖਾਹ ਅਤੇ ਜਨਰਲ ਪ੍ਰਾਵੀਡੈਂਟ ਫੰਡ ਦੀ ਸ਼ੱਕੀ ਦੁਰਵਰਤੋਂ

**ਪੰਜਾਬ ਵਿੱਤੀ ਨਿਯਮਾਵਲੀ ਅਤੇ ਪੰਜਾਬ ਖਜ਼ਾਨਾ ਨਿਯਮਾਵਲੀ ਦੀ ਲੋੜ ਅਨੁਸਾਰ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀ ਅਤੇ ਖਜ਼ਾਨਾ ਅਫਸਰ ਦੁਆਰਾ ਖਜ਼ਾਨੇ ਨੂੰ ਪੇਸ਼ ਕੀਤੇ ਬਿਲਾਂ ਦੀਆਂ ਨਿਰਧਾਰਤ ਜਾਂਚਾਂ ਨਾ ਕਰਨ ਅਤੇ ਇਸ ਦੇ ਨਾਲ ਨਾਲ ਬਿਲ ਕਲਰਕ ਨਾਲ ਲਾਗਿਨ ਦੇ ਵੇਰਵੇ ਸਾਂਝੇ ਕਰਨ ਦੇ ਨਤੀਜੇ ਵਜੋਂ ₹ 71.35 ਲੱਖ ਦੀ ਰਾਸ਼ੀ ਦੇ ਤਨਖਾਹ, ਭੱਤੇ ਅਤੇ ਜਨਰਲ ਪ੍ਰਾਵੀਡੈਂਟ ਫੰਡ ਦੀ ਸ਼ੱਕੀ ਧੋਖਾਧੜੀ ਨਾਲ ਨਿਕਾਸੀ ਹੋਈ।**

ਪੰਜਾਬ ਵਿੱਤੀ ਨਿਯਮਾਵਲੀ (ਪੀ ਐਫ ਆਰ), ਭਾਗ-1 ਦੇ ਨਿਯਮ 2.2(ii) ਅਤੇ 2.31(ਏ) ਵਿਵਸਥਾ ਕਰਦੇ ਹਨ ਕਿ ਤਨਖਾਹ, ਭੱਤੇ, ਕੰਟੀਜੈਂਟ ਅਤੇ ਹੋਰ ਖਰਚਿਆਂ ਲਈ ਬਿੱਲ ਦਾ ਡਰਾਇਰ ਕਿਸੇ ਵੀ ਓਵਰਚਾਰਜ, ਧੋਖਾਧੜੀ ਅਤੇ ਦੁਰਵਰਤੋਂ ਲਈ ਜ਼ਿੰਮੇਵਾਰ ਹੋਵੇਗਾ। ਇਸ ਲਈ, ਉਸਨੂੰ ਆਪਣੇ ਆਪ ਨੂੰ ਵੱਖ-ਵੱਖ ਵਿੱਤੀ ਜਾਂਚਾਂ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ ਜੋ ਕਿਸੇ ਵੀ ਤਰੁੱਟੀ ਦੀ ਕੋਸ਼ਿਸ਼ ਦਾ ਤੁਰੰਤ ਪਤਾ ਲਗਾਉਣ ਲਈ ਲੋੜੀਦੀਆਂ ਹਨ ਅਤੇ ਸਾਰੇ ਲੈਣ-ਦੇਣ ਕੈਸ਼ ਬੁੱਕ ਵਿੱਚ ਦਰਜ ਕੀਤੇ ਜਾਣ ਚਾਹੀਦੇ ਹਨ। ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਭਾਗ-II ਦਾ ਨਿਯਮ 13.29 ਇਹ ਵਿਵਸਥਾ ਕਰਦਾ ਹੈ ਕਿ ਸੇਵਾਮੁਕਤ ਹੋਣ ਵਾਲੇ ਕਰਮਚਾਰੀ ਨੂੰ ਸੇਵਾਮੁਕਤੀ ਦੀ ਮਿਤੀ ਤੋਂ ਪਹਿਲਾਂ 12 ਮਹੀਨਿਆਂ ਦੌਰਾਨ ਬਿਨਾਂ ਕਿਸੇ ਕਾਰਨ ਦੇ ਉਸਦੇ ਜਨਰਲ ਪ੍ਰਾਵੀਡੈਂਟ ਫੰਡ[13] (ਜੀ ਪੀ ਐਫ) ਖਾਤੇ ਵਿੱਚ ਕ੍ਰੈਡਿਟ ਰਾਸ਼ੀ ਦਾ 90 *ਪ੍ਰਤੀਸ਼ਤ* ਦਿੱਤਾ ਜਾ ਸਕਦਾ ਹੈ।

---

13 ਜੀ ਪੀ ਐਫ ਸਰਕਾਰੀ ਕਰਮਚਾਰੀ ਦਾ ਪ੍ਰਾਵੀਡੈਂਟ ਫੰਡ ਖਾਤਾ ਹੈ ਜੋ ਇਕ ਨਿਸ਼ਚਤ ਸਮੇਂ ਲਈ ਆਪਣੀ ਤਨਖਾਹ ਦੇ ਇੱਕ ਹਿੱਸੇ ਦਾ ਨਿਵੇਸ਼ ਕਰਦਾ ਹੈ ਅਤੇ ਪ੍ਰੋੜਤਾ ਤੇ ਰਾਸ਼ੀ ਦਾ ਲਾਭ ਲੈਂਦਾ ਹੈ।

ਇਸ ਤੋਂ ਇਲਾਵਾ, ਪੰਜਾਬ ਸਰਕਾਰ ਦੇ ਵਿੱਤ ਵਿਭਾਗ (ਐਫ ਡੀ), ਨੇ ਇੰਟੀਗ੍ਰੇਟਿਡ ਹਿਊਮਨ ਰਿਸੋਰਸਿਜ਼ ਮੈਨੇਜਮੈਂਟ ਸਿਸਟਮ (ਆਈ-ਐਚ ਆਰ ਐਮ ਐਸ) ਅਤੇ ਇੰਟੀਗ੍ਰੇਟਿਡ ਫਾਈਨੈਂਸ਼ੀਅਲ ਮੈਨੇਜਮੈਂਟ ਸਿਸਟਮ (ਆਈ ਐਫ ਐਮ ਐਸ) ਰਾਹੀਂ ਕਰਮਚਾਰੀਆਂ ਦੇ ਬੈਂਕ ਖਾਤਿਆਂ ਦੇ ਵੇਰਵਿਆਂ ਨੂੰ ਅਪਡੇਟ ਕਰਨ ਦੇ ਸਵੈਚਾਲਨ ਸੰਬੰਧੀ ਨਿਰਦੇਸ਼ ਜਾਰੀ ਕੀਤੇ ਸਨ (ਜੁਲਾਈ 2020)।

ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ (ਏ ਆਰ ਸੀ ਐਸ),ਜਲਾਲਾਬਾਦ (ਪੱਛਮੀ), ਫਾਜ਼ਿਲਕਾ ਦੇ ਦਫ਼ਤਰ ਦੇ ਰਿਕਾਰਡ ਦੀ ਨਮੂਨਾ ਜਾਂਚ (ਅਗਸਤ 2021) ਨੇ ਦਰਸਾਇਆ ਕਿ ਸਬੰਧਤ ਅਥਾਰਟੀ[14] ਦੁਆਰਾ ਜਾਰੀ ਕੀਤੇ ਇੱਕ ਮਨਜ਼ੂਰੀ ਆਦੇਸ਼ (ਜਨਵਰੀ 2021) ਦੇ ਵਿਰੁੱਧ ਇੱਕ ਕਰਮਚਾਰੀ 'ਏ' ਦੇ ਜੀ ਪੀ ਐਫ ਖਾਤੇ[15] ਵਿੱਚੋਂ ₹ 31.06 ਲੱਖ ਦੀ ਰਾਸ਼ੀ ਕਢਵਾਈ ਗਈ ਸੀ (ਫਰਵਰੀ 2021) ਪ੍ਰੰਤੂ ਕਢਵਾਈ ਗਈ ਰਾਸ਼ੀ ਬਿੱਲ ਤਿਆਰ ਕਰਨ ਲਈ ਜ਼ਿੰਮੇਵਾਰ ਕਰਮਚਾਰੀ (ਬਿਲ ਕਲਰਕ) ਦੇ ਬੈਂਕ ਖਾਤੇ ਵਿੱਚ ਜਮ੍ਹਾ ਕੀਤੀ ਗਈ ਸੀ। ਲੇਖਾ ਪ੍ਰੀਖਿਆ ਨੇ ਜੀ ਪੀ ਐਫ ਕਢਵਾਉਣ ਦੀ ਮਨਜ਼ੂਰੀ ਦੀ ਪ੍ਰਮਾਣਿਕਤਾ ਦਾ ਪਤਾ ਲਗਾਉਣ ਲਈ ਆਰ ਸੀ ਐਸ, ਪੰਜਾਬ, ਚੰਡੀਗੜ੍ਹ ਨਾਲ ਤੁਰੰਤ ਮਾਮਲੇ ਦੀ ਪੈਰਵ੍ਹੀ ਕੀਤੀ (10 ਅਗਸਤ 2021)। ਆਰ ਸੀ ਐਸ ਨੇ 12 ਅਗਸਤ 2021 ਨੂੰ ਸੂਚਿਤ ਕੀਤਾ ਕਿ ਉਕਤ ਮਨਜ਼ੂਰੀ ਉਸਦੇ ਦਫਤਰ ਵੱਲੋਂ ਜਾਰੀ ਨਹੀਂ ਕੀਤੀ ਗਈ ਸੀ ਅਤੇ ਇਹ ਆਰ ਸੀ ਐਸ ਦੇ ਜਾਅਲੀ ਹਸਤਾਖਰਾਂ ਅਧੀਨ ਜਾਰੀ ਕੀਤੀ ਗਈ ਹੋ ਸਕਦੀ ਹੈ। ਲੇਖਾ ਪ੍ਰੀਖਿਆ ਨੇ ਏ ਆਰ ਸੀ ਐਸ, ਜਲਾਲਾਬਾਦ ਦੁਆਰਾ ਜਾਰੀ ਫਰਵਰੀ 2021 ਦੇ ਦਫਤਰੀ ਆਦੇਸ਼ ਦੀ ਵੀ ਕਰਾਸ ਤਸਦੀਕ ਕੀਤੀ ਅਤੇ ਇਹ ਜਾਅਲੀ[16] ਪਾਇਆ ਗਿਆ ਸੀ ਅਤੇ ਰਿਕਾਰਡ ਵਿੱਚ 90 *ਪ੍ਰਤੀਸ਼ਤ* ਕਢਵਾਉਣ ਲਈ ਜੀ ਪੀ ਐਫ ਅੰਸ਼ਦਾਤਾ (ਕਰਮਚਾਰੀ ਏ) ਦਾ ਕੋਈ ਬਿਨੈ-ਪੱਤਰ ਉਪਲਬਧ ਨਹੀਂ ਸੀ।

ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਨੇ ਦੇਖਿਆ ਕਿ ਨਵੰਬਰ 2020 ਤੋਂ ਅਪ੍ਰੈਲ 2021 ਦੌਰਾਨ ਦੋ ਕਰਮਚਾਰੀਆਂ (ਕਰਮਚਾਰੀ 'ਏ' ਅਤੇ ਕਰਮਚਾਰੀ 'ਬੀ') ਦੇ ਤਨਖਾਹ ਅਤੇ ਬਕਾਏ ਦੇ ਤਿੰਨ ਬਿੱਲ[17] ਖਜ਼ਾਨੇ ਵਿੱਚੋਂ ਕਢਵਾਏ ਗਏ ਸਨ ਅਤੇ ਸਬੰਧਤ[18] ਕਰਮਚਾਰੀਆਂ ਦੇ ਬੈਂਕ ਖਾਤਿਆਂ ਦੀ ਬਜਾਏ ਉਸੇ ਬਿੱਲ ਕਲਰਕ[19] ਦੇ ਖਾਤਿਆਂ ਵਿੱਚ ਜਮ੍ਹਾ ਕਰ ਦਿੱਤੇ ਗਏ ਸਨ। ਰਿਕਾਰਡ ਦੀ ਪੜਤਾਲ (ਦਸੰਬਰ 2021) ਦੌਰਾਨ, ਇਹ ਪਾਇਆ ਗਿਆ ਸੀ ₹ 35.54 ਲੱਖ[20] ਦੀ ਰਾਸ਼ੀ ਇੱਕ ਹੋਰ ਜਾਅਲੀ ਮਨਜ਼ੂਰੀ ਦੇ ਆਧਾਰ ਤੇ ਇੱਕ ਹੋਰ ਕਰਮਚਾਰੀ (ਕਰਮਚਾਰੀ 'ਸੀ' ਜੋ ਕਿ 2014 ਦੌਰਾਨ

---

14 ਰਜਿਸਟਰਾਰ ਸਹਿਕਾਰੀ ਸਭਾਵਾ (ਆਰ ਸੀ ਐਸ), ਪੰਜਾਬ (ਜੀ ਪੀ ਐਫ ਖਾਤਾ ਮੇਨਟੇਨਿੰਗ ਅਥਾਰਟੀ)।

15 ਜੀ ਪੀ ਐਫ ਖਾਤਾ ਨੰਬਰ ਪੀ ਬੀ ਸੀ ਓ ਓ ਪੀ ਐਮ ਆਈ ਐਨ 878 ।

16 ਪਿੱਠ ਅੰਕਣ ਨੰਬਰ ਜਿਸ ਅਧੀਨ ਮਨਜ਼ੂਰੀ ਜਾਰੀ ਕੀਤੀ ਗਈ ਸੀ, ਜ਼ਿਲ੍ਹਾ ਮੈਨੇਜਰ, ਕੇਂਦਰੀ ਸਹਿਕਾਰੀ ਬੈਂਕ, ਫਾਜ਼ਿਲਕਾ ਦੇ ਡਿਸਪੈਚ ਰਜਿਸਟਰ ਵਿੱਚ ਚਿੰਨਤ ਕੀਤਾ ਗਿਆ ਸੀ ।

17 ₹ 3,57,643 ਲਈ ਕਰਮਚਾਰੀ ਬੀ ਦਾ ਮਿਤੀ 25.11.2020 ਦਾ ਬਕਾਇਆ ਬਿੱਲ, ਮਿਤੀ 03.03.2021 ਅਤੇ 19.04.2021 ਦਾ ₹ 1,17,706 ਦਾ ਕਰਮਚਾਰੀ ਏ ਦਾ ਤਨਖਾਹ ਬਿੱਲ।

18 ਕਰਮਚਾਰੀ ਏ ਦਾ ਬੈਂਕ ਖਾਤਾ ਨੰਬਰ (ਐਸ ਬੀ ਆਈ 30742250534), ਕਰਮਚਾਰੀ ਬੀ ਦਾ ਬੈਂਕ ਖਾਤਾ ਨੰਬਰ (ਪੰਜਾਬ ਐਂਡ ਸਿੰਧ ਬੈਂਕ 01431000044944) ।

19 ਕਰਮਚਾਰੀ ਬੀ ਦਾ ₹ 3,57,643 ਦਾ ਬਕਾਇਆ ਐਕਸਿਸ ਬੈਂਕ ਖਾਤਾ ਨੰਬਰ 041534001001033 ਵਿੱਚ ਜਮ੍ਹਾ ਕੀਤਾ ਗਿਆ ਅਤੇ ਕਰਮਚਾਰੀ 'ਏ' ਦੀ ਤਨਖਾਹ ₹ 1,17,706 ਬਿੱਲ ਕਲਰਕ ਦੇ ਐਕਸਿਸ ਬੈਂਕ ਖਾਤਾ ਨੰਬਰ 041534037100145 ਵਿੱਚ ਜਮ੍ਹਾ ਕੀਤੀ ਗਈ ।

20 ₹ 28.04 ਲੱਖ: ਜੀ ਪੀ ਐਫ ਅਤੇ ₹ 7.50 ਲੱਖ: ਲੀਵ ਐਨਕੈਸ਼ਮੈਂਟ ।

ਜਲਾਲਾਬਾਦ ਵਿੱਚ ਤਾਇਨਾਤ ਸੀ ਅਤੇ ਫਿਰੋਜ਼ਪੁਰ ਤੋਂ ਸੇਵਾਵਾਂ ਤੋਂ ਬਰਖਾਸਤ ਕੀਤਾ ਗਿਆ ਸੀ) ਦੇ ਨਾਮ 'ਤੇ ਕਢਵਾਈ ਗਈ ਸੀ (ਫਰਵਰੀ 2020) ਅਤੇ ਕਢਵਾਈ ਗਈ ਰਾਸ਼ੀ ਬਿੱਲ ਕਲਰਕ ਦੀ ਮਾਤਾ[21] ਦੁਆਰਾ ਚਲਾਏ ਜਾ ਰਹੇ ਬੈਂਕ ਖਾਤਿਆਂ ਵਿੱਚ ਜਮ੍ਹਾ ਕਰਵਾਈ ਗਈ ਸੀ। ਇਸ ਅਨੁਸਾਰ, ਬਿਲ ਕਲਰਕ ਨੇ ₹ 71.35 ਲੱਖ[22] ਦੇ ਜੀ ਪੀ ਐਫ ਨਿਕਾਸੀ/ਤਨਖਾਹ ਅਤੇ ਭੱਤੇ ਉਸਦੇ/ਉਸ ਦੀ ਮਾਤਾ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾਏ। ਫਰਵਰੀ 2020 ਤੋਂ ਅਗਸਤ 2021 ਦੇ ਸਮੇਂ ਲਈ ਕੈਸ਼ ਬੁੱਕ ਤਿਆਰ ਨਹੀਂ ਕੀਤੀ ਗਈ ਸੀ ਅਤੇ ਕਢਵਾਈਆਂ ਗਈਆਂ ਰਾਸ਼ੀਆਂ ਦਾ ਖਜ਼ਾਨੇ ਦੇ ਰਿਕਾਰਡ ਨਾਲ ਮਿਲਾਨ ਵੀ ਨਹੀਂ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਵਿੱਚ ਧਿਆਨ ਵਿੱਚ ਲਿਆਂਦੇ ਜਾਣ 'ਤੇ, (ਅਗਸਤ 2021 ਅਤੇ ਦਸੰਬਰ 2021) ਏ ਆਰ ਸੀ ਐਸ ਜਲਾਲਾਬਾਦ ਨੇ ਜਵਾਬ ਦਿੱਤਾ ਕਿ ਭਾਵੇਂ ਕਰਮਚਾਰੀਆਂ ਵੱਲੋਂ ਬੈਂਕ ਖਾਤੇ ਦੇ ਵੇਰਵੇ ਬਦਲਣ/ਅਪਡੇਸ਼ਨ ਲਈ ਕੋਈ ਬੇਨਤੀ ਨਹੀਂ ਕੀਤੀ ਗਈ ਸੀ, ਬਿਲ ਤਿਆਰ ਕਰਨ ਲਈ ਜ਼ਿੰਮੇਵਾਰ ਬਿਲ ਕਲਰਕ ਨੇ ਡੀ ਡੀ ਓ ਦੇ ਤਸਦੀਕਣ/ ਪ੍ਰਮਾਣਿਕਤਾ ਤੋਂ ਬਿਨਾਂ ਕਰਮਚਾਰੀਆਂ ਦੇ ਬੈਂਕ ਖਾਤਾ ਨੰਬਰ ਨੂੰ ਆਪਣੇ/ਮਾਤਾ ਦੇ ਬਚੱਤ ਬੈਂਕ ਖਾਤਾ ਨੰਬਰਾਂ[23] ਨਾਲ ਬਦਲਿਆ ਕਿਉਂਕਿ ਆਈ-ਐਚ ਆਰ ਐਮ ਐਸ ਸਾਫਟਵੇਅਰ ਵਿੱਚ ਬੈਂਕ ਖਾਤਿਆਂ ਦੇ ਵੇਰਵੇ ਬਦਲਣ/ਅਪਡੇਸ਼ਨ ਦਾ ਅਧਿਕਾਰ ਬਿਲ ਕਲਰਕ ਦੇ ਮੋਬਾਇਲ ਨੰਬਰ ਨਾਲ ਰਜਿਸਟਡ ਸੀ। ਇਸ ਤੋਂ ਇਲਾਵਾ, ਵਰਤਮਾਨ ਜਵਾਬ (ਸਤੰਬਰ 2022) ਅਨੁਸਾਰ ਇਹ ਸੂਚਿਤ ਕੀਤਾ ਗਿਆ ਸੀ ਕਿ ਚਾਰਜਸ਼ੀਟ ਜਾਰੀ ਕੀਤੀ ਗਈ ਸੀ ਅਤੇ ਏ ਆਰ ਸੀ ਐਸ ਅਬਹੋਰ ਦੁਆਰਾ ਜਾਂਚ ਕੀਤੀ ਜਾ ਰਹੀ ਸੀ ਪ੍ਰੰਤੂ ਬਿਲ ਕਲਰਕ ਅੱਜ ਤੱਕ ਕਿਸੇ ਵਿਭਾਗੀ ਸੁਣਵਾਈ ਵਿੱਚ ਹਾਜ਼ਰ ਨਹੀਂ ਹੋਇਆ ਸੀ।

ਖਜ਼ਾਨਾ ਅਧਿਕਾਰੀ (ਟੀ ਓ) ਜਲਾਲਾਬਾਦ ਨੇ ਕਿਹਾ (ਦਸੰਬਰ 2021) ਕਿ ਕੰਮ ਦੇ ਬੋਝ ਕਾਰਣ, ਭੁਗਤਾਨ ਕਰਦੇ ਸਮੇਂ ਮਨਜ਼ੂਰੀ ਦੀ ਪ੍ਰਮਾਣਿਕਤਾ ਦੀ ਜਾਂਚ ਨਹੀ ਹੋ ਸਕੀ। ਇਸ ਤੋਂ ਇਲਾਵਾ ਆਰ ਸੀ ਐਸ ਪੰਜਾਬ, ਚੰਡੀਗੜ੍ਹ ਨੇ ਦੱਸਿਆ (ਸਤੰਬਰ 2022) ਕਿ ਸਬੰਧਤ ਏ ਆਰ ਸੀ ਐਸ ਵਿਰੁੱਧ ਚਾਰਜ ਸ਼ੀਟ ਜਾਰੀ ਕੀਤੀ ਗਈ ਸੀ (ਮਾਰਚ 2022) ਅਤੇ ਟੀ ਓ ਜਲਾਲਾਬਾਦ ਦੇ ਸਬੰਧਤ ਅਧਿਕਾਰੀ/ਕਰਮਚਾਰੀ ਦੇ ਵਿਰੁੱਧ ਬਣਦੀ ਕਾਰਵਾਈ ਲਈ ਮਾਮਲਾ ਵਿੱਤ ਵਿਭਾਗ, ਪੰਜਾਬ ਸਰਕਾਰ ਕੋਲ ਉਠਾਇਆ ਗਿਆ ਸੀ। ਵਿੱਤ ਵਿਭਾਗ ਦੇ ਜਵਾਬ ਦੀ ਉਡੀਕ ਸੀ (ਨਵੰਬਰ 2022)।

ਇਹ ਪੂਰਾ ਦ੍ਰਿਸ਼ ਵਿਭਾਗ ਵਿਚਲੇ ਕਮਜ਼ੋਰ ਅੰਦਰੂਨੀ ਕੰਟਰੋਲ ਅਤੇ ਸਿਸਟਮ ਦੀ ਅਸਫਲਤਾ ਨੂੰ ਦਰਸਾਉਂਦਾ ਹੈ ਕਿਉਂਕਿ ਕੋਈ ਵੀ ਅਥਾਰਟੀ ਜ਼ਰੂਰੀ ਜਾਂਚਾਂ ਦੀ ਪਾਲਣਾ ਨਹੀਂ ਕਰ ਸਕੀ ਸੀ।

---

21 ਕਰਮਚਾਰੀ 'ਸੀ' ਦੀ ₹ 35.54 ਲੱਖ ਦੀ ਰਾਸ਼ੀ ਬਿੱਲ ਕਲਰਕ ਦੀ ਮਾਤਾ ਦੇ ਖਾਤੇ (ਐਸ ਬੀ ਆਈ 30198383902) ਵਿੱਚ ਜਮ੍ਹਾ ਕੀਤੀ ਗਈ।

22 ₹ 59.10 ਲੱਖ: ਜੀ ਪੀ ਐਫ, ₹ 4.75 ਲੱਖ: ਤਨਖਾਹ ਅਤੇ ਬਕਾਏ ਅਤੇ ₹ 7.50 ਲੱਖ: ਲੀਵ ਐਨਕੈਸ਼ਮੈਂਟ ।

23 ਸੈਂਟਰਲ ਕੋ-ਆਪਰੇਟਿਵ ਬੈਂਕ ਲਿਮਟਡ ਫਾਜ਼ਿਲਕਾ ਦੇ 041534037100145, 041534001001033 (ਬਿਲ ਕਲਰਕ ਦੇ ਖਾਤਾ ਨੰਬਰ) ਅਤੇ ਐਸ ਬੀ ਆਈ ਜਲਾਲਾਬਾਦ ਦਾ 30198383902 (ਬਿੱਲ ਕਲਰਕ ਦੀ ਮਾਤਾ ਦਾ ਖਾਤਾ ਨੰਬਰ)।

ਇਸ ਤੋਂ ਇਲਾਵਾ 90 *ਪ੍ਰਤੀਸ਼ਤ* ਜੀ ਪੀ ਐਫ ਕਢਵਾਉਣ ਦੀ ਮਨਜ਼ੂਰੀ ਵਿੱਚ ਕਈ ਕਮੀਆਂ[24] ਸਨ, ਕਰਮਚਾਰੀ ਸੀ ਦੇ ਜੀ ਪੀ ਐਫ ਦਾ ਅੰਤਿਮ ਭੁਗਤਾਨ ਅਦਾ ਕਰਨ ਦੀ ਲੋੜ ਨਹੀਂ ਸੀ ਕਿਉਂਕਿ ਉਕਤ ਕਰਮਚਾਰੀ ਨੂੰ ਪਹਿਲਾਂ ਹੀ ਦੂਜੇ ਦਫ਼ਤਰ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ, ਕਰਮਚਾਰੀਆਂ ਦੇ ਬੈਂਕ ਖਾਤਿਆਂ ਦੇ ਵੇਰਵਿਆਂ ਨੂੰ ਉਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਨਿਰੰਤਰ ਅਪਡੇਟ ਕੀਤਾ ਗਿਆ ਸੀ ਜਿਸ ਦੇ ਫਲਸਰੂਪ ₹ 71.35 ਲੱਖ ਦੀ ਸ਼ੱਕੀ ਦੁਰਵਰਤੋਂ ਹੋਈ। ਇਹ ਰਾਸ਼ੀ ਅਜੇ ਬਿਲ ਕਲਰਕ ਤੋਂ ਵਸੂਲੀ ਜਾਣੀ ਹੈ ਅਤੇ ਬਿਲ ਕਲਰਕ ਅਜ ਤੱਕ ਕਿਸੇ ਵੀ ਵਿਭਾਗੀ ਸੁਣਵਾਈ ਵਿੱਚ ਹਾਜ਼ਰ ਨਹੀਂ ਹੋਇਆ ਹੈ। ਇਸ ਨਾਲ ਕਰਮਚਾਰੀ 'ਏ' ਨੂੰ ਆਪਣੀ ₹ 7.36 ਲੱਖ ਦੀ ਰਾਸ਼ੀ ਪ੍ਰਾਪਤ ਕਰਨ ਤੋਂ ਪੂਰੀ ਤਰ੍ਹਾਂ ਵਾਂਝਾ ਕਰ ਦਿੱਤਾ ਗਿਆ ਜਿਸਦੀ ਉਸਨੂੰ ਕਿਸੇ ਅਣਕਿਆਸੇ ਹਾਲਤਾਂ/ਲੋੜਾਂ ਲਈ ਲੋੜ ਹੋ ਸਕਦੀ ਹੈ। ਵਿਭਾਗ ਦੇ ਇਸ ਅਸੰਵੇਦਨਸ਼ੀਲ ਅਤੇ ਗੈਰ-ਹਮਦਰਦੀ ਵਾਲੇ ਵਰਤਾਉ ਦੇ ਸਿੱਟੇ ਵਜੋਂ ਇਸਦੇ ਆਪਣੇ ਕਰਮਚਾਰੀਆਂ ਨੂੰ ਪਰੇਸ਼ਾਨੀ ਤੇ ਅਸੁਵਿਧਾ ਹੋਈ। ਇਹ ਮਾਮਲਾ ਲੇਖਾ ਪ੍ਰੀਖਿਆ ਕਰਵਾਉਣ ਵਾਲੀ ਇਕਾਈ ਦੇ ਰਿਕਾਰਡ ਦੀ ਨਮੂਨਾਂ ਜਾਂਚ ਦੌਰਾਨ ਧਿਆਨ ਵਿੱਚ ਆਇਆ ਅਤੇ ਇਸ ਵਿਭਾਗ ਦੀਆਂ ਹੋਰ ਲੇਖਾ ਪ੍ਰੀਖਿਆ ਕਰਵਾਉਣ ਵਾਲੀਆਂ ਇਕਾਈਆਂ ਦੇ ਨਾਲ ਹੋਰ ਵਿਭਾਗਾਂ ਵਿੱਚ ਵੀ ਅਜਿਹੇ ਮਾਮਲਿਆਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

**ਸਿਫਾਰਸ਼: ਸਰਕਾਰ/ਵਿਭਾਗ ਆਈ-ਐਚ ਆਰ ਐਮ ਐਸ ਅਤੇ ਆਈ ਐਫ ਐਮ ਐਸ ਵਿੱਚ ਐਕਸੈਸ ਕੰਟਰੋਲਜ਼, ਡਿਊਟੀਆਂ ਦਾ ਨਿਖੇੜਾ ਅਤੇ ਹੋਰ ਪ੍ਰਮਾਣਿਕਤਾ ਜਾਚਾਂ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਸਾਰੇ ਸਬੰਧਤਾਂ ਤੇ ਜ਼ੋਰ ਪਾ ਸਕਦੀ ਹੈ ਤਾਂ ਜੋ ਸਰਕਾਰੀ ਪੈਸਿਆਂ ਦੀ ਸ਼ੱਕੀ ਦੁਰਵਰਤੋਂ ਦੇ ਅਜਿਹੇ ਮਾਮਲਿਆਂ ਨੂੰ ਦੁਹਰਾਉਣ ਤੋਂ ਰੋਕਣ ਲਈ ਇੱਕ ਮਜ਼ਬੂਤ ਅਤੇ ਭਰੋਸੇਮੰਦ ਅੰਦਰੂਨੀ ਕੰਟਰੋਲ ਤੰਤਰ ਲਈ ਉਕਤ ਕੋਡਲ ਉਪਬੰਧਾਂ ਦੀ ਸਖਤੀ ਨਾਲ ਪਾਲਣਾ ਕਰਨ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤੋਂ ਇਲਾਵਾ, ਉਪਰੋਕਤ ਮਾਮਲਿਆਂ ਵਿੱਚ ਸ਼ੱਕੀ ਨਿਕਾਸੀ ਅਤੇ ਤਨਖਾਹ/ਭੱਤਿਆਂ ਅਤੇ ਜਨਰਲ ਪ੍ਰਾਵੀਡੈਂਟ ਫੰਡਾਂ ਦੀ ਅਦਾਇਗੀ ਲਈ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਦੀ ਜ਼ਿੰਮੇਵਾਰੀ ਤੈਅ ਹੋ ਸਕਦੀ ਹੈ।**

ਇਹ ਮਾਮਲਾ ਨਵੰਬਰ 2021 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਜਵਾਬ ਦੀ ਉਡੀਕ ਸੀ (ਨਵੰਬਰ 2022)।

---

[24] (i) 90 *ਪ੍ਰਤੀਸ਼ਤ* ਕਢਵਾਉਣ ਦੀ ਮਨਜ਼ੂਰੀ ਅਤੇ ਜੀ ਪੀ ਐਫ ਬਿੱਲ ਵਿਚਕਾਰ ਮੁੱਢਲੀ ਤਨਖਾਹ ਵਿੱਚ ਅੰਤਰ; (ii) ਮਨਜ਼ੂਰੀ ਵਿੱਚ ਕਰਮਚਾਰੀ ਏ ਦੀਆਂ ਬਾਕੀ ਸੇਵਾਵਾਂ 15 ਸਾਲਾਂ ਦਰਸਾਈਆ ਗਈਆਂ ਹਨ; ਅਤੇ (iii) ਉਦੇਸ਼ ਨੂੰ ਛੇ ਮਹੀਨਿਆਂ ਦੇ ਅੰਦਰ 90 *ਪ੍ਰਤੀਸ਼ਤ* ਨਿਕਾਸੀ ਵਜੋਂ ਦਿਖਾਇਆ ਗਿਆ ਸੀ।

# ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜਕਾਂ)

## 7.3 ਕੇਂਦਰੀ ਸੜਕ ਅਤੇ ਬੁਨਿਆਦੀ ਢਾਂਚਾ ਫੰਡ ਵਿੱਚੋਂ ਬੁਨਿਆਦੀ ਢਾਂਚੇ ਦੀ ਸਿਰਜਣਾ

**ਵਿਭਾਗ ਨੇ ਸੜਕਾਂ ਦਾ ਅਤਿ-ਮਹੱਤਵਪੂਰਣ ਨੈਟਵਰਕ ਨਹੀਂ ਬਣਾਇਆ। ਵਿਭਾਗ ਨੇ ਕੇਂਦਰੀ ਸੜਕ ਅਤੇ ਬੁਨਿਆਦੀ ਢਾਂਚਾ ਫੰਡ (ਸੀ ਆਰ ਆਈ ਐਫ) ਅਧੀਨ ਸੜਕ ਸੁਰੱਖਿਆ ਲਈ ਕੋਈ ਪਹਿਲਕਦਮੀ ਨਹੀਂ ਕੀਤੀ। ਭਾਰਤ ਸਰਕਾਰ ਨੂੰ ਸਮੇਂ ਸਿਰ ਯੂ ਸੀਜ਼ ਭੇਜਣ ਵਿੱਚ ਦੇਰੀ/ਨਾ ਭੇਜਣ ਕਰਕੇ ਭਾਰਤ ਸਰਕਾਰ ਵਲੋਂ ਰਾਜ ਦੇ ਹਿੱਸੇ ਦੇ ₹ 428.78 ਕਰੋੜ ਦੀ ਰਾਸ਼ੀ ਜਾਰੀ ਨਹੀਂ ਕੀਤੀ ਗਈ। ਰਾਜ ਸਰਕਾਰ ਵਲੋਂ ਪੀ ਡਬਲਿਊ ਡੀ ਨੂੰ ਫੰਡ ਦੇਰੀ ਨਾਲ ਜਾਰੀ ਕਰਨ ਦੇ ਨਤੀਜੇ ਵਜੋਂ ਠੇਕੇਦਾਰਾਂ ਨੂੰ ₹ 1.84 ਕਰੋੜ ਦੇ ਵਿਆਜ ਦੀ ਅਦਾਇਗੀ ਹੋਈ। ਕੰਮ ਮੁਕੰਮਲ ਹੋਣ ਵਿੱਚ ਦੇਰੀ ਹੋਣ ਕਰਕੇ ₹ 8.65 ਕਰੋੜ ਦੇ ਕੀਮਤ ਵਾਧੇ ਦਾ ਭੁਗਤਾਨ ਹੋਇਆ। ਕੰਮ ਦੀ ਨਿਗਰਾਨੀ ਲਈ ਰਾਜ ਗੁਣਵੱਤਾ ਨਿਗਰਾਨਾਂ ਦੀ ਨਿਯੁਕਤੀ ਨਹੀਂ ਕੀਤੀ ਗਈ ਸੀ।**

### 7.3.1 ਜਾਣ-ਪਛਾਣ

ਕੇਂਦਰੀ ਸੜਕ ਫੰਡ (ਸੀ ਆਰ ਐਫ) ਸੀ ਆਰ ਐਫ ਐਕਟ, 2000 (01 ਅਪ੍ਰੈਲ 2018 ਤੋਂ ਕੇਂਦਰੀ ਸੜਕ ਅਤੇ ਬੁਨਿਆਦੀ ਢਾਂਚਾ ਫੰਡ (ਸੀ ਆਰ ਆਈ ਐਫ) ਵਜੋਂ ਨਾਮ ਬਦਲਿਆ ਗਿਆ) ਅਧੀਨ ਸੜਕ ਨੈਟਵਰਕ ਦੇ ਵਿਕਾਸ ਅਤੇ ਉਨਤੀਕਰਣ ਅਤੇ ਸੜਕ ਸੁਰੱਖਿਆ ਦੇ ਕੰਮਾਂ ਵਿੱਚ ਸੁਧਾਰ ਲਈ ਬਣਾਇਆ ਗਿਆ ਸੀ। ਮੁੱਖ ਇੰਜਨੀਅਰ, ਰਾਸ਼ਟਰੀ ਸ਼ਾਹਮਾਰਗ (ਐਨ ਐਚ) ਪੀ ਡਬਲਿਯੂ ਡੀ (ਬੀ ਐਡ ਆਰ ) ਪੰਜਾਬ (ਸੀ ਈ) ਕੰਮਾਂ ਦੀਆਂ ਤਕਨੀਕੀ ਮਨਜ਼ੂਰੀਆਂ ਅਤੇ ਸੀ ਆਰ ਆਈ ਐਫ ਅਧੀਨ ਮਨਜ਼ੂਰ ਹੋਏ ਪ੍ਰੋਜੈਕਟਾਂ ਦੀ ਸਮੁੱਚੀ ਨਿਗਰਾਨੀ ਪ੍ਰਦਾਨ ਕਰਨ ਲਈ ਵਿਭਾਗ ਦਾ ਤਕਨੀਕੀ ਮੁਖੀ ਹੈ। ਇਹ ਕੰਮ ਲੋਕ ਨਿਰਮਾਣ ਮੰਡਲਾਂ ਵੱਲੋਂ ਕੀਤੇ ਜਾਂਦੇ ਹਨ ਜਿਨਾਂ ਦੀ ਅਗਵਾਈ ਕਾਰਜਕਾਰੀ ਇੰਜਨੀਆਰ (ਈ ਈ) ਕਰਦੇ ਹਨ।

ਲੇਖਾ ਪ੍ਰੀਖਿਆ ਵਿੱਚ ਪੀ ਡਬਲਿਯੂ ਡੀ ਦੇ ਦਸ[25] ਮੰਡਲਾਂ ਦੇ ਰਿਕਾਰਡ ਦੀ ਜਾਂਚ ਕੀਤੀ ਸੀ ਜਿਨ੍ਹਾਂ ਨੇ 17 ਸੜਕੀ ਕੰਮਾਂ ਦੇ ਸਬੰਧ ਵਿੱਚ ਸੀ ਆਰ ਆਈ ਐਫ ਦੇ ਕੰਮ ਕੀਤੇ। ਵਿਭਾਗ ਦੇ ਪ੍ਰਤੀਨਿਧਾਂ ਦੇ ਨਾਲ 17 ਸੜਕਾਂ ਵਿੱਚੋਂ ਛੇ[26] ਦਾ ਭੌਤਿਕ ਤੌਰ ਤੇ ਦੌਰਾ ਕੀਤਾ ਗਿਆ ਸੀ।

---

25 (i) ਨਿਰਮਾਣ ਮੰਡਲ ਨੰ. 1, ਅੰਮ੍ਰਿਤਸਰ; (ii) ਨਿਰਮਾਣ ਮੰਡਲ ਨੰ. 2, ਅੰਮ੍ਰਿਤਸਰ; (iii) ਪ੍ਰਾਂਤਕ ਮੰਡਲ ਅੰਮ੍ਰਿਤਸਰ; (iv) ਕੇਂਦਰੀ ਕਾਰਜ ਮੰਡਲ ਨੰ. 2, ਅੰਮ੍ਰਿਤਸਰ; (v) ਨਿਰਮਾਣ ਮੰਡਲ ਨਾਭਾ (vi) ਨਿਰਮਾਣ ਮੰਡਲ ਮੁਕੇਰੀਆਂ (vii) ਪ੍ਰਾਂਤਕ ਮੰਡਲ ਐਸ ਬੀ ਐਸ ਨਗਰ; (viii) ਪ੍ਰਾਂਤਕ ਮੰਡਲ ਬਠਿੰਡਾ; (ix) ਨਿਰਮਾਣ ਮੰਡਲ, ਰੂਪਨਗਰ ਅਤੇ (x) ਪ੍ਰਾਂਤਕ ਮੰਡਲ, ਸੰਗਰੂਰ।

26 (i) ਬਰਨਾਲਾ ਬਾਜਾਖਾਨਾ ਸੜਕ ਨੂੰ ਚੋੜ੍ਹਾ/ਮਜ਼ਬੂਤ ਕਰਨਾ (ii) ਰੁੜਕੀ ਚਰਨਾਥਲ ਸੜਕ ਦਾ ਮਜ਼ਬੂਤੀਕਰਨ (iii) ਮਾਛੀਵਾੜਾ-ਰਾਹੋਂ-ਨਵਾਂ ਸ਼ਹਿਰ ਸੜਕ ਦਾ ਮਜ਼ਬੂਤੀ ਕਰਨ (iv) ਨੂਰਪੁਰਬੇਦੀ ਝੱਜ (ਸੈਕਸ਼ਨ ਬੈਂਸਾ ਨੂਰਪੁਰਬੇਦੀ ਝੱਜ) ਦਾ ਸੁਧਾਰ (v) ਚੀਮਾਂ ਤੋਂ ਜਖੇਪਾ ਉਗਰਾਹਾਂ ਛਾਜਲਾ ਤੋਂ ਸੁਨਾਮ ਲਹਿਰਾ ਸੜਕ ਦੀ ਚੌੜਾਈ/ਮਜ਼ਬੂਤੀਕਰਨ ਅਤੇ (vi) ਗਾਂਧੀ ਨਗਰ ਤੋਂ ਭਲਵਾਨ ਵਾਇਆ ਭਵਾਨੀਗੜ੍ਹ ਕਾਕੜਾਂ ਗੇਹਲੋਂ, ਸਕਰੌਦੀ ਰਸੂਲਪੁਰ ਛੰਨਾਂ ਦਾ ਮਜ਼ਬੂਤੀਕਰਣ ਅਤੇ ਉੱਚਾ ਚੁੱਕਣਾ।

## ਲੇਖਾ ਪ੍ਰੀਖਿਆ ਲੱਭਤਾਂ

### 7.3.2 ਯੋਜਨਾਬੰਦੀ

#### *7.3.2.1 ਕੋਰ ਨੈਟਵਰਕ ਦੀ ਤਿਆਰੀ ਨਾ ਕਰਨਾ*

*(i)* ਨਿਯਮਾਵਲੀ 2014 (ਨਿਯਮ) ਦੇ ਨਿਯਮ 5(2) (ਏ) ਦੇ ਨਾਲ ਪੜ੍ਹ ਕੇ ਨਿਯਮ 4 ਹੋਰ ਗੱਲਾਂ ਦੇ ਨਾਲ ਨਾਲ ਵਿਵਸਥਾ ਕਰਦਾ ਹੈ ਕਿ ਸਿਰਫ ਕੋਰ ਨੈਟਵਰਕ[27] ਤੋਂ ਪ੍ਰੋਜੈਕਟ ਲੈਣ ਲਈ ਤਰਜੀਹ ਦਿੱਤੀ ਜਾਵੇਗੀ। ਨਿਯਮਾਵਲੀ ਦਾ ਨਿਯਮ 5(2) ਅੱਗੇ ਵਿਵਸਥਾ ਕਰਦਾ ਹੈ ਕਿ ਕੋਰ ਨੈਟਵਰਕ ਅਤੇ ਰਾਜ ਮਾਰਗ/ਮੁੱਖ ਜਿਲ੍ਹਾ ਸੜਕਾਂ/ਹੋਰ ਜਿਲ੍ਹਾ ਸੜਕਾਂ (ਓ ਡੀ ਆਰ) ਦੇ ਅੰਦਰ ਸਨਾਖਤ ਕੀਤੀਆਂ ਸੜਕਾਂ ਨੂੰ ਸੀ ਆਰ ਆਈ ਐਫ ਅਧੀਨ ਤਰਜੀਹ ਦਿੱਤੀ ਜਾਵੇਗੀ।

ਇਹ ਦੇਖਿਆ ਗਿਆ ਸੀ ਕਿ ਕੋਈ ਕੋਰ ਨੈੱਟਵਰਕ ਤਿਆਰ ਨਹੀ ਕੀਤਾ ਗਿਆ ਸੀ। ਅੱਗੇ ਇਹ ਵੇਖਿਆ ਗਿਆ ਸੀ ਕਿ ਪ੍ਰਾਂਤਕ ਮੰਡਲ ਸੰਗਰੂਰ ਵੱਲੋਂ ਹੋਰ ਜ਼ਿਲ੍ਹਾ ਸੜਕਾਂ ਸ਼ੇਣੀ ਅਧੀਨ 11.66 ਕਿਲੋਮੀਟਰ ਦੀ ਲੰਬਾਈ ਵਾਲੀ ਇੱਕ ਸੜਕ[28] ਨੂੰ ₹ 10.16 ਕਰੋੜ ਲਈ ਮਨਜ਼ੂਰੀ ਦਿੱਤੀ ਗਈ ਸੀ (ਨਵੰਬਰ 2018) ਅਤੇ ਸੀ ਆਰ ਆਈ ਐਫ ਵਿੱਚੋਂ ਇਸ ਸੜਕ ਤੇ ₹ 8.57 ਕਰੋੜ ਖਰਚ ਕੀਤਾ ਗਿਆ ਸੀ। ਪ੍ਰਵਾਨਿਤ ਲੰਬਾਈ ਵਿੱਚੋਂ 9.935 ਕਿਮੀ (85.20 *ਪ੍ਰਤੀਸ਼ਤ*) ਮਿਊਂਸਪਲ ਕਮੇਟੀ ਭਵਾਨੀਗੜ੍ਹ (ਸੰਗਰੂਰ) ਦੀਆਂ ਵੱਖ ਵੱਖ ਗਲੀਆਂ[29] ਸਨ ਜੋ ਸੀ ਆਰ ਆਈ ਐਫ ਅਧੀਨ ਕਵਰੇਜ ਲਈ ਯੋਗ ਨਹੀਂ ਸਨ। ਈ ਈ ਪ੍ਰਾਂਤਕ ਮੰਡਲ ਸੰਗਰੂਰ ਨੇ ਕਿਹਾ (ਅਕਤੂਬਰ 2021) ਕਿ ਸਰਕਾਰ ਵੱਲੋਂ ਸੜਕ ਦੀ ਸਥਿਤੀ ਨੂੰ ਓ ਡੀ ਆਰ ਅਪਗ੍ਰੇਡ ਕੀਤਾ ਗਿਆ ਸੀ। ਉੱਤਰ ਮੰਨਣਯੋਗ ਨਹੀਂ ਹੈ ਕਿਉਂਕਿ ਐਮ ਸੀ ਦੀਆਂ ਗਲੀਆਂ ਦਾ ਇੱਕਠ ਓ ਡੀ ਆਰ ਵਜੋਂ ਨਹੀਂ ਮੰਨਿਆ ਜਾ ਸਕਦਾ ਸੀ ਕਿਉਂਕਿ ਓ ਡੀ ਆਰ ਦੀ ਪ੍ਰੀਭਾਸ਼ਾ[30] ਅਨੁਸਾਰ ਇਹ ਸੜਕ ਪੇਂਡੂ ਖੇਤਰ ਨੂੰ ਕਿਸੇ ਐਮ ਡੀ ਆਰ ਨਾਲ ਨਹੀਂ ਜੋੜ ਰਹੀ ਸੀ।

#### *7.3.2.2 ਰਾਜ ਵਿੱਚ ਸੜਕ ਸੁਰੱਖਿਆ ਬੁਨਿਆਦੀ ਢਾਂਚਾ*

*(i)* ਕੇਂਦਰੀ ਸੜਕ ਫੰਡ (ਰਾਜ ਸੜਕਾਂ) ਸੋਧ ਨਿਯਮਾਵਲੀ, 2016 ਦਾ ਨਿਯਮ 3 ਵਿਵਸਥਾ ਕਰਦਾ ਹੈ ਕਿ ਸੀ ਆਰ ਆਈ ਐਫ ਕੰਮਾਂ ਲਈ ਅਲਾਟ ਕੀਤੇ ਗਏ ਫੰਡਾਂ ਵਿੱਚੋਂ ਦਸ *ਪ੍ਰਤੀਸ਼ਤ* ਫੰਡ ਪੇਂਡੂ ਸੜਕਾਂ ਤੋਂ ਇਲਾਵਾ ਰਾਜ ਸੜਕਾਂ ਤੇ ਕੀਤੇ ਜਾਣ ਵਾਲੇ ਸੜਕ ਸੁਰੱਖਿਆ ਦੇ ਕੰਮਾਂ[31] ਲਈ ਚਿੰਨਤ ਕੀਤੇ ਜਾਣਗੇ। ਸੜਕ ਸੁਰੱਖਿਆ ਦੇ ਪ੍ਰਸਤਾਵ ਤਿਆਰ ਕਰਨ ਅਤੇ ਪੇਸ਼ ਕਰਨ ਲਈ ਪੰਜਾਬ ਸਰਕਾਰ ਨੇ ਮੁੱਖ ਇੰਜਨੀਅਰ, ਪੀ ਡਬਲਿਯੂ ਡੀ (ਬੀ ਐਂਡ ਆਰ) ਦੀ ਪ੍ਰਧਾਨਗੀ ਅਧੀਨ ਇੱਕ

---

27 ਕੋਰ ਨੈਟਵਰਕ ਦਾ ਅਰਥ ਹੈ ਰਾਜ ਵਿੱਚ ਚੁਣੇ ਗਏ ਰਾਜਮਾਰਗ, ਮੁੱਖ ਜ਼ਿਲ੍ਹਾ ਸੜਕਾਂ ਦਾ ਨੈਟਵਰਕ ਸ਼ਾਮਲ ਹੈ ਜੋ ਰਾਸ਼ਟਰੀ ਰਾਜ ਮਾਰਗਾਂ ਵਜੋਂ ਅੱਪਗ੍ਰੇਡ ਕੀਤੇ ਜਾਣ ਦੀ ਸੰਭਾਵਨਾ ਹੈ।

28 ਗਾਂਧੀ ਨਗਰ ਤੋਂ ਭਜਲਵਾਨ ਵਾਇਆ ਭਵਾਨੀਗੜ੍ਹ ਕਾਕਰਸਾ ਕਰੋਦੀ, ਗਹਿਲਾਂ, ਰਸੂਲਪੁਰ, ਛੰਨਾਂ ਅਤੇ ਖੇੜੀ ਚੰਦਵਾਂ।

29 ਖੁੰਡਾਵਾਲੀ ਗਲੀ, ਦੇ ਨਾਲ ਗੰਦੇ ਨਾਲੇ ਵਾਲੀ ਗਲੀ, ਦਰਜ਼ੀ ਵਾਲੀ ਗਲੀ, ਚੱਕੀ ਵਾਲੀ ਗਲੀ, ਗੁਰਦਆਰਾ ਗਲੀ ਆਦਿ।

30 ਓ ਡੀ ਆਰ ਉਹ ਸੜਕ ਹੈ ਜੋ ਪੇਂਡੂ ਖੇਤਰਾਂ, ਕਸਬੇ ਕੇਂਦਰਾਂ ਨੂੰ ਉੱਚ ਮਹੱਤਤਾ ਵਾਲੀਆਂ ਪ੍ਰਮੁੱਖ ਜ਼ਿਲ੍ਹਾ ਸੜਕਾਂ ਨਾਲ ਜੋੜਨ ਲਈ ਬਣਾਈ ਗਈ ਹੈ।

31 ਸੜਕ ਦੁਰਘਟਨਾ ਜਾਂ ਮੌਤ ਦੇ ਅੰਕੜਿਆਂ ਦੇ ਅਧਾਰ ਤੇ ਪਛਾਣੇ ਗਏ ਸੜਕ ਦੁਰਘਟਨਾ ਸਥਾਨਾਂ ਨੂੰ ਸੁਧਾਰਨ ਲਈ ਰਾਜ ਦੀਆਂ ਸੜਕਾਂ ਤੇ ਕੰਮ ਜਾਂ ਇਸ ਉਦੇਸ਼ ਲਈ ਸਥਾਪਤ ਵਿਸ਼ੇਸ਼ ਸੰਸਥਾਂਵਾਂ ਜਾਂ ਮਾਹਰ ਕਮੇਟੀਆਂ ਦੀਆਂ ਸਿਫਾਰਸ਼ਾਂ ਤੇ ਅਧਾਰਤ ਕੰਮ।

ਰਾਜ ਪੱਧਰੀ ਕਾਰਜਕਾਰੀ ਕਮੇਟੀ (ਐਸ ਐਲ ਈ ਸੀ) ਦਾ ਗਠਨ ਕੀਤਾ (ਮਈ 2017)। ਇਸ ਤੋਂ ਇਲਾਵਾ, ਰਾਜ ਦੇ 14 ਜਿਲ੍ਹਿਆਂ ਵਿੱਚ 391[32] ਬਲੈਕ ਸਪਾਟਸ ਦੀ ਸ਼ਨਾਖਤ[33] ਕੀਤੀ ਗਈ ਸੀ (ਸਤੰਬਰ 2019)।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਐਸ ਐਲ ਈ ਸੀ ਦੇ ਗਠਨ ਦੇ ਬਾਵਜੂਦ ਅਤੇ ਸੜਕ ਸੁਰੱਖਿਆ ਕੰਮਾਂ ਲਈ ਸੀ ਆਰ ਆਈ ਐਫ ਅਧੀਨ ਫੰਡਿੰਗ ਲਈ ਯੋਗ ਸੜਕਾਂ (ਐਸ ਐਚ/ਐਮ ਡੀ ਆਰ/ ਓ ਡੀ ਆਰ) ਤੇ 391 ਬਲੈਕ ਸਪਾਟਸ ਵਿੱਚੋਂ 64 ਸੜਕ ਸੁਰੱਖਿਆ ਕੰਮਾਂ ਲਈ ਕੋਈ ਪ੍ਰਸਤਾਵ ਤਿਆਰ ਨਹੀ ਕੀਤਾ ਗਿਆ ਸੀ। ਅੱਗੇ ਇਹ  ਦੇਖਿਆ ਗਿਆ ਸੀ ਕਿ ਰਾਜ ਵਿੱਚ ਹਾਦਸਿਆਂ ਦੀ ਗਿਣਤੀ 2017 ਵਿੱਚ 6,273 ਤੋਂ ਵਧ ਕੇ 2019[34] ਵਿੱਚ 6,348 ਹੋ ਗਈ।

ਮੁੱਖ ਇੰਜਨੀਅਰ (ਐਨ ਐਚ) ਨੇ ਕਿਹਾ (ਨਵੰਬਰ 2021) ਕਿ ਸੀ ਆਰ ਆਈ ਐਫ ਪ੍ਰਸਤਾਵਾਂ ਦੇ ਅਧੀਨ ਖੇਤਰੀ ਮੰਡਲਾ ਅਤੇ ਸਰਕਲ ਦਫਤਰਾ ਦੁਆਰਾ ਬਲੈਕ ਸਪਾਟਸ ਨੂੰ ਸੁਧਾਰਨ ਦਾ ਕੋਈ ਖਾਸ ਕੰਮ ਪ੍ਰਸਤਾਵਿਤ ਨਹੀ ਕੀਤਾ ਗਿਆ ਸੀ। ਉੱਤਰ ਸਵੀਕਾਰਯੋਗ ਨਹੀ ਹੈ ਕਿਉਂਕਿ ਇਹ ਮੁੱਖ ਇੰਜੀਨੀਅਰ, ਪੀ ਡਬਲਿਯੂ ਡੀ (ਬੀ ਐਂਡ ਆਰ) ਦੀ ਪ੍ਰਧਾਨਗੀ ਹੇਠ ਐਸ ਐਲ ਈ ਸੀ ਸੀ ਜਿਸ ਨੂੰ ਸੜਕ ਸੁਰੱਖਿਆ ਦੇ ਕੰਮਾਂ ਲਈ ਪ੍ਰਸਤਾਵ ਤਿਆਰ ਕਰਨ ਅਤੇ ਪੇਸ਼ ਕਰਨ ਦਾ ਹੁਕਮ ਦਿੱਤਾ ਗਿਆ ਸੀ ਅਤੇ ਨਾ ਕਿ ਮੰਡਲਾਂ ਜਾਂ ਸਰਕਲ ਦਫਤਰਾਂ ਨੂੰ ਅਤੇ ਇਹ ਕਿ ਪੇਂਡੂ ਸੜਕਾਂ ਤੋਂ ਇਲਾਵਾ   ਸਾਰੀਆਂ ਰਾਜ ਸੜਕਾਂ,  ਸੜਕ ਸੁਰੱਖਿਆ ਦੇ ਕੰਮਾਂ ਲਈ ਫੰਡਾਂ ਦੇ ਯੋਗ ਸਨ।

**(ii)** ਇਹ ਵੀ ਦੇਖਿਆ ਗਿਆ ਸੀ ਕਿ ਵਿਭਾਗ ਨੇ ਨਾ ਤਾਂ ₹ 46.35 ਕਰੋੜ (2018-2021 ਦੌਰਾਨ ਸੜਕ ਸੁਰੱਖਿਆ ਕੰਮਾਂ ਲਈ ₹ 463.48 ਕਰੋੜ ਦੀ ਭਾਰਤ ਸਰਕਾਰ ਦੀ ਵੰਡ ਦਾ ਦਸ *ਪ੍ਰਤੀਸ਼ਤ*) ਨੂੰ ਚਿੰਨਤ ਕੀਤਾ ਨਾ ਹੀ 2016-17 ਵਿੱਚ ਭਾਰਤ ਸਰਕਾਰ ਵੱਲੋਂ ਅਲਾਟ ਕੀਤੇ ₹ 33.88 ਕਰੋੜ ਦੀ ਵਰਤੋਂ ਕੀਤੀ। ਮੁੱਖ ਇੰਜਨੀਅਰ ਨੇ ਕਿਹਾ (ਨਵੰਬਰ 2021) ਕਿ ਸੀ ਆਰ ਆਈ ਐਫ ਅਧੀਨ ਫੰਡ ਭਾਰਤ ਸਰਕਾਰ  ਵੱਲੋਂ ਸਿਰਫ ਸਕੀਮ ਅਧੀਨ ਮਨਜ਼ੂਰ ਕੀਤੇ ਕੰਮਾਂ ਲਈ ਹੀ ਮੁਹੱਈਆ ਕਰਵਾਏ ਗਏ ਸਨ। ਉੱਤਰ ਮੰਨਣਯੋਗ ਨਹੀਂ ਹੈ ਕਿਉਂਕਿ ਸੜਕ ਸੁਰੱਖਿਆ ਕੰਮਾਂ ਲਈ ਫਡਿੰਗ ਸੀ ਆਰ ਆਈ ਐਫ ਅਧੀਨ ਮਨਜ਼ੂਰ ਕੀਤੇ ਕੰਮਾਂ ਤੱਕ ਸੀਮਤ ਨਹੀ ਸੀ ਪ੍ਰੰਤੂ ਪੇਂਡੂ ਸੜਕਾਂ ਤੋਂ ਇਲਾਵਾ ਸਾਰੀਆਂ ਰਾਜ ਸੜਕਾਂ ਅਜਿਹੀ ਫੰਡਿਗ ਲਈ ਯੋਗ ਸਨ।

**(iii)** ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪੀ ਡਬਲਿਯੂ ਡੀ ਦੇ ਛੇ ਮੰਡਲਾਂ ***(ਅੰਤਿਕਾ 7.1)*** ਅਧੀਨ ਅੱਠ ਕੰਮਾਂ ਵਿੱਚ ਭਾਵੇਂ ਸੜਕ ਬੁਨਿਆਦੀ ਢਾਂਚੇ ਦੀਆਂ ਆਈਟਮਾਂ ਠੇਕੇਦਾਰਾਂ ਨੂੰ ਅਲਾਟ ਕੀਤੀਆਂ ਗਈਆਂ ਸਨ ਪ੍ਰੰਤੂ ਇਹ ਅਮਲ ਵਿੱਚ ਨਹੀਂ ਲਿਆਂਦਾ ਗਿਆ ਸੀ ਜਿਸ ਨਾਲ ਸੜਕ ਸੁਰੱਖਿਆ ਨਾਲ ਸਮਝੌਤਾ ਹੋਇਆ।

---

32 ਐਨ ਐਚ: 264, ਐਸ ਐਚ/ਓ ਡੀ ਆਰ/ਐਮ ਡੀ ਆਰ: 64 ਐਮ ਸੀ/ਅਥਾਰਟੀ ਸੜਕਾਂ, 54 ਹੋਰ ਸੜਕਾਂ: 9

33 ਪੰਜਾਬ ਦੇ ਵੱਖ-2 ਰਾਜ ਮਾਰਗਾ/ਸੜਕਾਂ ਤੇ ਐਕਸੀਡੈਂਟ ਬਲੈਕ ਸਪਾਟ ਪਛਾਣ ਅਤੇ ਸੁਧਾਰ ਪ੍ਰੋਗਰਾਮ-2019 ਭਾਗ -I ਦੇ ਅਧੀਨ ਪੰਜਾਬ ਦੇ ਸਾਰੇ 22 ਜਿਲ੍ਹਿਆਂ ਨੂੰ ਕਵਰ ਕਰਦੀ ਹੋਈ ਵਿਭਾਗ ਅਤੇ ਇਕ ਪ੍ਰਾਈਵੇਟ ਕੰਪਨੀ ਦੀ ਸਾਂਝੀ ਪਹਿਲਕਦਮੀ।

34 ਸਾਲ 2020 ਦਾ ਡਾਟਾ ਉਪਲਬਧ ਨਹੀਂ ਸੀ।

ਪੰਜ ਈ ਈਜ਼ ਨੇ ਕਿਹਾ (ਅਗਸਤ-ਨਵੰਬਰ 2021) ਕਿ ਪਾਲਣਾ ਕੀਤੀ ਜਾਵੇਗੀ ਜਦੋਂਕਿ ਈ ਈ ਪ੍ਰਾਂਤਕ ਮੰਡਲ ਸੰਗਰੂਰ ਨੇ ਕਿਹਾ (ਨਵੰਬਰ 2021) ਕਿ ਕੰਮ ਸਾਈਟ ਦੀ ਸਥਿਤੀ ਦੇ ਅਨੁਸਾਰ ਕੀਤਾ ਗਿਆ ਸੀ। ਈ ਈ ਸੰਗਰੂਰ ਦਾ ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਕੰਮ ਅਲਾਟ ਕੀਤੇ ਸੜਕ ਬੁਨਿਆਦੀ ਢਾਂਚੇ ਦੀਆਂ ਆਈਟਮਾਂ ਨੂੰ ਅਮਲ ਵਿੱਚ ਲਿਆਉਣ ਤੋਂ ਬਿਨਾਂ ਸਤੰਬਰ 2020 ਵਿੱਚ ਮੁਕੰਮਲ ਕੀਤਾ ਗਿਆ ਸੀ।

## 7.3.3 ਵਿੱਤੀ ਪ੍ਰਬੰਧਨ

### *7.3.3.1 ਰਾਜ ਵੱਲੋ ਵਰਤੋਂ ਸਰਟੀਫਿਕੇਟ ਨਾ ਭੇਜਣ ਕਾਰਣ ਕੇਂਦਰ ਸਰਕਾਰ ਵੱਲੋਂ ਫੰਡ ਜਾਰੀ ਨਾ ਕਰਨਾ*

ਹਰੇਕ ਰਾਜ ਲਈ ਸਲਾਨਾ ਵੰਡ ਦਾ ਇਕ ਤਿਹਾਈ ਹਿੱਸਾ ਮਨਜ਼ੂਰ ਕੀਤੇ ਕੰਮਾਂ ਦੇ ਵਿਰੁੱਧ ਵਰਤੋ ਲਈ ਸਬੰਧਤ ਕਾਰਜਕਾਰੀ ਏਜੰਸੀ ਦੀ ਸਪੁਰਦਗੀ ਤੇ ਰੱਖਿਆ ਜਾਦਾ ਹੈ ਅਤੇ ਬਾਅਦ ਦੀਆਂ ਕਿਸ਼ਤਾਂ ਕੰਮਾਂ ਦੀ ਪ੍ਰਗਤੀ , ਅਸਲ ਖਰਚੇ ਅਤੇ ਵਰਤੋਂ ਸਰਟੀਫਿਕੇਟ (ਯੂ ਸੀਜ਼) ਜਮ੍ਹਾਂ ਕਰਨ ਦੇ ਅਧਾਰ ਤੇ ਜਾਰੀ ਕੀਤੀਆਂ ਜਾਦੀਆਂ ਹਨ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ₹ 323.62 ਕਰੋੜ[35] (ਮਾਰਚ 2018) ਪੰਜਾਬ ਸਰਕਾਰ ਦੁਆਰਾ ਭਾਰਤ ਸਰਕਾਰ ਨੂੰ ਯੂ ਸੀਜ਼ ਜਮ੍ਹਾਂ ਕਰਨ ਵਿੱਚ ਦੇਰੀ ਕਾਰਨ ਪਿਛਲੇ ਸਾਲਾ ਦੀ ਵੰਡ ਵਿੱਚੋਂ ਭਾਰਤ ਸਰਕਾਰ ਕੋਲ ਬਿਨਾ ਜਾਰੀ ਕੀਤੇ ਪਏ ਸਨ। ਮਾਰਚ 2021 ਵਿੱਚ ਇਹ ਨਾ-ਜਾਰੀ ਕੀਤੇ ਗਏ ਫੰਡ ਵੱਧ ਕੇ ₹ 428.78 ਕਰੋੜ[36] ਹੋ ਗਏ।

### *7.3.3.2 ਰਾਜ ਵੱਲੋਂ ਪੀ ਡਬਲਿਯੂ ਡੀ ਨੂੰ ਦੇਰੀ ਨਾਲ ਫੰਡ ਜਾਰੀ ਕਰਨ ਦੇ ਕਾਰਣ ਵਿਆਜ ਦਾ ਵਾਧੂ ਬੋਝ ਪਿਆ*

ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੁਆਰਾ ਪ੍ਰਸਾਰਿਤ ਸੀ ਆਰ ਆਈ ਐਫ ਅਧੀਨ ਰਾਜ ਦੀਆਂ ਸੜਕਾ ਦੇ ਵਿਕਾਸ ਲਈ ਫੰਡਾਂ ਦੀ ਵੰਡ ਦੇ ਮਾਪਦੰਡਾਂ ਦਾ ਇੱਕ ਪੈਰ੍ਹਾ 3(ix) ਦੇ ਓ ਐਮ ਮਿਤੀ 31 ਜਨਵਰੀ 2020 ਦੇ ਅਨੁਸਾਰ ਰਾਜ ਸਰਕਾਰ ਭਾਰਤ ਸਰਕਾਰ ਕੋਲੋ ਪ੍ਰਾਪਤ ਹੋਏ ਸੀ ਆਰ ਆਈ ਐਫ ਫੰਡ ਕਾਰਜਕਾਰੀ ਏਜੰਸੀ ਭਾਵ ਪੀ ਡਬਲਿਯੂ ਡੀ ਨੂੰ ਭਾਰਤ ਸਰਕਾਰ ਦੁਆਰਾ ਅਜਿਹੇ ਫੰਡ ਜਾਰੀ ਕਰਨ ਦੇ ਸੱਤ ਦਿਨਾਂ ਦੇ ਅੰਦਰ ਹਰ ਤਿਮਾਹੀ ਵਿੱਚ ਜਾਰੀ ਕਰੇਗੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਦਸ ਚੁਣੇ ਹੋਏ ਮੰਡਲਾਂ ਵਿੱਚੋਂ ਸੱਤ ਵਿੱਚ ਰਾਜ ਸਰਕਾਰ ਦੁਆਰਾ ₹ 118.30 ਕਰੋੜ ***(ਅੰਤਿਕਾ 7.2)*** ਇੱਕ ਮਹੀਨੇ ਅਤੇ 11 ਮਹੀਨਿਆਂ ਦੀ ਦੇਰੀ ਤੋਂ ਬਾਅਦ ਕਾਰਜਕਾਰੀ ਏਜੰਸੀ ਨੂੰ ਜਾਰੀ ਕੀਤੇ ਗਏ ਸਨ। ਦੇਰੀ ਦੇ ਕਾਰਨ ਤਿੰਨ ਮੰਡਲਾਂ[37] ***(ਅੰਤਿਕਾ 7.3)***

---

[35] ₹ 557.60 ਕਰੋੜ (2016-17) ਦੇ ਪ੍ਰਵਾਨਿਤ ਪ੍ਰੋਜੈਕਟਾਂ ਦੇ ਵਿਰੁੱਧ 2016-18 ਦੌਰਾਨ ₹ 233.98 ਕਰੋੜ ਜਾਰੀ ਕੀਤੇ ਗਏ ਸਨ।

[36] ₹ 999.44 ਕਰੋੜ (31.3.2018 ਨੂੰ ਬਕਾਇਆ: ₹ 323.62 ਕਰੋੜ ਅਤੇ ਜਮ੍ਹਾ 2018-21 ਦੌਰਾਨ ਪ੍ਰਵਾਨਿਤ ਪ੍ਰੋਜੈਕਟ ਦੀ ਲਾਗਤ : ₹ 675.82 ਕਰੋੜ) ਘਟਾਓ ₹ 570.66 ਕਰੋੜ (ਭਾਰਤ ਸਰਕਾਰ ਦੁਆਰਾ ਜਾਰੀ ਕੀਤੀ ਗਈ ਰਾਸ਼ੀ)।

[37] (i) ਨਿਰਮਾਣ ਮੰਡਲ, ਰੂਪਨਗਰ; (ii) ਨਿਰਮਾਣ ਮੰਡਲ, ਮੁਕੇਰੀਆਂ; ਅਤੇ (iii) ਪ੍ਰਾਂਤਕ ਮੰਡਲ, ਐਸ ਬੀ ਐਸ ਨਗਰ।

ਅਧੀਨ ਤਿੰਨ ਕੰਮਾਂ ਦੇ ਸਬੰਧ ਵਿੱਚ ਠੇਕੇਦਾਰਾਂ ਦੇ ਬਿੱਲਾਂ 'ਤੇ ਵਿਆਜ ਵਜੋਂ ₹ 1.84 ਕਰੋੜ ਦਾ ਭੁਗਤਾਨ ਕੀਤਾ ਗਿਆ ਸੀ।

ਸੀ ਈ ਨੇ ਕਿਹਾ (ਜੁਲਾਈ 2021) ਕਿ ਵਿੱਤ ਵਿਭਾਗ ਤੋਂ ਪ੍ਰਾਪਤ ਹੋਣ ਤੇ ਮੰਡਲਾਂ ਨੂੰ ਫੰਡ ਤੁਰੰਤ ਜਾਰੀ ਕੀਤੇ ਗਏ ਸਨ। ਵਿੱਤ ਵਿਭਾਗ ਨੇ ਕੋਈ ਜਵਾਬ ਨਹੀਂ ਦਿੱਤਾ। ਵਿਆਜ ਦੇ ਭੁਗਤਾਨ ਦੇ ਸਬੰਧ ਵਿੱਚ, ਈ ਈਜ਼ ਨੇ ਕਿਹਾ (ਸਤੰਬਰ-ਅਕਤੂਬਰ 2021) ਕਿ ਵਿਆਜ ਦਾ ਭੁਗਤਾਨ ਠੇਕੇਦਾਰਾਂ ਨਾਲ ਹੋਏ ਸਮਝੌਤਿਆਂ ਅਨੁਸਾਰ ਕੀਤਾ ਗਿਆ ਸੀ। ਉੱਤਰ ਸਵੀਕਾਰਯੋਗ ਨਹੀਂ ਸਨ ਕਿਉਂਕਿ ਕੇਂਦਰੀ ਫੰਡ ਜਾਰੀ ਕਰਨ ਵਿੱਚ ਦੇਰੀ ਨਾਲ ₹ 1.84 ਕਰੋੜ ਦੇ ਵਿਆਜ ਦਾ ਵਾਧੂ ਬੋਝ ਪਿਆ।

#### *7.3.3.3 ਵਰਤੋਂ ਸਰਟੀਫਿਕੇਟ ਦੇਰੀ ਨਾਲ/ਨਾ ਜਮ੍ਹਾਂ ਕਰਵਾਉਣਾ*

ਨਿਯਮਾਵਲੀ 2014 ਦਾ ਨਿਯਮ 8(1) (ਬੀ) ਵਿਵਸਥਾ ਕਰਦਾ ਹੈ ਕਿ ਕਾਰਜਕਾਰੀ ਏਜੰਸੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨੂੰ ਨਿਰਧਾਰਤ ਪ੍ਰੋਫਾਰਮੇ ਵਿੱਚ ਮਹੀਨਾਵਾਰ ਖਰਚੇ ਦੀ ਰਿਪੋਰਟ ਦੇ ਨਾਲ ਯੂ ਸੀਜ਼, ਤਿਮਾਹੀ ਪ੍ਰਗਤੀ ਰਿਪੋਰਟ ਪੇਸ਼ ਕਰੇਗੀ।

ਲੇਖਾ ਪ੍ਰੀਖਿਆ ਨੇ ਦੇਖਿਆ (ਅਗਸਤ ਤੋਂ ਨਵੰਬਰ 2021) ਕਿ 2018-21 ਦੌਰਾਨ ਕਾਰਜਕਾਰੀ ਏਜੰਸੀ ਨੇ ਲੋੜੀਂਦੇ 12 ਤਿਮਾਹੀ ਯੂ ਸੀਜ਼ ਦੇ ਵਿਰੁੱਧ ਭਾਰਤ ਸਰਕਾਰ ਨੂੰ ਸਿਰਫ ਨੌਂ ਯੂ ਸੀਜ਼ ਜਮ੍ਹਾ ਕਰਵਾਏ ਉਹ ਵੀ 17 ਅਤੇ 125 ਦਿਨਾਂ ਦੀ ਰੇਂਜ਼ ਵਿਚਕਾਰ ਦੇਰੀ ਨਾਲ।

ਇਸ ਤੋਂ ਇਲਾਵਾ ₹ 130.89 ਕਰੋੜ[38] ਦੀ ਪ੍ਰਾਪਤੀ ਦੇ ਵਿਰੁੱਧ ₹ 107.73 ਕਰੋੜ ਲਈ ਸੀ ਈ ਨੂੰ ਦਸ ਚੁਣੇ ਹੋਏ ਮੰਡਲਾਂ ਵਿੱਚੋਂ ਸੱਤ ਨੇ ਯੂ ਸੀਜ਼ ਜਮ੍ਹਾ ਕਰਾਏ ਅਤੇ ਉਹ ਵੀ ਚਾਰ ਤੋਂ 68 ਮਹੀਨਿਆਂ ਦੀ ਦੇਰੀ ਨਾਲ *(ਅੰਤਿਕਾ 7.4)* । ਦੋ ਮੰਡਲਾਂ ਨੇ ₹ 61.78 ਕਰੋੜ[39] ਦੇ ਯੂ ਸੀਜ਼ ਜਮ੍ਹਾਂ ਨਹੀਂ ਕਰਵਾਏ ਜਦੋਂਕਿ ਨਿਰਮਾਣ ਮੰਡਲ ਨੰਬਰ 2 ਅੰਮ੍ਰਿਤਸਰ ਨੇ ਜਾਣਕਾਰੀ ਨਹੀਂ ਦਿੱਤੀ। ਯੂ ਸੀ ਦੀ ਦੇਰੀ ਨਾਲ/ਨਾ/ ਘੱਟ ਜਮ੍ਹਾਂ ਕਰਵਾਉਣ ਲਈ ਈ ਈਜ਼ ਅਤੇ ਸੀ ਈ ਦੇ ਜਵਾਬਾਂ ਦੀ ਉਡੀਕ ਸੀ (ਨਵੰਬਰ 2022)।

### 7.3.4 ਲਾਗੂਕਰਣ

#### *7.3.4.1 ਸੀ ਆਰ ਆਈ ਐਫ ਨਿਯਮਾਂ ਅਧੀਨ ਕਵਰ ਨਾ ਕੀਤੇ ਗਏ ਕੰਮਾਂ ਤੇ ਖਰਚਾ*

ਸੀ ਆਰ ਆਈ ਐਫ ਨਿਯਮਾਵਲੀ, 2014 ਦਾ ਨਿਯਮ 7 (2) ਇਹ ਵਿਵਸਥਾ ਕਰਦਾ ਹੈ ਕਿ ਸਿਰਫ ਸ਼ਨਾਖਤ ਕੀਤੇ ਗਏ ਕੰਮਾਂ ਨੂੰ ਅਮਲ ਵਿੱਚ ਲਿਆਇਆ ਜਾਵੇਗਾ ਜਿਨ੍ਹਾਂ ਲਈ ਭਾਰਤ ਸਰਕਾਰ ਨੇ ਕਾਰਜਕਾਰੀ ਏਜੰਸੀਆਂ ਦੁਆਰਾ ਅੱਗੇ ਭੇਜੇ ਗਏ ਵੇਰਵਿਆ ਦੇ ਅਧਾਰ ਤੇ ਪ੍ਰਸ਼ਾਸ਼ਨਿਕ ਪ੍ਰਵਾਨਗੀ (ਏ ਏ) ਦਿੱਤੀ ਹੈ। ਨਿਯਮ 7(8) ਵਿਵਸਥਾ ਕਰਦਾ ਹੈ ਕਿ ਭਾਰਤ ਸਰਕਾਰ ਦੁਆਰਾ ਸੰਸ਼ੋਧਿਤ ਅਨੁਮਾਨ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

---

[38] ਚਾਰ ਮੰਡਲਾਂ ਨੇ ₹ 23.16 ਕਰੋੜ ਦੀ ਘੱਟ ਰਾਸ਼ੀ ਦੇ ਯੂ ਸੀਜ਼ ਜਮ੍ਹਾਂ ਕਰਵਾਏ-(i) ਨਿਰਮਾਣ ਮੰਡਲ ਨੰ. 1 ਅੰਮ੍ਰਿਤਸਰ (₹ 15.10 ਕਰੋੜ), (ii) ਕੇਂਦਰੀ ਕਾਰਜ ਮੰਡਲ ਨੰ. 2 ਅੰਮ੍ਰਿਤਸਰ (₹ 3.09 ਕਰੋੜ); (iii) ਪ੍ਰਾਂਤਕ ਮੰਡਲ, ਸੰਗਰੂਰ (₹ 3.53) ਕਰੋੜ; ਅਤੇ (iv) ਪ੍ਰਾਂਤਕ ਮੰਡਲ, ਅੰਮ੍ਰਿਤਸਰ (₹ 1.44 ਕਰੋੜ)।

[39] (i) ਪ੍ਰਾਂਤਕ ਮੰਡਲ, ਬਠਿੰਡਾ (₹ 32.75 ਕਰੋੜ) ਅਤੇ (ii) ਪ੍ਰਾਂਤਕ ਮੰਡਲ, ਐਸ ਬੀ ਐਸ ਨਗਰ (₹ 29.03 ਕਰੋੜ)।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਤਿੰਨ[40] ਮੰਡਲਾਂ ਨੇ 10.85 ਕਿਲੋਮੀਟਰ ਦੀ ਲੰਬਾਈ *(ਅੰਤਿਕਾ 7.5)* ਜੋੜ ਕੇ ਤਿੰਨ ਸੜਕਾਂ ਅਲਾਟ ਕੀਤੀਆਂ ਜੋ ਭਾਰਤ ਸਰਕਾਰ ਦੁਆਰਾ ਦਿੱਤੇ ਏ ਏ ਦਾ ਹਿੱਸਾ ਨਹੀਂ ਸਨ ਅਤੇ ਇਸ ਵਾਧੂ ਲੰਬਾਈ 'ਤੇ ₹ 18.74 ਕਰੋੜ ਖਰਚ ਕੀਤੇ। ਈ ਈ ਨਿਰਮਾਣ ਮੰਡਲ, ਰੂਪਨਗਰ ਨੇ ਕਿਹਾ (ਅਕਤੂਬਰ 2021) ਕਿ ਕੰਮ ਸਮਰੱਥ ਅਥਾਰਟੀ ਤੋਂ ਮਨਜ਼ੂਰੀ ਪ੍ਰਾਪਤ ਕਰਨ ਤੋਂ ਬਾਅਦ ਕੀਤਾ ਗਿਆ ਸੀ, ਜਦੋਂ ਕਿ ਦੋ[41] ਈ ਈ ਨੇ ਖਾਸ ਜਵਾਬ ਨਹੀਂ ਦਿੱਤਾ। ਈ ਈ ਰੂਪਨਗਰ ਦਾ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਸੜਕ ਦੀ ਵਾਧੂ ਲੰਬਾਈ ਏ ਏ ਵਿੱਚ ਕਵਰ ਨਹੀਂ ਸੀ। ਇਸ ਤਰ੍ਹਾ ਵਾਧੂ ਲੰਬਾਈ ਤੇ ਕੀਤੇ ਗਏ ₹ 18.74 ਕਰੋੜ ਦੇ ਖਰਚੇ ਨੂੰ ਸੀ ਆਰ ਆਈ ਐਫ ਨਿਯਮਾਂ ਅਧੀਨ ਕਵਰ ਨਹੀਂ ਕੀਤਾ ਗਿਆ ਸੀ।

### *7.3.4.2 ਟੈਂਡਰ ਅਵਾਰਡ ਕਰਨ ਤੋਂ ਬਾਅਦ ਕੰਮਾਂ ਦਾ ਅਨਿਯਮਤ ਵਾਧਾ*

ਪੀ ਡਬਲਿਯੂ ਡੀ ਮੈਨੂਅਲ ਆਫ ਆਡਰਜ਼ ਦਾ ਪੈਰ੍ਹਾ 6.11 (vi) ਕਿਸੇ ਪ੍ਰੋਜੈਕਟ ਨੂੰ ਤਿਆਰ ਕਰਨ ਤੋਂ ਪਹਿਲਾਂ ਵੱਧ ਤੋਂ ਵੱਧ ਧਿਆਨਪੂਰਵਕ ਮੁੱਢਲੀ ਜਾਂਚ ਲਈ ਵਿਵਸਥਾ ਕਰਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਨੁਮਾਨ, ਜਿੰਨਾ ਸੰਭਵ ਹੋ ਸਕੇ ਪੂਰਾ ਕੀਤਾ ਗਿਆ ਹੈ, ਅਸਲ ਤੋਂ ਵੱਧ ਹੋਣ ਅਤੇ ਅਨੁਮਾਨ ਸੋਧਣ ਦੀ ਲੋੜ ਤੋਂ ਬਚਣ ਲਈ ਬਣਾਇਆ ਗਿਆ ਹੈ। ਪੰਜਾਬ ਸਰਕਾਰ ਲੋਕ ਨਿਰਮਾਣ ਵਿਭਾਗ ਨੇ ਸਾਰੇ ਮੁੱਖ ਇੰਜੀਨੀਅਰਾਂ/ਨਿਗਰਾਨ ਇੰਜਨੀਅਰਾਂ/ਕਾਰਜਕਰੀ ਇੰਜਨੀਅਰਾਂ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ (ਅਗਸਤ 2011) ਦਿੱਤੇ ਹਨ ਕਿ ਟੈਂਡਰ ਅਵਾਰਡ ਕਰਨ ਤੋਂ ਬਾਅਦ ਕੰਮਾਂ ਦੀ ਲਾਗਤ ਵਿੱਚ ਵੱਡੇ ਵਾਧੇ ਵਾਲੇ ਕੰਮ ਦੇ ਦਾਇਰੇ ਜਾਂ ਵਿਸ਼ੇਸਤਾਵਾਂ ਵਿੱਚ ਕੋਈ ਤਬਦੀਲੀ ਨਾ ਕੀਤੀ ਜਾਵੇ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪੰਜ ਮੰਡਲਾਂ ਵਿੱਚ ਚੁਣੇ ਗਏ 17 ਕੰਮਾਂ ਵਿੱਚੋਂ ਪੰਜ (29 *ਪ੍ਰਤੀਸ਼ਤ*) ਵਿੱਚ ਪੈਰ੍ਹਾ 6.11 (vi) ਅਤੇ ਪੰਜਾਬ ਸਰਕਾਰ ਦੀਆਂ ਅਗਸਤ 2011 ਦੀਆਂ ਹਦਾਇਤਾਂ ਦੀ ਉਲੰਘਣਾ ਕਰਕੇ ਅਲਾਟ ਕੀਤੇ ਜਾਣ ਤੋਂ ਬਾਅਦ ਕੰਮਾਂ ਦਾ ਦਾਇਰਾ ਮਹਤਵੱਪੂਰਣ ਤੌਰ ਤੇ (28 ਤੋਂ 40 *ਪ੍ਰਤੀਸ਼ਤ)* ਵਧਿਆ[42] *(ਅੰਤਿਕਾ 7.6)* ਸੀ ਜਿਸ ਨਾਲ ਕੰਮਾਂ ਦੀ ਲਾਗਤ ਵਿੱਚ ₹ 36.09 ਕਰੋੜ ਦਾ ਵਾਧਾ ਹੋਇਆ। ਪ੍ਰਾਂਤਕ ਮੰਡਲ, ਸੰਗਰੂਰ ਦੇ ਇਕ ਹੋਰ ਕੰਮ ਵਿੱਚ ਅਲਾਟਮੈਂਟ ਤੋਂ ਬਾਅਦ ਵੱਖ-ਵੱਖ ਆਈਟਮਾਂ 46 ਤੋਂ 655 *ਪ੍ਰਤੀਸ਼ਤ* ਵਧ ਗਈਆਂ ਸਨ।

ਤਿੰਨ ਈ ਈਜ਼[43] ਨੇ ਸਪਸ਼ਟ ਜਵਾਬ ਨਹੀਂ ਦਿੱਤੇ ਜਦੋਂਕਿ ਤਿੰਨ ਈ ਈਜ਼[44] ਨੇ ਕਿਹਾ ਕਿ ਕੰਮ ਦੇ ਦਾਇਰੇ ਵਿੱਚ ਤਬਦੀਲੀ ਨੂੰ ਸਮਰੱਥ ਅਥਾਰਟੀ ਦੁਆਰਾ ਮੰਨਜ਼ੂਰੀ ਦਿੱਤੀ ਗਈ ਸੀ। ਉੱਤਰ ਸਵੀਕਾਰਯੋਗ ਨਹੀਂ ਸਨ ਕਿਉਂਕਿ ਟੈਂਡਰ ਅਵਾਰਡ ਕਰਨ ਤੋਂ ਬਾਅਦ ਕੰਮ ਦੇ ਦਾਇਰੇ ਵਿੱਚ

---

[40] (i) ਨਿਰਮਾਣ ਮੰਡਲ, ਰੂਪਨਗਰ, (ii) ਕੇਂਦਰੀ ਕਾਰਜ ਮੰਡਲ ਨੰਬਰ 2 ਅੰਮ੍ਰਿਤਸਰ, ਅਤੇ (iii) ਪ੍ਰਾਂਤਕ ਮੰਡਲ, ਸੰਗਰੂਰ।

[41] (i) ਕੇਂਦਰੀ ਕਾਰਜ ਮੰਡਲ ਨੰਬਰ 2 ਅੰਮ੍ਰਿਤਸਰ; (ii) ਪ੍ਰਾਂਤਕ ਮੰਡਲ, ਸੰਗਰੂਰ।

[42] ਕੈਰੇਜਵੇਅ ਦੀ ਚੌੜਾਈ ਵਿੱਚ ਵਾਧਾ, ਕੰਢਿਆ ਦੀ ਮਾਤਰਾ ਵਿੱਚ ਵਾਧਾ, ਦਾਣੇਦਾਰ ਸਬ-ਬੇਸ, ਵਾਟਰ ਮਿਕਸ ਮੈਕਾਡਮ, ਸੰਘਣੀ ਗ੍ਰੇਡ ਬਿਟੂਮਿਨਸ ਮੈਕਾਡਮ, ਬਿਟੂਮਿਨਸ ਕੰਕਰੀਟ, ਆਦਿ।

[43] (i) ਨਿਰਮਾਣ ਮੰਡਲ ਨੰਬਰ 2, ਅੰਮ੍ਰਿਤਸਰ; (ii) ਕੇਂਦਰੀ ਕਾਰਜ ਮੰਡਲ ਨੰਬਰ 2, ਅੰਮ੍ਰਿਤਸਰ; ਅਤੇ (iii) ਪ੍ਰਾਂਤਕ ਮੰਡਲ, ਅੰਮ੍ਰਿਤਸਰ।

[44] (i) ਨਿਰਮਾਣ ਮੰਡਲ ਨੰਬਰ 1, ਅੰਮ੍ਰਿਤਸਰ; (ii) ਪ੍ਰਾਂਤਕ ਮੰਡਲ, ਸੰਗਰੂਰ; ਅਤੇ (iii) ਪ੍ਰਾਂਤਕ ਮੰਡਲ, ਐਸ ਬੀ ਐਸ ਨਗਰ।

ਤਬਦੀਲੀ ਉਪਰੋਕਤ ਉਪੰਬਧਾਂ ਦੀ ਉਲੰਘਣਾ ਸੀ ਅਤੇ ਸੰਕੇਤ ਦਿੱਤਾ ਕਿ ਭਾਰਤ ਸਰਕਾਰ ਨੂੰ ਭੇਜੇ ਗਏ ਅਨੁਮਾਨ ਜਿਨ੍ਹਾਂ ਦੇ ਅਧਾਰ ਤੇ ਕੰਮਾਂ ਨੂੰ ਮਨਜ਼ੂਰੀ ਦਿੱਤੀ ਗਈ ਸੀ, ਉਹ ਧਿਆਨਪੂਰਵਕ ਮੁੱਢਲੀ ਜਾਂਚ ਤੋਂ ਬਾਅਦ ਤਿਆਰ ਨਹੀਂ ਕੀਤੇ ਗਏ ਸਨ।

### *7.3.4.3 ਸੀ ਆਈ ਆਰ ਐਫ ਨਿਯਮਾਂ ਵਿੱਚ ਤੈਅ ਸਮੇਂ ਦੀ ਮਿਆਦ ਤੋਂ ਪਰੇ ਕੰਮਾਂ ਨੂੰ ਪੂਰਾ ਕਰਨ/ ਪ੍ਰਵਾਨਗੀ ਵਿੱਚ ਦੇਰੀ*

ਸੀ ਆਰ ਆਈ ਐਫ ਨਿਯਮਾਵਲੀ, 2014 ਦਾ ਨਿਯਮ 7(10) ਇਹ ਵਿਵਸਥਾ ਕਰਦਾ ਹੈ ਕਿ ਪ੍ਰੋਜੈਕਟ ਦੇ ਮੁਕੰਮਲ ਹੋਣ ਦੀ ਮਿਆਦ 24 ਮਹੀਨਿਆਂ ਤੋਂ ਵੱਧ ਨਹੀਂ ਹੋਣੀ ਚਾਹੀਦੀ ਜਦੋਂ ਤੱਕ ਭਾਰਤ ਸਰਕਾਰ ਵੱਲੋਂ ਇਜ਼ਾਜਤ ਨਹੀਂ ਦਿੱਤੀ ਜਾਂਦੀ। ਨਿਯਮਾਂ ਦਾ ਪੈਰ੍ਹਾ 6(5)(x) ਅੱਗੇ ਵਿਵਸਥਾ ਕਰਦਾ ਹੈ ਕਿ ਭਾਰਤ ਸਰਕਾਰ ਨੂੰ ਪ੍ਰੋਜੈਕਟਾਂ ਦੇ ਪ੍ਰਸਤਾਵ ਵਿੱਚ ਪੂਰੀ ਭਾਰਮੁਕਤ ਜ਼ਮੀਨ ਦੀ ਉਪਲੱਬਧਤਾ ਦੇ ਸਬੰਧ ਵਿੱਚ ਇਕ ਸਰਟੀਫੀਕੇਟ ਸ਼ਾਮਲ ਹੋਵੇਗਾ। ਨਿਯਮਾਵਲੀ ਦਾ ਪੈਰ੍ਹਾ 7(4) ਵਿਵਸਥਾ ਕਰਦਾ ਹੈ ਕਿ ਕਾਰਜਕਾਰੀ ਏਜੰਸੀ ਇਹ ਯਕੀਨੀ ਬਣਾਏਗੀ ਕਿ ਹਰ ਇੱਕ ਪ੍ਰੋਜੈਕਟ ਨੂੰ ਕੰਮ ਦੀ ਮਨਜ਼ੂਰੀ ਦੀ ਮਿਤੀ ਤੋਂ ਚਾਰ ਮਹੀਨਿਆਂ ਦੇ ਸਮੇਂ ਦੇ ਅੰਦਰ ਤਕਨੀਕੀ/ਵਿੱਤੀ ਮਨਜ਼ੂਰੀ ਦਿੱਤੀ ਜਾਵੇ, ਜਿਸ ਵਿੱਚ ਅਸਫਲ ਰਹਿਣ ਤੇ ਕੰਮ ਨੂੰ ਗੈਰ-ਮਨਜ਼ੂਰ ਹੋਇਆ ਮੰਨਿਆ ਜਾਵੇਗਾ।

**(i)** 2018-2021 ਦੌਰਾਨ 75 ਕੰਮ ਪੂਰੇ/ਪ੍ਰਗਤੀ ਅਧੀਨ ਸਨ। ਲੇਖਾ ਪ੍ਰੀਖਿਆ ਨੇ ਦੇਖਿਆ ਕਿ 75 ਕੰਮਾਂ ਵਿੱਚੋਂ 62 ਵਿੱਚ 8 ਅਤੇ 54 ਮਹੀਨਿਆਂ ਦੀ ਰੇਂਜ਼ ਵਿਚਕਾਰ ਦੇਰੀ ਹੋਈ ਸੀ। 62 ਵਿਚੋਂ ਕੇਵਲ 37 ਕੰਮ ਪੂਰੇ ਕੀਤੇ ਗਏ ਸਨ ਉਹ ਵੀ ਨਿਰਧਾਰਤ ਮੁਕੰਮਲ ਹੋਣ ਦੀ ਮਿਤੀ ਤੋਂ ਬਾਅਦ ਅੱਠ ਅਤੇ 47 ਮਹੀਨਿਆਂ ਦੀ ਦੇਰੀ ਨਾਲ ਹੋਏ ਸਨ। ਇਹਨਾਂ 37 ਕੰਮਾਂ ਵਿੱਚੋਂ 22 ਵਿੱਚ ਸੀ ਆਰ ਆਈ ਐਫ ਨਿਯਮਾਵਲੀ 2014 ਦੇ ਨਿਯਮ 7 (10) ਦੀ ਅਣਦੇਖੀ ਵਿੱਚ 24 ਮਹੀਨਿਆਂ ਤੋਂ ਵੱਧ ਦੀ ਦੇਰੀ ਸੀ। ਭਾਰਤ ਸਰਕਾਰ ਦੁਆਰਾ 24 ਮਹੀਨਿਆਂ ਤੋਂ ਵੱਧ ਦੇ ਸਮੇਂ ਵਾਧੇ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਸੀ ਆਰ ਆਈ ਐਫ ਤੋਂ ₹ 434.51 ਕਰੋੜ ਦਾ ਕੀਤਾ ਖਰਚਾ ਅਨਿਯਮਤ ਸੀ *(ਅੰਤਿਕਾ 7.7)*।

**(ii)** ਪੰਜ ਚੁਣੇ ਹੋਏ ਕੰਮਾਂ ***(ਅੰਤਿਕਾ 7.8)*** ਵਿੱਚ ਦੇਰੀ ਠੇਕੇਦਾਰ ਨੂੰ ਭਾਰ ਮੁਕਤ ਸਾਈਟ ਪ੍ਰਦਾਨ ਨਾ ਕੀਤੇ ਜਾਣ ਕਾਰਨ ਹੋਈ। ਨਤੀਜੇ ਵਜੋਂ ਠੇਕੇਦਾਰਾਂ ਨੂੰ ₹ 8.65 ਕਰੋੜ ਦੀ ਕੀਮਤ ਸਮਾਯੋਜਨ ਦੀ ਅਦਾਇਗੀ ਕੀਤੀ ਗਈ ਸੀ।

**(iii)** ਕੰਮਾਂ ਨੂੰ ਨੇਪਰੇ ਚਾੜਨ ਵਿੱਚ ਦੇਰੀ ਕਾਰਣ, ਦਸੰਬਰ 2016 ਤੋਂ ਸਤੰਬਰ 2020 ਦੌਰਾਨ ਚਾਰ ਮੰਡਲਾਂ ***(ਅੰਤਿਕਾ 7.9)*** ਦੁਆਰਾ ਠੇਕੇਦਾਰਾਂ ਨੂੰ ₹ 8.47 ਕਰੋੜ ਦੀ ਸਕਿਓਰਡ ਅਡਵਾਂਸ ਦੀ ਅਦਾਇਗੀ ਕੀਤੀ, ਵਿਭਾਗ ₹ 4.63 ਕਰੋੜ ਅਣਵਸੂਲੇ ਛੱਡਦੇ ਹੋਏ ਸਿਰਫ ₹ 3.84 ਕਰੋੜ ਹੀ ਵਸੂਲ ਕਰ ਸਕਿਆ (ਨਵੰਬਰ 2021) ਜਿਸ ਦੇ ਨਤੀਜੇ ਵਜੋਂ 23 ਅਤੇ 59 ਮਹੀਨਿਆਂ ਦੇ ਸਮੇਂ ਲਈ ਸੀ ਆਰ ਆਈ ਐਫ ਫੰਡ ਬਲਾਕ ਹੋ ਗਏ।

**(iv)** ਵਿਭਾਗ ਨੇ 45 ਕੰਮਾਂ ***(ਅੰਤਿਕਾ 7.10)*** 'ਤੇ ₹ 321.29 ਕਰੋੜ (ਨਵੰਬਰ 2021 ਤੱਕ) ਖਰਚ ਕੀਤੇ ਸਨ ਜਿਨ੍ਹਾਂ ਲਈ ਚਾਰ ਮਹੀਨਿਆਂ ਦੇ ਨਿਰਧਾਰਤ ਸਮੇਂ ਦੇ ਅੰਦਰ ਸਮਰੱਥ ਅਥਾਰਟੀ

ਦੁਆਰਾ ਤਕਨੀਕੀ ਮਨਜ਼ੂਰੀਆਂ ਨਹੀਂ ਦਿੱਤੀਆਂ ਗਈਆਂ ਸਨ। ਇਨ੍ਹਾਂ 45 ਕੰਮਾਂ ਵਿੱਚੋਂ ਛੇ ਨੂੰ ਨਵੰਬਰ 2021 ਤੱਕ ਤਕਨੀਕੀ ਤੌਰ ਤੇ ਮਨਜ਼ੂਰੀ ਨਹੀਂ ਦਿੱਤੀ ਗਈ ਸੀ ਅਤੇ ਵਿਭਾਗ ਨੇ ਇਨ੍ਹਾਂ ਕੰਮਾਂ ਤੇ ₹ 25.50 ਕਰੋੜ ਖਰਚ ਕੀਤੇ ਸਨ ***(ਅੰਤਿਕਾ 7.10 (ਲੜੀ ਨੰ 40 ਤੋਂ 45))*** । ਸੀ ਆਰ ਆਈ ਐਫ ਨਿਯਮਾਂ ਅਨੁਸਾਰ, ਇਹ ਸਾਰੇ 45 ਕੰਮ ਮਨਜ਼ੂਰ ਨਹੀਂ ਸਨ, ਇਸ ਤਰ੍ਹਾਂ ₹ 321.29 ਕਰੋੜ ਦਾ ਖਰਚਾ ਅਨਿਯਮਤ ਸੀ।

ਈ ਈਜ਼ ਨੇ ਕਿਹਾ (ਅਗਸਤ-ਨਵੰਬਰ 2021) ਕਿ ਦੇਰੀ ਫੰਡਾਂ ਦੀ ਘਾਟ ਅਤੇ ਠੇਕੇਦਾਰਾਂ ਨੂੰ ਰੁਕਾਵਟ ਰਹਿਤ ਜ਼ਮੀਨ ਪ੍ਰਦਾਨ ਕਰਨ ਵਿੱਚ ਦੇਰੀ ਕਾਰਨ ਹੋਈ ਸੀ । ਉੱਤਰ ਸਵੀਕਾਰਯੋਗ ਨਹੀਂ ਸੀ ਕਿਉਂਕਿ ਭਾਰਤ ਸਰਕਾਰ ਨੂੰ ਪ੍ਰਸਤਾਵ ਭੇਜਣ ਸਮੇਂ ਵਿਭਾਗ ਨੂੰ ਰੁਕਾਵਟ ਰਹਿਤ ਸਾਈਟ ਨੂੰ ਯਕੀਨੀ ਬਣਾਉਣ ਦੀ ਲੋੜ ਸੀ। ਸੀ ਏ ਨੇ ਕਿਹਾ (ਨਵੰਬਰ 2021) ਕਿ ਕੰਮ ਪ੍ਰਬੰਧਕੀ ਕਾਰਣਾਂ ਕਰਕੇ ਅਤੇ ਕੋਵਿਡ-19 ਕਾਰਨ ਦੇਰੀ ਨਾਲ ਹੋਏ ਸਨ। ਸੀ ਈ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ 2016-17 ਨਾਲ ਸਬੰਧਤ 22 ਕੰਮਾਂ ਵਿੱਚ ਵੀ ਦੇਰੀ ਹੋਈ ਸੀ ਜੋ ਕੋਵਿਡ-19 ਤੋਂ ਪਹਿਲਾਂ ਦੇ ਸਮੇਂ ਨਾਲ ਸਬੰਧਤ ਸਨ। ਕੀਮਤ ਸਮਾਯੋਜਨ ਦੀ ਅਦਾਇਗੀ ਦੇ ਸਬੰਧ ਵਿੱਚ ਇਹ ਦੱਸਿਆ ਗਿਆ ਸੀ ਕਿ ਠੇਕੇਦਾਰਾ ਨਾਲ ਹੋਏ ਸਮਝੌਤੇ ਅਨੁਸਾਰ ਕੀਮਤ ਸਮਾਯੋਜਨ ਦੀ ਅਦਾਇਗੀ ਕੀਤੀ ਗਈ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਕੰਮਾਂ ਨੂੰ ਪੂਰਾ ਕਰਨ ਵਿੱਚ ਦੇਰੀ ਕਾਰਣ ਕੀਮਤ ਵਿੱਚ ਵਾਧੇ ਦਾ ਭੁਗਤਾਨ ਕਰਨਾ ਪਿਆ ਸੀ ਜਿਸਦਾ ਕਾਰਣ ਰੁਕਾਵਟ ਰਹਿਤ ਸਾਈਟ ਪ੍ਰਦਾਨ ਨਾ ਕਰਨ ਨੂੰ ਦੱਸਿਆ ਸੀ।

### *7.3.4.4 ਪੁਲਾਂ ਦੀ ਗੈਰ-ਪ੍ਰਾਥਮਿਕਤਾ*

ਨਿਯਮਾਵਲੀ 2014 ਦਾ ਨਿਯਮ 5(2)(ਏ) ਵਿਵਸਥਾ ਕਰਦਾ ਹੈ ਕਿ ਚੁਣੇ ਗਏ ਹਿੱਸੇ ਤੇ ਯੋਜਨਾਵਾਂ ਦੀ ਪਛਾਣ ਕਰਦੇ ਸਮੇਂ ਪੁਲਾਂ ਦੇ ਨਿਰਮਾਣ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਸੀ ਆਰ ਆਈ ਐਫ ***(ਅੰਤਿਕਾ 7.11)*** ਵਿੱਚੋਂ ₹ 105.93 ਕਰੋੜ ਖਰਚ ਕਰਨ ਤੋਂ ਬਾਅਦ ਚਾਰ ਸੜਕਾਂ ਨੂੰ 3.05/7.00 ਤੋਂ 10.00/5.50/5.00 ਮੀਟਰ ਤੱਕ ਚੌੜਾ ਕੀਤਾ ਗਿਆ ਸੀ। ਪ੍ਰੰਤੂ ਜਿਵੇਂ ਕਿ ਉਕਤ ਨਿਯਮਾਂ ਅਧੀਨ ਲੋੜੀਂਦਾ ਸੀ ਵਿਭਾਗ ਨੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਸੜਕਾਂ ਤੇ ਪੈਂਦੇ ਤੰਗ ਪੁਲਾਂ ਨੂੰ ਚੌੜਾ ਕਰਨ ਦਾ ਪ੍ਰਸਤਾਵ ਨਹੀਂ ਦਿੱਤਾ।

ਦੋ ਈ ਈਜ਼[45] ਨੇ ਮੰਨਿਆ (ਸਤੰਬਰ ਅਤੇ ਅਕਤੂਬਰ 2021) ਕਿ ਪੁਲਾਂ ਨੂੰ ਚੌੜਾ ਕਰਨ ਦਾ ਪ੍ਰਸਤਾਵ ਭਵਿੱਖ ਵਿੱਚ ਬਣਾਇਆ ਜਾਵੇਗਾ। ਜਵਾਬ ਸਵੀਕਾਰਯੋਗ ਨਹੀਂ ਸਨ ਕਿਉਂਕਿ ਜਿਵੇਂ ਲੋੜੀਂਦਾ ਸੀ ਕਿ ਚੁਣੀਆਂ ਗਈਆਂ ਸੜਕਾਂ ਵਿੱਚ ਪੁਲਾਂ ਨੂੰ ਤਰਜੀਹ ਨਹੀਂ ਦਿੱਤੀ ਗਈ ਸੀ। ਹੋਰ ਦੋ ਈ ਈਜ਼[46] ਦੇ ਜਵਾਬ ਦੀ ਉਡੀਕ ਸੀ।

---

45 (i) ਨਿਰਮਾਣ ਮੰਡਲ, ਮੁਕੇਰੀਆਂ; ਅਤੇ (ii) ਨਿਰਮਾਣ ਮੰਡਲ ਰੂਪਨਗਰ।

46 (i) ਨਿਰਮਾਣ ਮੰਡਲ, ਨਾਭਾ; ਅਤੇ (ii) ਪ੍ਰਾਂਤਕ ਮੰਡਲ ਸੰਗਰੂਰ।

#### *7.3.4.5 ਕਾਰਗੁਜ਼ਾਰੀ ਸਿਕਓਰਿਟੀ ਦੀ ਨਾ/ ਘੱਟ ਪ੍ਰਾਪਤੀ*

ਜਿਵੇਂ ਕਿ ਠੇਕੇਦਾਰ ਨਾਲ ਸਮਝੌਤੇ ਦੀ ਧਾਰਾ 34.1 ਅਧੀਨ ਲੋੜੀਂਦਾ ਸੀ ਅੰਮ੍ਰਿਤਸਰ-ਸੋਹੀਆਂ-ਫਤਿਹਗੜ੍ਹ ਚੂੜੀਆਂ ਸੜਕ ਕਿਲੋਮੀਟਰ 7.00 ਤੋਂ 26.68 ਤੱਕ ਚੌੜਾ ਕਰਨ ਦੇ ਕੰਮ ਦੀ ਠੇਕੇਦਾਰ ਤੋਂ ₹ 1.05 ਕਰੋੜ ਦੀ ਕਾਰਗੁਜ਼ਾਰੀ ਸਿਕਉਰਿਟੀ ਪ੍ਰਾਪਤ ਨਹੀਂ ਕੀਤੀ ਗਈ ਸੀ। ਜਦੋਂਕਿ ਦੋ ਹੋਰ ਮਾਮਲਿਆਂ[47] ਵਿੱਚ ₹ 1.52 ਕਰੋੜ ਦੀ ਕਾਰਗੁਜ਼ਾਰੀ ਸਿਕਉਰਿਟੀ ਜੂਨ 2019 ਅਤੇ ਜੂਨ 2020 ਵਿੱਚ ਖਤਮ ਹੋਣ ਤੋਂ ਬਾਅਦ ਮੁੜ-ਪ੍ਰਭਾਵੀ (ਨਵੰਬਰ 2021 ਤੱਕ) ਨਹੀਂ ਕੀਤਾ ਗਿਆ ਸੀ। ਈ ਈਜ਼ ਨੇ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਸਵੀਕਾਰ ਕੀਤਾ (ਅਗਸਤ-ਨਵੰਬਰ 2021) ਅਤੇ ਕਿਹਾ ਬਹੁਤ ਜਲਦੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਇਸ ਤਰ੍ਹਾਂ, ਈ ਈਜ਼ ਨੇ ਰਾਜ ਦੇ ਹਿੱਤਾਂ ਦੀ ਰਾਖੀ ਨਹੀਂ ਕੀਤੀ ਸੀ ਕਿਉਂਕਿ ਕਾਰਗੁਜ਼ਾਰੀ ਸਿਕਉਰਿਟੀ ਦਾ ਉਦੇਸ਼ ਨੁਕਸ ਦੇਣਦਾਰੀ ਮਿਆਦ ਦੇ ਦੌਰਾਨ ਨੁਕਸਾ ਨੂੰ ਸੁਧਾਰਨ ਨੂੰ ਯਕੀਨੀ ਬਣਾਉਣਾ ਹੈ।

### 7.3.5 ਨਿਗਰਾਨੀ ਅਤੇ ਗੁਣਵੱਤਾ ਕੰਟਰੋਲ ਵਿਧੀ

#### *7.3.5.1 ਸੜਕਾਂ ਦਾ ਭੌਤਿਕ ਦੌਰਾ*

ਚੁਣੀਆਂ ਗਈਆਂ 17 ਸੜਕਾਂ ਵਿੱਚੋਂ ਲੇਖਾ ਪ੍ਰੀਖਿਆ ਨੇ ਪੰਜ ਮੰਡਲਾਂ ਅਧੀਨ ਆਉਣ ਵਾਲੀਆਂ ਛੇ ਸੜਕਾਂ[48] ਦਾ ਭੌਤਿਕ ਤੌਰ ਤੇ ਦੌਰਾ ਕੀਤਾ ਅਤੇ ਹੇਠ ਲਿਖੀਆਂ ਕਮੀਆਂ ਧਿਆਨ ਵਿੱਚ ਆਈਆਂ:

**(i)** ਸੰਗਰੂਰ ਵਿੱਚ ਗਾਂਧੀ ਨਗਰ ਤੋਂ ਭਲਵਾਨ ਵਾਇਆ ਭਵਾਨੀਗੜ ਕਾਕੜਾ ਸਕੌਰਦੀ, ਗਹਿਲਾਂ ਰਸੂਲਪੁਰ, ਛੰਨਾ ਅਤੇ ਖੇੜੀ ਚਡਵਾਂ ਨੂੰ ਅਪਗ੍ਰੇਡ ਕਰਨ ਦਾ ਕੰਮ ਭਵਾਨੀਗੜ੍ਹ ਸ਼ਹਿਰ ਦੀਆਂ ਵੱਖ-ਵੱਖ ਗਲੀਆਂ ਵਿੱਚ ਇੰਟਰਲਾਕਿੰਗ ਟਾਈਲਾਂ ਨਾਲ ਕੀਤਾ ਗਿਆ ਸੀ ਅਤੇ ਇਹ ਸਥਾਨਕ ਬਜ਼ਾਰ ਅਤੇ ਗਲੀਆਂ ਵਿੱਚੋਂ ਲੰਘਦਾ ਹੈ। ਕੁੱਝ ਥਾਂਵਾ ਤੇ ਪੱਥਰ ਖਿਲਰੇ ਪਏ ਸਨ ਅਤੇ ਸੜਕ ਦੇ ਕੁੱਝ ਹਿੱਸਿਆਂ ਵਿੱਚ ਟੋਏ ਵੀ ਦਿਖਾਈ ਦੇ ਰਹੇ ਸਨ।

**(ii)** ਸੰਗਰੂਰ ਜ਼ਿਲ੍ਹੇ ਵਿੱਚ ਨਵੀ ਬਣੀ ਚੀਮਾਂ ਤੋਂ ਜਖੇਪਲ ਤੋਂ ਉਗਰਾਹਾਂ, ਛਾਜਲਾ ਤੋਂ ਸੁਨਾਮ ਲਹਿਰਾ ਸੜਕ ਦੇ 1.500 ਕਿਲੋਮੀਟਰ ਆਰ ਡੀ ਤੇ ਇੱਕ ਵੱਡਾ ਸੜਕ ਕੱਟ ਦੇਖਿਆ ਗਿਆ ਸੀ (ਨਵੰਬਰ 2021)। ਆਰ ਡੀ 1.500 ਕਿਲੋਮੀਟਰ ਦੀ ਸੜਕ ਮਿੱਟੀ, ਚਿੱਕੜ ਅਤੇ ਪੱਥਰਾਂ ਨਾਲ ਢਕੀ ਹੋਈ ਸੀ ਜਿਸ ਕਰਕੇ ਸੜਕ ਦੀ ਚੌੜਾਈ ਘੱਟ ਹੋ ਗਈ । ਸੜਕ ਦੇ ਵਿਚਕਾਰ ਸੀਵਰੇਜ ਨੇ ਟੋਇਆਂ ਦਾ ਰੂਪ ਧਾਰਨ ਕਰ ਲਿਆ ਸੀ ਜਿਸ ਕਾਰਨ ਹਾਦਸੇ ਵਾਪਰ ਸਕਦੇ ਸਨ।

---

[47] ਬਰਨਾਲਾ ਬਾਜਾਖਾਨਾ ਸੜਕ ਨੂੰ ਚੌੜਾ ਅਤੇ ਮਜ਼ਬੂਤ ਕਰਨਾ- ₹ 0.96 ਕਰੋੜ; ਅਤੇ (ii) ਮੁਕੇਰੀਆ ਤਲਵਾੜਾ ਮੁਬਾਰਕਪੁਰ ਸੜਕ ਨੂੰ ਚੌੜਾ ਅਤੇ ਮਜਬੂਤ ਕਰਨਾ- ₹ 0.56 ਕਰੋੜ।

[48] ਰੈਂਡਮ ਅਧਾਰ ਤੇ ਚੋਣ ਕੀਤੀ ਗਈ।

**(iii)** ਕਰੀਬ ਦੋ ਸਾਲ ਪਹਿਲਾਂ ਸੜਕ ਦੀ 27.77 ਕਿਲੋਮੀਟਰ[49] ਲੰਬਾਈ ਤੇ ਬਠਿੰਡਾ ਵਿੱਚ ਬਰਨਾਲਾ-ਬਾਜਾਖਾਨਾ ਸੜਕ ਤੇ ਸੰਘਣੇ ਦਰਜੇ ਵਾਲੇ ਬਿਟੂਮਿਨਸ ਮੈਕਾਡਮ (ਡੀ ਜੀ ਬੀ ਐਮ) ਤੱਕ ਕੰਮ ਪੂਰਾ ਕੀਤਾ ਗਿਆ ਸੀ (ਨਵੰਬਰ 2019) ਪ੍ਰੰਤੂ ਬਿਟੂਮਿਨਸ ਕੰਕਰੀਟ (ਬੀ ਸੀ) ਸਿਰਫ 6.100 ਕਿਲੋਮੀਟਰ ਦੀ ਲੰਬਾਈ ਤੇ ਹੀ ਵਿਛਾਇਆ ਗਿਆ ਸੀ। ਬੀ ਸੀ ਦੇ ਨਾਲ ਸੜਕ ਦੀ 21.67 ਕਿਲੋਮੀਟਰ ਲੰਬਾਈ ਨੂੰ ਕਵਰ ਨਾ ਕਰਨ ਕਰਕੇ ਟੋਏ/ਉੱਚਾ-ਨੀਵਾਂ ਬਣ ਗਿਆ ਅਤੇ ਨਿਰਵਿਘਨ ਸਫਰ ਵਿੱਚ ਰੁਕਾਵਟ ਆ ਰਹੀ ਸੀ।

**(iv)** ਮਾਛੀਵਾੜਾ-ਰਾਹੋਂ-ਐਸ ਬੀ ਐਸ ਨਗਰ ਸੜਕ ਦੇ ਆਰ ਡੀ 40.00 ਤੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ (ਪੀ ਡਬਲਿਯੂ ਐਸ ਐਸ ਬੀ) ਦੁਆਰਾ ਪੀ ਡਬਲਿਯੂ ਡੀ ਦੀ ਪੂਰਵ ਆਗਿਆ ਤੋਂ ਬਿਨਾਂ ਸੀਵਰੇਜ ਟਰੀਟਮੈਂਟ ਪਲਾਂਟ ਬਣਾਉਣ ਲਈ ਲਗਭਗ 1,400 ਮੀਟਰ ਦੀ ਲੰਬਾਈ ਵਿੱਚ ਇੱਕ ਲੰਬਕਾਰੀ ਕੱਟ ਬਣਾਇਆ ਗਿਆ ਸੀ (ਜੂਨ 2020) ਜੋ ਸੜਕ ਦੀ ਸਵਾਰੀ ਗੁਣਵੱਤਾ ਵਿੱਚ ਰੁਕਾਵਟ ਪਾ ਰਿਹਾ ਸੀ। ਈ ਈ ਪ੍ਰਾਂਤਕ ਮੰਡਲ ਐਸ ਬੀ ਐਸ ਨਗਰ ਨੇ ਨੁਕਸਾਨ ਕੀਤੀ ਗਈ ਸੜਕ ਦੀ ਬਹਾਲੀ ਲਈ ਭੁਗਤਾਨ ਲਈ ਪੀ ਡਬਲਿਯੂ ਐਸ ਐਸ ਬੀ ਕੋਲ ਮਾਮਲਾ ਉਠਾਇਆ (ਜੁਲਾਈ 2020) ਅਤੇ ਕਿਹਾ (ਅਕਤੂਬਰ 2021) ਕਿ ਸੜਕ ਦੀ ਮੁਰੰਮਤ ਜਲਦੀ ਹੀ ਕੀਤੀ ਜਾਵੇਗੀ ਅਤੇ ਪੀ ਡਬਲਿਯੂ ਐਸ ਐਸ ਬੀ ਤੋਂ ₹ 20 ਲੱਖ ਦੇ ਅੰਸ਼ਿਕ ਫੰਡ ਪ੍ਰਾਪਤ ਹੋ ਚੁੱਕੇ ਸਨ।

**(v)** ਆਰ ਡੀ 6.000 ਤੋਂ 6.400 ਕਿਲੋਮੀਟਰ ਰੁੜਕੀ ਤੋਂ ਚਨਾਰਥਨ, ਨਾਭਾ ਤੱਕ 80 ਮਿਲੀਮੀਟਰ ਮੋਟਾਈ ਦੇ ਇੰਟਰਲਾਕਿੰਗ ਟਾਈਲਾਂ ਨੂੰ ਪੂਰੀ ਚੌੜਾਈ ਵਿੱਚ 150 ਮਿਲੀਮੀਟਰ ਮੋਟੀ ਲੇਅਰ 'ਵਾਟਰ ਮਿਕਸ ਮੈਕਾਡਮ ਉੱਤੇ ਵਿਛਾਇਆ ਗਿਆ ਸੀ ਹਾਲਾਂਕਿ ਇਹ ਕੰਮ 'ਬਿਟੂਮਿਨਸ ਕੰਕਰੀਟ' ਵਿਛਾਉਣ ਦੀ ਵਿਵਸਥਾ ਦੇ ਨਾਲ ਅਲਾਟ ਕੀਤਾ ਗਿਆ ਸੀ ਜੋ ਕਿ ਆਰ ਡੀ 6.400 ਤੋਂ ਰੱਖਿਆ ਗਿਆ ਸੀ। ਕਿਉਂਕਿ ਸੀਮਿੰਟ ਕੰਕਰੀਟ ਅਤੇ ਬਿਟੂਮਿਨਸ ਪਰਤ ਵਿੱਚ ਕੋਈ ਪਕੜ ਨਹੀ ਸੀ, ਇਸ ਆਰ ਡੀ ਤੇ ਇਕ ਵੈਰਟੀਕਲ ਸੜਕ ਲਾਈਨ ਦਿਖਾਈ ਦਿੰਦੀ ਸੀ।

**(vi)** ਜ਼ਿਲਾ ਰੂਪਨਗਰ ਵਿੱਚ ਨੂਰਪੁਰ ਬੇਦੀ ਝੱਜ ਸੈਕਸ਼ਨ ਬੈਂਸਾ ਤੋਂ ਨੂਰਪੁਰ ਬੇਦੀ ਸੜਕ 'ਤੇ ਆਰ ਡੀ 28.840 ਕਿਲੋਮੀਟਰ 'ਤੇ ਲੰਬਕਾਰੀ ਤਰੇੜਾਂ ਪਾਈਆ ਗਈਆਂ ਸਨ। ਅੱਗੇ, ਆਰ ਡੀ 19.930-19.975 ਕਿਲੋਮੀਟਰ ਵਿਚਕਾਰ ਸੜਕ ਨੂੰ 'ਬਿਟੂਮਿਨਸ ਕੰਕਰੀਟ' ਨਾਲ ਬਣਾਉਣ ਦੀ ਬਜਾਏ ਤਿੰਨ ਮੀਟਰ ਚੌੜਾਈ ਵਿੱਚ ਇੰਟਰਲਾਕਿੰਗ ਟਾਇਲਾਂ ਨਾਲ ਬਣਾਈਆ ਗਿਆ ਸੀ। ਇਸ ਤੋਂ ਇਲਾਵਾ ਕੁਝ ਥਾਵਾ 'ਤੇ ਸੜਕ ਨੂੰ ਸੱਤ ਮੀਟਰ ਦੀ ਚੌੜਾਈ ਤੱਕ ਚੌੜਾ ਕੀਤਾ ਗਿਆ ਸੀ ਨਾ ਕਿ 10 ਮੀਟਰ ਦੀ ਚੌੜਾਈ ਜਿਵੇ ਕਿ ਠੇਕੇਦਾਰ ਨੂੰ ਅਲਾਟ ਕੀਤਾ ਗਿਆ ਸੀ।

### *7.3.5.2 ਗੁਣਵੱਤਾ ਭਰੋਸਾ ਪ੍ਰਣਾਲੀ ਨਾ ਬਣਾਉਣਾ*

ਨਿਯਮ 2014 ਦਾ ਪੈਰ੍ਹਾ 7(13) ਲਾਗੂਕਰਤਾ ਏਜੰਸੀ ਦੁਆਰਾ ਗੁੱਣਵਤਾ ਭਰੋਸਾ ਪ੍ਰਣਾਲੀ (ਕਿਯੂ ਏ ਐਸ) ਤੰਤਰ ਤਿਆਰ ਕਰਨ ਲਈ, ਰਾਜ ਗੁੱਣਵਤਾ ਨਿਗਰਾਨੀ (ਐਸ ਕਿਯੂ ਐਮ) ਵੱਲੋਂ

---

49 ਆਰ ਡੀ 29.29 ਕਿਲੋਮੀਟਰ ਤੋਂ 58.26 ਕਿਲੋਮੀਟਰ, ਆਰ ਡੀ 32.60 ਤੋਂ 33.80 ਕਿਲੋਮੀਟਰ ਨੂੰ ਛੱਡਕੇ।

ਕੰਮਾਂ ਦੀ ਨਿਗਰਾਨੀ ਕਰਨ ਲਈ ਅਤੇ ਗੁਣਵੱਤਾ ਜਾਗਰੂਕਤਾ ਵਿੱਚ ਰਾਜ ਦੇ ਕਰਮਚਾਰੀਆਂ ਦੀ ਸਿਖਲਾਈ ਦੀ ਲਾਗਤ ਨੂੰ ਪੂਰਨ ਲਈ ਅਨੁਮਾਨ ਵਿੱਚ ਇੱਕ *ਪ੍ਰਤੀਸ਼ਤ* ਦੇ ਉਪਬੰਧ ਕੀਤੇ ਜਾਣ ਦੀ ਵਿਵਸਥਾ ਕਰਦਾ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ (ਅਗਸਤ-ਨਵੰਬਰ 2021) ਕਿ ਸਾਰੇ ਚੁਣੇ ਹੋਏ ਕੰਮਾਂ ਵਿੱਚ ਭਾਵੇਂ ਕਾਰਜਕਾਰੀ ਏਜੰਸੀ ਨੇ ਉਕਤ ਉਦੇਸ਼ ਲਈ ਇੱਕ *ਪ੍ਰਤੀਸ਼ਤ* ਉਪਬੰਧ ਕੀਤਾ ਸੀ ਪਰ ਲੋੜ ਅਨੁਸਾਰ ਕਿਸੇ ਵੀ ਐਸ ਕਿਯੂ ਐਮ ਨੂੰ ਨਿਯੁਕਤ ਨਹੀ ਕੀਤਾ ਸੀ।

ਈ ਈਜ਼ ਨੇ ਲੇਖਾ ਪ੍ਰੀਖਿਆ ਤੱਥਾਂ ਨੂੰ ਸਵੀਕਾਰ ਕੀਤਾ ਅਤੇ ਭਵਿੱਖ ਵਿੱਚ ਲੋੜੀਂਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਮੁੱਖ ਇੰਜਨੀਅਰ ਨੇ ਕਿਹਾ (ਅਗਸਤ 2021) ਕਿ ਐਸ ਕਿਯੂ ਐਮ ਦੁਆਰਾ ਕੰਮ ਦੀ ਨਿਗਰਾਨੀ ਕਰਨ ਦੀ ਸ਼ਰਤ ਦਾ ਜ਼ਿਕਰ ਸਿਰਫ ਮੰਤਰਾਲੇ ਦੁਆਰਾ ਦਿੱਤੀ ਗਈ ਸਿਧਾਂਤਕ ਪ੍ਰਵਾਨਗੀ ਵਿੱਚ ਕੀਤਾ ਗਿਆ ਸੀ ਅਤੇ ਪ੍ਰਵਾਨਗੀ ਨੋਟ ਵਿੱਚ ਅਜਿਹੀ ਕੋਈ ਸ਼ਰਤ ਨਹੀ ਸੀ। ਸੀ ਈ ਦਾ ਜਵਾਬ ਸਵੀਕਾਰਯੋਗ ਨਹੀ ਸੀ ਕਿਉਂਕਿ ਸੀ ਆਰ ਆਈ ਐਫ ਨਿਯਮ ਸਪਸ਼ਟ ਤੌਰ ਤੇ ਐਸ ਕਿਯੂ ਐਮ ਦੁਆਰਾ ਕੰਮਾਂ ਦੀ ਨਿਗਰਾਨੀ ਦੀ ਵਿਵਸਥਾ ਕਰਦੇ ਹਨ।

### *7.3.5.3 ਮੁਕੰਮਲਤਾ ਸਰਟੀਫਿਕੇਟ ਜਮ੍ਹਾਂ ਨਾ ਕਰਨਾ*

ਲੇਖਾ ਪ੍ਰੀਖਿਆ ਨੇ ਦੇਖਿਆ ਭਾਵੇ 2016-17 ਅਤੇ 2018-19 ਦੇ ਪ੍ਰੋਜੈਕਟਾਂ ਨਾਲ ਸਬੰਧਤ 37 ਕੰਮ 2018-21 ਦੌਰਾਨ ਪੂਰੇ ਕੀਤੇ ਗਏ ਸਨ ਪਰ ਨਿਯਮਾਵਲੀ ਦੇ ਨਿਯਮ 10 (5) ਦੇ ਅਧੀਨ ਲੋੜ ਅਨੁਸਾਰ ਭਾਰਤ ਸਰਕਾਰ ਨੂੰ ਮਕੰਮਲਤਾ ਸਰਟੀਫੀਕੇਟ ਜਮ੍ਹਾ ਨਹੀ ਕਰਵਾਏ ਗਏ ਸਨ।

ਸੀ ਈ ਨੇ ਕਿਹਾ (ਨਵੰਬਰ 2021) ਕੰਮਾਂ ਦੀ ਮੁਕੰਮਲਤਾ ਪ੍ਰਗਤੀ ਰਿਪੋਰਟਾਂ ਰਾਹੀ ਭਾਰਤ ਸਰਕਾਰ ਨੂੰ ਭੇਜੀ ਗਈ ਸੀ। ਜਵਾਬ ਸਵੀਕਾਰਯੋਗ ਨਹੀ ਸੀ ਕਿਉਕਿ ਪ੍ਰਗਤੀ ਰਿਪੋਰਟਾਂ ਮੁਕੰਮਲਤਾ ਸਰਟੀਫੀਕੇਟਾ ਤੋਂ ਵੱਖਰੀਆ ਸਨ ਅਤੇ ਦੋਵਾਂ ਨੂੰ ਵੱਖਰੇ ਤੌਰ ਤੇ ਜਮ੍ਹਾ ਕਰਵਾਊਣ ਦੀ ਲੋੜ ਸੀ।

## 7.3.6 ਸਿੱਟਾ

ਵਿਭਾਗ ਨੇ ਸੜਕਾਂ ਦਾ ਅਤਿ-ਮਹੱਤਵਪੂਰਣ ਨੈਟਵਰਕ ਤਿਆਰ ਨਹੀਂ ਕੀਤਾ। ਵਿਭਾਗ ਨੇ ਸੀ ਆਰ ਆਈ ਐਫ ਅਧੀਨ ਸੜਕ ਸੁੱਰਖਿਆ ਪ੍ਰਤੀ ਕੋਈ ਪਹਿਲਕਦਮੀ ਨਹੀ ਕੀਤੀ। ਭਾਰਤ ਸਰਕਾਰ ਨੂੰ ਯੂ ਸੀਜ਼ ਦਾ ਦੇਰੀ ਨਾਲ/ਨਾ-ਜਮ੍ਹਾ ਕਰਵਾਉਣ ਕਾਰਣ ਕੇਂਦਰੀ ਸਰਕਾਰ ਵੱਲੋਂ ਰਾਜ ਦੀ ਵੰਡ ਦੇ ₹ 428.78 ਕਰੋੜ ਜਾਰੀ ਨਹੀ ਹੋਏ। ਰਾਜ ਸਰਕਾਰ ਵੱਲੋਂ ਪੀ ਡਬਲਿਯੂ ਡੀ ਨੂੰ ਦੇਰੀ ਨਾਲ ਜਾਰੀ ਕੀਤੇ ਫੰਡਾਂ ਦੇ ਨਤੀਜੇ ਵਜੋਂ ਠੇਕੇਦਾਰਾਂ ਨੂੰ ₹ 1.84 ਕਰੋੜ ਦੇ ਵਿਆਜ ਦਾ ਭੁਗਤਾਨ ਹੋਇਆ। ਕੰਮਾਂ ਦੀ ਦੇਰੀ ਨਾਲ ਮੁਕੰਮਲਤਾ ਨਾਲ ₹ 8.65 ਕਰੋੜ ਦੀ ਕੀਮਤ ਵਾਧੇ ਦੀ ਅਦਾਇਗੀ ਹੋਈ। ਕੰਮਾ ਦੀ ਨਿਗਰਾਨੀ ਕਰਨ ਲਈ ਰਾਜ ਗੁਣਵੱਤਾ ਨਿਗਰਾਨਾਂ ਦੀ ਨਿਯੁਕਤੀ ਨਹੀਂ ਹੋਈ ਸੀ।

### 7.3.7 ਸਿਫ਼ਾਰਸ਼ਾਂ

ਸਰਕਾਰ/ਵਿਭਾਗ ਇਹ ਯਕੀਨੀ ਬਣਾ ਸਕਦਾ ਹੈ:

- *ਸੜਕਾਂ ਦਾ ਅਤਿ-ਮਹੱਤਵਪੂਰਣ ਨੈਟਵਰਕ ਬਣਾਉਣਾ ਅਤੇ ਪਛਾਣੇ ਗਏ ਬਲੈਕ ਸਪਾਟਸ ਨੂੰ ਠੀਕ ਕਰਨਾ;*
- *ਸੀ ਆਰ ਆਈ ਐਫ ਦੇ ਅਧੀਨ ਪ੍ਰਸਤਾਵ ਪੇਸ਼ ਕਰਨ ਸਮੇ ਭਾਰ ਮੁਕਤ ਸਾਈਟਾਂ ਦੀ ਉਪਲਬੱਧਤਾ ਕਰਨਾ ਤਾਂ ਜੋ ਕੰਮਾਂ ਨੂੰ ਪੂਰਾ ਕਰਨ ਵਿੱਚ ਦੇਰੀ ਅਤੇ ਨਤੀਜੇ ਵਜੋਂ ਕੀਮਤ ਵਾਧੇ ਦੀ ਅਦਾਇਗੀ ਤੋਂ ਬਚਿਆ ਜਾ ਸਕੇ;*
- *ਟੈਂਡਰ ਤੋਂ ਬਾਅਦ ਦੀਆਂ ਤਬਦੀਲੀਆਂ ਤੋਂ ਬਚਣ ਲਈ ਧਿਆਨਪੂਰਵਕ ਮੁਢਲੀਆਂ ਜਾਂਚਾਂ ਤੋਂ ਬਾਅਦ ਪੂਰਾ ਅਨੁਮਾਨ ਤਿਆਰ ਕਰਨਾ; ਅਤੇ*
- *ਨਿਯਮਾਂ ਵਿੱਚ ਦਿੱਤੇ ਅਨੁਸਾਰ ਕੰਮਾਂ ਦੀ ਗੁਣਵੱਤਾ ਦੀ ਨਿਗਰਾਨੀ ਕਰਨ ਲਈ ਰਾਜ ਗੁਣਵੱਤਾ ਨਿਗਰਾਨ ਦੀ ਨਿਯੁਕਤੀ ਕਰਨਾ।*

ਇਹ ਮਾਮਲਾ ਜਨਵਰੀ 2022 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਜਵਾਬ ਦੀ ਉਡੀਕ ਸੀ (ਨਵੰਬਰ 2022)।

## ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ

### 7.4 ਉਦਯੋਗਿਕ ਸਿਖਲਾਈ ਸੰਸਥਾ ਦੀ ਗੈਰ-ਕਾਰਜਸ਼ੀਲ ਇਮਾਰਤ ਉੱਤੇ ਫਜ਼ੂਲ ਖਰਚਾ

**ਖੇਤਰ ਵਿੱਚ ਕੋਈ ਵੀ ਵਿਵਹਾਰਕਤਾ ਅਧਿਐਨ ਕੀਤੇ ਬਗੈਰ ਖਰੜ ਵਿਖੇ ਪ੍ਰਾਹੁਣਚਾਰੀ ਕੋਰਸ ਚਲਾਉਣ ਲਈ ਨਵੀਂ ਇਮਾਰਤ ਦੀ ਉਸਾਰੀ ਕਰਨ ਵਿੱਚ ਵਿਭਾਗ ਦੀ ਗਲਤ ਯੋਜਨਾਬੰਦੀ ਦੇ ਨਤੀਜੇ ਵਜੋਂ ਨਵੀਂ ਬਣੀ ਇਮਾਰਤ ਨੂੰ ਇਸਦੇ ਮੁਕੰਮਲ ਹੋਣ ਦੇ 10 ਸਾਲਾਂ ਤੋਂ ਵੱਧ ਸਮੇਂ ਤੱਕ ਵਰਤੋਂ ਵਿੱਚ ਨਹੀਂ ਲਿਆਂਦਾ ਗਿਆ, ਜਿਸ ਨਾਲ ਇਸ 'ਤੇ ਕੀਤਾ ₹ 1.57 ਕਰੋੜ ਦਾ ਖਰਚਾ ਬੇਕਾਰ ਹੋ ਗਿਆ।**

ਸੈਰ-ਸਪਾਟਾ ਮੰਤਰਾਲਾ, ਭਾਰਤ ਸਰਕਾਰ (ਜੀ ਓ ਆਈ) ਨੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਖਰੜ ਵਿੱਚ ਪ੍ਰਾਹੁਣਚਾਰੀ ਕੋਰਸ[50] ਸ਼ੁਰੂ ਕਰਨ ਲਈ ਸੈਰ ਸਪਾਟਾ ਵਿਭਾਗ, ਪੰਜਾਬ ਸਰਕਾਰ (ਜੀ ਓ ਪੀ) ਨੂੰ ₹ 2.00 ਕਰੋੜ ਦਾ ਸਹਾਇਤਾ ਅਨੁਦਾਨ ਮਨਜ਼ੂਰ ਕੀਤਾ (ਫਰਵਰੀ 2009)। ₹ 2.00 ਕਰੋੜ ਦੀ ਮਨਜ਼ੂਰ ਰਾਸ਼ੀ ਵਿੱਚੋਂ, ₹ 1.00 ਕਰੋੜ ਮੌਜੂਦਾ ਭੌਤਿਕ ਬੁਨਿਆਦੀ ਢਾਂਚੇ ਦੇ ਸੁਧਾਰਾਂ, ਤਬਦੀਲੀਆਂ ਅਤੇ ਸੋਧਾਂ ਲਈ; ਅਤੇ ਬਕਾਇਆ ₹ 1.00 ਕਰੋੜ ਭਾਰੀ ਅਤੇ ਛੋਟੇ ਸਾਜ਼ੋ-ਸਾਮਾਨ, ਫਰਨੀਚਰ ਅਤੇ ਫਿਕਸਚਰ ਦੀ ਖਰੀਦ ਲਈ ਖਰਚੇ ਜਾਣੇ ਸਨ। ਭਾਰਤ ਸਰਕਾਰ ਨੇ ₹ 1.80 ਕਰੋੜ[51] ਜਾਰੀ ਕੀਤੇ (2008-2015), ਜੋ ਕਿ ਇਸ ਉਦੇਸ਼ ਲਈ ਮਈ 2009 ਅਤੇ ਮਾਰਚ 2015 ਵਿਚਕਾਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਸਰਕਾਰ (ਵਿਭਾਗ) ਨੂੰ ਟਰਾਂਸਫਰ ਕੀਤੇ ਗਏ ਸਨ।

---

[50] (i) ਭੋਜਨ ਅਤੇ ਬੀਵਰੇਜਜ਼ (ਸਟੀਵਾਰਡ); (ii) ਅੰਨ ਉਤਪਾਦਨ; (iii) ਫਰੰਟ ਆਫਿਸ; ਅਤੇ (iv) ਹਾਊਸਕੀਪਿੰਗ।

[51] ਫਰਵਰੀ 2009 ਵਿੱਚ ₹ 0.05 ਕਰੋੜ ਅਤੇ ਮਾਰਚ 2010 ਵਿੱਚ ਸਿਵਲ ਕੰਮ ਲਈ ₹ 0.95 ਕਰੋੜ; ਅਤੇ 2014-15 ਦੌਰਾਨ ਸਾਜ਼ੋ-ਸਮਾਨ, ਫਰਨੀਚਰ ਅਤੇ ਫਿਕਸਚਰ ਲਈ ₹ 0.80 ਕਰੋੜ।

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਔਰਤਾਂ) (ਆਈ ਟੀ ਆਈ-ਡਬਲਿਯੂ), ਖਰੜ ਦੇ ਸਬੰਧ ਵਿੱਚ ਸਤੰਬਰ 2015-ਜਨਵਰੀ 2021 ਦੇ ਸਮੇਂ ਦੇ ਰਿਕਾਰਡ ਦੀ ਨਮੂਨਾ-ਜਾਂਚ (ਮਾਰਚ 2021) ਨੇ ਦਰਸਾਇਆ ਕਿ ਵਿਭਾਗ ਨੇ ਪੰਜਾਬ ਸ਼ਹਿਰੀ ਵਿਕਾਸ ਅਥਾਰਟੀ (ਪੁੱਡਾ) ਨੂੰ ਪਿੰਡ ਰਡਿਆਲਾ, ਖਰੜ ਵਿਖੇ ਰਡਿਆਲਾ ਦੀ ਗ੍ਰਾਮ ਪੰਚਾਇਤ ਦੁਆਰਾ ਦਾਨ ਕੀਤੀ ਜ਼ਮੀਨ (ਮੌਜੂਦਾ ਭੌਤਿਕ ਬੁਨਿਆਦੀ ਢਾਂਚੇ ਦੇ ਸੁਧਾਰਾਂ ਅਤੇ ਤਬਦੀਲੀਆਂ/ਸੋਧਾਂ ਦੀ ਬਜਾਏ) 'ਤੇ ਨਵੀਂ ਆਈ ਟੀ ਆਈ ਇਮਾਰਤ ਦੀ ਉਸਾਰੀ ਦਾ ਕੰਮ ਸੌਂਪਿਆ (ਮਾਰਚ 2009)। ਇਸ ਅਨੁਸਾਰ, ਜਨਵਰੀ 2010 ਵਿੱਚ ਆਈ ਟੀ ਆਈ ਦੀ ਇਮਾਰਤ ਦੀ ਉਸਾਰੀ ਦਾ ਕੰਮ ਅਵਾਰਡ ਕੀਤਾ ਗਿਆ ਸੀ, ਜੋ ਕਿ ਮਈ 2011 ਵਿੱਚ ₹ 1.57 ਕਰੋੜ[52] ਦੀ ਲਾਗਤ ਨਾਲ ਪੂਰਾ ਹੋਇਆ ਸੀ ਅਤੇ ਮੁੱਖ ਅਧਿਆਪਕਾ, ਆਈ ਟੀ ਆਈ-ਡਬਲਿਯੂ, ਖਰੜ ਨੇ ਮਾਰਚ 2012 ਵਿੱਚ ਇਮਾਰਤ ਦਾ ਕਬਜ਼ਾ ਲੈ ਲਿਆ ਸੀ। ਇਸ ਤੋਂ ਇਲਾਵਾ ਟੈਂਡਰਾਂ ਨੂੰ ਅੰਤਿਮ ਰੂਪ ਦੇਣ ਵਿੱਚ ਦੇਰੀ ਦੇ ਕਾਰਣ, ਵਿਭਾਗ ਨੇ ਪ੍ਰਾਹੁਣਚਾਰੀ ਕੋਰਸਾਂ ਲਈ ਲੋੜੀਂਦੇ ਸਾਜ਼ੋ-ਸਾਮਾਨ, ਫਰਨੀਚਰ ਅਤੇ ਫਿਕਸਚਰ ਦੀ ਖਰੀਦ ਅਤੇ ਹੋਰ ਫੁਟਕਲ ਖਰਚਿਆਂ[53] 'ਤੇ ₹ 0.70 ਕਰੋੜ ਖਰਚ ਕੀਤੇ (ਫਰਵਰੀ-ਨਵੰਬਰ 2016)। ਹਾਲਾਂਕਿ, ਖਰੜ ਵਿੱਚ ਪ੍ਰਾਹੁਣਚਾਰੀ ਕੋਰਸਾਂ ਦੇ ਘੱਟ ਦਾਇਰੇ ਅਤੇ ਪ੍ਰਸਿੱਧੀ ਨੂੰ ਧਿਆਨ ਵਿੱਚ ਰੱਖਦੇ ਹੋਏ, ₹ 0.41 ਕਰੋੜ ਦਾ ਸਾਜ਼ੋ-ਸਾਮਾਨ, ਫਰਨੀਚਰ ਅਤੇ ਫਿਕਸਚਰ ਨੂੰ ਸਰਕਾਰੀ ਆਈ ਟੀ ਆਈ (ਰਣਜੀਤ ਐਵੀਨਿਊ), ਅੰਮ੍ਰਿਤਸਰ ਨੂੰ ਭੇਜ ਦਿੱਤਾ ਗਿਆ ਸੀ (ਅਗਸਤ 2016) ਜਿੱਥੇ ਇਹ ਕੋਰਸ ਸਫਲਤਾਪੂਰਵਕ ਕਰਵਾਏ ਜਾ ਰਹੇ ਸਨ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਇਸ ਦੌਰਾਨ, ਵਿਭਾਗ ਨੇ ਮੌਜੂਦਾ ਆਈ ਟੀ ਆਈ-ਡਬਲਿਯੂ ਨੂੰ ਨਵੀਂ ਬਣੀ ਇਮਾਰਤ ਵਿੱਚ ਤਬਦੀਲ ਕਰਨ ਦਾ ਫੈਸਲਾ ਕੀਤਾ ਸੀ (ਅਗਸਤ 2013)। ਪਰ, ਮੁੱਖ ਅਧਿਆਪਕਾ, ਆਈ ਟੀ ਆਈ - ਡਬਲਿਯੂ ਅਤੇ ਰਡਿਆਲਾ ਦੀ ਗ੍ਰਾਮ ਪੰਚਾਇਤ ਦੇ ਅਨੁਸਾਰ ਮੁਕੰਮਲ ਇਮਾਰਤ ਦਾ ਕਬਜ਼ਾ ਹੋਣ ਦੇ ਬਾਵਜੂਦ, ਮੌਜੂਦਾ ਆਈ ਟੀ ਆਈ-ਡਬਲਿਯੂ, ਖਰੜ ਨੂੰ ਵਿਦਿਆਰਥਣਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਨਵੀਂ ਥਾਂ 'ਤੇ ਤਬਦੀਲ ਨਹੀਂ ਕੀਤਾ ਗਿਆ, ਕਿਉਂਕਿ ਇਹ ਇਮਾਰਤ ਇਕ ਅਲੱਗ ਥਾਂ 'ਤੇ ਬਣਾਈ ਗਈ ਸੀ ਜਿੱਥੇ ਆਵਾਜਾਈ ਦੀਆਂ ਸਹੂਲਤਾਂ ਘੱਟ



**ਸਰਕਾਰੀ ਆਈ ਟੀ ਆਈ ਖਰੜ ਦੀ ਗੈਰ-ਕਾਰਜਸ਼ੀਲ ਨਵੀਂ ਬਣੀ ਇਮਾਰਤ** (24 ਜਨਵਰੀ 2022)

[52] ਸੈਰ ਸਪਾਟਾ ਮੰਤਰਾਲੇ, ਭਾਰਤ ਸਰਕਾਰ ਦੁਆਰਾ ਪ੍ਰਦਾਨ ਕੀਤੇ ਫੰਡਾਂ ਤੋਂ ₹ 1.00 ਕਰੋੜ; ਰਾਜ ਵਿੱਚ ਸਰਕਾਰੀ ਆਈ ਟੀ ਆਈਜ਼ ਨੂੰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਰਾਹੀਂ ਉੱਤਮਤਾ ਕੇਂਦਰਾਂ ਵਿੱਚ ਅੱਪਗ੍ਰੇਡ ਕਰਨ ਲਈ ਭਾਰਤ ਸਰਕਾਰ ਦੀ ਇੱਕ ਹੋਰ ਸਕੀਮ ਤੋਂ ₹ 0.40 ਕਰੋੜ ਤਬਦੀਲ ਕੀਤੇ ਗਏ ; ਅਤੇ ਬਾਕੀ ₹ 0.17 ਕਰੋੜ ਰਾਜ ਦੇ ਬਜਟ ਤੋਂ।

[53] ਇਸ਼ਤਿਹਾਰਬਾਜ਼ੀ ਦੇ ਖਰਚੇ; ਆਵਾਜਾਈ ਦੇ ਖਰਚੇ, ਮੁੱਖ ਦਫਤਰ ਦੇ ਖਰਚੇ, ਆਦਿ।

ਸਨ। ਇਸ ਤੋਂ ਇਲਾਵਾ, ਇਕ ਪ੍ਰਾਈਵੇਟ ਕੰਪਨੀ ਨੇ ਆਈ ਟੀ ਆਈ-ਡਬਲਿਯੂ/ਵਿਭਾਗ ਨੂੰ ਪੰਜਾਬ ਹੁਨਰ ਵਿਕਾਸ ਮਿਸ਼ਨ ਦੇ ਸਹਿਯੋਗ ਨਾਲ ਹੋਰ ਤਕਨੀਕੀ/ਹੁਨਰ ਵਿਕਾਸ ਕੋਰਸ[54] ਮੁਫਤ ਚਲਾ ਕੇ ਇਸ ਇਮਾਰਤ ਦੀ ਵਰਤੋਂ ਕਰਨ ਲਈ ਸੰਪਰਕ ਕੀਤਾ (ਫਰਵਰੀ 2018)। ਪ੍ਰੰਤੂ, ਸੌਦਾ ਪਰਿਪੱਕ ਨਹੀਂ ਹੋ ਸਕਿਆ ਅਤੇ ਕੰਪਨੀ ਨੇ ਆਖਰਕਾਰ ਉਕਤ ਇਮਾਰਤ ਵਿੱਚ ਹੁਨਰ ਕੇਂਦਰ ਸ਼ੁਰੂ ਕਰਨ ਵਿੱਚ ਅਸਮਰੱਥਾ ਪ੍ਰਗਟਾਈ (ਸਤੰਬਰ 2021)।

ਇਸ ਤਰ੍ਹਾਂ, ਖੇਤਰ ਵਿੱਚ ਕੋਈ ਵਿਵਹਾਰਕਤਾ ਅਧਿਐਨ ਕੀਤੇ ਬਿਨਾਂ ਖਰੜ ਵਿਖੇ ਪ੍ਰਾਹੁਣਚਾਰੀ ਕੋਰਸਾਂ ਨੂੰ ਚਲਾਉਣ ਲਈ ਨਵੀਂ ਇਮਾਰਤ ਦੀ ਉਸਾਰੀ ਕਰਨ ਵਿੱਚ ਵਿਭਾਗ ਦੀ ਅਣਉਚਿਤ ਯੋਜਨਾਬੰਦੀ ਦੇ ਨਤੀਜੇ ਵਜੋਂ ਨਵੀਂ ਬਣੀ ਇਮਾਰਤ ਦੀ ਇਸ ਦੇ ਮੁਕੰਮਲ ਹੋਣ ਦੇ 10 ਸਾਲਾਂ ਤੋਂ ਵੱਧ ਸਮੇਂ ਤੱਕ ਵਰਤੋਂ ਨਹੀਂ ਕੀਤੀ ਗਈ (ਮਾਰਚ 2022), ਇਸ ਤਰ੍ਹਾਂ ਇਸ 'ਤੇ ₹ 1.57 ਕਰੋੜ ਦਾ ਕੀਤਾ ਖਰਚਾ ਬੇਕਾਰ ਹੋ ਗਿਆ।

ਉਕਤ ਇਮਾਰਤ ਦੀ ਵਰਤੋਂ ਨਾ ਕਰਨ ਦੇ ਕਾਰਣ ਦਿੰਦੇ ਹੋਏ ਵਿਭਾਗ ਨੇ ਕਿਹਾ (ਮਾਰਚ 2022) ਕਿ ਸਬੰਧਤ ਰਿਕਾਰਡ ਪੰਜਾਬ ਹੁਨਰ ਵਿਕਾਸ ਮਿਸ਼ਨ ਨੂੰ ਤਬਦੀਲ ਕਰ ਦਿੱਤੇ ਗਏ ਸਨ ਅਤੇ ਇਹ ਮਾਮਲਾ ਉਨ੍ਹਾਂ ਕੋਲ ਵਿਚਾਰ ਅਧੀਨ ਸੀ। ਵਿਭਾਗ ਦੇ ਅਗਲੇ ਜਵਾਬ ਦੀ ਉਡੀਕ ਸੀ (ਨਵੰਬਰ 2022)।

**ਸਿਫ਼ਾਰਸ਼ਃ ਰਾਜ ਸਰਕਾਰ ਖਰੜ ਵਿਖੇ ਨਵੀਂ ਬਣੀ ਇਮਾਰਤ ਦੀ ਸਰਵੋਤਮ ਵਰਤੋਂ ਲਈ ਸਖਤ ਯਤਨ ਕਰ ਸਕਦੀ ਹੈ; ਅਤੇ ਭਵਿੱਖ ਵਿੱਚ ਨਵ-ਉਸਾਰੀ ਦੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸੰਗਿਕਤਾ 'ਤੇ ਉਚਿਤ ਵਿਵਹਾਰਕਤਾ ਅਧਿਐਨ ਕਰਨ ਨੂੰ ਯਕੀਨੀ ਬਣਾਏ, ਜਿਸ ਨਾਲ ਨਵ-ਉਸਾਰੀਆਂ ਇਮਾਰਤਾਂ ਦੀ ਵਰਤੋਂ ਨਾ ਕਰਨ ਦੇ ਅਜਿਹੇ ਮਾਮਲਿਆਂ ਨੂੰ ਮੁੜ ਵਾਪਰਨ ਤੋਂ ਰੋਕਿਆ ਜਾ ਸਕੇ।**

ਇਹ ਮਾਮਲਾ ਫਰਵਰੀ 2022 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਜਵਾਬ ਦੀ ਉਡੀਕ ਸੀ (ਨਵੰਬਰ 2022)।

## 7.5 ਮੇਜ਼ਾਂ/ ਕੁਰਸੀਆਂ ਦੀ ਖਰੀਦ ਉੱਤੇ ਤੁਰੰਤ ਜ਼ਰੂਰਤ ਤੋਂ ਵੱਧ ਅਣ-ਉਚਿਤ ਖਰਚਾ

**ਪੰਜਾਬ ਵਿੱਤੀ ਨਿਯਮਾਵਲੀ ਦੀ ਉਲੰਘਣਾ ਵਿੱਚ ਤੁਰੰਤ ਲੋੜ ਤੋਂ ਵੱਧ ਅਤੇ ਇਥੋਂ ਤੱਕ ਕਿ ਪਾਲੀਟੈਕਨਿਕ ਇਮਾਰਤਾਂ ਦੇ ਸਿਵਲ ਕੰਮ ਪੂਰਾ ਹੋਣ ਤੋਂ ਪਹਿਲਾਂ ਹੀ 2,268 ਟੂ-ਸੀਟਰ ਮੇਜ਼ਾਂ/ਕੁਰਸੀਆਂ ਦੀ ਖਰੀਦ ਨੇ ਇਸ 'ਤੇ ਕੀਤੇ ਗਏ ₹ 1.39 ਕਰੋੜ ਦੇ ਖਰਚੇ ਨੂੰ ਅਣ-ਉਚਿਤ ਬਣਾ ਦਿੱਤਾ।**

ਪੰਜਾਬ ਵਿੱਤੀ ਨਿਯਮਾਵਲੀ (ਭਾਗ-1) ਦਾ ਨਿਯਮ 15.2(ਬੀ) ਵਿਵਸਥਾ ਕਰਦਾ ਹੈ ਕਿ ਖਰੀਦਦਾਰੀਆਂ ਵੱਧ ਤੋਂ ਵੱਧ ਕਿਫ਼ਾਇਤੀ ਢੰਗ ਨਾਲ ਜਨਤਕ ਸੇਵਾ ਦੀਆਂ ਨਿਸ਼ਚਿਤ ਜ਼ਰੂਰਤਾਂ ਦੇ ਅਨੁਸਾਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਇਸ ਗੱਲ ਦਾ ਧਿਆਨ ਰੱਖਿਆ

---

[54] ਟਰੈਕਟਰ ਮਕੈਨਿਕ; ਟਰੈਕਟਰ ਅਸੈਂਬਲੀ; ਆਟੋਮੋਬਾਈਲ ਪੇਂਟਿੰਗ; ਮਸ਼ੀਨ ਸ਼ਾਪ ਸਿਖਲਾਈ; ਅਤੇ ਦੋ-ਪਹੀਆ ਅਤੇ ਤਿੰਨ-ਪਹੀਆ ਵਾਹਨਾਂ ਦੀ ਮੁਰੰਮਤ (ਹਰੇਕ 3 ਮਹੀਨੇ)।

ਜਾਣਾ ਚਾਹੀਦਾ ਹੈ ਕਿ ਜੇਕਰ ਅਜਿਹੀਆਂ ਖਰੀਦਦਾਰੀਆਂ ਦੇ ਸਰਕਾਰ ਲਈ ਗੈਰ-ਲਾਹੇਵੰਦ ਹੋਣ ਦੀ ਸੰਭਾਵਨਾ ਹੋਵੇ ਤਾਂ ਸਟੋਰਜ਼ ਨੂੰ ਅਸਲ ਲੋੜਾਂ ਤੋਂ ਬਹੁਤ ਪਹਿਲਾਂ ਨਾ ਖਰੀਦਿਆ ਜਾਵੇ।

ਦੇਸ਼ ਵਿੱਚ ਪੌਲੀਟੈਕਨਿਕਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ, ਭਾਰਤ ਸਰਕਾਰ (ਜੀ ਓ ਆਈ) ਦੇ ਮਨੁੱਖੀ ਸਰੋਤ ਵਿਕਾਸ ਦੇ ਮੰਤਰਾਲੇ (ਐਮ ਐਚ ਆਰ ਡੀ), ਨੇ ਹੁਨਰ ਵਿਕਾਸ ਲਈ ਤਾਲਮੇਲ ਵਾਲੀ ਕਾਰਵਾਈ ਅਧੀਨ ਇੱਕ ਸਕੀਮ-'ਪੌਲੀਟੈਕਨਿਕਾਂ 'ਤੇ ਉਪ-ਮਿਸ਼ਨ' ਸ਼ੁਰੂ ਕੀਤੀ (2009-10) ਅਤੇ ਭਾਰਤ ਦੇ ਅਣ-ਸੇਵਾ ਵਾਲੇ ਅਤੇ ਘੱਟ ਸੇਵਾ ਵਾਲੇ ਜ਼ਿਲ੍ਹਿਆਂ ਵਿੱਚ ਨਵੇਂ ਪੌਲੀਟੈਕਨਿਕ ਸਥਾਪਤ ਕਰਨ ਦਾ ਫੈਸਲਾ ਕੀਤਾ। ਸਕੀਮ ਅਧੀਨ, ਰਾਜ ਸਰਕਾਰਾਂ ਨੂੰ ਗੈਰ-ਆਵਰਤੀ ਲਾਗਤਾਂ ਲਈ (ਸਿਵਲ ਕੰਮ: ₹ 8.00 ਕਰੋੜ ਅਤੇ ਮਸ਼ੀਨਰੀ ਅਤੇ ਉਪਕਰਣ (ਐਮ ਐਂਡ ਈ): ₹ 4.30 ਕਰੋੜ) ਇੱਕ ਵਾਰ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਣੀ ਸੀ ਜੋ ਕਿ ਪ੍ਰਤੀ ਪੌਲੀਟੈਕਨਿਕ ₹ 12.30 ਕਰੋੜ ਤੱਕ ਸੀਮਿਤ ਸੀ। ਰਾਜ ਸਰਕਾਰ ਗੈਰ-ਆਵਰਤੀ ਖਰਚਿਆਂ ਦੀ ਕਿਸੇ ਵੀ ਵਾਧੂ ਲੋੜ ਨੂੰ ਪੂਰਾ ਕਰਨ ਲਈ; ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ ਆਈ ਸੀ ਟੀ ਈ) ਦੇ ਮਾਪਦੰਡਾਂ ਅਨੁਸਾਰ ਲੋੜੀਂਦੀ ਜ਼ਮੀਨ ਮੁਫਤ ਪ੍ਰਦਾਨ ਕਰਨੀ ਸੀ; ਅਤੇ ਪੌਲੀਟੈਕਨਿਕ ਦੇ ਸਾਰੇ ਆਵਰਤੀ ਖਰਚਿਆਂ ਨੂੰ ਵੀ ਸਹਿਨ ਕਰਨਾ ਸੀ।

ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ (ਵਿਭਾਗ) ਦੇ ਰਿਕਾਰਡ ਦੀ ਨਮੂਨਾ-ਜਾਂਚ (ਜਨਵਰੀ 2017) ਅਤੇ ਜੂਨ 2021 ਤੱਕ ਇਕੱਤਰ ਕੀਤੀ ਜਾਣਕਾਰੀ ਨੇ ਦਰਸਾਇਆ ਹੈ ਕਿ ਪੰਜਾਬ ਰਾਜ ਵਿੱਚ ਸੱਤ ਜ਼ਿਲ੍ਹਿਆਂ[55] ਦੀ ਪਛਾਣ (ਜੁਲਾਈ ਅਤੇ ਸਤੰਬਰ 2009) ਸਕੀਮ ਅਧੀਨ ਨਵੀਆਂ ਪੌਲੀਟੈਕਨਿਕਾਂ ਦੀ ਸਥਾਪਨਾ ਲਈ ਕੀਤੀ ਗਈ ਸੀ। ਇਸ ਦੇ ਅਨੁਸਾਰ, ਭਾਰਤ ਸਰਕਾਰ ਨੇ ਜੁਲਾਈ 2009 ਅਤੇ ਜੂਨ 2011[56] ਵਿਚਕਾਰ ਇਸ ਉਦੇਸ਼ ਲਈ ₹ 16.10 ਕਰੋੜ ਦਾ ਬਕਾਇਆ ਛੱਡਦੇ ਹੋਏ ₹ 70 ਕਰੋੜ (ਸਿਵਲ ਕੰਮਾਂ ਲਈ ₹ 56 ਕਰੋੜ ਅਤੇ ਐਮ ਐਂਡ ਈ ਲਈ ₹ 14 ਕਰੋੜ ) ਦੀ ਕੇਂਦਰੀ ਸਹਾਇਤਾ ਜਾਰੀ ਕੀਤੀ।

ਮੁੱਖ ਇੰਜੀਨੀਅਰ (ਭਵਨ), ਲੋਕ ਨਿਰਮਾਣ ਵਿਭਾਗ, ਪੰਜਾਬ ਨੇ ਏ ਆਈ ਸੀ ਟੀ ਈ ਨਿਯਮਾਂ ਨੂੰ ਪੂਰਾ ਕਰਨ ਲਈ ਮੁੱਖ ਇਮਾਰਤ ਦੀਆਂ ਚਾਰ ਮੰਜ਼ਿਲਾ ਦੀ ਉਸਾਰੀ ਅਤੇ ਵਰਕਸ਼ਾਪ ਲਈ ₹ 130.41 ਕਰੋੜ (₹ 18.63 ਕਰੋੜ ਪ੍ਰਤੀ ਪੌਲੀਟੈਕਨਿਕ) ਤੇ ਸਾਰੀਆਂ ਸੱਤ ਪੌਲੀਟੈਕਨਿਕਾਂ ਲਈ ਸਿਵਲ ਕਾਰਜਾਂ ਦੀ ਅਨੁਮਾਨਿਤ ਲਾਗਤ ਦੀ ਆਂਕਣਾ ਕੀਤੀ (ਨਵੰਬਰ-ਦਸੰਬਰ 2009)। ਹਾਲਾਂਕਿ, ਵਿਭਾਗ ਨੇ ਸੱਤ ਪੌਲੀਟੈਕਨਿਕਾਂ ਲਈ ਇੱਕ ਮੰਜ਼ਿਲਾ (ਵਾਧੂ ਤਿੰਨ ਮੰਜ਼ਿਲਾਂ ਦੀ ਨੀਂਹ ਦੇ ਨਾਲ) ਅਤੇ ਵਰਕਸ਼ਾਪ ₹ 56.00 ਕਰੋੜ (ਭਾਵ ₹ 8.00 ਕਰੋੜ ਪ੍ਰਤੀ ਪੌਲੀਟੈਕਨਿਕ) ਦੇ ਉਪਲਬਧ ਫੰਡਾਂ ਨਾਲ ਉਸਾਰੀ ਦਾ ਕੰਮ ਸ਼ੁਰੂ ਕੀਤਾ (ਜਨਵਰੀ-ਫਰਵਰੀ 2010) ਜੋ ਕਿ ₹ 59.43 ਕਰੋੜ[57] ਦੀ ਲਾਗਤ ਨਾਲ ਸਾਲ 2013-14 ਤੱਕ ਮੁਕੰਮਲ ਕੀਤਾ ਗਿਆ ਸੀ।

---

55 (i) ਬਰਨਾਲਾ; (ii) ਫਰੀਦਕੋਟ; (iii) ਫਤਿਹਗੜ੍ਹ ਸਾਹਿਬ; (iv) ਕਪੂਰਥਲਾ; (v) ਮਾਨਸਾ (vi) ਸ਼੍ਰੀ ਮੁਕਤਸਰ ਸਾਹਿਬ; ਅਤੇ (vii) ਨਵਾਂਸ਼ਹਿਰ (ਐਸ ਬੀ ਐਸ ਨਗਰ)।

56 2009-10: ₹ 14 ਕਰੋੜ; 2010-11: ₹ 35 ਕਰੋੜ; ਅਤੇ 2011-12 : ₹ 21 ਕਰੋੜ।

57 ਭਾਰਤ ਸਰਕਾਰ ₹ 56.00 ਕਰੋੜ; ਰਾਜ ਸਰਕਾਰ: ₹ 2.45 ਕਰੋੜ (2015-16 ਵਿੱਚ ₹ 1.00 ਕਰੋੜ ਅਤੇ 2019-20 ਵਿੱਚ ₹ 1.45 ਕਰੋੜ); ਅਤੇ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ: 2015-16 ਦੌਰਾਨ ਪੌਲੀਟੈਕਨਿਕਾਂ ਦੇ ਨਿਰਮਾਣ ਦੇ ਸਬੰਧ ਵਿੱਚ ਬਕਾਇਆ ਅਦਾਇਗੀਆਂ ਕਰਨ ਲਈ ₹ 0.98 ਕਰੋੜ।

ਇਸ ਦੌਰਾਨ, ਵਿਭਾਗ ਨੇ ਪ੍ਰਤੀ ਪੌਲੀਟੈਕਨਿਕ ਪ੍ਰਤੀ ਕੋਰਸ 60 ਵਿਦਿਆਰਥੀਆਂ ਦੇ ਸਲਾਨਾ ਦਾਖਲੇ ਵਾਲੇ ਪੰਜ ਕੋਰਸਾਂ ਨੂੰ ਨੋਟੀਫਾਈ ਕੀਤਾ (ਨਵੰਬਰ 2011)। ਹਾਲਾਂਕਿ, ਏ ਆਈ ਸੀ ਟੀ ਈ ਨੇ ਉਪਲਬਧ ਬੁਨਿਆਦੀ ਢਾਂਚੇ ਨੂੰ ਧਿਆਨ ਵਿੱਚ ਰੱਖਦੇ ਹੋਏ, ਸੈਸ਼ਨ 2012-13 ਤੋਂ ਪ੍ਰਭਾਵੀ ਪ੍ਰਤੀ ਪੌਲੀਟੈਕਨਿਕ ਪ੍ਰਤੀ ਕੋਰਸ 60 ਵਿਦਿਆਰਥੀਆਂ ਦੇ ਸਲਾਨਾ ਦਾਖਲੇ ਵਾਲੇ ਕੇਵਲ ਦੋ ਕੋਰਸਾਂ ਨੂੰ, ਸ਼ੁਰੂ ਵਿੱਚ ਦੋ ਸਾਲਾਂ ਲਈ ਸਲਾਹਕਾਰ ਸੰਸਥਾਵਾਂ (ਦੂਜੀ ਸ਼ਿਫਟ) ਵਿੱਚ, ਅਤੇ ਇਸ ਤੋਂ ਬਾਅਦ, ਨਵੇਂ ਬਣੇ ਪੌਲੀਟੈਕਨਿਕਾਂ ਵਿੱਚ ਮਨਜ਼ੂਰੀ ਦਿੱਤੀ ਸੀ (ਨਵੰਬਰ 2012)। ਬਾਕੀ ਮੰਜ਼ਿਲਾਂ ਦੇ ਸਿਵਲ ਕੰਮਾਂ ਲਈ ਫੰਡਾਂ ਦੀ ਲੋੜ ਸਮੇਂ ਦੇ ਵੱਧ ਜਾਣ ਕਾਰਨ ਅਕਤੂਬਰ 2015 ਤੋਂ ਵੱਧ ਕੇ ₹ 115.29 ਕਰੋੜ ਹੋ ਗਈ। ਹਾਲਾਂਕਿ, ਪੌਲੀਟੈਕਨਿਕ ਪੰਜਾਬ ਸਰਕਾਰ ਤੋਂ ਵਾਧੂ ਫੰਡਾਂ ਦੀ ਘਾਟ ਕਾਰਣ ਅਧੂਰੇ ਰਹੇ (ਮਈ 2022) ਅਤੇ ਪੌਲੀਟੈਕਨਿਕਾਂ ਨੇ ਅੰਸ਼ਕ ਤੌਰ 'ਤੇ ਬਣੀਆਂ ਇਮਾਰਤਾਂ ਤੋਂ ਪ੍ਰਤੀ ਕੋਰਸ 15-60 ਵਿਦਿਆਰਥੀਆਂ ਦੀ ਸਲਾਨਾ ਮਨਜ਼ੂਰੀ ਦੇ ਨਾਲ ਦੋ[58] ਕੋਰਸ ਚਲਾਉਣੇ ਜਾਰੀ ਰੱਖੇ। ਇਸ ਤੋਂ ਇਲਾਵਾ, ਏ ਆਈ ਸੀ ਟੀ ਈ ਦੇ ਮਾਪਦੰਡਾਂ ਅਨੁਸਾਰ ਉਸਾਰੀ ਨਾ ਕੀਤੇ ਜਾਣ ਅਤੇ ਰਾਜ/ ਵਿਭਾਗ ਦੁਆਰਾ ਪੌਲੀਟੈਕਨਿਕਾਂ ਦੀ ਹੋਰ ਉਸਾਰੀ ਲਈ ਅੰਡਰਟੇਕਿੰਗ ਪ੍ਰਦਾਨ ਨਾ ਕੀਤੇ ਜਾਣ ਨੂੰ ਦੇਖਦੇ ਹੋਏ, ਭਾਰਤ ਸਰਕਾਰ ਨੇ ₹ 16.10 ਕਰੋੜ[59] ਦੇ ਬਕਾਇਆ ਫੰਡ ਜਾਰੀ ਨਹੀਂ ਕੀਤੇ; ਸਗੋਂ ਵਿਭਾਗ ਨੂੰ ਪਹਿਲਾਂ ਹੀ ਜਾਰੀ ਕੀਤੀ ਗਈ ₹ 70.00 ਕਰੋੜ ਦੀ ਕੇਂਦਰੀ ਸਹਾਇਤਾ ਨੂੰ ਵਿਆਜ ਸਮੇਤ, ਜੇਕਰ ਕੋਈ ਹੈ, ਰਿਵਰਸ ਕਰਨ ਲਈ ਕਿਹਾ (ਨਵੰਬਰ 2016)। ਵਿਭਾਗ ਦੀ ਅਗਲੀ ਕਾਰਵਾਈ ਦੀ ਉਡੀਕ ਸੀ (ਨਵੰਬਰ 2022)।

ਇਸ ਤੱਥ ਨੂੰ ਜਾਣਦੇ ਹੋਏ ਕਿ ਏ ਆਈ ਸੀ ਟੀ ਈ ਦੇ ਮਾਪਦੰਡਾਂ ਅਨੁਸਾਰ ਸਿਵਲ ਕੰਮਾਂ ਨੂੰ ਪੂਰਾ ਕੀਤੇ ਬਿਨਾਂ, ਪੌਲੀਟੈਕਨਿਕ ਪੂਰੀ ਸਮਰੱਥਾ (60 ਵਿਦਿਆਰਥੀਆਂ ਦੇ ਸਲਾਨਾ ਦਾਖਲੇ ਵਾਲੇ ਪੰਜ ਕੋਰਸ) ਨਾਲ ਨਹੀਂ ਚੱਲ ਸਕਦੇ ਅਤੇ ਸਿਵਲ ਕੰਮਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਲਈ ਵਿੱਤ ਦਾ ਭਰੋਸਾ ਪ੍ਰਾਪਤ ਕੀਤੇ ਬਿਨਾਂ ਵੀ ਵਿਭਾਗ ਨੇ 1,512 ਦੋ-ਸੀਟਰ ਮੇਜ਼ਾਂ/ ਕੁਰਸੀਆਂ[60] ਦੀ ਅਧਿਕਤਮ ਲੋੜ ਦੇ ਮੁਕਾਬਲੇ ₹ 2.31 ਕਰੋੜ ਦੀ ਲਾਗਤ ਨਾਲ 3,780 ਦੋ-ਸੀਟਰ ਮੇਜ਼ਾਂ/ਕੁਰਸੀਆਂ ਦੀ ਸਪਲਾਈ ਲਈ ਸਪਲਾਈ ਆਰਡਰ ਦਿੱਤਾ ਸੀ (ਮਾਰਚ 2014)। ਸੱਤ ਪੌਲੀਟੈਕਨਿਕਾਂ ਵਿੱਚੋਂ ਹਰੇਕ ਨੂੰ 540 ਦੋ-ਸੀਟਰ ਦੀ ਦਰ ਨਾਲ ਆਰਡਰ ਕੀਤੇ ਮੇਜ਼ਾਂ/ਕੁਰਸੀਆਂ ਪ੍ਰਾਪਤ ਕੀਤੀਆਂ ਗਈਆਂ ਸਨ (ਮਾਰਚ-ਅਪ੍ਰੈਲ 2014)। ਹਾਲਾਂਕਿ, ₹ 1.39 ਕਰੋੜ ਦੀ ਲਾਗਤ ਵਾਲੇ 2,268 ਮੇਜ਼ਾਂ/ਕੁਰਸੀਆਂ ਦੀ ਵਾਧੂ ਸੰਖਿਆ ਸੱਤ ਪੌਲੀਟੈਕਨਿਕਾਂ ਵਿੱਚ ਅੱਠ ਸਾਲਾਂ ਤੋਂ ਵੱਧ ਸਮੇਂ ਤੋਂ ਜਾਂ ਤਾਂ ਬੇਕਾਰ ਪਏ ਸਨ ਜਾਂ ਅਣਇੱਛਤ

---

58 ਹਾਲਾਂਕਿ ਕੋਟਕਪੂਰਾ (ਫਰੀਦਕੋਟ) ਅਤੇ ਫਤੂਹੀ ਖੇੜਾ (ਸ੍ਰੀ ਮੁਕਤਸਰ ਸਾਹਿਬ) ਵਿਖੇ ਸਰਕਾਰੀ ਪੌਲੀਟੈਕਨਿਕ ਕਾਲਜਾਂ (ਜੀ ਪੀ ਸੀ) ਨੂੰ 2013-14 ਦੌਰਾਨ ਕ੍ਰਮਵਾਰ ਚਾਰ ਅਤੇ ਪੰਜ ਕੋਰਸਾਂ ਲਈ ਪ੍ਰਵਾਨਗੀ ਮਿਲੀ ਸੀ, ਜੀ ਪੀ ਸੀ ਕੋਟਕਪੂਰਾ ਵਿਖੇ ਚਾਰ ਕੋਰਸਾਂ ਵਿੱਚ ਸਿਰਫ 0-7 ਵਿਦਿਆਰਥੀ ਦਾਖਲ ਹੋਏ ਸਨ; ਅਤੇ ਜੀ ਪੀ ਸੀ, ਫਤੂਹੀ ਖੇੜਾ ਦੇ ਮਾਮਲੇ ਵਿੱਚ, ਬੁਨਿਆਦੀ ਢਾਂਚੇ ਦੀ ਘਾਟ ਕਾਰਨ ਸਿਰਫ ਦੋ ਕੋਰਸ ਹੀ ਚਲਾਏ ਜਾ ਸਕਦੇ ਸਨ।

59 ਭਾਰਤ ਸਰਕਾਰ ਦੁਆਰਾ ਜਾਰੀ ਕੀਤੇ ₹ 86.10 ਕਰੋੜ (₹ 12.30 ਕਰੋੜ ਪ੍ਰਤੀ ਪੌਲੀਟੈਕਨਿਕ ਦੀ ਦਰ ਨਾਲ) ਮਾਈਨਸ ₹ 70.00 ਕਰੋੜ।

60 ਪ੍ਰਤੀ ਕੋਰਸ 60+12 ਵਿਦਿਆਰਥੀਆਂ ਦੀ ਦਰ ਨਾਲ 144 ਵਿਦਿਆਰਥੀਆਂ ਦਾ ਅਧਿਕਤਮ ਦਾਖਲਾ (ਪ੍ਰਵਾਨਿਤ ਸੀਟਾਂ ਦਾ ਵਾਧੂ 20 *ਪ੍ਰਤੀਸ਼ਤ* ਦਾਖਲਾ ਲੈਟਰਲ ਐਂਟਰੀ ਐਂਟਰਸ ਟੈਸਟ ਸਕੀਮ ਅਧੀਨ ਕੀਤਾ ਗਿਆ ਸੀ) ਤਿੰਨ ਸਾਲਾਂ ਲਈ =432 ਵਿਦਿਆਰਥੀ ਪ੍ਰਤੀ ਪੌਲੀਟੈਕਨਿਕ ਸੱਤ ਪੌਲੀਟੈਕਨਿਕਾਂ ਲਈ = (432x7)/2 =1,512 ਦੋ-ਸੀਟਰ ਮੇਜ਼ਾਂ/ ਕੁਰਸੀਆਂ।

ਉਦੇਸ਼ਾਂ ਲਈ ਵਰਤੇ ਜਾ ਰਹੇ ਸਨ (ਮਈ 2022); ਜਿਸ ਦੀ ਹਾਲਤ ਸਮੇਂ ਦੇ ਨਾਲ ਵਿਗੜਦੀ ਜਾਵੇਗੀ।

ਡਿਪਟੀ ਡਾਇਰੈਕਟਰ ਨੇ ਕਿਹਾ (ਮਾਰਚ 2022) ਕਿ ਦੋਹਰੇ ਮੇਜ਼ਾਂ ਦੀ ਵਰਤੋਂ ਇਛੱਤ ਉਦੇਸ਼ਾਂ ਭਾਵ ਵਿਦਿਆਰਥੀਆਂ ਨੂੰ ਕਲਾਸਾਂ ਅਤੇ ਪ੍ਰੀਖਿਆ ਹਾਲ ਲਈ ਬੈਠਣ ਲਈ ਕੀਤੀ ਜਾ ਰਹੀ ਸੀ। ਇਹ ਜੋੜਿਆ ਗਿਆ ਸੀ ਕਿ ਸਰਕਾਰੀ ਪੌਲੀਟੈਕਨਿਕ ਕਾਲਜ, ਬਰੇਟਾ (ਮਾਨਸਾ) ਵਿੱਚ ਜਿੱਥੇ ਦਾਖਲਾ ਪ੍ਰਵਾਨਿਤ ਦਾਖਲੇ ਤੋਂ ਬਹੁਤ ਘੱਟ ਸੀ, 200 ਮੇਜ਼ਾਂ ਨੂੰ ਸਰਵੋਤਮ ਵਰਤੋਂ ਲਈ ਸਰਕਾਰੀ ਪੌਲੀਟੈਕਨਿਕ, ਬਠਿੰਡਾ ਵਿਖੇ ਤਬਦੀਲ ਕਰ ਦਿੱਤਾ ਗਿਆ ਸੀ। ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਲੇਖਾ ਪ੍ਰੀਖਿਆ ਨੂੰ ਸੱਤ ਪੌਲੀਟੈਕਨਿਕਾਂ ਵਿੱਚ ਕੋਈ ਵੱਖਰਾ ਪ੍ਰੀਖਿਆ ਹਾਲ ਨਹੀਂ ਮਿਲਿਆ ਅਤੇ ਪ੍ਰੀਖਿਆ ਖੁਦ ਕਲਾਸਰੂਮਾਂ ਵਿੱਚ ਹੀ ਲਈ ਜਾ ਰਹੀ ਸੀ। ਇਸ ਤੋਂ ਇਲਾਵਾ, ਪੌਲੀਟੈਕਨਿਕਾਂ ਦੁਆਰਾ ਪ੍ਰਦਾਨ ਕੀਤੀ ਗਈ ਮੇਜ਼ਾਂ/ਕੁਰਸੀਆਂ (ਅਪ੍ਰੈਲ 2022) ਦੀ ਵਰਤੋਂ ਦੀ ਜਾਣਕਾਰੀ ਅਸਪਸ਼ਟ ਸੀ ਅਤੇ ਸਰਕਾਰੀ ਪੌਲੀਟੈਕਨਿਕ ਕਾਲਜ, ਬਠਿੰਡਾ ਜਿੱਥੇ 200 ਮੇਜ਼ਾਂ ਨੂੰ ਤਬਦੀਲ ਕੀਤਾ ਗਿਆ ਸੀ, ਉਪਰੋਕਤ ਸਕੀਮ ਦਾ ਹਿੱਸਾ ਨਹੀਂ ਸੀ। ਇਹ ਅੱਗੇ ਦੇਖਿਆ ਗਿਆ ਸੀ ਕਿ ਪ੍ਰਵਾਨਿਤ ਮੇਜ਼ਾਂ/ਕੁਰਸੀਆਂ ਦੀ ਸਮਰੱਥਾ ਵੀ ਪੂਰੀ ਤਰ੍ਹਾਂ ਨਹੀਂ ਵਰਤੀ ਜਾ ਰਹੀ ਸੀ, ਜਿਵੇਂ ਕਿ ਔਸਤਨ ਤਿੰਨ ਸਾਲਾਂ ਦੇ ਸਮੇਂ (2019-2022) ਦੌਰਾਨ ਇਨ੍ਹਾਂ ਪੌਲੀਟੈਕਨਿਕਾਂ ਵਿੱਚ ਦੋ ਕੋਰਸਾਂ ਵਿੱਚ 6-56 ਵਿਦਿਆਰਥੀਆਂ[61] ਨੂੰ ਦਾਖਲਾ ਦਿੱਤਾ ਗਿਆ ਸੀ।

ਇਸ ਤਰ੍ਹਾਂ, ਉਕਤ ਕੋਡਲ ਉਪਬੰਧਾਂ ਦੀ ਉਲੰਘਣਾ ਕਰਦੇ ਹੋਏ, ਪੌਲੀਟੈਕਨਿਕ ਇਮਾਰਤਾਂ ਦੇ ਸਿਵਲ ਕੰਮਾਂ ਨੂੰ ਪੂਰਾ ਕਰਨ ਤੋਂ ਪਹਿਲਾਂ ਹੀ, 2,268 ਦੋ-ਸੀਟਰ ਮੇਜ਼ਾਂ/ਕੁਰਸੀਆਂ ਫੌਰੀ ਲੋੜ ਤੋਂ ਵੱਧ ਖਰੀਦੀਆਂ ਗਈਆਂ ਸਨ, ਜਿਸ ਨਾਲ ਇਸ 'ਤੇ ₹ 1.39 ਕਰੋੜ ਦਾ ਖਰਚਾ ਗੈਰ-ਵਾਜਬ ਸੀ।

**ਸਿਫ਼ਾਰਸ਼: ਰਾਜ ਸਰਕਾਰ ਅਸਲ ਲੋੜ ਤੋਂ ਪਹਿਲਾਂ ਸਟੋਰਾਂ ਤੋਂ ਬਹੁਤ ਜ਼ਿਆਦਾ ਖਰੀਦ ਨਾ ਕਰਨ ਲਈ ਕੋਡਲ ਉਪਬੰਧਾਂ ਦੀ ਪਾਲਣਾ ਕਰਨ ਤੋਂ ਇਲਾਵਾ, ਪੌਲੀਟੈਕਨਿਕ ਇਮਾਰਤਾਂ ਦੇ ਬਾਕੀ ਰਹਿੰਦੇ ਸਿਵਲ ਕਾਰਜਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਕੋਰਸ ਚਲਾਉਣ ਅਤੇ ਵਾਧੂ ਸੰਖਿਆ ਦੇ ਦੋ-ਸੀਟਰ ਮੇਜ਼ਾਂ/ਕੁਰਸੀਆਂ ਦੀ ਸਰਵੋਤਮ ਵਰਤੋਂ ਕਰਨ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਉਣ 'ਤੇ ਵਿਚਾਰ ਕਰ ਸਕਦੀ ਹੈ।**

ਮਾਮਲਾ ਜੂਨ 2020 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਜਵਾਬ ਦੀ ਉਡੀਕ ਸੀ (ਨਵੰਬਰ 2022)।

---

[61] ਬਡਬਰ, ਬਰਨਾਲਾ: (33-56 ਵਿਦਿਆਰਥੀ); (ii) ਕੋਟਕਪੂਰਾ, ਫਰੀਦਕੋਟ (14-41 ਵਿਦਿਆਰਥੀ); (iii) ਰਾਣਵਾਂ, ਫਤਿਹਗੜ੍ਹ ਸਾਹਿਬ (23-47 ਵਿਦਿਆਰਥੀ); (iv) ਬੇਗੋਵਾਲ, ਕਪੂਰਥਲਾ (9-22 ਵਿਦਿਆਰਥੀ); (v) ਬਰੇਟਾ, ਮਾਨਸਾ (6-21 ਵਿਦਿਆਰਥੀ); (vi) ਫਤੂਹੀ ਖੇੜਾ, ਸ੍ਰੀ ਮੁਕਤਸਰ ਸਾਹਿਬ (12-19 ਵਿਦਿਆਰਥੀ); ਅਤੇ (vii) ਬਹਿਰਾਮ, ਐਸ ਬੀ ਐਸ ਨਗਰ (15-21 ਵਿਦਿਆਰਥੀ)।

## 7.6 ਸਰਕਾਰੀ ਧਨ ਦੀ ਸ਼ੱਕੀ ਦੁਰਵਰਤੋਂ

**ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀ ਦੀ ਕੋਡਲ ਉਪਬੰਧਾਂ ਦੀ ਪਾਲਣਾ ਕਰਨ ਵਿੱਚ ਅਸਫਲਤਾ ਕਾਰਣ ਅਤੇ ਇਸ ਤਰ੍ਹਾਂ ਅੰਦਰੂਨੀ ਕੰਟਰੋਲ ਵਿਧੀ ਨਾਲ ਸਮਝੌਤਾ ਕਰਨ ਕਰਕੇ, ₹ 2.58 ਲੱਖ ਦੀ ਸਰਕਾਰੀ ਰਕਮ ਦੀ ਸ਼ੱਕੀ ਦੁਰਵਰਤੋਂ ਕਰਨ ਵਿੱਚ ਅਸਾਨੀ ਹੋਈ। ਲੇਖਾ ਪ੍ਰੀਖਿਆ ਦੁਆਰਾ ਧਿਆਨ ਵਿੱਚ ਲਿਆਂਦੇ ਜਾਣ 'ਤੇ ਸਬੰਧਤ ਕਰਮਚਾਰੀ ਦੁਆਰਾ ਇਹ ਰਕਮ ਸਰਕਾਰੀ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਸੀ।**

ਪੰਜਾਬ ਵਿੱਤੀ ਨਿਯਮਾਵਲੀ (ਪੀ ਐਫ ਆਰ) ਭਾਗ-1 ਦੇ ਨਿਯਮ 2.2 ਨੂੰ ਨਿਯਮ 2.4 ਨਾਲ ਪੜ੍ਹਦੇ ਹੋਏ, ਇਹ ਵਿਵਸਥਾ ਕਰਦਾ ਹੈ ਕਿ ਦਫ਼ਤਰ ਦੇ ਮੁਖੀ ਨੂੰ ਕੈਸ਼ ਬੁੱਕ ਦੇ ਜੋੜਾਂ ਦੀ ਤਸਦੀਕ ਕਰਨੀ ਚਾਹੀਦੀ ਹੈ ਜਾਂ ਇਹ ਕੈਸ਼ ਬੁੱਕ ਲਿਖਣ ਵਾਲੇ ਤੋਂ ਇਲਾਵਾ ਕਿਸੇ ਹੋਰ ਜ਼ਿੰਮੇਵਾਰ ਅਧੀਨ ਕਰਮਚਾਰੀ ਦੁਆਰਾ ਕੀਤਾ ਜਾਣਾ ਚਾਹੀਦਾ ਹੈ, ਅਤੇ ਇਹ ਸਹੀ ਵਜੋਂ ਦਸਤਖਤ ਕਰਨੇ ਚਾਹੀਦੇ ਹਨ। ਦਿਨ ਦੇ ਅੰਤ 'ਤੇ, ਕੈਸ਼ ਬੁੱਕ 'ਤੇ ਦਸਤਖਤ ਕਰਦੇ ਸਮੇਂ ਦਫ਼ਤਰ ਦੇ ਮੁਖੀ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਦਿਨ ਦੌਰਾਨ ਇਕੱਠੀਆਂ ਕੀਤੀਆਂ ਗਈਆਂ ਵਿਭਾਗੀ ਪ੍ਰਾਪਤੀਆਂ, ਜਿਨ੍ਹਾਂ ਦੀ ਵਰਤੋਂ ਪੰਜਾਬ ਖਜ਼ਾਨਾ ਨਿਯਮਾਂ ਅਧੀਨ ਖਰਚੇ ਲਈ ਸਖਤ ਮਨਾਹੀ ਹੈ, ਉਸੇ ਦਿਨ ਜਾਂ ਅਗਲੇ ਦਿਨ ਦੀ ਸਵੇਰ ਨੂੰ ਜਲਦ ਤੋਂ ਜਲਦ ਖਜ਼ਾਨੇ ਵਿੱਚ ਜਮ੍ਹਾ ਕੀਤਾ ਜਾਂਦਾ ਹੈ। ਜਦੋਂ ਕਿਸੇ ਸਰਕਾਰੀ ਅਧਿਕਾਰੀ ਦੀ ਨਿਗਰਾਨੀ ਵਿੱਚ ਸਰਕਾਰੀ ਪੈਸਾ ਖਜ਼ਾਨੇ ਜਾਂ ਬੈਂਕ ਵਿੱਚ ਅਦਾ ਕੀਤਾ ਜਾਂਦਾ ਹੈ, ਤਾਂ ਅਜਿਹੇ ਭੁਗਤਾਨ ਕਰਨ ਵਾਲੇ ਦਫ਼ਤਰ ਦੇ ਮੁਖੀ ਨੂੰ ਇਸ ਨੂੰ ਤਸਦੀਕ ਕਰਨ ਤੋਂ ਪਹਿਲਾਂ ਖਜ਼ਾਨਾ ਅਧਿਕਾਰੀ ਜਾਂ ਚਲਾਨ ਤੇ ਬੈਂਕ ਦੀ ਰਸੀਦ ਜਾਂ ਉਸਦੀ ਪਾਸ ਬੁੱਕ ਦੀ ਕੈਸ਼ ਬੁੱਕ ਵਿੱਚ ਦਰਜ ਐਂਟਰੀ ਨਾਲ ਤੁਲਨਾ ਕਰਨੀ ਚਾਹੀਦੀ ਹੈ ਅਤੇ ਆਪਣੇ ਆਪ ਨੂੰ ਸੰਤੁਸ਼ਟ ਕਰੇ ਕਿ ਰਾਸ਼ੀਆਂ ਅਸਲ ਵਿੱਚ ਖਜ਼ਾਨੇ ਜਾਂ ਬੈਂਕ ਵਿੱਚ ਜਮ੍ਹਾਂ ਕੀਤੀਆਂ ਗਈਆਂ ਹਨ। ਹਰ ਮਹੀਨੇ ਦੀ 15 ਤਰੀਕ ਤੱਕ, ਉਸਨੂੰ ਖਜ਼ਾਨੇ ਤੋਂ ਪਿਛਲੇ ਮਹੀਨੇ ਦੇ ਦੌਰਾਨ ਕੀਤੀਆਂ ਗਈਆਂ ਸਾਰੀਆਂ ਰਾਸ਼ੀਆਂ ਲਈ ਇੱਕ ਸੰਯੁਕਤ ਰਸੀਦ ਪ੍ਰਾਪਤ ਕਰਨੀ ਚਾਹੀਦੀ ਹੈ, ਜਿਸਦੀ ਤੁਲਨਾ ਕੈਸ਼ ਬੁੱਕ ਵਿੱਚ ਪੋਸਟਿੰਗ ਨਾਲ ਕੀਤੀ ਜਾਣੀ ਚਾਹੀਦੀ ਹੈ।

ਪ੍ਰਿੰਸੀਪਲ, ਸਰਕਾਰੀ ਪੋਲੀਟੈਕਨਿਕ ਕਾਲਜ (ਲੜਕੀਆਂ ਲਈ), ਜਲੰਧਰ (ਕਾਲਜ) ਦੇ ਜੁਲਾਈ 2013 ਤੋਂ ਜੁਲਾਈ 2021 ਦੇ ਸਮੇਂ ਦੇ ਰਿਕਾਰਡ ਦੀ ਲੇਖਾ ਪ੍ਰੀਖਿਆ ਨੇ ਦਰਸਾਇਆ (ਅਗਸਤ 2021) ਕਿ ਕਾਲਜ ਨੇ ₹ 8.16 ਕਰੋੜ ਦੀ ਰਾਸ਼ੀ ਦੀਆਂ ਪ੍ਰਾਪਤੀਆਂ ਸਰਕਾਰੀ ਲੇਖੇ ਵਿੱਚ ਟਿਊਸ਼ਨ ਫੀਸ, ਜੁਰਮਾਨੇ, ਕਿਰਾਇਆ, ਬਚਤ ਬੈਂਕ ਖਾਤੇ[62] ਵਿੱਚ ਇੱਕਠਾ ਹੋਇਆ ਵਿਆਜ਼ ਆਦਿ ਜਮ੍ਹਾਂ ਕਰਵਾਈਆਂ (ਜੁਲਾਈ 2013-ਜੁਲਾਈ 2021)। ਕੈਸ਼ ਬੁੱਕ, ਪ੍ਰਾਪਤੀਆਂ ਨਾਲ ਸਬੰਧਤ ਰਿਕਾਰਡ, ਕੰਸੋਲੀਡੇਟਿਡ ਖਜ਼ਾਨਾ ਪ੍ਰਾਪਤੀਆਂ (ਸੀ ਟੀ ਆਰ) ਸਟੇਟਮੈਂਟ ਦੇ ਨਾਲ ਕਾਲਜ ਦੇ ਡਿਪੋਜ਼ਿਟਸ/ ਰੈਮੀਟੈਂਸਜ਼ ਦੀ ਸੂਚੀ ਦੀ ਜਾਂਚ ਦੌਰਾਨ ਇਹ ਦੇਖਿਆ ਗਿਆ ਸੀ ਕਿ ਵਿਦਿਆਰਥੀਆਂ ਤੋਂ ਟਿਊਸ਼ਨ ਫੀਸਾਂ ਵਜੋਂ ₹ 2,56,300/- ਦੀ ਇਕੱਠੀ ਕੀਤੀ ਗਈ ਰਾਸ਼ੀ (9 ਜਨਵਰੀ 2018-22 ਜਨਵਰੀ 2018) ਭਾਵੇਂ ਕਿ 24 ਜਨਵਰੀ 2018 ਨੂੰ ਸਰਕਾਰੀ ਲੇਖੇ

---

62 ਭਾਰਤੀ ਸਟੇਟ ਬੈਂਕ, ਜਲੰਧਰ ਵਿੱਚ ਬੱਚਤ ਬੈਂਕ ਖਾਤਾ (ਐਸ ਬੀ) ਨੰ. 31493428240, ਪ੍ਰਿੰਸੀਪਲ, ਸਰਕਾਰੀ ਪੌਲੀਟੈਕਨਿਕ ਕਾਲਜ ਫਾਰ ਗਰਲਜ਼, ਜਲੰਧਰ ਦੇ ਨਾਮ 'ਤੇ ਚਲਾਇਆ ਜਾ ਰਿਹਾ ਹੈ, ਜੋ ਕਿ ਪੌਲੀਟੈਕਨਿਕ ਰਾਹੀ ਭਾਰਤ ਸਰਕਾਰ ਦੀ ਸਮੂਦਾਇਕ ਵਿਕਾਸ ਯੋਜਨਾ ਦੇ ਸਬੰਧ ਵਿੱਚ ਹੈ। ਪ੍ਰਾਪਤੀਆਂ ਨੂੰ ਸਰਕਾਰੀ ਖਾਤੇ ਵਿੱਚ ਭੇਜਣ ਤੋਂ ਪਹਿਲਾਂ ਨਕਦੀ ਵਿੱਚ ਪ੍ਰਾਪਤ ਕੀਤਾ ਅਤੇ ਐਸ ਬੀ ਖਾਤੇ ਵਿੱਚ ਜਮ੍ਹਾ ਕੀਤਾ ਜਾ ਰਿਹਾ ਸੀ।

ਵਿੱਚ ਜਮ੍ਹਾਂ ਕੀਤੇ ਵਜੋਂ ਕੈਸ਼ ਬੁੱਕ ਵਿੱਚ ਦਿਖਾਇਆ ਗਿਆ ਸੀ, ਸੀ ਟੀ ਆਰ ਅਨੁਸਾਰ, ਅਸਲ ਵਿੱਚ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਨਹੀਂ ਪਾਇਆ ਗਿਆ ਸੀ। ਇਸ ਤੋਂ ਇਲਾਵਾ, 01 ਅਗਸਤ 2017 ਨੂੰ ਕਮਰੇ ਦੇ ਕਿਰਾਏ ਵਜੋਂ ਇਕੱਠੇ ਕੀਤੇ ਗਏ ₹ 3,600/- ਦੀ ਰਾਸ਼ੀ ਦੀਆਂ ਪ੍ਰਾਪਤੀਆਂ ਭਾਵੇਂ ਕੈਸ਼ ਬੁੱਕ ਵਿੱਚ ਲਈਆਂ ਗਈਆਂ ਸਨ, ਅਸਲ ਵਿੱਚ ₹ 2,400/- ਲਈ ਗਿਣੀਆਂ ਗਈਆਂ ਸਨ, ਜਿਸ ਦੇ ਨਤੀਜੇ ਵਜੋਂ ਸਰਕਾਰੀ ਲੇਖੇ ਵਿੱਚ 1,200/- ਦੀ ਘੱਟ ਰਾਸ਼ੀ ਜਮ੍ਹਾਂ ਹੋਈ। ਕਾਲਜ ਦਾ ਪ੍ਰਿੰਸੀਪਲ ਡਰਾਇੰਗ ਅਤੇ ਡਿਸਬਰਸਿੰਗ ਅਫਸਰ (ਡੀ ਡੀ ਓ) ਦਾ ਚਾਰਜ ਸੰਭਾਲ ਰਿਹਾ ਸੀ, ਕੈਸ਼ ਬੁੱਕ 'ਤੇ ਦਸਤਖਤ ਕਰਦੇ ਸਮੇਂ ਨਾ ਤਾਂ ਸਾਰੀਆਂ ਸਰਕਾਰੀ ਪ੍ਰਾਪਤੀਆਂ ਨੂੰ ਸਰਕਾਰੀ ਲੇਖੇ ਵਿੱਚ ਜਮ੍ਹਾਂ ਕਰਵਾਉਣ ਨੂੰ ਯਕੀਨੀ ਬਣਾਇਆ ਗਿਆ ਅਤੇ ਨਾ ਹੀ ਉਸ ਨੇ ਕੈਸ਼ ਬੁੱਕ ਵਿੱਚ ਦਰਜ ਰਾਸ਼ੀਆਂ ਦਾ ਖਜ਼ਾਨਾ ਰਿਕਾਰਡ ਨਾਲ ਸਹੀ ਮਿਲਾਨ ਕੀਤਾ।

ਲੇਖਾ ਪ੍ਰੀਖਿਆ ਵਿੱਚ ਧਿਆਨ ਵਿੱਚ ਲਿਆਂਦੇ ਜਾਣ ਤੇ (16 ਅਗਸਤ 2021); ਪ੍ਰਿੰਸੀਪਲ ਨੇ ਕਿਹਾ (ਸਤੰਬਰ 2021) ਕਿ ਬਕਾਇਆ ਰਾਸ਼ੀ (₹ 2,57,500/-) ਉਸ ਦੇ ਆਪਣੇ ਉਸ ਸਮੇਂ ਦੇ ਕੈਸ਼ੀਅਰ ਦੁਆਰਾ ਸਰਕਾਰੀ ਲੇਖੇ ਵਿੱਚ ਜਮ੍ਹਾਂ ਕਾਰਵਾਈ ਗਈ ਸੀ (17 ਅਗਸਤ 2021) ਅਤੇ ਮਾਮਲਾ ਉੱਚ ਅਧਿਕਾਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ। ਵਿਭਾਗ ਦੀ ਅਗਲੀ ਕਾਰਵਾਈ/ ਜਵਾਬ ਦੀ ਉਡੀਕ ਸੀ (ਨਵੰਬਰ 2022)।

ਇਸ ਤਰ੍ਹਾਂ, ਉਕਤ ਕੋਡਲ ਪ੍ਰਬੰਧਾਂ ਦੀ ਪਾਲਣਾ ਕਰਨ ਵਿੱਚ ਡੀ ਡੀ ਓ ਦੀ ਅਸਫਲਤਾ, ਅਤੇ ਅੰਦਰੂਨੀ ਕੰਟਰੋਲ ਵਿਧੀ ਨਾਲ ਸਮਝੌਤੇ ਨੇ ₹ 2.58 ਲੱਖ ਦੀ ਸਰਕਾਰੀ ਰਾਸ਼ੀ ਦੀ ਸ਼ੱਕੀ ਦੁਰਵਰਤੋਂ ਨੂੰ ਅਸਾਨ ਕੀਤਾ, ਹਾਲਾਂਕਿ ਬਕਾਇਆ ਰਾਸ਼ੀ ਲੇਖਾ ਪ੍ਰੀਖਿਆ ਦੁਆਰਾ ਧਿਆਨ ਵਿੱਚ ਲਿਆਂਦੇ ਜਾਣ ਤੋਂ ਬਾਅਦ ਸਬੰਧਤ ਕਰਮਚਾਰੀ ਤੋਂ ਵਸੂਲ ਕਰ ਲਈ ਗਈ ਸੀ।

**ਸਿਫ਼ਾਰਸ਼ਃ ਰਾਜ ਸਰਕਾਰ ਕੋਡਲ ਉਪਬੰਧਾਂ ਦੀ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ, ਸਰਕਾਰੀ ਪੈਸੇ ਦੀ ਸ਼ੱਕੀ ਦੁਰਵਰਤੋਂ ਦੇ ਅਜਿਹੇ ਮਾਮਲਿਆਂ ਨੂੰ ਦੁਬਾਰਾ ਹੋਣ ਤੋਂ ਰੋਕਣ ਲਈ ਇੱਕ ਮਜ਼ਬੂਤ ਅਤੇ ਭਰੋਸੇਮੰਦ ਅੰਦਰੂਨੀ ਕੰਟਰੋਲ ਵਿਧੀ ਬਣਾਉਣ ਲਈ ਸਾਰੇ ਸਬੰਧਤਾਂ ਤੇ ਜ਼ੋਰ ਪਾ ਸਕਦੀ ਹੈ।**

ਇਹ ਮਾਮਲਾ ਨਵੰਬਰ 2021 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਜਵਾਬ ਦੀ ਉਡੀਕ ਸੀ (ਨਵੰਬਰ 2022)।

## ਜਲ ਸਰੋਤ ਵਿਭਾਗ

### 7.7 ਫਜ਼ੂਲ ਖਰਚਾ

**ਡਿਸਟ੍ਰੀਬਿਊਟਰੀਆਂ ਅਤੇ ਡਿਸਟਰੀਬਿਊਟਰੀ ਸਿਸਟਮ ਦੇ ਕੰਮ ਦੇ ਮੁਕੰਮਲ ਹੋਣ ਤੋਂ ਇਲਾਵਾ ਇੱਕ ਹੋਰ ਅਧੂਰੇ ਡਿਸਟਰੀਬਿਊਸ਼ਨ ਦੇ ਬਾਵਜੂਦ ਬਿਜਲੀ ਦੇ ਬਕਾਏ ਦੀ ਨਾ-ਟਾਲਣਯੋਗ ਦੇਣਦਾਰੀ ਦਾ ਨਿਪਟਾਰਾ ਕਰਨ ਅਤੇ ਰੁਕਾਵਟ-ਮੁਕਤ ਸਾਈਟ ਪ੍ਰਦਾਨ ਕਰਨ ਵਿੱਚ ਵਿਭਾਗ ਦੀ ਅਸਫਲਤਾ ਦੇ ਨਤੀਜੇ ਵਜੋਂ 2,183 ਹੈਕਟੇਅਰ ਜ਼ਮੀਨ ਨੂੰ ਸਿੰਜਾਈ ਸਹੂਲਤਾਂ ਤੋਂ ਇਨਕਾਰ ਹੋਇਆ, ਜਿਸ ਨਾਲ ₹ 29.07 ਕਰੋੜ ਦਾ ਵਿਅਰਥ ਖਰਚਾ ਹੋਇਆ।**

ਲੋਕ ਨਿਰਮਾਣ ਵਿਭਾਗ (ਪੀ ਡਬਲਿਯੂ ਡੀ) ਕੋਡ ਦਾ ਪੈਰ੍ਹਾ 2.92 ਵਿਵਸਥਾ ਕਰਦਾ ਹੈ ਕਿ ਅਜਿਹੀ ਜ਼ਮੀਨ 'ਤੇ ਕੋਈ ਵੀ ਕੰਮ ਸ਼ੁਰੂ ਨਹੀਂ ਕੀਤਾ ਜਾਣਾ ਚਾਹੀਦਾ ਜੋ ਜ਼ਿੰਮੇਵਾਰ ਸਿਵਲ ਅਧਿਕਾਰੀ

ਦੁਆਰਾ ਵਿਧੀਵਤ ਤੌਰ 'ਤੇ ਸੌਂਪੀ ਨਹੀਂ ਗਈ ਹੈ। ਜਲ ਸਰੋਤ ਵਿਭਾਗ (ਵਿਭਾਗ) ਵੱਲੋਂ ਠੇਕੇਦਾਰਾਂ ਨਾਲ ਕੀਤੇ ਗਏ ਇਕਰਾਰਨਾਮੇ ਦੀ ਧਾਰਾ 22 ਦੇ ਅਨੁਸਾਰ, ਇਹ ਵਿਭਾਗ ਦੀ ਜ਼ਿੰਮੇਵਾਰੀ ਹੈ ਕਿ ਉਹ ਠੇਕੇਦਾਰਾਂ ਨੂੰ ਰੁਕਾਵਟ ਮੁਕਤ ਸਾਈਟ ਦਾ ਕਬਜ਼ਾ ਸੌਂਪੇ ਤਾਂ ਜੋ ਉਹ ਕੰਮ ਨੂੰ ਪੂਰਾ ਕਰਨ ਦੇ ਯੋਗ ਹੋ ਸਕਣ। ਇਸ ਤੋਂ ਇਲਾਵਾ, ਪੰਜਾਬ ਵਿੱਤੀ ਨਿਯਮਾਂ ਦੇ ਪੈਰਾ 2.10 (ਬੀ) (3) ਵਿੱਚ ਕਿਹਾ ਗਿਆ ਹੈ ਕਿ ਕੀਤੇ ਗਏ ਸਾਰੇ ਖਰਚੇ ਇੱਕੋ ਸਮੇਂ ਕਢਵਾਏ ਅਤੇ ਅਦਾ ਕੀਤੇ ਜਾਂਦੇ ਹਨ ਅਤੇ ਫੰਡਾਂ ਦੀ ਘਾਟ ਲਈ ਰੋਕੇ ਨਹੀਂ ਜਾਂਦੇ ਅਤੇ ਕਿਸੇ ਹੋਰ ਸਾਲ ਦੀ ਗ੍ਰਾਂਟ ਤੋਂ ਭੁਗਤਾਨ ਕਰਨ ਲਈ ਖੜ੍ਹੇ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ। ਜਿੱਥੋਂ ਤੱਕ ਸੰਭਵ ਹੋਵੇ, ਨਿਰਵਿਵਾਦ ਤੌਰ 'ਤੇ ਭੁਗਤਾਨਯੋਗ ਧਨ ਨੂੰ ਬਿਨਾਂ ਭੁਗਤਾਨ ਦੇ ਨਹੀਂ ਛੱਡਿਆ ਜਾਣਾ ਚਾਹੀਦਾ ਹੈ ਅਤੇ ਇਹ ਕਿ ਸਭ ਅਟੱਲ ਭੁਗਤਾਨਾਂ ਦਾ ਪਤਾ ਲਗਾਇਆ ਜਾਂਦਾ ਹੈ ਅਤੇ ਜਿੰਨੀ ਜਲਦੀ ਹੋ ਸਕੇ ਸੰਭਵ ਤਾਰੀਖ ਨੂੰ ਖਤਮ ਕੀਤਾ ਜਾਂਦਾ ਹੈ।

ਮੁੱਖ ਇੰਜੀਨੀਅਰ, ਕੰਡੀ ਖੇਤਰ ਵਿਕਾਸ, ਜਲ ਸਰੋਤ ਵਿਭਾਗ, ਪੰਜਾਬ ਨੇ ਨਵੰਬਰ 2010 ਅਤੇ ਅਪ੍ਰੈਲ 2016 ਵਿਚਕਾਰ ਨਾਰੂ ਨੰਗਲ[63] ਲਿਫਟ ਇਰੀਗੇਸ਼ਨ ਸਕੀਮ (ਐਲ ਆਈ ਐਸ)[64] 'ਤੇ ਦੋ ਜ਼ਿਲ੍ਹਿਆਂ[65] ਦੇ ਕੰਡੀ ਖੇਤਰ[66] ਅਧੀਨ ਆਉਂਦੇ 21 ਪਿੰਡਾਂ ਦੀ 2,183 ਹੈਕਟੇਅਰ ਜ਼ਮੀਨ ਨੂੰ ਸਿੰਜਾਈ ਦੀ ਸਹੂਲਤ ਪ੍ਰਦਾਨ ਕਰਨ ਦੇ ਉਦੇਸ਼ ਨਾਲ ਇੰਨਾਂ ਡਿਸਟੀਬਿਊਟਰੀਆਂ ਦੀਆਂ ਭੂਮੀਗਤ ਪਾਈਪਲਾਈਨਾਂ (ਭੂਮੀਗਤ ਡਿਸਟ੍ਰੀਬਿਊਟਰੀਆਂ) ਅਤੇ ਡਿਸਟ੍ਰੀਬਿਊਸ਼ਨ ਸਿਸਟਮ[67] ਪਾ ਕੇ ਦੋ ਡਿਸਟ੍ਰੀਬਿਊਟਰੀਆਂ[68] ਦੀ ਉਸਾਰੀ ਲਈ ਤਕਨੀਕੀ ਤੌਰ 'ਤੇ ₹ 28.33 ਕਰੋੜ ਦੇ ਚਾਰ ਅਨੁਮਾਨ[69] ਮਨਜ਼ੂਰ ਕੀਤੇ। ਡਿਸਟ੍ਰੀਬਿਊਟਰੀਆਂ ਦੀ ਉਸਾਰੀ ਲਈ, ਵਿਭਾਗ ਦੁਆਰਾ ਐਸਬੈਸਟਸ ਸੀਮਿੰਟ ਪ੍ਰੈਸ਼ਰ ਪਾਈਪਾਂ (ਏ ਸੀ ਪਾਈਪਾਂ) ਪ੍ਰਦਾਨ ਕੀਤੀਆਂ ਜਾਣੀਆਂ ਸਨ। ਇਹਨਾਂ ਅਨੁਮਾਨਾਂ ਨੂੰ ਟੈਂਡਰ ਦੀਆਂ ਉੱਚੀਆਂ ਦਰਾਂ, ਏ ਸੀ ਪਾਈਪਾਂ ਨੂੰ ਵਿਛਾਉਣ ਦੀ ਮਾਤਰਾ ਵਿੱਚ ਭਿੰਨਤਾ ਅਤੇ ਸਾਈਟ ਦੀਆਂ ਸ਼ਰਤਾਂ ਕਾਰਣ ₹ 28.33 ਕਰੋੜ ਤੋਂ ₹ 31.26 ਕਰੋੜ[70] ਸੋਧਿਆ ਗਿਆ ਸੀ (ਜੂਨ 2012 ਅਤੇ ਨਵੰਬਰ 2016 ਦੇ ਵਿਚਕਾਰ)।

---

63 ਨਾਰੂ ਨੰਗਲ ਇੱਕ ਡਿਸਟ੍ਰੀਬਿਊਟਰੀ ਹੈ ਜੋ ਕੰਡੀ ਕੈਨਾਲ ਪੜਾਅ-II ਦੇ ਆਰ ਡੀ 65693 ਮੀਟਰ/ ਖੱਬੇ ਪਾਸੇ ਤੋਂ ਸ਼ੁਰੂ ਹੁੰਦੀ ਹੈ।

64 ਲਿਫਟ ਸਿੰਜਾਈ, ਸਿੰਜਾਈ ਦੀ ਇੱਕ ਵਿਧੀ ਹੈ ਜਿਸ ਵਿੱਚ ਪਾਣੀ ਨੂੰ ਕੁਦਰਤੀ ਵਹਾਅ (ਜਿਵੇਂ ਕਿ ਗਰੈਵਿਟੀ-ਫੈਡ ਨਹਿਰ ਵਿੱਚ) ਦੁਆਰਾ ਨਹੀਂ ਲਿਜਾਇਆ ਜਾਂਦਾ ਬਲਕਿ ਪੰਪਾਂ ਜਾਂ ਸਰਜ ਪੂਲਾਂ ਆਦਿ ਨਾਲ ਚੁੱਕਿਆ ਜਾਂਦਾ ਹੈ।

65 ਹੁਸ਼ਿਆਰਪੁਰ ਅਤੇ ਐਸ ਬੀ ਐਸ ਨਗਰ।

66 ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨੇੜੇ ਉਪ-ਪਹਾੜੀ ਜਾਂ ਅਰਧ-ਪਹਾੜੀ ਖੇਤਰ ਨੂੰ ਸਥਾਨਕ ਤੌਰ 'ਤੇ ਕੰਡੀ ਖੇਤਰ ਕਿਹਾ ਜਾਂਦਾ ਹੈ।

67 ਇਹ ਪ੍ਰਣਾਲੀਆਂ ਕਿਸਾਨਾਂ ਨੂੰ ਡਿਸਟ੍ਰੀਬਿਊਟਰੀਆਂ ਦਾ ਪਾਣੀ ਸਪਲਾਈ ਕਰਨ ਲਈ ਵਰਤੀਆਂ ਜਾਣੀਆਂ ਸਨ।

68 ਆਰ ਡੀ 1925 ਅਤੇ 3197 ।

69 (i) ਆਰ ਡੀ 1925 ਤੋਂ ਸ਼ੁਰੂ ਹੋ ਰਹੀ ਨਾਰੂ ਨੰਗਲ ਡਿਸਟ੍ਰੀਬਿਊਟਰੀ ਦਾ ਨਿਰਮਾਣ– ਨਵੰਬਰ 2010 ਵਿੱਚ ₹ 8.96 ਕਰੋੜ ; (ii) ਆਰ ਡੀ 3197 ਤੋਂ ਸ਼ੁਰੂ ਹੋ ਰਹੀ ਨਾਰੂ ਨੰਗਲ ਡਿਸਟ੍ਰੀਬਿਊਟਰੀ ਦਾ ਨਿਰਮਾਣ– ਮਾਰਚ 2011 ਵਿੱਚ ₹ 12.56 ਕਰੋੜ; (iii) ਆਰ ਡੀ 1925 'ਤੇ ਡਿਸਟ੍ਰੀਬਿਊਸ਼ਨ ਸਿਸਟਮ ਦਾ ਨਿਰਮਾਣ– ਅਪ੍ਰੈਲ 2016 ਵਿੱਚ ₹ 2.66 ਕਰੋੜ ; ਅਤੇ (iv) ਆਰ ਡੀ 3197 'ਤੇ ਡਿਸਟ੍ਰੀਬਿਊਸ਼ਨ ਸਿਸਟਮ ਦਾ ਨਿਰਮਾਣ - ਅਪ੍ਰੈਲ 2015 ਵਿੱਚ ₹ 4.15 ਕਰੋੜ।

70 (i) ਆਰ ਡੀ 1925 ਤੋਂ ਸ਼ੁਰੂ ਹੋ ਰਹੀ ਨਾਰੂ ਨੰਗਲ ਡਿਸਟ੍ਰੀਬਿਊਟਰੀ ਆਫ ਟੇਕਿੰਗ ਦਾ ਨਿਰਮਾਣ - ਜੂਨ 2012 ਵਿੱਚ ₹ 9.39 ਕਰੋੜ; (ii) ਆਰ ਡੀ 3197 ਤੋ ਸ਼ੁਰੂ ਹੋ ਰਹੀ ਨਾਰੂ ਨੰਗਲ ਡਿਸਟ੍ਰੀਬਿਊਟਰੀ ਆਫ ਟੇਕਿੰਗ ਦਾ ਨਿਰਮਾਣ -ਜੂਨ 2012 ਵਿੱਚ ₹ 13.01 ਕਰੋੜ; (iii) ਆਰ ਡੀ 1925 ਤੇ ਡਿਸਟ੍ਰੀਬਿਊਸ਼ਨ ਸਿਸਟਮ ਦਾ ਨਿਰਮਾਣ - ਨਵੰਬਰ 2016 ਵਿੱਚ ₹ 3.46 ਕਰੋੜ; ਅਤੇ (iv) ਆਰ ਡੀ 3197 ' ਤੇ ਡਿਸਟ੍ਰੀਬਿਊਸ਼ਨ ਸਿਸਟਮ ਦਾ ਨਿਰਮਾਣ - ₹ 5.40 ਕਰੋੜ।

ਲੇਖਾ ਪ੍ਰੀਖਿਆ ਨੇ ਕਾਰਜਕਾਰੀ ਇੰਜੀਨੀਅਰ, ਇਨਵੈਸਟੀਗੇਸ਼ਨ ਮੰਡਲ (ਆਈ ਬੀ), ਹੁਸ਼ਿਆਰਪੁਰ (ਈ ਈ) ਦੇ ਦਫਤਰ ਵਿੱਚ ਰੱਖੇ ਗਏ ਰਿਕਾਰਡ ਤੋਂ ਦੇਖਿਆ (ਮਾਰਚ 2020) ਕਿ ਭੂਮੀਗਤ ਡਿਸਟ੍ਰੀਬਿਊਟਰੀਆਂ ਦੇ ਨਿਰਮਾਣ ਦੇ ਕੰਮਾਂ ਲਈ ਟੈਂਡਰ ਜਾਰੀ ਕੀਤੇ ਗਏ ਸਨ (ਜੁਲਾਈ 2012) ਅਤੇ ਈ ਈ ਨੇ ਠੇਕੇਦਾਰ 'ਏ' ਨੂੰ ₹ 2.31 ਕਰੋੜ[71] ਦੀ ਲਾਗਤ ਨਾਲ ਕੰਮ ਅਵਾਰਡ ਕੀਤੇ (ਦਸੰਬਰ 2012) ਜੋ ਅਪ੍ਰੈਲ 2013 ਵਿੱਚ ਪੂਰੇ ਹੋਣੇ ਬਣਦੇ ਸਨ। ਜੰਗਲਾਤ ਵਿਭਾਗ ਅਤੇ ਲੋਕ ਨਿਰਮਾਣ ਵਿਭਾਗ ਤੋਂ ਮਨਜ਼ੂਰੀਆਂ ਪ੍ਰਾਪਤ ਕਰਨ ਵਿੱਚ ਦੇਰੀ ਅਤੇ ਕਿਸਾਨਾਂ ਦੀਆਂ ਖੜ੍ਹੀਆਂ ਫਸਲਾਂ ਕਾਰਨ ਜ਼ਮੀਨ ਦੀ ਉਪਲਬਧਤਾ ਨਾ ਹੋਣ ਕਾਰਨ ਤਿੰਨ ਸਾਲਾਂ ਦੀ ਦੇਰੀ ਨਾਲ ਭੂਮੀਗਤ ਡਿਸਟ੍ਰੀਬਿਊਟਰੀਆਂ ਦੇ ਕੰਮ ₹ 21.98 ਕਰੋੜ[72] ਦੀ ਲਾਗਤ ਨਾਲ ਪੂਰੇ ਕੀਤੇ ਗਏ ਸਨ (ਮਾਰਚ 2016)।

ਇਸ ਤੋਂ ਇਲਾਵਾ, ਈ ਈ ਨੇ ₹ 8.40 ਕਰੋੜ[73] ਦੀ ਲਾਗਤ ਨਾਲ ਇੱਕ ਹੋਰ ਠੇਕੇਦਾਰ 'ਬੀ' (ਅਕਤੂਬਰ 2015 ਅਤੇ ਮਈ 2016) ਨੂੰ ਉਪਰੋਕਤ ਡਿਸਟ੍ਰੀਬਿਊਟਰੀਆਂ ਦੇ ਦੋ ਡਿਸਟ੍ਰੀਬਿਊਸ਼ਨ ਸਿਸਟਮ[74] ਦੇ ਕੰਮ ਵੀ ਅਵਾਰਡ ਕੀਤੇ ਜੋ ਕ੍ਰਮਵਾਰ ਜੁਲਾਈ ਅਤੇ ਅਗਸਤ 2016 ਵਿੱਚ ਪੂਰੇ ਹੋਣੇ ਸਨ। ਆਰ ਡੀ 3197 'ਤੇ ਡਿਸਟ੍ਰੀਬਿਊਸ਼ਨ ਸਿਸਟਮ ਨੂੰ ਠੇਕੇਦਾਰ 'ਬੀ' ਦੁਆਰਾ ਪੂਰਾ ਕੀਤਾ ਗਿਆ ਸੀ (ਅਕਤੂਬਰ 2016) ਅਤੇ ਇਸ ਦੇ ਵਿਰੁੱਧ ₹ 4.22 ਕਰੋੜ ਦਾ ਭੁਗਤਾਨ ਕੀਤਾ ਗਿਆ ਸੀ। ਹਾਲਾਂਕਿ, ਆਰ ਡੀ 1925 ਡਿਸਟ੍ਰੀਬਿਊਸ਼ਨ ਸਿਸਟਮ ਨੂੰ ₹ 2.87 ਕਰੋੜ (ਫਰਵਰੀ 2017) ਖਰਚ ਕਰਨ ਤੋਂ ਬਾਅਦ ਸਿਰਫ 85 *ਪ੍ਰਤੀਸ਼ਤ* ਹੀ ਤੱਕ ਹੀ ਪੂਰਾ ਕੀਤਾ ਗਿਆ ਸੀ। ਖੇਤ ਵਿੱਚ ਖੜ੍ਹੀਆਂ ਫਸਲਾਂ ਕਾਰਣ ਇਹ ਕੰਮ ਪੂਰਾ ਨਹੀਂ ਹੋਇਆ ਸੀ ਅਤੇ ਇਸ ਲਈ ਮੁਕੰਮਲ ਹੋਣ ਦੀ ਨਿਰਧਾਰਤ ਮਿਤੀ ਨੂੰ ਬਿਨਾਂ ਕਿਸੇ ਲਿਕਵੀਡੇਟਿਡ ਡੈਮੇਜਿਜ਼ ਲਗਾਏ ਜੂਨ 2017 ਤੱਕ ਵਧਾ ਦਿੱਤਾ ਗਿਆ ਸੀ ਕਿਉਂਕਿ ਦੇਰੀ ਵਿਭਾਗ ਦੇ ਵਲੋਂ ਸੀ।

ਇਸ ਦੌਰਾਨ, ਟੈਂਡਰ ਪ੍ਰਕਿਰਿਆ ਵਿੱਚ ਪਾਰਦਰਸ਼ਤਾ, ਕੀਮਤਾਂ ਵਿੱਚ ਵਾਧਾ ਆਦਿ ਸਬੰਧੀ ਸ਼ਿਕਾਇਤਾਂ ਕਾਰਨ ਵਿਜੀਲੈਂਸ ਬਿਊਰੋ, ਪੰਜਾਬ ਵੱਲੋਂ ਠੇਕੇਦਾਰ 'ਬੀ' ਵਿਰੁੱਧ ਅਪਰਾਧਿਕ ਕਾਰਵਾਈ ਸ਼ੁਰੂ ਕੀਤੀ ਗਈ ਸੀ ਅਤੇ ਐਫ ਆਈ ਆਰ ਦਰਜ ਕੀਤੀ ਗਈ ਸੀ (ਅਗਸਤ 2017)। ਠੇਕੇਦਾਰ ਨੇ ਜਾਂਚ ਏਜੰਸੀ ਦੇ ਸਾਹਮਣੇ ਆਤਮ-ਸਮਰਪਣ ਕਰ ਦਿੱਤਾ (ਦਸੰਬਰ 2017) ਅਤੇ ਮਈ 2019 ਤੱਕ ਨਿਆਂਇਕ ਹਿਰਾਸਤ ਵਿੱਚ ਰਿਹਾ। ਨਿਗਰਾਨ ਇੰਜੀਨੀਅਰ, ਕੰਡੀ ਕੈਨਾਲ ਸਰਕਲ, ਹੁਸ਼ਿਆਰਪੁਰ (ਐਸ ਈ) ਨੇ ਆਰ ਡੀ 1925 ਵਿਖੇ ਡਿਸਟ੍ਰੀਬਿਊਸ਼ਨ ਸਿਸਟਮ ਦਾ ਸਮਝੌਤਾ ਇਕਰਾਰਨਾਮੇ[75] ਦੀ ਬੁਨਿਆਦੀ ਉਲੰਘਣਾ ਵਜੋਂ ਰੱਦ ਕਰ ਦਿੱਤਾ (ਅਪ੍ਰੈਲ 2019)। ਟਰਮੀਨੇਸ਼ਨ ਆਰਡਰ ਦੇ ਖਿਲਾਫ, ਠੇਕੇਦਾਰ 'ਬੀ' ਨੇ ਵਿਵਾਦ ਨਿਪਟਾਰਾ ਤੰਤਰ (ਡੀ ਆਰ ਐਮ)-ਕਮ-ਐਸ ਈ ਦੇ ਸਾਹਮਣੇ ਅਪੀਲ (ਦਸੰਬਰ 2019) ਦਾਇਰ ਕੀਤੀ। ਡੀ ਆਰ ਐਮ ਨੇ ਟਰਮੀਨੇਸ਼ਨ ਆਰਡਰ

---

71 ਪੜਾਅ-1 ਦਾ ਆਰ ਡੀ 1925 ਐਮ ਦਾ ₹ 1.13 ਕਰੋੜ ਅਤੇ ਪੜਾਅ-II ਦਾ 3197 ਦਾ ₹ 1.18 ਕਰੋੜ।

72 (ੳ) ਠੇਕੇਦਾਰਾਂ ਦਾ ਭੁਗਤਾਨ- ₹ 2.38 ਕਰੋੜ (ਅ) ਏ ਸੀ ਪਾਈਪਾਂ ਦੀ ਖਪਤ ਦੀ ਲਾਗਤ- ₹ 19.60 ਕਰੋੜ।

73 ਆਰ ਡੀ 1925: ₹ 3.26 ਕਰੋੜ (ਮਈ 2016)- 90 ਦਿਨਾਂ ਦੇ ਅੰਦਰ ਪੂਰਾ ਕੀਤਾ ਜਾਣਾ ਹੈ; ਅਤੇ ਆਰ ਡੀ 3197: ₹ 5.14 ਕਰੋੜ (ਅਕਤੂਬਰ 2015)- 300 ਦਿਨਾਂ ਦੇ ਅੰਦਰ ਪੂਰਾ ਕੀਤਾ ਜਾਣਾ ਹੈ।

74 (i) ਆਰ ਡੀ 1925 ਦੀ ਡਿਸਟ੍ਰੀਬਿਊਟਰੀ ਲਈ; ਅਤੇ (ii) ਆਰ ਡੀ 3197 ਦੀ ਡਿਸਟ੍ਰੀਬਿਊਟਰੀ ਲਈ।

75 ਇਕਰਾਰਨਾਮੇ ਦੀ ਧਾਰਾ 55 ।

(ਫਰਵਰੀ 2020) ਰੱਦ ਕਰ ਦਿੱਤਾ ਅਤੇ ਵਿਭਾਗ ਨੂੰ ਸਮਾਂ ਵਧਾਉਣ ਨੂੰ ਮਨਜ਼ੂਰੀ ਦੇਣ, ਬਾਕੀ ਕੰਮ ਨੂੰ ਪੂਰਾ ਕਰਨ ਲਈ ਰੁਕਾਵਟ ਮੁਕਤ ਸਾਈਟ ਉਪਲਬਧ ਕਰਵਾਉਣ, ਸਿਸਟਮ ਦੀ ਜਾਂਚ ਕਰਨ ਅਤੇ ਨੁਕਸਾਂ ਅਤੇ ਕਮੀਆਂ ਦਾ ਸੁਧਾਰ ਕਰਨ ਲਈ ਸਲਾਹ ਦਿੱਤੀ। ਵਿਭਾਗ ਸਮਝੌਤੇ ਨੂੰ ਮੁੜ ਸੁਰਜੀਤ ਕਰਨ 'ਤੇ ਵੀ ਰੁਕਾਵਟ ਮੁਕਤ ਸਾਈਟ ਪ੍ਰਦਾਨ ਕਰਨ ਵਿੱਚ ਅਸਫਲ ਰਿਹਾ ਅਤੇ ਇਸ ਲਈ 28 ਫਰਵਰੀ 2021 ਤੱਕ ਸਮਾਂ ਵਧਾਉਣ ਦੀ ਆਗਿਆ ਦਿੱਤੀ ਗਈ ਸੀ। ਆਰ ਡੀ 1925 ਉਪਰ ਡਿਸਟ੍ਰੀਬਿਊਸ਼ਨ ਸਿਸਟਮ ਦਾ ਕੰਮ 85 *ਪ੍ਰਤੀਸ਼ਤ* (ਸਤੰਬਰ 2021) ਦੀ ਭੌਤਿਕ ਪ੍ਰਗਤੀ ਦੇ ਨਾਲ ਅਧੂਰਾ ਰਿਹਾ ਅਤੇ ਫਰਵਰੀ 2021 ਤੋਂ ਬਾਅਦ ਸਮਝੌਤੇ ਨੂੰ ਨਹੀਂ ਵਧਾਇਆ ਗਿਆ ਸੀ (ਨਵੰਬਰ 2021)।

ਇਹ ਵੀ ਦੇਖਿਆ ਗਿਆ ਸੀ ਕਿ ਨਾਰੂ ਨੰਗਲ ਐਲ ਆਈ ਐਸ ਦੇ ਤਿੰਨ ਕੰਮਾਂ[76] ਦੇ ਮੁਕੰਮਲ ਹੋਣ (ਅਕਤੂਬਰ 2016 ਤੱਕ) ਦੇ ਬਾਵਜੂਦ, ਵਿਭਾਗ ਪਾਵਰ ਸਪਲਾਈ ਦੀ ਗੈਰ ਉਪਲਬਧਤਾ ਕਾਰਣ ਸਤੰਬਰ 2021 ਤੱਕ ਪਾਣੀ ਛੱਡਣ ਲਈ ਪਾਈਪਲਾਈਨਾਂ ਦੀ ਜਾਂਚ ਕਰਵਾਉਣ ਵਿੱਚ ਅਸਫਲ ਰਿਹਾ ਕਿਉਂਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਨੇ ₹ 0.83 ਕਰੋੜ (ਸਤੰਬਰ 2021) ਦੀ ਰਾਸ਼ੀ ਦੇ ਬਿਜਲੀ ਦੇ ਬਿੱਲਾਂ ਦਾ ਬਕਾਇਆ ਅਤੇ ਆਰ ਡੀ 1925 'ਤੇ ਡਿਸਟਰੀਬਿਊਸ਼ਨ ਸਿਸਟਮ ਨਾ ਮੁਕੰਮਲ ਹੋਣ ਕਾਰਨ ਪਾਵਰ ਸਪਲਾਈ ਬੰਦ ਕਰ ਦਿੱਤੀ ਸੀ (ਜੁਲਾਈ 2017)। ਪੂਰੇ ਕੀਤੇ/ ਨਾ ਪੂਰੇ ਕੀਤੇ ਕੰਮ ਦੀ ਇੱਕ ਚਿਤਰਮਈ ਪੇਸ਼ਕਾਰੀ ਹੇਠਾਂ ਦਿਖਾਈ ਗਈ ਹੈ:




[76] (i) ਆਰ ਡੀ 1925 'ਤੇ ਭੂਮੀਗਤ ਡਿਸਟ੍ਰੀਬਿਊਟਰੀ (ii) ਆਰ ਡੀ 3197 'ਤੇ ਭੂਮੀਗਤ ਡਿਸਟ੍ਰੀਬਿਊਟਰੀ ਅਤੇ (iii) ਡਿਸਟ੍ਰੀਬਿਊਟਰੀ ਦੀ ਵੰਡ ਪ੍ਰਣਾਲੀ-ਆਰ ਡੀ 3197 ।

ਈ ਈ ਨੇ ਜਵਾਬ ਦਿੱਤਾ (ਸਤੰਬਰ 2021) ਕਿ ਪਾਈਪਲਾਈਨਾਂ ਦੀ ਜਾਂਚ ਨਹੀਂ ਕੀਤੀ ਗਈ ਸੀ ਕਿਉਂਕਿ ਪੈਂਡਿੰਗ ਬਕਾਏ ਕਾਰਨ ਪੀ ਐਸ ਪੀ ਸੀ ਐਲ ਦੁਆਰਾ ਬਿਜਲੀ ਸਪਲਾਈ ਬੰਦ ਕਰ ਦਿੱਤੀ ਗਈ ਸੀ ਅਤੇ ਇਹ ਮਾਮਲਾ (ਫਰਵਰੀ 2019 ਅਤੇ ਅਗਸਤ 2020 ਦੇ ਵਿਚਕਾਰ) ਉੱਚ ਅਥਾਰਟੀ ਕੋਲ ਉਠਾਇਆ ਗਿਆ ਸੀ ਪਰ ਬਿਜਲੀ ਦੇ ਬਕਾਏ ਦੀ ਦੇਣਦਾਰੀ ਦਾ ਨਿਪਟਾਰਾ ਕਰਨ ਲਈ ਕੋਈ ਫੰਡ ਮੁਹੱਈਆ ਨਹੀਂ ਕਰਵਾਏ ਗਏ ਸਨ ਅਤੇ ਆਰ ਡੀ 1925 'ਤੇ ਡਿਸਟਰੀਬਿਊਸ਼ਨ ਸਿਸਟਮ ਨੂੰ ਪੂਰਾ ਨਾ ਕਰਨ ਬਾਰੇ ਜਵਾਬ ਨਹੀਂ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, ਈ ਈ ਦੁਆਰਾ ਇਹ ਵੀ ਜਵਾਬ ਦਿੱਤਾ ਗਿਆ ਸੀ (ਮਈ 2022) ਕਿ ਆਰ ਡੀ 3197 'ਤੇ ਡਿਸਟ੍ਰੀਬਿਊਟਰੀ ਅਤੇ ਡਿਸਟ੍ਰੀਬਿਊਸ਼ਨ ਸਿਸਟਮ ਦੇ ਮੁਕੰਮਲ ਹੋਣ ਦੇ ਬਾਵਜੂਦ, ਠੇਕੇਦਾਰ ਦੁਆਰਾ ਸਾਈਟ ਨਹੀਂ ਸੌਂਪੀ ਗਈ ਸੀ ਅਤੇ ਵਿਭਾਗ ਪਾਈਪਾਂ ਦੀ ਜਾਂਚ ਕਰਨ ਦੀ ਸਥਿਤੀ ਵਿੱਚ ਨਹੀਂ ਸੀ। ਵਿਭਾਗ ਦਾ ਜਵਾਬ ਸਵੀਕਾਰ ਯੋਗ ਨਹੀਂ ਸੀ ਕਿਉਂਕਿ ਇਹ ਤਿੰਨ ਕੰਮ ਮੁਕੰਮਲ ਹੋਣ ਦੀ ਮਿਤੀ ਤੋਂ ਪੰਜ ਸਾਲ ਬੀਤ ਜਾਣ ਤੋਂ ਬਾਅਦ ਵੀ ਪਾਣੀ ਛੱਡਣ ਲਈ ਪਾਈਪਾਂ ਦੀ ਜਾਂਚ ਕਰਵਾਉਣ ਵਿੱਚ ਅਸਫਲ ਰਿਹਾ ਅਤੇ ਠੇਕੇਦਾਰ ਨੂੰ ਰੁਕਾਵਟ ਮੁਕਤ ਸਾਈਟ ਨਾ ਦੇਣ ਕਾਰਨ ਆਰ ਡੀ 1925 'ਤੇ ਡਿਸਟ੍ਰੀਬਿਊਸ਼ਨ ਸਿਸਟਮ ਦਾ ਬਾਕੀ ਕੰਮ ਪੂਰਾ ਕਰਨ ਵਿੱਚ ਵੀ ਅਸਫਲ ਰਿਹਾ।

ਇਸ ਤਰ੍ਹਾਂ, ਵਿਭਾਗ ਦੀ ਬਿਜਲੀ ਦੇ ਬਕਾਏ ਦੀ ਅਟੱਲ ਦੇਣਦਾਰੀ ਦਾ ਨਿਪਟਾਰਾ ਕਰਨ ਅਤੇ ਰੁਕਾਵਟ ਮੁਕਤ ਸਾਈਟ ਪ੍ਰਦਾਨ ਕਰਨ ਵਿੱਚ ਅਸਫਲਤਾ ਦੇ ਨਤੀਜੇ ਵਜੋਂ ਡਿਸਟਰੀਬਿਊਟਰੀਜ਼ ਅਤੇ ਡਿਸਟਰੀਬਿਊਸ਼ਨ ਸਿਸਟਮ (ਜਿਵੇਂ ਕਿ ਉਪਰ ਚਿੱਤਰ ਵਿੱਚ ਦਰਸਾਇਆ ਗਿਆ ਹੈ) ਦੇ ਅਣਵਰਤੇ/ਅਧੂਰੇ ਰਹਿ ਰਹੇ ਕੰਮਾਂ ਦੇ ਕਾਰਣ 2,183 ਹੈਕਟੇਅਰ ਜ਼ਮੀਨ ਨੂੰ ਸਿੰਜਾਈ ਸਹੂਲਤਾਂ ਤੋਂ ਇਨਕਾਰ ਕੀਤਾ। ਇਸ ਲਈ ਕੰਮਾਂ 'ਤੇ ਕੀਤਾ ਗਿਆ ₹ 29.07 ਕਰੋੜ[77] ਦਾ ਖਰਚਾ ਵਿਅਰਥ ਰਿਹਾ ਕਿਉਂਕਿ ਲਾਭਪਾਤਰੀ ਸਿੰਜਾਈ ਸਹੂਲਤਾਂ ਤੋਂ ਵਾਝੇਂ ਸਨ।

**ਸਿਫਾਰਸ਼ਃ ਵਿਭਾਗ ਨੂੰ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਰੁਕਾਵਟ ਮੁਕਤ ਸਾਈਟ ਦੀ ਉਪਲਬਧਤਾ ਅਤੇ ਪ੍ਰੋਜੈਕਟ ਨੂੰ ਸੁਚਾਰੂ ਢੰਗ ਨਾਲ ਪੂਰਾ ਕਰਨ ਅਤੇ ਚਿਤਵੇ ਲਾਭ ਲੈਣ ਲਈ ਅਟਲ ਦੇਣਦਾਰੀ ਦਾ ਨਿਪਟਾਰਾ ਕਰਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ।**

ਇਹ ਮਾਮਲਾ ਮਾਰਚ 2021 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਜਵਾਬ ਦੀ ਉਡੀਕ ਸੀ (ਨਵੰਬਰ 2022)।

77 ਆਰ ਡੀ 3197 ਅਤੇ ਆਰ ਡੀ 1925 'ਤੇ ਡਿਸਟਰੀਬਿਊਟਰੀ: ₹ 21.98 ਕਰੋੜ (ਕੰਮ ਮੁਕੰਮਲ); (ii) ਆਰ ਡੀ 3197 ਦਾ ਡਿਸਟਰੀਬਿਊਸ਼ਨ: ₹ 4.22 ਕਰੋੜ (ਕੰਮ ਮੁਕੰਮਲ); ਅਤੇ (iii) ਆਰ ਡੀ 1925 ਦਾ ਡਿਸਟਰੀਬਿਊਸ਼ਨ ਸਿਸਟਮ: ₹ 2.87 ਕਰੋੜ (ਕੰਮ ਮੁਕੰਮਲ ਨਹੀਂ ਹੋਇਆ)।

## ਜਲ ਸਰੋਤ ਅਤੇ ਵਿੱਤ ਵਿਭਾਗ

### 7.8 ਵਿਆਜ ਅਤੇ ਮੁਆਵਜ਼ੇ ਦੀ ਬਚਣਯੋਗ ਅਦਾਇਗੀ

**ਵਿਭਾਗ ਨੇ ਅੰਤਰਰਾਜੀ ਵਿਵਾਦ ਦੇ ਨਿਪਟਾਰੇ ਤੋਂ ਪਹਿਲਾਂ ਕੰਮ ਦੀ ਅਲਾਟਮੈਂਟ ਕੀਤੀ ਸੀ, ਜਿਸ ਨੇ ਕੰਮ ਦੇ ਰੁਕੇ ਹੋਣ ਦੇ ਸਮੇ ਦੌਰਾਨ ਠੇਕੇਦਾਰ ਨੂੰ ਕਾਮਿਆਂ ਦੀ ਵਿਹਲੇ ਸਮੇਂ ਦੀ ਮਜ਼ਦੂਰੀ ਅਤੇ ਮਸ਼ੀਨਰੀ ਦੇ ਵਿਹਲੇ ਸਮੇਂ ਦੇ ਖਰਚਿਆਂ ਲਈ ਮੁਆਵਜ਼ੇ ਦੀ ਅਦਾਇਗੀ ਦੇ ਕਾਰਣ ਸਰਕਾਰੀ ਖਜ਼ਾਨੇ 'ਤੇ ₹ 32.87 ਕਰੋੜ ਦਾ ਬੋਝ ਪਾਇਆ। ਨਿਰਧਾਰਤ ਮਿਤੀਆਂ ਤੋਂ ਬਾਅਦ ਠੇਕੇਦਾਰ ਦੇ ਬਿਲਾਂ ਦੀ ਅਦਾਇਗੀ ਵਿੱਚ ਦੇਰੀ ਅਤੇ ਗੈਰ-ਤਰਕਸੰਗਤ ਲਿਕਵੀਡਿਟਡ ਡੈਮੇਜਜ਼ ਲਗਾਉਣਾ ਅਤੇ ਵਸੂਲ ਕਰਨਾ ਅਤੇ ਇਸ ਤੋਂ ਬਾਅਦ ਇਸਦੀ ਦੇਰੀ ਨਾਲ ਰਿਵਰਸੀ ਕਰਨਾ ₹ 4.08 ਕਰੋੜ ਦੇ ਵਿਆਜ ਦੀ ਬਚਣਯੋਗ ਅਦਾਇਗੀ ਦਾ ਕਾਰਣ ਬਣਿਆ ਜਿਸ ਵਿੱਚ ਇਕਰਾਰਨਾਮੇ ਦੇ ਉਪਬੰਧਾਂ ਦੇ ਵਿਰੁੱਧ ਕੀਤੇ ਗਏ ₹ 7.51 ਲੱਖ ਦੇ ਵੱਧ ਵਿਆਜ ਦਾ ਭੁਗਤਾਨ ਸ਼ਾਮਲ ਸੀ ।**

ਲੋਕ ਨਿਰਮਾਣ ਵਿਭਾਗ (ਪੀ ਡਬਲਿਯੂ ਡੀ) ਕੋਡ ਦਾ ਪੈਰ੍ਹਾ 2.92 ਇਹ ਵਿਵਸਥਾ ਕਰਦਾ ਹੈ ਕਿ ਅਜਿਹੀ ਜ਼ਮੀਨ 'ਤੇ ਕੋਈ ਵੀ ਕੰਮ ਸ਼ੁਰੂ ਨਹੀਂ ਕੀਤਾ ਜਾਣਾ ਚਾਹੀਦਾ ਹੈ ਜਿਸ ਨੂੰ ਜ਼ਿੰਮੇਵਾਰ ਸਿਵਲ ਅਧਿਕਾਰੀ ਦੁਆਰਾ ਸਹੀ ਢੰਗ ਨਾਲ ਸੌਂਪਿਆ ਨਹੀ ਗਿਆ ਹੈ। ਪੰਜਾਬ ਵਿੱਤੀ ਨਿਯਮਾਵਲੀ (ਪੀ ਐਫ ਆਰ) ਦਾ ਨਿਯਮ 2.10(ਬੀ)(3) ਵਿਵਸਥਾ ਕਰਦਾ ਹੈ ਕਿ ਨਿਰਵਿਵਾਦ ਭੁਗਤਾਨਯੋਗ ਪੈਸਾ, ਜਿੱਥੋਂ ਤੱਕ ਸੰਭਵ ਹੋਵੇ, ਅਦਾਇਗੀਯੋਗ ਨਹੀਂ ਛੱਡਿਆ ਜਾਣਾ ਚਾਹੀਦਾ ਹੈ, ਅਤੇ ਇਹ ਕਿ ਸਾਰੀਆਂ ਅਟੱਲ ਅਦਾਇਗੀਆਂ ਦਾ ਪਤਾ ਲਗਾਇਆ ਜਾਂਦਾ ਹੈ ਅਤੇ ਜਲਦੀ ਤੋਂ ਜਲਦੀ ਸੰਭਵ ਮਿਤੀ 'ਤੇ ਖਤਮ ਕਰ ਦਿੱਤਾ ਜਾਂਦਾ ਹੈ। ਇਕਰਾਰਨਾਮੇ[78] ਦੀ ਧਾਰਾ 42 ਅਤੇ 43.1 ਦੇ ਅਨੁਸਾਰ, ਇੰਜੀਨੀਅਰ 14 ਦਿਨਾਂ ਦੇ ਅੰਦਰ-ਅੰਦਰ ਠੇਕੇਦਾਰ ਦੀਆਂ ਮਾਸਿਕ ਵਿਵਰਣੀਆਂ ਦੀ ਜਾਂਚ ਕਰੇਗਾ ਅਤੇ ਕੀਤੇ ਗਏ ਕੰਮ ਲਈ ਠੇਕੇਦਾਰ ਨੂੰ ਭੁਗਤਾਨ ਯੋਗ ਰਾਸ਼ੀ ਦਾ ਫੈਸਲਾ ਕਰੇਗਾ, ਰੁਜ਼ਗਾਰਦਾਤਾ[79] ਨੂੰ ਇੰਜੀਨੀਅਰ ਦੁਆਰਾ ਤਸਦੀਕਸ਼ੁਦਾ ਠੇਕੇਦਾਰ ਦੀਆਂ ਰਾਸ਼ੀਆਂ ਦਾ ਭੁਗਤਾਨ ਹਰੇਕ ਸਰਟੀਫਿਕੇਟ ਦੀ ਮਿਤੀ ਦੇ 28 ਦਿਨਾਂ ਦੇ ਅੰਦਰ-ਅੰਦਰ ਕਰਨਾ ਹੋਵੇਗਾ। ਜੇਕਰ ਰੁਜ਼ਗਾਰਦਾਤਾ ਦੇਰੀ ਨਾਲ ਭੁਗਤਾਨ ਕਰਦਾ ਹੈ, ਤਾਂ ਠੇਕੇਦਾਰ ਨੂੰ ਅਗਲੀ ਅਦਾਇਗੀ ਵਿੱਚ ਦੇਰੀ ਨਾਲ ਭੁਗਤਾਨ 'ਤੇ ਵਿਆਜ[80] ਦਾ ਭੁਗਤਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਇਕਰਾਰਨਾਮੇ ਦੀ ਧਾਰਾ 44.1 ਨੂੰ 44.2 ਨਾਲ ਪੜ੍ਹ ਕੇ ਦੱਸਦਾ ਹੈ ਕਿ ਜੇਕਰ ਮੁਆਵਜ਼ੇ ਦੀਆਂ ਘਟਨਾਵਾਂ[81] ਵਾਪਰਦੀਆਂ ਹਨ ਅਤੇ ਇਹ ਵਾਧੂ ਲਾਗਤ ਦਾ ਕਾਰਣ ਬਣਦੀ ਹੈ ਜਾਂ ਕੰਮ ਨੂੰ ਮੁਕੰਮਲ ਹੋਣ ਦੀ ਨਿਰਧਾਰਤ ਮਿਤੀ ਤੋਂ ਪਹਿਲਾਂ ਪੂਰਾ ਹੋਣ ਤੋਂ ਰੋਕਦਾ ਹੈ, ਤਾਂ ਇੰਜੀਨੀਅਰ ਇਹ ਫੈਸਲਾ ਕਰੇਗਾ ਕਿ ਕੀ ਅਤੇ ਕਿੰਨੀ ਸਮਝੌਤੇ ਦੀ ਕੀਮਤ ਦੇ ਨਾਲ-ਨਾਲ ਮੁਕੰਮਲ ਹੋਣ ਦੀ ਮਿਤੀ ਨੂੰ ਵਧਾਇਆ/ਵਾਧਾ ਕੀਤਾ ਜਾਵੇਗਾ।

---

78 ਫਰਵਰੀ 2013 ਵਿੱਚ ਜਲ ਸਰੋਤ ਵਿਭਾਗ ਅਤੇ ਠੇਕੇਦਾਰ ਵਿਚਕਾਰ ਇਕਰਾਰਨਾਮਾ ਹੋਇਆ।

79 ਮੁੱਖ ਇੰਜੀਨੀਅਰ, ਸ਼ਾਹਪੁਰਕੰਡੀ ਡੈਮ ਪ੍ਰੋਜੈਕਟ ਇਕਰਾਰਨਾਮੇ ਦੇ ਅਨੁਸਾਰ ਰੁਜਗਾਰਦਾਤਾ ਹੈ।

80 ਵਿਆਜ ਦੀ ਗਣਨਾ ਉਸ ਮਿਤੀ ਤੋਂ ਕੀਤੀ ਜਾਵੇਗੀ ਜਿਸ ਮਿਤੀ ਤੱਕ ਭੁਗਤਾਨ ਕੀਤਾ ਜਾਣਾ ਚਾਹੀਦਾ ਸੀ,ਜੇਕਰ ਕੋਈ ਭੁਗਤਾਨ 90 ਦਿਨਾਂ ਦੇ ਸਮੇਂ ਦੇ ਬਾਅਦ ਦੀ ਦੇਰੀ ਨਾਲ ਕੀਤਾ ਜਾਂਦਾ ਹੈ ਤਾਂ ਛੇ *ਪ੍ਰਤੀਸ਼ਤ* ਸਲਾਨਾ ਦੇ ਹਿਸਾਬ ਨਾਲ ਭੁਗਤਾਨ ਕੀਤਾ ਜਾਂਦਾ ਹੈ।

81 (ੳ) ਇੰਜੀਨੀਅਰ ਸਾਈਟ ਦੇ ਕਬਜ਼ੇ ਦੀਆਂ ਤਾਰੀਖਾਂ ਦੁਆਰਾ ਸਾਈਟ ਦੇ ਕਿਸੇ ਹਿੱਸੇ ਤੱਕ ਪਹੁੰਚ ਨਹੀਂ ਦਿੰਦਾ ਹੈ। (ਅ) ਇੰਜੀਨੀਅਰ ਸਮੇਂ 'ਤੇ ਕੰਮ ਨੂੰ ਪੂਰਾ ਕਰਨ ਲਈ ਲੋੜੀਂਦੀਆਂ ਡਰਾਇੰਗਾਂ, ਵਿਸ਼ੇਸ਼ਤਾਵਾਂ ਜਾਂ ਨਿਰਦੇਸ਼ਾਂ ਨੂੰ ਜਾਰੀ/ ਪ੍ਰਵਾਨਗੀ ਨਹੀ ਦਿੰਦਾ ਜਾਂ ਦੇਰੀ ਦਾ ਆਦੇਸ਼ ਦਿੰਦਾ ਹੈ।

ਆਪਣੀ ਸਿੰਜਾਈ ਅਤੇ ਬਿਜਲੀ ਦੀ ਸਮਰੱਥਾ ਨੂੰ ਵਧਾਉਣ ਲਈ, ਪੰਜਾਬ ਅਤੇ ਜੰਮੂ-ਕਸ਼ਮੀਰ (ਜੇ ਐਂਡ ਕੇ) ਰਾਜਾਂ ਨੇ ਰਾਵੀ ਦਰਿਆ 'ਤੇ ਸ਼ਾਹਪੁਰ ਕੰਢੀ ਡੈਮ (ਐਸ ਪੀ ਕੇ ਡੀ) ਬਣਾਉਣ ਲਈ ਇਕ ਇਕਰਾਰਨਾਮੇ 'ਤੇ ਦਸਤਖਤ ਕੀਤੇ (ਜਨਵਰੀ 1979) ਅਤੇ ਦੋਵਾਂ ਰਾਜਾਂ ਦੁਆਰਾ ਜ਼ਮੀਨ ਪ੍ਰਦਾਨ ਕੀਤੀ ਜਾਣੀ ਸੀ। ਫੰਡਾਂ ਦੀ ਘਾਟ ਕਾਰਨ ਐਸ ਪੀ ਕੇ ਡੀ ਪ੍ਰੋਜੈਕਟ ਪੂਰਾ ਨਹੀਂ ਹੋ ਸਕਿਆ। ਇਸ ਤੋਂ ਇਲਾਵਾ, ਭਾਰਤ ਸਰਕਾਰ ਨੇ ਐਸ ਪੀ ਕੇ ਡੀ ਨੂੰ 'ਰਾਸ਼ਟਰੀ ਪ੍ਰੋਜੈਕਟ'[82] ਵਜੋਂ ਘੋਸ਼ਿਤ ਕੀਤਾ (ਫਰਵਰੀ 2008)। ਇਸ ਦੌਰਾਨ, ਜੇ ਐਂਡ ਕੇ ਸਰਕਾਰ ਨੇ ਐਸ ਪੀ ਕੇ ਡੀ ਦੇ ਨਿਰਮਾਣ ਵਿੱਚ ਲੰਮੀ ਦੇਰੀ ਕਾਰਨ ਰਾਵੀ ਨਹਿਰ ਨੂੰ ਪਾਣੀ ਦੇਣ ਲਈ ਆਪਣੀ ਨਹਿਰੀ ਪ੍ਰਣਾਲੀ ਬਣਾਉਣ ਦਾ ਫੈਸਲਾ ਕੀਤਾ (ਮਈ 2012) ਅਤੇ ਐਸ ਪੀ ਕੇ ਡੀ ਲਈ ਜ਼ਮੀਨ ਲੀਜ਼ 'ਤੇ ਦੇਣ ਵਿੱਚ ਕੋਈ ਦਿਲਚਸਪੀ ਨਹੀਂ ਸੀ।

ਵਿੱਤੀ ਸਲਾਹਕਾਰ ਅਤੇ ਮੁੱਖ ਲੇਖਾ ਅਫ਼ਸਰ (ਐਫ ਏ ਐਂਡ ਸੀ ਏ ਓ), ਐਸ ਪੀ ਕੇ ਡੀ ਪ੍ਰੋਜੈਕਟ ਸ਼ਾਹਪੁਰ ਕੰਢੀ ਦੇ ਰਿਕਾਰਡ ਦੀ ਨਮੂਨਾ ਜਾਂਚ (ਜੁਲਾਈ 2021) ਨੇ ਦਰਸਾਇਆ ਕਿ ਭਾਵੇਂ ਜ਼ਮੀਨ ਨੂੰ ਲੀਜ਼ 'ਤੇ ਦੇਣ ਦਾ ਵਿਵਾਦ ਮਈ 2012 ਤੋਂ ਮੌਜੂਦ ਸੀ, ਫਿਰ ਵੀ ਮੁੱਖ ਇੰਜੀਨੀਅਰ, ਐਸ ਪੀ ਕੇ ਡੀ ਪ੍ਰੋਜੈਕਟ (ਸੀ ਈ) ਨੇ ₹ 687.51 ਕਰੋੜ ਦੀ ਲਾਗਤ ਨਾਲ" ਓਵਰਫਲੋ ਸੈਕਸ਼ਨ ਅਤੇ ਨਾਨ-ਓਵਰਫਲੋ ਸੈਕਸ਼ਨਾਂ ਵਾਲੇ ਮੁੱਖ ਡੈਮ ਦਾ ਨਿਰਮਾਣ, ਐਸ ਪੀ ਕੇ ਡੀ ਦੀ ਰਾਵੀ ਨਹਿਰ ਦੇ ਸ਼ਾਹਪੁਰ ਕੰਢੀ ਹਾਈਡਲ ਚੈਨਲ (ਬਕਾਇਆ ਕੰਮ) ਦੇ ਹੈਂਡ ਰੈਗੂਲੇਟਰ" ਦੇ ਕੰਮ ਨੂੰ ਅਮਲ ਵਿੱਚ ਲਈ ਠੇਕੇਦਾਰ ਨਾਲ ਇਕਰਾਰਨਾਮਾ ਕੀਤਾ (ਫਰਵਰੀ 2013) ਜੋ ਸਤੰਬਰ 2016 ਵਿੱਚ ਪੂਰਾ ਹੋਣਾ ਸੀ। ਇਹ ਕੰਮ ਮਾਰਚ 2013 ਵਿੱਚ ਸ਼ੁਰੂ ਕੀਤਾ ਗਿਆ ਸੀ ਪਰ ਜੰਮੂ-ਕਸ਼ਮੀਰ ਦੇ ਦਖਲ ਤੋਂ ਬਾਅਦ 30 ਅਗਸਤ 2014 ਨੂੰ ਬੰਦ ਕਰ ਦਿੱਤਾ ਗਿਆ ਅਤੇ ਇਹ ਪ੍ਰੋਜੈਕਟ 31 ਅਗਸਤ 2014 ਤੋਂ 31 ਅਕਤੂਬਰ 2018[83] ਤੱਕ 50 ਮਹੀਨਿਆਂ ਦੇ ਸਮੇਂ ਲਈ ਮੁਅੱਤਲ ਰਿਹਾ, ਹਾਲਾਂਕਿ, ਠੇਕੇਦਾਰ ਨੇ ਇਸ ਸਮੇਂ ਦੌਰਾਨ ਪੰਜਾਬ ਦੇ ਖੇਤਰ ਵਿੱਚ ਕੰਮ ਜਾਰੀ ਰੱਖਿਆ।

ਸਮਝੌਤੇ ਨੂੰ ਲੰਮਾ ਕਰਨ ਦੇ ਕਾਰਣ, ਵਿਭਾਗ ਅਤੇ ਠੇਕੇਦਾਰ ਵਿਚਕਾਰ ਕੁਝ ਵਿਵਾਦ ਹੋਏ ਜਿਸ ਦੇ ਨਤੀਜੇ ਵਜੋਂ ਵਿਭਾਗ ਨੂੰ ਮੁਆਵਜ਼ੇ ਅਤੇ ਦੇਰੀ ਨਾਲ ਅਦਾਇਗੀ 'ਤੇ ਵਿਆਜ ਵਜੋਂ ₹ 36.95 ਕਰੋੜ ਦੀ ਰਾਸ਼ੀ ਅਦਾ ਕਰਨੀ ਪਈ, ਜਿਵੇਂ ਕਿ ਹੇਠਾਂ ਚਰਚਾ ਕੀਤੀ ਗਈ ਹੈ:

**(i)** ਠੇਕੇਦਾਰ ਨੇ ਬੰਦਿਆਂ ਦੀ ਫਜ਼ੂਲ ਮਜ਼ਦੂਰੀ ਅਤੇ ਮਸ਼ੀਨਰੀ ਦੇ ਫਜ਼ੂਲ ਖਰਚਿਆਂ ਦੇ ਕਾਰਣ ਦਾਅਵੇ ਉਠਾਏ। ਸੀ ਈ ਨੇ ਬੰਦਿਆਂ ਦੀ ਫਜ਼ੂਲ ਮਜ਼ਦੂਰੀ ਅਤੇ ਮਸ਼ੀਨਰੀ ਦੇ ਫਜ਼ੂਲ ਖਰਚਿਆਂ ਦੀਆਂ ਦਰਾਂ ਨੂੰ ਅੰਤਿਮ ਰੂਪ ਦੇਣ ਲਈ ਇੱਕ ਕਮੇਟੀ[84] ਦਾ ਗਠਨ ਕੀਤਾ (ਦਸੰਬਰ 2015)। ਸੀ ਈ ਨੇ, ਕਮੇਟੀ ਦੀ ਅੰਤਰਿਮ ਰਿਪੋਰਟ ਦੇ ਆਧਾਰ 'ਤੇ ਪ੍ਰੋਜੈਕਟ ਦੇ ਬੰਦ ਹੋਣ ਦੇ ਸਮੇਂ (ਅਗਸਤ 2014 ਤੋਂ ਅਕਤੂਬਰ 2018 ਤੱਕ) ਲਈ ਬੰਦਿਆਂ ਦੀ ਫਜ਼ੂਲ ਮਜ਼ਦੂਰੀ ਅਤੇ ਮਸ਼ੀਨਰੀ

---

[82] ਜਿਸ ਦੇ ਅਧੀਨ ਭਾਰਤ ਸਰਕਾਰ ਸਿੰਜਾਈ ਦੇ ਹਿੱਸੇ ਦੀ ਲਾਗਤ ਦਾ 90 *ਪ੍ਰਤੀਸ਼ਤ* ਕੇਂਦਰੀ ਗ੍ਰਾਂਟ ਵਜੋਂ ਪ੍ਰਦਾਨ ਕਰਦੀ ਹੈ।

[83] ਜ਼ਮੀਨ ਨੂੰ ਲੀਜ਼ 'ਤੇ ਦੇਣ ਦਾ ਵਿਵਾਦ ਸਤੰਬਰ 2018 ਵਿੱਚ ਜੇ ਐਂਡ ਕੇ ਨਾਲ ਹੱਲ ਹੋ ਗਿਆ ਸੀ।

[84] ਐਸ ਪੀ ਕੇ ਡੈਮ ਸਰਕਲ ਦੇ ਸੁਪਰਡੈਂਟ ਇੰਜੀਨੀਅਰ ਦੀ ਪ੍ਰਧਾਨਗੀ ਅਧੀਨ ਅਤੇ ਠੇਕੇਦਾਰ ਦੇ ਇੱਕ ਨੁਮਾਇੰਦੇ ਤੋਂ ਇਲਾਵਾ ਐਸ ਪੀ ਕੇ ਡੈਮ ਪ੍ਰੋਜੈਕਟ ਦੇ ਤਿੰਨ ਹੋਰ ਮੈਂਬਰ ਸ਼ਾਮਲ ਹੋਏ।

ਦੇ ਫਜ਼ੂਲ ਖਰਚਿਆਂ ਦੇ ਕਾਰਣ ਠੇਕੇਦਾਰ ਨੂੰ ਮੁਆਵਜ਼ੇ ਵਜੋਂ ₹ 41.74 ਕਰੋੜ[85] ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ (ਨਵੰਬਰ 2020)। ₹ 41.74 ਕਰੋੜ ਵਿੱਚੋਂ, ਐਫ ਏ ਐਂਡ ਸੀ ਏ ਓ ਨੇ ₹ 32.87 ਕਰੋੜ[86] ਦਾ ਭੁਗਤਾਨ ਕੀਤਾ (ਜਨਵਰੀ 2021) ਅਤੇ ₹ 8.87 ਕਰੋੜ ਦੀ ਬਕਾਇਆ ਰਾਸ਼ੀ ਫੰਡਾਂ ਦੀ ਘਾਟ ਕਾਰਣ ਬਕਾਇਆ ਰੱਖੀ ਗਈ ਸੀ।

***(ii)*** ਠੇਕੇਦਾਰ ਨੇ 'ਅੰਤਰਿਮ ਭੁਗਤਾਨ ਸਰਟੀਫਿਕੇਟਾਂ' (ਆਈ ਪੀ ਸੀਜ਼) ਦੁਆਰਾ ਕੰਮ ਨੂੰ ਲਾਗੂ ਕਰਨ ਦੇ ਵਿਰੁੱਧ ਭੁਗਤਾਨ ਦੇ ਦਾਅਵੇ (ਜੁਲਾਈ 2013 ਅਤੇ ਨਵੰਬਰ 2018 ਦੇ ਵਿਚਕਾਰ) ਪੇਸ਼ ਕੀਤੇ। ਠੇਕੇਦਾਰ ਦੇ ਆਈ ਪੀ ਸੀਜ਼ ਦੇ ਵਿਰੁੱਧ ਭੁਗਤਾਨ 42 ਦਿਨਾਂ[87] ਦੇ ਸਮੇਂ ਤੋਂ ਬਾਅਦ 08 ਅਤੇ 1,466 ਦਿਨਾਂ ਦੇ ਵਿਚਕਾਰ ਦੇ ਸਮੇਂ ਲਈ ਦੇਰੀ ਨਾਲ ਕੀਤੇ ਗਏ ਸਨ। ਦੇਰੀ ਦੇ ਨਤੀਜੇ ਵਜੋਂ, ਠੇਕੇਦਾਰ ਨੇ ਅੱਗੇ ਦੇਰੀ ਨਾਲ ਅਦਾਇਗੀਆਂ 'ਤੇ ਛੇ *ਪ੍ਰਤੀਸ਼ਤ* ਵਿਆਜ ਵਜੋਂ ₹ 3.41 ਕਰੋੜ ਦਾ ਦਾਅਵਾ ਕੀਤਾ, ਜਿਸ ਦੇ ਵਿਰੁੱਧ ਮਾਰਚ 2020 ਵਿੱਚ ਇਕਰਾਕਨਾਮੇ ਦੇ ਉਪਬੰਧ ਅਧੀਨ ₹ 3.37 ਕਰੋੜ ਦਾ ਭੁਗਤਾਨ ਕੀਤਾ ਗਿਆ ਸੀ। ਇਹ ਅੱਗੇ ਦੇਖਿਆ ਗਿਆ ਸੀ ਕਿ ₹ 3.37 ਕਰੋੜ ਵਿੱਚੋਂ ₹ 7.51 ਲੱਖ ਦੀ ਰਾਸ਼ੀ ਆਈ ਪੀ ਸੀਜ਼ ਇੱਕ ਅਤੇ ਦੋ ਦੇ ਵਿਰੁੱਧ ਬਕਾਇਆ ਹੋਣ ਤੋਂ ਬਾਅਦ 42 ਦਿਨਾਂ ਤੋਂ ਬਾਅਦ ਦੇ 53 ਤੋਂ 87 ਦਿਨਾਂ ਦੇ ਸਮੇਂ ਦੇ ਅੰਦਰ ਜ਼ਿਆਦਾ[88] ਅਦਾ ਕੀਤੀ ਗਈ ਸੀ ਜਦੋਂ ਕਿ 90 ਦਿਨਾਂ ਤੱਕ ਦੀ ਦੇਰੀ ਲਈ ਕੋਈ ਵਿਆਜ ਦੇਣ ਯੋਗ ਨਹੀਂ ਸੀ।

**(iii)** ਇਹ ਦੇਖਿਆ ਗਿਆ ਸੀ (ਜਨਵਰੀ 2022) ਕਿ ਵਿਭਾਗ ਨੇ ਇਕਰਾਰਨਾਮੇ ਦੀ ਧਾਰਾ 49.1 ਦੇ ਅਧੀਨ ਕੰਮ ਦੇ ਪਹਿਲੇ[89] ਮੀਲ ਪੱਥਰ ਦੀ ਪ੍ਰਾਪਤੀ ਨਾ ਹੋਣ ਕਾਰਨ ਠੇਕੇਦਾਰ ਦੇ ਬਕਾਇਆ ਭੁਗਤਾਨਾਂ ਤੋਂ ₹ 4.58 ਕਰੋੜ ਦੇ ਲਿਕਵੀਡੇਟਡ ਡੈਮੇਜਸ (ਐਲ ਡੀ) (ਮਈ ਅਤੇ ਅਗਸਤ 2014 ਦੇ ਵਿਚਕਾਰ) ਲਗਾਏ ਅਤੇ ਵਸੂਲ ਕੀਤੇ। ਪੀੜਤ ਠੇਕੇਦਾਰ ਨੇ ਵਿਭਾਗ ਦੇ ਵਿਰੁੱਧ ਵਿਵਾਦ ਸਮੀਖਿਆ ਬੋਰਡ (ਡੀ ਆਰ ਬੀ) ਕੋਲ ਪਹੁੰਚ ਕੀਤੀ (ਜੁਲਾਈ 2016)। **ਡੀ ਆਰ ਬੀ ਨੇ ਕਈ ਕਾਰਣਾਂ[90] ਕਰਕੇ ਠੇਕੇਦਾਰ ਦੇ ਹੱਕ ਵਿੱਚ ਕੇਸ ਦਾ ਫੈਸਲਾ ਕੀਤਾ (28 ਅਗਸਤ 2016) ਕਿ ਠੇਕੇਦਾਰ ਬਿਨਾਂ ਕਿਸੇ ਵਿਆਜ ਦੇ ਫੈਸਲੇ ਦੀ ਮਿਤੀ ਦੇ 30 ਦਿਨਾਂ ਦੇ ਅੰਦਰ ਕਟੌਤੀ ਕੀਤੀ ਐਲ ਡੀ ਦੀ ਰਿਵਰਸੀ ਦਾ ਹੱਕਦਾਰ ਸੀ ਅਤੇ ਜੇਕਰ ਭੁਗਤਾਨ 30 ਦਿਨਾਂ ਦੇ ਅੰਦਰ ਨਹੀਂ ਕੀਤਾ ਜਾਂਦਾ ਹੈ ਤਾਂ ਇਸ ਤੋਂ ਬਾਅਦ ਛੇ *ਪ੍ਰਤੀਸ਼ਤ* ਦੇ ਵਿਆਜ ਦਾ**

---

[85] (i) ਫਜ਼ੂਲ ਮਜ਼ਦੂਰੀ- ₹ 10.99 ਕਰੋੜ (ii) ਮਸ਼ੀਨਰੀ ਦੇ ਫਜ਼ੂਲ ਖਰਚੇ- ₹ 27.66 ਕਰੋੜ ਅਤੇ (iii) ਜੀ ਐਸ ਟੀ- ₹ 3.09 ਕਰੋੜ।

[86] ਵਾਊਚਰ ਨੰ 56 ਮਿਤੀ 27 ਜਨਵਰੀ 2021 ਰਾਹੀਂ ₹ 17.87 ਕਰੋੜ ਅਤੇ ਵਾਊਚਰ ਨੰ 38 ਮਿਤੀ 18 ਜਨਵਰੀ 2021 ਰਾਹੀਂ ₹ 15.00 ਕਰੋੜ।

[87] ਇਕਰਾਰਨਾਮੇ ਦੀ ਧਾਰਾ 42 ਅਤੇ 43.1 ਅਨੁਸਾਰ ਇੰਜੀਨੀਅਰ ਦੁਆਰਾ ਭੁਗਤਾਨ ਦੇ ਸਰਟੀਫਿਕੇਟ ਲਈ 14 ਦਿਨ ਅਤੇ ਇਸ ਤੋਂ ਬਾਅਦ ਭੁਗਤਾਨ ਕਰਨ ਲਈ 28 ਦਿਨ।

[88] ਇਕਰਾਰਨਾਮੇ ਦੀ ਧਾਰਾ 43.1 ਦੇ ਅਨੁਸਾਰ, ਇਹਨਾਂ ਆਈ ਪੀ ਸੀ 'ਤੇ ਵਿਆਜ ਦੇਣ ਯੋਗ ਨਹੀਂ ਸੀ ਕਿਉਂਕਿ ਇਹਨਾ ਦੀ ਅਦਾਇਗੀ ਵਿੱਚ 90 ਦਿਨਾਂ ਤੋਂ ਵੱਧ ਦੇਰੀ ਨਹੀਂ ਹੋਈ ਸੀ।

[89] ਕੰਮ ਦੀ ਸ਼ੁਰੂਆਤ ਦੀ ਮਿਤੀ ਤੋਂ 09 ਮਹੀਨਿਆਂ ਦੇ ਅੰਦਰ ਭਾਵ 27 ਦਸੰਬਰ 2013 ਤੱਕ ਕੰਮ ਦੇ ਮੁੱਲ ਦੇ ਸੱਤ *ਪ੍ਰਤੀਸ਼ਤ* ਨੂੰ ਲਾਗੂ ਕਰਨਾ।

[90] 21 ਜਨਵਰੀ 2014 ਨੂੰ (ਪਹਿਲੇ ਮੀਲ ਪੱਥਰ ਨੂੰ ਪ੍ਰਾਪਤ ਕਰਨ ਦੀ ਆਖਰੀ ਮਿਤੀ ਭਾਵ 27 ਦਸੰਬਰ 2013 ਦੇ ਬੀਤ ਜਾਣ ਤੋਂ ਬਾਅਦ) ਸਟਿਲਿੰਗ ਬੇਸਿਨ ਵਿੱਚ ਡਿਵਾਈਡ ਦੀਵਾਰਾਂ ਦੇ ਖਾਕੇ ਨੂੰ ਅੰਤਿਮ ਰੂਪ ਦਿੱਤਾ ਗਿਆ ਸੀ ਅਤੇ 30 ਜੂਨ 2014 ਨੂੰ ਅੰਤਮ ਰੂਪ ਵਿੱਚ ਡਰਾਇੰਗਾਂ ਨੂੰ ਮਨਜ਼ੂਰੀ ਦਿੱਤੀ ਗਈ ਸੀ।

ਭੁਗਤਾਨ ਕੀਤਾ ਜਾਵੇਗਾ। ਵਿਭਾਗ ਨੇ 30 ਦਿਨਾਂ ਤੋਂ ਵੱਧ ਦੇਰੀ[91] ਨਾਲ ਰਿਫੰਡ ਦਿੱਤਾ (23 ਜਨਵਰੀ 2019) ਅਤੇ ਡੀ ਆਰ ਬੀ ਦੇ ਆਦੇਸ਼ਾਂ ਅਨੁਸਾਰ ₹ 71.41 ਲੱਖ[92] ਦਾ ਵਿਆਜ ਅਦਾ ਕਰਨਾ ਪਿਆ (ਜੂਨ 2019)।

ਐਫ ਏ ਐਂਡ ਸੀ ਏ ਓ ਨੇ ਕਿਹਾ (ਜੁਲਾਈ 2021) ਕਿ ਇਹ ਕੰਮ ਮਾਰਚ 2013 ਵਿੱਚ ਜੰਮੂ-ਕਸ਼ਮੀਰ ਸਰਕਾਰ ਦੀ ਸਹਿਮਤੀ ਤੋਂ ਬਾਅਦ ਲਿਆ ਗਿਆ ਸੀ। ਜੰਮੂ-ਕਸ਼ਮੀਰ ਸਰਕਾਰ ਦੀ ਸਹਿਮਤੀ ਦੇ ਸਮਰਥਨ ਵਿੱਚ, ਐਫ ਏ ਐਂਡ ਸੀ ਏ ਓ ਨੇ ਨਵੀਂ ਦਿੱਲੀ ਵਿਖੇ ਆਯੋਜਿਤ 'ਸਕੱਤਰਾਂ ਦੀ ਕਮੇਟੀ' ਦੀ ਮਿਤੀ 25 ਫਰਵਰੀ 2010 ਦੀ ਮੀਟਿੰਗ ਦੇ ਮਿੰਟਸ ਦੀ ਕਾਪੀ ਨੱਥੀ ਕੀਤੀ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਜੰਮੂ-ਕਸ਼ਮੀਰ ਸਰਕਾਰ ਨੇ ਪ੍ਰੱਤਖ ਤੌਰ 'ਤੇ ਸਪੱਸ਼ਟ ਕੀਤਾ ਸੀ (ਮਈ 2012) ਕਿ ਜੰਮੂ-ਕਸ਼ਮੀਰ ਰਾਵੀ ਨਹਿਰ ਨੂੰ ਪਾਣੀ ਦੇਣ ਲਈ ਆਪਣਾ ਨਹਿਰੀ ਸਿਸਟਮ ਬਣਾਉਣਾ ਚਾਹੁੰਦਾ ਸੀ ਅਤੇ ਐਸ ਪੀ ਕੇ ਡੀ ਪ੍ਰੋਜੈਕਟ ਲਈ ਜ਼ਮੀਨ ਲੀਜ਼ 'ਤੇ ਦੇਣ ਵਿੱਚ ਦਿਲਚਸਪੀ ਨਹੀਂ ਰੱਖਦਾ ਸੀ ਅਤੇ ਸੀ ਈ ਨੇ ਮਾਰਚ 2013 ਵਿੱਚ ਭਾਵ ਵਿਵਾਦ ਦੇ ਲੰਬਿਤ ਸਮੇਂ ਦੌਰਾਨ ਕੰਮ ਅਲਾਟ ਕਰ ਦਿੱਤਾ।

ਸਮੇਂ ਦੇ ਅੰਦਰ ਭੁਗਤਾਨ ਨਾ ਕਰਨ ਦੇ ਸਬੰਧ ਵਿੱਚ, ਐਫ ਏ ਐਂਡ ਸੀ ਏ ਓ ਨੇ ਕਿਹਾ (ਜੁਲਾਈ 2021) ਕਿ 50 ਮਹੀਨਿਆਂ ਦੇ ਮੁਅੱਤਲ ਸਮੇਂ[93] ਦੇ ਦੌਰਾਨ ਫੰਡਾਂ ਦੀ ਉਪਲਬਧਤਾ ਨਾ ਹੋਣ ਕਾਰਣ, ਏਜੰਸੀ ਨੂੰ ਭੁਗਤਾਨ ਕਰਨ ਵਿੱਚ ਦੇਰੀ ਹੋਈ ਸੀ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਜੰਮੂ-ਕਸ਼ਮੀਰ ਸਰਕਾਰ ਨਾਲ ਵਿਵਾਦ ਦੇ ਕਾਰਨ ਕੰਮ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ ਅਤੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਭਾਵ ਮਈ 2012 ਤੋਂ ਵਿਭਾਗ ਦੀ ਜਾਣਕਾਰੀ ਵਿੱਚ ਸੀ ਅਤੇ ਇਕ ਵਾਰ ਜਦੋਂ ਵਿਭਾਗ ਨੇ ਠੇਕੇਦਾਰ ਨਾਲ ਇਕਰਾਰਨਾਮਾ ਕਰ ਲਿਆ, ਤਾਂ ਠੇਕੇਦਾਰ ਦੇ ਬਕਾਏ ਦਾ ਸਮੇਂ ਸਿਰ ਭੁਗਤਾਨ ਕਰਨਾ ਉਨ੍ਹਾਂ ਦੀ ਇਕਰਾਰਨਾਮੇ ਦੀ ਜ਼ਿੰਮੇਵਾਰੀ ਸੀ। ₹ 7.51 ਲੱਖ ਦੀ ਵਾਧੂ ਅਦਾਇਗੀ ਦੇ ਸਬੰਧ ਵਿੱਚ, ਸਬੰਧਤ ਈ ਈ ਨੇ ਕਿਹਾ (ਫਰਵਰੀ 2022) ਕਿ ਠੇਕੇਦਾਰ ਦੁਆਰਾ ਬਿੱਲ ਜਮ੍ਹਾਂ ਕਰਾਉਣ ਤੋਂ ਬਾਅਦ 43 ਵੇਂ ਦਿਨ ਤੋਂ ਭੁਗਤਾਨ ਵਿੱਚ ਦੇਰੀ ਦੇ ਕਾਰਨ ਏਜੰਸੀ ਨੂੰ ਵਿਆਜ ਦਾ ਭੁਗਤਾਨ ਕੀਤਾ ਗਿਆ ਸੀ ਅਤੇ 90 ਦਿਨਾਂ ਤੋਂ ਘੱਟ ਦੇਰੀ ਲਈ ਏਜੰਸੀ ਨੂੰ ਅਜਿਹਾ ਕੋਈ ਭੁਗਤਾਨ ਨਹੀਂ ਕੀਤਾ ਗਿਆ ਸੀ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਆਈ ਪੀ ਸੀ ਇੱਕ ਅਤੇ ਦੋ ਦਾ ਭੁਗਤਾਨ ਬਣਦੇ 90 ਦਿਨਾਂ ਦੇ ਅੰਦਰ ਕੀਤਾ ਗਿਆ ਸੀ ਪਰ ਇਹਨਾਂ ਆਈ ਪੀ ਸੀਜ਼ ਦੇ ਭੁਗਤਾਨ ਵਿੱਚ ਦੇਰੀ ਦੇ ਕਾਰਣ ₹ 7.51 ਲੱਖ ਦੇ ਵਿਆਜ ਦਾ ਭੁਗਤਾਨ ਕੀਤਾ ਗਿਆ ਸੀ।

ਇਸ ਤਰ੍ਹਾਂ, ਅੰਤਰਰਾਜੀ ਵਿਵਾਦ ਦੇ ਨਿਪਟਾਰੇ ਤੋਂ ਪਹਿਲਾਂ ਕੰਮ ਸ਼ੁਰੂ ਕਰਨ ਨਾਲ ਕੰਮ ਦੇ ਰੁਕੇ ਹੋਏ ਸਮੇਂ ਦੌਰਾਨ ਠੇਕੇਦਾਰ ਨੂੰ ਬੰਦਿਆਂ ਦੀ ਫਜ਼ੂਲ ਮਜ਼ਦੂਰੀ ਅਤੇ ਮਸ਼ੀਨਰੀ ਦੇ ਫਜ਼ੂਲ ਖਰਚਿਆਂ ਲਈ

91 27 ਸਤੰਬਰ 2016 ਦੀ ਬਣਦੀ ਮਿਤੀ ਦੇ ਵਿਰੁੱਧ 23 ਜਨਵਰੀ 2019 ਨੂੰ ਰਿਫੰਡ ਕੀਤਾ ਗਿਆ।

92 847 ਦਿਨਾਂ (28 ਸਤੰਬਰ 2016 ਤੋਂ 22 ਜਨਵਰੀ 2019 ਤੱਕ) ਲਈ ₹ 4.58 ਕਰੋੜ 'ਤੇ ਵਿਆਜ ਦਾ ਭੁਗਤਾਨ ਕੀਤਾ ਗਿਆ।

93 31 ਅਗਸਤ 2014 ਤੋਂ 31 ਅਕਤੂਬਰ 2018 ਤੱਕ।

ਮੁਆਵਜ਼ੇ ਦੀ ਅਦਾਇਗੀ ਦੇ ਕਾਰਣ ਸਰਕਾਰੀ ਖਜ਼ਾਨੇ 'ਤੇ ₹ 32.87 ਕਰੋੜ ਦਾ ਬੋਝ ਪਿਆ। ਨਿਰਧਾਰਿਤ ਮਿਤੀਆਂ ਤੋਂ ਬਾਅਦ ਠੇਕੇਦਾਰ ਦੇ ਬਿੱਲਾਂ ਦੀ ਅਦਾਇਗੀ ਵਿੱਚ ਦੇਰੀ ਅਤੇ ਅਵਿਵੇਕੀ ਲੇਵੀ ਅਤੇ ਐਲ ਡੀ ਦੀ ਵਸੂਲੀ ਅਤੇ ਇਸ ਤੋਂ ਬਾਅਦ ਡੀ ਆਰ ਬੀ ਦੇ ਫੈਸਲੇ ਅਨੁਸਾਰ ਇਸ ਦੇ ਰਿਫੰਡ ਵਿੱਚ ਦੇਰੀ ਕਾਰਣ ₹ 4.08 ਕਰੋੜ ਦੇ ਵਿਆਜ ਦਾ ਭੁਗਤਾਨ ਹੋਇਆ ਜੋ ਕਿ ਨਿਰਧਾਰਤ ਸਮੇਂ ਵਿੱਚ ਭੁਗਤਾਨ ਕੀਤੇ ਜਾਣ 'ਤੇ ਟਾਲਿਆ ਜਾ ਸਕਦਾ ਸੀ, ਜਿਸ ਵਿੱਚ ₹ 7.51 ਲੱਖ ਦੇ ਵਿਆਜ ਦਾ ਵਾਧੂ ਭੁਗਤਾਨ ਸ਼ਾਮਲ ਸੀ ਜੋ ਇਕਰਾਰਨਾਮੇ ਦੇ ਉਪਬੰਧ ਦੇ ਵਿਰੁੱਧ ਕੀਤਾ ਗਿਆ ਸੀ।

**ਸਿਫਾਰਸ਼: ਵਿਭਾਗ ਨੂੰ ਵਾਧੂ ਭੁਗਤਾਨਾਂ ਤੋਂ ਬਚਣ ਲਈ ਅਤੇ ਆਰਥਿਕਤਾ ਨੂੰ ਯਕੀਨੀ ਬਣਾਉਣ ਲਈ ਇਕਰਾਰਨਾਮੇ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।**

ਮਾਮਲਾ ਜਨਵਰੀ 2022 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਜਵਾਬ ਦੀ ਉਡੀਕ ਸੀ (ਨਵੰਬਰ 2022)।

# ਰੈਵੀਨਿਊ ਵਿਭਾਗ

## ਆਬਕਾਰੀ ਅਤੇ ਕਰਬੰਦੀ ਵਿਭਾਗ

### 7.9 ਕਰ ਦੀ ਅਨਿਯਤ ਛੋਟ/ਰਿਆਇਤ

**ਸਹਾਇਕ ਕਮਿਸ਼ਨਰ, ਰਾਜ ਕਰ, ਫਤਿਹਗੜ੍ਹ ਸਾਹਿਬ ਅਤੇ ਲੁਧਿਆਣਾ-1 ਵਿੱਚ ਕਰ-ਨਿਰਧਾਰਣ ਅਥਾਰਟੀਆਂ ਨੇ ਦੋ 'ਸੀ' ਫਾਰਮਾਂ ਅਤੇ ਦੋ 'ਈ-2' ਫਾਰਮਾਂ ਦੇ ਅਧਾਰ 'ਤੇ, ਜੋ ਕਿ ਸਬੰਧਤ ਰਾਜ ਦੀ ਨਿਰਧਾਰਤ ਅਥਾਰਟੀ ਤੋਂ ਪ੍ਰਾਪਤ ਨਹੀਂ ਕੀਤੇ ਗਏ ਸਨ, ₹ 0.24 ਕਰੋੜ ਦੇ ਕੇਂਦਰੀ ਵਿਕਰੀ ਕਰ ਦੀ ਅਨਿਯਮਿਤ ਛੋਟ/ਰਿਆਇਤ ਦੀ ਇਜਾਜ਼ਤ ਦਿੱਤੀ।**

ਦੋ[94] ਰਾਜ ਕਰ ਦੇ ਸਹਾਇਕ ਕਮਿਸ਼ਨਰਾਂ (ਏ ਸੀ ਐਸ ਟੀਜ਼) ਦੇ ਵੈਟ ਨਾਲ ਸਬੰਧਤ ਰਿਕਾਰਡ ਦੀ ਪੜਤਾਲ ਨੇ ਦਰਸਾਇਆ ਕਿ ਮੁਲਾਂਕਣ ਅਥਾਰਟੀਆਂ ਨੇ 'ਸੀ' ਅਤੇ 'ਈ-2' ਫਾਰਮਾਂ ਦੀ ਸਚਾਈ ਨੂੰ ਯਕੀਨੀ ਬਣਾਏ ਬਿਨਾਂ ਕੇਂਦਰੀ ਵਿਕਰੀ ਕਰ (ਸੀ ਐਸ ਟੀ) ਤੋਂ ਛੋਟ/ਰਿਆਇਤ ਦੀ ਆਗਿਆ ਦਿੱਤੀ ਜਿਵੇ ਕਿ ਪੈਰ੍ਹੇ (ੳ) ਅਤੇ (ਅ) ਵਿੱਚ ਵਿਸਥਾਰਤ ਕੀਤਾ ਗਿਆ ਹੈ।

#### *(ੳ)* ਕੇਂਦਰੀ ਵਿਕਰੀ ਕਰ ਦੀ ਰਿਆਇਤ

ਸੀ ਐਸ ਟੀ ਐਕਟ 1956 ਦੀ ਧਾਰਾ 8(4) ਨੂੰ ਸੀ ਐਸ ਟੀ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮਾਵਲੀ 1957 ਦੇ ਨਿਯਮ 12(1) ਨਾਲ ਪੜ੍ਹਦੇ ਹੋਏ ਵਿਵਸਥਾ ਕਰਦਾ ਹੈ ਕਿ ਕਰ ਦੀ ਦੋ *ਪ੍ਰਤੀਸ਼ਤ* ਰਿਆਇਤੀ ਦਰ ਸਵੀਕਾਰਯੋਗ ਨਹੀ ਹੋਵੇਗੀ ਜਦੋ ਤੱਕ ਵਿਕਰੇਤਾ ਡੀਲਰ ਰਜਿਸਟਰਡ ਡੀਲਰ, ਜਿਸਨੂੰ ਵਸਤਾਂ ਵੇਚੀਆਂ ਗਈਆਂ ਹਨ, ਤੋਂ ਬਕਾਇਦਾ ਭਰਿਆ ਹੋਇਆ ਅਤੇ

[94] ਲੁਧਿਆਣਾ-I ਅਤੇ ਫਤਿਹਗੜ੍ਹ ਸਾਹਿਬ

ਦਸਤਖਤ ਕੀਤਾ, ਨਿਰਧਾਰਤ ਫਾਰਮ ਵਿੱਚ ਨਿਰਧਾਰਤ ਅਥਾਰਟੀ ਤੋਂ ਪ੍ਰਾਪਤ ਕੀਤੇ ਫਾਰਮ 'ਸੀ' ਵਿੱਚ ਘੋਸ਼ਣਾ ਨਹੀ ਕਰਦਾ।

ਏ ਸੀ ਐਸ ਟੀ ਲੁਧਿਆਣਾ-I ਵਿੱਚ ਰਿਕਾਰਡ ਦੀ ਪੜਤਾਲ ਨੇ ਦਰਸਾਇਆ ਕਿ ਮੁਲਾਂਕਣ ਅਥਾਰਟੀ ਨੇ ਸਾਲ 2015-16 ਲਈ ਇਕ ਡੀਲਰ ਦੇ ਮਾਮਲੇ ਦਾ ਨਿਰਧਾਰਣ (ਅਗਸਤ 2019) ਕਰਦੇ ਹੋਏ ਫਾਰਮ 10 'ਸੀ' ਦੇ ਅਧਾਰ ਦੇ ਅੰਤਰਰਾਜੀ ਵਿਕਰੀ ਤੇ ₹ 6.71 ਕਰੋੜ ਮੁੱਲ ਦੀਆਂ ਵਸਤਾਂ ਤੇ ਦੋ *ਪ੍ਰਤੀਸ਼ਤ* ਸੀ ਐਸ ਟੀ ਦੀ ਰਿਆਇਤੀ ਦਰ ਦੀ ਆਗਿਆ ਦਿੱਤੀ। ਇਹਨਾਂ 10 'ਸੀ' ਫਾਰਮਾਂ ਵਿੱਚੋਂ, ਲੇਖਾ ਪ੍ਰੀਖਿਆ ਵੱਲੋਂ ਟੈਕਸ ਇਨਫਰਮੇਸ਼ਨ ਐਕਸਚੇਜ਼ ਸਿਸਟਮ (ਟੀ ਆਈ ਐਨ ਐਕਸ ਐਸ ਵਾਈ ਐਸ[95]) ਰਾਹੀਂ ਪੰਜ 'ਸੀ' ਫਾਰਮਾਂ ਦੇ ਵੇਰਵਿਆਂ ਦੀ ਸ਼ੁੱਧਤਾ ਤਸਦੀਕ ਕੀਤੀ ਗਈ ਸੀ ਅਤੇ ਦੋ 'ਸੀ' ਫਾਰਮਾਂ ਦੇ ਸਬੰਧ ਵਿੱਚ ਉੱਤਰ ਪ੍ਰਦੇਸ਼ ਤੋਂ ਤਸਦੀਕਣ ਰਿਪੋਰਟ ਦੀ ਉਡੀਕ ਸੀ। ਬਾਕੀ ਰਹਿੰਦੇ ਤਿੰਨ 'ਸੀ' ਫਾਰਮ, ਅਬਕਾਰੀ ਅਤੇ ਕਰ ਵਿਭਾਗ ਯੂ ਟੀ ਚੰਡੀਗੜ੍ਹ ਵੱਲੋਂ ਜਾਰੀ ਕੀਤੇ ਦੱਸੇ ਗਏ, ਜਾਰੀ ਕਰਤਾ ਅਥਾਰਟੀ ਵੱਲੋਂ ਤਸਦੀਕ ਕੀਤੇ ਗਏ ਸਨ ਅਤੇ ਇਹ ਪਾਇਆ ਗਿਆ ਸੀ ਕਿ ₹ 1.42 ਕਰੋੜ ਦੇ ਮੁੱਲ ਦੀਆਂ ਵਸਤਾਂ ਨੂੰ ਕਵਰ ਕਰਦੇ ਦੋ 'ਸੀ' ਫਾਰਮ ਯੂ ਟੀ ਚੰਡੀਗੜ੍ਹ ਦੇ ਕਰ ਵਿਭਾਗ ਵੱਲੋਂ ਜਾਰੀ ਨਹੀਂ ਕੀਤੇ ਗਏ ਸਨ, ਇਸ ਲਈ ਅਸਲੀ ਨਹੀਂ ਸਨ। ਮੁਲਾਂਕਣ ਅਥਾਰਟੀ ਨੇ ਬਿਨਾਂ ਯਕੀਨੀ ਬਣਾਏ ਕਿ ਫਾਰਮ ਅਸਲੀ ਹਨ, ਛੋਟ ਦੀ ਆਗਿਆ ਦਿੱਤੀ। ਕਰ ਦੀ ਸਧਾਰਣ ਦਰ ਨਾਲ ਵਸਤਾਂ ਤੇ ₹ 0.20 ਕਰੋੜ[96] ਦੀ ਸੀ ਐਸ ਟੀ ਲੱਗਣਯੋਗ ਸੀ, ਜਦੋਕਿ ₹ 0.03 ਕਰੋੜ ਦੀ ਸੀ ਐਸ ਟੀ ਲਗਾਈ ਗਈ ਸੀ। ਜਿਸਦੇ ਸਿੱਟੇ ਵੱਜੋਂ ₹ 0.17 ਕਰੋੜ ***(ਅੰਤਿਕਾ 7.12)*** ਦੇ ਕਰ ਦੀ ਰਿਆਇਤੀ ਦਰ ਦੀ ਅਨਿਯਮਿਤ ਆਗਿਆ ਦਿੱਤੀ ਗਈ ਸੀ।

ਮਾਮਲੇ ਦੀ ਵਿਭਾਗ/ਸਰਕਾਰ ਨੂੰ ਮਈ ਅਤੇ ਸਤੰਬਰ 2021 ਦਰਮਿਆਨ ਸੂਚਨਾ ਦਿੱਤੀ ਗਈ ਸੀ। ਸਰਕਾਰ ਨੇ ਉੱਤਰ ਦਿੱਤਾ (ਸਤੰਬਰ 2021) ਕਿ ਇੱਕ ਪੱਤਰ ਆਬਕਾਰੀ ਅਤੇ ਕਰ ਵਿਭਾਗ ਯੂ ਟੀ ਚੰਡੀਗੜ੍ਹ ਨੂੰ ਉਪਰੋਕਤ ਵਿਧਾਨਕ ਫਾਰਮਾਂ ਦੀ ਤਸਦੀਕ ਲਈ ਭੇਜਿਆ ਗਿਆ ਸੀ। ਜਵਾਬ ਵਿੱਚ ਇਹ ਦੱਸਦਾ ਹੋਇਆ ਇਕ ਪੱਤਰ ਕਿ ਉਹ ਫਾਰਮ ਠੀਕ ਸਨ, ਉਨ੍ਹਾਂ ਵੱਲੋਂ ਪ੍ਰਾਪਤ ਕੀਤੇ ਗਏ ਸੀ। ਲੇਖਾ ਪ੍ਰੀਖਿਆ ਨੇ ਇਸੇ ਤਰ੍ਹਾਂ ਦਾ ਉੱਤਰ ਏ ਸੀ ਐਸ ਟੀ ਲੁਧਿਆਣਾ-I ਵੱਲੋਂ ਪ੍ਰਾਪਤ ਕੀਤਾ ਸੀ। ਏ ਸੀ ਐਸ ਟੀ ਨੇ ਆਬਕਾਰੀ ਅਤੇ ਕਰ ਵਿਭਾਗ ਯੂ. ਟੀ. ਚੰਡੀਗੜ੍ਹ ਵੱਲੋਂ ਜਾਰੀ ਕੀਤੇ ਗਏ ਪੱਤਰ ਨੰ. 5881 ਮਿਤੀ 18 ਮਈ 2021 ਦੀ ਕਾਪੀ ਵੀ ਭੇਜੀ ਸੀ, ਜਿਸ ਵਿੱਚ ਸਵਾਲ ਅੰਦਰ ਫਾਰਮ 'ਸੀ' ਅਸਲੀ ਦੱਸੇ ਗਏ ਸਨ। ਲੇਖਾ ਪ੍ਰੀਖਿਆ ਨੇ ਆਬਕਾਰੀ ਅਤੇ ਕਰ ਵਿਭਾਗ ਯੂ. ਟੀ. ਚੰਡੀਗੜ੍ਹ ਨਾਲ ਮੁੜ ਤਸਦੀਕਣ ਪ੍ਰਕਿਰਿਆ ਨੂੰ ਅਪਣਾਇਆ, ਜਿਸ ਵਿੱਚ ਦੁਹਰਾਇਆ ਗਿਆ ਕਿ ਸਵਾਲ ਵਿੱਚ ਫਾਰਮ 'ਸੀ' ਉਨ੍ਹਾਂ ਵੱਲੋਂ ਜਾਰੀ ਨਹੀਂ ਕੀਤੇ ਗਏ ਸਨ। ਇਸ ਤੋਂ ਇਲਾਵਾ, ਉਨ੍ਹਾਂ ਦੇ ਦਫਤਰ ਨੇ ਏ ਸੀ ਐਸ ਟੀ ਲੁਧਿਆਣਾ-I ਤੋਂ 'ਸੀ' ਫਾਰਮਾਂ ਦੀ ਤਸਦੀਕਣ ਲਈ ਕੋਈ ਪੱਤਰ ਪ੍ਰਾਪਤ ਨਹੀ ਕੀਤਾ ਸੀ। ਆਬਕਾਰੀ ਅਤੇ ਕਰ ਵਿਭਾਗ ਯੂ. ਟੀ. ਚੰਡੀਗੜ੍ਹ ਨੇ ਵੀ ਸੂਚਿਤ

95 ਟੈਕਸ ਇਨਫਰਮੇਸ਼ਨ ਐਕਸਚੇਜ਼ ਸਿਸਟਮ ( ਟੀ ਆਈ ਐਨ ਐਕਸ ਐਸ ਵਾਈ ਐਸ) ਅੰਤਰਰਾਜੀ ਲੈਣ ਦੇਣ ਦੀ ਟਰੈਕਿੰਗ ਲਈ ਆਨਲਾਈਨ ਸਹੂਲਤ ਹੈ

96 ₹ 1,41,87,239 × 14.30 *ਪ੍ਰਤੀਸ਼ਤ* = ₹ 20, 28,775

ਕੀਤਾ ਕਿ ਪੰਜਾਬ ਕਰ ਵਿਭਾਗ ਵੱਲੋਂ ਭੇਜਿਆ ਗਿਆ ਪੱਤਰ ਨੰ. 5881 ਮਿਤੀ 18 ਮਈ 2021 ਉਨ੍ਹਾਂ ਵੱਲੋਂ ਜਾਰੀ ਨਹੀਂ ਕੀਤਾ ਗਿਆ ਸੀ ਅਤੇ ਦੱਸਿਆ ਗਿਆ ਪੱਤਰ ਇੱਕ ਜਾਅਲੀ, ਧੋਖਾਧੜੀ ਅਤੇ ਮਨਘੜਤ ਸੀ।

### *(ਅ)* ਕੇਂਦਰੀ ਵਿਕਰੀ ਕਰ ਤੋਂ ਛੋਟ

ਸੀ ਐਸ ਟੀ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮਾਵਲੀ 1957 ਦੇ ਨਿਯਮ 12(1) ਅਤੇ 12(4) ਨਾਲ ਪੜ੍ਹਦੇ ਹੋਏ ਸੀ ਐਸ ਟੀ ਐਕਟ 1956 ਦੀ ਧਾਰਾ 6(2) ਇਹ ਵਿਵਸਥਾ ਕਰਦੀ ਹੈ ਕਿ ਅੰਤਰ-ਰਾਜੀ ਵਿਕਰੀ ਦੇ ਕਾਰਨ ਵਸਤਾਂ ਦੀ ਆਵਾਜਾਈ ਦੇ ਦੌਰਾਨ, ਕੋਈ ਵੀ ਰਜਿਸਟਰਡ ਡੀਲਰ ਨੂੰ ਅਜਿਹੀਆਂ ਵਸਤਾਂ ਦੀ ਮਲਕੀਅਤ ਦੇ ਦਸਤਾਵੇਜ਼ਾਂ ਦੇ ਤਬਾਦਲੇ ਦੁਆਰਾ ਪ੍ਰਭਾਵੀ ਅਗਲੀ ਵਿਕਰੀ (ਸੇਲ-ਇਨ ਟਰਾਂਜ਼ਿਟ) ਨੂੰ ਕਰ ਤੋਂ ਛੋਟ ਨਹੀਂ ਦਿੱਤੀ ਜਾਵੇਗੀ ਜਦੋਂ ਤੱਕ ਕਿ ਅਜਿਹੀ ਅਗਲੀ ਵਿਕਰੀ ਕਰਨ ਵਾਲਾ ਡੀਲਰ ਨਿਰਧਾਰਤ ਅਥਾਰਟੀ ਨੂੰ, ਉਸ ਵਿਅਕਤੀ, ਜਿਸ ਤੋਂ ਵਸਤਾਂ ਅੰਤਰ-ਰਾਜੀ ਖਰੀਦੀਆਂ ਗਈਆਂ ਸਨ, ਤੋਂ ਪ੍ਰਾਪਤ ਕੀਤਾ ਗਿਆ (ੳ) ਫਾਰਮ ਈ-1 ਜਾਂ ਈ-2, ਜਿਵੇਂ ਵੀ ਮਾਮਲਾ ਹੋਵੇ, ਅਤੇ (ਅ) ਰਜਿਸਟਰਡ ਵਿਅਕਤੀ ਤੋਂ ਫਾਰਮ 'ਸੀ' ਜਿਸ ਨੂੰ ਵਸਤਾਂ ਦੀ ਆਵਾਜਾਈ ਦੌਰਾਨ ਬਾਅਦ ਵਿੱਚ ਵਿਕਰੀ ਕੀਤੀ ਗਈ ਸੀ, ਪੇਸ਼ ਨਹੀ ਕਰਦਾ।

ਸਹਾਇਕ ਕਮਿਸ਼ਨਰ ਰਾਜ ਕਰ (ਏ ਸੀ ਐਸ ਟੀ) ਫਤਿਹਗੜ੍ਹ ਸਾਹਿਬ ਵਿੱਚ ਰਿਕਾਰਡ ਦੀ ਪੜਤਾਲ ਨੇ ਦਰਸਾਇਆ ਕਿ ਮੁਲਾਂਕਣ ਅਥਾਰਟੀ ਨੇ ਸਾਲ 2012-13 ਲਈ ਇੱਕ ਡੀਲਰ ਦੇ ਮਾਮਲੇ ਦਾ ਮੁਲਾਂਕਣ (ਨੰਵਬਰ 2019) ਕਰਦੇ ਹੋਏ, ਚਾਰ[97] 'ਈ-2' ਫਾਰਮਾਂ ਦੇ ਅਧਾਰ 'ਤੇ ₹ 3.58 ਕਰੋੜ ਦੀ ਟਰਾਂਜ਼ਿਟ ਵਿਕਰੀ 'ਤੇ ਸੀ ਐਸ ਟੀ ਤੋਂ ਛੋਟ ਦਿੱਤੀ ਸੀ। ਏ ਸੀ ਐਸ ਟੀ ਅੰਮ੍ਰਿਤਸਰ-1 ਅਧੀਨ ਈ-2 ਫਾਰਮ ਇੱਕ ਡੀਲਰ ਦੁਆਰਾ ਸਪਲਾਈ ਕੀਤੇ ਗਏ ਸਨ। ਲੇਖਾ ਪ੍ਰੀਖਿਆ ਨੇ ਇਹ 'ਈ-2' ਫਾਰਮ ਜਾਰੀ ਕਰਨ ਵਾਲੀ ਅਥਾਰਟੀ (ਏ ਸੀ ਐਸ ਟੀ ਅੰਮ੍ਰਿਤਸਰ-I) ਤੋਂ ਫਾਰਮਾਂ ਦੀ ਅਸਲੀਅਤ ਦਾ ਪਤਾ ਲਗਾਉਣ ਲਈ ਤਸਦੀਕ ਕਰਵਾਏ ਸਨ। ਜਾਰੀ ਕਰਤਾ ਅਥਾਰਟੀ ਤੋਂ ਕਰਾਸ ਤਸਦੀਕ ਕਰਨ 'ਤੇ, ਇਹ ਪਾਇਆ ਗਿਆ ਕਿ ਚਾਰ 'ਈ-2' ਫਾਰਮਾਂ ਵਿੱਚੋਂ ਦੋ[98], ਜਿਸ ਵਿੱਚ ₹ 1.59 ਕਰੋੜ ਦੀਆਂ ਵਸਤਾਂ ਸ਼ਾਮਲ ਹਨ, ਉਸ ਡੀਲਰ ਨੂੰ ਜਾਰੀ ਨਹੀਂ ਕੀਤੇ ਗਏ ਸਨ ਜਿਸਨੇ ਅਸੈਸੀ ਨੂੰ ਫਾਰਮ ਸਪਲਾਈ ਕੀਤੇ ਸਨ। ਇਸ ਤਰ੍ਹਾਂ, ਮੁਲਾਂਕਣ ਅਥਾਰਟੀ ਨੇ ਫਾਰਮਾਂ ਦੀ ਅਸਲੀਅਤ ਨੂੰ ਯਕੀਨੀ ਬਣਾਏ ਬਿਨਾਂ ਛੋਟ ਦੀ ਇਜਾਜ਼ਤ ਦਿੱਤੀ। ਇਸ ਦੇ ਨਤੀਜੇ ਵਜੋਂ ਚਾਰ *ਪ੍ਰਤੀਸ਼ਤ (ਅੰਤਿਕਾ 7.13)* ਦੀ ਦਰ ਨਾਲ ₹ 0.06 ਕਰੋੜ[99] ਦੇ ਕਰ ਦੀ ਅਨਿਯਮਿਤ ਛੋਟ ਮਿਲੀ।

ਇਸ ਮਾਮਲੇ ਦੀ ਰਿਪੋਰਟ ਸੂਚਨਾ ਵਿਭਾਗ/ਸਰਕਾਰ ਨੂੰ ਅਪ੍ਰੈਲ ਅਤੇ ਸਤੰਬਰ 2021 ਦਰਮਿਆਨ ਦਿੱਤੀ ਗਈ ਸੀ। ਸਰਕਾਰ ਨੇ ਜਵਾਬ ਦਿੱਤਾ (ਸਤੰਬਰ 2021) ਕਿ ਡੀਲਰ ਨੇ ਦੋ ਈ-2 ਫਾਰਮ ਜਮ੍ਹਾਂ ਕਰਵਾਏ ਸਨ ਅਤੇ ਦੋਵੇਂ ਫਾਰਮ ਅਸਲੀ ਪਾਏ ਗਏ ਸਨ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਸਰਕਾਰ ਦੁਆਰਾ ਇਸਦੇ ਜਵਾਬ ਵਿੱਚ ਹਵਾਲਾ ਦਿੱਤੇ ਗਏ ਫਾਰਮ ਨੰਬਰਾਂ 'ਤੇ ਲੇਖਾ

---

[97] ਫਾਰਮ ਨੰ. 255474, 80885, 80886 ਅਤੇ 855476

[98] ਫਾਰਮ ਨੰ. 255474 ਅਤੇ 855476

[99] ₹ 1,59,04,554 × 4 *ਪ੍ਰਤੀਸ਼ਤ* = ₹ 6,36,182

ਪ੍ਰੀਖਿਆ ਦੁਆਰਾ ਇਤਰਾਜ਼ ਨਹੀ ਕੀਤਾ ਗਿਆ ਸੀ ਅਤੇ ਇਸ ਤਰ੍ਹਾਂ ਸਰਕਾਰ ਦੇ ਜਵਾਬ ਵਿੱਚ ਦੋ ਈ-2 ਫਾਰਮ ਸ਼ਾਮਲ ਨਹੀਂ ਸਨ ਜੋ ਅਸਲ ਨਹੀਂ ਪਾਏ ਗਏ ਸਨ।

**ਸਰਕਾਰ ਇਸ ਪੈਰ੍ਹੇ ਵਿੱਚ ਦਰਸਾਏ ਗਏ ਦੋ ਮਾਮਲਿਆਂ ਵਿੱਚ ਜ਼ਿੰਮੇਵਾਰੀ ਤੈਅ ਕਰਨ ਅਤੇ ਡੀਲਰਾਂ ਤੋਂ ₹ 0.24 ਕਰੋੜ ਦੀ ਵਸੂਲੀ ਕਰਨ ਲਈ ਧੋਖਾਧੜੀ ਵਾਲੇ ਪੱਤਰ ਦੇ ਮਾਮਲੇ ਦੀ ਜਾਂਚ ਕਰਨ ਲਈ ਵਿਭਾਗ ਨੂੰ ਨਿਰਦੇਸ਼ ਦੇ ਸਕਦੀ ਹੈ।**

## 7.10 ਵਿਆਜ ਨਾ ਲਗਾਉਣਾ

**ਤਿੰਨ ਏ ਸੀ ਐਸ ਟੀਜ਼ ਦੇ ਅਧੀਨ 11 ਡੀਲਰਾਂ ਦੇ 11 ਮਾਮਲਿਆਂ ਵਿੱਚ ਕਰ-ਨਿਰਧਾਰਣ ਅਥਾਰਟੀਆਂ ਨੇ ਵਿਆਜ ਨਹੀਂ ਲਗਾਇਆ, ਜਦੋਂਕਿ 0.5 *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ 'ਤੇ ₹ 0.49 ਕਰੋੜ ਦਾ ਵਿਆਜ ਲੱਗਣਯੋਗ ਸੀ।**

ਪੰਜਾਬ ਵੈਲਿਊ ਐਡਿਡ ਟੈਕਸ ਐਕਟ 2005 (ਪੀ ਵੀ ਏ ਟੀ ) ਦੀ ਧਾਰਾ 32(1) ਵਿਵਸਥਾ ਕਰਦੀ ਹੈ ਕਿ ਜੇਕਰ ਇੱਕ ਵਿਅਕਤੀ ਇਸ ਐਕਟ ਦੇ ਉਪਬੰਧਾਂ ਅਨੁਸਾਰ ਉਸ ਦੁਆਰਾ ਦੇਣਯੋਗ ਕਰ ਰਾਸ਼ੀ ਨੂੰ ਚੁਕਾਉਣ ਵਿੱਚ ਅਸਫਲ ਹੁੰਦਾ ਹੈ, ਉਸਨੂੰ ਕਰ ਦੀ ਅਜਿਹੀ ਰਾਸ਼ੀ ਦੀ ਅਸਲ ਅਦਾਇਗੀ ਤੱਕ ਅੱਧਾ *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ ਨਾਲ ਸਧਾਰਨ ਵਿਆਜ ਦੇਣਾ ਹੋਵੇਗਾ। ਇਸ ਤੋਂ ਇਲਾਵਾ, ਸੈਂਟਰਲ ਸੇਲਜ਼ ਟੈਕਸ ਐਕਟ 1956 (ਸੀ ਐਸ ਟੀ ਐਕਟ) ਦੀ ਧਾਰਾ 9(2ਬੀ) ਇਹ ਵਿਵਸਥਾ ਕਰਦੀ ਹੈ ਕਿ ਕਰ ਦੇ ਭੁਗਤਾਨ, ਵਿਆਜ ਦੀ ਦਰ, ਕਰ ਦੇ ਦੇਰੀ ਨਾਲ ਭੁਗਤਾਨ ਲਈ ਮੁਲਾਂਕਣ ਅਤੇ ਵਿਆਜ ਦੀ ਉਗਰਾਹੀ ਦੀ ਬਣਦੀ ਮਿਤੀ ਨਾਲ ਸਬੰਧਤ ਹਰੇਕ ਰਾਜ ਦੇ ਵਿਕਰੀ ਕਰ ਕਾਨੂੰਨ ਦੀਆਂ ਸਾਰੀਆਂ ਵਿਵਸਥਾਵਾਂ ਸੀ ਐਸ ਟੀ ਐਕਟ ਦੇ ਅਧੀਨ ਦੇਣਯੋਗ ਕਰ ਦੇ ਸਬੰਧ ਵਿੱਚ ਲਾਗੂ ਹੋਵੇਗਾ।

ਸਾਲ 2019-20 ਦੌਰਾਨ ਤਿੰਨ[100] ਰਾਜ ਕਰ ਦੇ ਸਹਾਇਕ ਕਮਿਸ਼ਨਰਾਂ (ਏ ਸੀ ਐਸ ਟੀਜ਼) ਅਧੀਨ ਅੰਤਿਮ ਰੂਪ ਦਿੱਤੇ ਗਏ ਮੁਲਾਂਕਣ ਮਾਮਲਿਆਂ ਦੀ ਪੜਤਾਲ ਨੇ ਦਰਸਾਇਆ ਕਿ 11 ਮਾਮਲਿਆਂ ਵਿੱਚ 11 ਡੀਲਰਾਂ ਨੇ 2012-13 ਤੋਂ 2016-17 ਦੇ ਸਮੇਂ ਲਈ ਆਪਣੀਆਂ ਸਲਾਨਾਂ ਰਿਟਰਨਾਂ ਵਿੱਚ ਕਰਯੋਗ ਵਸਤੂਆਂ ਦੀ ਅੰਤਰਰਾਜੀ ਵਿਕਰੀ/ਸ਼ਾਖਾ ਤਬਾਦਲਾ/ਨਿਰਯਾਤ ਦਾ ਐਲਾਨ ਕੀਤਾ। ਡੀਲਰਾਂ ਨੇ ਅਜਿਹੀ ਵਿਕਰੀ ਤੇ ਕੇਂਦਰੀ ਵਿਕਰੀ ਕਰ ਤੋਂ ਰਿਆਇਤ/ਛੋਟ ਦਾ ਲਾਭ ਲਿਆ ਅਤੇ ਆਪਣੀਆਂ ਸਲਾਨਾਂ ਰਿਟਰਨਾਂ ਵਿੱਚ ਘਟੀ ਹੋਈ ਕਰ ਦੇਣਦਾਰੀ ਦਾ ਐਲਾਨ ਕੀਤਾ। ਹਾਲਾਂਕਿ, ਮੁਲਾਂਕਣ ਦੇ ਸਮੇਂ, ਡੀਲਰ ਲੈਣ-ਦੇਣ ਦੇ ਸਬੰਧ ਵਿੱਚ ਵਿਧਾਨਕ ਘੋਸ਼ਣਾਵਾ ਜਾਂ ਨਿਰਯਾਤ ਦਸਤਾਵੇਜ਼ ਪੇਸ਼ ਕਰਨ ਵਿੱਚ ਅਸਫਲ ਰਹੇ ਜਿਨ੍ਹਾਂ ਤੇ ਸਲਾਨਾ ਰਿਟਰਨ ਪੇਸ਼ ਕਰਨ ਸਮੇਂ ਕੇਂਦਰੀ ਵਿਕਰੀ ਕਰ ਤੋਂ ਰਿਆਇਤ/ਛੋਟ ਪ੍ਰਾਪਤ ਕੀਤੀ ਗਈ ਸੀ। ਸਿੱਟੇ ਵਜੋਂ ਮੁਲਾਂਕਣ ਅਥਾਰਟੀਆਂ ਨੇ ਵਿਧਾਨਕ ਘੋਸ਼ਣਾ ਜਾਂ ਨਿਰਯਾਤ ਦਸਤਾਵੇਜ਼ ਜਮ੍ਹਾਂ ਨਾ ਕੀਤੇ ਜਾਣ ਕਾਰਨ ਅੰਤਰ ਵਾਲੇ ਕਰ ਦੀ ਰਾਸ਼ੀ ₹ 1.38 ਕਰੋੜ ਦੇ ਵਾਧੂ ਕਰ ਦੀ ਮੰਗ ਕੀਤੀ। ਕਿਉਂਕਿ ਡੀਲਰ ਵਿਧਾਨਕ ਘੋਸ਼ਣਾ ਫਾਰਮ ਪੇਸ਼ ਕਰਨ ਵਿੱਚ ਅਸਫਲ ਰਹੇ ਸਨ, ਇਸ ਲਈ ਉਹ ਅੰਤਰ ਕਰ ਦੀ ਰਾਸ਼ੀ ਤੇ

[100] ਲੁਧਿਆਣਾ-I, ਲੁਧਿਆਣਾ-II ਅਤੇ ਲੁਧਿਆਣਾ-III

0.5 *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ ਨਾਲ ₹ 0.49 ਕਰੋੜ ਦੇ ਵਿਆਜ ਦਾ ਭੁਗਤਾਨ ਕਰਨ ਲਈ ਜਿੰਮੇਵਾਰ ਸਨ। ਹਾਲਾਂਕਿ, ਮੁਲਾਂਕਣ ਅਥਾਰਟੀਆਂ ਨੇ ₹ 0.49 ਕਰੋੜ ਦਾ ਵਿਆਜ ਨਹੀਂ ਲਗਾਇਆ *(ਅੰਤਿਕਾ 7.14)*।

ਮਾਮਲੇ ਦੀ ਸਰਕਾਰ/ਵਿਭਾਗ (ਜੁਲਾਈ ਅਤੇ ਸਤੰਬਰ 2021) ਨੂੰ ਸੂਚਨਾ ਦਿੱਤੀ ਗਈ ਸੀ। ਸਰਕਾਰ ਨੇ ਆਪਣੇ ਜਵਾਬ (ਸਤੰਬਰ 2021) ਵਿੱਚ ਧਿਆਨ ਵਿੱਚ ਲਿਆਂਦੇ ਗਏ ਮਾਮਲਿਆਂ ਵਿੱਚ 0.5 *ਪ੍ਰਤੀਸ਼ਤ* ਵਿਆਜ ਦਾ ਲਾਗੂ ਹੋਣਾ ਸਵੀਕਾਰ ਕਰ ਲਿਆ ਹੈ ਅਤੇ ਸੂਚਿਤ ਕੀਤਾ ਹੈ ਕਿ ਮੁਲਾਂਕਣ ਦੇ ਮਾਮਲੇ ਸੋਧ ਲਈ ਲਏ ਜਾ ਰਹੇ ਸਨ।

**ਸਰਕਾਰ ਇਸ ਪੈਰ੍ਹੇ ਵਿੱਚ ਦਰਸਾਏ ਗਏ 11 ਮਾਮਲਿਆਂ ਵਿੱਚ ₹ 0.49 ਕਰੋੜ ਦੇ ਵਿਆਜ ਦੀ ਵਸੂਲੀ ਕਰਨ ਲਈ ਵਿਭਾਗ ਨੂੰ ਨਿਰਦੇਸ਼ ਕਰ ਸਕਦੀ ਹੈ। ਕਿਉਂਕਿ ਇਹ ਇੱਕ ਨਿਰੰਤਰ ਮੁੱਦਾ ਹੈ, ਇਸ ਲਈ ਸਰਕਾਰ ਦੁਆਰਾ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।**

## 7.11 ਝੋਨੇ ਦੀ ਕਮੀ ਉੱਤੇ ਇਨਪੁੱਟ ਟੈਕਸ ਕ੍ਰੈਡਿਟ ਰਿਵਰਸ ਨਾ ਕਰਨਾ

**ਇੱਕ ਕਰ-ਨਿਰਧਾਰਣ ਮਾਮਲੇ ਵਿੱਚ, ਸਹਾਇਕ ਕਮਿਸ਼ਨਰ ਰਾਜ ਕਰ, ਲੁਧਿਆਣਾ-I ਦੇ ਅਧੀਨ ਨਿਰਧਾਰਣ ਅਥਾਰਟੀ ਨੇ ਝੋਨੇ 'ਤੇ ਜੋ ਕਿ ਘਟਣ/ਗਬਨ ਹੋਣ ਕਾਰਨ ਲਾਪਤਾ ਹੋ ਗਿਆ ਸੀ, ਪ੍ਰਾਪਤ ਕੀਤੇ ਗਏ ₹ 0.67 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਨੂੰ ਰਿਵਰਸ ਨਹੀਂ ਕੀਤਾ।**

ਪੰਜਾਬ ਵੈਲਯੂ ਐਡਿਡ ਟੈਕਸ ਐਕਟ 2005 ਦੀ ਧਾਰਾ 19(1) ਅਨੁਸੂਚੀ-ਐਚ[101] ਵਿੱਚ ਦਰਸਾਏ ਗਏ ਸਮਾਨ ਦੀ ਖਰੀਦ ਤੇ ਅਨੁਸੂਚੀ ਦੇ ਅਨੁਸਾਰ ਅਜਿਹੇ ਸਮਾਨ ਤੇ ਲਾਗੂ ਵੈਟ ਦੀ ਦਰ[102] ਤੇ ਖਰੀਦ ਕਰ ਲਗਾਉਣ ਦੀ ਵਿਵਸਥਾ ਕਰਦੀ ਹੈ। ਐਕਟ ਦੀ ਧਾਰਾ 19(4) ਵਿਵਸਥਾ ਕਰਦੀ ਹੈ ਕਿ ਧਾਰਾ 19(1) ਦੇ ਅਧੀਨ ਭੁਗਤਾਨ ਕੀਤਾ ਖਰੀਦ ਕਰ ਇਨਪੁਟ ਟੈਕਸ ਕ੍ਰੈਡਿਟ ਵਜੋਂ ਉਪਲਬਧ ਨਹੀਂ ਹੋਵੇਗਾ ਜਦੋਂ ਤੱਕ ਮਾਲ ਵੇਚਿਆ ਨਹੀਂ ਜਾਦਾ ਜਾਂ ਵਿਕਰੀ ਲਈ ਕਰਯੋਗ ਵਸਤੂਆਂ ਦੇ ਨਿਰਮਾਣ ਵਿੱਚ ਵਰਤਿਆਂ ਨਹੀਂ ਜਾਂਦਾ ਹੈ। ਇਸ ਤੋਂ ਇਲਾਵਾ, ਪੰਜਾਬ ਵੈਲਿਊ ਐਡਿਡ ਟੈਕਸ ਰੂਲਜ਼ 2005 ਦਾ ਨਿਯਮ 21(2) ਇਹ ਵਿਵਸਥਾ ਕਰਦਾ ਹੈ ਕਿ ਵਸਤਾਂ ਤੇ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ, ਜੋ ਕਿ ਮੁਰੰਮਤ ਤੋਂ ਬਾਅਦ ਗੁੰਮ, ਨਸ਼ਟ ਜਾਂ ਨੁਕਸਾਨੇ ਗਏ ਹਨ, ਨੂੰ ਅਜਿਹੀ ਘਟਨਾ ਵਾਪਰਨ ਤੇ ਤੁਰੰਤ ਰਿਵਰਸ ਕਰ ਦਿੱਤਾ ਜਾਵੇਗਾ।

ਸਾਲ 2012-13 ਲਈ ਇੱਕ ਡੀਲਰ (ਰਾਜ ਖਰੀਦ ਏਜੰਸੀ) ਦੇ ਮੁਲਾਂਕਣ ਮਾਮਲੇ ਦੀ ਪੜਤਾਲ, ਨਵੰਬਰ 2019 ਵਿੱਚ ਰਾਜ ਕਰ ਦੇ ਸਹਾਇਕ ਕਮਿਸ਼ਨਰ (ਏ ਸੀ ਐਸ ਟੀ) ਲੁਧਿਆਣਾ-I ਦੇ ਅਧੀਨ ਮੁਲਾਂਕਣ ਕਰਨ ਨੇ ਦਰਸਾਇਆ ਕਿ ਡੀਲਰ ਨੇ ਸਾਲ 2012-13 ਦੇ ਵਿੱਚ 1.16 ਲੱਖ ਕੁਇੰਟਲ ਝੋਨੇ ਦੀ ਘਾਟ ਦਾ ਐਲਾਨ ਕੀਤਾ ਸੀ। 1.16 ਲੱਖ[103] ਕੁਇੰਟਲ ਝੋਨੇ ਦੀ ਘਾਟ 2009-10 ਤੋਂ 2012-13 ਤੱਕ ਦੇ ਸਮੇਂ ਨਾਲ ਸਬੰਧਤ ਸੀ ਅਤੇ ਇਹ ਘਾਟ ਰਾਈਸ ਮਿੱਲਰਾਂ ਨੂੰ

101 ਕਣਕ, ਝੋਨਾ, ਕਪਾਹ, ਦੁੱਧ ਅਤੇ ਗੰਨਾ

102 10 ਅਪ੍ਰੈਲ 2011 ਤੱਕ ਚਾਰ *ਪ੍ਰਤੀਸ਼ਤ* ਅਤੇ 11 ਅਪ੍ਰੈਲ 2011 ਤੋਂ ਪੰਜ *ਪ੍ਰਤੀਸ਼ਤ*

103 2009-10 (1,447.50 ਕੁਇੰਟਲ), 2010-11 (1,943.53 ਕੁਇੰਟਲ), 2011-12 (82,339.40 ਕੁਇੰਟਲ), 2012-13 (30,632.51 ਕੁਇੰਟਲ)

ਮਿਲਿੰਗ ਲਈ ਦਿੱਤੇ ਗਏ ਝੋਨੇ ਦੀ ਘਾਟ/ਗਬਨ ਕਾਰਨ ਸੀ। ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦੀ ਮੌਜੂਦਾ ਦਰ ਤੇ ਗੁਆਚੇ ਝੋਨੇ ਦਾ ਮੁੱਲ ₹ 13.41 ਕਰੋੜ ਸੀ। ਖਰੀਦ ਕਰ ਵਜੋਂ ₹ 0.67 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਗੁਆਚੇ ਝੋਨੇ ਤੇ ਰਿਵਰਸ ਕਰਨਾ ਲੋੜੀਂਦਾ ਸੀ। ਹਾਲਾਂਕਿ, ਡੀਲਰ ਨੇ ਇਸ ਝੋਨੇ ਤੇ ਇਨਪੁਟ ਟੈਕਸ ਕ੍ਰੈਡਿਟ ਰਿਵਰਸ ਨਹੀਂ ਕੀਤਾ। ਮੁਲਾਂਕਣ ਦੇ ਸਮੇਂ ਤੇ, ਮੁਲਾਂਕਣ ਅਥਾਰਟੀ ਨੇ ਝੋਨੇ ਦੀ ਘਾਟ ਕਾਰਨ ਝੋਨੇ ਦੇ ਸਟਾਕ ਵਿੱਚ 1.16 ਲੱਖ ਕੁਇੰਟਲ ਦੀ ਕਟੌਤੀ ਕਰਨ ਦੀ ਇਜਾਜ਼ਤ ਦਿੱਤੀ ਪਰ ₹ 0.67 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਨੂੰ ਉਕਤ ਉਪਬੰਧਾਂ ਦੇ ਤਹਿਤ ਰਿਵਰਸ ਨਹੀਂ ਕੀਤਾ। ਖਰੀਦ ਕਰ ਟੈਕਸ ਦੇ ਇਨਪੁਟ ਟੈਕਸ ਕ੍ਰੈਡਿਟ ਨੂੰ ਰਿਵਰਸਨਾ ਕਰਨ ਦੇ ਨਤੀਜੇ ਵਜੋਂ ₹ 0.67 ਕਰੋੜ ਦਾ ਕਰ ਘੱਟ ਲਗਾਇਆ ਗਿਆ *(ਅੰਤਿਕਾ 7.15)*।

ਮਾਮਲੇ ਦੀ ਸੂਚਨਾ ਸਰਕਾਰ/ਵਿਭਾਗ (ਮਈ ਅਤੇ ਸਤੰਬਰ 2021) ਨੂੰ ਦਿੱਤੀ ਗਈ ਸੀ। ਸਰਕਾਰ ਨੇ ਜਵਾਬ ਦਿੱਤਾ (ਸਤੰਬਰ 2021) ਕਿ 1.16 ਲੱਖ ਕੁਇੰਟਲ ਝੋਨੇ ਦੀ ਘਾਟ ਅਸਲ ਵਿੱਚ ਝੋਨੇ ਦੇ ਸਟਾਕ ਦੀ ਦੁਰਵਰਤੋਂ ਸੀ ਅਤੇ ਡੀਲਰ ਨੇ ਪਹਿਲਾ ਹੀ ਝੋਨੇ ਦੇ ਸਟਾਕ ਦੀ ਦੁਰਵਰਤੋਂ ਲਈ ਜਿੰਮੇਵਾਰ ਦੋਸ਼ੀਆਂ ਵਿਰੁੱਧ ਐਫ ਆਈ ਆਰ ਦਰਜ ਕਰਾਈ ਸੀ। ਵਿਭਾਗ ਵਲੋਂ ਇਸ ਵਿੱਚ ਕੋਈ ਗਲਤੀ ਨਹੀਂ ਕੀਤੀ ਗਈ ਕਿਉਂਕਿ ਪੀ ਵੈਟ ਨਿਯਮਾਵਲੀ 2005 ਦਾ ਨਿਯਮ 21(2) ਇਸ ਪੜਾਅ ਤੇ ਲਾਗੂ ਨਹੀਂ ਸੀ। ਇਸ ਤੋਂ ਇਲਾਵਾ, ਨਿਯਮ 21(2) ਵਿੱਚ ਸੋਧ[104] ਕੀਤੀ ਗਈ ਸੀ ਅਤੇ ਇਸ ਵਿੱਚੋਂ "ਕਿਸੇ ਚੋਰੀ, ਅੱਗ ਜਾਂ ਕੁਦਰਤੀ ਆਫ਼ਤ ਦੇ ਕਾਰਨ" ਸ਼ਬਦ ਹਟਾ ਦਿੱਤੇ ਗਏ ਸਨ। ਇਹਨਾ ਸ਼ਬਦਾਂ ਦਾ ਹਟਾਉਣਾ ਵਿਧਾਨ ਸਭਾ ਦੇ ਇਰਾਦੇ ਨੂੰ ਦਰਸਾਉਂਦਾ ਹੈ ਕਿ ਚੋਰੀ/ਦੁਰਵਰਤੋਂ ਦੇ ਮਾਮਲਿਆਂ ਵਿੱਚ ਰਿਵਰਸੀ ਦੀ ਲੋੜ ਨਹੀਂ ਹੈ।

ਸਰਕਾਰ ਦਾ ਉਪਰੋਕਤ ਜਵਾਬ ਹੇਠ ਲਿਖੇ ਕਾਰਨਾਂ ਕਰਕੇ ਸਵੀਕਾਰਯੋਗ ਨਹੀਂ ਸੀ:

1. ਨਿਯਮ 21(1) ਅਤੇ 21(2) ਦਾ ਇਰਾਦਾ ਪੀ ਵੈਟ ਐਕਟ ਦੀ ਧਾਰਾ 19(4) ਵਿੱਚ ਸ਼ਾਮਲ ਉਪਬੰਧਾਂ ਦੀ ਭਾਵਨਾ ਦੇ ਵਿਰੁੱਧ ਨਹੀਂ ਹੋ ਸਕਦਾ ਜੋ ਵਿਵਸਥਾ ਕਰਦਾ ਹੈ ਕਿ ਖਰੀਦ ਕਰ ਦਾ ਇਨਪੁਟ ਟੈਕਸ ਕ੍ਰੈਡਿਟ ਉਦੋਂ ਤੱਕ ਸਵੀਕਾਰ ਨਹੀਂ ਕੀਤਾ ਜਾਂਦਾ ਜਦੋ ਤੱਕ ਵਸਤਾਂ ਵੇਚੀਆਂ ਨਹੀਂ ਜਾਂਦੀਆਂ ਜਾਂ ਕਰਯੋਗ ਵਸਤੂਆਂ ਦੇ ਨਿਰਮਾਣ ਵਿੱਚ ਵਰਤੀਆ ਨਹੀਂ ਜਾਂਦੀਆਂ ਹਨ। ਇਹਨਾਂ ਮਾਮਲਿਆਂ ਵਿੱਚ, ਵਸਤਾਂ ਨਾ ਤਾਂ ਵੇਚੀਆ ਗਈਆਂ ਸਨ ਅਤੇ ਨਾ ਹੀ ਕਰਯੋਗ ਵਸਤੂਆਂ ਦੇ ਨਿਰਮਾਣ ਵਿਚ ਵਰਤੀਆਂ ਗਈਆਂ ਸਨ। ਇਸ ਲਈ, ਖਰੀਦ ਕਰ ਦਾ ਕੋਈ ਇਨਪੁਟ ਟੈਕਸ ਕ੍ਰੈਡਿਟ ਮੰਨਣਯੋਗ ਨਹੀਂ ਸੀ।

2. ਨਿਯਮ 21(2) ਉਹਨਾਂ ਹਾਲਤਾਂ ਨੂੰ ਦਰਸਾਉਂਦਾ ਨਹੀਂ ਹੈ ਜਿਨ੍ਹਾਂ ਦੇ ਤਹਿਤ ਇਨਪੁਟ ਟੈਕਸ ਕ੍ਰੈਡਿਟ ਨੂੰ ਰਿਵਰਸ ਲੈਣ ਲਈ ਵਸਤਾਂ ਦੇ ਨੁਕਸਾਨ/ਹਾਨੀ 'ਤੇ ਵਿਚਾਰ ਨਹੀਂ ਕੀਤਾ ਜਾਣਾ ਚਾਹੀਦਾ ਹੈ। ਨਿਯਮ 21(1) ਅਤੇ 21(2) ਵਿੱਚ 'ਗੁੰਮ, ਨਸ਼ਟ ਅਤੇ ਨੁਕਸਾਨ' ਸ਼ਬਦਾਂ ਦੀ ਕਵਰੇਜ਼ ਵਿਆਪਕ ਹੈ ਅਤੇ ਪ੍ਰਤੀਬੰਧਿਤ ਨਹੀ ਹੈ।

---

[104] ਨੋਟੀਫਿਕੇਸ਼ਨ ਨੰ. ਜੀ ਐਸ ਆਰ.58/ਪੀ. ਏ.8/2005/ਐਸ.70/ਏ ਐਮ ਡੀ (16)/2008 ਮਿਤੀ 6 ਨਵੰਬਰ 2008 ਜਿਵੇਂ ਕਿ ਪੰਜਾਬ ਸਰਕਾਰ ਦੇ ਗਜ਼ਟ (ਵਾਧੂ) ਮਿਤੀ 7 ਨਵੰਬਰ 2008 ਵਿੱਚ ਪ੍ਰਕਾਸ਼ਿਤ ਹੋਇਆ

3. ਸ਼ੁਰੂ ਵਿੱਚ, ਨਿਯਮ 21(1) ਚੋਰੀ, ਅੱਗ ਜਾਂ ਕੁਦਰਤੀ ਆਫ਼ਤ ਦੇ ਮਾਮਲਿਆਂ ਲਈ ਸੀਮਤ ਸੀ ਜਦੋਂ ਕਿ ਨਿਯਮ 21(2) ਦੀ ਕਵਰੇਜ ਵਿਆਪਕ ਸੀ। ਨਵੰਬਰ 2008 ਵਿੱਚ ਨਿਯਮ 21(1) ਵਿੱਚ ਕੀਤੀ ਗਈ ਸੋਧ ਦਾ ਉਦੇਸ਼ "ਕਿਸੇ ਚੋਰੀ,ਅੱਗ ਜਾਂ ਕੁਦਰਤੀ ਆਫ਼ਤ ਦੇ ਕਾਰਨ" ਸ਼ਬਦਾਂ ਨੂੰ ਹਟਾ ਕੇ ਨਿਯਮ ਦੇ ਪ੍ਰਤੀਬੰਧਿਤ ਕਵਰੇਜ ਨੂੰ ਹਟਾਉਣਾ ਸੀ। ਇਹਨਾਂ ਸ਼ਬਦਾਂ ਨੂੰ ਹਟਾਉਣ ਨਾਲ ਨਿਯਮ 21(1) ਦੀ ਕਵਰੇਜ ਵਿਆਪਕ ਅਤੇ ਨਿਯਮ 21(2) ਦੇ ਅਨੁਕੂਲ ਬਣ ਗਈ ਹੈ।

**ਸਰਕਾਰ ਵਿਭਾਗ ਨੂੰ ਮੁਲਾਂਕਣ ਆਦੇਸ਼ ਵਿੱਚ ਕੀਤੀ ਗਈ ਗਲਤੀ ਨੂੰ ਸੁਧਾਰਨ ਅਤੇ ਧਿਆਨ ਵਿੱਚ ਲਿਆਂਦੇ ਗਏ ਮਾਮਲੇ ਵਿੱਚ ₹ 0.67 ਕਰੋੜ ਦੇ ਖਰੀਦ ਕਰ ਦੀ ਵਸੂਲੀ ਕਰਨ ਲਈ ਨਿਰਦੇਸ਼ ਦੇ ਸਕਦੀ ਹੈ।**

## 7.12 ਤਰੁੱਟੀਪੂਰਣ ਵਿਧਾਨਿਕ ਘੋਸ਼ਣਾ ਫਾਰਮਾਂ 'ਤੇ ਘੱਟ ਕਰ ਲਗਾਉਣਾ

**ਇੱਕ ਕੇਸ ਵਿੱਚ ਸਹਾਇਕ ਕਮਿਸ਼ਨਰ ਰਾਜ ਕਰ ਐਸ ਏ ਐਸ ਨਗਰ (ਮੋਹਾਲੀ) ਦੇ ਅਧੀਨ ਕਰ ਨਿਰਧਾਰਣ ਅਥਾਰਟੀ ਨੇ ਅੰਤਰਰਾਜੀ ਵਿਕਰੀ 'ਤੇ ਦੋ ਪ੍ਰਤੀਸ਼ਤ ਕਰ ਦੀ ਰਿਆਇਤੀ ਦਰ ਦੇ ਵਾਧੂ ਲਾਭ ਦੀ ਇਜਾਜ਼ਤ ਦਿੱਤੀ ਜਿਸ ਦੇ ਨਤੀਜੇ ਵਜੋਂ ₹ 0.34 ਕਰੋੜ ਦਾ ਘੱਟ ਕਰ ਲਗਾਇਆ ਗਿਆ।**

ਸੈਂਟਰਲ ਸੇਲਜ਼ ਟੈਕਸ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮਾਵਲੀ 1957 ਦੇ ਨਿਯਮ 12(1) ਦੇ ਨਾਲ ਪੜ੍ਹਦੇ ਹੋਏ ਸੈਂਟਰਲ ਸੇਲਜ਼ ਟੈਕਸ (ਸੀ ਐਸ ਟੀ) ਐਕਟ 1956 ਦੀ ਧਾਰਾ 8(1) ਅਤੇ 8(4) ਵਿਵਸਥਾ ਕਰਦੀ ਹੈ ਕਿ ਅੰਤਰਰਾਜੀ ਵਿਕਰੀ ਦੇ ਮਾਮਲੇ ਵਿੱਚ ਦੋ *ਪ੍ਰਤੀਸ਼ਤ* ਦੀ ਦਰ ਨਾਲ ਰਿਆਇਤੀ ਕਰ ਉਦੋਂ ਤੱਕ ਲਾਗੂ ਨਹੀਂ ਹੋਵੇਗਾ ਜਦੋਂ ਤੱਕ ਵੇਚਣ ਵਾਲਾ ਡੀਲਰ ਨਿਰਧਾਰਤ ਅਥਾਰਟੀ ਨੂੰ, ਰਜਿਸਟਰਡ ਡੀਲਰ ਜਿਸ ਨੂੰ ਮਾਲ ਵੇਚਿਆ ਜਾਂਦਾ ਹੈ, ਦੁਆਰਾ ਸਹੀ ਢੰਗ ਨਾਲ ਭਰੇ ਅਤੇ ਦਸਤਖਤ ਕੀਤੇ ਫਾਰਮ 'ਸੀ' ਵਿੱਚ ਇੱਕ ਘੋਸ਼ਣਾ ਪੱਤਰ ਪੇਸ਼ ਨਹੀ ਕਰਦਾ। ਸੈਂਟਰਲ ਸੇਲਜ਼ ਟੈਕਸ ਐਕਟ 1956 ਦੀ ਧਾਰਾ 9(2) ਅਤੇ ਸੈਂਟਰਲ ਸੇਲਜ਼ ਟੈਕਸ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮਾਵਲੀ 1957 ਦਾ ਨਿਯਮ 2(ਸੀ ਸੀ) ਵਿਵਸਥਾ ਕਰਦਾ ਹੈ ਕਿ ਇਸ ਮਾਮਲੇ ਵਿੱਚ ਨਿਰਧਾਰਤ ਅਥਾਰਟੀ ਉਚਿਤ ਰਾਜ ਦੀ ਵਿਕਰੀ ਕਰ ਅਥਾਰਟੀ ਹੈ।

ਸਹਾਇਕ ਕਮਿਸ਼ਨਰ ਰਾਜ ਕਰ ਐਸ ਏ ਐਸ ਨਗਰ (ਮੋਹਾਲੀ) ਦੇ ਅਧੀਨ ਅਗਸਤ 2019 ਵਿੱਚ ਮੁਲਾਂਕਣ ਕੀਤੇ ਗਏ ਸਾਲ 2012-13 ਲਈ ਇੱਕ ਮੁਲਾਂਕਣ ਮਾਮਲੇ ਦੀ ਪੜਤਾਲ ਨੇ ਦਰਸਾਇਆ ਕਿ ਮੁਲਾਂਕਣ ਅਥਾਰਟੀ ਨੇ 47 'ਸੀ' ਫਾਰਮਾਂ ਦੇ ਵਿਰੁੱਧ ₹ 14.63 ਕਰੋੜ ਦੀ ਅੰਤਰਰਾਜੀ ਵਿਕਰੀ ਤੇ ਕਰ ਦੀ ਰਿਆਇਤੀ ਦਰ ਦੋ *ਪ੍ਰਤੀਸ਼ਤ* ਦੇ ਲਾਭ ਦੀ ਮਨਜ਼ੂਰੀ ਦਿੱਤੀ। ਹਾਲਾਂਕਿ, ਇਹਨਾਂ ਫਾਰਮਾਂ ਦੇ ਅਧੀਨ ਆਉਂਦੀਆਂ ਵਸਤਾਂ ਦੀ ਅਸਲ ਕੀਮਤ ₹ 11.75 ਕਰੋੜ ***(ਅੰਤਿਕਾ 7.16)*** ਸੀ। ਇਸ ਗਲਤੀ ਦੇ ਸਿੱਟੇ ਵਜੋਂ ₹ 0.34 ਕਰੋੜ ਦਾ ਕਰ ਘੱਟ ਲਗਾਇਆ ਗਿਆ ਜਿਵੇਂ ਕਿ **ਸਾਰਣੀ** 7.1 ਵਿੱਚ ਦਿੱਤਾ ਗਿਆ ਹੈ।

**ਸਾਰਣੀ 7.1: ਰਿਆਇਤ ਦੇ ਵਾਧੂ ਲਾਭ ਦੇ ਕਾਰਨ ਕਰ ਦੀ ਘੱਟ ਵਸੂਲੀ**

*(₹ ਕਰੋੜ ਵਿੱਚ)*

| ਏ ਸੀ ਐਸ ਟੀ ਦਾ ਦਫਤਰ | ਵਿਧਾਨਕ ਘੋਸ਼ਣਾ ਦੀ ਗਿਣਤੀ ਅਤੇ ਕਿਸਮ | ਮੁਲਾਂਕਣ ਆਦੇਸ਼ਾਂ ਅਨੁਸਾਰ ਵਸਤਾਂ ਦੀ ਕੀਮਤ | ਇਨ੍ਹਾਂ ਘੋਸ਼ਣਾਵਾਂ ਦੇ ਅਧੀਨ ਆਉਂਦੀਆਂ ਵਸਤਾਂ ਦੀ ਅਸਲ ਕੀਮਤ | ਅੰਤਰ | ਕਰ ਦੀ ਦਰ (*ਪ੍ਰਤੀਸ਼ਤ*) | ਕਰ ਘੱਟ ਲਗਾਉਣਾ |
|---|---|---|---|---|---|---|
| ਐਸ ਏ ਐਸ ਨਗਰ | ਫਾਰਮ 47 'ਸੀ' | 14.63 | 11.75 | 2.88 | 11.75[105] | 0.34 |
| **ਜੋੜ** | | **14.63** | **11.75** | **2.88** | | **0.34** |

ਮਾਮਲਾ ਸਰਕਾਰ ਅਤੇ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ (ਮਈ ਅਤੇ ਅਕਤੂਬਰ 2021)। ਵਿਭਾਗ ਨੇ ਆਪਣੇ ਜਵਾਬ (ਨਵੰਬਰ 2021) ਵਿੱਚ ਲੇਖਾ ਪ੍ਰੀਖਿਆ ਟਿਪੱਣੀ ਨੂੰ ਸਵੀਕਾਰ ਕੀਤਾ ਅਤੇ ਸੂਚਿਤ ਕੀਤਾ ਕਿ ਮਾਮਲੇ ਨੂੰ ਸੋਧਣ ਲਈ ਲਿਆ ਗਿਆ ਸੀ। ਡੀਲਰ ਤੋਂ ₹ 0.26 ਕਰੋੜ ਦੀ ਵਾਧੂ ਮੰਗ ਕੀਤੀ ਗਈ ਅਤੇ ਵਸੂਲੀ ਕੀਤੀ ਗਈ ਸੀ। ਹਾਲਾਂਕਿ, ਸੋਧੇ ਹੋਏ ਮੁਲਾਂਕਣ ਆਦੇਸ਼ਾਂ ਦੇ ਵੇਰਵਿਆਂ ਦੀ ਉਡੀਕ ਸੀ (ਨਵੰਬਰ 2022)।

**ਸਰਕਾਰ ਵਿਭਾਗ ਨੂੰ ਅਜਿਹੇ ਮਾਮਲਿਆਂ ਦੀ ਜਾਂਚ ਕਰਨ ਲਈ ਨਿਰਦੇਸ਼ ਦੇ ਸਕਦੀ ਹੈ ਅਤੇ ਕਰਾਂ ਵਿੱਚ ਛੋਟਾਂ ਅਤੇ ਰਿਆਇਤਾਂ ਦੀ ਮੰਨਜ਼ੂਰੀ ਦਿੰਦੇ ਹੋਏ ਮੁਲਾਂਕਣ ਕਰਨ ਵਾਲੇ ਅਧਿਕਾਰੀਆਂ ਨੂੰ ਚੌਕਸ ਰਹਿਣ ਲਈ ਨਿਰਦੇਸ਼ ਦੇ ਸਕਦੀ ਹੈ।**

## 7.13 ਕਰ ਮੁਕਤ ਵਿਕਰੀ 'ਤੇ ਇਨਪੁਟ ਟੈਕਸ ਕ੍ਰੈਡਿਟ ਦੀ ਘੱਟ ਵਾਪਸੀ

**ਸਹਾਇਕ ਕਮਿਸ਼ਨਰ ਰਾਜ ਕਰ ਪਟਿਆਲਾ ਅਤੇ ਲੁਧਿਆਣਾ-II ਦੇ ਅਧੀਨ ਦੋ ਕਰ ਨਿਰਧਾਰਣ ਮਾਮਲਿਆਂ ਵਿੱਚ, ਕਰ ਨਿਰਧਾਰਣ ਅਥਾਰਟੀਆਂ ਨੇ ਕਰ-ਮੁਕਤ ਵਿਕਰੀ ਦੇ ਕਾਰਨ ₹ 0.17 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਰਿਵਰਸ ਕੀਤਾ ਜਦੋਂਕਿ ₹ 0.44 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਰਿਵਰਸ ਕਰਨਾ ਬਣਦਾ ਸੀ। ਇਨਪੁਟ ਟੈਕਸ ਕ੍ਰੈਡਿਟ ਦੇ ਘੱਟ ਰਿਵਰਸ ਕਰਨ ਦੇ ਨਤੀਜੇ ਵਜੋਂ ₹ 0.27 ਕਰੋੜ ਦਾ ਕਰ ਘੱਟ ਕਰ ਲੱਗਿਆ।**

ਪੰਜਾਬ ਵੈਲਿਊ ਐਡਿਡ ਟੈਕਸ ਐਕਟ 2005 ਦੀ ਧਾਰਾ 13(1) ਵਿਚ ਕਿਹਾ ਗਿਆ ਹੈ ਕਿ ਕਰਯੋਗ ਵਿਅਕਤੀ ਰਾਜ ਦੇ ਅੰਦਰ ਕਿਸੇ ਕਰਯੋਗ ਵਿਅਕਤੀ ਤੋਂ ਖਰੀਦੇ ਗਏ ਕਰਯੋਗ ਵਸਤਾਂ 'ਤੇ ਇਨਪੁਟ ਟੈਕਸ ਦੇ ਸੰਬਧ ਵਿੱਚ ਇਨਪੁਟ ਟੈਕਸ ਕ੍ਰੈਡਿਟ ਲੈਣ ਦਾ ਹੱਕਦਾਰ ਹੋਵੇਗਾ, ਬਸ਼ਰਤੇ ਕਿ ਇਨਪੁਟ ਟੈਕਸ ਕ੍ਰੈਡਿਟ ਓਦੋਂ ਤੱਕ ਉਪਲਬਧ ਨਹੀਂ ਹੋਵੇਗਾ ਜਦੋਂ ਤੱਕ ਕਿ ਅਜਿਹੀਆਂ ਵਸਤਾਂ ਨੂੰ ਵੇਚਿਆ ਨਹੀਂ ਜਾਂਦਾ ਜਾਂ ਵਿਕਰੀ ਲਈ ਕਰਯੋਗ ਵਸਤੂਆਂ ਦੇ ਨਿਰਮਾਣ, ਪ੍ਰੋਸੈਸਿੰਗ ਜਾਂ ਪੈਕਿੰਗ ਵਿੱਚ ਵਰਤਿਆ ਨਹੀਂ ਜਾਂਦਾ ਹੈ। ਇਸ ਤੋਂ ਇਲਾਵਾ, ਐਕਟ ਦੀ ਧਾਰਾ 13(5)(ਐਚ) ਵਿਵਸਥਾ ਕਰਦੀ ਹੈ ਕਿ ਕਰ-ਮੁਕਤ ਵਸਤਾਂ ਦੇ ਨਿਰਮਾਣ, ਪ੍ਰੋਸੈਸਿੰਗ ਜਾਂ ਪੈਕਿੰਗ ਵਿੱਚ ਵਰਤੀਆਂ ਜਾਣ ਵਾਲੀਆਂ ਵਸਤਾਂ 'ਤੇ ਕਰਯੋਗ ਵਿਅਕਤੀ ਇਨਪੁਟ ਟੈਕਸ ਕ੍ਰੈਡਿਟ ਲਈ ਯੋਗ ਨਹੀਂ ਹੋਵੇਗਾ।

---

105 ਕਰ ਦੀ ਲਾਗੂ ਦਰ 13.75 *ਪ੍ਰਤੀਸ਼ਤ* ਮਾਈਨਸ ਪਹਿਲਾਂ ਹੀ ਅਦਾ ਕੀਤਾ ਗਿਆ 2 *ਪ੍ਰਤੀਸ਼ਤ*

2011-12[106] ਅਤੇ 2012-13 ਦੇ ਸਾਲਾਂ ਲਈ ਕ੍ਰਮਵਾਰ ਏ ਸੀ ਐਸ ਟੀ ਲੁਧਿਆਣਾ-II ਅਤੇ ਪਟਿਆਲਾ ਦੇ ਅਧੀਨ ਮਾਰਚ 2018 ਅਤੇ ਨਵੰਬਰ 2019 ਵਿੱਚ ਮੁਲਾਂਕਣ ਕੀਤੇ ਗਏ ਦੋ ਮੁਲਾਂਕਣ ਮਾਮਲਿਆਂ ਦੀ ਪੜਤਾਲ[107] ਨੇ ਦਰਸਾਇਆ ਕਿ ਡੀਲਰਾਂ ਦੀ ਕੁੱਲ ਵਿਕਰੀ ₹ 58.29 ਕਰੋੜ ਸੀ ਜਿਸ ਵਿੱਚੋਂ ਕਰਯੋਗ ਵਿਕਰੀ ਸਿਰਫ ₹ 2.45 ਕਰੋੜ ਸੀ ਅਤੇ ਬਾਕੀ ₹ 55.84 ਕਰੋੜ ਕਰ ਮੁਕਤ ਵਸਤਾਂ ਦੀ ਵਿਕਰੀ (95.80 *ਪ੍ਰਤੀਸ਼ਤ*) ਸੀ। ਕੁੱਲ ਖਰੀਦ ₹ 52.42 ਕਰੋੜ ਸੀ ਜਿਸ ਵਿੱਚ ₹ 12.29 ਕਰੋੜ ਦੀ ਉਹ ਖਰੀਦ ਸ਼ਾਮਲ ਸੀ ਜਿਸ ਤੇ ₹ 0.65 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਇਜ਼ਾਜਤ ਦਿੱਤੀ ਗਈ ਸੀ। ਲੇਖਾ ਪ੍ਰੀਖਿਆ ਨੇ ਕਰ-ਮੁਕਤ ਵਸਤਾਂ ਦੇ ਨਿਰਮਾਣ ਵਿੱਚ ਵਰਤੀਆਂ ਜਾਣ ਵਾਲੀਆਂ ਕਰਯੋਗ ਵਸਤਾਂ ਦੇ ਮੁੱਲ ਦੀ ਗਣਨਾ ਕੀਤੀ ਅਤੇ ਦੇਖਿਆ ਕਿ ਕਰ-ਮੁਕਤ ਵਿਕਰੀ ਲਈ ₹ 8.38 ਕਰੋੜ ਦੀਆਂ ਕਰਯੋਗ ਵਸਤਾਂ ਦੀ ਖਪਤ ਕੀਤੀ ਗਈ ਸੀ ਜਿਸ ਲਈ ₹ 0.44 ਕਰੋੜ[108] ਦਾ ਇਨਪੁਟ ਟੈਕਸ ਕ੍ਰੈਡਿਟ ਰਿਵਰਸ ਕਰਨ ਦੀ ਲੋੜ ਸੀ, ਜਦੋਂ ਕਿ ਇੱਕ ਮੁਲਾਂਕਣ ਆਦੇਸ਼ ਵਿੱਚ ₹ 0.17 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਰਿਵਰਸ ਦਿੱਤਾ ਗਿਆ ਸੀ। ਇਨਪੁਟ ਟੈਕਸ ਕ੍ਰੈਡਿਟ ਦੀ ਘੱਟ ਰਿਵਰਸਲ ਦੇ ਨਤੀਜੇ ਵਜੋਂ ₹ 0.27 ਕਰੋੜ ***(ਅੰਤਿਕਾ 7.17)*** ਦਾ ਕਰ ਘੱਟ ਲਗਾਇਆ ਗਿਆ।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਜਨਵਰੀ 2021), ਏ ਸੀ ਐਸ ਟੀ ਲੁਧਿਆਣਾ ਨੇ ਜਵਾਬ ਦਿੱਤਾ (ਦਸੰਬਰ 2021) ਕਿ ਲੇਖਾ ਪ੍ਰੀਖਿਆ ਨੇ ਸਾਲ 2012-13 ਦੌਰਾਨ ਡੀਲਰ ਦੁਆਰਾ ਖਰੀਦੀਆਂ ਗਈਆਂ ਕਰ ਮੁਕਤ ਵਸਤਾਂ ਅਤੇ ਧਾਗੇ ਨੂੰ ਨਹੀ ਮੰਨਿਆ ਸੀ। ਇਹਨਾਂ ਅੰਕੜਿਆਂ 'ਤੇ ਵਿਚਾਰ ਕਰਨ ਤੋਂ ਬਾਅਦ, ਕਰ ਮੁਕਤ ਵਸਤਾਂ 'ਤੇ ਇਨਪੁਟ ਟੈਕਸ ਕ੍ਰੈਡਿਟ ਦੀ ਕੋਈ ਰਿਵਰਸਲ ਨਹੀ ਬਣਦੀ। ਏ ਸੀ ਐਸ ਟੀ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਕਿ ਜਵਾਬ ਸਿਰਫ ਸਾਲ 2012-13 ਦੇ ਅੰਕੜਿਆਂ 'ਤੇ ਅਧਾਰਤ ਸੀ, ਜਦੋ ਕਿ ਰਿਵਰਸ ਹੋਣ ਵਾਲੇ ਇਨਪੁੱਟ ਟੈਕਸ ਕ੍ਰੈਡਿਟ ਦੀ ਗਣਨਾ ਕਰਨ ਲਈ 2011-12 ਅਤੇ 2012-13 ਦੇ ਤੱਥਾਂ ਅਤੇ ਅੰਕੜਿਆਂ 'ਤੇ ਇੱਕੋ ਸਮੇਂ ਵਿਚਾਰ ਕਰਨ ਦੀ ਲੋੜ ਸੀ। ਲੇਖਾ ਪ੍ਰੀਖਿਆ ਨੇ ਸਾਲ 2011-12 ਅਤੇ 2012-13 ਦੌਰਾਨ ਕਰਯੋਗ ਖਰੀਦਦਾਰੀ ਦੀ ਖਪਤ ਦਾ ਪਤਾ ਲਗਾ ਕੇ ਇਨਪੁਟ ਟੈਕਸ ਕ੍ਰੈਡਿਟ ਨੂੰ ਰਿਵਰਸ ਕਰਨ ਦਾ ਕੰਮ ਕੀਤਾ ਸੀ, ਜਿਸ ਨੂੰ ਏ ਸੀ ਐਸ ਟੀ ਦੁਆਰਾ ਅਣਡਿੱਠ ਕੀਤਾ ਗਿਆ ਸੀ।

ਮਾਮਲਾ ਸਰਕਾਰ ਅਤੇ ਵਿਭਾਗ ਨੂੰ ਸੂਚਿਤ ਕੀਤਾ ਗਿਆ ਸੀ (ਅਗਸਤ 2021 ਅਤੇ ਦਸੰਬਰ 2021); ਉਹਨਾਂ ਦੇ ਜਵਾਬਾਂ ਦੀ ਉਡੀਕ ਸੀ (ਨਵੰਬਰ 2022)।

**ਸਰਕਾਰ ਮਾਮਲੇ ਦੀ ਮੁੜ ਤਸਦੀਕ ਕਰ ਸਕਦੀ ਹੈ ਅਤੇ ਵਿਭਾਗ ਨੂੰ ਇਸ ਪੈਰ੍ਹੇ ਵਿੱਚ ਦਰਸਾਏ ਗਏ ਮਾਮਲਿਆਂ ਵਿੱਚ ਉਚਿਤ ਕਾਰਵਾਈ ਕਰਨ ਲਈ ਨਿਰਦੇਸ਼ ਦੇ ਸਕਦੀ ਹੈ।**

---

[106] ਮਾਮਲੇ ਨੂੰ ਪੂਰੀ ਤਰ੍ਹਾਂ ਵਿਚਾਰ ਕਰਨ ਲਈ 2012-13 ਦੇ ਤੱਥ ਅਤੇ ਅੰਕੜੇ 2011-12 ਦੇ ਨਾਲ ਵਿਚਾਰੇ ਗਏ

[107] 2011-12 (ਲੁਧਿਆਣਾ-II) ਦਾ ਮਾਮਲਾ ਜਨਵਰੀ 2021 ਵਿੱਚ ਪੜਤਾਲ ਕੀਤਾ ਗਿਆ ਅਤੇ 2012-13 (ਪਟਿਆਲਾ) ਦਾ ਮਾਮਲਾ ਅਕਤੂਬਰ 2020 ਵਿੱਚ ਪੜਤਾਲ ਕੀਤਾ ਗਿਆ

[108] ₹ 3.76 ਕਰੋੜ ਦਾ 5.5 *ਪ੍ਰਤੀਸ਼ਤ* + ₹ 4.62 ਕਰੋੜ ਦਾ 5 *ਪ੍ਰਤੀਸ਼ਤ* = ₹ 0.44 ਕਰੋੜ

## 7.14 ਯਾਤਰੀ ਆਵਾਜਾਈ ਸੇਵਾ ਉੱਤੇ ਵਸਤਾਂ ਅਤੇ ਸੇਵਾਵਾਂ ਕਰ ਦਾ ਭੁਗਤਾਨ ਨਾ ਕਰਨਾ

**ਪੰਜਾਬ ਬੱਸ ਮੈਨੇਜਮੈਂਟ ਸੁਸਾਇਟੀ ਨੇ ਪੰਜਾਬ ਰਾਜ ਵਿੱਚ ਬੱਸ ਰੈਪਿਡ ਟਰਾਂਜ਼ਿਟ ਸਿਸਟਮ ਦੇ ਅਧੀਨ ਏਅਰ ਕੰਡੀਸ਼ਨਡ ਸਟੇਜ ਕੈਰਿਜਜ਼ ਵਿੱਚ ਯਾਤਰੀ ਸੇਵਾਵਾਂ ਦੀ ਆਵਾਜਾਈ ਦੀ ਕਰਯੋਗ ਸਪਲਾਈ ਪ੍ਰਦਾਨ ਕੀਤੀ ਅਤੇ ਯਾਤਰੀਆਂ ਤੋਂ ਕਿਰਾਏ ਵਜੋਂ ₹ 7.59 ਕਰੋੜ ਇਕੱਠੇ ਕੀਤੇ। ਪ੍ਰੰਤੂ, ਸੁਸਾਇਟੀ ਨੇ ਜੀ ਐਸ ਟੀ ਅਧੀਨ ਰਜਿਸਟ੍ਰੇਸ਼ਨ ਪ੍ਰਾਪਤ ਨਹੀਂ ਕੀਤੀ ਅਤੇ ਕਰਯੋਗ ਸਪਲਾਈ ਉੱਤੇ ₹ 0.36 ਕਰੋੜ ਦਾ ਜੀ ਐਸ ਟੀ ਅਦਾ ਨਹੀਂ ਕੀਤਾ।**

ਵਸਤਾਂ ਅਤੇ ਸੇਵਾਵਾਂ ਕਰ (ਜੀ ਐਸ ਟੀ) 1 ਜੁਲਾਈ 2017 ਨੂੰ ਲਾਗੂ ਕੀਤਾ ਗਿਆ ਸੀ। ਏਅਰ-ਕੰਡੀਸ਼ਨਡ ਸਟੇਜ ਕੈਰੀਜਜ਼[109] ਦੁਆਰਾ ਹੋਰ ਗੱਲਾਂ ਦੇ ਨਾਲ-ਨਾਲ ਯਾਤਰੀ ਸੇਵਾਵਾਂ ਦੀ ਆਵਾਜਾਈ ਦੀ ਸਪਲਾਈ ਨੂੰ ਪੰਜ *ਪ੍ਰਤੀਸ਼ਤ* ਦੀ ਦਰ ਨਾਲ ਕਰਯੋਗ ਬਣਾਇਆ ਗਿਆ ਸੀ ਅਤੇ ਕਰਯੋਗ ਸੇਵਾ ਦੀ ਸਪਲਾਈ ਵਿੱਚ ਵਰਤੀਆਂ ਜਾਂਦੀਆਂ ਵਸਤਾਂ ਅਤੇ ਸੇਵਾਵਾਂ ਦੀ ਅੰਦਰੂਨੀ ਸਪਲਾਈ 'ਤੇ ਇਨਪੁਟ ਟੈਕਸ ਦਾ ਕ੍ਰੈਡਿਟ ਉਪਲਬਧ ਨਹੀ ਸੀ।

ਪੰਜਾਬ ਬੱਸ ਮੈਟਰੋ ਸੁਸਾਇਟੀ[110](ਪੀ ਬੀ ਐਮ ਐਸ), ਚੰਡੀਗੜ੍ਹ ਦੇ ਰਿਕਾਰਡ ਦੀ ਪੜਤਾਲ (ਜਨਵਰੀ 2021) ਨੇ ਦਰਸਾਇਆ ਕੀ ਸੁਸਾਇਟੀ ਬੱਸ ਰੈਪਿਡ ਟਰਾਂਜ਼ਿਟ ਸਿਸਟਮ ਦੇ ਅਧੀਨ ਪੰਜਾਬ ਰਾਜ ਵਿੱਚ ਏਅਰ-ਕੰਡੀਸ਼ਨਡ ਬੱਸਾਂ ਵਿੱਚ ਯਾਤਰੀ ਸੇਵਾਵਾਂ ਦੀ ਆਵਾਜਾਈ ਪ੍ਰਦਾਨ ਕਰ ਰਹੀ ਸੀ। ਸੁਸਾਇਟੀ ਨੇ ਜੁਲਾਈ 2017 ਅਤੇ ਦਸੰਬਰ 2020 ਦਰਮਿਆਨ ₹ 7.59 ਕਰੋੜ ਦੀ ਰਾਸ਼ੀ ਦਾ ਕਿਰਾਇਆ ਇਕੱਠਾ ਕੀਤਾ। ਏਅਰ-ਕੰਡੀਸ਼ਨਡ ਸਟੇਜ ਕੈਰਿਜ਼ਜ ਵਿੱਚ ਯਾਤਰੀ ਸੇਵਾਵਾਂ ਦੀ ਆਵਾਜਾਈ ਦੀ ਕਰਯੋਗ ਸਪਲਾਈ ਦੇ ਕਾਰਨ ਇਸ ਪ੍ਰਾਪਤੀ ਤੇ ₹ 0.36 ਕਰੋੜ[111] ਦਾ ਜੀ ਐਸ ਟੀ ਅਦਾਇਗੀਯੋਗ ਸੀ। ਸੁਸਾਇਟੀ ਨੂੰ ਜੀ ਐਸ ਟੀ ਅਧੀਨ ਰਜਿਸਟ੍ਰੇਸ਼ਨ ਕਰਵਾਉਣੀ ਲੋੜੀਂਦੀ ਸੀ ਕਿਉਂਕਿ ਇਹ ਕਰਯੋਗ ਸਪਲਾਈ ਪ੍ਰਦਾਨ ਕਰ ਰਹੀ ਸੀ। ਪ੍ਰੰਤੂ, ਸੁਸਾਇਟੀ ਨੇ ਜੀ ਐਸ ਟੀ ਅਧੀਨ ਰਜਿਸਟ੍ਰੇਸ਼ਨ ਨਹੀਂ ਕਰਵਾਈ ਸੀ ਅਤੇ ₹ 0.36 ਕਰੋੜ ਦਾ ਜੀ ਐਸ ਟੀ ਅਦਾ ਨਹੀਂ ਕੀਤਾ ਸੀ।

ਮਾਮਲੇ ਦੀ ਸਰਕਾਰ/ਵਿਭਾਗ ਨੂੰ ਸੂਚਨਾ ਦਿੱਤੀ ਗਈ ਸੀ (ਮਈ 2021)। ਸਕੱਤਰ, ਸਥਾਨਕ ਸਰਕਾਰ, ਪੰਜਾਬ ਨੇ ਜਵਾਬ ਦਿੱਤਾ (ਜੁਲਾਈ 2021) ਕਿ ਸੁਸਾਇਟੀ ਇਨਕਮ ਟੈਕਸ ਐਕਟ, 1961 ਦੀ ਧਾਰਾ 10(23ਸੀ) ਦੇ ਅਧੀਨ ਇੱਕ ਚੈਰੀਟੇਬਲ ਟਰੱਸਟ ਵਜੋਂ ਰਜਿਸਟਰਡ ਹੈ ਅਤੇ ਚੈਰੀਟੇਬਲ ਗਤੀਵਿਧੀਆਂ ਕਰ ਰਹੀ ਹੈ। ਸਰਕਾਰ ਦੀ ਨੋਟੀਫਿਕੇਸ਼ਨ[112] ਦੇ ਅਨੁਸਾਰ ਸੁਸਾਇਟੀ ਦੀਆਂ ਸੇਵਾਵਾਂ ਨੂੰ ਜੀ ਐਸ ਟੀ ਤੋਂ ਛੋਟ ਹੈ ਕਿਉਂਕਿ ਸੇਵਾਵਾਂ ਸੰਵਿਧਾਨ ਦੇ ਅਨੁਛੇਦ

---

109 'ਸਟੇਜ ਕੈਰਿਜ਼' ਦਾ ਅਰਥ ਜਾਂ ਤਾਂ ਪੂਰੀ ਯਾਤਰਾਂ ਜਾਂ ਪੜਾਵਾਂ ਦੀ ਯਾਤਰਾ (ਮੋਟਰ ਵਹੀਕਲ ਐਕਟ 1988 ਦੀ ਧਾਰਾ 2(40)) ਲਈ ਵਿਅਕਤੀਗਤ ਯਾਤਰੀਆਂ ਵੱਲੋਂ ਅਦਾ ਕੀਤੇ ਵੱਖਰੇ ਭਾੜਿਆਂ ਤੇ ਕਿਰਾਏ ਜਾਂ ਮਿਹਨਤਾਨੇ ਲਈ ਚਾਲਕ ਤੋਂ ਬਿਨਾਂ ਛੇ ਯਾਤਰੀਆਂ ਤੋ ਵੱਧ ਲਿਜਾਣ ਲਈ ਤਿਆਰ ਜਾਂ ਅਨੁਕੂਲ ਬਣਾਇਆ ਗਿਆ ਇਕ ਮੋਟਰ ਵਾਹਨ

110 ਪੰਜਾਬ ਦੇ ਸ਼ਹਿਰਾਂ ਵਿੱਚ ਪ੍ਰਸ਼ਾਸਨ ਅਤੇ ਬੱਸ ਰੈਪਿਡ ਟਰਾਂਜ਼ਿਟ ਸਿਸਟਮ/ਸ਼ਹਿਰੀ ਆਵਾਜਾਈ ਦੇ ਲਾਗੂਕਰਣ ਲਈ ਸੁਸਾਇਟੀ ਰਜਿਸਟ੍ਰੇਸ਼ਨ ਐਕਟ 1860 ਅਧੀਨ ਰਜਿਸਟਰਡ ਕੀਤਾ ਗਿਆ । ਸਥਾਨਕ ਸਰਕਾਰ ਵਿਭਾਗ, ਪੰਜਾਬ ਪੀ ਬੀ ਐਮ ਐਸ ਲਈ ਪ੍ਰਬੰਧਕੀ ਵਿਭਾਗ ਹੈ

111 ₹ 7,59,30,885 × 5/105 = ₹ 36,15,756 ( ਕੁੱਲ ਪ੍ਰਾਪਤੀ ਵਿੱਚ ਜੀ ਐਸ ਟੀ ਸ਼ਾਮਲ ਸੀ)

112 ਸੀ ਜੀ ਐਸ ਟੀ- ਨੋਟੀਫੀਕੇਸ਼ਨ ਨੰ. 12/2017-ਕੇਂਦਰੀ ਕਰ (ਰੇਟ) ਮਿਤੀ 28 ਜੂਨ 2017, ਐਸ ਜੀ ਐਸ ਟੀ- ਪੰਜਾਬ ਰਾਜ ਨੋਟੀਫੀਕੇਸ਼ਨ ਨੰ. 37/ਪੀ ਏ-5/2017/ਐਸ. 11/2017 ਮਿਤੀ 30 ਜੂਨ 2017

243-ਡਬਲਿਯੂ ਦੇ ਅਧੀਨ ਨਗਰਪਾਲਿਕਾ ਨੂੰ ਸੌਂਪੇ ਗਏ ਕਾਰਜਾਂ ਨਾਲ ਸਬੰਧਤ ਗਤੀਵਿਧੀ ਦੇ ਰੂਪ ਵਿੱਚ ਹਨ। ਇਸ ਤੋਂ ਇਲਾਵਾ, ਸੁਸਾਇਟੀ ਨੇ ਇਨਪੁਟਸ ਅਤੇ ਇਨਪੁਟ ਸੇਵਾਵਾਂ ਦੇ ਸਬੰਧ ਵਿੱਚ ਕਿਸੇ ਵੀ ਇਨਪੁਟ ਟੈਕਸ ਕ੍ਰੈਡਿਟ ਦਾ ਕਲੇਮ ਨਹੀਂ ਕੀਤਾ ਹੈ। ਇੱਥੋਂ ਤੱਥ ਕਿ ਜੇ ਸੁਸਾਇਟੀ 'ਤੇ ਜੀ ਐਸ ਟੀ ਲਾਗੂ ਹੁੰਦਾ ਹੈ, ਇਸ ਕਾਰਨ ਦੇਣਦਾਰੀ ਸਿਫ਼ਰ ਹੋਵੇਗੀ ਕਿਉਂਕਿ ਇਹ ਇਨਪੁਟ ਟੈਕਸ ਕ੍ਰੈਡਿਟ ਦੁਆਰਾ ਆਫਸੈੱਟ ਕੀਤੀ ਜਾਵੇਗੀ।

ਜਵਾਬ ਵਿੱਚ ਅੱਗੇ ਕਿਹਾ ਗਿਆ ਸੀ ਕਿ ਸੁਸਾਇਟੀ ਦੀਆਂ ਸੇਵਾਵਾਂ ਨੂੰ ਨੋਟੀਫਿਕੇਸ਼ਨ (ਲੜੀ ਨੰ. 17(ਡੀ)) ਦੇ ਅਧੀਨ ਛੋਟ ਦਿੱਤੀ ਗਈ ਹੈ ਜੋ ਕਿ ਭਾਰਤ ਵਿੱਚ ਸਥਿਤ ਸਥਾਨਾਂ ਦੇ ਵਿਚਕਾਰ ਇੱਕ ਜਹਾਜ਼ ਵਿੱਚ ਮੁੱਖ ਤੌਰ 'ਤੇ ਸੈਰ-ਸਪਾਟੇ ਦੇ ਉਦੇਸ਼ ਤੋਂ ਇਲਾਵਾ ਜਨਤਕ ਆਵਾਜਾਈ ਰਾਹੀ ਯਾਤਰੀਆਂ ਦੀ ਆਵਾਜਾਈ ਤੇ ਜੀ ਐਸ ਟੀ ਤੋਂ ਛੋਟ ਪ੍ਰਦਾਨ ਕਰਦੀ ਹੈ।

ਹੇਠਾਂ ਦਿੱਤੇ ਆਧਾਰਾਂ 'ਤੇ ਵਿਭਾਗ ਦਾ ਜਵਾਬ ਮੰਨਣਯੋਗ ਨਹੀਂ ਹੈ:

*ੳ)* ਯਾਤਰੀ ਆਵਾਜਾਈ ਸੇਵਾਵਾਂ ਦੀ ਕਰਯੋਗਤਾ 'ਤੇ ਇੱਕ ਖਾਸ ਵਿਵਸਥਾ ਹੈ। ਉਕਤ ਨੋਟੀਫਿਕੇਸ਼ਨ ਦੇ ਲੜੀ ਨੰਬਰ 8 ਅਤੇ 15 ਦੇ ਨਾਲ ਪੜ੍ਹੀ ਗਈ ਲੜੀ ਨੰਬਰ 6 (ਸੀ 'ਤੇ ਆਈਟਮ) ਦੇ ਅਨੁਸਾਰ, ਏਅਰ-ਕੰਡੀਸ਼ਨਡ ਬੱਸਾਂ ਦੁਆਰਾ ਯਾਤਰੀਆਂ ਦੀ ਆਵਾਜਾਈ ਨੂੰ ਜੀ ਐਸ ਟੀ ਤੋਂ ਛੋਟ ਨਹੀਂ ਹੈ ਭਾਵੇ ਇਹ ਸੇਵਾ ਕੇਂਦਰ ਸਰਕਾਰ, ਰਾਜ ਸਰਕਾਰ, ਕੇਂਦਰ ਸ਼ਾਸਤ ਪ੍ਰਦੇਸ਼ ਜਾਂ ਸਥਾਨਕ ਅਥਾਰਟੀ ਵੱਲੋਂ ਮੁਹੱਈਆ ਕਰਵਾਈ ਜਾਂਦੀ ਹੈ।

*ਅ)* ਉਕਤ ਨੋਟੀਫਿਕੇਸ਼ਨ ਦੇ ਲੜੀ ਨੰਬਰ 1 ਦੇ ਅਨੁਸਾਰ, ਸਿਰਫ ਇਨਕਮ ਟੈਕਸ ਐਕਟ ਦੀ ਧਾਰਾ 12ਏਏ ਅਧੀਨ ਰਜਿਸਟਰਡ ਚੈਰੀਟੇਬਲ ਸੁਸਾਇਟੀ ਨੂੰ ਜੀ ਐਸ ਟੀ ਤੋਂ ਛੋਟ ਉਪਲਬਧ ਸੀ ਨਾਂ ਕਿ ਇਨਕਮ ਟੈਕਸ ਐਕਟ ਦੀ ਧਾਰਾ 10(23ਸੀ) ਅਧੀਨ ਚੈਰੀਟੇਬਲ ਗਤੀਵਿਧੀਆਂ ਲਈ ਰਜਿਸਟਰਡ ਚੈਰੀਟੇਬਲ ਸੁਸਾਇਟੀ ਲਈ। ਇਸ ਤੋਂ ਇਲਾਵਾ, ਯਾਤਰੀਆਂ ਦੀ ਬੱਸਾਂ ਰਾਹੀ ਆਵਾਜਾਈ ਚੈਰੀਟੇਬਲ ਗਤੀਵਿਧੀਆਂ ਅਧੀਨ ਨਹੀਂ ਆਉਂਦੀਆਂ ਜਿਵੇਂ ਕਿ ਉਕਤ ਨੋਟੀਫਿਕੇਸ਼ਨ ਦੇ ਸੈਕਸ਼ਨ 2(ਆਰ) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

*ੲ)* ਉਕਤ ਨੋਟੀਫਿਕੇਸ਼ਨ ਦੇ ਲੜੀ ਨੰ. 17(ਡੀ) ਦੇ ਤਹਿਤ ਉਪਲਬਧ ਛੋਟ, ਜਹਾਜ਼ ਦੁਆਰਾ ਜਨਤਕ ਆਵਾਜਾਈ ਦੇ ਸਬੰਧ ਵਿੱਚ ਹੈ ਅਤੇ ਸਟੇਜ ਕੈਰਜ਼ਿਜ ਦੁਆਰਾ ਜਨਤਕ ਆਵਾਜਾਈ ਤੇ ਲਾਗੂ ਨਹੀਂ ਹੈ। ਜਿਵੇਂ ਕਿ ਨੋਟੀਫਿਕੇਸ਼ਨ ਦੇ ਲੜੀ ਨੰ. 2(ਜੈਡ ਜੈਡ ੳ) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ, ਜਹਾਜ਼ ਦਾ ਉਹੀ ਅਰਥ ਹੈ ਜੋ ਇਸਨੂੰ ਮੇਜਰ ਪੋਰਟ ਟਰੱਸਟ ਐਕਟ 1963 ਦੀ ਧਾਰਾ 2(ਜ਼ੈਡ) ਵਿੱਚ ਨਿਰਧਾਰਤ ਕੀਤਾ ਗਿਆ ਹੈ। ਪਰਿਭਾਸ਼ਾ ਦੇ ਅਨੁਸਾਰ, ਜਹਾਜ਼ ਦੀ ਵਰਤੋਂ ਮੁੱਖ ਤੌਰ ਤੇ ਪਾਣੀ ਦੁਆਰਾ ਮਨੁੱਖਾਂ ਜਾਂ ਵਸਤਾਂ ਦੀ ਆਵਾਜਾਈ ਲਈ ਕੀਤੀ ਜਾਂਦੀ ਹੈ।

*ਸ)* ਯਾਤਰੀ ਸੇਵਾਵਾਂ ਦੀ ਆਵਾਜਾਈ ਤੇ ਪੰਜ *ਪ੍ਰਤੀਸ਼ਤ* ਦੀ ਦਰ ਨਾਲ ਜੀ ਐਸ ਟੀ ਇਸ ਸ਼ਰਤ ਨਾਲ ਲਾਗੂ ਹੁੰਦਾ ਹੈ ਕਿ ਕਰਯੋਗ ਸੇਵਾ ਦੀ ਸਪਲਾਈ ਕਰਨ ਲਈ ਵਰਤੀਆਂ ਜਾਂਦੀਆ ਵਸਤਾਂ ਅਤੇ ਸੇਵਾਵਾਂ ਦੀ ਅੰਦਰੂਨੀ ਸਪਲਾਈ ਤੇ ਇਨਪੁਟ ਟੈਕਸ ਦਾ ਕ੍ਰੈਡਿਟ ਉਪਲਬਧ ਨਹੀਂ ਹੈ।

ਇਸ ਤਰ੍ਹਾਂ, ਸੁਸਾਇਟੀ ਯਾਤਰੀ ਆਵਾਜਾਈ ਸੇਵਾਵਾਂ ਦੀ ਸਪਲਾਈ ਤੇ ਜੀ ਐਸ ਟੀ ਤੋਂ ਛੋਟ ਲਈ ਯੋਗ ਨਹੀਂ ਸੀ ਅਤੇ ਜੀ ਐਸ ਟੀ ਦੇ ਅਧੀਨ ਰਜਿਸਟਰਡ ਹੋਣ ਦੀ ਲੋੜ ਸੀ। ਇਸ ਗਲਤੀ ਦੇ ਨਤੀਜੇ ਵਜੋਂ ਏਅਰ-ਕੰਡੀਸ਼ਨਡ ਬੱਸਾਂ ਦੁਆਰਾ ਯਾਤਰੀ ਆਵਾਜਾਈ ਸੇਵਾਵਾਂ ਦੀ ਸਪਲਾਈ ਤੇ ₹ 0.36 ਕਰੋੜ[113] ਦੇ ਜੀ ਐਸ ਟੀ ਦਾ ਭੁਗਤਾਨ ਨਹੀਂ ਕੀਤਾ ਗਿਆ।

**ਸੁਸਾਇਟੀ ਜੀ ਐਸ ਟੀ ਅਧੀਨ ਰਜਿਸਟਰਡ ਹੋ ਸਕਦੀ ਹੈ ਅਤੇ ਸਰਕਾਰੀ ਲੇਖੇ ਵਿੱਚ ₹ 0.36 ਕਰੋੜ ਦੇ ਜੀ ਐਸ ਟੀ ਦਾ ਭੁਗਤਾਨ ਕਰ ਸਕਦੀ ਹੈ।**

## 7.15 ਰਾਜ ਆਬਕਾਰੀ ਪ੍ਰਾਪਤੀਆਂ ਤੋਂ ਅਨਿਯਮਿਤ ਸਹਾਇਤਾ ਅਨੁਦਾਨ

**ਸਾਲ 2018-19 ਤੇ 2020-21 ਦੌਰਾਨ ਸੰਵਿਧਾਨਿਕ ਉਪਬੰਧਾਂ ਦੀ ਉਲੰਘਣਾ ਵਿੱਚ ₹ 125.52 ਕਰੋੜ ਦੀ ਰਾਜ ਆਬਕਾਰੀ ਰੈਵੀਨਿਊ ਦੀ ਵਿੱਤੀ ਸਹਾਇਤਾ ਅਤੇ ਸਹਾਇਤਾ ਅਨੁਦਾਨ ਦੇ ਨਾਂਅ 'ਤੇ ਆਬਕਾਰੀ ਅਤੇ ਕਰ ਤਕਨੀਕੀ ਸੇਵਾਵਾਂ ਏਜੰਸੀ ਵੱਲ ਦਿਸ਼ਾ ਬਦਲੀ ਕੀਤੀ ਗਈ ਸੀ।**

ਭਾਰਤ ਦੇ ਸੰਵਿਧਾਨ ਦਾ ਅਨੁਛੇਦ 266 ਇਹ ਵਿਵਸਥਾ ਕਰਦਾ ਹੈ ਕਿ ਕਿਸੇ ਰਾਜ ਦੀ ਸਰਕਾਰ ਦੁਆਰਾ ਪ੍ਰਾਪਤ ਕੀਤੇ ਸਾਰੇ ਰੈਵੀਨਿਊ ਰਾਜ ਦੇ ਸੰਚਿਤ ਫੰਡ ਦਾ ਹਿੱਸਾ ਹੋਣਗੇ। ਪੰਜਾਬ ਖਜ਼ਾਨਾ ਨਿਯਮਾਵਲੀ ਦੇ ਨਿਯਮ 8 ਵਿੱਚ ਕਿਹਾ ਗਿਆ ਹੈ ਕਿ ਸਰਕਾਰ ਦੇ ਰੈਵੀਨਿਊ ਦੇ ਵਜੋਂ ਖਾਤੇ ਵਿੱਚ ਕਿਸੇ ਵੀ ਸਰਕਾਰੀ ਕਰਮਚਾਰੀ ਦੁਆਰਾ ਪ੍ਰਾਪਤ ਕੀਤੇ ਜਾਂ ਟੈਂਡਰ ਕੀਤੇ ਗਏ ਸਾਰੇ ਪੈਸੇ ਜਾਂ ਸਰਕਾਰ ਦੁਆਰਾ ਇੱਕਠੇ ਕੀਤੇ ਜਾਂ ਪ੍ਰਾਪਤ ਕੀਤੇ ਗਏ ਜਨਤਕ ਪੈਸੇ, ਬਿਨਾਂ ਕਿਸੇ ਦੇਰੀ ਦੇ ਪੂਰੀ ਤਰ੍ਹਾਂ ਖਜ਼ਾਨੇ ਵਿੱਚ ਜਾਂ ਬੈਂਕ ਵਿੱਚ ਜਮ੍ਹਾਂ ਕੀਤੇ ਜਾਣਗੇ ਜਿਵੇਂ ਵੀ ਮਾਮਲਾ ਹੋਵੇ ਅਤੇ "ਰਾਜ ਦੇ ਸੰਚਿਤ ਫੰਡ" ਵਿੱਚ ਸ਼ਾਮਲ ਕੀਤਾ ਜਾਵੇਗਾ। ਉਪਰੋਕਤ ਅਨੁਸਾਰ ਪ੍ਰਾਪਤ ਹੋਏ ਪੈਸੇ ਨੂੰ ਵਿਭਾਗੀ ਖਰਚਿਆਂ ਨੂੰ ਪੂਰਾ ਕਰਨ ਲਈ ਨਹੀਂ ਲਗਾਇਆ ਜਾਵੇਗਾ ਅਤੇ ਨਾ ਹੀ ਰਾਜ ਦੇ ਸੰਚਿਤ ਫੰਡ ਤੋਂ ਵੱਖ ਰੱਖਿਆ ਜਾਵੇਗਾ। ਸਰਕਾਰ ਦਾ ਕੋਈ ਵੀ ਵਿਭਾਗ ਇਹ ਮੰਗ ਨਹੀਂ ਕਰ ਸਕਦਾ ਹੈ ਕਿ ਉਸ ਦੁਆਰਾ ਰਾਜ ਦੇ ਰੈਵੀਨਿਊ ਵੱਜੋਂ ਪ੍ਰਾਪਤ ਹੋਣ ਵਾਲੀ ਰਾਸ਼ੀ ਨੂੰ ਰਾਜ ਦੇ ਸੰਚਿਤ ਫੰਡ ਤੋਂ ਬਾਹਰ ਰੱਖਿਆ ਜਾਵੇ।

ਲੇਖਾ ਪ੍ਰੀਖਿਆ ਨੇ ਹੇਠਾਂ ਦਿੱਤੇ ਵੇਰਵੇ ਅਨੁਸਾਰ, ਦੋ ਦ੍ਰਿਸ਼ਟਾਂਤਾਂ ਵਿੱਚ ਦੇਖਿਆ ਜਿੱਥੇ ਸਰਕਾਰੀ ਰੈਵੀਨਿਊ ਨੂੰ ਉਪਰੋਕਤ ਵਿਵਸਥਾਵਾਂ ਦੀ ਉਲੰਘਣਾ ਕਰਦੇ ਹੋਏ ਰਾਜ ਵਿਧਾਨ ਸਭਾ ਦੀ ਮਨਜ਼ੂਰੀ ਤੋਂ ਬਿਨਾਂ ਪੰਜਾਬ ਰਾਜ ਦੇ ਸੰਚਿਤ ਫੰਡ ਤੋਂ ਬਾਹਰ ਰੱਖਿਆ ਅਤੇ ਨਿਯੰਤਰਿਤ ਕੀਤਾ ਗਿਆ ਸੀ:

*(ੳ)* ਹਰ ਸਾਲ, ਰਾਜ ਸਰਕਾਰ ਅਗਲੇ ਵਿੱਤੀ ਸਾਲ ਦੌਰਾਨ ਪੰਜਾਬ ਰਾਜ ਵਿੱਚ ਉਤਪਾਦਨ/ਵਿਕਰੀ ਲਈ ਆਗਿਆ ਦਿੱਤੀ ਜਾਣ ਵਾਲੀ ਸ਼ਰਾਬ ਦੀ ਮਾਤਰਾ, ਸ਼ਰਾਬ 'ਤੇ ਡਿਊਟੀ ਅਤੇ ਫੀਸ ਦੀ ਵਸੂਲੀ ਅਤੇ ਕੁਲੈਕਸ਼ਨ ਦੀ ਦਰ ਅਤੇ ਢੰਗ ਦਾ ਫੈਸਲਾ ਕਰਨ ਲਈ ਆਬਕਾਰੀ ਨੀਤੀ ਤਿਆਰ ਕਰਦੀ ਹੈ। ਸ਼ਰਾਬ ਦੇ ਠੇਕਿਆਂ ਨੂੰ ਅਗਲੇ ਵਿੱਤੀ ਸਾਲ ਲਈ ਡਰਾਅ ਦੀ ਪ੍ਰਣਾਲੀ

[113] ਸੀ ਜੀ ਐਸ ਟੀ: ₹ 18.08 ਲੱਖ ਅਤੇ ਐਸ ਜੀ ਐਸ ਟੀ: ₹ 18.08 ਲੱਖ

ਰਾਹੀਂ ਬਿਨੈਕਾਰਾਂ ਨੂੰ ਅਲਾਟ ਕੀਤਾ ਜਾਂਦਾ ਹੈ। ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਦੀ ਪ੍ਰਕਿਰਿਆ ਮਾਰਚ ਦੇ ਮਹੀਨੇ ਭਾਵ ਅਗਲੇ ਵਿੱਤੀ ਸਾਲ ਦੀ ਸ਼ੁਰੂਆਤ ਤੋਂ ਪਹਿਲਾਂ ਪੂਰੀ ਕੀਤੀ ਜਾਂਦੀ ਹੈ। ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਪ੍ਰਕਿਰਿਆ ਦੌਰਾਨ, ਰਾਜ ਆਬਕਾਰੀ ਰੈਵੀਨਿਊ ਬਿਨੈ-ਪੱਤਰ ਦੀ ਰਾਸ਼ੀ ਅਤੇ ਸਿਕਓਰਟੀ ਡਿਪਾਜ਼ਿਟਸ[114] ਦੇ ਰੂਪ ਵਿੱਚ ਪ੍ਰਾਪਤ ਕੀਤਾ ਜਾਦਾ ਹੈ।

ਸਾਲ 2019-20 ਅਤੇ 2020-21 ਦੀਆਂ ਪੰਜਾਬ ਆਬਕਾਰੀ ਨੀਤੀਆਂ ਤੋਂ ਲੇਖਾ ਪ੍ਰੀਖਿਆ ਨੇ ਦੇਖਿਆ ਕਿ ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਬਿਨੈ-ਪੱਤਰ ਦੀ ਰਾਸ਼ੀ ਨਾਲ ਇੱਕਠੀਆਂ ਕੀਤੀਆਂ ਪ੍ਰਾਪਤੀਆਂ ਦਾ 50 *ਪ੍ਰਤੀਸ਼ਤ* ਜਾਂ ₹ 50 ਕਰੋੜ ਜੋ ਵੀ ਘੱਟ ਹੋਵੇ ਨੂੰ ਟਰਾਂਸਫਰ ਕਰਨ ਲਈ, ਕੰਪਿਊਟਰ ਪ੍ਰਣਾਲੀਆਂ ਦੇ ਬੁਨਿਆਦੀ ਢਾਂਚੇ ਅਤੇ ਵੱਖ-ਵੱਖ ਮਾਡਿਊਲਾਂ ਦੇ ਵਿਕਾਸ ਲਈ ਵਿੱਤ ਪ੍ਰਦਾਨ ਕਰਨ ਲਈ ਆਬਕਾਰੀ ਅਤੇ ਕਰ ਤਕਨੀਕੀ ਸੇਵਾਵਾ ਏਜੰਸੀ (ਈ ਟੀ ਟੀ ਐਸ ਏ[115]) ਨੂੰ ਸਹਾਇਤਾ ਅਨੁਦਾਨ ਵਜੋਂ ਆਬਕਾਰੀ ਨੀਤੀਆਂ ਵਿੱਚ ਇੱਕ ਉਪਬੰਧ ਸ਼ਾਮਲ ਕੀਤਾ ਗਿਆ ਸੀ। ਸਾਲ 2021-22 ਲਈ ਆਬਕਾਰੀ ਨੀਤੀ ਵਿੱਚ ਨਵੀਨੀਕਰਨ ਫੀਸ/ਬਿਨੈ ਪੱਤਰ ਦੀ ਰਾਸ਼ੀ ਦਾ 50 *ਪ੍ਰਤੀਸ਼ਤ* ਟ੍ਰਾਂਸਫਰ ਕਰਨ ਲਈ ਸਹਾਇਤਾ ਅਨੁਦਾਨ ਦਾ ਸਮਰੂਪ ਉਪਬੰਧ ਕੀਤਾ ਗਿਆ ਸੀ। ਪੰਜਾਬ ਸਰਕਾਰ (ਰਾਜ ਵਿਧਾਨ ਸਭਾ) ਦੀ ਮਨਜ਼ੂਰੀ ਤੋਂ ਬਿਨਾਂ ਸਰਕਾਰੀ ਰੈਵੀਨਿਊ ਵਿੱਚੋਂ ਰਾਸ਼ੀ ਟਰਾਂਸਫਰ ਕਰਨ ਦਾ ਉਪਬੰਧ ਸੰਵਿਧਾਨ ਦੀ ਧਾਰਾ 266 ਅਤੇ ਪੰਜਾਬ ਖਜ਼ਾਨਾ ਨਿਯਮਾਵਲੀ ਦੇ ਨਿਯਮ 8 ਦੀ ਉਲੰਘਣਾ ਸੀ। ਲੇਖਾ ਪ੍ਰੀਖਿਆ ਨੇ ਅੱਗੇ ਦੇਖਿਆ ਕਿ ਆਬਕਾਰੀ ਨੀਤੀਆਂ ਤੇ ਸਹਿਮਤੀ ਦਿੰਦੇ ਹੋਏ, ਵਿੱਤ ਵਿਭਾਗ ਨੇ ਈ ਟੀ ਟੀ ਐਸ ਏ ਕੋਲ ਬਿਨੈ-ਪੱਤਰ ਦੀ ਰਾਸ਼ੀ/ਨਵੀਨੀਕਰਨ ਫੀਸ ਰੱਖਣ 'ਤੇ ਇਤਰਾਜ਼[116] ਜਤਾਇਆ ਸੀ ਅਤੇ ਸਾਰੇ ਬਿਨੈ-ਪੱਤਰ/ਨਵੀਨੀਕਰਨ ਫੀਸ ਨੂੰ ਰਾਜ ਦੇ ਖਜ਼ਾਨੇ ਦੇ ਸਬੰਧਤ ਮੱਦ ਦੇ ਅਧੀਨ ਜਮ੍ਹਾਂ ਕਰਨ ਦਾ ਨਿਰਦੇਸ਼ ਦਿੱਤਾ ਸੀ। ਵਿੱਤ ਵਿਭਾਗ ਨੇ ਇਹ ਵੀ ਜ਼ਿਕਰ[117] ਕੀਤਾ ਕਿ ਬੁਨਿਆਦੀ ਢਾਂਚੇ ਨਾਲ ਸਬੰਧਤ ਕੰਮਾਂ 'ਤੇ ਖਰਚੇ ਬਜਟ ਦੇ ਪ੍ਰਬੰਧਾਂ ਰਾਹੀਂ ਪੂਰੇ ਕੀਤੇ ਜਾਣੇ ਚਾਹੀਦੇ ਹਨ। ਹਾਲਾਂਕਿ, ਈ ਟੀ ਟੀ ਐਸ ਏ ਦੇ ਰਿਕਾਰਡਾਂ ਦੀ ਲੇਖਾ ਪ੍ਰੀਖਿਆ ਪੜਤਾਲ ਨੇ ਦਰਸਾਇਆ ਕਿ ਆਬਕਾਰੀ ਅਤੇ ਕਰ ਕਮਿਸ਼ਨਰ ਪੰਜਾਬ ਨੇ 28 ਮਾਰਚ 2019 ਨੂੰ ਈ ਟੀ ਟੀ ਐਸ ਏ ਦੇ ਬੈਂਕ ਖਾਤੇ ਵਿੱਚ 2019-20 ਲਈ ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਬਿਨੈ-ਪੱਤਰ ਦੀ ਰਾਸ਼ੀ ਦੇ ਪ੍ਰਾਪਤ ਕੀਤੇ ₹ 215 ਕਰੋੜ ਵਿੱਚੋਂ ₹ 50 ਕਰੋੜ ਦੀ ਰਕਮ ਨੂੰ ਟਰਾਂਸਫਰ ਕੀਤਾ। ਇਸ ਤੋਂ ਇਲਾਵਾ 2020-21 ਅਤੇ 2021-22 ਲਈ ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ/ਨਵੀਨੀਕਰਨ ਲਈ ਅਲਾਟਮੈਂਟ ਫੀਸ/ਨਵੀਨੀਕਰਨ ਫੀਸ ਵਿੱਚੋਂ ₹ 71.19 ਕਰੋੜ[118] ਦੀ ਰਾਸ਼ੀ ਮਈ 2020 ਅਤੇ ਮਾਰਚ 2021 ਦਰਮਿਆਨ ਈ ਟੀ ਟੀ ਐਸ ਏ ਦੇ ਬੈਂਕ ਖਾਤੇ ਵਿੱਚ ਟਰਾਂਸਫਰ ਕੀਤੀ ਗਈ ਸੀ। ਈ ਟੀ ਟੀ ਐਸ ਏ ਨੂੰ ਸਰਕਾਰੀ ਰੈਵੀਨਿਊ ਵਿੱਚੋਂ ਰਾਸ਼ੀ ਦਾ ਤਬਾਦਲਾ ਨਾ ਸਿਰਫ਼ ਸੰਵਿਧਾਨਕ ਉਪਬੰਧਾਂ ਦੀ ਉਲੰਘਣਾ ਸੀ ਅਤੇ

[114] ਹਾਲਾਂਕਿ ਕਰਾਰ ਦਿੱਤਾ 'ਜ਼ਮਾਨਤ ਜਮ੍ਹਾਂ', ਇਹ ਨਾ ਵਾਪਸੀਯੋਗ ਹੈ ਅਤੇ ਲਾਗੂ ਵਿੱਤੀ ਸਾਲ ਦੇ ਅਖੀਰਲੇ ਤਿੰਨ ਮਹੀਨਿਆਂ ਭਾਵ ਜਨਵਰੀ ਤੋਂ ਮਾਰਚ ਦੀ ਲਾਇਸੈਂਸ ਫੀਸ ਦੀ ਦੇਣਦਾਰੀ ਲਈ ਐਡਜਸਟ ਕੀਤਾ ਜਾਂਦਾ ਹੈ

[115] ਈ ਟੀ ਟੀ ਐਸ ਏ ਪੰਜਾਬ ਸਰਕਾਰ ਦੁਆਰਾ ਆਬਕਾਰੀ ਅਤੇ ਕਰ ਵਿਭਾਗ, ਪੰਜਾਬ ਵਿੱਚ ਤਕਨੀਕੀ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਬਣਾਈ ਗਈ ਇੱਕ ਸੁਸਾਇਟੀ ਹੈ

[116] ਫਰਵਰੀ 2019 (ਨੀਤੀ 2019-20), ਜਨਵਰੀ 2020 (ਨੀਤੀ 2020-21), ਜਨਵਰੀ 2021 (ਨੀਤੀ 2021-22)

[117] ਜਨਵਰੀ 2021 (ਨੀਤੀ 2021-22)

[118] ਅਲਾਟਮੈਂਟ ਫੀਸ: ₹ 4.62 ਕਰੋੜ (ਮਈ 2020), ਨਵੀਨਕਰਣ ਫੀਸ: ₹ 66.57 ਕਰੋੜ (ਫਰਵਰੀ ਅਤੇ ਮਾਰਚ 2021)

ਵਿੱਤ ਵਿਭਾਗ ਦੇ ਨਿਰਦੇਸ਼ਾਂ ਦੇ ਵਿਰੁੱਧ ਸੀ, ਸਗੋਂ ਇਸ ਦੇ ਨਤੀਜੇ ਵਜੋਂ ਸਬੰਧਿਤ ਵਿੱਤੀ ਸਾਲਾਂ ਵਿੱਚ ਰਾਜ ਦੇ ਸੰਚਿਤ ਫੰਡ ਦੀ ਪ੍ਰਾਪਤੀ ਨੂੰ ₹ 50 ਕਰੋੜ ਅਤੇ ₹ 71.19 ਕਰੋੜ ਦੀ ਹੱਦ ਤੱਕ ਘਟਾਇਆ ਗਿਆ ਸੀ।

***(ਅ)*** ਸਾਲ 2018-19 ਦੀ ਆਬਕਾਰੀ ਨੀਤੀ ਵਿੱਚ ਪੰਜਾਬ ਮੀਡੀਅਮ ਲਿਕਰ (ਪੀ ਐਮ ਐਲ), ਭਾਰਤ ਵਿੱਚ ਬਣੀ ਵਿਦੇਸ਼ੀ ਸ਼ਰਾਬ (ਆਈ ਐਮ ਐਫ ਐਲ) ਤੇ ₹ 0.50 ਪ੍ਰਤੀ ਪਰੂਫ ਲੀਟਰ ਅਤੇ ਬੀਅਰ ਤੇ ₹ 0.50 ਪ੍ਰਤੀ ਬਲਕ ਲੀਟਰ ਦੀ ਦਰ ਨਾਲ ਆਈ ਟੀ ਫੀਸ ਵਸੂਲਣ ਲਈ ਇੱਕ ਉਪਬੰਧ ਸ਼ਾਮਲ ਕੀਤਾ ਗਿਆ ਸੀ। ਆਈ ਟੀ ਫੀਸ ਦਾ ਉਦੇਸ਼ ਮੌਜੂਦਾ ਰਾਜ ਆਬਕਾਰੀ ਕੰਪਿਊਟਰ ਮੋਡੀਊਲ ਨੂੰ ਅਪਗ੍ਰੇਡ ਕਰਨ ਲਈ ਈ ਟੀ ਟੀ ਐਸ ਏ ਨੂੰ ਧਨ ਪ੍ਰਦਾਨ ਕਰਨਾ ਸੀ ਜੋ ਕਿ ਈ ਟੀ ਟੀ ਐਸ ਏ ਦੁਆਰਾ ਸੰਭਾਲਿਆ ਜਾ ਰਿਹਾ ਸੀ। ਪਾਲਿਸੀ ਵਿੱਚ ਅੱਗੇ ਦੱਸਿਆ ਗਿਆ ਕਿ ਇਸ ਤਰ੍ਹਾਂ ਇੱਕਠੀ ਕੀਤੀ ਗਈ ਆਈ ਟੀ ਫੀਸ ਨੂੰ ਆਬਕਾਰੀ ਅਤੇ ਕਰ ਸੇਵਾ ਏਜੰਸੀ (ਈ ਟੀ ਟੀ ਐਸ ਏ) ਦੁਆਰਾ ਰੱਖੇ ਗਏ ਇੱਕ ਵੱਖਰੇ ਬੈਂਕ ਖਾਤੇ ਵਿੱਚ ਰੱਖਿਆ ਜਾਣਾ ਸੀ। ਇਸ ਦੇ ਅਨੁਸਾਰ, ਵਿਭਾਗ ਨੇ 22 ਮਾਰਚ 2018[119] ਨੂੰ ਪੰਜਾਬ ਲਿਕਰ ਲਾਇਸੈਂਸ ਨਿਯਮਾਵਲੀ 1956 ਦੇ ਨਿਯਮ 25(41) ਵਿੱਚ ਸੋਧ ਲਈ ਨੋਟੀਫਿਕੇਸ਼ਨ ਜਾਰੀ ਕੀਤੀ ਜਿਸ ਵਿੱਚ ਹੋਰ ਗੱਲਾਂ ਦੇ ਨਾਲ ਨਾਲ ਆਈ ਟੀ ਫੀਸ ਲਗਾਉਣ ਦੀ ਵਿਵਸਥਾ ਕੀਤੀ ਗਈ ਸੀ।

ਹਾਲਾਂਕਿ, ਲੇਖਾ ਪ੍ਰੀਖਿਆ ਨੇ ਦੇਖਿਆ ਕਿ ਆਈ ਟੀ ਫੀਸ ਵਸੂਲਣ ਲਈ ਅਧਿਸੂਚਨਾ ਵਿਭਾਗ ਦੁਆਰਾ ਪੰਜਾਬ ਆਬਕਾਰੀ ਐਕਟ, 1914 ਦੀ ਧਾਰਾ 59 ਦੁਆਰਾ ਪ੍ਰਦਾਨ ਕੀਤੀਆ ਗਈਆਂ ਸ਼ਕਤੀਆਂ ਅਧੀਨ ਜਾਰੀ ਕੀਤੀ ਗਈ ਸੀ। ਪੰਜਾਬ ਆਬਕਾਰੀ ਐਕਟ 1914 ਦੁਆਰਾ ਪ੍ਰਦਾਨ ਕੀਤੀਆ ਗਈ ਸ਼ਕਤੀਆਂ ਦੇ ਤਹਿਤ ਲਗਾਈ ਗਈ ਕੋਈ ਵੀ ਡਿਊਟੀ ਜਾਂ ਫੀਸ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 3(9) ਅਨੁਸਾਰ ਆਬਕਾਰੀ ਰੈਵੀਨਿਊ ਹੈ। ਇਸ ਲਈ ਸੰਵਿਧਾਨ ਦੀ ਧਾਰਾ 266 ਦੇ ਉਪਬੰਧ ਅਤੇ ਪੰਜਾਬ ਖਜ਼ਾਨਾ ਨਿਯਮਾਵਲੀ ਦਾ ਨਿਯਮ 8 ਆਈ ਟੀ ਫੀਸ 'ਤੇ ਲਾਗੂ ਹੋ ਗਏ ਹਨ। ਇਸ ਲਈ, ਆਈ ਟੀ ਫੀਸ ਨੂੰ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਾਉਣਾ ਲੋੜੀਂਦਾ ਸੀ ਜਦੋਂ ਕਿ ਵਿਭਾਗ ਨੇ 24 ਮਈ 2018 ਨੂੰ ਡਿਸਟਿਲਰੀਆਂ ਅਤੇ ਬਰਿਊਰੀਆ ਨੂੰ ਈ ਟੀ ਟੀ ਐਸ ਏ ਦੁਆਰਾ ਰੱਖੇ ਗਏ ਬੈਂਕ ਖਾਤੇ ਵਿੱਚ ਸਿੱਧੇ ਆਈ ਟੀ ਫੀਸ ਜਮ੍ਹਾਂ ਕਰਵਾਉਣ ਲਈ ਹਦਾਇਤਾਂ ਜਾਰੀ ਕੀਤੀਆਂ ਸਨ। ਸਾਲ 2018-19 ਤੋਂ 2020-21 ਦੇ ਈ ਟੀ ਟੀ ਐਸ ਏ ਦੇ ਰਿਕਾਰਡ ਦੀ ਪੜਤਾਲ ਨੇ ਦਰਸਾਇਆ ਕਿ ਡਿਸਟਿਲਰੀਆਂ/ਬਰਿਊਰੀਆਂ ਦੁਆਰਾ ਆਈ ਟੀ ਫੀਸ ਵਜੋਂ ₹ 4.33 ਕਰੋੜ[120] ਈ ਟੀ ਟੀ ਐਸ ਏ ਦੇ ਬੈਂਕ ਖਾਤੇ ਵਿੱਚ ਜਮ੍ਹਾਂ ਕੀਤੇ ਗਏ ਸਨ।

ਆਬਕਾਰੀ ਨੀਤੀਆਂ ਦੇ ਉਪਰੋਕਤ ਉਪਬੰਧ ਬਜਟ ਦੇ ਮਾਧਿਅਮਾਂ ਦੀ ਪਾਲਣਾ ਕਰਨ ਦੀ ਬਜਾਏ ਸਰਕਾਰੀ ਰੈਵੀਨਿਊ (ਬਿਨੈ-ਪੱਤਰ ਫੀਸ ਅਤੇ ਆਈ ਟੀ ਫੀਸ) ਨੂੰ ਰਾਜ ਦੇ ਸੰਚਿਤ ਫੰਡ ਤੋਂ ਬਾਹਰ ਰੱਖਣ ਲਈ ਸੰਵਿਧਾਨਕ ਉਪਬੰਧਾਂ ਦੀ ਉਲੰਘਣਾ ਸੀ।

---

[119] ਨੋਟੀਫਿਕੇਸ਼ਨ ਨੰ. ਜੀ.ਐਸ.ਆਰ.14/ਪੀ.ਏ.1/1914/ਐਸ.59/ਏ ਐਮ ਡੀ (136)/2018 ਮਿਤੀ 22 ਮਾਰਚ 2018

[120] ₹ 3,49,48,992 (2018-19) + ₹ 83,75,806 (2019-20) + ₹ 10,365 (2020-21)

ਇਸ ਮਾਮਲੇ ਦੀ ਸੂਚਨਾ (ਸਤੰਬਰ 2021) ਸਰਕਾਰ ਨੂੰ ਦਿੱਤੀ ਗਈ ਸੀ। ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ ਅਤੇ ਜੂਨ 2021) ਕਿ ਈ ਟੀ ਟੀ ਐਸ ਏ ਦਾ ਉਦੇਸ਼ ਵਿਭਾਗ ਅਤੇ ਕਰਦਾਤਾਵਾਂ ਨੂੰ ਸਾਫਟਵੇਅਰ ਦੇ ਰੱਖ-ਰਖਾਅ ਅਤੇ ਵਿਕਾਸ ਸਮੇਤ 24 ਘੰਟੇ ਆਨਲਾਈਨ ਸੇਵਾਵਾਂ ਪ੍ਰਦਾਨ ਕਰਨਾ ਹੈ। ਇਹ ਸੇਵਾਵਾਂ ਵਿਭਾਗ ਦੇ ਕੰਮਕਾਜ 'ਤੇ ਪ੍ਰਭਾਵ ਪਾਉਂਦੀਆਂ ਹਨ ਜੋ ਸਿੱਧੇ ਤੌਰ 'ਤੇ ਰਾਜ ਦੇ ਰੈਵੀਨਿਊ ਨੂੰ ਪ੍ਰਭਾਵਤ ਕਰਦੀਆਂ ਹਨ ਕਿਉਂਕਿ ਵੈਟ ਰਿਟਰਨ ਜਮ੍ਹਾ ਕਰਨਾ, ਆਬਕਾਰੀ ਪਾਸ ਤਿਆਰ ਕਰਨਾ ਆਦਿ ਈ ਟੀ ਟੀ ਐਸ ਏ ਦੁਆਰਾ ਪ੍ਰਬੰਧਿਤ ਆਈ ਟੀ ਪ੍ਰਣਾਲੀ ਦੇ ਕੁਸ਼ਲ ਕੰਮਕਾਜ 'ਤੇ ਨਿਰਭਰ ਹਨ। ਸੁਸਾਇਟੀ ਲਈ ਕੋਈ ਵੀ ਫੰਡ ਦੀ ਕਮੀ ਇਸਦੇ ਪ੍ਰਭਾਵਸ਼ਾਲੀ ਕੰਮਕਾਜ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਹੈ ਜਿਸਦਾ ਵਿਆਪਕ ਪ੍ਰਭਾਵ ਹੈ। ਈ ਟੀ ਟੀ ਐਸ ਏ ਦੇ ਵਿਸ਼ੇਸ਼ ਆਦੇਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਆਬਕਾਰੀ ਨੀਤੀ 2018-19 ਵਿੱਚ ਆਈ ਟੀ ਫੀਸ ਇੱਕਠੀ ਕਰਨ ਲਈ ਅਤੇ ਆਬਕਾਰੀ ਨੀਤੀ 2019-20 ਵਿੱਚ ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਬਿਨੈ-ਪੱਤਰ ਦੀ ਰਾਸ਼ੀ ਤੇ ਇਕੱਠੀਆਂ ਕੀਤੀਆਂ ਪ੍ਰਾਪਤੀਆਂ ਦਾ 50 *ਪ੍ਰਤੀਸ਼ਤ* ਜਾਂ ₹ 50 ਕਰੋੜ, ਜੋ ਵੀ ਘੱਟ ਹੋਵੇ ਈ ਟੀ ਟੀ ਐਸ ਏ ਨੂੰ ਟ੍ਰਾਂਸਫਰ ਦੁਆਰਾ ਸਹਾਇਤਾ ਅਨੁਦਾਨ ਪ੍ਰਦਾਨ ਕਰਨ ਦੀ ਵਿਵਸਥਾ ਕੀਤੀ ਗਈ ਸੀ। ਆਬਕਾਰੀ ਨੀਤੀ ਨੂੰ ਮੰਤਰੀ ਮੰਡਲ ਦੀ ਪ੍ਰਵਾਨਗੀ ਸੀ।

ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਸਰਕਾਰੀ ਰੈਵੀਨਿਊ ਵਿੱਚੋਂ ਈ ਟੀ ਟੀ ਐਸ ਏ ਨੂੰ ਸਹਾਇਤਾ ਅਨੁਦਾਨ ਜਾਂ ਸਹਾਇਤਾ ਦੇ ਨਾਂ 'ਤੇ ਰਾਸ਼ੀ ਟਰਾਂਸਫਰ ਕਰਨਾ ਵਿੱਤ ਵਿਭਾਗ ਦੀਆਂ ਹਦਾਇਤਾਂ ਦੇ ਵਿਰੁੱਧ ਸੀ ਅਤੇ ਇਸ ਨੂੰ ਰਾਜ ਵਿਧਾਨ ਸਭਾ ਦੀ ਕੋਈ ਪ੍ਰਵਾਨਗੀ ਨਹੀਂ ਸੀ। ਵਿਭਾਗ ਨੂੰ ਰਾਜ ਦੇ ਸੰਚਿਤ ਫੰਡ ਵਿੱਚ ਆਬਕਾਰੀ ਰੈਵੀਨਿਊ ਜਮ੍ਹਾ ਕਰਨ ਅਤੇ ਈ ਟੀ ਟੀ ਐਸ ਏ ਨੂੰ ਗ੍ਰਾਂਟਾਂ/ਸਹਾਇਤਾ ਪ੍ਰਦਾਨ ਕਰਨ ਲਈ, ਰਾਜ ਵਿਧਾਨ ਸਭਾ ਦੁਆਰਾ, ਬਜਟ ਉਪਬੰਧ ਕਰਨ ਦੀ ਲੋੜ ਸੀ। ਇਸ ਭੁੱਲ ਦੇ ਨਤੀਜੇ ਵਜੋਂ ਪੰਜਾਬ ਰਾਜ ਦੇ ਸੰਚਿਤ ਫੰਡ ਤੋਂ ਬਾਹਰ ਸਰਕਾਰੀ ਰਾਸ਼ੀ ਨੂੰ ਅਨਿਯਮਿਤ ਤੌਰ ਤੇ ਰੱਖਿਆ ਗਿਆ ਅਤੇ ਵਿਯੋਜਨ ਕੀਤਾ।

**ਸਰਕਾਰ ਇਹ ਯਕੀਨੀ ਬਣਾ ਸਕਦੀ ਹੈ ਕਿ ਸਰਕਾਰੀ ਰੈਵੀਨਿਊ ਦੀ ਕਮਾਈ ਰਾਜ ਦੇ ਖਜ਼ਾਨੇ ਵਿੱਚ ਜਮ੍ਹਾਂ ਕੀਤੀ ਜਾਵੇ। ਜੇਕਰ, ਕਿਸੇ ਸੰਸਥਾਂ ਜਾਂ ਬਾਡੀ ਨੂੰ ਸਹਾਇਤਾ ਅਨੁਦਾਨ ਜਾਂ ਸਹਾਇਤਾ ਪ੍ਰਦਾਨ ਕੀਤੀ ਜਾਣੀ ਹੈ, ਤਾਂ ਇਹ ਬਜਟਰੀ ਚੈਨਲਾਂ ਦੀ ਪਾਲਣਾ ਕਰ ਸਕਦੀ ਹੈ।**

## ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ

### 7.16 ਜਾਇਦਾਦਾਂ ਦੇ ਗਲਤ ਵਰਗੀਕਰਣ ਕਾਰਣ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ ਅਤੇ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਉਣਾ

**ਸਤਾਰਾਂ ਉਪ-ਰਜਿਸਟਰਾਰਾਂ/ਸੰਯੁਕਤ ਉਪ-ਰਜਿਸਟਰਾਰਾਂ ਨੇ ਜਾਇਦਾਦਾਂ ਦੇ ਗਲਤ ਵਰਗੀਕਰਣ ਅਤੇ ਕੁਲੈਕਟਰ ਦੀਆਂ ਗਲਤ ਦਰਾਂ ਲਾਉਣ ਕਾਰਣ 51 ਮਾਮਲਿਆਂ ਵਿੱਚ ₹ 2.36 ਕਰੋੜ ਦੀ ਘੱਟ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ ਅਤੇ ਬੁਨਿਆਦੀ ਢਾਂਚਾ ਵਿਕਾਸ ਫੀਸ ਲਗਾਈ।**

ਪੰਜਾਬ ਸਟੈਂਪ (ਡੀਲਿੰਗ ਆਫ ਅੰਡਰ-ਵੈਲਯੂਡ ਇਨਸਟਰੂਮੈਂਟਸ) ਨਿਯਮਾਵਲੀ 1983 ਦਾ ਨਿਯਮ 3-ਏ, ਇੱਕ ਜਿਲ੍ਹੇ ਦੇ ਕੁਲੈਕਟਰ ਨੂੰ ਜਿਲ੍ਹੇ ਵਿੱਚ ਸਥਿਤ ਜ਼ਮੀਨ/ਜਇਦਾਦਾਂ ਦੀ ਘੱਟੋ-ਘੱਟ ਮਾਰਕੀਟ ਕੀਮਤ ਇਲਾਕਾਵਾਰ ਅਤੇ ਸ੍ਰੇਣੀਵਾਰ ਤੈਅ ਕਰਨ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਅਤੇ ਜਇਦਾਦਾਂ ਦੇ ਟਰਾਂਸਫਰ ਦੇ ਵਿਲੇਖਾਂ ਤੇ ਅਸ਼ਟਾਮ ਡਿਊਟੀ ਤੇ ਰਜਿਸਟ੍ਰੇਸ਼ਨ ਫੀਸ ਲਗਾਉਣ ਦੇ ਮੰਤਵ ਲਈ ਰਜਿਸਟਰਿੰਗ ਅਫਸਰ (ਅਫਸਰਾਂ) ਨੂੰ ਇਸ ਬਾਰੇ ਸੂਚਿਤ ਕਰਦਾ ਹੈ।

ਸਤਾਰਾਂ[121] ਉਪ-ਰਜਿਸਟਰਾਰਾਂ/ਸਯੁੰਕਤ ਉਪ-ਰਜਿਸਟਰਾਰਾਂ ਦੇ ਰਿਕਾਰਡ (ਅਗਸਤ 2020 ਤੋਂ ਫਰਵਰੀ 2021) ਦੀ ਪੜਤਾਲ ਨੇ ਦਰਸਾਇਆ ਕਿ ਜਾਇਦਾਦਾਂ ਦੇ ਤਬਦਾਲੇ ਦੇ 51 ਵਿਲੇਖਾਂ ਦੀ ਕੀਮਤ ₹ 12.91 ਕਰੋੜ ਸੀ, ਜਿਨ੍ਹਾਂ ਵਿੱਚੋਂ 43 ਵਿਲੇਖਾਂ ਨੂੰ ਖੇਤੀਬਾੜੀ ਜਾਇਦਾਦਾਂ ਲਈ ਦਰਾਂ ਲਾਗੂ ਕਰਕੇ ਰਜਿਸਟਰ ਕੀਤਾ ਗਿਆ ਸੀ ਅਤੇ ਅੱਠ ਨੂੰ ਉਦਯੋਗਿਕ/ਰਿਹਾਇਸ਼ੀ/ਵਪਾਰਕ ਜਾਇਦਾਦਾਂ ਦੀ ਦਰ ਨੂੰ ਲਾਗੂ ਕਰਕੇ ਰਜਿਸਟਰ ਕੀਤਾ ਗਿਆ ਜਿਸ 'ਤੇ ₹ 0.98 ਕਰੋੜ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ ਅਤੇ ਬੁਨਿਆਦੀ ਢਾਂਚਾ ਵਿਕਾਸ ਫੀਸ ਲਗਾਈ ਗਈ ਸੀ। ਹਾਲਾਂਕਿ, ਰੈਵੀਨਿਊ ਰਿਕਾਰਡ (ਗਿਰਦਾਵਰੀ/ਜਮਾਬੰਦੀ/ਪਟਵਾਰੀ ਰਿਪੋਰਟ) ਅਨੁਸਾਰ ਰਜਿਸਟ੍ਰੇਸ਼ਨ ਦੇ ਸਮੇਂ ਇਹਨਾਂ ਜਾਇਦਾਦਾਂ ਦੀ ਸ਼੍ਰੇਣੀ ਰਿਹਾਇਸ਼ੀ/ਵਪਾਰਕ ਸੀ ਜਾਂ ਜਾਇਦਾਦਾਂ ਅਜਿਹੀਆਂ ਥਾਵਾਂ ਤੇ ਸਨ ਜਿਨ੍ਹਾਂ ਲਈ ਰੇਟ ਸੂਚੀ ਵਿੱਚ ਉੱਚ ਦਰ ਨਿਰਧਾਰਤ ਕੀਤੀ ਗਈ ਸੀ। ਇਸ ਲਈ, ਜਾਇਦਾਦਾਂ ਦੀ ਕੀਮਤ ₹ 45.26 ਕਰੋੜ ਹੋਣੀ ਚਾਹੀਦੀ ਸੀ ਅਤੇ ₹ 3.33 ਕਰੋੜ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ ਅਤੇ ਬੁਨਿਆਦੀ ਢਾਂਚਾ ਵਿਕਾਸ ਫੀਸ ਲਗਾਈ ਜਾਣੀ ਸੀ। ਜਾਇਦਾਦਾਂ ਦੇ ਗਲਤ ਵਰਗੀਕਰਣ ਦੇ ਨਤੀਜੇ ਵਜੋਂ ₹ 2.36 ਕਰੋੜ[122] ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ ਅਤੇ ਬੁਨਿਆਦੀ ਢਾਂਚਾ ਵਿਕਾਸ ਫੀਸ ***(ਅੰਤਿਕਾ 7.18)*** ਦੀ ਘੱਟ ਵਸੂਲੀ ਹੋਈ।

ਇਹ ਮਾਮਲਾ (ਜੂਨ ਅਤੇ ਦਸੰਬਰ 2021 ਦੇ ਵਿਚਕਾਰ) ਵਿਭਾਗ ਅਤੇ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ। ਵਿਭਾਗ ਨੇ ਜਵਾਬ ਦਿੱਤਾ (ਜਨਵਰੀ 2022) ਕਿ ਮਾਛੀਵਾੜਾ ਦੇ ਇੱਕ ਮਾਮਲੇ ਵਿੱਚ ₹ 2.00 ਲੱਖ ਦੀ ਵਸੂਲੀ ਪ੍ਰਕਿਰਿਆ ਅਧੀਨ ਸੀ। ਲੁਧਿਆਣਾ (ਪੂਰਬੀ), ਮੰਡੀ

---

[121] ਬਲਾਚੌਰ (1), ਚਮਕੌਰ ਸਾਹਿਬ (4), ਡੇਰਾ ਬੱਸੀ (2), ਖਰੜ (2), ਲੁਧਿਆਣਾ ਪੂਰਬੀ (3), ਲੁਧਿਆਣਾ ਦੱਖਣੀ-ਕੇਂਦਰੀ (9), ਲੁਧਿਆਣਾ ਪਛੱਮੀ (8), ਮਾਛੀਵਾੜਾ (1), ਮਾਜਰੀ (1), ਮੰਡੀ ਗੋਬਿੰਦਗੜ੍ਹ (1), ਮੋਰਿੰਡਾ (1), ਪਟਿਆਲਾ (3), ਪਾਇਲ (1), ਫਿਲੌਰ (2), ਸਾਹਨੇਵਾਲ (7), ਸਮਰਾਲਾ (2) ਅਤੇ ਜ਼ੀਰਕਪੁਰ (3)

[122] ਅਸ਼ਟਾਮ ਡਿਊਟੀ (₹ 1.75 ਕਰੋੜ), ਰਜਿਸਟ੍ਰੇਸ਼ਨ ਫੀਸ (₹ 0.28 ਕਰੋੜ), ਬੁਨਿਆਦੀ ਢਾਂਚਾ ਫੀਸ (₹ 0.33 ਕਰੋੜ)

ਗੋਬਿੰਦਗੜ੍ਹ, ਮੋਰਿੰਡਾ, ਸਾਹਨੇਵਾਲ ਅਤੇ ਸਮਰਾਲਾ ਦੇ ਮਾਮਲੇ ਇੰਡੀਅਨ ਸਟੈਂਪ ਐਕਟ 1899 ਦੀ ਧਾਰਾ 47-ਏ ਅਧੀਨ ਚੱਲ ਰਹੇ ਸਨ।

**ਸਰਕਾਰ ਵਿਭਾਗ ਨੂੰ ਇਸ ਪੈਰ੍ਹੇ ਵਿੱਚ ਦਰਸਾਏ ਗਏ 51 ਮਾਮਲਿਆਂ ਵਿੱਚ ₹ 2.36 ਕਰੋੜ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ ਅਤੇ ਬੁਨਿਆਦੀ ਢਾਂਚਾ ਵਿਕਾਸ ਫੀਸ ਲਗਾਉਣ ਅਤੇ ਵਸੂਲੀ ਕਰਨ ਲਈ ਨਿਰਦੇਸ਼ ਦੇ ਸਕਦੀ ਹੈ। ਕਿਉਂਕਿ ਇਹ ਇੱਕ ਨਿਰੰਤਰ ਮੁੱਦਾ ਹੈ, ਇਸ ਲਈ ਸਰਕਾਰ ਅਜਿਹੇ ਮਾਮਲਿਆਂ ਵਿੱਚ ਵਿਸ਼ੇਸ਼ ਧਿਆਨ ਦੇ ਸਕਦੀ ਹੈ।**

## 7.17 ਲੀਜ਼ ਡੀਡਜ਼ 'ਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਘੱਟ ਲਗਾਉਣਾ

**ਦੋ ਲੀਜ਼ ਡੀਡਜ਼ ਵਿੱਚ, ਉਪ-ਰਜਿਸਟਰਾਰ ਪਟਿਆਲਾ ਅਤੇ ਰੂਪਨਗਰ ਨੇ ਅਸ਼ਟਾਮ ਡਿਊਟੀ ਦੀ ਗਲਤ ਦਰ ਅਤੇ ਗਲਤ ਗੁਣਾਂਕ ਅੰਕ ਦੀ ਵਰਤੋਂ ਦੇ ਕਾਰਨ ₹ 0.12 ਕਰੋੜ ਦੀ ਘੱਟ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫ਼ੀਸ ਲਗਾਈ।**

ਇੰਡੀਅਨ ਸਟੈਂਪ ਐਕਟ, 1899 ਦੇ ਅਨੁਸੂਚੀ I-ਏ ਦਾ ਇੰਦਰਾਜ਼ 35 ਸਮੇਂ-ਸਮੇਂ 'ਤੇ ਨਿਰਧਾਰਤ ਦਰਾਂ 'ਤੇ, ਲੀਜ਼ ਦੀ ਮਿਆਦ ਦੇ ਆਧਾਰ 'ਤੇ ਲੀਜ਼ ਦੇ ਵਿਲੇਖਾਂ 'ਤੇ, ਅਡਵਾਂਸ ਰਾਸ਼ੀ ਅਤੇ ਰਾਖਵੇਂ ਔਸਤ ਸਲਾਨਾ ਕਿਰਾਏ ਦੀ ਰਾਸ਼ੀ ਤੇ ਅਸ਼ਟਾਮ ਡਿਊਟੀ ਲਗਾਉਣ ਦੀ ਵਿਵਸਥਾ ਕਰਦਾ ਹੈ। ਪੰਜਾਬ ਸਰਕਾਰ ਨੇ ਲੀਜ਼ ਡੀਡਜ਼ 'ਤੇ ਅਸ਼ਟਾਮ ਡਿਊਟੀ ਦੀ ਦਰ[123] (30 ਜਨਵਰੀ 2019) ਔਸਤ ਸਾਲਾਨਾ ਕਿਰਾਏ ਦੇ ਚਾਰ *ਪ੍ਰਤੀਸ਼ਤ* ਤੋਂ ਵਧਾ ਕੇ ਅੱਠ *ਪ੍ਰਤੀਸ਼ਤ* ਕਰ ਦਿੱਤੀ ਹੈ ਜਿਥੇ ਲੀਜ਼ ਪੰਜ ਸਾਲਾਂ ਤੱਕ ਦੀ ਮਿਆਦ ਲਈ ਹੈ।

ਸਾਲ 2019-20 ਲਈ ਉਪ-ਰਜਿਸਟਰਾਰ, ਪਟਿਆਲਾ ਅਤੇ ਰੂਪਨਗਰ ਦੇ ਰਿਕਾਰਡ (ਸੰਤਬਰ 2020 ਅਤੇ ਜਨਵਰੀ 2021) ਦੀ ਪੜਤਾਲ ਨੇ ਦਰਸਾਇਆ ਹੈ ਕਿ ਲੀਜ਼ ਦੇ ਦੋ ਵਿਲੇਖ ₹ 0.07 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਲਗਾ ਕੇ ਰਜਿਸਟਰ ਕੀਤੇ ਗਏ ਸਨ, ਜਦੋਂ ਕਿ ਇਹਨਾਂ ਮਾਮਲਿਆਂ ਵਿੱਚ ₹ 0.19 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟਰੇਸ਼ਨ ਫੀਸ ਵਸੂਲੀਯੋਗ ਸੀ। ਉਪ-ਰਜਿਸਟਰਾਰ ਰੁਪਨਗਰ ਦੇ ਮਾਮਲੇ ਵਿੱਚ, ਘੱਟ ਵਸੂਲੀ ਦਾ ਕਾਰਨ ਤਿੰਨ ਸਾਲਾਂ ਦੀ ਮਿਆਦ ਲਈ ਲੀਜ਼ ਵਿਲੇਖ 'ਤੇ ਅੱਠ *ਪ੍ਰਤੀਸ਼ਤ* ਦੀ ਸੋਧੀ ਦਰ ਦੀ ਬਜਾਏ ਚਾਰ *ਪ੍ਰਤੀਸ਼ਤ*

---

[123] 2019-20 ਦੌਰਾਨ ਲੀਜ਼ ਡੀਡਜ਼ 'ਤੇ ਅਸ਼ਟਾਮ ਡਿਊਟੀ ਦੀ ਦਰ:

| ਲੀਜ਼ ਦਾ ਸਮਾਂ | ਕਿਰਾਏ ਤੇ ਅਸ਼ਟਾਮ ਡਿਊਟੀ ਦੀ ਦਰ | |
|---|---|---|
| | ਦਰ | ਰਾਸ਼ੀ ਜਿਸ ਤੇ ਭੁਗਤਾਨਯੋਗ |
| ਇੱਕ ਸਾਲ ਤੋਂ ਘੱਟ | ਚਾਰ *ਪ੍ਰਤੀਸ਼ਤ* (29.01.2019 ਤੱਕ ) | ਲੀਜ਼ ਦੇ ਅਧੀਨ ਭੁਗਤਾਉਣਯੋਗ ਪੂਰੀ ਰਾਸ਼ੀ |
| | ਪੂਰੀ ਰਾਸ਼ੀ ਦਾ ਅੱਠ *ਪ੍ਰਤੀਸ਼ਤ* (30.01.2019 ਤੋਂ) | ਲੀਜ਼ ਦੇ ਅਧੀਨ ਭੁਗਤਾਉਣਯੋਗ ਪੂਰੀ ਰਾਸ਼ੀ |
| ਇੱਕ ਸਾਲ ਤੋਂ ਪੰਜ ਸਾਲਾਂ ਤੱਕ | ਚਾਰ *ਪ੍ਰਤੀਸ਼ਤ* (29.01.2019 ਤੱਕ ) | ਔਸਤਨ ਸਲਾਨਾ ਕਿਰਾਇਆ |
| | ਅੱਠ *ਪ੍ਰਤੀਸ਼ਤ* (30.01.2019 ਤੋਂ) | ਔਸਤਨ ਸਲਾਨਾ ਕਿਰਾਇਆ |
| ਪੰਜ ਸਾਲਾਂ ਤੋਂ ਦਸ ਸਾਲਾਂ ਤੱਕ | ਤਿੰਨ *ਪ੍ਰਤੀਸ਼ਤ* | ਔਸਤਨ ਸਲਾਨਾ ਕਿਰਾਇਆ |
| ਦਸ ਸਾਲਾਂ ਤੋਂ 20 ਸਾਲਾਂ ਤੱਕ | ਤਿੰਨ *ਪ੍ਰਤੀਸ਼ਤ* | ਔਸਤਨ ਸਲਾਨਾ ਕਿਰਾਏ ਦਾ ਦੋ ਗੁਣਾ |
| 20 ਸਾਲਾਂ ਤੋਂ 30 ਸਾਲਾਂ ਤੱਕ | ਤਿੰਨ *ਪ੍ਰਤੀਸ਼ਤ* | ਔਸਤਨ ਸਲਾਨਾ ਕਿਰਾਏ ਦਾ ਤਿੰਨ ਗੁਣਾ |
| 30 ਸਾਲਾਂ ਤੋਂ 100 ਸਾਲਾਂ ਤੱਕ | ਤਿੰਨ *ਪ੍ਰਤੀਸ਼ਤ* | ਔਸਤਨ ਸਲਾਨਾ ਕਿਰਾਏ ਦਾ ਚਾਰ ਗੁਣਾ |

ਦੀ ਪ੍ਰੀ-ਰਿਵਾਈਜ਼ਡ ਦਰ ਲਗਾਉਣਾ ਸੀ। ਉਪ-ਰਜਿਸਟਰਾਰ ਪਟਿਆਲਾ ਦੇ ਮਾਮਲੇ ਵਿੱਚ 30 ਸਾਲ ਤੋਂ ਜਿਆਦਾ ਮਿਆਦ ਲਈ ਲਾਗੂ ਕਰਨ ਵਾਲੀ ਲੀਜ਼ ਵਾਲੇ ਮਾਮਲੇ ਵਿੱਚ ਘੱਟ ਵਸੂਲੀ ਦਾ ਕਾਰਨ ਔਸਤ ਸਲਾਨਾ ਕਿਰਾਏ ਦੀ ਘੱਟ ਗਣਨਾ ਅਤੇ ਔਸਤਨ ਸਲਾਨਾ ਕਿਰਾਏ ਨਾਲ ਗੁਣਾ ਕਰਨ ਲਈ ਚਾਰ ਦੇ ਗੁਣਾਤਮਕ ਕਾਰਕ ਨੂੰ ਨਜ਼ਰਅੰਦਾਜ਼ ਕਰਨਾ ਸੀ। ਇਹਨਾਂ ਗਲਤੀਆਂ ਦੇ ਨਤੀਜੇ ਵਜੋਂ ₹ 0.12 ਕਰੋੜ ***(ਅੰਤਿਕਾ 7.19)*** ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਘੱਟ ਲਗਾਈ ਗਈ।

ਮਾਮਲਾ ਸਰਕਾਰ/ਵਿਭਾਗ ਨੂੰ (ਜੂਨ ਅਤੇ ਦਸੰਬਰ 2021 ਦੇ ਵਿਚਕਾਰ) ਸੂਚਿਤ ਕੀਤਾ ਗਿਆ ਸੀ। ਉਪ-ਰਜਿਸਟਰਾਰ, ਪਟਿਆਲਾ ਨੇ ਸੂਚਿਤ ਕੀਤਾ (ਅਕਤੂਬਰ 2021) ਕਿ ਮਾਮਲਾ ਇੰਡੀਅਨ ਸਟੈਂਪ ਐਕਟ 1899 ਦੀ ਧਾਰਾ 47-ਏ ਅਧੀਨ ਫੈਸਲੇ ਲਈ ਵਧੀਕ ਡਿਪਟੀ ਕਮਿਸ਼ਨਰ ਨੂੰ ਭੇਜਿਆ ਗਿਆ ਸੀ। ਉਪ-ਰਜਿਸਟਰਾਰ, ਰੂਪਨਗਰ ਨਾਲ ਸਬੰਧਤ ਮਾਮਲੇ ਦੇ ਸਬੰਧ ਵਿੱਚ ਜਵਾਬ (ਨਵੰਬਰ 2022) ਦੀ ਉਡੀਕ ਸੀ।

**ਸਰਕਾਰ ਵਿਭਾਗ ਨੂੰ ਇਸ ਪੈਰ੍ਹੇ ਵਿੱਚ ਦਰਸਾਏ ਲੀਜ਼ ਦੇ ਦੋ ਵਿਲੇਖਾਂ ਦੇ ਸਬੰਧ ਵਿੱਚ ₹ 0.12 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੀ ਵਸੂਲੀ ਕਰਨ ਲਈ ਨਿਰਦੇਸ਼ ਦੇ ਸਕਦੀ ਹੈ।**

## ਟਰਾਂਸਪੋਰਟ ਵਿਭਾਗ

### 7.18 ਮੋਟਰ ਵਾਹਨ ਕਰ ਉੱਤੇ ਸਮਾਜਿਕ ਸੁਰੱਖਿਆ ਸਰਚਾਰਜ ਦੀ ਉਗਰਾਹੀ ਨਾ ਕਰਨਾ

**ਤਿੰਨ ਖੇਤਰੀ ਟਰਾਂਸਪੋਰਟ ਅਥਾਰਟੀਆਂ ਨੇ ਪੰਜਾਬ ਰੋਡਵੇਜ਼ ਅਤੇ ਪਨਬੱਸ ਦੁਆਰਾ ਸਟੇਜ ਕੈਰਿਜ ਬੱਸਾਂ 'ਤੇ ਅਦਾ ਕੀਤੇ ਮੋਟਰ ਵਾਹਨ ਕਰ 'ਤੇ ₹ 0.97 ਕਰੋੜ ਦੇ ਸਮਾਜਿਕ ਸੁਰੱਖਿਆ ਸਰਚਾਰਜ ਦੀ ਉਗਰਾਹੀ ਨਹੀਂ ਕੀਤੀ।**

ਪੰਜਾਬ ਸਰਕਾਰ ਦੇ ਵਿੱਤ ਵਿਭਾਗ ਨੇ ਪੰਜਾਬ ਸਮਾਜਿਕ ਸੁਰੱਖਿਆ ਐਕਟ, 2018 ਦੀ ਧਾਰਾ 3(iii) ਦੇ ਅਧੀਨ ਆਵਾਜਾਈ ਵਾਹਨਾਂ ਦੇ ਕਰ ਤੇ ਦਸ *ਪ੍ਰਤੀਸ਼ਤ* ਦੀ ਦਰ ਨਾਲ ਸਮਾਜਿਕ ਸੁਰੱਖਿਆ ਸਰਚਾਰਜ ਲਗਾਇਆ[124] (22 ਅਕਤੂਬਰ 2018) ਅਤੇ ਇਸ ਸਰਚਾਰਜ ਨੂੰ 16 ਨਵੰਬਰ 2018 ਤੋਂ ਲਾਗੂ ਕਰਨ ਦਾ ਫੈਸਲਾ ਕੀਤਾ।

ਤਿੰਨ[125] ਖੇਤਰੀ ਟਰਾਂਸਪੋਰਟ ਅਥਾਰਟੀਆਂ ਦੇ ਰਿਕਾਰਡ[126] (ਨਵੰਬਰ 2019 ਅਤੇ ਮਾਰਚ 2021 ਦੇ ਵਿਚਕਾਰ) ਦੀ ਲੇਖਾ ਪ੍ਰੀਖਿਆ ਪੜਤਾਲ ਨੇ ਦਰਸਾਇਆ ਕਿ ਪੰਜਾਬ ਰੋਡਵੇਜ਼ ਅਤੇ ਪੰਜਾਬ ਸਟੇਟ ਬੱਸ ਮੈਨੇਜਮੈਂਟ ਕੰਪਨੀ (ਪਨਬਸ) ਦੁਆਰਾ ਸਟੇਜ ਕੈਰੇਜ਼ ਬੱਸਾਂ ਤੇ 16 ਨਵੰਬਰ 2018 ਤੋਂ

---

[124] ਨੋਟੀਫਿਕੇਸ਼ਨ ਨੰ. 150/ਪੀ ਏ.8/2018/ਐਸ-3/2018 ਮਿਤੀ 22 ਅਕਤੂਬਰ 2018

[125] ਆਰ ਟੀ ਏ ਅੰਮ੍ਰਿਤਸਰ, ਮੋਹਾਲੀ (2018-19); ਆਰ ਟੀ ਏ ਲੁਧਿਆਣਾ (2018-19 ਤੋਂ 2019-20)

[126] ਵਿਭਾਗ ਦੁਆਰਾ ਸਟੇਜ ਕੈਰੇਜ਼ ਬੱਸਾਂ ਦੇ ਰਿਕਾਰਡ ਦਾ ਰੱਖ-ਰਖਾਅ ਦਸਤੀ ਰੱਖਿਆ ਜਾਂਦਾ ਹੈ

22 ਮਾਰਚ 2020[127] *(ਅੰਤਿਕਾ 7.20)* ਦੀ ਮਿਆਦ ਲਈ ਅਦਾ ਕੀਤੇ ਗਏ ₹ 9.67 ਕਰੋੜ ਦੇ ਮੋਟਰ ਵਾਹਨ ਕਰ 'ਤੇ ਦਸ *ਪ੍ਰਤੀਸ਼ਤ* ਦੀ ਦਰ ਨਾਲ ₹ 0.97[128] ਕਰੋੜ ਦਾ ਸਮਾਜਿਕ ਸੁਰੱਖਿਆ ਸਰਚਾਰਜ ਇੱਕਠਾ ਨਹੀਂ ਕੀਤਾ ਗਿਆ ਸੀ।

ਮਾਮਲਾ ਸਰਕਾਰ ਅਤੇ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ (ਨਵੰਬਰ ਅਤੇ ਦਸੰਬਰ 2021)। ਵਿਭਾਗ ਨੇ ਜਵਾਬ ਦਿੱਤਾ (ਅਗਸਤ 2022) ਕਿ ਮਾਮਲਾ ਸਬੰਧਤ ਆਰ ਟੀ ਏਜ਼ ਕੋਲ ਉਠਾਇਆ ਗਿਆ ਸੀ ਅਤੇ ਵਸੂਲੀਆਂ ਪ੍ਰਕਿਰਿਆ ਦੇ ਅਧੀਨ ਸਨ।

**ਸਰਕਾਰ ਵਿਭਾਗ ਨੂੰ ਧਿਆਨ ਵਿੱਚ ਲਿਆਂਦੇ ਗਏ ਮਾਮਲਿਆਂ ਵਿੱਚ ₹ 0.97 ਕਰੋੜ ਦੇ ਸਮਾਜਿਕ ਸੁਰੱਖਿਆ ਸਰਚਾਰਜ ਦੀ ਵਸੂਲੀ ਕਰਨ ਅਤੇ ਸੁਧਾਰਾਤਮਕ ਕਾਰਵਾਈ ਲਈ ਸਾਰੇ ਆਰ ਟੀ ਏਜ਼ ਵਿੱਚ ਸਮਾਨ ਮਾਮਲਿਆਂ ਦੀ ਜਾਂਚ ਕਰਨ ਲਈ ਨਿਰਦੇਸ਼ ਦੇ ਸਕਦੀ ਹੈ।**

## 7.19 ਟੂਰਿਸਟ ਪਰਮਿਟ ਵਾਹਨਾਂ ਤੋਂ ਮੋਟਰ ਵਾਹਨ ਕਰ ਅਤੇ ਸਰਚਾਰਜ ਦੀ ਵਸੂਲੀ ਘੱਟ/ ਨਾ ਕਰਨਾ

**ਰਾਜ ਟਰਾਂਸਪੋਰਟ ਵਿਭਾਗ ਨੇ ਸੱਤ ਟਰਾਂਸਪੋਰਟਰਾਂ ਦੇ 36 ਟੂਰਿਸਟ ਪਰਮਿਟ ਵਾਹਨਾਂ ਨਾਲ ਸਬੰਧਤ ₹ 0.77 ਕਰੋੜ ਦੇ ਮੋਟਰ ਵਾਹਨ ਕਰ ਅਤੇ ਸਰਚਾਰਜ ਦੀ ਉਗਰਾਹੀ ਨਹੀਂ ਕੀਤੀ।**

ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਐਕਟ, 1924 ਦੀ ਧਾਰਾ 3 ਰਾਜ ਸਰਕਾਰ ਨੂੰ ਮੋਟਰ ਵਾਹਨ ਕਰ ਦੀਆਂ ਦਰਾਂ ਤੈਅ ਕਰਨ ਦਾ ਅਧਿਕਾਰ ਦਿੰਦੀ ਹੈ। ਰਾਜ ਵਿੱਚ ਰਜਿਸਟਰਡ ਟੂਰਿਸਟ ਪਰਮਿਟ ਵਾਹਨਾਂ ਲਈ ਮੋਟਰ ਵਾਹਨ ਕਰ ਦੀ ਦਰ ₹ 7,000 ਪ੍ਰਤੀ ਸੀਟ ਪ੍ਰਤੀ ਸਾਲ ਹੈ ਅਤੇ ਮਹੀਨਾਵਾਰ, ਤਿਮਾਹੀ ਜਾਂ ਸਾਲਾਨਾਂ ਤੌਰ ਤੇ ਮਹੀਨੇ ਦੀ 15 ਤਰੀਕ ਤੱਕ ਜਾਂ ਤਿਮਾਹੀ ਦੇ ਪਹਿਲੇ ਮਹੀਨੇ ਦੀ 15 ਤਾਰੀਖ ਜਾਂ ਸਾਲ ਦੇ 15 ਅਪ੍ਰੈਲ ਜਿਵੇਂ ਵੀ ਮਾਮਲਾ ਹੋਵੇ ਤੱਕ ਅਦਾ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਪੰਜਾਬ ਸਰਕਾਰ ਦੇ ਵਿੱਤ ਵਿਭਾਗ, ਪੰਜਾਬ ਸਮਾਜਿਕ ਸੁਰੱਖਿਆ ਐਕਟ 2018 ਦੀ ਧਾਰਾ 3(iii) ਦੇ ਪਾਲਣਾ ਵਿੱਚ ਆਵਾਜਾਈ ਵਾਹਨਾਂ ਤੇ ਕਰ ਦੇ ਦਸ *ਪ੍ਰਤੀਸ਼ਤ* ਦੀ ਦਰ ਨਾਲ ਸਮਾਜਿਕ ਸੁਰੱਖਿਆ ਸਰਚਾਰਜ ਲਗਾਇਆ ਹੈ (22 ਅਕਤੂਬਰ 2018) ਅਤੇ ਫੈਸਲਾ ਕੀਤਾ ਹੈ ਕਿ ਇਸ ਨੂੰ 16 ਨਵੰਬਰ 2018 ਤੋਂ ਲਾਗੂ ਕੀਤਾ ਜਾਵੇਗਾ। ਪੰਜਾਬ ਵਿੱਚ 31 ਮਾਰਚ 2020 ਤੱਕ ਟੂਰਿਸਟ ਪਰਮਿਟਾਂ ਦੀ ਕੁੱਲ ਗਿਣਤੀ 18,762 ਸੀ।

ਇਸ ਤੋਂ ਇਲਾਵਾ ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਐਕਟ 1924 ਦੀ ਧਾਰਾ 11-ਏ ਇਹ ਵਿਵਸਥਾ ਕਰਦੀ ਹੈ ਕਿ ਜੇਕਰ ਕੋਈ ਮਾਲਕ ਬਕਾਇਆ ਕਰ ਅਦਾ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਉਹ ਕਰ ਦੀ ਰਾਸ਼ੀ ਤੋਂ ਇਲਾਵਾ ਬਕਾਇਆ ਕਰ ਦੀ ਰਾਸ਼ੀ ਤੇ ਡੇਢ *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ ਨਾਲ ਸਧਾਰਨ ਵਿਆਜ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋਵੇਗਾ। ਇਸ ਤੋਂ ਇਲਾਵਾ,

---

127 ਕੋਵਿਡ-19 ਮਹਾਂਮਾਰੀ ਦੇ ਕਾਰਨ, ਪੰਜਾਬ ਸਰਕਾਰ ਨੇ ਸਟੇਜ ਕੈਰੇਜ਼ ਬੱਸਾਂ ਨੂੰ 23 ਮਾਰਚ 2020 ਤੋਂ 31 ਦਸੰਬਰ 2020 ਤੱਕ ਐਮ ਵੀ ਟੀ ਦੇ ਭੁਗਤਾਨ ਤੋਂ ਛੋਟ ਦਿੱਤੀ ਹੈ

128 (i) ਅੰਮ੍ਰਿਤਸਰ – ₹ 20.94 ਲੱਖ (ii) ਲੁਧਿਆਣਾ– ₹ 64.29 ਲੱਖ ਅਤੇ (iii) ਮੋਹਾਲੀ– ₹ 11.47 ਲੱਖ

ਐਕਟ ਦੀ ਧਾਰਾ 14-ਬੀ ਦੇ ਅਧੀਨ, ਜਿੱਥੇ ਕਿਸੇ ਵਾਹਨ ਦੇ ਸਬੰਧ ਵਿੱਚ ਕੋਈ ਵੀ ਕਰ ਅਦਾ ਨਹੀਂ ਕੀਤਾ ਗਿਆ ਹੈ ਤਾਂ ਵਾਹਨ ਨੂੰ ਜਬਤ ਕੀਤਾ ਜਾ ਸਕਦਾ ਹੈ।

ਰਾਜ ਟਰਾਂਸਪੋਰਟ ਕਮਿਸ਼ਨਰ, ਪੰਜਾਬ ਦੇ ਦਫ਼ਤਰ ਵਿੱਚ ਸਾਲ 2019-20 ਦੇ ਰਿਕਾਰਡ ਦੀ ਨਮੂਨਾ ਜਾਂਚ (ਜੁਲਾਈ ਅਤੇ ਅਗਸਤ 2020) ਨੇ ਦਰਸਾਇਆ ਕਿ 01 ਅਪ੍ਰੈਲ 2019 ਤੋਂ 22 ਮਾਰਚ 2020[129] ਤੱਕ ਦੇ ਸਮੇਂ ਲਈ ਸੱਤ ਟਰਾਂਸਪੋਰਟਰਾਂ ਦੇ 36 ਟੂਰਿਸਟ ਪਰਮਿਟ ਵਾਹਨਾਂ ਦੇ ਸਬੰਧ ਵਿੱਚ ₹ 1.09 ਕਰੋੜ ਦੀ ਵਸੂਲੀਯੋਗ ਰਕਮ ਦੇ ਵਿਰੁੱਧ ਸਿਰਫ ₹ 0.32 ਕਰੋੜ ਦਾ ਮੋਟਰ ਵਾਹਨ ਕਰ ਅਤੇ ਸਰਚਾਰਜ਼ ਵਸੂਲਿਆ ਗਿਆ ਸੀ। ਇਸ ਦੇ ਨਤੀਜੇ ਵਜੋਂ ₹ 0.77 ਕਰੋੜ *(ਅੰਤਿਕਾ 7.21)* ਮੋਟਰ ਵਾਹਨ ਕਰ ਅਤੇ ਸਰਚਾਰਜ ਦੀ ਘੱਟ/ਨਾ ਵਸੂਲੀ ਹੋਈ।

ਇਸ ਵੱਲ ਧਿਆਨ ਦਿਵਾਉਣ ਤੇ (ਜੁਲਾਈ ਅਤੇ ਅਗਸਤ 2020), ਵਿਭਾਗ ਨੇ ਦੋ ਟਰਾਂਸਪੋਰਟਰਾਂ ਦੇ 30 ਵਾਹਨਾਂ ਦੇ ਸਬੰਧ ਵਿੱਚ ਤੱਥਾਂ ਨੂੰ ਸਵੀਕਾਰ ਕੀਤਾ (ਸਤੰਬਰ 2020) ਅਤੇ ਇੱਕ ਟਰਾਂਸਪੋਰਟਰ ਦੇ 12 ਵਾਹਨਾਂ ਨੂੰ ਬਲੈਕਲਿਸਟ ਕੀਤਾ। ਪੰਜ ਟਰਾਂਸਪੋਰਟਰਾਂ ਦੇ ਬਾਕੀ ਛੇ ਵਾਹਨਾਂ ਦੇ ਸਬੰਧ ਵਿੱਚ ਵਿਭਾਗ ਨੇ ਕਿਹਾ ਕਿ ਜਲਦੀ ਹੀ ਜਵਾਬ ਦਾਖਲ ਕੀਤਾ ਜਾਵੇਗਾ।

ਇਸ ਮਾਮਲੇ ਦੀ ਸੂਚਨਾ ਵਿਭਾਗ ਅਤੇ ਸਰਕਾਰ ਨੂੰ ਦਿੱਤੀ ਗਈ ਸੀ (ਦਸੰਬਰ 2021); ਉਹਨਾਂ ਦੇ ਜਵਾਬਾਂ ਦੀ ਉਡੀਕ ਸੀ (ਨਵੰਬਰ 2022)।

**ਸਰਕਾਰ ਡਿਫਾਲਟਰ ਟਰਾਂਸਪੋਰਟਰਾਂ ਦੇ ਸਬੰਧ ਵਿੱਚ ਮੋਟਰ ਵਾਹਨ ਕਰ ਅਤੇ ਸਰਚਾਰਜ ਵਸੂਲਣ ਲਈ ਉਚਿਤ ਕਾਰਵਾਈ ਕਰ ਸਕਦੀ ਹੈ।**

[129] ਪੰਜਾਬ ਸਰਕਾਰ ਨੇ ਕੋਵਿਡ-19 ਮਹਾਂਮਾਰੀ ਦੀ ਸਥਿਤੀ ਕਾਰਨ 23 ਮਾਰਚ 2020 ਤੋਂ 19 ਮਈ 2020 ਤੱਕ ਟੂਰਿਸਟ ਪਰਮਿਟ ਵਾਹਨਾਂ ਨੂੰ ਮੋਟਰ ਵਾਹਨ ਕਰ ਦੇ ਭੁਗਤਾਨ ਤੋਂ ਛੋਟ ਦਿੱਤੀ ਹੈ

# ਅਧਿਆਇ-VIII

## ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ

## (ਰਾਜ ਜਨਤਕ ਖੇਤਰ ਦੇ ਅਦਾਰੇ)

# ਅਧਿਆਇ-VIII

# ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ
# (ਰਾਜ ਜਨਤਕ ਖੇਤਰ ਦੇ ਅਦਾਰੇ)

ਰਾਜ ਸਰਕਾਰ ਦੀਆਂ ਕੰਪਨੀਆਂ ਅਤੇ ਵਿਧਾਨਿਕ ਕਾਰਪੋਰੇਸ਼ਨਾਂ ਦੇ ਲੈਣ-ਦੇਣ ਦੀ ਜਾਂਚ-ਪੜਤਾਲ ਤੋਂ ਉਭਰਨ ਵਾਲੀਆਂ ਮਹੱਤਵਪੂਰਨ ਲੇਖਾ ਪ੍ਰੀਖਿਆ ਲੱਭਤਾਂ ਨੂੰ ਇਸ ਅਧਿਆਇ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ₹ 110.02 ਕਰੋੜ ਦੇ ਵਿੱਤੀ ਪ੍ਰਭਾਵ ਵਾਲੀਆਂ ਸੱਤ ਲੇਖਾ ਪ੍ਰੀਖਿਆ ਟਿੱਪਣੀਆਂ ਸ਼ਾਮਲ ਹਨ।

## ਪਾਵਰ ਵਿਭਾਗ

## ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ

### 8.1 ਵਿਆਜ ਦਾ ਨੁਕਸਾਨ

**ਸੰਚਾਲਨ ਅਤੇ ਰੱਖ-ਰਖਾਅ ਦੇ ਖਰਚਿਆਂ ਦੀ ਵਸੂਲੀ ਲਈ ਸਮਝੌਤੇ 'ਤੇ ਸਹੀ ਪਾਣ ਵਿੱਚ ਚਾਰ ਸਾਲਾਂ ਤੋਂ ਵੱਧ ਦੀ ਦੇਰੀ ਦੇ ਨਤੀਜੇ ਵਜੋਂ ₹ 1.26 ਕਰੋੜ ਦੇ ਬਚਣਯੋਗ ਵਿਆਜ ਦੀ ਲਾਗਤ ਪਈ।**

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ (ਕੰਪਨੀ) ਪਾਵਰ ਗਰਿੱਡ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਡ[1] (ਪੀ ਜੀ ਸੀ ਆਈ ਐਲ) ਦੀ ਮਲਕੀਅਤ ਵਾਲੇ ਅਤੇ ਕੰਪਨੀ ਦੇ ਸਬ-ਸਟੇਸ਼ਨਾਂ ਵਿੱਚ ਸਥਿਤ ਲਾਈਨ ਬੇਜ਼[2] ਦਾ ਸੰਚਾਲਨ ਅਤੇ ਰੱਖ-ਰਖਾਅ (ਓ ਐਂਡ ਐਮ) ਕਰਦੀ ਹੈ। ਕੰਪਨੀ ਪੀ ਜੀ ਸੀ ਆਈ ਐਲ ਤੋਂ ਗਤੀਵਿਧੀ ਲਈ ਓ ਐਂਡ ਐਮ ਖਰਚੇ ਦੀ ਵਸੂਲੀ ਕਰਦੀ ਹੈ, ਜਿਵੇਂ ਕਿ ਸੀ ਈ ਆਰ ਸੀ (ਟੈਰਿਫ ਦੇ ਨਿਯਮ ਅਤੇ ਸ਼ਰਤਾਂ) ਨਿਯਮਾਂ ਵਿੱਚ ਦਿੱਤੀ ਗਈ ਮਿਆਦ ਲਈ ਲਾਗੂ ਹੋਣ ਯੋਗ, ਤਿਮਾਹੀ ਆਧਾਰ 'ਤੇ ਕੇਂਦਰੀ ਬਿਜਲੀ ਰੈਗੂਲੇਟਰੀ ਕਮਿਸ਼ਨ (ਸੀ ਈ ਆਰ ਸੀ) ਦੁਆਰਾ ਹਰ ਸਾਲ ਲਈ ਨਿਰਧਾਰਤ ਅਤੇ ਨੋਟੀਫਾਈ ਕੀਤਾ ਗਿਆ ਹੈ। ਓ ਐਂਡ ਐਮ ਖਰਚਿਆਂ ਦੀ ਵਸੂਲੀ ਲਈ ਪੀ ਜੀ ਸੀ ਆਈ ਐਲ ਨਾਲ ਇੱਕ ਮੈਮੋਰੈਂਡਮ ਆਫ ਅੰਡਰਸਟੈਂਡਿੰਗ (ਐਮ ਓ ਯੂ) ਦੀ ਲੋੜ ਹੁੰਦੀ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ (ਜੁਲਾਈ 2021) ਕਿ ਕੰਪਨੀ ਜੂਨ 2016 ਵਿੱਚ ਆਪਣੇ ਚਾਲੂ ਹੋਣ ਤੋਂ ਬਾਅਦ ਰਾਜਪੁਰਾ ਵਿਖੇ ਆਪਣੇ 400 ਕੇ ਵੀ ਸਬ-ਸਟੇਸ਼ਨ 'ਤੇ ਸਥਿਤ ਪੀ ਜੀ ਸੀ ਆਈ ਐਲ

---

[1] ਇੱਕ ਕੇਂਦਰੀ ਜਨਤਕ ਖੇਤਰ ਅਦਾਰਾ ਜੋ ਕੇਂਦਰੀ ਖੇਤਰ ਦੀ ਬਿਜਲੀ ਦੀ ਨਿਕਾਸੀ ਲਈ ਟਰਾਂਸਮਿਸ਼ਨ ਸਿਸਟਮ ਪ੍ਰਦਾਨ ਕਰਦਾ ਹੈ ਅਤੇ ਖੇਤਰਾਂ/ਰਾਜਾਂ ਦੇ ਅੰਦਰ ਅਤੇ ਬਾਹਰ ਬਿਜਲੀ ਦੇ ਤਬਾਦਲੇ ਦੀ ਸਹੂਲਤ ਦੇਣ ਲਈ ਖੇਤਰੀ ਅਤੇ ਰਾਸ਼ਟਰੀ ਪਾਵਰ ਗਰਿੱਡਾਂ ਦੀ ਸਥਾਪਨਾ ਅਤੇ ਸੰਚਾਲਨ ਲਈ ਵੀ ਜ਼ਿੰਮੇਵਾਰ ਹੈ।

[2] ਬੇਅ ਇਲੈਕਟ੍ਰੀਕਲ ਸਬ-ਸਟੇਸ਼ਨ ਦੇ ਅੰਦਰ ਇੱਕ ਪਾਵਰ ਲਾਈਨ ਹੈ ਜੋ ਇੱਕ ਸਰਕਟ (ਜਿਵੇਂ ਕਿ ਇੱਕ ਪਾਵਰ ਲਾਈਨ ਜਾਂ ਟਰਾਂਸਫਾਰਮਰ) ਨੂੰ ਇੱਕ ਬੱਸ ਬਾਰ (ਇੱਕ ਸਬ ਸਟੇਸ਼ਨ ਵਿੱਚ ਕੇਂਦਰੀ ਕੁਨੈਕਸ਼ਨ ਜੋ ਇੱਕੋ ਵੋਲਟੇਜ ਦੇ ਸਾਰੇ ਸਰਕਟਾਂ ਨੂੰ ਆਪਸ ਵਿੱਚ ਜੋੜਦਾ ਹੈ) ਨਾਲ ਜੋੜਦੀ ਹੈ।

ਦੇ ਦੋ[3] 400 ਕੇ ਵੀ ਲਾਈਨ ਬੇਜ਼ ਦੇ ਓ ਐਂਡ ਐਮ ਕਰ ਰਹੀ ਸੀ। ਹਾਲਾਂਕਿ, ਪੀ ਜੀ ਸੀ ਆਈ ਐਲ ਤੋਂ ਤਿਮਾਹੀ ਅਧਾਰ ਤੇ ਬਕਾਇਆ ਓ ਐਂਡ ਐਮ ਖਰਚਿਆਂ ਦੀ ਵਸੂਲੀ ਲਈ ਐਮ ਓ ਯੂ, ਆਖਰਕਾਰ ਚਾਰ ਸਾਲ ਤੋਂ ਵੱਧ ਦੀ ਦੇਰੀ ਨਾਲ ਦਸੰਬਰ 2020 ਵਿੱਚ ਕੰਪਨੀ ਦੁਆਰਾ ਹਸਤਾਖਰ ਕੀਤਾ ਗਿਆ ਸੀ। ਐਮ ਓ ਯੂ ਨੂੰ ਲਾਗੂ ਕਰਨ ਵਿੱਚ ਦੇਰੀ ਦੇ ਕਾਰਨ ਰਿਕਾਰਡ ਵਿੱਚ ਨਹੀਂ ਸਨ।

ਐਮ ਓ ਯੂ 'ਤੇ ਸਹੀ ਪਾਣ ਵਿੱਚ ਇਸ ਦੇਰੀ ਦੇ ਕਾਰਨ, ਜੂਨ 2016 ਤੋਂ ਦਸੰਬਰ 2020 ਤੱਕ ₹ 4.58 ਕਰੋੜ ਦੇ ਓ ਐਂਡ ਐਮ ਖਰਚੇ ਜੋ ਕਿ ਤਿਮਾਹੀ ਆਧਾਰ 'ਤੇ ਵਸੂਲਣਯੋਗ ਸੀ, ਪੀ ਜੀ ਸੀ ਆਈ ਐਲ ਤੋਂ ਸਿਰਫ ਮਾਰਚ 2021 ਵਿੱਚ *ਭਾਵ* ਤਿੰਨ ਮਹੀਨਿਆਂ ਤੋਂ ਸਾਢੇ ਚਾਰ ਸਾਲਾਂ ਦੇ ਬੀਤਣ ਤੋਂ ਬਾਅਦ ਹੀ ਕਲੇਮ ਕੀਤੇ ਜਾ ਸਕੇ। ਕੰਪਨੀ ਨੂੰ ਬਣਦਾ ਭੁਗਤਾਨ ਅਪ੍ਰੈਲ/ਮਈ 2021 ਵਿੱਚ ਪ੍ਰਾਪਤ ਹੋਇਆ ਸੀ।

ਐਮ ਓ ਯੂ 'ਤੇ ਸਹੀ ਪਾਣ ਵਿੱਚ ਦੇਰੀ ਅਤੇ ਨਤੀਜੇ ਵਜੋਂ ਓ ਐਂਡ ਐਮ ਖਰਚਿਆਂ ਦੀ ਵਸੂਲੀ ਵਿੱਚ ਦੇਰੀ ਵਜੋਂ ਕੰਪਨੀ ਉੱਤੇ ₹ 1.26 ਕਰੋੜ[4] ਦੀ ਬਚਣਯੋਗ ਵਿਆਜ ਦੀ ਲਾਗਤ ਪਈ, ਜੋ ਆਪਣੇ ਰੋਜ਼ਾਨਾ ਦੇ ਕੰਮਾਂ ਲਈ ਬੈਂਕਾਂ ਤੋਂ ਕਾਰਜਸ਼ੀਲ ਪੂੰਜੀ ਕਰਜ਼ਿਆਂ 'ਤੇ ਨਿਰਭਰ ਹੈ।

ਮੈਨੇਜਮੈਂਟ ਨੇ ਜਵਾਬ (ਮਾਰਚ 2022) ਦਿੱਤਾ ਕਿ 400 ਕੇ ਵੀ ਸਿਸਟਮ ਇੱਕ ਨਵਾਂ ਸਿਸਟਮ ਹੋਣ ਕਰਕੇ, ਕੰਪਨੀ ਦਾ ਧਿਆਨ ਰਾਜ ਦੀਆਂ ਬਿਜਲੀ ਲੋੜਾਂ ਨੂੰ ਪੂਰਾ ਕਰਨ ਲਈ ਇਸ ਨੂੰ ਚਾਲੂ ਰੱਖਣ ਅਤੇ ਰੱਖ-ਰਖਾਅ ਤੇ ਰਿਹਾ। ਪੀ ਜੀ ਸੀ ਆਈ ਐਲ ਨਾਲ ਐਮ ਓ ਯੂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਅਪ੍ਰੈਲ 2018 ਦੌਰਾਨ ਸ਼ੁਰੂ ਕੀਤੀ ਗਈ ਸੀ ਪਰ 2019-24 ਲਈ ਸੀ ਈ ਆਰ ਸੀ ਦੁਆਰਾ ਨੋਟੀਫਾਈ ਕੀਤੇ ਓ ਐਂਡ ਐਮ ਖਰਚਿਆਂ ਨੂੰ ਸ਼ਾਮਲ ਕਰਨ ਦੀ ਜ਼ਰੂਰਤ ਦੇ ਕਾਰਨ ਅਤੇ ਐਮ ਓ ਯੂ ਵਿੱਚ ਬੇਜ਼ ਦੇ ਚਾਲੂ ਹੋਣ ਦੀ ਮਿਤੀ ਤੋਂ ਪੀ ਜੀ ਸੀ ਆਈ ਐਲ ਦੁਆਰਾ ਕੀਤੇ ਗਏ ਰੱਖ-ਰਖਾਅ ਦੇ ਕੰਮਾਂ ਦੀ ਲਾਗਤ ਨੂੰ ਸ਼ਾਮਲ ਕਰਨ ਦੇ ਕਾਰਨ ਦੇਰੀ ਹੋਈ।

ਮੈਨੇਜਮੈਂਟ ਦਾ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ 400 ਕੇ ਵੀ ਨਕੋਦਰ ਸਬ-ਸਟੇਸ਼ਨ ਤੇ ਚਾਲੂ ਕੀਤੇ (ਨਵੰਬਰ/ਦਸੰਬਰ 2015) ਦੋ[5] 400 ਕੇ ਵੀ ਲਾਈਨ ਬੇਜ਼ ਦੇ ਓ ਐਂਡ ਐਮ ਲਈ 2015-19 ਦੇ ਸਮੇਂ ਲਈ ਇਸੇ ਤਰ੍ਹਾਂ ਦੇ ਐਮ ਓ ਯੂ ਨੂੰ ਲਾਗੂ (ਜੂਨ 2016) ਕੀਤਾ ਗਿਆ ਸੀ ਅਤੇ 400 ਕੇ ਵੀ ਰਾਜਪੁਰਾ ਵਿਖੇ 400 ਕੇ ਵੀ ਲਾਈਨ ਬੇਜ਼ ਲਈ ਪਹਿਲੇ ਐਮ ਓ ਯੂ ਦੇ ਅਮਲ (ਦਸੰਬਰ 2020) ਤੋਂ ਪਹਿਲਾਂ 2019-24 ਦੇ ਸਮੇਂ ਲਈ ਨਿਵਿਆਇਆ (ਨਵੰਬਰ 2019) ਵੀ ਗਿਆ। ਇਹ ਦਰਸਾਉਂਦਾ ਹੈ ਕਿ ਕੰਪਨੀ ਨੇ ਪੀ ਜੀ ਸੀ ਆਈ ਐਲ ਦੇ 400 ਕੇ ਵੀ ਰਾਜਪੁਰਾ ਦੇ ਐਮ ਓ ਯੂ ਲਾਗੂ ਕਰਨ ਦੀ ਪ੍ਰਕਿਰਿਆ ਦਾ ਗੰਭੀਰਤਾ ਨਾਲ ਪਾਲਣ ਨਹੀਂ ਕੀਤਾ, ਜਿਸ ਕਾਰਨ ਓ ਐਂਡ ਐਮ ਖਰਚਿਆਂ ਦੀ ਵਸੂਲੀ ਵਿੱਚ ਦੇਰੀ ਹੋਈ ਅਤੇ ਨਤੀਜੇ ਵਜੋਂ ₹ 1.26 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ।

---

[3] 400 ਕੇ ਵੀ ਦੇਹਰ - ਰਾਜਪੁਰਾ ਅਤੇ 400 ਕੇ ਵੀ ਰਾਜਪੁਰਾ - ਭਿਵਾਨੀ ਲਾਈਨ ਬੇਜ਼।

[4] 2016-17 ਤੋਂ 2020-21 ਦੇ ਸਾਲਾਂ ਲਈ ਟੈਰਿਫ ਆਦੇਸ਼ ਵਿੱਚ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੁਆਰਾ ਮਨਜ਼ੂਰ ਕਾਰਜਸ਼ੀਲ ਪੂੰਜੀ ਤੇ ਵਿਆਜ ਦੀ ਦਰ 'ਤੇ ਗਣਨਾ ਕੀਤੀ ਗਈ।

[5] 400 ਕੇ ਵੀ ਜਲੰਧਰ- ਨਕੋਦਰ ਅਤੇ 400 ਕੇ ਵੀ ਨਕੋਦਰ-ਕੁਰੂਕਸ਼ੇਤਰ ਲਾਈਨ ਬੇਜ਼।

ਮਾਮਲਾ ਸਰਕਾਰ ਨੂੰ ਭੇਜਿਆ (ਅਕਤੂਬਰ 2021) ਗਿਆ ਸੀ, ਉਹਨਾਂ ਦੇ ਜਵਾਬ ਦੀ ਉਡੀਕ (ਨਵੰਬਰ 2022) ਸੀ।

**ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਕੰਪਨੀ ਨੂੰ ਆਪਣੇ ਵਿੱਤੀ ਹਿੱਤਾਂ ਦੀ ਰੱਖਿਆ ਕਰਨ ਲਈ ਆਪਣੇ ਬਕਾਇਆ ਖਰਚਿਆਂ ਦੀ ਵਸੂਲੀ ਲਈ ਸਾਰੇ ਵਪਾਰਕ ਸਮਝੌਤਿਆਂ ਨੂੰ ਸਮੇਂ ਸਿਰ ਲਾਗੂ ਕਰਨਾ ਯਕੀਨੀ ਬਣਾਉਣਾ ਚਾਹੀਦਾ ਹੈ।**

## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ

## 8.2 ਮਾਈਕਰੋ ਹਾਈਡਲ ਪ੍ਰੋਜੈਕਟਾਂ ਦੇ ਚਾਲੂ ਹੋਣ ਵਿੱਚ ਦੇਰੀ

**ਨਵੀਨੀਕਰਣ ਤੋਂ ਬਾਅਦ ਤਿੰਨ ਮਾਈਕਰੋ ਹਾਈਡਲ ਪ੍ਰੋਜੈਕਟਾਂ ਨੂੰ ਚਾਲੂ ਕਰਨ ਵਿੱਚ ਦੇਰੀ ਕਾਰਨ ਕੰਪਨੀ ਨੇ 18.93 ਐਮ ਯੂਜ਼ ਦੇ ਉਤਪਾਦਨ ਦਾ ਘਾਟਾ ਝੱਲਿਆ ਜਿਸ ਦੇ ਕਾਰਣ ₹ 5.58 ਕਰੋੜ ਦੇ ਰੈਵੀਨਿਊ ਦਾ ਨਿਰੋਲ ਘਾਟਾ ਅਤੇ ਨਵਿਆਉਣਯੋਗ ਖਰੀਦ ਦੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ₹ 3.41 ਕਰੋੜ ਦਾ ਬਚਣਯੋਗ ਖਰਚਾ ਹੋਇਆ।**

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਕੰਪਨੀ) ਨੇ ਆਪਣੇ ਮਾਈਕਰੋ ਹਾਈਡਲ ਪ੍ਰੋਜੈਕਟਾਂ (ਐਮ ਐਚ ਪੀਜ਼) ਦੇ ਰੱਖ-ਰਖਾਅ ਦੇ ਨਵੀਨੀਕਰਨ, ਸੰਚਾਲਨ ਅਤੇ ਟਰਾਂਸਫਰ (ਆਰ ਓ ਟੀ) ਲਈ ਟੈਂਡਰ ਜਾਰੀ ਕਰਨ ਦਾ ਫੈਸਲਾ (ਜਨਵਰੀ 2016) ਕੀਤਾ ਅਤੇ ਤਿੰਨ (ਬੂਹੀ, ਨਿਦਾਮਪੁਰ ਅਤੇ ਦੌਧਰ) ਐਮ ਐਚ ਪੀਜ਼ ਲਈ ਆਰ ਓ ਟੀ ਸਮਝੌਤਿਆਂ ਤੇ ਹਸਤਾਖਰ (ਦਸੰਬਰ 2016) ਕੀਤੇ। ਸਾਰੇ ਤਿੰਨ ਐਮ ਐਚ ਪੀਜ਼ ਦਸੰਬਰ 2017 ਤੱਕ ਚਾਲੂ ਕੀਤੇ ਜਾਣੇ ਸਨ।

ਲੇਖਾ ਪ੍ਰੀਖਿਆ ਨੇ ਦੇਖਿਆ (ਅਕਤੂਬਰ 2020) ਕਿ ਪ੍ਰੋਜੈਕਟ ਅਸਲ ਵਿੱਚ 221 ਅਤੇ 594 ਦਿਨਾਂ ਦੇ ਵਿਚਕਾਰ ਦੀ ਦੇਰੀ ਤੋਂ ਬਾਅਦ ਚਾਲੂ ਕੀਤੇ ਗਏ ਸਨ। ਇਹ ਦੇਰੀ ਟਰਬਾਈਨ ਦੇ ਪੁਰਜ਼ਿਆਂ ਦੀ ਤੋੜ-ਭੰਨ, ਡਿਜ਼ਾਈਨ ਅਤੇ ਇੰਜੀਨੀਅਰਿੰਗ, ਨਵੀਨੀਕਰਨ, ਨਵੀਂ ਖਰੀਦ ਅਤੇ ਸ਼ੌਪ ਫਿਟਮੈਂਟ ਨਾਲ ਸਬੰਧਤ ਮਾਮਲੇ ਕਾਰਨ ਹੋਈ ਸੀ। ਇਸ ਤੋਂ ਇਲਾਵਾ, ਪ੍ਰਸਤਾਵ ਲਈ ਬੇਨਤੀ (ਆਰ ਐਫ ਪੀ) ਦਸਤਾਵੇਜ਼ਾਂ ਦੇ ਅਨੁਸਾਰ, ਇਹਨਾਂ ਗਤੀਵਿਧੀਆਂ ਨੂੰ ਬੋਲੀ ਲਗਾਉਣ ਵੇਲੇ ਬੋਲੀਕਾਰ ਦੁਆਰਾ ਵਿਚਾਰਿਆ ਜਾਣਾ ਸੀ। ਇਸ ਲਈ, ਇਹ ਕਾਰਕ ਬੋਲੀਕਾਰ/ਠੇਕੇਦਾਰ ਦੀ ਜਾਣਕਾਰੀ ਦੇ ਅੰਦਰ ਸਨ। ਠੇਕੇਦਾਰ ਦੁਆਰਾ ਨਵੀਨੀਕਰਨ ਤੋਂ ਬਾਅਦ ਇਹਨਾਂ ਤਿੰਨ ਐਮ ਐਚ ਪੀਜ਼ ਨੂੰ ਚਾਲੂ ਕਰਨ ਵਿੱਚ ਹੋਈ ਦੇਰੀ ਦੇ ਨਤੀਜੇ ਵਜੋਂ ₹ 5.58 ਕਰੋੜ ਦੇ ਰੈਵੀਨਿਊ[6] ਦੇ ਬਰਾਬਰ 18.93 ਐਮ ਯੂਜ਼ ਬਿਜਲੀ ਉਤਪਾਦਨ ਦਾ ਘਾਟਾ ਹੋਇਆ ਜੋ ਹੇਠ ਲਿਖੇ ਅਨੁਸਾਰ ਹੈ:

[6] ਟੈਰਿਫ ਆਰਡਰ ਅਨੁਸਾਰ ਸਾਲ ਲਈ ਔਸਤ ਪ੍ਰਾਪਤੀ ਯੋਗ ਦਰ *ਘਟਾਓ* ਮਾਈਕਰੋ ਹਾਈਡਲ ਪ੍ਰੋਜੈਕਟਾਂ ਦੀ ਪਾਵਰ ਦੀ ਲਾਗਤ।

**ਸਾਰਣੀ 8.1: ਮਾਈਕਰੋ ਹਾਈਡਲ ਪ੍ਰੋਜੈਕਟਾਂ ਵਿੱਚ ਉਤਪਾਦਨ ਦੇ ਨੁਕਸਾਨ ਕਾਰਨ ਰੈਵੀਨਿਊ ਦਾ ਨਿਰੋਲ ਘਾਟਾ**

| ਪ੍ਰੋਜੈਕਟਾਂ ਦਾ ਨਾਂ | ਕੰਮ ਦਾ ਆਰਡਰ ਜਾਰੀ ਕਰਨ ਦੀ ਮਿਤੀ | ਚਾਲੂ ਹੋਣ ਦੀ ਬਣਦੀ ਮਿਤੀ | ਪ੍ਰੋਜੈਕਟ ਦੇ ਚਾਲੂ ਹੋਣ ਦੀ ਅਸਲ ਮਿਤੀ | ਦੇਰੀ (ਦਿਨਾਂ ਵਿੱਚ) | ਉਤਪਾਦਨ ਦਾ ਅਨੁਮਾਨਿਤ ਘਾਟਾ | ਨਿਰੋਲ ਰੈਵੀਨਿਊ ਘਾਟਾ[7] |
|---|---|---|---|---|---|---|
| | | | | | (ਐਮ ਯੂਜ਼ ਵਿੱਚ) | (₹ ਕਰੋੜ ਵਿੱਚ) |
| **1** | **2** | **3** | **4** | **5** | **6** | **7** |
| ਦੌਧਰ | 23-12-16 | 22-12-17 | 31-07-18 | 221 | 6.330 | 2.31 |
| ਨਿਦਾਮਪੁਰ | 22-12-16 | 21-12-17 | 10-10-18 | 293 | 4.206 | 1.08 |
| ਬੂਹੀ | 21-12-16 | 20-12-17 | 06-08-19 | 594 | 8.398 | 2.19 |
| ਕੁੱਲ | | | | | **18.934** | **5.58** |

*ਸ੍ਰੋਤ: ਕੰਪਨੀ ਦੁਆਰਾ ਮੁਹੱਈਆ ਕੀਤਾ ਗਿਆ ਡਾਟਾ*

ਲੇਖਾ ਪ੍ਰੀਖਿਆ ਨੇ ਅੱਗੇ ਦੇਖਿਆ ਕਿ ਕੰਪਨੀ ਨੇ ਕੰਮ ਨੂੰ ਪੂਰਾ ਕਰਨ ਵਿੱਚ ਦੇਰੀ ਲਈ ਆਰ ਓ ਟੀ ਸਮਝੌਤੇ ਵਿੱਚ ਕੋਈ ਜੁਰਮਨੇ ਦੀ ਧਾਰਾ ਸ਼ਾਮਲ ਨਹੀਂ ਕੀਤੀ; ਨਤੀਜੇ ਵਜੋਂ, ਇਹ ਆਪਣੇ ਨੁਕਸਾਨ ਨੂੰ ਪੂਰਾ ਕਰਨ ਲਈ ਠੇਕੇਦਾਰ ਤੇ ਕੋਈ ਜੁਰਮਾਨਾ ਨਹੀਂ ਲਗਾ ਸਕੀ।

ਲੇਖਾ ਪ੍ਰੀਖਿਆ ਨੇ ਇਹ ਵੀ ਦੇਖਿਆ ਕਿ ਇਸ ਦੇਰੀ ਕਾਰਨ ਕੰਪਨੀ ਆਪਣੀਆਂ ਨਵਿਆਉਣਯੋਗ ਊਰਜਾ ਵਚਨਬਧਤਾਵਾਂ ਨੂੰ ਵੀ ਪੂਰਾ ਨਹੀਂ ਕਰ ਸਕੀ। ਸਿੱਟੇ ਵਜੋਂ, ਕੰਪਨੀ ਨੂੰ ਨਵਿਆਉਣਯੋਗ ਖਰੀਦਦਾਰੀ ਜ਼ਿੰਮੇਵਾਰੀ (ਆਰ ਪੀ ਓ) ਪ੍ਰਤੀ ਆਪਣੀ ਵਚਨਬੱਧਤਾ ਨੂੰ ਪੂਰਾ ਕਰਨ ਲਈ ₹ 3.41 ਕਰੋੜ ਦੇ ਨਵਿਆਉਣਯੋਗ ਊਰਜਾ ਸਰਟੀਫਿਕੇਟ (ਆਰ ਈ ਸੀਜ਼) ਖਰੀਦਣੇ ਪਏ।

ਮੈਨੇਜਮੈਂਟ ਨੇ ਕਿਹਾ (ਸਤੰਬਰ 2022) ਕਿ ਦੇਰੀ ਤੋੜ-ਭੰਨ, ਟਰਬਾਈਨ ਡਿਜ਼ਾਈਨ ਅਤੇ ਇੰਜੀਨੀਅਰਿੰਗ, ਮੁਰੰਮਤ, ਨਵੀਨੀਕਰਨ, ਸ਼ੌਪ ਫਿਟਮੈਂਟ, ਨਵੀ ਟਰਾਂਸਮਿਸ਼ਨ ਲਾਈਨ ਲਗਾਉਣ ਆਦਿ ਦੀ ਸਮੱਸਿਆਵਾਂ ਵਰਗੇ ਤਕਨੀਕੀ ਮਾਮਲੇ ਕਾਰਨ ਹੋਈ ਹੈ। ਕੰਪਨੀ ਦਾ ਜਵਾਬ ਮੰਨਣਯੋਗ ਨਹੀਂ ਹੈ ਕਿਉਂਕਿ ਸਾਰੇ ਸਬੰਧਤ ਕਾਰਕਾਂ ਜੋ ਕਿ ਨਿਯੰਤਰਣਯੋਗ ਸਨ, ਨੂੰ ਵਿਚਾਰਨ ਤੋਂ ਬਾਅਦ ਬੋਲੀ ਦਸਤਾਵੇਜ਼ ਵਿੱਚ ਸੂਚੀਬੱਧ ਮੁਕੰਮਲ ਹੋਣ ਦੀ ਮਿਆਦ ਦਿੱਤੀ ਗਈ ਸੀ।

ਮਾਮਲਾ ਰਾਜ ਸਰਕਾਰ ਨੂੰ ਭੇਜਿਆ (ਜਨਵਰੀ 2022) ਗਿਆ ਸੀ ; ਉਹਨਾਂ ਦੇ ਜਵਾਬ ਦੀ ਉਡੀਕ (ਨਵੰਬਰ 2022) ਸੀ।

**ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਕੰਪਨੀ ਨੂੰ ਆਪਣੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕਰਨ ਲਈ ਲਾਗੂ ਕਰਨ ਦੀ ਨਿਗਰਾਨੀ ਕਰਨੀ ਚਾਹੀਦੀ ਹੈ।**

---

7 ਸਬੰਧਤ ਸਾਲ ਦੇ ਟੈਰਿਫ ਆਰਡਰ ਅਨੁਸਾਰ ਸਾਲ ਲਈ ਸਾਲਾਨਾ ਪ੍ਰਾਪਤੀਯੋਗ ਕੀਮਤ ਅਤੇ ਪ੍ਰੋਜੈਕਟ ਤੋਂ ਊਰਜਾ ਦੀ ਲਾਗਤ ਵਿਚਕਾਰ ਅੰਤਰ।

## 8.3 ਦੰਡਕ ਵਿਆਜ ਦਾ ਇਕੱਠਾ ਹੋਣਾ

**ਕੰਪਨੀ ਨੇ ਮਾਈਕਰੋ ਅਤੇ ਸਮਾਲ ਐਂਟਰਪ੍ਰਾਈਜਿਜ਼ ਨੂੰ ਭੁਗਤਾਨਾਂ ਵਿੱਚ ਦੇਰੀ ਕਰਨੀ ਜਾਰੀ ਰੱਖੀ ਜਿਸ ਦੇ ਨਤੀਜੇ ਵਜੋਂ ਅਪ੍ਰੈਲ 2018 ਅਤੇ ਦਸੰਬਰ 2021 ਵਿਚਕਾਰ ₹ 90.41 ਕਰੋੜ ਦੀ ਦੰਡਕ ਵਿਆਜ ਦੀ ਦੇਣਦਾਰੀ ਇੱਕਠੀ ਹੋਈ।**

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਕੰਪਨੀ) 'ਮਾਈਕਰੋ, ਸਮਾਲ ਐਂਡ ਮੀਡੀਅਮ ਐਂਟਰਪ੍ਰਾਈਜਿਜ਼ ਡਿਵੈਲਪਮੈਂਟ ਐਕਟ, 2006' (ਐਕਟ)[8] ਦੇ ਅਧੀਨ ਮਾਈਕਰੋ ਅਤੇ ਸਮਾਲ ਐਂਟਰਪ੍ਰਾਈਜਿਜ਼ (ਐਮ ਐਸ ਈਜ਼) ਵਜੋਂ ਪਰਿਭਾਸ਼ਿਤ ਸਮੇਤ ਕਈ ਸਪਲਾਇਰ ਫਰਮਾਂ ਤੋਂ ਆਪਣੀਆਂ ਸੰਚਾਲਨ ਲੋੜਾਂ ਲਈ ਵੱਖ-ਵੱਖ ਕਿਸਮਾਂ ਦਾ ਮਟੀਰੀਅਲ ਖਰੀਦਦੀ ਹੈ।

ਐਕਟ ਖਰੀਦਦਾਰ ਲਈ ਸਹਿਮਤੀਸ਼ੁਦਾ ਮਿਤੀ 'ਤੇ ਜਾਂ ਇਸ ਤੋਂ ਪਹਿਲਾਂ ਐਮ ਐਸ ਈਜ਼ ਨੂੰ ਭੁਗਤਾਨ ਕਰਨ ਦੀ ਵਿਵਸਥਾ[9] ਕਰਦਾ ਹੈ ਜੋ ਕਿ ਮਟੀਰੀਅਲ ਦੀ ਸਵੀਕ੍ਰਿਤੀ ਦੀ ਮਿਤੀ ਤੋਂ 45 ਦਿਨਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ, ਜਿਸ ਦੇ ਅਸਫਲ ਹੋਣ ਤੇ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਵੱਲੋਂ ਨੋਟੀਫਾਈ ਕੀਤੀ ਬੈਂਕ ਦਰ ਦੇ ਤਿੰਨ ਗੁਣਾ ਤੇ ਮਹੀਨਾਵਾਰ ਆਧਾਰ ਦੇ ਨਾਲ ਖਰੀਦਦਾਰ ਅਤੇ ਸਪਲਾਇਰ ਵਿਚਕਾਰ ਕਿਸੇ ਵੀ ਸਮਝੌਤੇ ਵਿੱਚ ਜਾਂ ਇਸ ਸਮੇਂ ਲਈ ਲਾਗੂ ਕਿਸੇ ਕਾਨੂੰਨ ਵਿੱਚ ਕੁੱਝ ਵੀ ਸ਼ਾਮਲ ਹੋਣ ਦੇ ਬਾਵਜੂਦ ਮਿਸ਼ਰਤ ਵਿਆਜ ਦਾ ਭੁਗਤਾਨ ਕਰਨ ਲਈ ਜਵਾਬਦੇਹ ਹੋਵੇਗਾ। ਐਕਟ ਅੱਗੇ ਇਹ ਵਿਵਸਥਾ[10] ਕਰਦਾ ਹੈ ਕਿ ਇਸ ਐਕਟ ਦੇ ਅਧੀਨ ਬਕਾਇਆ ਕਿਸੇ ਵੀ ਰਾਸ਼ੀ ਦੇ ਸਬੰਧ ਵਿੱਚ ਵਿਵਾਦ ਦਾ ਕੋਈ ਵੀ ਪੱਖ, ਮਾਈਕਰੋ ਐਂਡ ਸਮਾਲ ਐਂਟਰਪ੍ਰਾਈਜਿਜ਼ ਫੈਸਿਲੀਟੇਸ਼ਨ ਕੌਂਸਲ (ਐਮ ਐਸ ਈ ਐਫ ਸੀ) ਦਾ ਹਵਾਲਾ ਦੇ ਸਕਦਾ ਹੈ ਅਤੇ ਉਹ ਅਰਜ਼ੀ ਨੂੰ ਐਮ ਐਸ ਈ ਐਫ ਸੀ ਵੱਲੋਂ ਕੀਤੇ ਗਏ ਕਿਸੇ ਵੀ ਫ਼ਰਮਾਨ, ਅਵਾਰਡ ਜਾਂ ਹੋਰ ਆਦੇਸ਼ ਨੂੰ ਪਾਸੇ ਕਰਨ ਲਈ ਅਦਾਲਤ ਦੁਆਰਾ ਉਦੋਂ ਹੀ ਵਿਚਾਰਿਆ ਜਾਵੇਗਾ ਜਦੋਂ ਅਪੀਲਕਰਤਾ ਦੁਆਰਾ ਫਰਮਾਨ, ਅਵਾਰਡ ਜਾਂ ਆਰਡਰ ਕੀਤੀ ਗਈ ਰਕਮ ਦਾ 75 *ਪ੍ਰਤੀਸ਼ਤ* ਜਮ੍ਹਾਂ ਕਰ ਦਿੱਤਾ ਜਾਵੇਗਾ।

ਲੇਖਾ ਪ੍ਰੀਖਿਆ ਨੇ ਦੇਖਿਆ (ਜੁਲਾਈ 2019) ਕਿ ਕੰਪਨੀ ਨੇ ਐਮ ਐਸ ਈਜ਼ ਨੂੰ ਭੁਗਤਾਨਾਂ ਵਿੱਚ ਦੇਰੀ ਕੀਤੀ ਅਤੇ ਨਿਆਇਕ ਅਥਾਰਟੀਆਂ ਦੁਆਰਾ ਉਨ੍ਹਾਂ ਵਿਰੁੱਧ ਦੇਰੀ ਨਾਲ ਅਦਾਇਗੀਆਂ ਅਤੇ ਅਵਾਰਡਾਂ ਤੇ ਵਿਆਜ ਲਈ ਐਮ ਐਸ ਈਜ਼ ਦੇ ਕਲੇਮਜ਼ ਦਾ ਵੀ ਉੱਚ ਅਦਾਲਤਾਂ ਵਿੱਚ ਪ੍ਰਤਿਵਾਦ ਕੀਤਾ ਸੀ। ਮਈ/ਜੂਨ 2015 ਦੇ ਦੌਰਾਨ, ਐਮ ਐਸ ਈ ਐਫ ਸੀਜ਼ ਦੁਆਰਾ ਦਿੱਤੇ ਗਏ ਅਵਾਰਡਾਂ ਵਿੱਚ ਕੋਈ ਗੈਰ-ਕਾਨੂੰਨੀ ਜਾਂ ਤਰੁਟੀ ਨਾ ਪਾਏ ਜਾਣ ਕਰਕੇ, ਪੰਜਾਬ ਅਤੇ ਹਰਿਆਣਾ ਦੇ ਹਾਈ ਕੋਰਟ ਨੇ ਕੰਪਨੀ ਦੀਆਂ 37 ਅਪੀਲਾਂ ਨੂੰ ਖਾਰਜ ਕਰ ਦਿੱਤਾ ਸੀ। ਇਸ ਤੋਂ ਇਲਾਵਾ, ਭਾਰਤ ਦੀ

---

8 ਪਹਿਲਾਂ ਦੇ 'ਸਮਾਲ ਸਕੇਲ ਅਤੇ ਐਨਸੀਲਰੀ ਇੰਡਸਟਰੀਅਲ ਅੰਡਰਟੇਕਿੰਗਜ਼ ਐਕਟ 1993 ਨੂੰ ਦੇਰੀ ਨਾਲ ਹੋਏ ਭੁਗਤਾਨਾਂ ਤੇ ਵਿਆਜ' ਦੀ ਥਾਂ ਤੇ।

9 ਐਮ ਐਸ ਐਮ ਈ ਡੀ ਐਕਟ 2006 ਦੀ ਧਾਰਾ 15 (ਅਦਾਇਗੀ ਕਰਨ ਲਈ ਖਰੀਦਦਾਰ ਦੀ ਦੇਣਦਾਰੀ) ਅਤੇ ਧਾਰਾ 16 (ਕਿਸ ਮਿਤੀ ਤੋਂ ਅਤੇ ਕਿਸ ਦਰ ਤੇ ਵਿਆਜ ਤੇ ਅਦਾਇਗੀਯੋਗ ਹੈ)।

10 ਐਮ ਐਸ ਐਮ ਈ ਡੀ ਐਕਟ 2006 ਦੀ ਧਾਰਾ 18 (ਮਾਈਕਰੋ ਅਤੇ ਸਮਾਲ ਐਂਟਰਪ੍ਰਾਈਜਿਜ਼ ਫੈਸਲੀਟੇਸ਼ਨ ਕੌਂਸਲ ਦਾ ਹਵਾਲਾ) ਅਤੇ ਧਾਰਾ 19 (ਅਦਾਲਤੀ ਫ਼ੈਸਲਾ, ਅਵਾਰਡ ਜਾਂ ਆਰਡਰ ਨੂੰ ਹਟਾਉਣ ਲਈ ਅਰਜ਼ੀ)।

ਸੁਪਰੀਮ ਕੋਰਟ ਨੇ ਵੀ ਅਜਿਹਾ ਇੱਕ ਮਾਮਲਾ (ਦਸੰਬਰ 2015) ਅਤੇ ਉਸ ਤੋਂ ਬਾਅਦ ਦੀ ਸਮੀਖਿਆ ਪਟੀਸ਼ਨ ਨੂੰ ਵੀ ਖਾਰਜ ਕਰ ਦਿੱਤਾ ਸੀ (ਅਪ੍ਰੈਲ 2016)।

31 ਮਾਰਚ 2014 ਨੂੰ ਸਮਾਪਤ ਹੋਏ ਸਾਲ ਲਈ ਪੰਜਾਬ ਸਰਕਾਰ ਦੇ ਜਨਤਕ ਖੇਤਰ ਅਦਾਰਿਆਂ (ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ) 'ਤੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ (ਪੈਰ੍ਹਾ 3.3) ਨੇ ਛੋਟੇ ਪੱਧਰ ਦੀਆਂ ਉਦਯੋਗਿਕ ਇਕਾਇਆਂ ਤੇ ਮਟੀਰਿਅਲ ਦਾ ਸਮੇਂ ਸਿਰ ਭੁਗਤਾਨ ਕਰਨ ਵਿੱਚ ਕੰਪਨੀ ਦੀ ਅਸਫਲਤਾ ਦੱਸੀ ਸੀ ਜਿਸ ਦੇ ਨਤੀਜੇ ਵੱਜੋਂ ₹ 47.81 ਕਰੋੜ ਦੇ ਵਾਧੂ ਵਿਆਜ ਦਾ ਬੋਝ ਪਿਆ। ਪੈਰ੍ਹੇ ਤੇ ਵਿਚਾਰ ਵਟਾਂਦਰੇ ਤੋਂ ਬਾਅਦ, ਜਨਤਕ ਅਦਾਰਿਆਂ ਦੀ ਕਮੇਟੀ (ਕੋਪੂ) ਨੇ ਸਿਫ਼ਾਰਿਸ਼ (ਮਾਰਚ 2018) ਕੀਤੀ ਕਿ ਐਮ ਐਸ ਈਜ਼ ਨੂੰ ਦੇਰੀ ਨਾਲ ਭੁਗਤਾਨ ਕਰਨ ਲਈ ਦੰਡਕ ਵਿਆਜ ਦੀ ਅਦਾਇਗੀ ਦੀ ਲੋੜ ਵਾਲੇ ਸਖਤ ਉਪਬੰਧਾਂ ਦੇ ਜਾਣੂ ਹੋਣ ਦੇ ਬਾਵਜੂਦ, ਕੰਪਨੀ ਨੇ ਐਮ ਐਸ ਈਜ਼ ਦੇ ਅਜਿਹੇ ਕਲੇਮਜ਼ ਨੂੰ ਸਵੀਕਾਰ ਕਰਨ ਦੀ ਬਜਾਏ ਅਦਾਲਤਾਂ ਵਿੱਚ ਚੁਣੌਤੀ ਦਿੱਤੀ ਸੀ। ਕੋਪੂ ਨੇ ਐਮ ਐਸ ਈਜ਼ ਦੇ ਕਲੇਮਜ਼ ਨੂੰ ਸਵੀਕਾਰ ਨਾ ਕਰਨ ਕਾਰਨ ਪੈਦਾ ਹੋਣ ਵਾਲੀ ਵਿਆਜ ਦੇਣਦਾਰੀ ਦੀ ਮਾਤਰਾ ਲਈ ਵੀ ਪੁੱਛਿਆ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕੰਪਨੀ ਕਾਨੂੰਨੀ ਵਿਵਸਥਾਵਾਂ ਤੋਂ ਜਾਣੂ ਹੋਣ ਅਤੇ ਸੁਪਰੀਮ ਕੋਰਟ/ ਹਾਈ ਕੋਰਟ ਤੋਂ ਪ੍ਰਤੀਕੂਲ ਆਦੇਸ਼ ਅਤੇ ਮਾਮਲੇ ਤੇ ਕੋਪੂ ਦੀਆਂ ਟਿੱਪਣੀਆਂ ਦੇ ਬਾਵਜੂਦ, ਅਜੇ ਵੀ ਵੱਖ-ਵੱਖ ਅਦਾਲਤਾਂ ਵਿੱਚ ਦੇਰੀ ਨਾਲ ਭੁਗਤਾਨ ਤੇ ਵਿਆਜ਼ ਲਈ ਐਮ ਐਸ ਈਜ਼ ਦੇ ਕਲੇਮਜ਼ ਨੂੰ ਚੁਣੌਤੀ ਦੇ ਰਹੀ ਸੀ। ਨਮੂਨਾ ਜਾਂਚ ਨੇ ਦਰਸਾਇਆ ਕਿ ਮੈਸਰਜ਼ ਸੰਗਰੂਰ ਇੰਡਸਟਰੀਅਲ ਕਾਰਪੋਰੇਸ਼ਨ ਲਿਮਟਡ, ਸੰਗਰੂਰ ਦੁਆਰਾ ਕਲੇਮ ਕੀਤੇ ਦੇਰੀ ਨਾਲ ਭੁਗਤਾਨ ਤੇ ਵਿਆਜ ਨਾਲ ਸਬੰਧਤ ਦਸ ਵੱਖਰੇ ਮਾਮਲੇ ਹਾਈ ਕੋਰਟ/ਸੁਪਰੀਮ ਕੋਰਟ ਪੱਧਰ ਤੇ ਵਿਚਾਰ ਅਧੀਨ ਹਨ। ਸੁਪਰੀਮ ਕੋਰਟ ਦੇ ਪੱਧਰ ਤੇ ਬਕਾਇਆ ਪੰਜ ਮਾਮਲਿਆਂ ਵਿੱਚ ₹ 2.28 ਕਰੋੜ ਦੇ ਅਸਲ ਵਿਵਾਦਿਤ ਕਲੇਮਜ਼ ਦੇ ਵਿਰੁੱਧ, 2010 ਦੌਰਾਨ ਐਮ ਐਸ ਈ ਐਫ ਸੀਜ਼ ਦੁਆਰਾ ₹ 5.75 ਕਰੋੜ ਦੀ ਰਾਸ਼ੀ ਪ੍ਰਦਾਨ ਕੀਤੀ ਗਈ ਸੀ, ਜਿਸ ਦੇ ਵਿਰੁੱਧ ਅਪੀਲਾਂ ਦਾਇਰ ਕਰਨ ਸਮੇਂ ₹ 4.31 ਕਰੋੜ (75 *ਪ੍ਰਤੀਸ਼ਤ*) ਜਮ੍ਹਾਂ ਕੀਤੇ ਗਏ ਸਨ ਅਤੇ 2016 ਦੌਰਾਨ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾ ਦੇ ਅਧਾਰ ਤੇ ਉਹ ਜਮ੍ਹਾਂ ਕੀਤੇ ਜਾਣ ਤੋਂ ਪਹਿਲਾਂ ₹ 1.44 ਕਰੋੜ (25 *ਪ੍ਰਤੀਸ਼ਤ*) ਦੀ ਬਕਾਇਆ ਦੇਣਦਾਰੀ ਵੱਧ ਕੇ ₹ 7.18 ਕਰੋੜ ਹੋ ਗਈ ਸੀ। ਹਾਈ ਕੋਰਟ ਪੱਧਰ ਤੇ ਬਕਾਇਆ ਪੰਜ ਮਾਮਲਿਆਂ ਵਿੱਚ, 2014 ਤੋਂ 2015 ਦੌਰਾਨ ਐਮ ਐਸ ਈ ਐਫ ਸੀਜ਼ ਦੁਆਰਾ ₹ 14.57 ਕਰੋੜ ਦੇ ਅਸਲ ਵਿਵਾਦਿਤ ਕਲੇਮਜ਼ ਦੇ ਵਿਰੁੱਧ ₹ 16.91 ਕਰੋੜ ਦੀ ਰਾਸ਼ੀ ਪ੍ਰਦਾਨ ਕੀਤੀ ਗਈ ਸੀ, ਜਿਸ ਦੇ ਵਿਰੁੱਧ ਅਪੀਲਾਂ ਦਾਇਰ ਕਰਨ ਦੇ ਸਮੇਂ ₹ 12.69 ਕਰੋੜ (75 *ਪ੍ਰਤੀਸ਼ਤ*) ਦੀ ਰਾਸ਼ੀ ਜਮ੍ਹਾਂ ਕੀਤੀ ਗਈ ਸੀ ਅਤੇ 31 ਦਸੰਬਰ 2021 ਤੱਕ ₹ 4.22 ਕਰੋੜ (25 *ਪ੍ਰਤੀਸ਼ਤ*) ਦੀ ਬਕਾਇਆ ਦੇਣਦਾਰੀ ਵੱਧ ਕੇ ₹ 25.16 ਕਰੋੜ ਹੋ ਗਈ।

ਇਸੇ ਤਰ੍ਹਾਂ, ਮੈਸਰਜ਼ ਪੰਜਾਬ ਟਰਾਂਸਫਾਰਮਰਜ਼ ਐਂਡ ਇਲੈਕਟ੍ਰੋਨਿਕਸ ਲਿਮਟਡ, ਸੰਗਰੂਰ ਦੁਆਰਾ ਕਲੇਮ ਕੀਤੀਆਂ ਦੇਰੀ ਨਾਲ ਅਦਾਇਗੀਆਂ ਤੇ ਵਿਆਜ ਨਾਲ ਸਬੰਧਤ ਛੇ ਵੱਖਰੇ ਮਾਮਲੇ ਹਾਈ ਕੋਰਟ/ਸੁਪਰੀਮ ਕੋਰਟ ਪੱਧਰ ਤੇ ਵਿਚਾਰ ਅਧੀਨ ਹਨ। ਸੁਪਰੀਮ ਕੋਰਟ ਦੇ ਪੱਧਰ ਤੇ ਬਕਾਇਆ ਤਿੰਨ ਮਾਮਲਿਆਂ ਵਿੱਚ ₹ 0.89 ਕਰੋੜ ਦੇ ਅਸਲ ਵਿਵਾਦਿਤ ਕਲੇਮਜ਼ ਦੇ ਵਿਰੁੱਧ, 2010 ਦੌਰਾਨ ਐਮ ਐਸ ਈ ਐਫ ਸੀਜ਼ ਦੁਆਰਾ ₹ 1.75 ਕਰੋੜ ਦੀ ਰਾਸ਼ੀ ਪ੍ਰਦਾਨ ਕੀਤੀ ਗਈ ਸੀ, ਜਿਸ ਦੇ ਵਿਰੁੱਧ ਅਪੀਲਾਂ ਦਾਇਰ ਕਰਨ ਸਮੇਂ ₹ 1.31 ਕਰੋੜ (75 *ਪ੍ਰਤੀਸ਼ਤ*) ਜਮ੍ਹਾਂ ਕੀਤੇ ਗਏ ਸਨ ਅਤੇ 2016

ਦੌਰਾਨ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਦੇ ਅਧਾਰ ਤੇ ਉਹ ਜਮ੍ਹਾਂ ਕੀਤੇ ਜਾਣ ਤੋਂ ਪਹਿਲਾਂ ₹ 0.44 ਕਰੋੜ (25 *ਪ੍ਰਤੀਸ਼ਤ*) ਦੀ ਬਕਾਇਆ ਦੇਣਦਾਰੀ ਵੱਧ ਕੇ ₹ 2.56 ਕਰੋੜ ਹੋਈ ਸੀ। ਹਾਈ ਕੋਰਟ ਪੱਧਰ 'ਤੇ ਬਕਾਇਆ ਬਾਕੀ ਤਿੰਨ ਮਾਮਲਿਆਂ ਵਿੱਚ, 2014 ਤੋਂ 2015 ਦੌਰਾਨ ਐਮ ਐਸ ਈ ਐਫ ਸੀਜ਼ ਦੁਆਰਾ ₹ 3.42 ਕਰੋੜ ਦੇ ਅਸਲ ਵਿਵਾਦਿਤ ਕਲੇਮਜ਼ ਦੇ ਵਿਰੁੱਧ ₹ 5.07 ਕਰੋੜ ਦੀ ਰਾਸ਼ੀ ਪ੍ਰਦਾਨ ਕੀਤੀ ਗਈ ਸੀ, ਜਿਸ ਦੇ ਵਿਰੁੱਧ ₹ 3.80 ਕਰੋੜ (75 *ਪ੍ਰਤੀਸ਼ਤ*) ਅਪੀਲਾਂ ਦਾਇਰ ਕਰਨ ਦੇ ਸਮੇਂ ਜਮ੍ਹਾਂ ਕੀਤੀ ਗਈ ਸੀ ਅਤੇ 31 ਦਸੰਬਰ 2021 ਤੱਕ ₹ 1.27 ਕਰੋੜ (25 *ਪ੍ਰਤੀਸ਼ਤ*) ਦੀ ਬਕਾਇਆ ਦੇਣਦਾਰੀ ਵੱਧ ਕੇ ₹ 7.23 ਕਰੋੜ ਹੋ ਗਈ।

ਇਸ ਤੋਂ ਇਲਾਵਾ, ਕੰਪਨੀ ਦੇ ਮਟੀਰੀਅਲ ਮੈਨੇਜਮੈਂਟ (ਐਮ ਐਮ) ਸੰਗਠਨ ਵਿੱਚ ਐਮ ਐਸ ਈ ਐਫ ਸੀ/ਜ਼ਿਲ੍ਹਾ ਅਦਾਲਤ/ਹਾਈ ਕੋਰਟ ਪੱਧਰ ਤੇ ਬਕਾਇਆ ਐਮ ਐਸ ਈਜ਼ ਨੂੰ ਦੇਰੀ ਨਾਲ ਭੁਗਤਾਨ 'ਤੇ ਵਿਆਜ ਲਈ 38 ਚੱਲ ਰਹੇ ਮਾਮਲਿਆਂ ਦੀ ਪੜਤਾਲ ਨੇ ਦਰਸਾਇਆ ਕਿ:

- ਐਮ ਐਸ ਈ ਐਫ ਸੀ ਪੱਧਰ ਤੇ ਬਕਾਇਆ 21 ਮਾਮਲਿਆਂ ਵਿੱਚ, 2004 ਤੋਂ 2020 ਦੌਰਾਨ ਐਮ ਐਸ ਈਜ਼ ਦੁਆਰਾ ਕਲੇਮ ਕੀਤੀ ਗਈ ₹ 46.31 ਕਰੋੜ ਦੀ ਰਾਸ਼ੀ 31 ਦਸੰਬਰ 2021 ਤੱਕ ਵੱਧ ਕੇ ₹ 127.30 ਕਰੋੜ ਹੋ ਗਈ ਹੈ। ਅਪ੍ਰੈਲ 2018 ਤੋਂ ਅੱਗੇ ਦੰਡਕ ਵਿਆਜ ਦੇਣਦਾਰੀ ਵਿੱਚ ਵਾਧਾ ਹੀ ₹ 51.29 ਕਰੋੜ ਸੀ।
- ਜਿਲ੍ਹਾ ਅਦਾਲਤ ਪੱਧਰ ਤੇ ਬਕਾਇਆ ਛੇ ਮਾਮਲਿਆਂ ਵਿੱਚ, ਅਪੀਲ ਦਾਇਰ ਕਰਨ ਸਮੇਂ 2014 ਤੋਂ 2016 ਦੌਰਾਨ ਐਮ ਐਸ ਈ ਐਫ ਸੀਜ਼ ਦੁਆਰਾ ਐਮ ਐਸ ਈਜ਼ ਨੂੰ ਦਿੱਤੇ ਗਏ ₹ 27.79 ਕਰੋੜ ਦੇ ਮੁਕਾਬਲੇ ₹ 20.84 ਕਰੋੜ (75 *ਪ੍ਰਤੀਸ਼ਤ*) ਜਮ੍ਹਾਂ ਕਰਵਾਏ ਗਏ ਸੀ ਅਤੇ ₹ 6.95 ਕਰੋੜ (25 *ਪ੍ਰਤੀਸ਼ਤ*) ਦੀ ਬਕਾਇਆ ਦੇਣਦਾਰੀ 31 ਦਸੰਬਰ 2021 ਤੱਕ ਵੱਧ ਕੇ ₹ 37.71 ਕਰੋੜ ਹੋ ਗਈ ਸੀ। ਅਪ੍ਰੈਲ 2018 ਤੋਂ ਅੱਗੇ ਦੰਡਕ ਵਿਆਜ ਦੇਣਦਾਰੀ ਵਿੱਚ ਵਾਧਾ ਹੀ ₹ 20.32 ਕਰੋੜ ਸੀ।
- ਹਾਈ ਕੋਰਟ ਪੱਧਰ ਤੇ ਬਕਾਇਆ 11 ਮਾਮਲਿਆਂ ਵਿੱਚ, ਅਪੀਲ ਦਾਇਰ ਕਰਨ ਸਮੇਂ 2011 ਤੋਂ 2015 ਦੌਰਾਨ ਐਮ ਐਸ ਈ ਐਫ ਸੀਜ਼ ਦੁਆਰਾ ਐਮ ਐਸ ਈਜ਼ ਨੂੰ ਦਿੱਤੇ ਗਏ ₹ 23.81 ਕਰੋੜ ਦੇ ਮੁਕਾਬਲੇ ₹ 17.70 ਕਰੋੜ (75 *ਪ੍ਰਤੀਸ਼ਤ*) ਜਮ੍ਹਾਂ ਕਰਵਾਏ ਗਏ ਸੀ ਅਤੇ ₹ 6.10 (25 *ਪ੍ਰਤੀਸ਼ਤ*) ਕਰੋੜ ਦੀ ਬਕਾਇਆ ਦੇਣਦਾਰੀ 31 ਦਸੰਬਰ 2021 ਤੱਕ ਵੱਧ ਕੇ ₹ 35.79 ਕਰੋੜ ਹੋ ਗਈ ਸੀ। ਅਪ੍ਰੈਲ 2018 ਤੋਂ ਅੱਗੇ ਦੰਡਕ ਵਿਆਜ ਦੇਣਦਾਰੀ ਵਿੱਚ ਵਾਧਾ ਹੀ ₹ 18.80 ਕਰੋੜ ਸੀ।

ਹਾਲਾਂਕਿ, ਕੰਪਨੀ ਦੁਆਰਾ ਆਰ ਬੀ ਆਈ ਦੁਆਰਾ ਨੋਟੀਫਾਈ ਕੀਤੀ ਬੈਂਕ ਦਰ ਤੋਂ ਤਿੰਨ[11] ਗੁਣਾ ਵੱਧ ਦੰਡਕ ਵਿਆਜ ਦੇਣਦਾਰੀ ਦੇ ਲਗਾਤਾਰ ਇੱਕਠਾ ਹੋਣ ਨੂੰ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ। ਨਤੀਜੇ ਵੱਜੋਂ ਅਪ੍ਰੈਲ 2018 ਅਤੇ ਦਸੰਬਰ 2021 ਦਰਮਿਆਨ ਦੰਡਕ ਵਿਆਜ ਦੇਣਦਾਰੀ ₹ 90.41 ਕਰੋੜ[12] ਤੱਕ ਇੱਕਠੀ ਹੋਈ ਸੀ।

---

[11] ਅਪ੍ਰੈਲ 2018 ਤੋਂ ਦਸੰਬਰ 2021 ਦੌਰਾਨ ਆਰ ਬੀ ਆਈ ਦੀ ਬੈਂਕ ਦਰ 4.25 *ਪ੍ਰਤੀਸ਼ਤ* ਤੋਂ 6.75 *ਪ੍ਰਤੀਸ਼ਤ* ਅਤੇ ਐਮ ਐਸ ਈਜ਼ ਨੂੰ ਦੇਰੀ ਦੇ ਭੁਗਤਾਨਾਂ ਤੇ ਪ੍ਰਭਾਵਸ਼ਾਲੀ ਦੰਡ ਵਿਆਜ 12.75 *ਪ੍ਰਤੀਸ਼ਤ* ਤੋਂ 20.75 *ਪ੍ਰਤੀਸ਼ਤ* ਦੀ ਰੇਂਜ਼ ਵਿੱਚ ਸੀ ।

[12] ਇੱਕਲੇ ਮਟੀਰਿਅਲ ਪ੍ਰਬੰਧਨ ਸੰਗਠਨ ਵਿੱਚ ।

ਸਰਕਾਰ ਨੇ ਜਵਾਬ (ਜੁਲਾਈ 2022) ਦਿੱਤਾ ਕਿ ਉਸਨੇ ਐਮ ਐਸ ਈ ਐਫ ਸੀ ਅਵਾਰਡਾਂ ਨੂੰ ਚੁਣੌਤੀ ਦਿੰਦੇ ਹੋਏ ਹਾਈ ਕੋਰਟ ਵਿੱਚ ਪੂਰੀ ਅਵਾਰਡ ਰਾਸ਼ੀ ਜਮ੍ਹਾ ਕਰਵਾਉਣੀ ਸ਼ੁਰੂ ਕਰ ਦਿੱਤੀ ਹੈ ਅਤੇ ਭਵਿੱਖੀ ਵਿਆਜ ਦੇਣਦਾਰੀ ਤੋਂ ਬਚਣ ਲਈ ਜ਼ਿਲ੍ਹਾ/ਹਾਈ ਕੋਰਟ ਦੇ ਸਾਹਮਣੇ ਬਕਾਇਆ ਕੇਸਾਂ ਵਿੱਚ ਅਵਾਰਡ ਰਾਸ਼ੀ ਦਾ ਬਕਾਇਆ 25 *ਪ੍ਰਤੀਸ਼ਤ* ਜਮ੍ਹਾਂ ਕਰਾਉਣ ਦੀ ਆਗਿਆ ਦੇਣ ਲਈ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ (ਬੀ ਓ ਡੀ) ਦੇ ਅੱਗੇ ਇੱਕ ਪ੍ਰਸਤਾਵ ਪੇਸ਼ ਕੀਤਾ ਜਾ ਰਿਹਾ ਹੈ। ਹਾਲਾਂਕਿ, ਪ੍ਰਸਤਾਵ ਨੂੰ ਅਜੇ (ਸਤੰਬਰ 2022) ਨੂੰ ਬੀ ਓ ਡੀ ਦੁਆਰਾ ਮਨਜ਼ੂਰੀ ਦਿੱਤੀ ਜਾਣੀ ਸੀ।

ਤੱਥ ਇਹ ਕਹਿੰਦਾ ਹੈ ਕਿ ਕੰਪਨੀ ਦੁਆਰਾ ਜ਼ਿਲ੍ਹਾ/ਹਾਈ ਕੋਰਟ ਦੇ ਸਾਹਮਣੇ ਚੱਲ ਰਹੇ ਇਹਨ੍ਹਾਂ ਕੇਸਾਂ ਵਿੱਚ ਜੁਰਮਾਨਾ ਵਿਆਜ ਦੇਣਦਾਰੀ ਦੇ ਨਿਰੰਤਰ ਇਕੱਠਾ ਹੋਣ ਨੂੰ ਸੀਮਤ ਕਰਨ ਦੀ ਕਾਰਵਾਈ ਅਜੇ ਪੂਰੀ ਕੀਤੀ ਜਾਣੀ ਸੀ।

**ਕੰਪਨੀ ਨੂੰ ਐਮ ਐਸ ਐਮ ਈਜ਼ ਨੂੰ ਭੁਗਤਾਨ ਵਿੱਚ ਦੇਰੀ ਦੇ ਕਾਰਨਾਂ ਦੀ ਜਾਂਚ ਕਰਨ ਦੀ ਲੋੜ ਹੈ ਕਿਉਂਕਿ ਵਿਆਜ ਅਤੇ ਜੁਰਮਾਨਾ ਵਿਆਜ ਦੇ ਨਾਲ-ਨਾਲ ਅਦਾਲਤੀ ਕੇਸ ਲੜਨ ਲਈ ਕਾਨੂੰਨੀ ਖਰਚੇ ਕੰਪਨੀ ਦੀਆਂ ਦੇਣਦਾਰੀਆਂ ਵਿੱਚ ਵਾਧਾ ਕਰ ਰਹੇ ਹਨ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਕੰਪਨੀ ਇੱਕ ਨਿਸ਼ਚਿਤ ਸਮਾਂ ਸੀਮਾ ਵਿੱਚ ਦੇਣਦਾਰੀਆਂ ਦਾ ਜਾਣਬੁੱਝ ਕੇ ਭੁਗਤਾਨ ਨਾ ਕਰਨ ਦੇ ਮਾਮਲਿਆਂ ਦੀ ਜਾਂਚ ਕਰੇ ਅਤੇ ਇਸ ਰੁਝਾਨ ਨੂੰ ਰੋਕਣ ਲਈ ਸਬੰਧਤ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕਰੇ।**

## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

## ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ

### 8.4 ਵਿਆਜ ਦਾ ਨੁਕਸਾਨ

**ਵੱਧ ਤੋਂ ਵੱਧ ਪ੍ਰਤੀਫਲ ਨੂੰ ਯਕੀਨੀ ਬਣਾਏ ਬਗੈਰ ਵੱਖ-ਵੱਖ ਬੈਂਕਾਂ ਵਿੱਚ ਇੱਕੋ ਦਿਨ ਵੱਧ ਪਏ ਫੰਡਾਂ ਦੇ ਨਿਵੇਸ਼ ਕਰਕੇ ਕਾਰਪੋਰੇਸ਼ਨ ਨੂੰ ₹ 64.11 ਲੱਖ ਦੇ ਵਿਆਜ ਦੀ ਕਮਾਈ ਤੋਂ ਵਾਂਝਾ ਰੱਖਿਆ ਗਿਆ ਸੀ।**

ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ (ਕਾਰਪੋਰੇਸ਼ਨ) ਮੁੱਖ ਤੌਰ ਤੇ ਵੇਅਰਹਾਊਸਿੰਗ, ਕੰਟੇਨਰਾਈਜ਼ੇਸ਼ਨ ਅਤੇ ਅਨਾਜ ਦੀ ਖਰੀਦ ਦੀਆਂ ਗਤੀਵਿਧੀਆਂ ਵਿੱਚ ਰੁੱਝਿਆ ਹੋਇਆ ਹੈ। ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਅਤੇ ਹੋਰ ਏਜੰਸੀਆਂ ਲਈ ਖਰੀਦੇ ਗਏ ਅਨਾਜ ਦੇ ਭੰਡਾਰਨ ਲਈ ਕਾਰਪੋਰੇਸ਼ਨ ਦੇ ਆਪਣੇ ਅਤੇ ਕਿਰਾਏ ਦੇ ਗੋਦਾਮ ਹਨ, ਜਿਸ ਲਈ ਇਹ ਚਾਰਜ ਪ੍ਰਾਪਤ ਕਰਦਾ ਹੈ। ਕਾਰਪੋਰੇਸ਼ਨ ਦੁਆਰਾ ਸਟੋਰੇਜ਼ ਚਾਰਜਿਜ਼ ਦੀ ਆਮਦਨ ਦਾ ਵਾਧੂ ਹਿੱਸਾ ਵੱਖ-ਵੱਖ ਬੈਂਕਾ ਵਿੱਚ ਫਿਕਸਡ ਡਿਪਾਜ਼ਿਟ ਵਿੱਚ ਨਿਵੇਸ਼ ਕੀਤਾ ਜਾਂਦਾ ਹੈ।

ਵਿੱਤ ਵਿਭਾਗ, ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ (ਅਪ੍ਰੈਲ 2008) ਅਨੁਸਾਰ, ਕਾਰਪੋਰੇਸ਼ਨ ਨੂੰ ਘੱਟੋ-ਘੱਟ 60 *ਪ੍ਰਤੀਸ਼ਤ* ਤੱਕ ਜਨਤਕ ਖੇਤਰ ਦੇ ਬੈਂਕਾਂ ਕੋਲ ਅਤੇ ਬਾਕੀ 40 *ਪ੍ਰਤੀਸ਼ਤ* ਕਿਸੇ ਵੀ

ਅਨੁਸੂਚਿਤ ਵਪਾਰਕ ਬੈਂਕਾਂ ਕੋਲ ਜਮ੍ਹਾਂ ਕਰਾਉਣੇ ਚਾਹੀਦੇ ਹਨ ਅਤੇ ਇਹ ਕਰਦੇ ਸਮੇਂ, ਇੱਕ ਪਾਰਦਰਸ਼ੀ ਪ੍ਰਕਿਰਿਆ ਦੀ ਪਾਲਣਾ ਕਰਕੇ ਵੱਧ ਤੋਂ ਵੱਧ ਪ੍ਰਤੀਫਲ ਦੇਣ ਵਾਲੇ ਬੈਂਕ ਵਿੱਚ ਜਮ੍ਹਾਂ ਰਾਸ਼ੀਆਂ ਨੂੰ ਰੱਖਣ ਲਈ ਯਕੀਨੀ ਬਣਾ ਸਕਦਾ ਹੈ।

ਕਾਰਪੋਰੇਸ਼ਨ ਕੋਲ (ਮਾਰਚ 2021) ਵੱਖ-ਵੱਖ ਬੈਂਕਾਂ ਵਿੱਚ ₹ 1,118.52 ਕਰੋੜ ਦਾ ਫਿਕਸਡ ਡਿਪਾਜ਼ਿਟ ਸੀ। ਇਹ ਫੰਡ ਕਾਰਪੋਰੇਸ਼ਨ ਦੁਆਰਾ ਆਪਣੇ ਪੈਨਲ ਤੇ ਬੈਂਕਾਂ ਤੋਂ ਪ੍ਰਾਪਤ ਕੁਟੇਸ਼ਨਾਂ ਦੇ ਅਧਾਰ ਤੇ ਇੱਕ ਸਾਲ ਤੋਂ ਵੱਧ ਦੋ ਸਾਲ ਤੋਂ ਘੱਟ ਦੀ ਮਿਆਦ ਲਈ ਨਿਵੇਸ਼ ਕੀਤੇ ਗਏ ਸਨ। ਲੇਖਾ ਪ੍ਰੀਖਿਆ ਨੇ ਦੇਖਿਆ (ਜੂਨ 2021) ਕਿ ਕਾਰਪੋਰੇਸ਼ਨ ਨੇ ਐਕਸਿਸ ਬੈਂਕ ਕੋਲ 6.40 *ਪ੍ਰਤੀਸ਼ਤ* ਦੀ ਸਾਲਾਨਾ ਦਰ ਨਾਲ ਫਿਕਸਡ ਡਿਪਾਜ਼ਿਟ ਵਿੱਚ ₹ 100 ਕਰੋੜ ਅਤੇ ਪੰਜਾਬ ਨੈਸ਼ਨਲ ਬੈਂਕ ਵਿੱਚ 5.80 *ਪ੍ਰਤੀਸ਼ਤ* ਦੀ ਸਾਲਾਨਾ ਦਰ ਨਾਲ ₹ 100 ਕਰੋੜ ਫਿਕਸਡ ਡਿਪਾਜ਼ਿਟ ਵਿੱਚ ਉਸੇ ਦਿਨ ਭਾਵ, 3 ਅਪ੍ਰੈਲ 2020 ਨੂੰ ਰੱਖੇ ਸਨ। ਕਿਉਂਕਿ ਦੋਵੇਂ ਬੈਂਕ ਇਸ ਦੇ ਪੈਨਲ ਤੇ ਸਨ, ਐਕਸਿਸ ਬੈਂਕ ਜੋ ਕਿ ਉੱਚ ਵਿਆਜ ਦਰ ਦੀ ਪੇਸ਼ਕਸ਼ ਕਰ ਰਿਹਾ ਸੀ, ਵਿੱਚ ਪੂਰੇ ₹ 200 ਕਰੋੜ ਜਮ੍ਹਾ ਨਾ ਕਰਵਾਉਣ ਦੇ ਨਤੀਜੇ ਵੱਜੋਂ ਕਾਰਪੋਰੇਸ਼ਨ ਨੂੰ ₹ 64.11 ਲੱਖ ਦੇ ਵਿਆਜ ਦਾ ਨੁਕਸਾਨ ਹੋਇਆ।

ਇਸ ਤਰ੍ਹਾਂ, ਕਾਰਪੋਰੇਸ਼ਨ ਵੱਧ ਤੋਂ ਵੱਧ ਪ੍ਰਤੀਫਲ ਨੂੰ ਯਕੀਨੀ ਬਣਾਏ ਬਿਨ੍ਹਾਂ ਇੱਕੋ ਦਿਨ ਵੱਖ-ਵੱਖ ਬੈਂਕਾਂ ਵਿੱਚ ਵਾਧੂ ਫੰਡਾਂ ਦਾ ਨਿਵੇਸ਼ ਕਰਕੇ ₹ 64.11 ਲੱਖ ਦੇ ਵਿਆਜ ਦੀ ਕਮਾਈ ਤੋਂ ਵਾਂਝਾ ਰਹਿ ਗਿਆ ਸੀ।

ਮੈਨੇਜਮੈਂਟ ਨੇ ਕਿਹਾ (ਫਰਵਰੀ 2022) ਕਿ ਕੁਟੇਸ਼ਨ ਦੇ ਅਨੁਸਾਰ, ਐਕਸਿਸ ਬੈਂਕ 3 ਅਪ੍ਰੈਲ 2020 ਨੂੰ ਇੱਕ ਸਾਲ ਲਈ ਸਿਰਫ ₹ 100 ਕਰੋੜ ਬੁੱਕ ਕਰਨ ਦੇ ਯੋਗ ਸੀ ਅਤੇ ਫੰਡਾਂ ਦੀ ਹੇਜਿੰਗ ਦਾ ਲਾਭ ਲੈਣ ਲਈ ਨਿਵੇਸ਼ ਨੂੰ ਅਲੱਗ-ਅਲੱਗ ਕੀਤਾ ਗਿਆ ਸੀ। ਇਹ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਕਾਰਪੋਰੇਸ਼ਨ ਦੇ ਵਿੱਤੀ ਹਿੱਤਾਂ ਨੂੰ ਬਚਾਉਣ ਲਈ ਇਹ ਅਗਲੇ ਦਿਨ ਐਕਸਿਸ ਬੈਂਕ ਵਿੱਚ ₹ 100 ਕਰੋੜ ਦਾ ਨਿਵੇਸ਼ ਕੀਤਾ ਜਾ ਸਕਦਾ ਸੀ ਕਿਉਂਕਿ 18 ਅਪ੍ਰੈਲ 2020 ਤੱਕ ਵਿਆਜ ਦੀ ਦਰ ਇੱਕੋ ਜਿਹੀ ਸੀ। ਇਸ ਤੋਂ ਇਲਾਵਾ, ਕਾਰਪੋਰੇਸ਼ਨ ਕੋਲ 31 ਮਾਰਚ 2020 ਨੂੰ ਐਕਸਿਸ ਬੈਂਕ ਵਿੱਚ ਕੋਈ ਫਿਕਸਡ ਡਿਪਾਜਿਟ ਨਹੀਂ ਸੀ ਅਤੇ ਜੇਕਰ ਇਸ ਨੇ ਐਕਸਿਸ ਬੈਂਕ ਵਿੱਚ ਪੂਰੇ ₹ 200 ਕਰੋੜ ਜਮ੍ਹਾਂ ਕਰਵਾਏ ਹੁੰਦੇ ਜੋ ਉੱਚ ਵਿਆਜ ਦੀ ਪੇਸ਼ਕਸ਼ ਕਰ ਰਿਹਾ ਸੀ, ਤਾਂ ਵੀ ਇਹ ਅਨੁਸੂਚਿਤ ਵਪਾਰਕ ਬੈਂਕਾਂ ਵਿੱਚ 40 *ਪ੍ਰਤੀਸ਼ਤ* ਅਤੇ 60 *ਪ੍ਰਤੀਸ਼ਤ* ਜਨਤਕ ਖੇਤਰ ਦੇ ਬੈਂਕਾਂ ਵਿੱਚ ਫਿਕਸਡ ਡਿਪਾਜ਼ਿਟ ਦੀ ਨਿਰਧਾਰਤ ਸੀਮਾ ਨੂੰ ਪਾਰ ਨਹੀਂ ਕਰਦਾ ਸੀ।

ਮਾਮਲਾ ਰਾਜ ਸਰਕਾਰ ਨੂੰ ਭੇਜਿਆ (ਦਸੰਬਰ 2021) ਗਿਆ ਸੀ; ਉਹਨਾਂ ਦੇ ਜਵਾਬ ਦੀ ਉਡੀਕ (ਨਵੰਬਰ 2022) ਸੀ।

**ਕਾਰਪੋਰੇਸ਼ਨ ਨੂੰ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਲਈ ਬੈਂਕਾਂ ਦੁਆਰਾ ਪੇਸ਼ ਕੀਤੀਆਂ ਉੱਚੀਆਂ ਦਰਾਂ ਤੇ ਵਾਧੂ ਫੰਡ ਜਮ੍ਹਾਂ ਕਰਨ ਦੇ ਮੌਕੇ ਦਾ ਲਾਭ ਉਠਾਉਣਾ ਚਾਹੀਦਾ ਹੈ।**

## ਉਦਯੋਗ ਅਤੇ ਵਣਜ ਵਿਭਾਗ

## ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ

### 8.5 ਐਕਸਟੈਂਸ਼ਨ ਫੀਸ ਦਾ ਦੇਰੀ ਨਾਲ/ਘੱਟ ਕਲੇਮ ਕਰਨਾ

**ਅਲਾਟਮੈਂਟ ਦੀਆਂ ਸ਼ਰਤਾਂ ਅਨੁਸਾਰ ਇੱਕ ਅਲਾਟੀ ਤੋਂ ਐਕਸਟੈਂਸ਼ਨ ਫੀਸ ਦਾ ਆਪਣਾ ਸਮੇਂ ਸਿਰ ਅਤੇ ਸਹੀ ਕਲੇਮ ਕਰਨ ਵਿੱਚ ਕੰਪਨੀ ਦੀ ਅਸਫਲਤਾ ਦੇ ਨਤੀਜੇ ਵੱਜੋਂ ₹ 6.04 ਕਰੋੜ ਦੀ ਵਸੂਲੀ ਨਹੀਂ ਹੋਈ ਅਤੇ ਇਸ ਦੇ ਨਾਲ ਸਬੰਧਤ ₹ 1.16 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ।**

ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਾਪੋਰੇਸ਼ਨ ਲਿਮਟਡ (ਕੰਪਨੀ) ਪੰਜਾਬ ਸਰਕਾਰ ਦੀ ਅਲਾਟਮੈਂਟ ਨੀਤੀ ਅਨੁਸਾਰ ਉਦਯੋਗ ਸਥਾਪਤ ਕਰਨ ਲਈ ਪਲਾਟ ਅਲਾਟ ਕਰਦੀ ਹੈ। ਪਲਾਟ ਅਲਾਟਮੈਂਟ ਦੀ ਕੀਮਤ ਪਲਾਟ ਦੀ ਅਸਲ ਮਿਣਤੀ ਅਤੇ ਜ਼ਮੀਨ ਗ੍ਰਹਿਣ ਕਰਨ ਦੀ ਲਾਗਤ ਦੇ ਸਬੰਧ ਵਿੱਚ ਤਬਦੀਲੀ ਦੀ ਸ਼ਰਤ 'ਤੇ ਅਧੀਨ ਹੈ। ਅਦਾਲਤਾਂ ਦੁਆਰਾ ਜ਼ਮੀਨ ਗ੍ਰਹਿਣ ਕਰਨ ਦੇ ਕਾਰਨ ਮੁਆਵਜ਼ੇ ਦੀ ਰਕਮ ਵਿੱਚ ਕਿਸੇ ਵੀ ਵਾਧੇ ਦੇ ਮਾਮਲੇ ਵਿੱਚ, ਅਲਾਟੀਆਂ ਨੂੰ ਪਲਾਟ ਦੀ ਵਾਧੂ ਕੀਮਤ ਅਦਾ ਕਰਨੀ ਹੈ। ਇਸ ਤੋਂ ਇਲਾਵਾ, ਅਲਾਟੀਆਂ ਨੂੰ ਐਲ ਓ ਆਈ ਜਾਰੀ ਕਰਨ ਦੀ ਮਿਤੀ ਤੋਂ ਤਿੰਨ ਸਾਲਾਂ ਦੀ ਮਿਆਦ ਜੋ ਦੋ ਸਾਲਾਂ ਤੱਕ ਵਧਾਉਣਯੋਗ ਹੈ, ਦੇ ਅੰਦਰ ਉਦਯੋਗਿਕ ਪਲਾਟ ਤੇ ਵਪਾਰਕ ਉਤਪਾਦਨ ਸ਼ੁਰੂ ਕਰਨਾ ਹੈ। ਕੰਪਨੀ ਉਤਪਾਦਨ ਦੀ ਸ਼ੁਰੂਆਤ ਕਰਨ ਵਿੱਚ ਐਕਸਟੈਂਸ਼ਨ ਦੇਣ ਲਈ ਕ੍ਰਮਵਾਰ ਚੌਥੇ ਅਤੇ ਪੰਜਵੇ ਸਾਲ ਲਈ ਪਲਾਟ ਦੀ ਅਲਾਟਮੈਂਟ ਕੀਮਤ ਦੇ 7.5 *ਪ੍ਰਤੀਸ਼ਤ* ਅਤੇ 10 *ਪ੍ਰਤੀਸ਼ਤ* ਦੀ ਦਰ ਨਾਲ ਐਕਸਟੈਂਸ਼ਨ ਫੀਸ ਦੀ ਵਸੂਲੀ ਕਰਨ ਦੀ ਹੱਕਦਾਰ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ (ਸਤੰਬਰ 2020 ਅਤੇ ਦਸੰਬਰ 2020) ਕਿ ਕੰਪਨੀ ਨੇ ਫੇਜ਼-II, ਇੰਡਸਟ੍ਰੀਅਲ ਕੰਪਲੈਕਸ, ਗੋਇੰਦਵਾਲ ਸਾਹਿਬ ਵਿਖੇ ਪੇਂਟਸ ਦੇ ਨਿਰਮਾਣ ਲਈ ₹ 18.36 ਕਰੋੜ ਦੀ ਅਲਾਟਮੈਂਟ ਕੀਮਤ ਤੇ ਇਕ ਅਲਾਟੀ[13] ਨੂੰ 1,70,029 ਵਰਗ ਗਜ਼ ਦਾ ਪਲਾਟ (ਨੰ ਏ-1) ਅਲਾਟ ਕੀਤਾ (ਅਗਸਤ 2015)। ਅਲਾਟੀ ਨੇ ਅਗਸਤ 2018 ਤੱਕ ਵਪਾਰਕ ਉਤਪਾਦਨ ਸ਼ੁਰੂ ਕਰਨਾ ਸੀ ਜੋ ਅਸਲ ਵਿੱਚ ਅਕਤੂਬਰ 2019 ਵਿੱਚ ਸ਼ੁਰੂ ਕੀਤਾ ਗਿਆ। ਕੰਪਨੀ ਨੇ ₹ 16.12 ਕਰੋੜ ਦੇ ਵਾਧੇ ਦੇ ਮੁਆਵਜ਼ੇ ਦੀ ਮੰਗ ਕੀਤੀ (ਅਪ੍ਰੈਲ 2019) ਜੋ ਵੀ ਅਲਾਟੀ ਦੁਆਰਾ ਅਦਾ ਕੀਤਾ ਗਿਆ ਸੀ (ਜੁਲਾਈ 2019)। ਹਾਲਾਂਕਿ, ਅਲਾਟਮੈਂਟ ਦੀਆਂ ਸ਼ਰਤਾਂ ਅਨੁਸਾਰ ਕੰਪਨੀ ਨੇ ਵਪਾਰਕ ਉਤਪਾਦਨ ਸ਼ੁਰੂ ਕਰਨ ਵਿੱਚ ਦੇਰੀ ਲਈ ਐਕਸਟੈਂਸ਼ਨ ਫੀਸ ਦਾ ਕਲੇਮ ਨਹੀਂ ਕੀਤਾ।

ਲੇਖਾ ਪ੍ਰੀਖਿਆ ਵਿੱਚ ਦਰਸਾਏ ਜਾਣ ਤੋਂ ਬਾਅਦ ਕੰਪਨੀ ਨੇ ਅਗਸਤ 2018 ਤੋਂ ਅਗਸਤ 2020 ਦੇ ਸਮੇਂ ਲਈ ₹ 18.36 ਕਰੋੜ ਦੀ ਅਸਲ ਕੀਮਤ ਤੇ ₹ 3.21 ਕਰੋੜ ਦੀ ਐਕਸਟੈਂਸ਼ਨ ਫੀਸ ਦਾ

13 ਮੈਸਰਜ਼ ਕੰਸਾਈ ਨੇਰੋਲੈਕ ਪੇਂਟਸ ਲਿਮਟਡ ।

ਕਲੇਮ ਉਠਾਇਆ (ਜੁਲਾਈ 2021)। ਹਾਲਾਂਕਿ, ਇਹ ਦੇਖਿਆ ਗਿਆ ਸੀ ਕਿ ਕਲੇਮ ₹ 16.12 ਕਰੋੜ ਦੇ ਵਾਧਾ ਮੁਆਵਜ਼ੇ ਨੂੰ ਧਿਆਨ ਵਿੱਚ ਲਏ ਬਿਨਾਂ ਉਠਾਇਆ ਗਿਆ ਸੀ ਜਿਸ ਦੇ ਨਤੀਜੇ ਵੱਜੋਂ ₹ 2.83 ਕਰੋੜ ਦੀ ਐਕਸਟੈਂਸ਼ਨ ਫੀਸ ਦਾ ਘੱਟ ਕਲੇਮ ਕੀਤਾ ਗਿਆ ਸੀ। ਕੰਪਨੀ ਨੇ ਅੱਜ ਤੱਕ (ਦਸੰਬਰ 2021) ਐਕਸਟੈਂਸ਼ਨ ਫੀਸ ਲਈ ਅਲਾਟੀ ਤੋਂ ਕੋਈ ਰਕਮ ਪ੍ਰਾਪਤ ਨਹੀਂ ਕੀਤੀ ਹੈ।

ਇਸ ਤਰ੍ਹਾਂ, ਅਲਾਟਮੈਂਟ ਦੀਆਂ ਸ਼ਰਤਾਂ ਅਨੁਸਾਰ ਐਕਸਟੈਂਸ਼ਨ ਫੀਸ ਦੇ ਦੇਰੀ ਨਾਲ ਅਤੇ ਘੱਟ ਕਲੇਮ ਦੇ ਨਤੀਜੇ ਵੱਜੋਂ ₹ 6.04 ਕਰੋੜ ਦੀ ਐਕਸਟੈਂਸ਼ਨ ਫੀਸ ਦੀ ਵਸੂਲੀ ਨਹੀਂ ਹੋਈ ਅਤੇ ਨਤੀਜੇ ਵੱਜੋਂ ਕੰਪਨੀ ਨੂੰ ₹ 1.16 ਕਰੋੜ[14] ਦੇ ਵਿਆਜ ਦਾ ਘਾਟਾ ਹੋਇਆ।

ਮਾਮਲਾ ਰਾਜ ਸਰਕਾਰ ਅਤੇ ਕੰਪਨੀ ਨੂੰ ਭੇਜਿਆ (ਜਨਵਰੀ 2022) ਗਿਆ ਸੀ; ਉਹਨਾਂ ਦੇ ਜਵਾਬਾਂ ਦੀ ਉਡੀਕ (ਨਵੰਬਰ 2022) ਸੀ।

**ਕੰਪਨੀ ਆਪਣੀ ਨਿਗਰਾਨੀ ਵਿਧੀ ਨੂੰ ਮਜ਼ਬੂਤ ਕਰਕੇ ਅਲਾਟਮੈਂਟ ਦੀਆਂ ਸ਼ਰਤਾਂ ਅਨੁਸਾਰ ਅਲਾਟੀਆਂ ਤੋਂ ਆਪਣੇ ਕਲੇਮਜ਼ ਨੂੰ ਸਮੇਂ ਸਿਰ ਅਤੇ ਸਹੀ ਉਠਾਉਣ ਨੂੰ ਯਕੀਨੀ ਬਣਾ ਸਕਦੀ ਹੈ।**

## ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ

## ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਡ

### 8.6 ਕਣਕ ਦੀ ਵਿਕੇਂਦਰੀਕ੍ਰਿਤ ਖਰੀਦ (ਡੀ ਸੀ ਪੀ) ਦਾ ਘਟਣਾ ਅਤੇ ਨੁਕਸਾਨ

**ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਦੇ ਅਧੀਨ ਕਣਕ ਦੀ ਵਿਕੇਂਦਰੀਕ੍ਰਿਤ ਖਰੀਦ ਦੀ ਵੰਡ ਦੇ ਦੌਰਾਨ ਮਾੜੀ ਸੰਭਾਲ ਅਤੇ ਐਫ ਆਈ ਐਫ ਓ ਦੀ ਪਾਲਣਾ ਨਾ ਕਰਨ ਦੇ ਨਤੀਜੇ ਵੱਜੋਂ ਕਣਕ ਘੱਟ ਗਈ ਅਤੇ ਨੁਕਸਾਨੀ ਗਈ ਅਤੇ ਇਸ ਦੇ ਨਤੀਜੇ ਵੱਜੋਂ ਕੰਪਨੀ ਨੂੰ ₹ 1.52 ਕਰੋੜ ਦਾ ਨੁਕਸਾਨ ਹੋਇਆ।**

ਭਾਰਤ ਸਰਕਾਰ (ਜੀ ਓ ਆਈ) ਨੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨ ਐਫ ਐਸ ਏ), 2013 ਲਾਗੂ ਕੀਤਾ ਹੈ ਤਾਂ ਜੋ ਪਛਾਣ ਕੀਤੇ ਗਏ ਪਰਿਵਾਰਾਂ ਨੂੰ ਸਸਤੇ ਭਾਅ ਤੇ ਗੁਣਵੱਤਾ ਵਾਲੇ ਭੋਜਨ ਦੀ ਲੋੜੀਂਦੀ ਮਾਤਰਾ ਤੱਕ ਪਹੁੰਚ ਨੂੰ ਯਕੀਨੀ ਬਣਾ ਕੇ ਭੋਜਨ ਅਤੇ ਪੌਸ਼ਟਿਕ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ । ਐਨ ਐਫ ਐਸ ਏ ਅਧੀਨ, ਹਰ ਲਾਭਪਾਤਰੀ ਜਨਤਕ ਵੰਡ ਪ੍ਰਣਾਲੀ ਰਾਹੀਂ ਰਾਜ ਸਰਕਾਰ ਤੋਂ ਸਬਸਿਡੀ ਵਾਲੀਆਂ ਦਰਾਂ ਤੇ ਅਨਾਜ ਪ੍ਰਾਪਤ ਕਰਨ ਦਾ ਹੱਕਦਾਰ ਹੈ। ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਸਰਕਾਰ (ਜੀ ਓ ਪੀ) ਨੇ ਐਨ ਐਫ ਐਸ ਏ ਲਾਗੂ ਕੀਤਾ (ਦਸੰਬਰ 2013) ਜਿਸ ਦੇ ਅਧੀਨ ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ

[14] ਅਗਸਤ 2018 ਤੋਂ ਦਸੰਬਰ 2021 ਦੇ ਸਮੇਂ ਲਈ ₹ 6.04 ਕਰੋੜ ਦੀ ਵਸੂਲਣਯੋਗ ਐਕਸਟੈਂਸ਼ਨ ਫੀਸ ਤੇ 7.00 *ਪ੍ਰਤੀਸ਼ਤ ਪ੍ਰਤੀ ਸਾਲ* ਦੀ ਸਧਾਰਨ ਵਿਆਜ ਦਰ ਤੇ ਆਂਕਿਆ ਗਿਆ।

ਲਿਮਟਡ (ਕੰਪਨੀ) ਦੁਆਰਾ ਪੰਜਾਬ ਵਿੱਚ ਐਨ ਐਫ ਐਸ ਏ ਨੂੰ ਲਾਗੂ ਕਰਨ ਲਈ ਨੋਡਲ ਏਜੰਸੀ ਹੋਣ ਦੇ ਕਾਰਣ ਲਾਭਪਾਤਰੀਆਂ ਨੂੰ ₹ 2 ਪ੍ਰਤੀ ਕਿਲੋ ਦੇ ਹਿਸਾਬ ਨਾਲ ਕਣਕ ਵੰਡੀ ਜਾਣੀ ਸੀ।

ਐਨ ਐਫ ਐਸ ਏ ਲਈ ਵਿਕੇਂਦਰੀਕ੍ਰਿਤ ਖਰੀਦ (ਡੀ ਸੀ ਪੀ) ਨੂੰ ਲਾਗੂ ਕਰਨ ਲਈ ਜੀ ਓ ਆਈ ਅਤੇ ਜੀ ਓ ਪੀ ਵਿਚਕਾਰ ਮੈਮੋਰੈਂਡਮ ਆਫ ਅੰਡਰਸਟੈਂਡਿੰਗ (ਐਮ ਓ ਯੂ) ਤੇ ਹਸਤਾਖਰ ਕੀਤੇ ਗਏ ਸਨ ਜਿਸ ਵਿੱਚ ਕੰਪਨੀ ਲਾਭਪਾਤਰੀਆਂ ਨੂੰ ਇਸਦੀ ਵੰਡ ਤੱਕ ਕਣਕ ਦੀ ਖਰੀਦ ਅਤੇ ਸਟੋਰ ਕਰਦੀ ਹੈ। ਭਾਰਤ ਸਰਕਾਰ ਨੇ ਨਿਰਦੇਸ਼ ਦਿੱਤਾ (ਮਾਰਚ 2014) ਕਿ ਅਨਾਜ ਦੇ ਸਟਾਕ ਦੀ ਵੰਡ/ਸੰਚਾਲਨ/ਜਾਰੀ 'ਫਸਟ ਇਨ ਫਸਟ ਆਊਟ' (ਐਫ ਆਈ ਐਫ ਓ) ਦੇ ਸਿਧਾਂਤ ਤੇ ਕੀਤੀ ਜਾਣੀ ਚਾਹੀਦੀ ਹੈ, ਭਾਵ ਪੁਰਾਣੇ ਫਸਲੀ ਸਾਲ ਦੇ ਸਟਾਕ ਨੂੰ ਪਹਿਲਾਂ ਕੱਢਣਾ/ਜਾਰੀ ਕੀਤਾ ਜਾਣਾ ਚਾਹੀਦਾ ਹੈ। ਰਾਜ ਸਰਕਾਰ ਐਨ ਐਫ ਐਸ ਏ ਅਧੀਨ ਵੰਡੀਆਂ ਗਈਆਂ ਮਾਤਰਾਵਾਂ ਦੀ ਤਸਦੀਕ ਕਰਦੀ ਹੈ ਅਤੇ ਕੰਪਨੀ ਖੁਰਾਕ ਅਤੇ ਜਨਤਕ ਵੰਡ ਵਿਭਾਗ, ਭਾਰਤ ਸਰਕਾਰ ਤੋਂ ਲਾਭਪਾਤਰੀਆਂ ਤੋਂ ਵਿਕਰੀ ਵਸੂਲੀ ਨੂੰ ਸਮਾਯੋਜਿਤ ਕਰਨ ਤੋਂ ਬਾਅਦ ਭਾਰਤ ਸਰਕਾਰ ਦੁਆਰਾ ਨੋਟੀਫਾਈ ਕੀਤੀਆਂ ਦਰਾਂ ਅਰਥਾਤ ₹ 2,000 ਪ੍ਰਤੀ ਐਮ ਟੀ ਤਿਮਾਹੀ ਆਧਾਰ ਤੇ ਸਬਸਿਡੀ ਦਾ ਦਾਅਵਾ ਕਰਦੀ ਹੈ। ਗੋਦਾਮਾਂ ਵਿੱਚ ਸਟੋਰ ਕੀਤੀ ਕਣਕ ਦੀ ਵੰਡ ਤੱਕ ਸੁਰੱਖਿਅਤ ਨਿਗਰਾਨੀ ਦੀ ਜ਼ਿੰਮੇਵਾਰੀ ਕੰਪਨੀ ਕੋਲ ਰਹਿੰਦੀ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ (ਸਤੰਬਰ 2020) ਕਿ 1440.169 ਐਮ ਟੀ ਕਣਕ (ਫਸਲੀ ਸਾਲ 2014-15 ਦਾ: 317.200 ਐਮ ਟੀ, 2015-16 : 75.53 ਐਮ ਟੀ ਅਤੇ 2016-17 : 1,047.439 ਐਮ ਟੀ) ਨੂੰ ਨੁਕਸਾਨ ਹੋਇਆ ਸੀ (ਨਵੰਬਰ 2016 ਤੋਂ ਅਗਸਤ 2019) ਅਤੇ ਟੈਂਡਰਾਂ ਰਾਹੀ ਵੇਚੀ ਗਈ ਸੀ (ਦਸੰਬਰ 2019)। ਸਟਾਕ ਵਰਗੀਕਰਨ ਦੀਆਂ ਰਿਪੋਰਟਾਂ ਵਿੱਚ ਕਣਕ ਦੇ ਨੁਕਸਾਨ ਲਈ ਚਿੰਨ੍ਹਿਤ ਕੀਤੇ ਗਏ ਕਾਰਣ ਸਟਾਕ ਦੀ ਮਾੜੀ ਸਾਂਭ ਸੰਭਾਲ ਅਤੇ ਕਣਕ ਦੀ ਲੰਮੀ ਸਟੋਰੇਜ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕੰਪਨੀ ਨੇ ਐਨ ਐਫ ਐਸ ਏ, 2013 ਦੇ ਅਧੀਨ ਵੰਡਣ ਲਈ ਡੀ ਸੀ ਪੀ ਕਣਕ ਜਾਰੀ ਕਰਦੇ ਸਮੇਂ ਐਫ ਆਈ ਐਫ ਓ[15] ਵਿਧੀ ਦੀ ਪਾਲਣਾ ਨਹੀਂ ਕੀਤੀ ਸੀ। 2015-16 ਦੌਰਾਨ, ਫਸਲੀ ਸਾਲ 2015-16 ਦੀ 4.03 ਲੱਖ ਐਮ ਟੀ ਕਣਕ ਵੰਡੀ ਗਈ ਸੀ ਜਦੋਂ ਕਿ ਫਸਲ ਸਾਲ 2014-15 ਦੀ ₹ 1.03 ਲੱਖ ਐਮ ਟੀ ਕਣਕ ਵੰਡਣ ਲਈ ਉਪਲੱਬਧ ਸੀ। ਇਸੇ ਤਰ੍ਹਾਂ ਫਸਲੀ ਸਾਲ 2016-17 ਦੀ ₹ 6.98 ਲੱਖ ਐਮ ਟੀ ਕਣਕ ਸਾਲ 2016-17 ਦੌਰਾਨ ਵੰਡੀ ਗਈ ਸੀ ਜਦੋਂ ਕਿ ਫਸਲੀ ਸਾਲ 2014-15 ਤੋਂ 2015-16 ਦੀ 0.62 ਲੱਖ ਐਮ ਟੀ ਕਣਕ ਵੰਡਣ ਲਈ ਉਪਲੱਬਧ ਸੀ ਅਤੇ ਫਸਲੀ ਸਾਲ 2017-18 ਦੀ 7.51 ਲੱਖ ਐਮ ਟੀ ਕਣਕ 2017-18 ਦੌਰਾਨ ਵੰਡੀ ਗਈ ਸੀ ਜਦੋਂ ਕਿ ਫਸਲੀ ਸਾਲ 2014-15 ਤੋਂ 2016-17 ਦੀ 0.61 ਲੱਖ ਐਮ ਟੀ ਕਣਕ ਵੰਡ ਲਈ ਉਪਲੱਬਧ ਸੀ। ਲੰਮੇ ਸਮੇਂ ਤੱਕ ਸਟੋਰੇਜ ਕਾਰਨ ਕਣਕ ਦੇ ਨੁਕਸਾਨ ਤੋਂ ਬਚਣ ਲਈ ਪਿਛਲੇ ਫ਼ਸਲੀ ਸਾਲਾਂ ਦੀ ਬਚੀ ਹੋਈ ਕਣਕ ਨੂੰ ਪਹਿਲ ਦੇ ਅਧਾਰ ਤੇ ਵੰਡਿਆ ਜਾਣਾ ਸੀ। ਐਫ ਆਈ ਐਫ ਓ ਦੀ ਪਾਲਣਾ ਨਾ ਕਰਨ ਦੇ ਕਾਰਨ 1,440.169 ਐਮ ਟੀ

---

15 ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਾਲਣਾ ਕਰਨ ਦੀ ਲੋੜ ਹੈ।

ਕਣਕ ਦਾ ਨੁਕਸਾਨ ਹੋਇਆ ਜੋ ਕਿ ਦਸੰਬਰ 2019 ਦੌਰਾਨ ਟੈਂਡਰਾਂ ਰਾਹੀ ਵਿਕਰੀ ਲਈ ਰੱਖੀ ਗਈ ਸੀ। ਹਾਲਾਂਕਿ, ਕਣਕ ਦੇ ਸਟਾਕ ਦੀ ਅਸਲ ਲਿਫਟਿੰਗ ਦੇ ਸਮੇਂ 440.559 ਐਮ ਟੀ ਕਣਕ ਦੀ ਘਾਟ ਦੇ ਨਤੀਜੇ ਵਜੋਂ ਵੀ ₹ 0.84 ਕਰੋੜ[16] ਦਾ ਨੁਕਸਾਨ ਹੋਇਆ। ਬਕਾਇਆ ਖਰਾਬ ਹੋਈ ਕਣਕ (999.610 ਐਮ ਟੀ) ₹ 2,500 ਅਤੇ ₹ 15,555 ਪ੍ਰਤੀ ਐਮ ਟੀ ਦੀ ਰੇਂਜ਼ ਵਿਚਕਾਰ ਦੀ ਦਰਾਂ ਤੇ ਵੇਚੀ ਗਈ ਸੀ ਜਿਸ ਦੇ ਨਤੀਜੇ ਵੱਜੋਂ ₹ 0.68 ਕਰੋੜ ਦਾ ਨੁਕਸਾਨ ਹੋਇਆ।

ਇਸ ਤਰ੍ਹਾਂ, ਮਾੜੀ ਸੰਭਾਲ ਅਤੇ ਐਫ ਆਈ ਐਫ ਓ ਦੀ ਪਾਲਣਾ ਨਾ ਕਰਨ ਦੇ ਕਾਰਨ ਨਾ ਸਿਰਫ ਕੰਪਨੀ ਨੂੰ ₹ 1.52 ਕਰੋੜ ਦਾ ਨੁਕਸਾਨ ਹੋਇਆ ਬਲਕਿ ਐਨ ਐਫ ਐਸ ਏ, 2013 ਦੇ ਅਧੀਨ ਡੀ ਸੀ ਪੀ ਕਣਕ ਦੇ ਲਾਭਪਾਤਰੀਆਂ ਨੂੰ ਵੀ ਵਾਂਝਾ ਕਰ ਦਿੱਤਾ ਗਿਆ।

ਮਾਮਲਾ ਸਰਕਾਰ ਅਤੇ ਕਾਰਪੋਰੇਸ਼ਨ ਨੂੰ ਭੇਜਿਆ (ਨਵੰਬਰ 2020) ਗਿਆ ਸੀ; ਉਹਨਾਂ ਦੇ ਜਵਾਬਾਂ ਦੀ ਉਡੀਕ (ਨਵੰਬਰ 2022) ਸੀ।

**ਕੰਪਨੀ ਵਿਗਿਆਨਕ ਸੰਭਾਲ ਤਕਨੀਕਾਂ ਦੀ ਵਰਤੋਂ ਕਰ ਸਕਦੀ ਹੈ, ਸਟੋਰੇਜ ਦੀਆਂ ਸਥਿਤੀਆਂ ਤੇ ਸਖਤ ਨਿਗਰਾਨੀ ਨੂੰ ਯਕੀਨੀ ਬਣਾ ਸਕਦੀ ਹੈ ਅਤੇ ਕਣਕ ਜਾਰੀ ਕਰਦੇ ਸਮੇਂ ਫਸਟ ਇਨ ਫਸਟ ਆਊਟ ਦੇ ਸਿਧਾਂਤ ਦੀ ਪਾਲਣਾ ਕਰ ਸਕਦੀ ਹੈ।**

## ਟਰਾਂਸਪੋਰਟ ਵਿਭਾਗ

## ਪੰਜਾਬ ਰਾਜ ਬੱਸ ਅੱਡਾ ਪ੍ਰਬਧਨ ਕੰਪਨੀ ਲਿਮਟਡ

## 8.7 ਯਾਤਰੀ ਸਹੂਲਤਾਂ ਅਤੇ ਬੱਸ ਅੱਡਿਆਂ ਦਾ ਰੱਖ-ਰਖਾਅ

**ਬੱਸ ਅੱਡਿਆਂ 'ਤੇ ਯਾਤਰੀਆਂ ਦੀਆਂ ਸਹੂਲਤਾਂ ਜਿਵੇਂ ਕਿ ਸੁਰੱਖਿਅਤ ਪੀਣਯੋਗ ਪਾਣੀ, ਪਖਾਨੇ ਅਤੇ ਪਿਸ਼ਾਬ ਘਰ, ਸੀ ਸੀ ਟੀ ਵੀ ਨਿਗਰਾਨੀ, ਸੁਰੱਖਿਆ ਉਪਾਅ, ਉਡੀਕ ਘਰਾਂ ਆਦਿ ਦਾ ਪ੍ਰਬੰਧ ਨਾਕਾਫੀ ਸੀ। ਮਾਨੀਟਰਿੰਗ ਦੀ ਪੂਰੀ ਤਰ੍ਹਾਂ ਕਮੀ ਸੀ ਜਿਸ ਦੇ ਨਤੀਜੇ ਵਜੋਂ ਬੱਸ ਅੱਡਿਆਂ 'ਤੇ ਜਨਤਕ ਸਹੂਲਤਾਂ ਦਾ ਰੱਖ-ਰਖਾਅ ਨਹੀਂ ਹੋਇਆ ਅਤੇ ਯਾਤਰੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਦੀ ਸਥਿਤੀ ਮਾੜੀ ਸੀ।**

### 8.7.1 ਜਾਣ-ਪਛਾਣ

ਪੰਜਾਬ ਰਾਜ ਬੱਸ ਅੱਡਾ ਪ੍ਰਬੰਧਨ ਕੰਪਨੀ ਲਿਮਟਡ (ਕੰਪਨੀ) ਨੂੰ ਕੰਪਨੀ ਐਕਟ, 1956 ਦੇ ਅਧੀਨ ਰਾਜ ਵਿੱਚ ਬੱਸ ਅੱਡਿਆਂ ਦੇ ਪ੍ਰਬੰਧਨ, ਨਿਯੰਤਰਣ ਅਤੇ ਨਿਗਰਾਨੀ ਦੇ ਮੁੱਖ ਉਦੇਸ਼ ਨਾਲ ਸ਼ਾਮਲ ਕੀਤਾ ਗਿਆ ਸੀ (ਮਾਰਚ 1995)। ਕੰਪਨੀ ਕੋਲ 19[17] ਬੱਸ ਅੱਡੇ ਸਨ ਅਤੇ

---

[16] ਲਾਭਪਾਤਰੀਆਂ ਨੂੰ ਡੀ ਸੀ ਪੀ ਕਣਕ ਦੀ ਵੰਡ ਦੇ ਮਾਮਲੇ ਵਿੱਚ ਭਾਰਤ ਸਰਕਾਰ ਤੋਂ ਵਸੂਲੀ ਜਾਣ ਵਾਲੀ ਵਿਕਰੀ ਕੀਮਤ 'ਤੇ ਆਂਕਿਆ ਗਿਆ।

[17] ਅੰਮ੍ਰਿਤਸਰ, ਡੇਰਾ ਬਾਬਾ ਨਾਨਕ, ਫਾਜ਼ਿਲਕਾ, ਫਿਰੋਜ਼ਪੁਰ, ਹੁਸ਼ਿਆਰਪੁਰ, ਜਗਰਾਉ, ਜਲੰਧਰ, ਲੁਧਿਆਣਾ, ਮਜੀਠਾ, ਮੋਗਾ, ਮੁਕੇਰੀਆ, ਮੁਕਤਸਰ, ਨੰਗਲ, ਪਠਾਨਕੋਟ, ਰੂਪਨਗਰ, ਸ਼ਹੀਦ ਭਗਤ ਸਿੰਘ (ਐਸ ਬੀ ਐਸ ਨਗਰ), ਸ਼੍ਰੀ ਆਨੰਦਪੁਰ ਸਾਹਿਬ, ਤਰਨ ਤਾਰਨ ਅਤੇ ਜ਼ੀਰਾ। ਸ਼੍ਰੀ ਆਨੰਦਪੁਰ ਸਾਹਿਬ ਬੱਸ ਅੱਡਾ ਰੂਪਨਗਰ ਡਿਪੂ ਅਧੀਨ ਚੱਲ ਰਿਹਾ ਸੀ।

ਉਨ੍ਹਾਂ ਵਿੱਚ 2020-21 ਦੌਰਾਨ, ਔਸਤਨ 1,500 ਤੋਂ 1,00,000 ਪ੍ਰਤੀ ਦਿਨ ਦੇ ਵਿਚਕਾਰ ਯਾਤਰੀਆਂ ਨੂੰ ਸੰਭਾਲਿਆ ਗਿਆ ਸੀ। ਕੰਪਨੀ ਕੋਲ ਬੱਸ ਅੱਡਿਆਂ ਦੇ ਸੰਚਾਲਨ ਅਤੇ ਰੱਖ -ਰਖਾਅ ਦੀ ਸਮੁੱਚੀ ਜ਼ਿੰਮੇਵਾਰੀ ਹੈ ਅਤੇ ਯਾਤਰੀਆਂ ਦੀਆਂ ਲੋੜੀਂਦੀਆਂ ਸਹੂਲਤਾਂ ਨੂੰ ਯਕੀਨੀ ਬਣਾਉਣਾ ਹੈ। ਕੰਪਨੀ ਨੇ ਪੰਜ ਸਾਲਾਂ ਦੇ ਸਮੇਂ ਲਈ ਮੈਨੇਜਮੈਂਟ ਕੰਟਰੈਕਟ ਵਿੱਚ ਦਾਖਲ ਹੋ ਕੇ ਠੇਕੇਦਾਰਾਂ ਰਾਹੀਂ ਬੱਸ ਅੱਡਿਆਂ ਦੇ ਸੰਚਾਲਨ ਅਤੇ ਰੱਖ ਰਖਾਅ ਦਾ ਕੰਮ ਕੀਤਾ। ਕੰਟਰੋਲਿੰਗ ਡਿਪੂ ਮੈਨੇਜਰ ਬੱਸ ਅੱਡਿਆਂ 'ਤੇ ਸੰਚਾਲਨ ਅਤੇ ਰੱਖ ਰਖਾਅ ਦੀਆਂ ਗਤੀਵਿਧੀਆਂ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ। ਕੰਪਨੀ ਦੇ ਸਾਲਾਨਾ ਵਿੱਤੀ ਸਟੇਟਮੈਂਟਾਂ ਨੂੰ ਅੰਤਿਮ ਰੂਪ ਦੇਣਾ ਬਕਾਇਆ ਸੀ ਅਤੇ ਇਸ ਨੂੰ ਸਿਰਫ ਸਾਲ 2015-16 ਤੱਕ ਅੰਤਿਮ ਰੂਪ (ਸਤੰਬਰ 2022) ਦਿੱਤਾ ਗਿਆ ਸੀ। ਆਰਜ਼ੀ ਲੇਖਿਆਂ ਅਨੁਸਾਰ, ਕੰਪਨੀ ਨੇ 2018-19 ਅਤੇ 2019-20 ਦੌਰਾਨ ਕ੍ਰਮਵਾਰ ₹ 3.51 ਕਰੋੜ ਅਤੇ ₹ 2.12 ਕਰੋੜ ਦਾ ਮੁਨਾਫਾ ਕਮਾਇਆ, ਸਾਲ 2020-21 ਲਈ ਆਰਜ਼ੀ ਲੇਖੇ ਤਿਆਰ (ਅਗਸਤ 2022) ਨਹੀਂ ਕੀਤੇ ਗਏ ਸਨ।

ਬੱਸ ਅੱਡਿਆਂ ਤੇ ਯਾਤਰੀਆਂ ਦੀਆਂ ਸਹੂਲਤਾਂ ਦੀ ਸਮਰੱਥਾ ਅਤੇ ਰੱਖ-ਰਖਾਅ, ਬੱਸ ਅੱਡਿਆਂ ਦੀ ਦੇਖਭਾਲ ਅਤੇ ਨਿਗਰਾਨੀ ਤੰਤਰ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨ ਦੇ ਉਦੇਸ਼ ਨਾਲ, ਇੱਕ ਲੇਖਾ ਪ੍ਰੀਖਿਆ ਕੀਤੀ ਗਈ ਸੀ। ਲੇਖਾ ਪ੍ਰੀਖਿਆ ਨੇ ਰੈਂਡਮ ਸਟਰੈਟੀਫਾਈਡ ਸੈਂਪਲਿੰਗ[18] ਦੀ ਵਰਤੋਂ ਕਰਦੇ ਹੋਏ ਛੇ[19] ਬੱਸ ਅੱਡਿਆਂ (31 *ਪ੍ਰਤੀਸ਼ਤ*) ਦੀ ਚੋਣ ਕੀਤੀ ਅਤੇ 2018-19 ਤੋਂ 2020-21 ਦੇ ਸਮੇਂ ਦੌਰਾਨ ਬੁਨਿਆਦੀ ਯਾਤਰੀ ਸਹੂਲਤਾਂ ਅਤੇ ਬੱਸ ਅੱਡਿਆਂ ਦੀ ਸੰਭਾਲ ਦੇ ਪ੍ਰਬੰਧ ਅਤੇ ਰੱਖ ਰਖਾਅ ਦੀ ਸਮੀਖਿਆ ਕੀਤੀ। ਲੇਖਾ ਪ੍ਰੀਖਿਆ ਉਦੇਸ਼ ਨੂੰ ਪ੍ਰਾਪਤ ਕਰਨ ਲਈ, ਮੁੱਖ ਦਫ਼ਤਰ ਅਤੇ ਚੁਣੇ ਹੋਏ ਡਿਪੂਆਂ ਦੇ ਰਿਕਾਰਡ ਦੀ ਨਮੂਨਾ ਜਾਂਚ ਦੇ ਨਾਲ ਚੁਣੇ ਹੋਏ ਬੱਸ ਅੱਡਿਆਂ ਦੇ ਕਰਮਚਾਰੀਆਂ ਨਾਲ ਸਾਂਝੇ ਨਿਰੀਖਣ ਵੀ ਕੀਤੇ ਗਏ। ਲੇਖਾ ਪ੍ਰੀਖਿਆ ਅਭਿਆਸ ਦੇ ਹਿੱਸੇ ਵੱਜੋਂ, ਯਾਤਰੀਆਂ ਦੀਆਂ ਸਹੂਲਤਾਂ ਦੀ ਉਪਲੱਬਧਤਾ ਬਾਰੇ ਯਾਤਰੀਆਂ ਦੀ ਧਾਰਨਾ ਨੂੰ ਰਿਕਾਰਡ ਕਰਨ ਲਈ ਨਮੂਨਾ ਲਏ ਗਏ ਹਰੇਕ ਬੱਸ ਅੱਡੇ ਦੇ 25 ਯਾਤਰੀਆਂ ਦੀ ਰੈਂਡਮਲੀ ਚੋਣ ਕਰਦੇ ਹੋਏ ਸਾਂਝੇ ਯਾਤਰੀ ਸਰਵੇਖਣ ਕੀਤੇ ਗਏ ਸਨ।

## 8.7.2 ਲੇਖਾ ਪ੍ਰੀਖਿਆ ਲੱਭਤਾਂ

### *8.7.2.1 ਯਾਤਰੀ ਸਹੂਲਤਾਂ ਲਈ ਨਿਯਮ*

ਪ੍ਰਬੰਧਨ ਇਕਰਾਰਨਾਮੇ ਦੇ ਅਨੁਸਾਰ, ਆਪਰੇਟਰ ਨੂੰ ਬੱਸ ਅੱਡਿਆਂ 'ਤੇ ਯਾਤਰੀਆਂ ਦੀਆਂ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਲੋੜ ਸੀ ਜਿਸ ਵਿੱਚ ਡਬਲਿਊ ਐਚ ਓ ਦੇ ਮਿਆਰਾਂ ਦੇ ਬਰਾਬਰ ਪੀਣ ਵਾਲਾ ਸੁਰੱਖਿਅਤ ਪਾਣੀ, ਸਾਫ਼ ਅਤੇ ਕਾਰਜਸ਼ੀਲ ਪਾਣੀ ਦੇ ਚੈਂਬਰ, ਯਾਤਰੀਆਂ ਅਤੇ ਉਨ੍ਹਾਂ ਦੇ ਸਮਾਨ ਲਈ ਸੁਰੱਖਿਆ ਪ੍ਰਣਾਲੀ ਦੇ ਨਾਲ 100 *ਪ੍ਰਤੀਸ਼ਤ* ਸੀ ਸੀ ਟੀ ਵੀ ਨਿਗਰਾਨੀ, ਪਲੇਟਫਾਰਮਾਂ 'ਤੇ ਬੈਠਣ ਦੀ ਸਹੀ ਵਿਵਸਥਾ, 24 ਘੰਟੇ ਕਾਰਜਸ਼ੀਲ ਉਡੀਕ ਘਰ, ਖਾਸ ਸਮਰੱਥ

---

[18] ਸਟਰੈਟਾ ਯਾਤਰੀਆਂ ਦੀ ਗਿਣਤੀ, ਕੰਪਨੀ/ਠੇਕੇਦਾਰ ਦੁਆਰਾ ਬੱਸ ਅੱਡੇ ਦੇ ਪ੍ਰਬੰਧਨ ਅਤੇ ਭੂਗੋਲਿਕ ਸਥਿਤੀ 'ਤੇ ਅਧਾਰਤ ਸਨ।

[19] ਮੋਗਾ, ਰੂਪਨਗਰ, ਲੁਧਿਆਣਾ, ਅੰਮ੍ਰਿਤਸਰ, ਨੰਗਲ ਅਤੇ ਐਸ ਬੀ ਐਸ ਨਗਰ

ਯਾਤਰੀਆਂ ਲਈ ਵਿਸ਼ੇਸ਼ ਪਖਾਨਿਆਂ ਸਮੇਤ ਸਾਫ/ਕੂੜੇ-ਰਹਿਤ ਪਖਾਨੇ/ਪਿਸ਼ਾਬਘਰ, ਉਪਭੋਗਤਾ ਖਰਚਿਆਂ ਆਦਿ ਬਾਰੇ ਪੜ੍ਹਨਯੋਗ ਡਿਸਪਲੇ ਬੋਰਡ, ਕਾਰਜਸ਼ੀਲ ਸ਼ਿਕਾਇਤ ਰਜਿਸਟਰ, 24 ਘੰਟੇ ਕਾਰਜਸ਼ੀਲ ਪਾਰਕਿੰਗ ਸਹੂਲਤ ਅਤੇ ਢੱਕੇ ਹੋਏ ਕੂੜੇਦਾਨ ਸਮੇਤ ਪ੍ਰਭਾਵੀ ਕੂੜਾ ਪ੍ਰਬੰਧਨ ਸ਼ਾਮਲ ਹਨ। ਇਹ ਨਿਯਮ ਬੱਸ ਅੱਡਿਆਂ ਦੇ ਸੰਚਾਲਨ ਅਤੇ ਰੱਖ-ਰਖਾਅ ਲਈ ਕੰਪਨੀ ਅਤੇ ਠੇਕੇਦਾਰਾਂ 'ਤੇ ਲਾਗੂ ਸਨ।

ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ (ਬੀ ਆਈ ਐਸ) ਨੇ ਬੱਸ ਟਰਮੀਨਲਾਂ ਸਮੇਤ ਸ਼ਹਿਰੀ ਖੇਤਰਾਂ ਵਿੱਚ ਰਿਹਾਇਸ਼ੀ, ਵਪਾਰਕ ਅਤੇ ਉਦਯੋਗਿਕ ਇਮਾਰਤਾਂ ਤੇ ਘੱਟੋ ਘੱਟ ਸੈਨੇਟਰੀ ਸਹੂਲਤ ਲਈ ਨਿਯਮ (ਕੋਡ ਆਈ ਐਸ-1172:1993) ਪ੍ਰਦਾਨ ਕੀਤੇ ਹਨ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕੰਪਨੀ ਨੇ ਬੱਸ ਅੱਡਿਆਂ 'ਤੇ ਮੁਹੱਈਆ ਕੀਤੇ ਜਾਣ ਵਾਲੇ ਬੁਨਿਆਦੀ ਢਾਂਚੇ ਜਿਵੇਂ ਕਿ ਪੀਣ ਵਾਲੇ ਪਾਣੀ ਦੀਆਂ ਟੂਟੀਆਂ, ਪਖਾਨੇ, ਪਿਸ਼ਾਬ ਘਰ, ਸੀ ਸੀ ਟੀ ਵੀ ਕੈਮਰੇ, ਸੁਰੱਖਿਆ ਗਾਰਡ ਆਦਿ ਦੀ ਗਿਣਤੀ ਦੀ ਮਾਤਰਾ ਬਾਰੇ ਨਾ ਤਾਂ ਕੋਈ ਨਿਯਮ ਨਿਰਾਧਰਤ ਕੀਤੇ ਸਨ ਅਤੇ ਨਾ ਹੀ ਕੋਈ ਮੈਨੂਅਲ ਤਿਆਰ ਕੀਤਾ ਸੀ। ਬੀ ਆਈ ਐਸ ਦੇ ਨਿਯਮਾਂ ਦੇ ਸਬੰਧ ਵਿੱਚ ਸੈਨੇਟਰੀ ਸਹੂਲਤਾਂ ਦੇ ਪ੍ਰਬੰਧ ਵਿੱਚ ਕਮੀਆਂ ਦੀ ਚਰਚਾ ਹੇਠਾਂ ਪੈਰ੍ਹਾ 8.7.3.1 ਵਿੱਚ ਕੀਤੀ ਗਈ ਹੈ।

#### *8.7.2.2 ਯਾਤਰੀਆਂ ਦੀਆਂ ਸਹੂਲਤਾਂ ਲਈ ਬੁਨਿਆਦੀ ਢਾਂਚੇ ਦੀ ਸਿਰਜਣਾ*

ਕੰਪਨੀ ਨੇ ਫੈਸਲਾ (ਜਨਵਰੀ 2015) ਕੀਤਾ ਕਿ ਬੱਸ ਅੱਡਿਆਂ ਤੋਂ ਕਿਸੇ ਵੀ ਵਾਧੂ ਰੈਵੀਨਿਊ ਦੀ ਵਰਤੋਂ ਬੱਸ ਅੱਡਿਆਂ 'ਤੇ ਵਰਕਸ਼ਾਪਾਂ ਦੀਆਂ ਇਮਾਰਤਾਂ ਦੀ ਉਸਾਰੀ/ਕਿਰਾਇਆ/ਮੁਰੰਮਤ ਅਤੇ ਰੱਖ-ਰਖਾਅ, ਸੜਕਾਂ ਆਦਿ ਲਈ ਕੀਤੀ ਜਾਵੇਗੀ। ਭਾਵੇਂ ਬੱਸ ਅੱਡਿਆਂ ਤੋਂ ₹ 22.28 ਕਰੋੜ ਅਤੇ ₹ 26.6 ਕਰੋੜ ਦੀ ਆਮਦਨ ਹੋਈ ਸੀ ਫਿਰ ਵੀ ਕ੍ਰਮਵਾਰ 2018-19 ਅਤੇ 2019-20 ਦੌਰਾਨ, ਬੱਸ ਅੱਡਿਆਂ ਦੇ ਬੁਨਿਆਦੀ ਢਾਂਚੇ ਵਿੱਚ ਲੋੜੀਂਦੇ ਵਾਧੇ ਕਰਨ ਲਈ ਨਾਂ ਤਾਂ ਬਜਟ ਅਲਾਟ ਕੀਤਾ ਗਿਆ ਸੀ ਅਤੇ ਨਾ ਹੀ ਪੂੰਜੀਗਤ ਖਰਚਾ ਕੀਤਾ ਗਿਆ ਸੀ। ਉਦਾਹਰਣ ਲਈ, ਰੂਪਨਗਰ ਵਿੱਖੇ ਬੱਸ ਅੱਡੇ ਨੂੰ 20 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਅਣਢੱਕੇ ਪਲੇਟਫਾਰਮ ਅਤੇ ਵੇਟਿੰਗ ਏਰੀਆ ਵਾਲੇ ਅਸਥਾਈ ਸ਼ੈੱਡ ਵਿੱਚ ਚਲਾਇਆ ਜਾ ਰਿਹਾ ਸੀ, ਜਿਸ ਕਾਰਨ ਯਾਤਰੀਆਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

## 8.7.3 ਬੱਸ ਅੱਡਿਆਂ 'ਤੇ ਯਾਤਰੀ ਸਹੂਲਤਾਂ

#### *8.7.3.1 ਆਮ ਯਾਤਰੀ ਸਹੂਲਤਾਂ*

ਸਾਂਝੇ ਨਿਰੀਖਣ ਦੌਰਾਨ, ਬੱਸ ਅੱਡਿਆਂ 'ਤੇ ਯਾਤਰੀਆਂ ਦੀਆਂ ਸਹੂਲਤਾਂ ਜਿਵੇਂ ਕਿ ਪੀਣਯੋਗ ਪਾਣੀ, ਵਿਸ਼ੇਸ਼ ਤੌਰ ਤੇ ਸਮਰੱਥ ਯਾਤਰੀਆਂ ਲਈ ਪਖਾਨਿਆਂ ਸਮੇਤ ਪਖਾਨੇ/ਪਿਸ਼ਾਬ ਘਰਾਂ, ਸੁਰੱਖਿਆ ਪ੍ਰਣਾਲੀ, ਉਡੀਕ ਘਰ, ਕਲਾਕ ਰੂਮ, ਪਾਰਕਿੰਗ ਸਹੂਲਤ, ਬੈਠਣ ਦੀ ਵਿਵਸਥਾ, ਉਪਭੋਗਤਾ ਖਰਚੇ, ਬੱਸ ਅੱਡਿਆਂ 'ਤੇ ਸਫਾਈ, ਸ਼ਿਕਾਇਤ ਨਿਵਾਰਣ ਤੰਤਰ ਅਤੇ ਪ੍ਰਭਾਵੀ ਰਹਿੰਦ

ਖੂੰਹਦ ਪ੍ਰਬੰਧਨ ਆਦਿ ਦੀ ਜਾਂਚ ਕੀਤੀ ਗਈ ਸੀ ਅਤੇ ਹੇਠ ਲਿਖੀਆਂ ਕਮੀਆਂ ਦੇਖੀਆਂ ਗਈਆਂ ਸਨ (ਜਿਵੇਂ ਕਿ ***ਅੰਤਿਕਾ 8.1*** ਵਿੱਚ ਵਿਸਤ੍ਰਿਤ ਹੈ):

- ਬੱਸ ਅੱਡਿਆਂ ਤੇ ਪੀਣ ਵਾਲੇ ਸਾਫ ਅਤੇ ਠੰਡੇ ਪਾਣੀ ਦੀ ਉਪਲੱਬਧਤਾ ਲਈ ਆਰ ਓ ਵਾਟਰ ਫਿਲਟਰ ਜਾਂ ਇਸ ਦੇ ਬਰਾਬਰ ਅਤੇ ਵਾਟਰ ਕੂਲਰ ਦੀ ਉਪਲੱਬਧਤਾ ਨੂੰ ਯਕੀਨੀ ਬਣਾਇਆ ਜਾਣਾ ਸੀ। ਚੁਣੇ ਗਏ ਛੇ ਵਿੱਚੋਂ ਤਿੰਨ[20] ਬੱਸ ਅੱਡਿਆਂ 'ਤੇ ਇਹ ਦੇਖਿਆ ਗਿਆ ਸੀ ਕਿ ਆਰ ਓ ਸ਼ੁੱਧ ਪਾਣੀ ਉਪਲੱਬਧ ਨਹੀਂ ਸੀ। ਛੇ ਚੁਣੇ ਗਏ ਬੱਸ ਅੱਡਿਆਂ ਵਿੱਚੋਂ ਦੋ[21] 'ਤੇ ਵਾਟਰ ਕੂਲਰ ਉਪਲੱਬਧ ਨਹੀਂ ਸਨ। ਹੋਰ ਦੋ[22] ਚੁਣੇ ਹੋਏ ਬੱਸ ਅੱਡਿਆਂ 'ਤੇ ਸਿਰਫ਼ ਇੱਕ ਵਾਟਰ ਕੂਲਰ ਉਪਲੱਬਧ ਸੀ। ਛੇ ਚੁਣੇ ਹੋਏ ਬੱਸ ਅੱਡਿਆਂ ਵਿੱਚੋਂ ਪੰਜ[23] 'ਤੇ ਵਾਟਰ ਕੂਲਰ ਦੇ ਸਟੋਰੇਜ ਚੈਂਬਰ ਸਾਫ਼ ਨਹੀਂ ਸਨ। ਚੁਣੇ ਗਏ ਕਿਸੇ ਵੀ ਬੱਸ ਅੱਡੇ 'ਤੇ ਗੁਣਵੱਤਾ ਦੀ ਜਾਂਚ ਲਈ ਪਾਣੀ ਦੀ ਜਾਂਚ ਨਹੀਂ ਕੀਤੀ ਜਾ ਰਹੀ ਸੀ।

- ਸਾਫ਼ ਸੁਥਰੇ ਵਾਤਾਵਰਣ ਨੂੰ ਬਣਾਈ ਰੱਖਣ ਲਈ ਲੋੜੀਂਦੀ ਗਿਣਤੀ ਵਿੱਚ ਸਾਫ ਅਤੇ ਸਵੱਛਤਾ ਨਾਲ ਬਣਾਏ ਗਏ ਪਖਾਨਿਆਂ ਦੀ ਸਹੂਲਤਾਂ ਜ਼ਰੂਰੀ ਹਨ। ਸਾਰੇ ਚੁਣੇ ਗਏ ਬੱਸ ਅੱਡਿਆਂ 'ਤੇ ਉਪਰੋਕਤ ਬੀ ਆਈ ਐਸ ਮਾਪਦੰਡਾ ਅਨੁਸਾਰ ਜਨਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪਖਾਨਿਆਂ ਦੀ ਗਿਣਤੀ ਨਾਕਾਫ਼ੀ ਸੀ। 5,000 ਤੋਂ 90,000 ਤੱਕ ਯਾਤਰੀਆਂ ਲਈ ਪਖਾਨਿਆਂ ਦੀ ਗਿਣਤੀ ਵਿੱਚ ਪੁਰਸ਼ਾਂ ਲਈ ਚਾਰ ਤੋਂ 83 ਤੱਕ ਅਤੇ ਮਹਿਲਾ ਯਾਤਰੀਆਂ ਲਈ ਇੱਕ ਤੋਂ 38 ਪਖਾਨਿਆਂ ਦੀ ਕਮੀ ਸੀ। ਚਾਰ[24] ਬੱਸ ਅੱਡਿਆਂ ਤੇ ਪਿਸ਼ਾਬ ਘਰਾਂ, ਤਿੰਨ[25] ਬੱਸ ਅੱਡਿਆਂ 'ਤੇ ਉਡੀਕ ਘਰਾਂ ਅਤੇ ਦੋ[26] ਬੱਸ ਅੱਡਿਆਂ 'ਤੇ ਕਲਾਕ ਰੂਮਾਂ ਦੀ ਵੀ ਘਾਟ ਸੀ।

- ਛੇ ਚੁਣੇ ਗਏ ਬੱਸ ਅੱਡਿਆਂ ਵਿੱਚੋਂ ਪੰਜ[27] (83 *ਪ੍ਰਤੀਸ਼ਤ*) ਤੇ, ਪਖਾਨੇ ਅਤੇ ਪਿਸ਼ਾਬਘਰ ਅਸ਼ੁੱਧ ਸਨ ਜਿਸ ਲਈ ਸਮੇਂ-ਸਮੇਂ ਤੇ ਸਫਾਈ ਦੀ ਮਿਆਦ ਅਤੇ ਗੁਣਵੱਤਾ ਨੂੰ ਵਧਾਉਣ ਦੀ ਲੋੜ ਸੀ। ਚੁਣੇ ਗਏ ਬੱਸ ਅੱਡਿਆਂ ਵਿੱਚੋਂ ਕ੍ਰਮਵਾਰ ਪੰਜ[28] ਅਤੇ ਦੋ[29] ਵਿੱਚ ਪਖਾਨਾ ਸੀਟਾਂ ਅਤੇ ਦਰਵਾਜ਼ਿਆਂ ਦੀ ਤੁਰੰਤ ਮੁਰੰਮਤ ਦੀ ਵੀ ਲੋੜ ਸੀ। ਅੰਮ੍ਰਿਤਸਰ ਅਤੇ ਨੰਗਲ ਦੇ ਬੱਸ ਅੱਡਿਆਂ 'ਤੇ ਵਿਸ਼ੇਸ਼ ਤੌਰ 'ਤੇ ਸਮਰੱਥ ਯਾਤਰੀਆਂ ਲਈ ਪਖਾਨੇ ਨਹੀ ਬਣਾਏ ਗਏ ਸਨ।

---

20 ਅੰਮ੍ਰਿਤਸਰ, ਨੰਗਲ ਅਤੇ ਰੂਪਨਗਰ।

21 ਅੰਮ੍ਰਿਤਸਰ ਅਤੇ ਨੰਗਲ।

22 ਰੂਪਨਗਰ ਅਤੇ ਐਸ ਬੀ ਐਸ ਨਗਰ।

23 ਅੰਮ੍ਰਿਤਸਰ, ਲੁਧਿਆਣਾ, ਨੰਗਲ, ਰੂਪਨਗਰ ਅਤੇ ਐਸ ਬੀ ਐਸ ਨਗਰ।

24 ਅੰਮ੍ਰਿਤਸਰ, ਲੁਧਿਆਣਾ, ਨੰਗਲ ਅਤੇ ਰੂਪਨਗਰ।

25 ਮੋਗਾ, ਨੰਗਲ ਅਤੇ ਰੂਪਨਗਰ।

26 ਨੰਗਲ ਅਤੇ ਰੂਪਨਗਰ।

27 ਅੰਮ੍ਰਿਤਸਰ, ਲੁਧਿਆਣਾ, ਨੰਗਲ, ਰੂਪਨਗਰ ਅਤੇ ਐਸ ਬੀ ਐਸ ਨਗਰ।

28 ਅੰਮ੍ਰਿਤਸਰ, ਲੁਧਿਆਣਾ, ਨੰਗਲ, ਰੂਪਨਗਰ ਅਤੇ ਐਸ ਬੀ ਐਸ ਨਗਰ।

29 ਲੁਧਿਆਣਾ ਅਤੇ ਐਸ ਬੀ ਐਸ ਨਗਰ।

- ਸਾਰੇ ਚੁਣੇ ਗਏ ਬੱਸ ਅੱਡਿਆਂ 'ਤੇ ਕੰਪਨੀ/ਠੇਕੇਦਾਰ ਦੁਆਰਾ ਕੂੜੇ ਨੂੰ ਵੱਖ ਨਹੀਂ ਕੀਤਾ ਜਾ ਰਿਹਾ ਸੀ। ਛੇ ਵਿੱਚੋਂ ਪੰਜ[30] (83 *ਪ੍ਰਤੀਸ਼ਤ*) ਨਮੂਨੇ ਵਾਲੇ ਬੱਸ ਅੱਡਿਆਂ ਵਿੱਚ, ਕੂੜੇਦਾਨ ਜਾਂ ਤਾਂ ਢੱਕਣ ਜਾਂ ਹੈਂਡਲ ਤੋਂ ਬਿਨਾਂ ਸਨ। ਨੰਗਲ ਅਤੇ ਐਸ ਬੀ ਐਸ ਨਗਰ ਬੱਸ ਅੱਡਿਆਂ ਤੇ ਕੂੜੇ ਦੇ ਢੇਰ ਦੇਖੇ ਗਏ ਸਨ। ਸਾਂਝੇ ਯਾਤਰੀ ਸਰਵੇਖਣ ਵਿੱਚ 31 *ਪ੍ਰਤੀਸ਼ਤ* ਯਾਤਰੀਆਂ ਨੇ ਜਵਾਬ ਦਿੱਤਾ ਕਿ ਕੂੜੇਦਾਨਾਂ ਦਾ ਪ੍ਰਬੰਧ ਨਾਕਾਫੀ ਸੀ।

- ਰੂਪਨਗਰ ਬੱਸ ਅੱਡੇ 'ਤੇ ਯਾਤਰੀਆਂ ਲਈ ਕੋਈ ਉਡੀਕ ਘਰ ਨਹੀਂ ਸੀ ਅਤੇ ਪਲੇਟਫਾਰਮ ਤੇ ਬੈਠਣ ਦੀ ਵਿਵਸਥਾ ਅਸੁਵਿਧਾਜਨਕ ਅਤੇ ਟੁੱਟੀ ਹੋਈ ਸੀ। ਨੰਗਲ ਅਤੇ ਮੋਗਾ ਦੇ ਬੱਸ ਅੱਡਿਆਂ ਤੇ ਪੁਰਸ਼ ਯਾਤਰੀਆਂ ਲਈ ਕੋਈ ਉਡੀਕ ਘਰ ਨਹੀਂ ਸੀ ਜਦੋਂ ਕਿ ਅੰਮ੍ਰਿਤਸਰ ਦੇ ਬੱਸ ਅੱਡੇ 'ਤੇ ਵਰਤੋਂ ਲਈ ਉਡੀਕ ਘਰ ਉਪਲੱਬਧ ਨਹੀਂ ਸੀ ਅਤੇ ਯਾਤਰੀਆਂ ਦੇ ਬੈਠਣ ਲਈ ਪਲੇਟਫਾਰਮ ਤੇ ਦਿੱਤੇ ਗਏ ਸ਼ੈੱਡ ਖਰਾਬ ਮੌਸਮ ਦੇ ਕਾਰਨ ਟੁੱਟ ਗਏ ਸਨ। ਨੰਗਲ ਵਿਖੇ ਮਹਿਲਾ ਯਾਤਰੀਆਂ ਦੇ ਉਡੀਕ ਘਰ ਨੂੰ ਤਾਲਾ ਲੱਗਿਆ ਪਾਇਆ ਗਿਆ। ਉਡੀਕ ਘਰ ਜਿੱਥੇ ਕਿਤੇ ਵੀ ਉਪਲੱਬਧ ਸਨ, ਅਸ਼ੁੱਧ ਅਤੇ ਖਰਾਬ ਸਨ।

- ਛੇ ਚੁਣੇ ਗਏ ਬੱਸ ਅੱਡਿਆਂ ਵਿੱਚੋਂ ਦੋ[31] ਤੇ ਕਲਾਕ ਰੂਮ ਉਪਲੱਬਧ ਨਹੀਂ ਸਨ। ਲੁਧਿਆਣਾ ਅਤੇ ਮੋਗਾ ਦੇ ਬੱਸ ਅੱਡਿਆਂ ਤੇ ਕਲਾਕ ਰੂਮਾਂ ਦੀ ਸਹੀ ਢੰਗ ਨਾਲ ਸਾਂਭ-ਸੰਭਾਲ ਨਹੀਂ ਕੀਤੀ ਗਈ ਸੀ ਅਤੇ ਰੈਕ ਖੁੱਲ੍ਹੇ ਪਾਏ ਗਏ ਸਨ ਅਤੇ ਸਮੱਗਰੀ ਨੂੰ ਸਟੋਰ ਕਰਨ ਲਈ ਵਰਤੇ ਗਏ ਸੀ। ਸਹੂਲਤ ਦੀ ਵੀ ਜਿਆਦਾ ਵਸੂਲੀ ਕੀਤੀ ਜਾ ਰਹੀ ਸੀ।

- ਪਾਰਕਿੰਗ ਫੀਸ ਸਲਿੱਪਾਂ ਵਿੱਚ ਦਰਸਾਏ ਉਪਭੋਗਤਾ ਖਰਚੇ ਪ੍ਰਬੰਧਨ ਸਮਝੌਤੇ ਦੇ ਅਨੁਸਾਰ ਨਹੀਂ ਸਨ। ਛੇ ਵਿੱਚੋਂ ਪੰਜ ਚੁਣੇ ਗਏ ਬੱਸ ਅੱਡਿਆਂ ਤੇ ਯਾਤਰੀਆਂ ਤੋਂ ਘੱਟ[32]/ਵੱਧ ਚਾਰਜ[33] ਕੀਤੇ ਗਏ ਸਨ। ਛੇ ਚੁਣੇ ਗਏ ਬੱਸ ਅੱਡਿਆਂ ਵਿੱਚੋਂ ਤਿੰਨ[34] 'ਤੇ ਵਾਹਨ ਪਾਰਕਿੰਗ ਫੀਸ ਪ੍ਰਦਰਸ਼ਿਤ ਨਹੀਂ ਕੀਤੀ ਗਈ ਸੀ, ਜਿਸ ਕਾਰਨ ਸਹੂਲਤ ਵਿੱਚ ਹੇਰਾਫੇਰੀ ਦਾ ਖਤਰਾ ਬਣਿਆ ਹੋਇਆ ਸੀ।

- ਅੰਮ੍ਰਿਤਸਰ ਬੱਸ ਅੱਡੇ 'ਤੇ ਦੁਕਾਨਾਂ ਦੇ ਸਾਂਝੇ ਨਿਰੀਖਣ (ਨਮੂਨਾਂ ਜਾਂਚ ਕੀਤੇ) ਦੌਰਾਨ, ਲੇਖਾ ਪ੍ਰੀਖਿਆ ਨੇ ਦੇਖਿਆ ਕਿ ਤਿੰਨ ਦੁਕਾਨਦਾਰ ਵੱਧ ਤੋਂ ਵੱਧ ਪ੍ਰਚੂਨ ਮੁੱਲ ਤੋਂ ਵੱਧ ਰੇਟ ਵਸੂਲ ਰਹੇ ਸਨ।

---

30 ਅੰਮ੍ਰਿਤਸਰ, ਲੁਧਿਆਣਾ, ਮੋਗਾ, ਨੰਗਲ ਅਤੇ ਐਸ ਬੀ ਐਸ ਨਗਰ।

31 ਨੰਗਲ ਅਤੇ ਰੂਪਨਗਰ।

32 ਅੰਮ੍ਰਿਤਸਰ।

33 ਅੰਮ੍ਰਿਤਸਰ, ਮੋਗਾ, ਨੰਗਲ, ਰੂਪਨਗਰ ਅਤੇ ਐਸ ਬੀ ਐਸ ਨਗਰ।

34 ਨੰਗਲ, ਰੂਪਨਗਰ ਅਤੇ ਐਸ ਬੀ ਐਸ ਨਗਰ।



ਤਸਵੀਰ ਨੰ. 1: ਰੂਪਨਗਰ ਬੱਸ ਅੱਡੇ 'ਤੇ (27 ਜੁਲਾਈ 2021) ਗੈਰ-ਕਿਰਿਆਸ਼ੀਲ ਆਰ ਓ ਅਤੇ ਵਾਟਰਕੂਲਰ ਦਾ ਅਸ਼ੁੱਧ ਆਲਾ ਦੁਆਲਾ।



ਤਸਵੀਰ ਨੰ. 2: ਨੰਗਲ ਬੱਸ ਅੱਡੇ 'ਤੇ ਗੰਦਾ ਵਾਟਰ ਚੈਂਬਰ (29 ਜੁਲਾਈ 2021)



ਤਸਵੀਰ ਨੰ. 3: ਅੰਮ੍ਰਿਤਸਰ ਬੱਸ ਅੱਡੇ ਤੇ ਟੁੱਟਿਆ ਹੋਇਆ ਪਖਾਨਾ (23 ਅਗਸਤ 2021)



ਤਸਵੀਰ ਨੰ. 4: ਰੂਪਨਗਰ ਬੱਸ ਅੱਡੇ 'ਤੇ ਟੁੱਟੀਆਂ ਹੋਈਆਂ ਸੀਮਿੰਟ ਦੀਆਂ ਸੀਟਾਂ/ਬੈਠਣ ਦੀ ਵਿਵਸਥਾ (27 ਜੁਲਾਈ 2021)

- ਰੂਪਨਗਰ ਅਤੇ ਅੰਮ੍ਰਿਤਸਰ ਦੇ ਬੱਸ ਅੱਡਿਆਂ 'ਤੇ ਅੰਦਰਲੀਆਂ ਸੜਕਾਂ ਟੁੱਟੀਆਂ ਅਤੇ ਟੋਇਆਂ ਨਾਲ ਭਰੀਆਂ ਪਈਆ ਸਨ, ਜਿਸ ਕਾਰਨ ਯਾਤਰੀਆਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।
- ਰੂਪਨਗਰ ਬੱਸ ਅੱਡੇ 'ਤੇ ਪਲੇਟਫਾਰਮ ਦੇ ਫਰਸ਼ 'ਤੇ ਤਰੇੜਾਂ ਆ ਗਈਆਂ ਸਨ ਅਤੇ ਫਰਸ਼ ਤੋਂ ਲੋਹੇ ਦੀਆਂ ਪੱਟੀਆਂ ਨਿਕਲ ਗਈਆਂ ਸਨ, ਜਿਸ ਨਾਲ ਯਾਤਰੀਆਂ ਨੂੰ ਸੱਟ ਲੱਗਣ ਦਾ ਖਤਰਾ ਸੀ।

|  |  |
|---|---|
| **ਤਸਵੀਰ ਨੰ: 5: ਰੂਪਨਗਰ ਬੱਸ ਅੱਡੇ 'ਤੇ ਟੁੱਟੀ ਅੰਦਰਲੀ ਸੜਕ** (27 ਜੁਲਾਈ 2021) | **ਤਸਵੀਰ ਨੰ: 6: ਅੰਮ੍ਰਿਤਸਰ ਬੱਸ ਅੱਡੇ 'ਤੇ ਨੁਕਸਾਨੀ ਹੋਈ ਅੰਦਰਲੀ ਸੜਕ** (23 ਅਗਸਤ 2021) |

### *8.7.3.2 ਯਾਤਰੀਆਂ ਦੀ ਸੁਰੱਖਿਆ ਨਾਲ ਸਬੰਧਤ ਸਹੂਲਤਾ*

ਚੁਣੇ ਗਏ ਬੱਸ ਅੱਡਿਆਂ ਦਾ ਸੰਯੁਕਤ ਨਿਰੀਖਣ ਕੀਤਾ ਗਿਆ ਸੀ ਅਤੇ ***ਅੰਤਿਕਾ 8.2*** ਵਿੱਚ ਵੇਰਵੇ ਅਨੁਸਾਰ ਕਮੀਆਂ ਵੇਖੀਆਂ ਗਈਆਂ ਸਨ:

- ਰੂਪਨਗਰ ਦੇ ਬੱਸ ਅੱਡੇ 'ਤੇ, ਦਿਨ ਵੇਲੇ ਕੋਈ ਵੀ ਸੁਰੱਖਿਆ ਕਰਮਚਾਰੀ ਤੈਨਾਤ ਨਹੀਂ ਸੀ ਅਤੇ ਰਾਤ ਸਮੇਂ ਸਿਰਫ਼ ਇੱਕ ਸੁਰੱਖਿਆ ਗਾਰਡ ਤੈਨਾਤ ਸੀ ਅਤੇ ਮਿੰਨੀ ਬੱਸ ਅੱਡੇ ਦੇ ਪਲੇਟਫਾਰਮ 'ਤੇ ਸੀ ਸੀ ਟੀ ਵੀ ਕੈਮਰੇ ਨਹੀਂ ਲਗਾਏ ਗਏ ਸਨ। ਅੰਮ੍ਰਿਤਸਰ ਅਤੇ ਲੁਧਿਆਣਾ ਦੇ ਬੱਸ ਅੱਡਿਆਂ 'ਤੇ ਪ੍ਰਤੀ ਦਿਨ ਕ੍ਰਮਵਾਰ ਘੱਟੋ-ਘੱਟ 90,000 ਅਤੇ 80,000 ਯਾਤਰੀਆਂ ਦੀ ਆਵਾਜਾਈ ਦੀ ਪੂਰਤੀ ਲਈ ਸਿਰਫ਼ ਛੇ ਅਤੇ ਚਾਰ ਸੁਰੱਖਿਆ ਗਾਰਡ ਸਨ। ਇਹ ਦੇਖਿਆ ਗਿਆ ਸੀ ਕਿ ਅੰਮ੍ਰਿਤਸਰ ਅਤੇ ਲੁਧਿਆਣਾ ਦੇ ਬੱਸ ਅੱਡਿਆਂ 'ਤੇ ਕ੍ਰਮਵਾਰ 38 ਵਿੱਚੋਂ ਸਿਰਫ਼ 14 ਸੀ ਸੀ ਟੀ ਵੀ ਕੈਮਰੇ ਅਤੇ 25 ਵਿੱਚੋਂ 18 ਸੀ ਸੀ ਟੀ ਵੀ ਕੈਮਰੇ ਚੱਲ ਰਹੇ ਸਨ ਜਿਸ ਨਾਲ ਯਾਤਰੀਆਂ ਦੀ ਸੁਰੱਖਿਆ ਅਤੇ ਹਿਫਾਜਤ ਨਾਲ ਸਮੌਝਤਾ ਹੋ ਰਿਹਾ ਸੀ।

- ਐਸ ਬੀ ਐਸ ਨਗਰ ਅਤੇ ਨੰਗਲ ਬੱਸ ਅੱਡੇ 'ਤੇ, ਹਰ ਬੱਸ ਅੱਡੇ 'ਤੇ ਘੱਟੋ-ਘੱਟ 10,000 ਪੈਦਲ ਯਾਤਰੀਆਂ ਦੀ ਸੇਵਾ ਕਰਨ ਲਈ ਕ੍ਰਮਵਾਰ ਰੋਟੇਸ਼ਨਲ ਆਧਾਰ 'ਤੇ ਸਿਰਫ ਦੋ ਸੁਰੱਖਿਆ ਗਾਰਡ ਅਤੇ ਦਿਨ ਦੀ ਡਿਊਟੀ 'ਤੇ ਇਕ ਸੁਰੱਖਿਆ ਗਾਰਡ ਅਤੇ ਦੋ ਰਾਤ ਦੀ ਡਿਊਟੀ ਤੇ ਤੈਨਾਤ ਸਨ। ਇਸ ਤੋਂ ਇਲਾਵਾ, ਐਸ ਬੀ ਐਸ ਨਗਰ ਬੱਸ ਅੱਡੇ 'ਤੇ ਲਗਾਏ ਗਏ ਛੇ ਸੀ ਸੀ ਟੀ ਵੀ ਕੈਮਰਿਆਂ ਵਿੱਚੋਂ ਸਿਰਫ਼ ਚਾਰ ਹੀ ਚਾਲੂ ਸਨ।

- ਛੇ ਵਿਚੋਂ ਚਾਰ[35] ਬੱਸ ਅੱਡਿਆਂ 'ਤੇ, ਸੀ ਸੀ ਟੀ ਵੀ ਬੈਕਅੱਪ ਦੀ ਘਾਟ ਸੀ, ਪ੍ਰਬੰਧਨ ਸਮਝੌਤੇ ਦੇ ਅਨੁਸਾਰ ਲੋੜੀਂਦੇ 20 ਦਿਨਾਂ ਦੇ ਮੁਕਾਬਲੇ ਤਿੰਨ ਤੋਂ 13 ਦਿਨਾਂ ਤੱਕ ਸੀ ਸੀ ਟੀ ਵੀ ਰਿਕਾਰਡਿੰਗ ਦੇ ਨਤੀਜੇ ਵੱਜੋਂ ਯਾਤਰੀਆਂ ਜਾਂ ਹੋਰ ਅਥਾਰਟੀਆਂ ਵੱਲੋਂ ਕਿਸੇ ਚੋਰੀ/ਦੁਰਘਟਨਾ ਦੇ ਮਾਮਲੇ ਵਿੱਚ ਲੋੜੀਂਦੀ ਮਹੱਤਵਪੂਰਨ ਜਾਣਕਾਰੀ ਦੀ ਉਪਲੱਧਤਾ ਨਹੀਂ ਸੀ। ਚੁਣੇ ਗਏ ਬੱਸ ਅੱਡਿਆਂ ਦੇ ਛੇ ਵਿੱਚੋਂ ਚਾਰ[36] 'ਤੇ ਕੰਟਰੋਲ ਰੂਮ ਬਿਨਾਂ ਆਪਰੇਟਰ ਤੋਂ ਸੀ।

- ਕੰਪਨੀ/ਠੇਕੇਦਾਰ ਨੂੰ ਸਬੰਧਤ ਅਥਾਰਟੀ ਤੋਂ ਸਲਾਨਾ ਤੌਰ ਤੇ ਫਾਇਰ ਸੇਫਟੀ ਕਲੀਅਰੈਂਸ ਪ੍ਰਾਪਤ ਕਰਨ/ ਨਵਿਆਉਣ ਦੀ ਲੋੜ ਹੁੰਦੀ ਹੈ। ਸੰਯੁਕਤ ਨਿਰੀਖਣ ਨੇ ਦਰਸਾਇਆ ਕਿ ਕੰਪਨੀ/ਠੇਕੇਦਾਰ ਨੇ ਚੁਣੇ ਗਏ ਕਿਸੇ ਵੀ ਬੱਸ ਅੱਡੇ 'ਤੇ ਉਚਿਤ ਅਥਾਰਟੀਆਂ ਤੋਂ ਫਾਇਰ ਸੇਫਟੀ ਕਲੀਅਰੈਂਸ ਨਹੀਂ ਲਈ ਅਤੇ ਅੱਗ ਬੁਝਾਉਣ ਵਾਲੇ ਯੰਤਰਾਂ ਦੀ ਮਿਆਦ ਛੇ ਵਿੱਚੋਂ ਚਾਰ[37] ਨਮੂਨੇ ਵਾਲੇ ਬੱਸ ਅੱਡਿਆਂ 'ਤੇ ਖਤਮ ਹੋ ਗਈ ਸੀ।







| | |
|---|---|
| ਤਸਵੀਰ ਨੰ. 7: ਅੰਮ੍ਰਿਤਸਰ ਬੱਸ ਅੱਡੇ `ਤੇ ਮਿਆਦ ਪੁੱਗਾ ਚੁੱਕਾ ਅੱਗ ਬੁਝਾਉਣ ਵਾਲਾ ਯੰਤਰ (23 ਅਗਸਤ 2021) | ਤਸਵੀਰ ਨੰ. 8: ਲੁਧਿਆਣਾ ਬੱਸ ਅੱਡੇ ਤੇ ਮਿਆਦ ਪੁੱਗਾ ਚੁੱਕਾ ਅੱਗ ਬੁਝਾਉਣ ਵਾਲਾ ਯੰਤਰ (05 ਅਗਸਤ 2021) |

### *8.7.3.3 ਸ਼ਿਕਾਇਤ ਨਿਵਾਰਣ ਤੰਤਰ*

ਕੰਪਨੀ/ਠੇਕੇਦਾਰ ਨੂੰ ਯਾਤਰੀਆਂ ਦੁਆਰਾ ਸ਼ਿਕਾਇਤਾਂ ਦਰਜ਼ ਕਰਨ ਲਈ ਇੱਕ ਸ਼ਿਕਾਇਤ ਰਜਿਸਟਰ ਰੱਖਣ ਦੀ ਲੋੜ ਹੁੰਦੀ ਸੀ। ਸ਼ਿਕਾਇਤ ਰਜਿਸਟਰ ਦੀ ਉਪਲੱਬਧਤਾ ਅਤੇ ਪਹੁੰਚ ਨੂੰ ਹਰੇਕ ਬੱਸ ਅੱਡੇ ਦੇ ਯਾਤਰੀਆਂ ਦੇ ਦਾਖਲੇ ਅਤੇ ਬਾਹਰ ਨਿਕਲਣ ਤੇ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕੀਤਾ

35 ਅੰਮ੍ਰਿਤਸਰ, ਲੁਧਿਆਣਾ, ਮੋਗਾ, ਅਤੇ ਐਸ ਬੀ ਐਸ ਨਗਰ।

36 ਅੰਮ੍ਰਿਤਸਰ, ਮੋਗਾ, ਨੰਗਲ ਅਤੇ ਐਸ ਬੀ ਐਸ ਨਗਰ।

37 ਅੰਮ੍ਰਿਤਸਰ, ਲੁਧਿਆਣਾ, ਨੰਗਲ ਅਤੇ ਰੂਪਨਗਰ।

ਜਾਣਾ ਚਾਹੀਦਾ ਹੈ ਤਾਂ ਜੋ ਇਸ ਨੂੰ ਸਾਰੇ ਯਾਤਰੀਆਂ ਦੇ ਧਿਆਨ ਵਿੱਚ ਲਿਆਂਦਾ ਜਾ ਸਕੇ। ਸ਼ਿਕਾਇਤ ਰਜਿਸਟਰ ਦੀ ਜਾਂਚ ਕਰਨ ਤੋਂ ਬਾਅਦ, ਇਸ ਤਰ੍ਹਾਂ ਕੀਤੀ ਗਈ ਕਾਰਵਾਈ ਨੂੰ ਠੇਕੇਦਾਰ ਦੁਆਰਾ ਸ਼ਿਕਾਇਤ ਰਜਿਸਟਰ ਵਿੱਚ ਸੰਖੇਪ ਵਿੱਚ ਨੋਟ ਕੀਤਾ ਜਾਣਾ ਸੀ।

ਛੇ ਵਿੱਚੋਂ ਚਾਰ[38] ਚੋਣਵੇਂ ਬੱਸ ਅੱਡਿਆਂ 'ਤੇ ਸ਼ਿਕਾਇਤ ਰਜਿਸਟਰ ਉਪਲੱਬਧ ਨਹੀਂ ਸਨ। ਰੂਪਨਗਰ ਬੱਸ ਅੱਡੇ ਤੇ ਸ਼ਿਕਾਇਤ ਰਜਿਸਟਰ ਦੀ ਜਾਂਚ ਨੇ ਦਰਸਾਇਆ ਕਿ 2018[39] ਤੋਂ ਅੰਦਰਲੀਆਂ ਸੜਕਾਂ, ਗੰਦੇ ਬਾਥਰੂਮਾਂ, ਪੀਣ ਵਾਲੇ ਅਸੁਰੱਖਿਅਤ ਪਾਣੀ ਨਾਲ ਸਬੰਧਤ 15 ਸ਼ਿਕਾਇਤਾਂ ਦਾ ਕੋਈ ਹੱਲ ਨਹੀਂ ਹੋਇਆ ਸੀ। ਮੋਗਾ ਬੱਸ ਅੱਡੇ 'ਤੇ, ਯਾਤਰੀਆਂ ਨੇ ਗਰਮੀ ਦੇ ਮੌਸਮ 'ਚ ਠੰਡਾ ਪਾਣੀ ਨਾ ਮਿਲਣ ਦੀ ਸ਼ਿਕਾਇਤ ਕੀਤੀ। ਹਾਲਾਂਕਿ ਸ਼ਿਕਾਇਤ ਰਜਿਸਟਰ ਵਿੱਚ ਸ਼ਿਕਾਇਤ ਦਾ ਨਿਪਟਾਰਾ ਦਰਸਾਇਆ ਗਿਆ ਹੈ ਪਰ ਯਾਤਰੀਆਂ ਵੱਲੋਂ ਵਾਰ ਵਾਰ ਸ਼ਿਕਾਇਤ ਕਰਨਾ ਦਰਸਾਉਂਦਾ ਹੈ ਕਿ ਸਮੱਸਿਆ ਅਜੇ ਵੀ ਬਰਕਰਾਰ ਹੈ।

ਸਾਰੇ ਚੁਣੇ ਗਏ ਕਿਸੇ ਵੀ ਬੱਸ ਅੱਡਿਆਂ ਤੇ ਸ਼ਿਕਾਇਤ ਰਜਿਸਟਰ ਦੀ ਉਪਲੱਬਧਤਾ ਪ੍ਰਦਰਸ਼ਿਤ ਨਹੀਂ ਕੀਤੀ ਗਈ ਸੀ। ਸਯੁੰਕਤ ਯਾਤਰੀ ਸਰਵੇਖਣ ਵਿੱਚ, 44 *ਪ੍ਰਤੀਸ਼ਤ* ਯਾਤਰੀਆਂ ਨੇ ਜਵਾਬ ਦਿੱਤਾ ਕਿ ਉਹ ਬੱਸ ਅੱਡਿਆਂ 'ਤੇ ਸ਼ਿਕਾਇਤ ਰਜਿਸਟਰ ਦੀ ਸਹੂਲਤ ਤੋਂ ਜਾਣੂ ਨਹੀਂ ਸਨ।

### 8.7.4 ਨਿਗਰਾਨੀ ਅਤੇ ਨਿਯੰਤਰਣ

- ਕੰਪਨੀ ਦੇ ਹਰੇਕ ਡਿਪੂ ਮੈਨੇਜਰ ਨੂੰ ਪ੍ਰਬੰਧਨ ਸਮਝੌਤੇ ਦੀ ਪਾਲਣਾ, ਬੱਸ ਅੱਡਿਆਂ ਦੇ ਪ੍ਰਭਾਵੀ ਸੰਚਾਲਨ ਅਤੇ ਰੱਖ-ਰਖਾਅ ਅਤੇ ਸ਼ਿਕਾਇਤਾਂ ਤੋਂ ਪੈਦਾ ਹੋਣ ਵਾਲੇ ਮਾਮਲਿਆਂ ਤੇ ਕੀਤੀ ਗਈ ਕਾਰਵਾਈ ਦੀ ਸਮੀਖਿਆ ਕਰਨ ਲਈ ਮੇਨਟੇਨੈਂਸ ਬੋਰਡ[40] ਦੀ ਤਿਮਾਹੀ ਮੀਟਿੰਗ ਕਰਨ ਦੀ ਲੋੜ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ 2018-2021 ਦੇ ਸਮੇਂ ਦੇ ਦੌਰਾਨ, ਪ੍ਰਤੀ ਬੱਸ ਅੱਡਾ 12 ਮੀਟਿੰਗਾਂ[41] ਦੀ ਲੋੜ ਦੇ ਵਿਰੁੱਧ, ਸਾਰੇ ਚੁਣੇ ਗਏ ਬੱਸ ਅੱਡਿਆਂ 'ਤੇ ਜ਼ੀਰੋ ਤੋਂ ਤਿੰਨ ਤੱਕ ਕੀਤੀਆਂ ਗਈਆਂ ਮੀਟਿੰਗਾਂ ਪੂਰੀ ਤਰ੍ਹਾਂ ਨਾਕਾਫ਼ੀ ਨਿਗਰਾਨੀ ਨੂੰ ਦਰਸਾਉਂਦੀਆਂ ਸਨ।
- ਡਿਪੂ ਮੈਨੇਜਰ ਨੂੰ ਠੇਕੇਦਾਰ ਦੀਆਂ ਰਿਟਰਨਾਂ ਦੀਆਂ ਸਾਰੀਆਂ ਸਹੂਲਤਾਂ ਅਤੇ ਤੱਥਾਂ ਦਾ ਸਾਈਟ 'ਤੇ ਭੌਤਿਕ ਤੌਰ ਤੇ ਨਿਰੀਖਣ ਕਰਨ ਅਤੇ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਨੂੰ ਮਹੀਨਾਵਾਰ

---

38 ਅੰਮ੍ਰਿਤਸਰ, ਲੁਧਿਆਣਾ, ਨੰਗਲ ਅਤੇ ਐਸ ਬੀ ਐਸ ਨਗਰ

39 2018-19: 03, 2019-20: 07 ਅਤੇ 2020-21: 05

40 ਸਬੰਧਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ, ਕੰਪਨੀ ਦਾ ਜਨਰਲ ਮੈਨੇਜਰ (ਪੀ ਅਤੇ ਡੀ), ਸੀਨੀਅਰ ਸੁਪਰਡੈਂਟ ਆਫ ਪੁਲਿਸ, ਡਿਪੂ ਮੈਨੇਜਰ ਅਤੇ ਠੇਕੇਦਾਰ ਦੇ ਅਧਿਕਾਰਤ ਨੁਮਾਇੰਦੇ।

41 ਪ੍ਰਤੀ ਸਾਲ ਚਾਰ ਮੀਟਿੰਗਾਂ।

ਨਿਰੀਖਣ ਰਿਪੋਰਟ ਜਮ੍ਹਾਂ ਕਰਾਉਣ ਦੀ ਲੋੜ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਡਿਪੂ ਮੈਨੇਜਰਾਂ ਦੁਆਰਾ ਨਿਯਮਤ ਮਹੀਨਾਵਾਰ ਨਿਰੀਖਣ ਨਹੀਂ ਕੀਤੇ ਗਏ ਸਨ।

- ਛੇ ਵਿੱਚੋਂ ਪੰਜ[42] (83 *ਪ੍ਰਤੀਸ਼ਤ*) ਨਮੂਨਾ ਲਏ ਬੱਸ ਅੱਡਿਆਂ ਵਿੱਚ ਠੇਕੇਦਾਰ ਦੀਆਂ ਰਿਟਰਨਾਂ ਭਾਵ ਸੰਪਤੀ ਰਜਿਸਟਰ, ਕਾਰਵਾਈ ਕੀਤੀ ਪ੍ਰਗਤੀ ਰਿਪੋਰਟ, ਸ਼ਿਕਾਇਤ ਰਜਿਸਟਰ, ਹੈਂਡਿੰਗ ਓਵਰ ਰਿਪੋਰਟ, ਰੱਖ-ਰਖਾਅ ਰਜਿਸਟਰ, ਮੈਨਟੇਨੈਂਸ ਅੰਡਰਟੇਕਨ, ਇਮਾਰਤ ਦੇ ਨਿਰੀਖਣ ਅਤੇ ਮੈਨਟੇਨੈਂਸ ਅੰਡਰਟੇਕਨ ਦਾ ਰੋਕਥਾਮ ਰੱਖ-ਰਖਾਅ ਕਰਨ ਰਜਿਸਟਰ ਅਤੇ ਟਰੈਫਿਕ ਰਿਪੋਰਟ ਸਮੇਂ ਸਮੇਂ 'ਤੇ ਜਮ੍ਹਾਂ ਨਹੀਂ ਕੀਤੇ ਗਏ ਸਨ, ਜੋ ਦਰਸਾਉਂਦੀ ਹੈ ਕਿ ਪ੍ਰਬੰਧਨ ਸਮਝੌਤੇ ਦੇ ਉਪਬੰਧਾਂ ਦੀ ਪਾਲਣਾ ਦੀ ਨਿਗਰਾਨੀ ਨਹੀਂ ਕੀਤੀ ਗਈ।

- ਛੇ ਵਿੱਚੋਂ ਚਾਰ[43] (67 *ਪ੍ਰਤੀਸ਼ਤ*) ਚੁਣੇ ਗਏ ਬੱਸ ਅੱਡਿਆਂ ਵਿੱਚ ਨਾ ਤਾਂ ਕੰਪਨੀ ਅਤੇ ਨਾ ਹੀ ਠੇਕੇਦਾਰ ਨੇ ਦੁਕਾਨਦਾਰਾਂ ਨਾਲ ਤਿਪੱਖੀ ਸਮਝੌਤਾ ਕੀਤਾ ਸੀ, ਜਿਸ ਨਾਲ ਜਾਇਦਾਦ ਨੂੰ ਖਾਲੀ ਨਾ ਕਰਨ/ਕਬਜੇ ਦੇ ਜੋਖਮ ਵਿੱਚ ਪਾਇਆ ਗਿਆ ਸੀ। ਸੰਯੁਕਤ ਨਿਰੀਖਣ ਨੇ ਦਰਸਾਇਆ ਕਿ ਮੋਗਾ ਅਤੇ ਲੁਧਿਆਣਾ ਬੱਸ ਅੱਡਿਆਂ 'ਤੇ ਦੁਕਾਨਦਾਰਾਂ ਨੇ ਪਲੇਟਫਾਰਮ ਦੀ ਜਗ੍ਹਾਂ ਤੇ ਕਬਜ਼ਾ ਕਰ ਲਿਆ ਸੀ, ਜਿਸ ਨਾਲ ਯਾਤਰੀਆਂ ਨੂੰ ਅਸੁਵਿਧਾ ਹੋ ਰਹੀ ਸੀ।

- ਐਸ ਬੀ ਐਸ ਨਗਰ ਬੱਸ ਅੱਡੇ ਦੇ ਸੰਯੁਕਤ ਨਿਰੀਖਣ ਨੇ ਦਰਸਾਇਆ ਕਿ ਟੈਕਸੀ ਆਪਰੇਟਰਾ ਵੱਲੋਂ ਚਾਰ ਪਹੀਆ ਵਾਹਨਾਂ ਲਈ ਪਾਰਕਿੰਗ ਖੇਤਰ 'ਤੇ ਕਬਜ਼ਾ ਕਰ ਲਿਆ ਗਿਆ ਸੀ, ਜਿਸ ਕਾਰਨ ਯਾਤਰੀਆਂ ਲਈ ਪਾਰਕਿੰਗ ਦੀ ਸਹੂਲਤ ਉਪਲੱਬਧ ਨਹੀਂ ਸੀ।

- ਨੰਗਲ ਬੱਸ ਅੱਡੇ ਨੂੰ ਸੌਂਪਣ ਸਮੇਂ ਮਿਆਦ ਪੁੱਗ ਚੁੱਕੀ ਕਾਰਗੁਜ਼ਾਰੀ ਬੈਂਕ ਗਾਰੰਟੀ (ਪੀ ਬੀ ਜੀ) ਦੇ ਕਾਰਨ ₹ 1.56 ਲੱਖ ਦੀ ਰਾਸ਼ੀ ਅਤੇ ਗੁੰਮ ਹੋਏ ਸਹਾਇਕ ਉਪਕਰਣਾਂ ਦੀ ਅਣਵਸੂਲੀ ਰਹੀ। ਲੁਧਿਆਣਾ ਬੱਸ ਅੱਡੇ ਦਾ ਪ੍ਰਬੰਧਨ ਕਰਨ ਵਾਲੇ ਠੇਕੇਦਾਰ ਤੋਂ ₹ 0.38 ਕਰੋੜ ਦੀ ਪੀ ਬੀ ਜੀ ਦੀ ਘੱਟ ਪ੍ਰਾਪਤੀ ਹੋਈ ਸੀ।

- ਸਾਰੇ ਚੁਣੇ ਗਏ ਬੱਸ ਅੱਡਿਆਂ 'ਤੇ ਯਾਤਰੀਆਂ ਨੂੰ ਨਿਰਵਿਧਨ ਸਹੂਲਤਾਂ ਪ੍ਰਦਾਨ ਕਰਨ ਲਈ ਵੱਖ-ਵੱਖ ਸਥਾਨਕ ਅਥਾਰਟੀਆਂ ਤੋਂ ਤੇਰਾਂ ਮਨਜ਼ੂਰੀਆਂ ਨਹੀਂ ਲਈਆਂ ਗਈਆਂ ਸਨ।

---

42 ਅੰਮ੍ਰਿਤਸਰ, ਲੁਧਿਆਣਾ, ਮੋਗਾ, ਨੰਗਲ ਅਤੇ ਐਸ ਬੀ ਐਸ ਨਗਰ।

43 ਅੰਮ੍ਰਿਤਸਰ, ਲੁਧਿਆਣਾ, ਮੋਗਾ ਅਤੇ ਰੂਪਨਗਰ।

## ਸਿਫਾਰਸ਼ਾਂ

ਕੰਪਨੀ ਇਹ ਕਰ ਸਕਦੀ ਹੈ:

- *ਯਾਤਰੀਆਂ ਦੀਆਂ ਸਹੂਲਤਾਂ ਲਈ ਢੁੱਕਵੇਂ ਬੁਨਿਆਦੀ ਢਾਂਚੇ ਦੀ ਸਿਰਜਣਾ ਲਈ ਮਾਪਦੰਡ ਬਣਾ ਸਕਦੀ ਹੈ ਅਤੇ ਉਸ ਅਨੁਸਾਰ ਵਿੱਤੀ ਉਪਬੰਧ ਕਰ ਸਕਦੀ ਹੈ; ਅਤੇ*
- *ਯਾਤਰੀਆਂ ਦੀ ਆਵਾਜਾਈ ਦੀ ਮਿਕਦਾਰ ਦੇ ਅਨੁਰੂਪ ਲੋੜੀਂਦੀਆਂ ਯਾਤਰੀ ਸਹੂਲਤਾਂ ਮੁਹੱਈਆ ਕਰਵਾ ਸਕਦੀ ਹੈ।*

ਮਾਮਲਾ ਰਾਜ ਸਰਕਾਰ ਅਤੇ ਕੰਪਨੀ ਨੂੰ ਭੇਜਿਆ (ਅਕਤੂਬਰ 2021) ਗਿਆ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਸੀ (ਨਵੰਬਰ 2022)।

**ਚੰਡੀਗੜ੍ਹ**
**ਮਿਤੀ : 27 ਜਨਵਰੀ 2023**

(ਨਾਜ਼ਲੀ ਜੇ. ਸ਼ਾਈਨ)
**ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ**

**ਪ੍ਰਤੀ ਹਸਤਾਖਰ**

**ਨਵੀਂ ਦਿੱਲੀ**
**ਮਿਤੀ : 30 ਜਨਵਰੀ 2023**

(ਗਿਰੀਸ਼ ਚੰਦਰ ਮੁਰਮੂ)
**ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ**

# ਅੰਤਿਕਾਵਾਂ

## ਅੰਤਿਕਾ 1.1

*(ਸਾਰਣੀ 1.2, ਫੁੱਟ ਨੋਟ 5 ਦੇ ਹਵਾਲੇ ਵਿੱਚ)*

### ਸਾਰਣੀ 1.2 ਦੇ ਲੜੀ ਨੰ. 1 'ਤੇ ਉਪ-ਸਿਰਲੇਖ 'ਗੈਰ ਕਰ-ਰੈਵੀਨਿਊ' ਅਧੀਨ 'ਹੋਰ' ਵਿੱਚ ਸ਼ਾਮਲ ਗੈਰ ਕਰ ਰੈਵੀਨਿਊ ਦੀਆਂ ਮੱਦਾਂ ਅਧੀਨ ਪ੍ਰਾਪਤੀਆਂ

| ਲੜੀ ਨੰ. | ਰੈਵੀਨਿਊ ਦੀ ਮੱਦ | ਪ੍ਰਾਪਤੀ (₹ ਕਰੋੜ ਵਿੱਚ) | | *2019-20 ਤੋਂ ਪ੍ਰਤੀਸ਼ਤ ਵਾਧਾ (+) ਜਾਂ ਘਾਟਾ (-)* |
|---|---|---|---|---|
| | | **2019-20** | **2020-21** | |
| 1. | 0050-ਲਾਭਅੰਸ਼ ਅਤੇ ਲਾਭ | 4.24 | 1.26 | *(-) 70.28* |
| 2. | 0051-ਪਬਲਿਕ ਸਰਵਿਸ ਕਮਿਸ਼ਨ | 5.39 | 46.53 | *(+) 763.27* |
| 3. | 0056-ਜੇਲ੍ਹਾਂ | 2.26 | 2.08 | *(-) 7.96* |
| 4. | 0057-ਸਪਲਾਈਜ਼ ਅਤੇ ਡਿਸਪੋਜ਼ਲਜ਼ | 0.09 | 0.18 | *(+) 100.00* |
| 5. | 0058-ਸਟੇਸ਼ਨਰੀ ਅਤੇ ਪ੍ਰਿੰਟਿੰਗ | 12.33 | 6.29 | *(-) 48.99* |
| 6. | 0071-ਪੈਨਸ਼ਨ ਅਤੇ ਹੋਰ ਰਿਟਾਰਮੈਂਟ ਲਾਭਾਂ ਲਈ ਯੋਗਦਾਨ ਅਤੇ ਵਸੂਲੀ | 121.88 | 209.90 | *(+) 72.22* |
| 7. | 0211-ਪਰਿਵਾਰ ਭਲਾਈ | 0.03 | 0.03 | *0.00* |
| 8. | 0215-ਜਲ ਸਪਲਾਈ ਅਤੇ ਸੈਨੀਟੇਸ਼ਨ | 53.83 | 8.76 | *(-) 83.73* |
| 9. | 0216- ਮਕਾਨ ਉਸਾਰੀ | 6.45 | 6.36 | *(-) 1.40* |
| 10. | 0217-ਸ਼ਹਿਰੀ ਵਿਕਾਸ | 44.53 | 49.78 | *(+) 11.79* |
| 11. | 0220-ਸੂਚਨਾ ਅਤੇ ਪ੍ਰਚਾਰ | 0.04 | 0.07 | *(+) 75.00* |
| 12. | 0230-ਕਿਰਤ ਅਤੇ ਰੁਜ਼ਗਾਰ | 29.22 | 27.44 | *(-) 6.09* |
| 13. | 0235-ਸਮਾਜਿਕ ਸੁਰੱਖਿਆ ਅਤੇ ਭਲਾਈ | 95.47 | 44.00 | *(-) 53.91* |
| 14. | 0250-ਹੋਰ ਸਮਾਜਿਕ ਸੇਵਾਵਾਂ | 54.95 | 45.35 | *(-) 17.47* |
| 15. | 0401-ਫਸਲ ਪਾਲਣ | 18.92 | 7.62 | *(-) 59.73* |
| 16. | 0403-ਪਸ਼ੂ ਪਾਲਣ | 10.65 | 6.19 | *(-) 41.88* |
| 17. | 0404-ਡੇਅਰੀ ਵਿਕਾਸ | 0.02 | 0.08 | *(+) 300.00* |
| 18. | 0405-ਮੱਛੀ ਪਾਲਣ | 0.93 | 0.17 | *(-) 81.72* |
| 19. | 0435-ਹੋਰ ਖੇਤੀਬਾੜੀ ਪ੍ਰੋਗਰਾਮ | 4.45 | 2.77 | *(-) 37.75* |
| 20. | 0515-ਹੋਰ ਪੇਂਡੂ ਵਿਕਾਸ ਪ੍ਰੋਗਰਾਮ | 43.96 | 3.44 | *(-) 92.17* |
| 21. | 0801-ਪਾਵਰ | 0.02 | 0.0021 | *(-) 89.50* |
| 22. | 0851-ਪਿੰਡ ਅਤੇ ਲਘੂ ਉਦਯੋਗ | 0.53 | 0.41 | *(-) 22.64* |
| 23. | 0852-ਉਦਯੋਗ | 0.03 | 0.01 | *(-) 66.67* |
| 24. | 1053-ਸਿਵਲ ਹਵਾਬਾਜ਼ੀ | 0.01 | 0.06 | *(+) 500.00* |
| 25. | 1054-ਸੜਕਾਂ ਅਤੇ ਪੁਲ | 7.65 | 0.01 | *(-) 99.87* |
| 26. | 1055-ਸੜਕ ਆਵਾਜਾਈ | 176.35 | 110.17 | *(-) 37.53* |

| ਲੜੀ ਨੰ. | ਰੈਵੀਨਿਊ ਦੀ ਮੱਦ | ਪ੍ਰਾਪਤੀ (*₹ ਕਰੋੜ ਵਿੱਚ*) | | *2019-20 ਤੋਂ ਪ੍ਰਤੀਸ਼ਤ ਵਾਧਾ (+) ਜਾਂ ਘਾਟਾ (-)* | |
|---|---|---|---|---|---|
| | | **2019-20** | **2020-21** | | |
| 27. | 1275–ਹੋਰ ਸੰਚਾਰ ਸੇਵਾਵਾਂ | 0.0002 | 0.0001 | *(-)* | *50.00* |
| 28. | 1452–ਸੈਰ ਸਪਾਟਾ | 0.21 | 0.50 | *(+)* | *138.10* |
| 29. | 1456–ਸਿਵਲ ਸਪਲਾਈਜ਼ | 175.12 | 178.45 | *(+)* | *1.90* |
| 30. | 1475–ਹੋਰ ਆਮ ਆਰਥਿਕ ਸੇਵਾਵਾਂ | 48.66 | 24.92 | *(-)* | *48.79* |
| **ਜੋੜ** | | **918.22** | **782.83** | ***(-)*** | ***14.74*** |

## ਅੰਤਿਕਾ 2.1

*(ਪੈਰ੍ਹਾ 2.1 ਦੇ ਹਵਾਲੇ ਵਿੱਚ)*

### ਉਨ੍ਹਾਂ ਜ਼ਿਲ੍ਹਿਆਂ ਦੇ ਵੇਰਵੇ ਜਿਥੇ ਆਰ ਓ ਪਲਾਂਟ ਲਗਾਉਣ ਦੀਆਂ ਸਕੀਮਾਂ ਲਾਗੂ ਕੀਤੀਆਂ ਗਈਆਂ ਸਨ

| ਲੜੀ ਨੰ. | ਸਕੀਮ ਦਾ ਨਾਂਅ ਅਤੇ ਜ਼ਿਲ੍ਹੇ | | | ਜ਼ਿਲ੍ਹੇ ਜਿੱਥੇ ਅਸਲ ਵਿੱਚ ਸਕੀਮਾਂ ਲਾਗੂ ਕੀਤੀਆਂ ਗਈਆਂ ਸਨ |
|---|---|---|---|---|
| | ਨਾਬਾਰਡ-XIX | ਨਾਬਾਰਡ-XXII | ਨੀਤੀ ਆਯੋਗ | |
| 1. | ਅੰਮ੍ਰਿਤਸਰ | ਅੰਮ੍ਰਿਤਸਰ | ਅੰਮ੍ਰਿਤਸਰ | ਅੰਮ੍ਰਿਤਸਰ |
| 2. | ਬਰਨਾਲਾ | ਬਰਨਾਲਾ | ਬਰਨਾਲਾ | ਬਰਨਾਲਾ |
| 3. | ਬਠਿੰਡਾ | ਬਠਿੰਡਾ | ਬਠਿੰਡਾ | ਬਠਿੰਡਾ |
| 4. | ਫਤਿਹਗੜ੍ਹ ਸਾਹਿਬ | ਫਤਿਹਗੜ੍ਹ ਸਾਹਿਬ | ਫਤਿਹਗੜ੍ਹ ਸਾਹਿਬ | ਫਤਿਹਗੜ੍ਹ ਸਾਹਿਬ |
| 5. | ਫਾਜ਼ਿਲਕਾ | ਫਾਜ਼ਿਲਕਾ | ਫਿਰੋਜ਼ਪੁਰ | ਫਿਰੋਜ਼ਪੁਰ |
| 6. | ਫਿਰੋਜ਼ਪੁਰ | ਫਿਰੋਜ਼ਪੁਰ | ਗੁਰਦਾਸਪੁਰ | ਗੁਰਦਾਸਪੁਰ |
| 7. | ਗੁਰਦਾਸਪੁਰ | ਗੁਰਦਾਸਪੁਰ | ਹੁਸ਼ਿਆਰਪੁਰ | ਹੁਸ਼ਿਆਰਪੁਰ |
| 8. | ਹੁਸ਼ਿਆਰਪੁਰ | ਹੁਸ਼ਿਆਰਪੁਰ | ਜਲੰਧਰ | ਜਲੰਧਰ |
| 9. | ਜਲੰਧਰ | ਲੁਧਿਆਣਾ | ਮਾਨਸਾ | ਕਪੂਰਥਲਾ |
| 10. | ਕਪੂਰਥਲਾ | ਪਠਾਨਕੋਟ | ਪਟਿਆਲਾ | ਲੁਧਿਆਣਾ |
| 11. | ਲੁਧਿਆਣਾ | ਰੂਪ ਨਗਰ | ਸੰਗਰੂਰ | ਮੋਗਾ |
| 12. | ਮੋਗਾ | ਐਸ ਬੀ ਐਸ ਨਗਰ | ਐਸ ਏ ਐਸ ਨਗਰ | ਪਟਿਆਲਾ |
| 13. | ਪਟਿਆਲਾ | ਮੋਗਾ | -- | ਰੂਪ ਨਗਰ |
| 14. | ਰੂਪ ਨਗਰ | ਜਲੰਧਰ | -- | ਸੰਗਰੂਰ |
| 15. | ਸੰਗਰੂਰ | ਪਟਿਆਲਾ | -- | ਐਸ ਬੀ ਐਸ ਨਗਰ |
| 16. | ਐਸ ਬੀ ਐਸ ਨਗਰ | ਸੰਗਰੂਰ | -- | ਤਰਨ ਤਾਰਨ |
| 17. | ਤਰਨ ਤਾਰਨ | ਤਰਨ ਤਾਰਨ | -- | -- |

*ਸ੍ਰੋਤ : ਵਿਭਾਗੀ ਡਾਟਾ*

## ਅੰਤਿਕਾ 2.2

*(ਪੈਰ੍ਹਾ 2.4.5 ਦੇ ਹਵਾਲੇ ਵਿੱਚ)*

### ਠੇਕੇਦਾਰਾਂ ਦੁਆਰਾ ਆਰ ਓ ਪਲਾਂਟਾਂ ਦੇ ਨਕਾਰੇ ਗਏ ਪਾਣੀ ਦੇ ਨਿਪਟਾਰੇ ਦਾ ਪ੍ਰਬੰਧ ਨਾ ਕਰਨ ਦੇ ਵੇਰਵੇ

| ਲੜੀ ਨੰ. | ਮੰਡਲ ਦਾ ਨਾਂਅ | ਆਰ ਓਜ਼ ਦੀ ਸੰਖਿਆ | ਨਿਪਟਾਰੇ ਦਾ ਪ੍ਰਬੰਧ | ਨਿਪਟਾਰੇ ਦਾ ਪ੍ਰਬੰਧ |
|---|---|---|---|---|
| | | | ਨਹੀਂ (ਮਾਮਲਿਆਂ ਦੀ ਸੰਖਿਆ) | ਹਾਂ (ਮਾਮਲਿਆਂ ਦੀ ਸੰਖਿਆ) |
| 1. | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ.1 ਮੋਗਾ | 11 | 0 | 11 |
| 2. | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਖੰਨਾ | 20 | 20 | 0 |
| 3. | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ.2 ਲੁਧਿਆਣਾ | 58 | 58 | 0 |
| 4. | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਬਰਨਾਲਾ | 56 | 56 | 0 |
| 5. | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ.1 ਅੰਮ੍ਰਿਤਸਰ | 38 | 38 | 0 |
| 6. | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ.1 ਜਲੰਧਰ | 1 | 01 | 0 |
| 7. | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਸੰਗਰੂਰ | 33 | 15 | 18 |
| 8. | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਤਲਵਾੜਾ | 11 | 11 | 0 |
| 9. | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ.3 ਲੁਧਿਆਣਾ | 42 | 42 | 0 |
| 10. | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ.1 ਲੁਧਿਆਣਾ | 15 | 15 | 0 |
| 11. | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ.1 ਹੁਸ਼ਿਆਰਪੁਰ | 2 | 0 | 2 |
| 12. | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ.2 ਹੁਸ਼ਿਆਰਪੁਰ | 5 | 0 | 5 |
| **ਜੋੜ** | | **292** | **256** | **36** |

*ਸ੍ਰੋਤ : ਵਿਭਾਗੀ ਡਾਟਾ*

# ਅੰਤਿਕਾ 3.1

*(ਪੈਰ੍ਹਾ 3.8, ਸਾਰਣੀ 3.1 ਦੇ ਹੇਠਲੇ ਨੋਟ ਦੇ ਹਵਾਲੇ ਵਿੱਚ)*

## ਲੇਖਾ ਪ੍ਰੀਖਿਆ ਪੈਰ੍ਹਿਆਂ ਵਿੱਚ ਸ਼ਾਮਲ ਮਾਮਲਿਆਂ ਦੇ ਸ਼੍ਰੇਣੀ-ਵਾਰ ਵੇਰਵੇ

*(₹ ਕਰੋੜ ਵਿੱਚ)*

| ਲੜੀ ਨੰ. | ਪੈਰਾ ਨੰ. | ਵਾਧੂ* (ਈ) | | ਘੱਟ* (ਐਲ) | | ਮੇਲ ਖਾਂਦਾ* (ਐਮ) | | ਗੈਰ ਫਾਈਲਰ* (ਐਨ) | | ਸਾਰਣੀ 2.6 ਵਿੱਚ ਲਿਆ ਗਿਆ ਜੋੜ (ਐਲ + ਐਮ) | | ਜੋੜ | |
|---|---|---|---|---|---|---|---|---|---|---|---|---|---|
| | | ਮਾਮਲੇ | ਰਾਸ਼ੀ | ਮਾਮਲੇ | ਰਾਸ਼ੀ | ਮਾਮਲੇ | ਰਾਸ਼ੀ | ਮਾਮਲੇ | ਰਾਸ਼ੀ | ਮਾਮਲੇ | ਰਾਸ਼ੀ | ਮਾਮਲੇ | ਰਾਸ਼ੀ |
| 1 | 3.10.1 | 65 | 3.02 | 0 | 0 | 0 | 0 | 0 | 0 | 0 | 0 | 65 | 3.02 |
| 2 | 3.10.2 | 2 | 1.84 | 0 | 0 | 4 | 0.11 | 0 | 0 | 4 | 0.11 | 6 | 1.95 |
| 3 | 3.10.3 (ੳ) | 0 | 0 | 2 | 0.43 | 6 | 12.71 | 2 | 6.08 | 8 | 13.14 | 10 | 19.22 |
| 4 | 3.10.3 (ਅ) | 0 | 0 | 0 | 0 | 1 | 0.14 | 0 | 0 | 1 | 0.14 | 1 | 0.14 |
| 5 | *3.10.4 ੳ(i)* | *1* | *0.07* | *1* | *0.33* | *0* | *0* | *0* | *0* | *1* | *0.33* | *2* | *0.4* |
| | *3.10.4 ੳ(ii)* | *0* | *0* | *0* | *0* | *1* | *0.15* | *0* | *0* | *1* | *0.15* | *1* | *0.15* |
| | *3.10.4 ਅ(i)* | *0* | *0* | *1* | *1.1* | *0* | *0* | *0* | *0* | *1* | *1.1* | *1* | *1.1* |
| | *3.10.4 ਅ(ii)* | *0* | *0* | *1* | *0.24* | *0* | *0* | *0* | *0* | *1* | *0.24* | *1* | *0.24* |
| | *3.10.4 ਅ(iii)* | *0* | *0* | *0* | *0* | *1* | *0.1* | *0* | *0* | *1* | *0.1* | *1* | *0.1* |
| | **3.10.4** | **1** | **0.07** | **3** | **1.67** | **2** | **0.25** | **0** | **0** | **5** | **1.92** | **6** | **1.99** |
| 6 | 3.10.5 | 2 | 0.53 | 1 | 0.03 | 0 | 0 | 0 | 0 | 1 | 0.03 | 3 | 0.56 |
| 7 | 3.10.6 | 0 | 0 | 0 | 0 | 1 | 0.62 | 0 | 0 | 1 | 0.62 | 1 | 0.62 |
| 8 | *3.10.7(i)* | *0* | *0* | *4* | *14.37* | *1* | *0.73* | *0* | *0* | *5* | *15.1* | *5* | *15.1* |
| | *3.10.7(ii)* | *1* | *0.03* | *3* | *0.05* | *2* | *1.28* | *0* | *0* | *5* | *1.33* | *6* | *1.36* |
| | *3.10.7(iii)* | *1* | *0.31* | *9* | *2.17* | *4* | *0.24* | *0* | *0* | *13* | *2.41* | *14* | *2.72* |
| | *3.10.7(iv)* | *2* | *0.11* | *0* | *0* | *0* | *0* | *0* | *0* | *0* | *0* | *2* | *0.11* |
| | **3.10.7** | **4** | **0.45** | **16** | **16.59** | **7** | **2.25** | **0** | **0** | **23** | **18.84** | **27** | **19.29** |
| 9 | *3.10.8(i)* | *0* | *0* | *0* | *0* | *1* | *0.1* | *0* | *0* | *1* | *0.1* | *1* | *0.1* |
| | *3.10.8(ii)* | *0* | *0* | *0* | *0* | *1* | *0.22* | *0* | *0* | *1* | *0.22* | *1* | *0.22* |
| | *3.10.8(iii)* | *1* | *0.01* | *1* | *0.51* | *0* | *0* | *0* | *0* | *1* | *0.51* | *2* | *0.52* |
| | *3.10.8(iv)* | *0* | *0* | *0* | *0* | *2* | *0.03* | *0* | *0* | *2* | *0.03* | *2* | *0.03* |
| | **3.10.8** | **1** | **0.01** | **1** | **0.51** | **4** | **0.35** | **0** | **0** | **5** | **0.86** | **6** | **0.87** |
| 10 | 3.10.9 | 2 | 0 | 0 | 0 | 0 | 0 | 0 | 0 | 0 | 0 | 2 | 0 |
| **ਜੋੜ** | | **77** | **5.92** | **23** | **19.23** | **25** | **16.43** | **2** | **6.08** | **48** | **35.66** | **127** | **47.66** |

* *ਉਪਰੋਕਤ ਸਾਰਣੀ ਵਿੱਚ ਵਾਧੂ ਉਨ੍ਹਾਂ ਮਾਮਲਿਆਂ ਨੂੰ ਪਰਿਭਾਸ਼ਿਤ ਕਰਦਾ ਹੈ, ਜਿੱਥੇ ਟਰਾਂ-1 ਵਿੱਚ ਦਾਅਵਾ ਕੀਤਾ ਗਿਆ ਟਰਾਂਜ਼ੀਸ਼ਨਲ ਕ੍ਰੈਡਿਟ ਪ੍ਰੀ-ਜੀ ਐਸ ਟੀ ਰਿਟਰਨਾਂ ਵਿੱਚ ਉਪਲੱਬਧ ਇਨਪੁਟ ਟੈਕਸ ਕ੍ਰੈਡਿਟ ਬਕਾਏ ਤੋਂ ਵੱਧ ਸੀ।*

*ਉਪਰੋਕਤ ਸਾਰਣੀ ਵਿੱਚ 'ਘੱਟ' ਉਨ੍ਹਾਂ ਮਾਮਲਿਆਂ ਨੂੰ ਪਰਿਭਾਸ਼ਿਤ ਕਰਦਾ ਹੈ, ਜਿੱਥੇ ਟਰਾਂ-1 ਵਿੱਚ ਦਾਅਵਾ ਕੀਤਾ ਗਿਆ ਟਰਾਂਜ਼ੀਸ਼ਨਲ ਕ੍ਰੈਡਿਟ ਪ੍ਰੀ-ਜੀ ਐਸ ਟੀ ਰਿਟਰਨਾਂ ਵਿੱਚ ਉਪਲੱਬਧ ਇਨਪੁਟ ਟੈਕਸ ਕ੍ਰੈਡਿਟ ਬਕਾਇਆਂ ਤੋਂ ਘੱਟ ਸੀ।*

*ਉਪਰੋਕਤ ਸਾਰਣੀ ਵਿੱਚ 'ਮੇਲ ਖਾਂਦਾ' ਉਨ੍ਹਾਂ ਮਾਮਲਿਆਂ ਨੂੰ ਪਰਿਭਾਸ਼ਿਤ ਕਰਦਾ ਹੈ, ਜਿੱਥੇ ਟਰਾਂ-1 ਵਿੱਚ ਦਾਅਵਾ ਕੀਤਾ ਗਿਆ ਟਰਾਂਜ਼ੀਸ਼ਨਲ ਕ੍ਰੈਡਿਟ ± ₹10,000 ਦੀ ਸੀਮਾ ਦੇ ਅੰਦਰ ਪ੍ਰੀ-ਜੀ ਐਸ ਟੀ ਰਿਟਰਨਾਂ ਵਿੱਚ ਉਪਲੱਬਧ ਇਨਪੁਟ ਟੈਕਸ ਕ੍ਰੈਡਿਟ ਟੈਕਸ ਬਕਾਏ ਨਾਲ ਮੇਲ ਖਾਂਦਾ ਸੀ।*

*ਉਪਰੋਕਤ ਸਾਰਣੀ ਵਿੱਚ ਗੈਰ ਫਾਇਲਰ ਉਨ੍ਹਾਂ ਮਾਮਲਿਆਂ ਨੂੰ ਪਰਿਭਾਸ਼ਿਤ ਕਰਦਾ ਹੈ, ਜਿਥੇ ਪਿਛਲੇ ਛੇ ਮਹੀਨਿਆਂ ਲਈ ਪ੍ਰੀ-ਜੀ ਐਸ ਟੀ ਰਿਟਰਨ ਭਰੇ ਬਿਨ੍ਹਾ ਟਰਾਂਜ਼ੀਸ਼ਨਲ ਕ੍ਰੈਡਿਟ ਦਾ ਦਾਅਵਾ ਕੀਤਾ ਗਿਆ ਸੀ।*

\# *ਕੁੱਲ ਵਿੱਚ ਉਨ੍ਹਾਂ ਮਾਮਲਿਆਂ ਦੀ ਸੰਖਿਆ ਅਤੇ ਸਿਰਫ਼ ਉਨ੍ਹਾ ਮਾਮਲਿਆਂ ਦਾ ਮੁਦਰਾ ਮੁੱਲ ਸ਼ਾਮਲ ਹੈ, ਜੋ 'ਘੱਟ' ਅਤੇ 'ਮੇਲ ਖਾਂਦੇ' ਸ਼੍ਰੇਣੀ ਨਾਲ ਸਬੰਧਤ ਹਨ। ਇਸ ਕਾਲਮ ਦੇ ਹੇਠਾਂ ਦਰਸਾਏ ਗਏ ਮੁੱਲਾਂ ਨੂੰ ਰਿਪੋਰਟ ਦੀ ਸਾਰਣੀ 3.1 ਦੇ ਅਧੀਨ ਲਿਆ ਗਿਆ ਹੈ। ਸ਼੍ਰੇਣੀ 'ਵਾਧੂ' ਅਤੇ 'ਗੈਰ ਫਾਈਲਰ' ਨਾਲ ਸਬੰਧਤ ਮਾਮਲਿਆਂ ਦੀ ਸੰਖਿਆ ਅਤੇ ਮੁਦਰਾ ਕੀਮਤ ਕ੍ਰਮਵਾਰ ਪੈਰ੍ਹਾ 3.10 ੳ (i) ਅਤੇ 3.10 ਅ ਦੇ ਅਧੀਨ ਵਿਆਪਕ ਤੌਰ ਤੇ ਪਹਿਲਾਂ ਹੀ ਕਵਰ ਕੀਤੀ ਗਈ ਹੈ।*

# ਅੰਤਿਕਾ 3.2

*(ਪੈਰ੍ਹਾ 3.9.1 ਦੇ ਹਵਾਲੇ ਵਿੱਚ)*

## ਡਾਟੇ ਦੀ ਗੈਰ-ਪ੍ਰਮਾਣਿਕਤਾ ਕਾਰਣ ਅਸਵੀਕਾਰਯੋਗ ਟਰਾਂਜ਼ੀਸ਼ਨਲ ਕ੍ਰੈਡਿਟ

*(₹ ਵਿੱਚ ਰਾਸ਼ੀ)*

| ਲੜੀ ਨੰ. | ਏ ਸੀ ਐਸ ਟੀ | ਏ ਆਰ ਐਨ | ਕੁੱਲ ਟਰਨਓਵਰ ਜਿਸ ਲਈ 'ਸੀ'-ਫਾਰਮ,'ਐਫ' ਫਾਰਮ ਬਕਾਇਆ ਹਨ | ਕੁੱਲ ਕਰ ਜੋ ਬਕਾਇਆ ਫਾਰਮਾਂ ਲਈ ਰਿਵੈਰਸ ਕੀਤਾ ਜਾਣਾ ਹੈ |
|---|---|---|---|---|
| 1 | ਫਤਿਹਗੜ੍ਹ ਸਾਹਿਬ | ਏਏ031017014847ਜੀ | 78,42,262 | 1,56,846 |
| 2 | | ਏਏ031017024753ਐਨ | 69,03,081 | 2,13,236 |
| 3 | | ਏਏ031017025165ਟੀ | 11,37,341 | 21,041 |
| 4 | | ਏਏ031017015909ਡੀ | 59,07,230 | 1,09,284 |
| 5 | | ਏਏ030817084894ਓ | 10,99,16,801 | 20,33,461 |
| 6 | ਹੁਸ਼ਿਆਰਪੁਰ | ਏਏ030817077558ਪੀ | 1,11,94,24,648 | 2,28,96,645 |
| 7 | ਜਲੰਧਰ-I | ਏਏ031117266142ਓ | 5,10,000 | 6,500 |
| 8 | ਲੁਧਿਆਣਾ-I | ਏਏ030817083322ਏ | 2,07,38,262 | 3,83,658 |
| 9 | ਪਟਿਆਲਾ | ਏਏ0308170813446 | 33,50,897 | 1,35,712 |
| 10 | | ਏਏ031117243952ਈ | 11,80,385 | 47,806 |
| 11 | ਸੰਗਰੂਰ | ਏਏ031117249326ਐਫ | 6,91,56,677 | 29,38,433 |
| 12 | | ਏਏ031217014305ਯੂ | 14,74,000 | 74,737 |
| 13 | ਐਸ ਏ ਐਸ ਨਗਰ | ਏਏ031217004884ਜੀ | 31,51,34,995 | 66,64,923 |
| 14 | | ਏਏ031217008005ਵਾਈ | 4,68,59,844 | 18,97,824 |
| 15 | | ਏਏ030917036943ਜੈਡ | 2,37,14,955 | 9,60,456 |
| 16 | | ਏਏ030817089931ਟੀ | 3,45,64,646 | 8,39,914 |
| **ਜੋੜ** | | | **1,76,78,16,024** | **3,93,80,476** |

## ਅੰਤਿਕਾ 3.3

*(ਪੈਰ੍ਹਾ 3.10 (ੳ) ਦੇ ਹਵਾਲੇ ਵਿੱਚ)*

### ਟਰਾਂਜ਼ੀਸ਼ਨਲ ਕ੍ਰੈਡਿਟ ਦੇ ਵੱਧ ਕਲੇਮ ਨੂੰ ਦਰਸਾਉਂਦੇ ਵੇਰਵੇ

*(₹ ਵਿੱਚ ਰਾਸ਼ੀ)*

| ਲੜੀ ਨੰ. | ਏ ਸੀ ਐਸ ਟੀ | ਏ ਆਰ ਐਨ | ਟਰਾਂ-1 ਵਿੱਚ ਕਲੇਮ ਰਾਹੀ ਈ ਸੀ ਐਲ ਵਿੱਚ ਲਿਆਂਦੀ ਗਈ ਰਾਸ਼ੀ | ਕ੍ਰੈਡਿਟ ਉਪਲੱਬਧ | ਵੈਟ ਰਿਟਰਨ ਦੇ ਅਨੁਸਾਰ ਇਨਪੁਟ ਕਰ ਕ੍ਰੈਡਿਟ | ਈ ਸੀ ਐਲ ਅਤੇ ਵੈਟ ਰਿਟਰਨਾਂ ਵਿਚਕਾਰ ਅੰਤਰ |
|---|---|---|---|---|---|---|
| 1. | ਅੰਮ੍ਰਿਤਸਰ-I | ਏਏ0309170052969 | 18,90,543 | 4,90,934 | ਵੈਟ-20 | 13,99,609 |
| 2. | | ਏਏ030917018221ਐਲ | 10,14,621 | 6,97,596 | ਵੈਟ-20 | 3,17,025 |
| 3. | | ਏਏ031117255507ਡੀ | 29,02,272 | 21,53,348 | ਵੈਟ-20 | 7,48,924 |
| 4. | | ਏਏ0311172667927 | 57,42,155 | 29,25,843 | ਵੈਟ-20 | 28,16,312 |
| 5. | | ਏਏ0311172637376 | 10,58,146 | 3,659 | ਵੈਟ-20 | 10,54,487 |
| 6. | | ਏਏ031017020568ਕੇ | 6,91,978 | 6,76,172 | ਵੈਟ-20 | 15,806 |
| 7. | | ਏਏ030817073370ਬੀ | 9,53,849 | 8,88,028 | ਵੈਟ-20 | 65,821 |
| 8. | | ਏਏ031117265284ਐਫ | 10,00,174 | 79,390 | ਵੈਟ-20 | 9,20,784 |
| 9. | | ਏਏ0309170267170 | 11,79,047 | 11,19,303 | ਵੈਟ-20 | 59,744 |
| 10. | | ਏਏ030817076500ਬੀ | 8,52,918 | 7,46,628 | ਵੈਟ-20 | 1,06,290 |
| 11. | ਅੰਮ੍ਰਿਤਸਰ -II | ਏਏ031117247713ਜੀ | 8,84,981 | 7,92,250 | ਵੈਟ-20 | 92,731 |
| 12. | | ਏਏ0308170741639 | 7,95,500 | 0 | ਵੈਟ-20 | 7,95,500 |
| 13. | | ਏਏ030817074322ਬੀ | 5,27,843 | 0 | ਵੈਟ-20 | 5,27,843 |
| 14. | | ਏਏ030817087822 ਡਬਲਿਯੂ | 13,85,879 | 0 | ਵੈਟ-20 | 13,85,879 |
| 15. | | ਏਏ0311170658374 | 23,72,319 | 19,00,364 | ਵੈਟ -15 | 4,71,955 |
| 16. | | ਏਏ0309170291773 | 20,80,865 | 16,59,663 | ਵੈਟ -15 | 4,21,202 |
| 17. | | ਏਏ030817083895ਐਨ | 5,49,700 | 1,02,536 | ਵੈਟ -15 | 4,47,164 |
| 18. | ਬਰਨਾਲਾ | ਏਏ030318513274ਕੇ | 24,09,500 | 23,34,102 | ਵੈਟ-20 | 75,398 |
| 19. | | ਏਏ031117260843ਈ | 11,90,734 | 11,78,102 | ਵੈਟ-20 | 12,632 |
| 20. | | ਏਏ030817080312ਈ | 6,77,715 | 6,64,108 | ਵੈਟ-20 | 13,607 |
| 21. | | ਏਏ030917046954ਯੂ | 5,79,107 | 4,05,588 | ਵੈਟ-20 | 1,73,519 |
| 22. | ਬਠਿੰਡਾ | ਏਏ031217016355ਐਨ | 11,75,064 | 2,31,473 | ਵੈਟ-20 | 9,43,591 |
| 23. | | ਏਏ031017025648ਐਫ | 8,45,417 | 4,36,343 | ਵੈਟ-20 | 4,09,074 |
| 24. | | ਏਏ031017016926ਜੀ | 5,17,579 | 4,29,579 | ਵੈਟ-20 | 88,000 |
| 25. | | ਏਏ031117018782ਆਈ | 3,86,316 | 8,484 | ਵੈਟ-20 | 3,77,832 |
| 26. | | ਏਏ031217015671ੳ | 2,17,32,956 | 45,43,413 | ਵੈਟ-20 | 1,71,89,543 |
| 27. | | ਏਏ0311172598726 | 7,70,743 | 1,81,808 | ਵੈਟ-20 | 5,88,935 |
| 28. | | ਏਏ031117245971ਸੀ | 6,71,471 | 5,15,690 | ਵੈਟ-20 | 1,55,781 |
| 29. | | ਏਏ031217000507ਐਸ | 5,40,555 | 0 | ਵੈਟ -15 | 5,40,555 |
| 30. | | ਏਏ030817069039ਜੈਡ | 9,74,708 | 0 | ਵੈਟ -15 | 9,74,708 |
| 31. | | ਏਏ0308170675309 | 7,27,803 | 4,74,855 | ਵੈਟ -15 | 2,52,948 |
| 32. | | ਏਏ0310170170308 | 31,86,159 | 30,89,561 | ਵੈਟ -15 | 96,598 |
| 33. | | ਏਏ031117264466ਏ | 17,60,029 | 7,73,920 | ਵੈਟ -15 | 9,86,109 |
| 34. | | ਏਏ0308170774234 | 20,46,876 | 0 | ਵੈਟ -15 | 20,46,876 |
| 35. | | ਏਏ0311172568860 | 16,00,000 | 4,495 | ਵੈਟ -15 | 15,95,505 |

| ਲੜੀ ਨੰ. | ਏ ਸੀ ਐਸ ਟੀ | ਏ ਆਰ ਐਨ | ਟਰਾਂ-1 ਵਿੱਚ ਕਲੇਮ ਰਾਹੀ ਈ ਸੀ ਐਲ ਵਿੱਚ ਲਿਆਂਦੀ ਗਈ ਰਾਸ਼ੀ | ਕ੍ਰੈਡਿਟ ਉਪਲੱਬਧ | ਵੈਟ ਰਿਟਰਨ ਦੇ ਅਨੁਸਾਰ ਇਨਪੁਟ ਕਰ ਕ੍ਰੈਡਿਟ | ਈ ਸੀ ਐਲ ਅਤੇ ਵੈਟ ਰਿਟਰਨਾਂ ਵਿਚਕਾਰ ਅੰਤਰ |
|---|---|---|---|---|---|---|
| 36. | ਫਰੀਦਕੋਟ | ਏਏ031117036923ਜੀ | 10,59,613 | 7,15,798 | ਵੈਟ-20 | 3,43,815 |
| 37. | | ਏਏ031117123488ਈ | 28,58,745 | 26,44,194 | ਵੈਟ-20 | 2,14,551 |
| 38. | | ਏਏ0311172598560 | 9,77,315 | 5,91,947 | ਵੈਟ -15 | 3,85,368 |
| 39. | ਫਤਿਹਗੜ੍ਹ ਸਾਹਿਬ | ਏਏ031217016413ਟੀ | 6,65,029 | 0 | ਵੈਟ-20 | 6,65,029 |
| 40. | | ਏਏ031017014537ਐਨ | 8,43,308 | 21,981 | ਵੈਟ-20 | 8,21,327 |
| 41. | | ਏਏ031117240523 ਕਿਊ | 6,50,601 | 2,25,531 | ਵੈਟ-20 | 4,25,070 |
| 42. | | ਏਏ031217016801 ਕਿਊ | 5,98,963 | 5,88,812 | ਵੈਟ-20 | 10,151 |
| 43. | | ਏਏ031117248117ਜੇ | 25,79,828 | 23,44,344 | ਵੈਟ-20 | 2,35,484 |
| 44. | | ਏਏ031117076868 ਡਬਲਿਊ | 5,91,845 | 5,78,980 | ਵੈਟ-20 | 12,865 |
| 45. | | ਏਏ030817084906ਆਰ | 5,27,004 | 27,004 | ਵੈਟ-20 | 5,00,000 |
| 46. | | ਏਏ031117243821ਐਲ | 45,83,443 | 45,17,650 | ਵੈਟ-20 | 65,793 |
| 47. | | ਏਏ031117262316ਜੇ | 7,07,700 | 5,04,232 | ਵੈਟ-20 | 2,03,468 |
| 48. | | ਏਏ031217000127ਵਾਈ | 33,18,028 | 27,15,137 | ਵੈਟ-20 | 6,02,891 |
| 49. | | ਏਏ03111700488ਕਿਊ | 14,94,944 | 14,83,238 | ਵੈਟ-20 | 11,706 |
| 50. | | ਏਏ030917036310ਕੇ | 19,09,499 | 15,39,728 | ਵੈਟ-20 | 3,69,771 |
| 51. | | ਏਏ0310170171710 | 6,59,803 | 5,13,164 | ਵੈਟ -15 | 1,46,639 |
| 52. | | ਏਏ0312170005030 | 44,78,815 | 31,08,994 | ਵੈਟ -15 | 13,69,821 |
| 53. | | ਏਏ0311172555859 | 22,31,508 | 21,90,999 | ਵੈਟ-20 | 40,509 |
| 54. | | ਏਏ031117256125ਐਮ | 5,11,097 | 4,77,935 | ਵੈਟ-20 | 33,162 |
| 55. | | ਏਏ031117259927ਜੈਡ | 15,50,980 | 15,40,785 | ਵੈਟ-20 | 10,195 |
| 56. | ਫਿਰੋਜ਼ਪੁਰ | ਏਏ031117256051ਟੀ | 30,74,077 | 27,63,059 | ਵੈਟ-20 | 3,11,018 |
| 57. | | ਏਏ031117260752ਐਚ | 14,65,026 | 13,90,027 | ਵੈਟ-20 | 74,999 |
| 58. | | ਏਏ0310170240060 | 7,82,361 | 32,651 | ਵੈਟ-20 | 7,49,710 |
| 59. | | ਏਏ031117256802ਜੀ | 10,20,733 | 4,43,527 | ਵੈਟ-20 | 5,77,206 |
| 60. | | ਏਏ031117251404ਪੀ | 25,01,926 | 10,31,224 | ਵੈਟ-20 | 14,70,702 |
| 61. | | ਏਏ031117255454ਜੀ | 33,77,892 | 5,18,595 | ਵੈਟ-20 | 28,59,297 |
| 62. | | ਏਏ031117262282ਐਮ | 34,96,943 | 34,78,158 | ਵੈਟ-20 | 18,785 |
| 63. | | ਏਏ031117254824ਜ਼ੀ | 13,46,35,049 | 2,30,90,548 | ਵੈਟ-20 | 11,15,44,501 |
| 64. | | ਏਏ031117255952ਏ | 21,09,291 | 5,43,385 | ਵੈਟ-20 | 15,65,906 |
| 65. | | ਏਏ031117010961ਕਿਊ | 33,64,245 | 33,47,301 | ਵੈਟ-20 | 16,944 |
| 66. | | ਏਏ031117256084 ਕੇ | 23,15,110 | 22,24,909 | ਵੈਟ-20 | 90,201 |
| 67. | | ਏਏ031117256070ਟੀ | 29,40,640 | 1,09,120 | ਵੈਟ -15 | 28,31,520 |
| 68. | | ਏਏ031117246288ਏ | 20,16,942 | 0 | ਵੈਟ -15 | 20,16,942 |
| 69. | | ਏਏ031117246155ਐਲ | 68,27,076 | 0 | ਵੈਟ -15 | 68,27,076 |
| 70. | | ਏਏ031017020783ਓ | 24,75,930 | 0 | ਵੈਟ -15 | 24,75,930 |
| 71. | | ਏਏ031217016009ਕਿਊ | 25,80,238 | 6,95,118 | ਵੈਟ -15 | 18,85,120 |
| 72. | | ਏਏ031117246315ਐਲ | 10,70,111 | 0 | ਵੈਟ -15 | 10,70,111 |
| 73. | | ਏਏ031117259306ਐਫ | 32,84,224 | 29,34,768 | ਵੈਟ -15 | 3,49,456 |
| 74. | | ਏਏ0311172578546 | 6,69,951 | 6,40,261 | ਵੈਟ -15 | 29,690 |
| 75. | | ਏਏ031117256171ਪੀ | 12,95,380 | 10,64,617 | ਵੈਟ -15 | 2,30,763 |

| ਲੜੀ ਨੰ. | ਏ ਸੀ ਐਸ ਟੀ | ਏ ਆਰ ਐਨ | ਟਰਾਂ-1 ਵਿੱਚ ਕਲੇਮ ਰਾਹੀ ਈ ਸੀ ਐਲ ਵਿੱਚ ਲਿਆਂਦੀ ਗਈ ਰਾਸ਼ੀ | ਕ੍ਰੈਡਿਟ ਉਪਲੱਬਧ | ਵੈਟ ਰਿਟਰਨ ਦੇ ਅਨੁਸਾਰ ਇਨਪੁਟ ਕਰ ਕ੍ਰੈਡਿਟ | ਈ ਸੀ ਐਲ ਅਤੇ ਵੈਟ ਰਿਟਰਨਾਂ ਵਿਚਕਾਰ ਅੰਤਰ |
|---|---|---|---|---|---|---|
| 76. | ਗੁਰਦਾਸਪੁਰ | ਏਏ0311172667167 | 1,64,60,906 | 24,75,702 | ਵੈਟ-20 | 1,39,85,204 |
| 77. | | ਏਏ0309170424465 | 1,29,85,455 | 1,09,49,177 | ਵੈਟ-20 | 20,36,278 |
| 78. | | ਏਏ030817076960ਐਕਸ | 4,27,388 | 0 | ਵੈਟ-20 | 4,27,388 |
| 79. | | ਏਏ031217014952ਜੇ | 8,73,966 | 8,52,062 | ਵੈਟ-20 | 21,904 |
| 80. | | ਏਏ0311172666284 | 10,70,737 | 9,25,783 | ਵੈਟ-20 | 1,44,954 |
| 81. | | ਏਏ030817073609ਯੂ | 57,00,147 | 55,96,787 | ਵੈਟ-20 | 1,03,360 |
| 82. | | ਏਏ031117010673ਆਰ | 12,98,776 | 68,485 | ਵੈਟ-20 | 12,30,291 |
| 83. | | ਏਏ031117010665ਓ | 7,24,783 | 28,722 | ਵੈਟ-20 | 6,96,061 |
| 84. | | ਏਏ031117263551ਕੇ | 49,98,052 | 10,00,002 | ਵੈਟ-20 | 39,98,050 |
| 85. | | ਏਏ031117262454ਐਚ | 12,92,853 | 4,26,884 | ਵੈਟ-20 | 8,65,969 |
| 86. | | ਏਏ031117266879ਟੀ | 54,66,562 | 44,09,683 | ਵੈਟ-15 | 10,56,879 |
| 87. | ਹੁਸ਼ਿਆਰਪੁਰ | ਏਏ030817061938ਆਰ | 7,85,540 | 70,540 | ਵੈਟ-20 | 7,15,000 |
| 88. | | ਏਏ031117246530ਪੀ | 10,17,766 | 5,44,887 | ਵੈਟ-20 | 4,72,879 |
| 89. | | ਏਏ030817087598ਜੇ | 11,14,682 | 10,50,886 | ਵੈਟ-20 | 63,796 |
| 90. | | ਏਏ031017014542 ਡਬਲਿਯੂ | 13,76,258 | 9,03,649 | ਵੈਟ-20 | 4,72,609 |
| 91. | | ਏਏ031117263416ਜੀ | 19,38,362 | 16,69,158 | ਵੈਟ-20 | 2,69,204 |
| 92. | ਜਲੰਧਰ-I | ਏਏ031117259027ਐਚ | 11,35,797 | 58,971 | ਵੈਟ-20 | 10,76,826 |
| 93. | | ਏਏ0311172656558 | 9,03,237 | 0 | ਵੈਟ-20 | 9,03,237 |
| 94. | | ਏਏ031217000386ਕਿਊ | 17,98,637 | 17,63,809 | ਵੈਟ-20 | 34,828 |
| 95. | | ਏਏ031117007086ਆਰ | 6,64,538 | 6,23,302 | ਵੈਟ-20 | 41,236 |
| 96. | | ਏਏ0309170541582 | 57,14,042 | 56,18,245 | ਵੈਟ-20 | 95,797 |
| 97. | | ਏਏ031117079203ਐਲ | 5,31,809 | 0 | ਵੈਟ-20 | 5,31,809 |
| 98. | | ਏਏ031117246701ਐਮ | 5,27,579 | 5,00,120 | ਵੈਟ-20 | 27,459 |
| 99. | | ਏਏ031017021721ਐਕਸ | 9,98,202 | 9,69,142 | ਵੈਟ-15 | 29,060 |
| 100. | | ਏਏ0310170144121 | 5,02,380 | 158 | ਵੈਟ-15 | 5,02,222 |
| 101. | | ਏਏ0309170017666 | 13,78,906 | 6,23,158 | ਵੈਟ-15 | 7,55,748 |
| 102. | ਜਲੰਧਰ-II | ਏਏ031017014842ਕਿਊ | 2,63,53,704 | 2,59,73,572 | ਵੈਟ-20 | 3,80,132 |
| 103. | | ਏਏ031117260174ਐਨ | 5,24,398 | 3,92,883 | ਵੈਟ-20 | 1,31,515 |
| 104. | | ਏਏ031217017525ਐਲ | 1,74,06,488 | 1,19,77,350 | ਵੈਟ-20 | 54,29,138 |
| 105. | | ਏਏ0309170204974 | 6,86,321 | 68,632 | ਵੈਟ-20 | 6,17,689 |
| 106. | | ਏਏ031117009610 ਡਬਲਿਯੂ | 7,93,680 | 7,82,741 | ਵੈਟ-20 | 10,939 |
| 107. | | ਏਏ031117260447ਈ | 29,02,808 | 28,03,996 | ਵੈਟ-20 | 98,812 |
| 108. | | ਏਏ031117244717ਬੀ | 13,25,435 | 3,30,969 | ਵੈਟ-20 | 9,94,466 |
| 109. | | ਏਏ030817074529ਟੀ | 8,52,363 | 8,40,806 | ਵੈਟ-20 | 11,557 |
| 110. | | ਏਏ030917013164ਆਈ | 11,16,872 | 10,79,948 | ਵੈਟ-20 | 36,924 |
| 111. | | ਏਏ031217000393ਵੀ | 13,21,405 | 21,022 | ਵੈਟ-20 | 13,00,383 |
| 112. | | ਏਏ031117266302ਓ | 11,53,417 | 2,67,576 | ਵੈਟ-20 | 8,85,841 |
| 113. | | ਏਏ031117266128ਈ | 10,40,385 | 2,17,137 | ਵੈਟ-20 | 8,23,248 |
| 114. | | ਏਏ0309170335456 | 6,72,261 | 7,602 | ਵੈਟ-20 | 6,64,659 |
| 115. | | ਏਏ0311172534978 | 29,741 | 51 | ਵੈਟ-20 | 29,690 |

| ਲੜੀ ਨੰ. | ਏ ਸੀ ਐਸ ਟੀ | ਏ ਆਰ ਐਨ | ਟਰਾਂ-1 ਵਿੱਚ ਕਲੇਮ ਰਾਹੀ ਈ ਸੀ ਐਲ ਵਿੱਚ ਲਿਆਂਦੀ ਗਈ ਰਾਸ਼ੀ | ਕ੍ਰੈਡਿਟ ਉਪਲੱਬਧ | ਵੈਟ ਰਿਟਰਨ ਦੇ ਅਨੁਸਾਰ ਇਨਪੁਟ ਕਰ ਕ੍ਰੈਡਿਟ | ਈ ਸੀ ਐਲ ਅਤੇ ਵੈਟ ਰਿਟਰਨਾਂ ਵਿਚਕਾਰ ਅੰਤਰ |
|---|---|---|---|---|---|---|
| 116. | ਜਲੰਧਰ-II | ਏਏ031217017019ਓ | 1,86,57,096 | 1,08,86,636 | ਵੈਟ-20 | 77,70,460 |
| 117. | | ਏਏ0309170305491 | 50,86,664 | 34,46,699 | ਵੈਟ-20 | 16,39,965 |
| 118. | | ਏਏ031217007659ਏ | 1,19,65,930 | 62,32,633 | ਵੈਟ-20 | 57,33,297 |
| 119. | | ਏਏ031117252680ਕੇ | 1,53,07,914 | 19,27,607 | ਵੈਟ-20 | 1,33,80,307 |
| 120. | | ਏਏ0311172589444 | 23,20,034 | 6,351 | ਵੈਟ-20 | 23,13,683 |
| 121. | | ਏਏ031217009327ਐਲ | 23,21,126 | 7,61,651 | ਵੈਟ-20 | 15,59,475 |
| 122. | | ਏਏ031117005037 ਡਬਲਿਯੂ | 14,75,123 | 2,19,350 | ਵੈਟ-20 | 12,55,773 |
| 123. | | ਏਏ0311172449664 | 17,54,510 | 11,09,274 | ਵੈਟ-20 | 6,45,236 |
| 124. | | ਏਏ031217002257ਆਰ | 51,76,245 | 8,77,315 | ਵੈਟ-20 | 42,98,930 |
| 125. | | ਏਏ0311170049797 | 52,84,680 | 10,92,578 | ਵੈਟ-20 | 41,92,102 |
| 126. | | ਏਏ031117264782ਏ | 11,88,279 | 3,18,292 | ਵੈਟ-20 | 8,69,987 |
| 127. | | ਏਏ031217014586ਜੀ | 24,02,115 | 8,02,115 | ਵੈਟ-20 | 16,00,000 |
| 128. | | ਏਏ031117264798ਐਕਸ | 7,25,329 | 6,67,535 | ਵੈਟ-20 | 57,794 |
| 129. | | ਏਏ0311172587935 | 7,40,874 | 0 | ਵੈਟ-20 | 7,40,874 |
| 130. | | ਏਏ031117256072ਪੀ | 13,10,368 | 9,63,241 | ਵੈਟ-15 | 3,47,127 |
| 131. | | ਏਏ031217016946ਏ | 11,10,220 | 2,27,613 | ਵੈਟ-15 | 8,82,607 |
| 132. | | ਏਏ031117252318ਐਚ | 44,91,745 | 10,227 | ਵੈਟ-15 | 44,81,518 |
| 133. | | ਏਏ030917026893ਵਾਈ | 19,84,405 | 19,35,946 | ਵੈਟ-15 | 48,459 |
| 134. | ਕਪੂਰਥਲਾ | ਏਏ0309170197517 | 6,49,788 | 3,57,707 | ਵੈਟ-20 | 2,92,081 |
| 135. | | ਏਏ0311172477946 | 5,40,527 | 22,523 | ਵੈਟ-20 | 5,18,004 |
| 136. | ਲੁਧਿਆਣਾ-I | ਏਏ0311170854881 | 15,77,495 | 14,53,477 | ਵੈਟ-20 | 1,24,018 |
| 137. | | ਏਏ031117264571ਐਚ | 13,66,817 | 64,237 | ਵੈਟ-20 | 13,02,580 |
| 138. | | ਏਏ031217000087ਯੂ | 17,31,410 | 16,44,135 | ਵੈਟ-20 | 87,275 |
| 139. | | ਏਏ030917022561ਐਫ | 5,55,300 | 0 | ਵੈਟ-20 | 5,55,300 |
| 140. | | ਏਏ031217000459ਐਲ | 21,66,270 | 16,58,303 | ਵੈਟ-20 | 5,07,967 |
| 141. | | ਏਏ0308170804932 | 5,58,111 | 4,40,375 | ਵੈਟ-20 | 1,17,736 |
| 142. | | ਏਏ031117255103ਟੀ | 11,91,530 | 7,63,657 | ਵੈਟ-20 | 4,27,873 |
| 143. | | ਏਏ0311172653596 | 7,56,269 | 80,510 | ਵੈਟ-20 | 6,75,759 |
| 144. | | ਏਏ031117264153ਐਨ | 7,04,613 | 18,095 | ਵੈਟ-20 | 6,86,518 |
| 145. | | ਏਏ031117266633ਡੀ | 10,05,500 | 7,11,247 | ਵੈਟ-20 | 2,94,253 |
| 146. | | ਏਏ0311170089488 | 5,54,795 | 4,93,999 | ਵੈਟ-20 | 60,796 |
| 147. | | ਏਏ031017029357ਆਈ | 8,57,273 | 8,21,956 | ਵੈਟ-20 | 35,317 |
| 148. | | ਏਏ031117243561ਐਨ | 25,10,616 | 4,37,080 | ਵੈਟ-20 | 20,73,536 |
| 149. | | ਏਏ031217015274ਕਿਊ | 29,22,745 | 90,196 | ਵੈਟ-20 | 28,32,549 |
| 150. | | ਏਏ031117260502ਕਿਊ | 10,59,042 | 8,83,840 | ਵੈਟ-20 | 1,75,202 |
| 151. | | ਏਏ0312170001509 | 5,86,611 | 3,87,223 | ਵੈਟ-20 | 1,99,388 |
| 152. | | ਏਏ030917047954ਟੀ | 7,50,357 | 6,79,936 | ਵੈਟ-20 | 70,421 |
| 153. | | ਏਏ031217016351ਵੀ | 5,61,962 | 5,08,615 | ਵੈਟ-20 | 53,347 |
| 154. | | ਏਏ031117261424ਐਲ | 4,22,856 | 1,14,646 | ਵੈਟ-20 | 3,08,210 |

| ਲੜੀ ਨੰ. | ਏ ਸੀ ਐਸ ਟੀ | ਏ ਆਰ ਐਨ | ਟਰਾਂ-1 ਵਿੱਚ ਕਲੇਮ ਰਾਹੀ ਈ ਸੀ ਐਲ ਵਿੱਚ ਲਿਆਂਦੀ ਗਈ ਰਾਸ਼ੀ | ਕ੍ਰੈਡਿਟ ਉਪਲੱਬਧ | ਵੈਟ ਰਿਟਰਨ ਦੇ ਅਨੁਸਾਰ ਇਨਪੁਟ ਕਰ ਕ੍ਰੈਡਿਟ | ਈ ਸੀ ਐਲ ਅਤੇ ਵੈਟ ਰਿਟਰਨਾਂ ਵਿਚਕਾਰ ਅੰਤਰ |
|---|---|---|---|---|---|---|
| 155. | ਲੁਧਿਆਣਾ-I | ਏਏ031117265526ਬੀ | 5,20,000 | 13,405 | ਵੈਟ-20 | 5,06,595 |
| 156. | | ਏਏ031117254288ਏ | 7,15,117 | 4,05,099 | ਵੈਟ-20 | 3,10,018 |
| 157. | | ਏਏ031217012630ਐਕਸ | 10,55,537 | 9,35,382 | ਵੈਟ-20 | 1,20,155 |
| 158. | | ਏਏ0311172656839 | 10,86,627 | 9,62,944 | ਵੈਟ-20 | 1,23,683 |
| 159. | | ਏਏ0311172603997 | 21,61,595 | 16,20,474 | ਵੈਟ-20 | 5,41,121 |
| 160. | | ਏਏ031117014345ਐਸ | 7,21,291 | 7,06,614 | ਵੈਟ-20 | 14,677 |
| 161. | | ਏਏ031217000569ਆਈ | 11,25,952 | 3,39,021 | ਵੈਟ-20 | 7,86,931 |
| 162. | | ਏਏ031217018286ਆਈ | 35,97,59,328 | 5,52,80,301 | ਵੈਟ-20 | 30,44,79,027 |
| 163. | | ਏਏ031117018275ਐਨ | 5,63,993 | 5,19,856 | ਵੈਟ-20 | 44,137 |
| 164. | | ਏਏ031017027871ਕੇ | 10,64,222 | 9,35,254 | ਵੈਟ-20 | 1,28,968 |
| 165. | | ਏਏ031217010268ਓ | 52,55,907 | 34,72,923 | ਵੈਟ-20 | 17,82,984 |
| 166. | | ਏਏ0308170791064 | 13,39,353 | 6,66,477 | ਵੈਟ-20 | 6,72,876 |
| 167. | | ਏਏ0312170102331 | 53,82,522 | 18,21,651 | ਵੈਟ-20 | 35,60,871 |
| 168. | | ਏਏ031117183858ਐਕਸ | 5,23,317 | 1,06,849 | ਵੈਟ-20 | 4,16,468 |
| 169. | | ਏਏ0309170293381 | 5,02,603 | 4,62,474 | ਵੈਟ-20 | 40,129 |
| 170. | | ਏਏ0308170676133 | 6,89,634 | 2,33,286 | ਵੈਟ-20 | 4,56,348 |
| 171. | | ਏਏ031117158732ਈ | 55,82,156 | 55,16,600 | ਵੈਟ-20 | 65,556 |
| 172. | | ਏਏ031017025281ਐਕਸ | 5,90,683 | 5,26,574 | ਵੈਟ-20 | 64,109 |
| 173. | | ਏਏ0309170258715 | 6,08,429 | 5,80,451 | ਵੈਟ-20 | 27,978 |
| 174. | | ਏਏ031117067080ਆਰ | 43,51,677 | 43,31,651 | ਵੈਟ-20 | 20,026 |
| 175. | | ਏਏ0312170170312 | 48,44,906 | 0 | ਵੈਟ-20 | 48,44,906 |
| 176. | | ਏਏ030917024831ਏ | 12,74,199 | 2,91,693 | ਵੈਟ-20 | 9,82,506 |
| 177. | | ਏਏ0311170898061 | 18,89,558 | 18,72,359 | ਵੈਟ-20 | 17,199 |
| 178. | | ਏਏ031017013473ਯੂ | 81,99,470 | 0 | ਵੈਟ-20 | 81,99,470 |
| 179. | | ਏਏ031117002688ਜੀ | 29,18,518 | 16,58,576 | ਵੈਟ-20 | 12,59,942 |
| 180. | | ਏਏ031217017075ਕਿਊ | 68,13,158 | 61,37,389 | ਵੈਟ-20 | 6,75,769 |
| 181. | | ਏਏ0308170616923 | 22,93,417 | 0 | ਵੈਟ-20 | 22,93,417 |
| 182. | | ਏਏ031117260432ਪੀ | 8,10,312 | 7,66,592 | ਵੈਟ-15 | 43,720 |
| 183. | | ਏਏ031017017351ਵਾਈ | 9,47,155 | 0 | ਵੈਟ-15 | 9,47,155 |
| 184. | | ਏਏ0309170388041 | 6,52,517 | 2,60,513 | ਵੈਟ-15 | 3,92,004 |
| 185. | | ਏਏ031217015885ਬੀ | 36,70,415 | 0 | ਵੈਟ-15 | 36,70,415 |
| 186. | | ਏਏ031117251416ਕੇ | 7,01,160 | 6,44,491 | ਵੈਟ-15 | 56,669 |
| 187. | | ਏਏ031117265286ਬੀ | 14,57,823 | 2,34,020 | ਵੈਟ-15 | 12,23,803 |
| 188. | | ਏਏ0312170003810 | 1,32,19,608 | 51,05,064 | ਵੈਟ-15 | 81,14,544 |
| 189. | | ਏਏ031117262481ਕੇ | 51,90,214 | 28,584 | ਵੈਟ-15 | 51,61,630 |
| 190. | | ਏਏ031117014146ਯੂ | 11,53,349 | 10,77,133 | ਵੈਟ-15 | 76,216 |
| 191. | | ਏਏ0308170727126 | 20,47,250 | 5,48,902 | ਵੈਟ-15 | 14,98,348 |
| 192. | | ਏਏ030917057787ਐਮ | 24,97,620 | 7,721 | ਵੈਟ-15 | 24,89,899 |

| ਲੜੀ ਨੰ. | ਏ ਸੀ ਐਸ ਟੀ | ਏ ਆਰ ਐਨ | ਟਰਾਂ-1 ਵਿੱਚ ਕਲੇਮ ਰਾਹੀ ਈ ਸੀ ਐਲ ਵਿੱਚ ਲਿਆਂਦੀ ਗਈ ਰਾਸ਼ੀ | ਕ੍ਰੈਡਿਟ ਉਪਲੱਬਧ | ਵੈਟ ਰਿਟਰਨ ਦੇ ਅਨੁਸਾਰ ਇਨਪੁਟ ਕਰ ਕ੍ਰੈਡਿਟ | ਈ ਸੀ ਐਲ ਅਤੇ ਵੈਟ ਰਿਟਰਨਾਂ ਵਿਚਕਾਰ ਅੰਤਰ |
|---|---|---|---|---|---|---|
| 193. | ਲੁਧਿਆਣਾ-II | ਏਏ031117010810ਜ਼ੈਡ | 9,05,416 | 8,94,762 | ਵੈਟ-20 | 10,654 |
| 194. | | ਏਏ031017019622ਆਰ | 11,82,815 | 0 | ਵੈਟ-20 | 11,82,815 |
| 195. | | ਏਏ031117261940ਐਚ | 19,57,115 | 16,67,830 | ਵੈਟ-20 | 2,89,285 |
| 196. | | ਏਏ031117252950ਐਚ | 5,02,073 | 4,56,339 | ਵੈਟ-20 | 45,734 |
| 197. | | ਏਏ031117266024ਓ | 11,84,336 | 5,53,219 | ਵੈਟ-20 | 6,31,117 |
| 198. | | ਏਏ030817093757ਐਨ | 9,09,277 | 4,25,337 | ਵੈਟ-20 | 4,83,940 |
| 199. | | ਏਏ031017020766ਕੇ | 11,38,316 | 10,31,805 | ਵੈਟ-20 | 1,06,511 |
| 200. | | ਏਏ0311172644199 | 20,55,917 | 20,36,422 | ਵੈਟ-20 | 19,495 |
| 201. | | ਏਏ031017024337ਪੀ | 12,88,974 | 11,77,547 | ਵੈਟ-20 | 1,11,427 |
| 202. | | ਏਏ031117255653ਈ | 9,00,382 | 8,33,682 | ਵੈਟ-20 | 66,700 |
| 203. | | ਏਏ031117258275ਡੀ | 12,48,541 | 9,65,136 | ਵੈਟ-20 | 2,83,405 |
| 204. | | ਏਏ031117259305ਐਚ | 25,21,912 | 25,10,647 | ਵੈਟ-20 | 11,265 |
| 205. | | ਏਏ030917032010ਯੂ | 22,29,313 | 16,18,233 | ਵੈਟ-20 | 6,11,080 |
| 206. | | ਏਏ030917037502ਸੀ | 6,84,232 | 3,00,966 | ਵੈਟ-20 | 3,83,266 |
| 207. | | ਏਏ031217013428ਐਲ | 34,51,056 | 0 | ਵੈਟ-20 | 34,51,056 |
| 208. | | ਏਏ030917031039ਬੀ | 23,38,002 | 2,68,781 | ਵੈਟ-20 | 20,69,221 |
| 209. | | ਏਏ030917038896ਓ | 25,07,723 | 21,75,361 | ਵੈਟ-20 | 3,32,362 |
| 210. | ਲੁਧਿਆਣਾ-III | ਏਏ031117260634ਐਚ | 46,90,967 | 45,31,337 | ਵੈਟ-20 | 1,59,630 |
| 211. | | ਏਏ031117036567ਸੀ | 13,69,620 | 15,496 | ਵੈਟ-20 | 13,54,124 |
| 212. | | ਏਏ0308170690266 | 7,91,577 | 7,64,476 | ਵੈਟ-20 | 27,101 |
| 213. | | ਏਏ031117036625ਆਈ | 5,18,551 | 61,950 | ਵੈਟ-20 | 4,56,601 |
| 214. | | ਏਏ0308170775406 | 19,26,538 | 17,98,807 | ਵੈਟ-20 | 1,27,731 |
| 215. | | ਏਏ030917042423ਡੀ | 5,41,375 | 5,11,799 | ਵੈਟ-20 | 29,576 |
| 216. | | ਏਏ031017016478ਐਚ | 66,39,400 | 66,19,242 | ਵੈਟ-20 | 20,158 |
| 217. | | ਏਏ0310170261610 | 8,64,338 | 1,55,717 | ਵੈਟ-20 | 7,08,621 |
| 218. | | ਏਏ031117265182ਐਲ | 9,08,559 | 1,14,407 | ਵੈਟ-20 | 7,94,152 |
| 219. | | ਏਏ0311172657762 | 49,34,346 | 49,01,863 | ਵੈਟ-20 | 32,483 |
| 220. | | ਏਏ0309170268813 | 5,22,684 | 3,64,504 | ਵੈਟ-20 | 1,58,180 |
| 221. | | ਏਏ031117257779 ਡਬਲਿਯੂ | 12,40,835 | 6,48,900 | ਵੈਟ-20 | 5,91,935 |
| 222. | | ਏਏ031117243304ਆਰ | 38,61,263 | 26,18,916 | ਵੈਟ-20 | 12,42,347 |
| 223. | | ਏਏ031117249702ਐਚ | 14,01,088 | 53,891 | ਵੈਟ-20 | 13,47,197 |
| 224. | | ਏਏ0311172617477 | 10,74,000 | 10,49,375 | ਵੈਟ-15 | 24,625 |
| 225. | | ਏਏ031217014363S | 7,84,166 | 0 | ਵੈਟ-15 | 7,84,166 |
| 226. | | ਏਏ031217004347ਓ | 40,05,607 | 38,62,255 | ਵੈਟ-15 | 1,43,352 |
| 227. | ਮਾਨਸਾ | ਏਏ031117255407ਐਫ | 7,50,66,384 | 2,30,90,548 | ਵੈਟ-20 | 5,19,75,836 |
| 228. | | ਏਏ031117255517ਸੀ | 1,45,45,093 | 0 | ਵੈਟ-20 | 1,45,45,093 |
| 229. | | ਏਏ031117261694ਏ | 13,89,002 | 11,78,748 | ਵੈਟ-20 | 2,10,254 |
| 230. | | ਏਏ031117244610ਆਰ | 9,62,389 | 8,66,897 | ਵੈਟ-20 | 95,492 |
| 231. | | ਏਏ0312170035003 | 26,91,833 | 5,07,040 | ਵੈਟ-20 | 21,84,793 |

| ਲੜੀ ਨੰ. | ਏ ਸੀ ਐਸ ਟੀ | ਏ ਆਰ ਐਨ | ਟਰਾਂ-1 ਵਿੱਚ ਕਲੇਮ ਰਾਹੀ ਈ ਸੀ ਐਲ ਵਿੱਚ ਲਿਆਂਦੀ ਗਈ ਰਾਸ਼ੀ | ਕ੍ਰੈਡਿਟ ਉਪਲੱਬਧ | ਵੈਟ ਰਿਟਰਨ ਦੇ ਅਨੁਸਾਰ ਇਨਪੁਟ ਕਰ ਕ੍ਰੈਡਿਟ | ਈ ਸੀ ਐਲ ਅਤੇ ਵੈਟ ਰਿਟਰਨਾਂ ਵਿਚਕਾਰ ਅੰਤਰ |
|---|---|---|---|---|---|---|
| 232. | ਮੋਗਾ | ਏਏ031117266644ਏ | 44,35,198 | 40,26,811 | ਵੈਟ-20 | 4,08,387 |
| 233. | | ਏਏ0311172558358 | 19,10,074 | 18,38,653 | ਵੈਟ-20 | 71,421 |
